# ਵਾਰਾਂ ਭਾਈ ਗੁਰਦਾਸ ਜੀ

ਵਿਚਾਰ ਰਤਨਾਵਲੀ

ਵਾਰਾਂ 1 ਤੋਂ 10

ਭਾਗ ਪਹਿਲਾ



ਡਾ: ਰਤਨ ਰੀਹਲ

# ਵਾਰਾਂ ਭਾਈ ਗੁਰਦਾਸ ਜੀ

## ਵਿਚਾਰ ਰਤਨਾਵਲੀ

ਵਿਸਤਰਿਤ ਵਿਆਖਿਆ

ਭਾਗ ਪਹਿਲਾ

5 ਆਬ

ਪ੍ਰਕਾਸ਼ਨ, ਜਲੰਧਰ

ਏਸੇ ਕਲਮ ਤੋਂ

| ਵਿਸ਼ਾ | ਕੀ | ਪ੍ਰਕਾਸ਼ਕ |
|---|---|---|
| 1 ਗੋਰੀ ਮਾਂ | ਕਹਾਣੀਆਂ | ਦਿਲੀ |
| 2 ਆਟੇ ਦਾ ਬੋਰਾ | ਕਹਾਣੀਆਂ | ਚੰਡੀਗੜ੍ਹ |
| 3 ਤੱਕ ਵਾਲਾ ਬ੍ਰੋਲ | ਕਹਾਣੀਆਂ | ਯੂ ਕੇ |
| 4 ਕਚਰਾਇਣ | ਮਿੰਨ੍ਹੀ ਕਹਾਣੀਆਂ | ਯੂ ਕੇ |
| 5 ਸੰਦਲੀ ਚਾਨਣ | ਨਾਵਲ | ਚੰਡੀਗੜ੍ਹ |
| 6 ਕਿਸ ਉਦਮ ਤੇ ਰਾਜ ਮਿਲੇ | ਨਾਟਕ | ਯੂ ਕੇ |
| 7 ਪੰਜਾਬੀਅਤ | ਨਾਟਕ | ਜਲੰਧਰ |
| 8 ਵਿਧਵਾ | ਕਵਿਤਾਵਾਂ | ਯੂ ਕੇ, ਮੁਹਾਲੀ |
| 9 ਉਦਾਸ ਮਹਿੰਦੀ | ਕਵਿਤਾਵਾਂ | ਜਲੰਧਰ |
| 10 ਸਾਕਾ ਸ਼ਹੀਦ ਖ਼ਾਲਸਾ | ਸੰਪਾਦਨਾ | ਯੂ ਕੇ |
| 11 ਬਾਰਿ ਪਰਾਇਐ ਬੈਸਣਾ | ਸੰਪਾਦਨਾ | ਦਿਲੀ |
| 12 ਗੀਤਾਂ ਭਰੀ ਕਿਤਾਬ | ਗੀਤ | ਜਲੰਧਰ |
| 13 ਕੰਧਾਂ | ਗ਼ਜ਼ਲ ਸੰਗ੍ਰਹਿ | ਮੁਹਾਲੀ |
| 14 ਮੈਤਰੀ ਭਾਵ | ਇਕਾਂਗੀ | ਮੁਹਾਲੀ |
| 15 ਕਾਰ ਥਿਉਰੀ ਟੈਸਟ | ਥਿਉਰੀ | ਯੂ ਕੇ |
| 16 ਪ੍ਰਵਾਸ | ਮਹਾਂਕਾਵਿ | ਛੱਪਣਯੋਗ |
| 17 ਪੂਰਬੀ ਪੱਛਮੀ ਕਹਾਣੀਆਂ | ਸੰਪਾਦਨਾ | ਯੂ ਕੇ |
| 18 ਦਾਇਰੇ ਦੇ ਸਾਹਿਤਕਾਰ ਭਾਗ 1 | ਆਲੋਚਨਾ | ਲੁਧਿਆਣਾ |
| 19 ਰਾਬਰਟ ਬਰਨ | ਪੰਜਾਬੀ ਰੂਪ ਕਵਿਤਾਵਾਂ | ਯੂ ਕੇ |
| 20 ਰੌਲਾ ਰੱਪਾ | ਲੇਖ | ਯੂ ਕੇ |
| 21 ਪ੍ਰਗੀਤਕ ਕਾਵਿ | ਕਵਿਤਾਵਾਂ | ਮੁਹਾਲੀ |
| 22 ਗੁਲਾਮ ਰਈਸ | ਨਾਵਲ | ਛੱਪਣਯੋਗ |
| 23 ਧਰੁਪਦ ਧੁਨੀਆਂ | ਗੀਤ | ਯੂ ਕੇ |
| 24 ਵਲੈਤੀ ਦਰਪਣ | ਵਿਅੰਗ | ਮੁਹਾਲੀ |
| 25 ਪਛਾਣ | ਨਾਵਲ | ਦਿਲੀ ਅਤੇ ਮਾਨਸਾ |
| 26 **Cities Afloat** | **English Poems** | **UK** |
| 27 ਦਾਇਰੇ ਦੇ ਸਾਹਿਤਕਾਰ 11 | ਆਲੋਚਨਾ | ਲੁਧਿਆਣਾ |
| 28 ਲਾਈਫ਼ ਇੰਨ ਦਾ ਯੂ ਕੇ | ਐ ਜਰਨੀ ਟੂ ਸਿਟੀਜਨਸ਼ੈਪ | ਯੂ ਕੇ |
| 29 ਸੁਨੇਹੜੇ ਯਾਰੜਿਆਂ ਦੇ | ਅਭਿਨੰਦਨ ਕਾਵਿ | ਯੂ ਕੇ |
| 30 ਸ਼੍ਰੀ ਗੁਰੁ ਰਵੀਦਾਸ ਜੀ | ਬਾਣੀ ਵਿਆਖਿਆ ਪੰਜਾਬੀ | ਯੂ ਕੇ |
| 31 ਸ਼੍ਰੀ ਗੁਰੁ ਰਵਿਦਾਸ ਜੀ | **English** | ਯੂ ਕੇ |
| 32 ਸ਼੍ਰੀ ਗੁਰੁ ਰਵਿਦਾਸ ਜੀ | **For Children English** | ਯੂ ਕੇ |
| 33 ਕੁਦਰਤਿ ਵਰਤੈ ਰੂਪ | ਹਾਇਕੂ | ਜਲੰਧਰ |
| 34 ਚਿੜੀਆਂ ਵਾਲੀ ਚਾਦਰ | ਕਹਾਣੀਆਂ | ਮਾਨਸਾ |
| 35 ਵਾਰਾਂ ਭਾਈ ਗੁਰਦਾਸ ਜੀ | **Elucdatation** | ਜਲੰਧਰ |

੩

# ਵਾਰਾਂ ਭਾਈ ਗੁਰਦਾਸ ਜੀ

## ਵਿਚਾਰ ਰਤਨਾਵਲੀ

ਵਾਰਾਂ 1 ਤੋਂ 10

ਭਾਗ ਪਹਿਲਾ

ਡਾ: ਰਤਨ ਰੀਹਲ

੧

# *Varan Bhai Gurdas Ji*

**Elucdatation by**

**DR. RATTAN REEHAL**

*Address in India*

*VPO Rurkee, Jallandhar, Punjab, India*

© Author

Present Address: 1 Anne Road
Wolverhampton, WV4 5AZ (UK)
E-mail: rcommunity@btconnect.com, Mobile: 07976 970039

First Edition: 08.08.2016

Second Edition: 30.11.2016

Copies: 500

Art Work : Gurinder Singh

Type & page set up: Dr. Rattan Reehal

**ਪ੍ਰਕਾਸ਼ਕ: 5 ਆਬ ਪ੍ਰਕਾਸ਼ਨ**

1-ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

ਮੁੱਲ: £,15 ₹ 300

*© All rights are reserved.*
*This book is sold subject to the condition that it shall not, by way of trade or otherwise, be lent, resold, hired out, or otherwise circulated without publisher's or writer's prior written consent on any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise, without the prior written permission of both the copyright owner and the above mentioned publisher of this book.*

# ਵਾਰਾਂ ਭਾਈ ਗੁਰਦਾਸ ਜੀ
## ਭਾਗ ਪਹਿਲਾ


| | |
|---|---|
| ਭਾਈ ਗੁਰਦਾਸ ਜੀ ਕਰਤਾ, ਕਾਰਜ ਅਤੇ ਰਚਨਾ | 6 |
| ਵਾਰ 1 | 9 |
| ਵਾਰ 2 | 69 |
| ਵਾਰ 3 | 85 |
| ਵਾਰ 4 | 106 |
| ਵਾਰ 5 | 124 |
| ਵਾਰ 6 | 144 |
| ਵਾਰ 7 | 165 |
| ਵਾਰ 8 | 192 |
| ਵਾਰ 9 | 216 |
| ਵਾਰ 10 | 232 |

# ਭਾਈ ਗੁਰਦਾਸ ਜੀ ਕਰਤਾ, ਕਾਰਜ ਅਤੇ ਰਚਨਾ

ਭਾਈ ਗੁਰਦਾਸ ਜੀ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਬੀਬੀ ਭਾਨੀ ਜੀ ਦੇ ਚਚੇਰੇ ਭਾਈ ਸਨ। ਇਤਹਾਸ ਵਿਚ ਪੜ੍ਹਿਆ ਜਾਂਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਤੇਜ ਭਾਨ ਜੀ ਦੇ ਸਪੁੱਤਰ ਸਨ। ਸ੍ਰੀ ਈਸ਼ਰ ਦਾਸ, ਸ੍ਰੀ ਦਾਤਾਰ ਚੰਦ ਅਤੇ ਸ੍ਰੀ ਖੇਮ ਰਾਏ ਇਹ ਸਭ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਸਨ। ਬੀਬੀ ਭਾਨੀ ਜੀ ਚੌਥੇ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ ਨਾਲ ਵਿਆਹੇ ਹੋਏ ਸਨ। ਭਾਈ ਗੁਰਦਾਸ ਜੀ ਸ੍ਰੀ ਈਸ਼ਰ ਦਾਸ ਜੀ ਅਤੇ ਮਾਤਾ ਜੀਵਨੀ ਜੀ ਦੇ ਸਪੁੱਤਰ ਸਨ। ਭਾਈ ਗੁਰਦਾਸ ਜੀ ਦਾ ਜਨਮ ਸੰਮਤ 1603 ਬਿਕਰਮੀ ਸੰਨ 1546 ਵਿਚ ਗੋਇੰਦਵਾਲ ਵਿਖੇ ਹੋਇਆ। ਭਾਈ ਗੁਰਦਾਸ ਜੀ ਸਿਰਫ ਤਿੰਨ ਸਾਲ ਦੇ ਸਨ ਜਦ ਮਾਤਾ ਜੀਵਨੀ ਜੀ ਦਾ ਦਿਹਾਂਤ ਹੋ ਗਿਆ। ਜਦ ਭਾਈ ਗੁਰਦਾਸ ਜੀ 12 ਸਾਲ ਦੀ ਉਮਰ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਜੀ ਸਵਰਗ ਸੁਧਾਰ ਗਏ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਗੋਦੀ ਲੈ ਲਿਆ। ਭਾਈ ਗੁਰਦਾਸ ਜੀ ਚਾਰ ਗੁਰੂਆਂ ਦੇ ਚਰਨਾਰਬਿੰਦ ਰਹੇ ਹਨ। ਇਸ ਬੰਸਾਂਵਲੀ ਅਨੁਸਾਰ ਭਾਈ ਗੁਰਦਾਸ ਜੀ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਰੀਕੇ ਵਿਚੋਂ ਮਾਮਾ ਜੀ ਲਗਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਦੀ ਛੱਤਰਛਾਇਆ ਹੇਠ ਭਾਈ ਗੁਰਦਾਸ ਜੀ ਗੋਇੰਦਵਾਲ ਤੋਂ ਵਾਰਾਨੱਸੀ ਵਿਚ ਚਲੇ ਗਏ ਜਿਥੇ ਉਨ੍ਹਾਂ ਨੇ ਸੰਸਕ੍ਰਿਤ, ਬਰਿਜਭਾਸ਼ਾ, ਫਾਰਸੀ ਅਤੇ ਕਈ ਪਰਕਾਰ ਦੇ ਪਵਿਤਰ ਹਿੰਦੂ ਗ੍ਰੰਥਾਂ ਦੀ ਪੜ੍ਹਾਈ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਭਾਈ ਗੁਰਦਾਸ ਜੀ ਸ੍ਰੀ ਗੁਰੂ ਰਾਮ ਦਾਸ ਜੀ ਦੇ ਸੱਚੇ ਅਤੇ ਸੁੱਚੇ ਸੇਵਕ ਬਣ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਆਗਰਾ, ਲਖਨਊ, ਬੁਰਹਾਨ ਪੁਰ ਅਤੇ ਰਾਜਸਥਾਨ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦੇ ਪ੍ਰਚਾਰ ਵਾਸਤੇ ਘੱਲਿਆ। ਸੰਨ 1577 ਵਿਚ ਭਾਈ ਗੁਰਦਾਸ ਜੀ ਨੇ ਹਰਿਮੰਦਰ ਸਾਹਿਬ ਸਰੋਵਰ ਦੀ ਖੁਦਵਾਈ ਵਾਸਤੇ ਵੀ ਆਪਣਾ ਯੋਗਦਾਨ ਪਾਇਆ ਅਤੇ ਕੋਈ ਵੀਹ ਕੁ ਸਾਲ ਬਾਅਦ ਆਪ ਜੀ ਕਰਤਾਰ ਪੁਰ ਸਾਹਿਬ ਚਲੇ ਗਏ ਜਿਥੋਂ ਉਨ੍ਹਾਂ ਨੂੰ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਜਾ ਕੇ ਗੁਰਬਾਣੀ ਨੂੰ ਪੜ੍ਹ ਕੇ ਸੁਣਾਉਣ ਦਾ ਸੁਭਾਗ ਪ੍ਰਾਪਤ ਹੋਇਆ। ਚੌਥੇ ਪਾਤਸ਼ਾਹੀ ਸ੍ਰੀ ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਜਿਨ੍ਹਾਂ ਭਾਈ ਗੁਰਦਾਸ ਜੀ ਨੂੰ ਕਾਬਲ, ਕਸ਼ਮੀਰ, ਰਾਜਸਥਾਨ ਅਤੇ ਸ੍ਰੀ ਲੰਕਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦੇ ਪਰਚਾਰ ਵਾਸਤੇ ਘੱਲਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਕੋਲੋਂ ਆਦਿ ਗ੍ਰੰਥ ਦੀ ਲਿਖਵਾਈ ਸੰਮਤ 1657 ਬਿਕ੍ਰਮੀ ਅਤੇ ਸੰਨ 1600 ਵਿਚ ਅਰੰਭ ਕੀਤਾ। ਭਾਈ ਗੁਰਦਾਸ ਜੀ ਨੇ ਸੰਨ 1604 ਵਿਚ ਪਹਿਲ਼ੀ ਵਾਰ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਨੂੰ ਆਪਣੇ ਹੱਥੀਂ ਲਿਖਿਆ ਸੀ ਅਤੇ ਸ੍ਰੀ ਹਰਮੰਦਰ ਸਾਹਿਬ ਜੀ ਵਿਖੇ ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਸਥਾਪਤ ਹੋਏ। ਭਾਈ ਗੁਰਦਾਸ ਜੀ ਨੇ ਹੋਰ ਭਾਸ਼ਾਵਾਂ ਦੇ ਲਿਖਾਰੀਆਂ ਜਿਵੇਂ ਭਾਈ ਹਰੀਆ, ਭਾਈ ਸੰਤ ਦਾਸ, ਭਾਈ ਸੁਖੀਆ ਅਤੇ ਮਨਸਾ ਰਾਮ ਵਲੋਂ ਲਿਖੇ ਗ੍ਰੰਥਾਂ ਨੂੰ ਲਿਖਣ ਅਤੇ ਸੁਧਾਰਨ ਵਾਸਤੇ ਸਹਾਇਤਾ ਕੀਤੀ। ਭਾਈ ਗੁਰਦਾਸ ਜੀ ਦੀਆਂ ਹੋਰ ਰਚਨਾਵਾਂ ਜਿਵੇਂ ਸੰਸਕ੍ਰਿਤ ਵਿਚ ਅੱਠ ਸਤਰਾਂ ਵਾਲੇ ਛੇ ਛੰਦ, ਬਰਿਜਭਾਸ਼ਾ ਵਿਚ 672 ਕਬਿਤ ਅਤੇ ਤਿੰਨ ਸਵਈਏ ਲਿਖੇ ਹਨ। ਭਾਈ ਗੁਰਦਾਸ ਜੀ ਨੇ ਪੰਜਾਬੀ ਵਿਚ ਚਾਲੀ ਵਾਰਾਂ ਲਿਖੀਆਂ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਵੀ ਆਖਿਆ ਜਾਂਦਾ ਹੈ ਅਤੇ ਜਾਂ 'ਵਾਰਾਂ ਭਾਈ ਗੁਰਦਾਸ ਜੀ' ਵੀ ਆਖਿਆ ਜਾਂਦਾ ਹੈ। ਇਨ੍ਹਾਂ ਵਾਰਾਂ ਵਿਚ 912 ਪੌੜੀਆਂ ਹਨ। ਜਦ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਗਵਾਲੀਅਰ ਦੇ ਕਿਲੇ ਅੰਦਰ ਕੈਦ ਸਨ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਸੁਨੇਹਾ ਘੱਲਿਆਂ ਕਿ ਭਾਈ ਗੁਰਦਾਸ ਜੀ ਨੂੰ ਅਕਾਲ ਤਖਤ ਸਾਹਿਬ ਜੀ ਦਾ ਜਥੇਦਾਰ ਥਾਪ ਦਿਤਾ ਜਾਵੇ। ਇਸ ਤਰ੍ਹਾਂ ਭਾਈ ਗੁਰਦਾਸ ਜੀ ਅਕਾਲ ਤਖਤ ਸਾਹਿਬ ਜੀ ਦੇ ਪਹਿਲੇ ਜਥੇਦਾਰ ਜਾਣੇ ਜਾਂਦੇ ਹਨ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਪਉੜੀਆਂ ਦੇ ਰੂਪ ਵਿਚ ਲਿਖੀਆਂ ਗਈਆਂ ਹਨ। ਪਉੜੀਆਂ ਵਿਚ ਬੋਲੀ ਅਤੇ ਭਾਸ਼ਾ ਗੁਰੂਆਂ ਦੇ ਸਮੇਂ ਦੀ ਗੁਰਮੁਖੀ-ਪੰਜਾਬੀ (ਪ੍ਰਾਕ੍ਰਿਤ ਜਾਂ ਅਪਭ੍ਰੰਸ਼) ਪੜ੍ਹੀ ਜਾਂਦੀ ਹੈ। ਪ੍ਰੋ: ਸਾਹਿਬ ਸਿੰਘ ਦੇ ਕਥਨ ਅਨੁਸਾਰ, 'ਪੰਜਾਬੀ ਦੇ ਪੁਰਾਣੇ ਅਪਭ੍ਰੰਸ਼ ਵਾਲੇ ਕਾਰਕ-ਚਿਹਨ ਮਿਟਦੇ ਮਿਟਦੇ ਅਖਰ ਨਵੀਨ ਪੰਜਾਬੀ ਦੇ ਨੇੜੇ ਅੱਪੜ ਕੇ ਕਾਰਕਾਂ ਦੇ ਥਾਂ ਸੰਬੰਧਕਾਂ ਪਾਸੋ ਹੀ ਕੰਮ ਲਿਆ ਜਾਣ ਲੱਗ ਪਿਆ।' (ਗੁਰਬਾਣੀ ਵਿਆਕਰਣ ਪੰਨਾ 31) ਪਉੜੀਆਂ ਰਾਹੀਂ ਅਧਿਆਤਮਕ ਵੀਰਤਾ ਭਾਵ ਗੁਰੂਆਂ ਪ੍ਰਥਾਇ ਆਪਾ ਸਮਰਪਣ ਦੀ ਕਠਨ ਕੁਰਬਾਨੀ ਨਾਲ ਵੀਰ-ਰਸ ਪ੍ਰਗਟ ਹੁੰਦਾ ਹੈ। ਸਤਰਾਂ ਵਿਚ ਕਿਰਿਆ ਜਿਵੇਂ ਹੈ, ਹਨ, ਸੀ, ਸਨ, ਗੇ, ਗੀ ਆਦਿ ਦੀ ਵਰਤੋਂ ਨਹੀਂ ਕੀਤੀ ਗਈ। ਜਿਨ੍ਹਾਂ ਪੰਕਤੀਆਂ ਵਿਚ ਅਜਿਹੀਆਂ ਕਿਰਿਆਵਾਂ ਵਰਤੀਆਂ ਵੀ ਗਈਆਂ ਹਨ ਉਨ੍ਹਾਂ ਦੀ ਸੰਖੇਪਤਾ ਅਤੇ ਸੁਦਾਦਿਕਤਾ ਵਿਚ ਕੋਈ ਕਾਣ ਨਹੀਂ ਰਹਿੰਦੀ। ਸ਼ਬਦਾਂ ਨੂੰ ਸੰਸਕ੍ਰਿਤ ਵਿਆਕਰਣ ਵਾਂਗ 'ਲਗਾ ਮਾਤਰਾ' ਲਾ ਕੇ ਸਤਰਾਂ ਵਿਚ ਕਿਰਿਆਂ ਪ੍ਰਗਟਾਈ ਗਈ ਹੈ ਜਿਸ ਕਾਰਨ ਪਉੜੀਆਂ ਵਿਚ ਬਹੁਤ ਸੰਖੇਪਤਾ ਆ ਗਈ ਹੈ। ਸਤਰ ਦੇ ਅੰਤ ਵਿਚ ਲਘੂ ਗੁਰੂ ਦੋਨੋਂ ਵਰਤੇ ਗਏ ਹਨ। ਕਿਰਿਆ ਦੇ ਅਰਥ ਸਮਝਾਉਣ ਵਾਸਤੇ ਭਾਈ ਗੁਰਦਾਸ ਜੀ ਨੇ ਕਿਰਿਆ ਦੇ ਸਾਂਝੇ ਅੰਸ਼ ਜਿਵੇਂ 'ਧਾਤੂ' ਦਾ ਪ੍ਰਯੋਗ ਕਰਕੇ ਬਹੁਤੇ ਸ਼ਬਦਾਂ ਰਾਹੀਂ ਕਿਰਿਆ ਪ੍ਰਗਟਾਈ ਹੈ। ਇਸ ਸੰਖੇਪਤਾ ਨੂੰ ਜਾਨਣ ਵਾਸਤੇ ਕਿਸੇ ਵਿਦਵਾਨ ਨੂੰ ਅਪਭ੍ਰੰਸ਼-ਭਾਸ਼ਾ ਦਾ ਮੁਢਲਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਸਤਰ ਦੇ ਅੰਤ ਵਿਚ ਓਂਕੜ, ਦੁਲੈਂਕੜੇ, ਕੰਨਾ, ਸਿਆਰੀ ਬਿਹਾਰੀ, ਲਾਮ ਦੁਲਾਈਆ ਟਿੱਪੀ ਆਦਿ ਲਗਣ ਨਾਲ ਇਕ-ਬਚਨ ਤੋਂ ਬਹੁ-ਬਚਨ ਅਤੇ ਪੁਲਿੰਗ ਅਤੇ ਇਸਤਰੀ-ਲਿੰਗ ਬਣ ਜਾਣ ਦੇ ਭੇਦ ਨੂੰ ਸਿਰਫ ਉਹੀ ਜਾਣ ਸਕਦਾ ਹੈ ਜਿਹੜਾ ਗੁਰਬਾਣੀ

ਵਿਆਕਰਣ ਦਾ ਜਾਣੂ ਹੋਵੇਗਾ। ਸ਼ਬਦ ਦੇ ਆਖਰੀ ਅੱਖਰ ਹੇਠਾਂ ਔਂਕੜ ਤੋਂ ਭਾਵ 'ਹੋੜਾ' ਬਣਦਾ ਹੈ। ਸ਼ਬਦ ਦੇ ਆਖਰੀ ਅੱਖਰ ਨਾਲ ਜੇਕਰ ਸਿਆਰੀ ਲੱਗੀ ਹੋਵੇ ਤਾਂ 'ਕੇ' 'ਦੇ' ਜਾਂ 'ਵਿਚ' ਅਰਥ ਨਿਕਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅੰਦਰ ਅਜਿਹੇ ਚਿੰਨ੍ਹ ਸਮਝਣ ਨਾਲ ਪਾਠਕ ਜੀ ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਚਾਰੀ ਗੁਰਬਾਣੀ ਸਮਝਣ ਵਿਚ ਵੀ ਬਹੁਤ ਮੱਦਦ ਮਿਲੇਗੀ।

ਮੈਨੂੰ ਸੰਨ 1958 ਤੋਂ ਲੈ ਕੇ ਹੁਣ ਤੱਕ ਕਈ ਗ੍ਰੰਥ ਅਤੇ ਪੋਥੀਆਂ ਇਸ ਕਰਕੇ ਪੜ੍ਹਨੀਆਂ ਪਈਆਂ ਸਨ ਕਿਉਂਕਿ ਜਿਹੜੇ ਪਰਾ-ਅਧਿਆਪਕਾਂ ਮੈਨੂੰ ਇਹ ਪਾਠ-ਪੁਸਤਕਵਾਰਾਂ ਭਾਈ ਗੁਰਦਾਸ ਜੀ ਗਿਆਨੀ ਦੇ ਇਮਤਿਹਾਨ ਪਾਸ ਕਰਨ ਵਾਸਤੇ ਪੜ੍ਹਾਉਂਦੇ ਸਨ, ਉਨ੍ਹਾਂ ਵਿਚਾਰਾਂ ਨਾਲ ਮੇਰੇ ਮਨ ਨੂੰ ਏਨਾ ਧਰਵਾਸਾ ਨਹੀਂ ਸੀ ਹੋਇਆ। ਮੈਂ ਗਿਆਨੀ ਮਨੀ ਸਿੰਘ ਦੁਆਰਾ ਲਿਖੀ ਪੋਥੀ, ਪ੍ਰੋ: ਸਾਹਿਬ ਸਿੰਘ ਦੁਆਰਾ ਲਿਖੀ ਪੋਥੀ, ਭਾਈ ਵੀਰ ਸਿੰਘ ਦੁਆਰਾ ਲਿਖੀ ਪੋਥੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਵਾਈ ਪੋਥੀ ਨੂੰ ਵਿਚਾਰਿਆ ਹੈ। ਇਹ ਮੇਰੀ ਲਿਖਤ ਉਨ੍ਹਾਂ ਸਾਰੀਆਂ ਪੋਥੀਆਂ ਤੋਂ ਵਿਲੱਖਣ ਇਸ ਕਰਕੇ ਹੈਕਿ ਜਿਹੜੇ ਸ਼ਬਦਾਂ ਦੇ ਅਰਥ ਅਤੇ ਵਿਆਖਿਆ ਉਨ੍ਹਾਂ ਪੋਥੀਆਂ ਵਿਚ ਨਹੀਂ ਕੀਤੀ ਗਈ ਉਹ ਇਸ ਮੇਰੇ ਵਾਲੀ ਪੋਥੀ ਵਿਚ ਦਰਜ ਹਨ। ਉਨ੍ਹਾਂ ਵਿਦਵਾਨਾਂ ਨੇ ਸ਼ਾਇਦ ਉਨ੍ਹਾਂ ਨੂੰ ਸਰਲ ਲੱਗ ਰਹੇ ਸ਼ਬਦਾਂ ਦੇ ਅਰਥ ਕੀਤੇ ਹੀ ਨਹੀਂ ਅਤੇ ਮੈਂ ਉਨ੍ਹਾਂ ਸਰਲ ਸ਼ਬਦਾਂ ਦੇ ਅਰਥ ਅਤੇ ਸੰਥਿਆ ਇਸ ਕਦਰ ਕੀਤੀ ਹੈ ਕਿ ਪੰਜਾਬੀ ਭਾਸ਼ਾ ਦੇ ਚੌਥੀ ਜਮਾਤ ਪਾਸ ਵਿਦਿਆਰਥੀ ਵੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਆਏ ਸ਼ਬਦਾਂ ਦੇ ਅਰਥ ਅਤੇ ਮੇਰੇ ਵਲੋਂ ਕੀਤੀ ਗਈ ਵਿਆਖਿਆ ਨੂੰ ਸੌਖਿਆਂ ਹੀ ਸਮਝ ਸਕੇਗਾ। ਜੇਕਰ ਭਾਈ ਗੁਰਦਾਸ ਜੀ ਨੇ ਸ਼ਬਦ 'ਜਤੀ' ਲਿਖਿਆ ਹੈ ਤਾਂ ਮੈਂ ਜਤੀ ਸ਼ਬਦ ਦੇ ਅਰਥਾਂ ਦੇ ਨਾਲ ਨਾਲ ਜਤੀ ਕੌਣ ਹੋਏ ਹਨ ਉਨ੍ਹਾਂ ਦੇ ਨਾਮ ਵੀ ਲਿਖੇ ਹਨ। ਜੇਕਰ ਸ਼ਬਦ ਚਿਰੰਜੀਵਣੇ ਲਿਖਿਆ ਹੈ ਤਾਂ ਸ਼ਬਦ ਦੇ ਅਰਥ ਦੇ ਨਾਲ ਮੈਂ ਉਸ ਸਮੇਂ ਤੱਕ ਹੋ ਚੁੱਕੇ ਚਿਰਜੀਵਣਿਆਂ ਦੇ ਨਾਮ ਲਿਖੇ ਹਨ। ਜੇਕਰ ਭਾਈ ਗੁਰਦਾਸ ਜੀ ਨੇ ਸ਼ਬਦ 'ਪੱਚੀ-ਗੁਣ' ਲਿਖਿਆ ਹੈ ਤਾਂ ਮਨੁਖ ਵਿਚ ਉਹ ਪੱਚੀ ਗੁਣ ਕਿਹੜੇ ਹੁੰਦੇ ਹਨ? ਮੈਂਉਨ੍ਹਾਂ ਸਭਨਾਂ ਗੁਣਾਂ ਦੇ ਨਾਮ ਲਿਖੇ ਹਨ। ਇਸ ਤਰ੍ਹਾਂ ਲਿਖਣ ਨਾਲ ਪਾਠਕ ਨੂੰ ਸ਼ਬਦ ਦੇ ਅਰਥ ਚੰਗੀ ਤਰ੍ਹਾਂ ਸਮਝ ਵਿਚ ਪੈ ਜਾਂਦੇ ਹਨ।

ਅਗੇ ਮੈਂ 'ਵਾਰਾਂ ਭਾਈ ਗੁਰਦਾਸ ਜੀ' ਦੀਆਂ ਵਿਚ ਅੰਕਤ ਵਿਚਾਰਾਂ ਨੂੰ ਭਾਈ ਗੁਰਦਾਸ ਜੀ ਦੇ ਵਿਚਾਰਾਂ ਦੇ ਹੂ-ਬ-ਹੂ ਉਲਥਾ ਕੇ ਸੌਖੀ ਪੰਜਾਬੀ ਵਿਚ ਵਿਆਖਿਆ ਕਰਾਂਗਾ। ਭਾਈ ਗੁਰਦਾਸ ਜੀ ਦੀਆਂ ਕੁਲ ਚਾਲੀ ਵਾਰਾਂ ਹਨ। ਇਕਤਾਲਵੀ ਵਾਰ ਭਾਈ ਗੁਰਦਾਸ ਦੂਜੇ ਦੀ ਲਿਖੀ ਹੋਈ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਨ। ਭਾਈ ਗੁਰਦਾਸ ਜੀ ਆਪਣੇ ਸਮੇਂ ਸਿਖੀ ਬਾਣੇ ਬਾਰੇ ਤੀਸਰੀ ਪਉੜੀ ਵਿਚ ਜੋ ਲਿਖਦੇ ਹਨ ਪਰ ਉਹ ਬਾਣਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਨਹੀਂ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਬਾਣਾ ਇਕਤਾਲਵੀਂ ਵਾਰ ਵਿਚ ਦਰਜ ਹੈ। ਇਸ ਕਰਕੇ ਵੀ ਵਾਰ ਨੰਬਰ 41 ਭਾਈ ਗੁਰਦਾਸ ਦੂਜੇ ਦੀ ਹੀ ਲਿਖੀ ਹੋਈ ਹੈ।

----

## ਵਾਰ ਪਹਿਲੀ

*(ਇਸ ਵਾਰ ਦੀਆਂ ਕੁਲ 49 ਪਉੜੀਆਂ ਹਨ)*

## ਵਾਰ ਪਹਿਲੀ

*ਪਉੜੀ 1 (ਮੰਗਲਾਚਰਣ)*

ਨਮਸਕਾਰ ਗੁਰਦੇਵ ਕੋ ਸਤਿ ਨਾਮੁ ਜਿਸੁ ਮੰਤ੍ਰ ਸੁਣਾਇਆ।
ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ।
ਜਨਮ ਮਰਣ ਭਉ ਕਟਿਆ ਸੰਸਾਂ ਰੋਗੁ ਵਿਯੋਗ ਮਿਟਾਇਆ।
ਸੰਸਾ ਇਹੁ ਸੰਸਾਰ ਹੈ ਜਨਮ ਮਰਨ ਵਿਚਿ ਦੁਖੁ ਸਵਾਇਆ।
ਜਮ ਦੰਡ ਸਿਰੋਂ ਨ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ।
ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ।
ਭਾਉ ਭਗਤ ਗੁਰਪੁਰਬਿ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜ੍ਹਾਇਆ।
ਜੇਹਾ ਬੀਉ ਤੇਹਾ ਫਲੁ ਪਾਇਆ॥1॥

---

*ਭਵਜਲ: ਦੁਨੀਆਂ। ਸੰਸਾਂ: ਭਰਮ। ਸਾਕਤਿ: ਮਨਮੁਖ। ਭਾਉ: ਪ੍ਰੇਮ।*

ਪਹਿਲੀ ਪੌੜੀ ਵਿਚ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਗੁਰਦੇਵ ਮੰਨਦੇ ਹੋਏ ਉਨ੍ਹਾਂ ਵਲੋਂ ਉਚਾਰੀ ਗਈ ਗੁਰਬਾਣੀ ਦਾ ਸਤਿਕਾਰ ਕਰਦੇ ਹੋਏ ਮੰਗਲਾਚਰਣ ਲਿਖਦੇ ਹਨ। ਆਪ ਮੰਗਲਾਚਰਣ ਵਿਚ ਗੁਰੂ ਨਾਨਕ ਦੇਵ ਜੀ ਨੂੰ ਗੁਰਦੇਵ ਜਾਣ ਕੇ ਨਮਸਕਾਰ ਅਤੇ ਉਸਤਤ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਦੁਨੀਆਂ ਨੂੰ ਭਵਜਲ ਪਾਰ ਕਰਵਾ ਕੇ ਮੁਕਤੀ ਦੇ ਰਾਹੇ ਪਾਉਣ ਵਾਸਤੇ ਇਕ 'ਸਤਿਨਾਮ' ਦਾ ਮੰਤਰ ਦਿਤਾ ਹੈ। ਮੰਗਲਾਚਰਣ ਤਿੰਨ ਪ੍ਰਕਾਰ ਦੇ ਲਿਖੇ ਜਾਂਦੇ ਹਨ। ਜ਼ਿਵੇਂ ਇਸ਼ ਵਾਰ ਵਿਚ 'ਮੰਗਲਾਚਰਣ ਲ਼ਿਖਿਆ ਹੈ ਭਾਵ ਜਿਸ਼ ਬਾਰੇ ਅੱਗੇ ਲਿਖਿਆ ਜਾਂਦਾ ਹੈ ਉਸਦੀ ਹੀ ਉਸਤਤ ਅਤੇ ਉਸ ਅਗੇ ਹੀ ਬੇਨਤੀ ਕੀਤੀ ਜਾਂਦੀ ਹੈ। ਜਿਵੇਂ ਇਸ ਪਉੜੀ ਵਿਚ ਪ੍ਰਮਾਤਮਾ ਦੇ ਕਾਰਜ ਲਿਖੇ ਪੜ੍ਹੇ ਜਾਂਦੇ ਹਨ। ਦੂਜੀ ਪ੍ਰਕਾਰ ਦਾ ਮੰਗਲਾਚਰਣ 'ਆਸ਼ੀਰਵਾਦਾਤਮਕ' ਮੰਗਲਾਚਰਣ ਜਿਵੇਂ ਉਸਦੀ ਸਿਫਤ ਅਤੇ ਉਸਨੂੰ ਬੇਨਤੀ ਕਰਨੀ ਹੁੰਦੀ ਹੈ ਕਿ ਜਿਸ ਕੋਲੋਂ ਤੁਹਾਨੂੰ ਆਪਣੇ ਕਲਿਆਨ ਦੀ ਆਸ ਹੋਵੇ। ਤੀਸਰੀ ਪ੍ਰਕਾਰ ਦਾ ਮੰਗਲਾਚਰਣ 'ਨਮਸਕਾਰਾਤਮਕ' ਹੁੰਦਾ ਹੈ ਜਿਹੜਾ ਇਸ ਪਉੜੀ ਦੇ ਮੁਢ ਵਿਚ ਕੀਤਾ ਗਿਆ ਹੈ। ਇਸ ਵਿਚ ਕਿਸੇ ਨੂੰ ਪ੍ਰਣਾਮ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਵਲੋਂ ਲਿਖੇ ਅਜਿਹੇ ਸਾਰੇ ਮੰਗਲਾਚਰਣ ਆਪ ਜੀ ਨੂੰ ਅਗੇ ਜਾ ਕੇ ਪੜ੍ਹਨ ਵਾਸਤੇ ਮਿਲਣਗੇ ਵੀ। ਪੁਰਾਣੇ ਸਮੇਂ ਵਿਚ ਗ੍ਰੰਥ ਲਿਖਣ ਵਾਲੇ ਵਿਦਵਾਨ ਪਹਿਲਾਂ ਪਰਮ-ਪੁਰਖ

ਪ੍ਰਮਾਤਮਾ ਨੂੰ ਨਮਸਕਾਰ ਕਰਕੇ ਆਰੰਭ ਕਰਦੇ ਹੁੰਦੇ ਸਨ ਪਰ ਭਾਈ ਗੁਰਦਾਸ ਜੀ ਨੇ ਵਾਰਾਂ ਲਿਖਣ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਕਿਉਂ ਕੀਤੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਗਲਾਚਰਣ ਵਿਚ ਮੁਖਾਤਬ ਹੋਣ ਦੇ ਕਈ ਕਾਰਨ ਹਨ। ਭਾਈ ਗੁਰਦਾਸ ਜੀ ਬਚਪਨ ਤੋਂ ਤੀਸਰੇ ਗੁਰੂ ਸ੍ਰੀ ਅਮਰਦਾਸ ਦਾਸ ਜੀ ਦੀ ਸੰਗਤ ਵਿਚ ਰਹਿਣ ਕਾਰਨ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦਾ ਪਾਠ ਕੀਤਾ ਅਤੇ ਆਪਣੇ ਜੀਵਨ ਦਾ ਆਧਾਰ ਬਣਾਇਆ। ਭਾਈ ਗੁਰਦਾਸ ਜੀ ਨੂੰ ਚੜ੍ਹਦੀ ਉਮਰ ਵਿਚ ਹੀ ਚੌਥੇ ਗੁਰੂ ਸ੍ਰੀ ਰਾਮਦਾਸ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਬਾਰੇ ਲੋਕਾਂ ਨੂੰ ਸਮਝਾਉਣ ਵਾਸਤੇ ਪਿੰਡ ਪਿੰਡ, ਸ਼ਹਿਰ ਸ਼ਹਿਰ ਅਤੇ ਦੇਸਾਂ ਵਿਦੇਸ਼ਾਂ ਵਿਚ ਘੱਲਿਆ ਜਿਸ ਕਾਰਨ ਭਾਈ ਗੁਰਦਾਸ ਜੀ ਉਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦਾ ਬਹੁਤ ਡੂੰਘਾ ਅਸਰ ਹੋਇਆ ਸੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਨੂੰ ਭਾਈ ਗੁਰਦਾਸ ਜੀ ਦੇ ਹੱਥੋਂ ਲਿਖਵਾਇਆ। ਇਕ ਹੋਰ ਸਮਰੱਥ ਕਾਰਨ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਧੁਰ ਕੀ ਆਈ ਬਾਣੀ' ਅਨੁਸਾਰ ਪ੍ਰਮਾਤਮਾ ਦੇ ਹੁਕਮ ਅਨੁਸਾਰ ਕਲਜੁਗ ਵਿਚ ਮਨੁੱਖ ਨੂੰ ਭਵਜਲ ਪਾਰ ਕਰਵਾਉਣ ਵਾਸਤੇ 'ਸਤਿਨਾਮ' ਮੰਤ੍ਰ ਦ੍ਰਿੜਾਇਆ ਹੈ। ਇਹੀ ਕਾਰਨ ਹੈ ਕਿ ਭਾਈ ਗੁਰਦਾਸ ਜੀ ਨੇ ਸਿਰਫ ਤੇ ਸਿਰਫ ਮੰਗਲਾਚਰਣ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਕੀਤੀ ਹੈ ਕਿਉਂਕਿ ਭਾਈ ਗੁਰਦਾਸ ਜੀ ਵਾਸਤੇ ਗੁਰੂ ਨਾਨਕ ਦੇਵ ਜੀ ਆਪ ਪ੍ਰਮਾਤਮਾ ਸਨ।

'ਸਤਿਨਾਮ' ਮੰਤਰ ਦ੍ਰਿੜਾਉਣ ਨਾਲ ਰੋਗ ਅਤੇ ਵਿਯੋਗ ਮਿਟਦਾ ਹੈ ਅਤੇ ਜਨਮ ਮਰਣ ਦਾ ਭਰਮ ਹੱਟ ਜਾਂਦਾ ਹੈ। ਇਹ ਸੰਸਾਰ ਇਕ ਭਰਮ ਹੈ ਜਿਸ ਵਿਚ ਮਨੁੱਖ ਖੂਬ ਦੁਖ ਭੋਗਦਾ ਹੈ। ਮਨਮੁਖਾਂ ਦੇ ਸਿਰੋਂ ਜਨਮ ਮਰਨ ਦਾ ਭਾਵ ਜਮਦੂਤ ਦਾ ਡਰ ਸਾਰੀ ਉਮਰ ਨਹੀਂ ਲਹਿੰਦਾ ਹੈ ਪਰ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਬਾਣੀ ਨੂੰ ਸਮਝ ਕੇ ਅਤੇ ਆਪਣੇ ਜੀਵਨ ਦਾ ਆਧਾਰ ਬਣਾ ਕੇ ਇਸ ਸਭ ਭਰਮਾਂ ਤੋਂ ਮੁਕਤੀ ਮਿਲ ਜਾਂਦੀ ਹੈ। ਸੱਚੇ ਦਿਲੋਂ ਪੂਰੀ ਪ੍ਰੇਮ-ਭਾਵਨਾ ਅਤੇ ਸ਼ਰਧਾ ਨਾਲ ਗੁਰਦੇਵ ਜੀ ਦੀ ਗੁਰਬਾਣੀ ਸਮਝ ਕੇ ਅਤੇ ਉਨ੍ਹਾਂ ਦੇ ਗੁਰਪੁਰਬ ਮਨਾ ਕੇ ਇਕ ਪ੍ਰਮਾਤਮਾ ਦਾ ਨਾਮ ਸਿਮਰਨ ਕਰਨ ਅਤੇ ਕਰਾਉਣ ਨਾਲ ਜੀਵਨ ਸਫਲਾ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਵਾਰ ਅੰਤ ਵਿਚ ਲਿਖਦੇ ਹਨ ਜਿਵੇਂ ਕੋਈ ਮਨੁੱਖ ਬੀਜ ਬੀਜਦਾ ਹੈ ਤਾਂ ਉਹੋ ਜਿਹਾ ਹੀ ਫਲ ਪਰਾਪਤ ਕਰ ਸਕਦਾ ਹੈ। ਭਾਵ ਜੇਕਰ ਬਾਣੀ ਪੜ੍ਹੋਂਗੇ, ਵਿਚਾਰੋਂਗੇ ਤਾਂ ਤੁਸੀਂ ਇਕ ਪ੍ਰਮਾਤਮਾ ਨੂੰ ਮਿਲ ਸਕਦੇ ਹੋ। ਗੁਰਬਾਣੀ ਅਨੁਸਾਰ ਜੇਕਰ ਕੋਈ ਸੁਆਸ ਸੁਆਸ ਇਕ ਪ੍ਰਮਾਤਮਾਂ ਨੂੰ ਯਾਦ ਰਖਦਾ ਹੈ ਤਾਂ ਉਸਨੂੰ ਜਿੰਦਗੀ ਵਿਚ ਸਰਵ-ਸ਼ਕਤੀਵਾਨ ਪ੍ਰਮਾਤਮਾ ਦਰਸ਼ਨ ਜ਼ਰੂਰ ਦਿੰਦੇ ਹਨ। ਗੁਰਬਾਣੀ ਦਾ ਵਿਚਾਰ ਹੈ ਕਿ ਜਿਹੜਾ ਗੁਰਮੁਖ ਪ੍ਰਮਾਤਮਾ ਦੀ ਸਦਾ ਉਸਤਤ ਕਰਦਾ ਹੈ ਅਤੇ ਸਵਾਸ ਸਵਾਸ ਯਾਦ ਕਰਦਾ ਹੈ ਤਾਂ ਪ੍ਰਮਾਤਮਾ ਜੋ ਵੀ ਉਹ ਮਨ ਵਿਚ ਚਿਤਵਦਾ ਹੈ ਉਸ ਚਿਤਵਣ ਨੂੰ ਆਪਣੇ ਆਪ ਪੂਰਾ ਕਰਦਾ ਹੈ। ਇਥੇ ਇਕ ਖਾਸ ਗੱਲ ਵਿਚਾਰਨ ਵਾਲੀ ਇਹ ਹੈ ਕਿ ਭਾਈ ਗੁਰਦਾਸ ਜੀ ਚਾਰ ਪਾਤਸ਼ਾਹੀਆਂ ਦੀ ਸੰਗਤ ਵਿਚ ਰਹੇ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ

ਦੀ ਕੁੰਜੀ ਆਖਿਆ ਹੈ ਪਰ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਨਹੀਂ ਕੀਤਾ ਗਿਆ। ਇਸ ਦਾ ਕਾਰਨ ਇਹੀ ਹੈ ਕਿ ਸਿੱਖੀ-ਦਰਸ਼ਨ ਇਕ ਪ੍ਰਮਾਤਮਾ ਨੂੰ ਸਮਰਪਣ ਹੈ ਪਰ ਭਾਈ ਗੁਰਦਾਸ ਜੀ ਨੇ ਆਪਣੇ ਆਪ ਨੂੰ ਸਿਰਫ ਗੁਰੂ ਨਾਨਕ ਦੇਵ ਜੀ ਨੂੰ ਹੀ ਸਮਰਪਣ ਕੀਤਾ ਸੀ। ਅਗੇ ਪੜ੍ਹੋ ਵਾਰ ਤੀਜੀ ਪਉੜੀ 15 (ਮੂਲ ਮੰਤ੍ਰ ਦਾ ਗੁੱਝਹ ਭੇਦ):

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿ ਨਾਮੁ ਕਰਤਾਰੁ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨਸਿਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ ।।15।।

ਜਿਵੇਂ ਤੁਸੀਂ ਉਪ੍ਰੋਕਤ ਪਉੜੀ ਨੂੰ ਪੜ੍ਹਦੇ ਹੋ ਤਾਂ ਤੁਹਾਨੂੰ ਪਤਾ ਲਗਦਾ ਹੈ ਭਾਈ ਗੁਰਦਾਸ ਜੀ ਨੇ ਪਉੜੀਆਂ ਵਿਚ ਗੁਰਬਾਣੀ ਦੀਆਂ ਹੀ ਕਈ ਪੰਕਤੀਆਂ ਦੀ ਧਾਰਨਾਵਾਂ ਨੂੰ ਆਧਾਰ ਬਣਾਇਆ ਹੈ ਅਤੇ ਗੁਰਬਾਣੀ ਦੇ ਵਿਚਾਰਾਂ ਨੂੰ ਹੋਰ ਦੁਨਿਆਵੀ ਉਦਾਹਰਣਾ ਨਾਲ ਵਿਸਥਾਰ ਨਾਲ ਸਮਝਾਇਆ ਗਿਆ ਹੈ। ਪ੍ਰਮਾਤਮਾ ਦੀ ਹੋਂਦ ਅਤੇ ਵਰਤਾਰੇ ਬਾਰੇ ਕੋਈ ਨਵਾਂ ਨਹੀਂ ਲਿਖਿਆ ਸੀ। ਇਹ ਵੀ ਇਕ ਕਾਰਨ ਸੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਨਹੀਂ ਕੀਤਾ ਗਿਆ।

----

## ਵਾਰ ਪਹਿਲੀ

*ਪਉੜੀ 2 (ਜਗਤ ਉਤਪਤੀ)*

ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰਿ ਨ ਪਾਈ।
ਰਕਤਿ ਬਿੰਦ ਕੀ ਦੇਹਿ ਰਚਿ ਪੰਚਿ ਤਤ ਕੀ ਜੜਿਤ ਜੜਾਈ।
ਪਾਉਣ ਵਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।
ਪੰਚਮਿ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦਿਸਟੁ ਸਮਾਈ।
ਪੰਚ ਤਤ ਪੰਚੀਸ ਗੁਨਿ ਸਤ੍ਰ ਮਿਤ੍ਰ ਮਿਲਿ ਦੇਹਿ ਬਣਾਈ।
ਖਾਣੀ ਬਾਣੀ ਚਲਿਤੁ ਕਰਿ ਆਵਾ ਗਉਣੁ ਚਰਿਤ ਦਿਖਾਈ।
ਚਉਰਾਸੀਹ ਲਖ ਜੋਨਿ ਉਪਾਈ।।2।।

---

*ਰਕਤਿ: ਲਹੂ। ਬਿੰਦ: ਮਾਸ, ਬੈਸੰਤਰੋ: ਅਗਨ। ਛਟਮੁ: ਛੇਵਾਂ। ਸਤ੍ਰ: ਵੈਰੀ। ਆਵਾ ਗਉਣੁ: ਜਨਮ ਮਰਨ*

ਆਦਿ ਸਮੇਂ ਵਿਚ ਇਸ ਦੁਨੀਆਂ ਵਿਚ ਕੋਈ ਜੀਵ ਨਹੀਂ ਸੀ। ਜਗਤ ਅੰਦਰ ਏਨਾ ਅੰਧੇਰਾ ਸੀ ਕਿ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ। ਜਿਵੇਂ ਮਾਰੂ ਮਹਲਾ 1 ਅੰਗ 1083 ਉਪਰ ਗੁਰਬਾਣੀ ਵਿਚ ਵੀ ਪੜ੍ਹਿਆ ਜਾਂਦਾ ਹੈ, 'ਅਰਬਦ ਨਰਬਦ ਧੁੰਧੂਕਾਰਾ' ਆਦਿ। ਪ੍ਰਮਾਤਮਾ ਨੇ ਲਹੂ ਅਤੇ ਬੀਰਜ ਨੂੰ ਪੈਦਾ ਕਰਕੇ ਅਤੇ ਪੰਜ ਵਿਪਰੀਤ ਤੱਤਾਂ ਨੂੰ ਭਾਵ ਪਉਣ, ਪਾਣੀ, ਅਗਨੀ, ਧਰਤੀ ਅਤੇ ਆਕਾਸ਼ ਨੂੰ ਇਕੱਠਾ ਬੰਨ ਕੇ ਛੇਵਾਂ ਕਰਤਾ ਭਾਵ ਪ੍ਰਮਾਤਮਾ ਜਿਹੜਾ ਮਨੁੱਖ ਦੀਆਂ ਨਜ਼ਰਾਂ ਵਿਚ ਨਾ ਆ ਸਕਣ ਵਾਲੇ ਨੂੰ ਵੀ ਨਾਲ ਰਲਾ ਕੇ ਮਾਣਸ ਦੇਹ ਬਣਾਈ ਹੈ। ਜਿਵੇ ਅੱਗ ਪਾਣੀ ਦੀ ਵੈਰਨ ਅਤੇ ਪਾਣੀ ਦਾ ਅੱਗ ਨਾਲ ਵੈਰ ਅਤੇ ਅੱਗ ਦਾ ਹਵਾ ਨਾਲ ਵੈਰ ਅਜਿਹੇ ਪੰਜ-ਤੱਤ ਇਕ ਥਾਂ ਇਕੱਠੇ ਕਰਕੇ ਇਕ ਦੇਹ ਬਣਾਈ ਅਤੇ ਇਸ ਦੇਹ ਅੰਦਰ ਪੱਚੀਸ ਗੁਣ ਪਾਏ। ਇਹ ਪੱਚੀਸ ਗੁਣ ਕੀ ਹਨ? 'ਕਰਾਦ ਮੁਨੀ' ਜੋ ਖਟਸ਼ਾਸਤਰ ਦਾ ਰਚੇਤਾ ਹੈ, ਅਨੁਸਾਰ ਹਿੰਦੂ ਧਰਮ ਦੇ ਕੁਲ ਛੇ ਸ਼ਾਸ਼ਤਰ ਹਨ। ਵੈਸ਼ੇਖਕ-ਸ਼ਾਸਤਰ ਅਨੁਸਾਰ ਕਿਸੇ ਪ੍ਰਾਣੀ ਅੰਦਰ 25 ਗੁਣ ਹੁੰਦੇ ਹਨ। ਜਿਵੇਂ ਰੂਪ, ਰਸ ਗੰਧ, ਸਪਰੱਸ਼, ਸੰਖਯਾ, ਪਰਿਮਾਣ, ਪਥਕ੍ਰਤ, ਸੰਜੋਗ, ਵਿਭਾਗ, ਪਰਤ੍ਰ, ਅਪਰਤ੍ਰ, ਗੁਰੁਤਵ, ਦ੍ਰਵਤ੍ਰ, ਸੰਨੇਹ, ਸ਼ਬਦ, ਬੁੱਧਿ, ਸੁਖ, ਦੁਖ, ਇੱਛਾ, ਦੇਸ੍ਰ, ਪ੍ਰਯਤਨ, ਧਰਮ, ਅਧਰਮ, ਸੰਸਕਾਰ ਅਤੇ ਪ੍ਰਕ੍ਰਿਤੀ ਆਦਿ। ਪੱਚੀ ਗੁਣਾਂ ਦਾ ਧਾਰਨੀ ਪ੍ਰਾਣੀ ਸੋਲਾ ਕਲਾਂ ਸੰਪੂਰਨ ਨਹੀਂ ਹੁੰਦਾ ਸਗੋਂ ਚੰਗਾ ਇਨਸਾਨ ਹੁੰਦਾ ਹੈ। ਭਾਵੇਂ ਪ੍ਰਮਾਤਮਾ ਨੇ ਜਨਮ ਵੇਲੇ ਪੱਚੀ ਗੁਣ ਹਰ ਪ੍ਰਾਣੀ ਨੂੰ ਬਖਸ਼ੇ ਹਨ ਪਰ ਹਰ ਪ੍ਰਾਣੀ ਆਪਣੇ ਕਰਮਾਂ ਕਾਰਨ ਪੱਚੀ ਗੁਣ ਧਾਰਨ ਦੇ ਵੀ ਕਾਬਲ ਨਹੀਂ ਹੁੰਦਾ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਬਚਪਨ ਤੋਂ ਪੜ੍ਹਦੇ ਵਿਚਾਰਦੇ ਆਏ ਸਨ ਅਤੇ ਉਸ ਗੁਰਬਾਣੀ ਦੇ ਸ਼ਰਧਾ-ਪੂਰਵਕ ਪ੍ਰਚਾਰਕ ਵੀ ਸਨ ਇਸ ਕਰਕੇ ਉਨ੍ਹਾਂ ਨੇ ਜੋ ਚਾਲੀ ਵਾਰਾਂ ਲਿਖੀਆਂ ਹਨ ਗੁਰਬਾਣੀ ਦੇ ਅੰਤਰੀਵ ਭਾਵ ਨੂੰ ਸਮਝਦਿਆਂ ਪ੍ਰਾਣੀ ਦੇ ਜਨਮ ਤੋਂ ਲੈਕੇ ਮਰਨ ਤੱਕ ਦੇ ਜੋ ਆਚਰਣ ਦੁਨਿਆਵੀ ਤੌਰ ਉਪਰ ਜਾਂ ਅਧਿਆਤਮਿਕ ਤੌਰ ਉਪਰ ਗੁਰਬਾਣੀ ਵਿਚ ਉਪਲੱਬਧ ਹਨ ਉਨ੍ਹਾਂ ਨੂੰ ਇਕ ਤਰਤੀਬ ਵਿਚ ਲਿਖਿਆ ਹੈ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਤਦ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਆਖਿਆ ਹੈ। ਚਾਰ ਖਾਣੀਆਂ ਭਾਵ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਪੈਦਾ ਕੀਤੀਆਂ ਜਿਨ੍ਹਾਂ ਵਿਚ ਚਾਰ ਬਾਣੀਆਂ ਜਿਵੇਂ ਪਰਾ, ਪਸੰਤੀ, ਮੱਧਮਾ ਅਤੇ ਬੈਖਰੀ ਆਦਿ ਰਲਾਕੇ ਆਉਣ ਜਾਣ ਦਾ ਭਾਵ ਜਨਮ ਮਰਨ ਦਾ ਪ੍ਰਪੰਚ ਬਣਾਇਆ। ਇਸ ਪਰਪੰਚ ਅਨੁਸਾਰ ਚੁਰਾਸੀ ਲੱਖ ਜੂਨ ਲਿਖੀ ਹੋਈ ਪੜ੍ਹੀ ਜਾਂਦੀ ਹੈ। ਉਸ ਸਮੇਂ ਸਿੱਖ ਵਾਸਤੇ ਕੋਈ ਪਰੀਚਿਤ ਬਾਣਾ ਨਿਰਧਾਰਿਤ ਨਹੀਂ ਸੀ ਪਰ ਜੇਕਰ ਹੁੰਦਾ ਤਾਂ ਭਾਈ ਗੁਰਦਾਸ ਜੀ ਨੇ ਜਿਵੇਂ ਬਾਣੀ ਬਾਰੇ ਆਪਣੇ ਵਿਚਾਰ ਲਿਖੇ ਹਨ ਅਤੇ ਏਥੇ ਬਾਣੇ ਬਾਰੇ ਵੀ ਜ਼ਰੂਰ ਖੁਲਾਸਾ ਕਰ ਦੇਣਾ ਸੀ। ਇਕਤਾਲਵੀਂ ਵਾਰ ਭਾਈ ਗੁਰਦਾਸ ਦੂਜੇ ਦੀ ਹੈ ਕਿਉਂਕਿ ਵਾਰ ਦੀ ਪੰਦਰਵੀਂ ਪਉੜੀ ਵਿਚ ਖਾਲਸਾ ਜੀ ਦੇ ਬਾਣੇ ਬਾਰੇ ਨਿਬੰਧ ਪੜ੍ਹੇ ਜਾਂਦੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿਚ ਭਾਵਸਮੇਂ ਹੀ ਚਾਲੂ ਹੋਇਆ ਸੀ। ਜਿਵੇਂ

ਉਹੁ ਗੁਰੂ ਗੋਬਿੰਦ ਹੋਇ ਪ੍ਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।

ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਰਿ ਪਕੜੋ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
ਸਭ ਦੈਂਤ ਅਰਿਨਿ ਕੋ ਘੇਰ ਕਰਿ ਕੀਚੈ ਪ੍ਰਹਾਰਾ।
ਤਬ ਸਹਿਜੇ ਪ੍ਰਗਟਿਓ ਜਗਤ ਮੈ ਗੁਰੁ ਜਾਪ ਅਪਾਰਾ।
ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ।
ਤੁਰਕ ਦੁਸਟ ਸਭਿ ਛੈ ਕੀਏ ਹਰਿ ਨਾਮ ਉਚਾਰਾ।
ਤਿੰਨ ਆਗੈ ਕੋਇ ਨ ਠਹਿਰਿਓਭਾਗੇ ਸਿਰਦਾਰਾ।
ਜਹ ਰਾਜੇ ਸਾਹ ਅਮੀਰੜੇ ਹੋਏ ਸਭ ਛਾਰਾ।
ਫਿਰ ਸੁਨ ਕਰਿ ਐਸੀ ਧਮਕ ਕਉ ਕਾਂਪੈ ਗਿਰਿ ਭਾਰਾ।
ਤਬ ਸਭ ਧਰਤੀ ਹਲਚਲ ਭਈ ਛਾਡੇ ਘਰ ਬਾਰਾ।
ਇਉਂ ਐਸੇ ਦੁੰਦ ਕਲੇਸ ਮਹਿ ਖਪਿਓ ਸੰਸਾਰਾ।
ਤਿਹਿ ਬਿਨੁ ਸਤਿਗੁਰ ਕੋਈ ਹੈ ਨਹੀਂ ਭੈ ਕਾਟਨਹਾਰਾ।
ਗਹਿ ਐਸੇ ਖੜਗ ਦਿਖਾਈਐ ਕੋ ਸਕੇ ਨਾ ਝੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

----

## ਵਾਰ ਪਹਿਲੀ

*ਪਉੜੀ 3 (ਮਨੁਖ ਜਨਮ ਦੀ ਉਤਮਤਾ)*

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ ਬੋਲਣਿ ਬਚਨ ਸਨੇਹੀ।
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ ਖਾਟਿ ਖਵਾਲਣੁ ਕਾਰਿ ਕਰੇਹੀ।
ਗੁਰਮੁਖੁ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।
ਗੁਰਭਾਈ ਸੰਤੁਸਟਿ ਕਰਿ ਚਰਣਾਮ੍ਰਿਤ ਲੈ ਮੁਖਿ ਪਿਵੇਹੀ।
ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਿਰਾਸ ਕਰੇਹੀ।
ਆਪਿ ਤਰੇ ਗੁਰ ਸਿਖ ਤਰੇਹੀ।।3।।

---

*ਕਰਨਿ: ਕੰਨ। ਸੁਭਿ: ਚੰਗਾ। ਕਿਰਤਿ: ਖੇਤੀ। ਵਿਰਤਿ: ਅਲੱਗ, ਤਿਆਗੀ, ਸੰਨਿਆਸੀ। ਸਕਾਰਥਾ: ਸਫਲ। ਕਲੀ ਕਾਲਿ; ਕਲਜੁਗ*

ਭਾਈ ਗੁਰਦਾਸ ਜੀ ਇਸ ਵਿਚਾਰ ਨੂੰ ਤਸਦੀਕ ਕਰਦੇ ਹਨ ਕਿ ਸਾਰੇ ਜਨਮਾਂ ਤੋਂ ਉਤਮ ਜੂਨ ਸਿਰਫ ਤੇ ਸਿਰਫ 'ਮਾਣਸਿ ਦੇਹੀ' ਹੈ। ਇਨਸਾਨ ਦੀਆਂ ਅੱਖਾਂ ਵੇਖਣ ਵਾਸਤੇ

ਹਨ। ਕੰਨ ਸੁਣਨ ਵਾਸਤੇ ਹਨ। ਮੁਖ ਮਿੱਠੇ ਬੋਲ ਬੋਲਣ ਵਾਸਤੇ ਹੈ। ਹੱਥ ਦਸਾਂ ਨੌਹਾਂ ਦੀ ਕ੍ਰਿਤ ਕਮਾਈ ਕਰਨ ਵਾਸਤੇ ਹੁੰਦੇ ਹਨ ਅਤੇ ਪੈਰ ਸਤਿਸੰਗ ਵਿਚ ਜਾਣ ਵਾਸਤੇ ਹੀ ਹਨ। ਧਰਮ ਦੀ ਕਿਰਤ ਕਰਕੇ ਦੁਨੀਆਂ ਤੋਂ ਅਲੱਗ (ਵਿਰਤਿ) ਰਹਿ ਕੇ ਸੱਚੀ ਕ੍ਰਿਤ ਸਮਝ ਕੇ ਖਾਣ ਅਤੇ ਖੁਵਾਣ ਦੀ ਕਾਰ ਕਰੀਂ। ਜਿਹੜੇ ਲੋਕ ਗੁਰੂ ਨੂੰ ਮੰਨ ਕੇ ਗੁਰਬਾਣੀ ਪੜ੍ਹ ਕੇ ਸਮਝਦੇ ਹਨ ਉਨ੍ਹਾਂ ਦਾ ਜੀਵਨ ਸਫਲ ਹੁੰਦਾ ਹੈ। ਆਪਣੇ ਸਾਥੀਆਂ ਨਾਲ ਰਲ ਕੇ ਖੁਸ਼ੀ ਖੁਸ਼ੀ ਗੁਰੂ ਜੀ ਕੋਲੋਂ ਚਰਣਾਮ੍ਰਿਤ (ਸਅਨਚਟਾਇਦ) ਭਾਵ ਸ਼ੁਭ ਵਿਚਾਰਾਂ ਨੂੰ ਆਪਣੀ ਰਸਨਾ ਉਪਰ ਲਿਆਉਂਦੇ ਹਨ। ਕਈ ਡੇਰਿਆਂ ਵਾਲੇ ਆਪਣੇ ਚਰਨ ਧੋਤੇ ਹੋਏ ਪਾਣੀ ਨੂੰ ਚਰਣਾਮ੍ਰਿਤ ਕਹਿੰਦੇ ਹਨ ਜਿਹੜਾ ਬਿਲਕੁਲ ਹੀ ਗਲਤ ਹੈ। ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਕਿ ਕਲਜੁਗ ਸਮੇਂ ਗੁਰੂ ਦੀ ਸੰਗਤ ਸ਼ਾਮ ਹੁੰਦੇ ਤੱਕ ਨਹੀਂ ਛੱਡਣੀ ਚਾਹੀਦੀ ਭਾਵ ਜਿੰਨੀ ਵੀ ਸੰਗਤ ਹੋ ਜਾਵੇ ਉਤਨੀ ਹੀ ਥੋੜੀ ਹੈ ਕਿਉਂਕਿ ਕਲਜੁਗ ਵਿਚ ਮਨੁੱਖ ਸਤਸੰਗਤ ਨਾਲੋਂ ਭੈੜੀ ਸੰਗਤ ਝਟ ਕਬੂਲਦਾ ਹੈ। 'ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਿਰਾਸ ਕਰੇਹੀ।' ਰਹਿਰਾਸ ਸ਼ਬਦ ਫਾਰਸੀ ਸ਼ਬਦ 'ਰਾਹ-ਰਾਸਤ' ਭਾਵ ਸੱਚੇ ਰਸਤੇ ਉਪਰ ਸਦਾ ਚਲਣਾ ਹੈ। ਇਸ ਤਰ੍ਹਾਂ ਕਰਨ ਨਾਲ ਇਨਸਾਨ ਆਪ ਤਾਂ ਤਰਦਾ ਹੀ ਹੈ ਅਤੇ ਹੋਰਾਂ ਨੂੰ ਵੀ ਨਾਲ ਭਵਜਲ ਪਾਰ ਕਰਵਾ ਦਿੰਦਾ ਹੈ।

----

## ਵਾਰ ਪਹਿਲੀ

*ਪਉੜੀ 4 (ਜਗਤ ਉਤਪੱਤੀ ਕਾਰਣ)*

ਓਅੰਕਾਰ ਆਕਾਰ ਕਰਿ ਏਕ ਕਵਾਉ ਪਸਾਉ ਪਸਾਰਾ।
ਪੰਜ ਤਤ ਪਰਵਾਣ ਕਰਿ ਏਕ ਘਟਿ ਘਟਿ ਅੰਦਰਿ ਤ੍ਰਿਭਵਣ ਸਾਰਾ।
ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।
ਇਕ ਦੂ ਕੁਦਰਤਿ ਲਖ ਕਰਿਲਖ ਬਿਅੰਤ ਅਸੰਖ ਅਪਾਰਾ।
ਰੋਮਿ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਿਮੰਡ ਕਰੋੜਿ ਸੁਮਾਰਾ।
ਇਕਸਿਇਕਸਿ ਬ੍ਰਹਮੰਡਿ ਵਿਚ ਦਸਿ ਦਸਿ ਕਰਿ ਅਵਤਾਰ ਉਤਾਰਾ।
ਕੇਤੇ ਬੇਦਿ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ।
ਕੁਦਰਤਿ ਇਕੁ ਏਤਾ ਪਾਸਾਰਾ॥4॥

---

*ਓਅੰਕਾਰ: ਬਿਨ੍ਹਾਂ ਆਕਾਰ ਭਾਵ ਪ੍ਰਮਾਤਮਾ। ਆਕਾਰ: ਰੂਪ। ਤ੍ਰਿਭਵਣੁ: ਤਿੰਨ ਲੋਕ। ਮੁਹੰਮਦ ਯਾਰਾ: ਚਾਰ ਖਲੀਫੇ।*

ਭਾਈ ਗੁਰਦਾਸ ਜੀ ਦਾ ਵਿਚਾਰ ਹੈ ਕਿ ਪ੍ਰਮਾਤਮਾ ਨੂੰ ਜਗਤ ਉਤਪੱਤੀ ਕਰਨ ਵੇਲੇ ਕੋਈ ਸਮਾਂ ਨਹੀਂ ਲੱਗਿਆ ਸੀ। ਪ੍ਰਮਾਤਮਾ ਨੇ ਇਕ ਬਚਨ ਕਰ ਕੇ ਹੀ ਸਾਰੇ ਬ੍ਰਹਿਮੰਡ ਵਿਚ ਆਕਾਰ ਥਾਪ ਦਿਤੇ ਸਨ। ਪੰਜ ਤੱਤਾਂ ਨੂੰ ਇਕ ਜੁੱਜ਼ ਵਿਚ ਬੰਨ੍ਹ ਕੇ ਭਾਵ ਨੈਗੇਟਿਵ ਅਤੇ

ਪੋਜ਼ੇਟਿਵ ਨੂੰ ਇਕ ਬਿੰਦੂ ਵਿਚ ਬੰਨ੍ਹ ਕੇ ਇਹ ਸਾਰਾ ਤ੍ਰਿਭਵਣ ਸਾਜ ਦਿਤਾ ਹੈ। ਭਵਣ ਦੇ ਸ਼ਬਦੀ ਭਾਵ ਹਨ ਕਿ ਜਨਮ ਮਰਨ ਦਾ ਪਰਵਾਹ ਆਦਿ। ਤ੍ਰਿਭਵਣ ਉਹ ਤਿੰਨ ਲੋਕ ਹਨ ਜਿਵੇਂ ਸਵੱਰਗ-ਲੋਕ, ਮ੍ਰਿਤ-ਲੋਕ ਅਤੇ ਪਾਤਾਲ-ਲੋਕ ਆਦਿ। ਇੰਝ ਵੀ ਆਖਿਆ ਜਾ ਸਕਦਾ ਹੈ ਕਿ ਜਿਵੇਂ ਮਾਤ-ਲੋਕ ਜਿਵੇਂ ਧਰਤੀ, ਸਵੱਰਗ-ਲੋਕ ਜਿਵੇਂ ਜਿਥੇ ਦੇਵੀ ਦੇਵਤੇ ਰਹਿੰਦੇ ਹਨ ਅਤੇ ਪਤਾਲ-ਲੋਕ ਬ੍ਰਹਿਮੰਡ ਵਿਚ ਕੋਈ ਪੁਲਾੜ ਹੋ ਸਕਦਾ ਹੈ ਜਿਥੇ ਕੋਈ ਮਨੁੱਖ ਜਾਂ ਦੇਵਤਿਆਂ ਵਰਗਾ ਕੋਈ ਆਕਾਰ ਰਹਿੰਦਾ ਹੋ ਸਕਦਾ ਹੈ। ਵਰਤਮਾਨ ਵਿਚ ਵਿਗਿਆਨੀਆਂ ਨੇ ਇਹ ਸਿਧ ਕਰ ਦਿਤਾ ਹੈ ਕਿ ਧਰਤੀ ਦੇ ਹੇਠਾਂ ਕੁਝ ਨਹੀਂ ਹੈ। ਧਰਤੀ ਆਕਰਸ਼ਣ ਵਿਚ ਬੱਝੀ ਵਾਯੂ-ਮੰਡਲ ਵਿਚ ਗੋਲ ਘੁੰਮ ਰਹੀ ਹੈ। ਇਸ ਕਰਕੇ ਪਾਤਾਲ-ਲੋਕ ਦੀ ਹੋਂਦ ਕਿਤੇ ਵੀ ਨਹੀਂ ਹੈ। ਘੱਟੋ ਘੱਟ ਇਸ ਧਰਤੀ ਉਪਰ ਤਾਂ ਕਦੇਈਂ ਹੀ ਨਹੀਂ ਪਰ ਕਿਸੇ ਹੋਰ ਪੁਲਾੜ ਵਿਚ ਹੋਵੇ ਤਾਂ ਕਿਹਾ ਨਹੀਂ ਜਾ ਸਕਦਾ। 'ਏਕ ਕਵਾਉ' ਭਾਵ ਇਕ ਬਚਨ ਨਾਲ ਹੀ ਇਸ ਤ੍ਰਿਭਵਣ ਦੀ ਪੰਜਾਂ ਤੱਤਾਂ ਨਾਲ ਸਥਾਪਨਾ ਹੋ ਗਈ ਸੀ। ਭਾਈ ਗੁਰਦਾਸ ਜੋ ਲਿਖਦੇ ਹਨ ਕਿ ਪ੍ਰਮਾਤਮਾ ਦੇ ਭੇਦਾਂ ਨੂੰ ਜਾਂ ਪ੍ਰਮਾਤਮਾ ਦੀ ਸ਼ਕਤੀ ਨੂੰ ਕੋਈ ਵੀ ਸਮਝ ਨਹੀਂ ਸਕਦਾ ਅਤੇ ਨਾ ਹੀ ਉਸ ਨੂੰ ਕੋਈ ਵੇਖ ਸਕਦਾ ਹੈ ਜਿਸ ਨੇ ਇਹ ਬੇਸ਼ੁਮਾਰ ਅਸੰਖਾਂ ਕੁਦਰਤਾ ਸਾਜ ਕੇ ਜੀਵ-ਜੰਤੂ ਪੈਦਾ ਕੀਤੇ ਹਨ। ਮੇਰੇ ਵਿਚਾਰ ਵਿਚ ਜਿਹੜੀ ਕੋਈ ਵਸਤੂ ਹੈ ਹੀ ਨਹੀਂ ਉਸਨੂੰ ਭਲਾ ਕੌਣ ਵੇਖ ਸਕਦਾ ਹੈ? ਅਜਿਹੀਆਂ ਲੱਖਾਂ ਕੁਦਰਤਾਂ ਨੂੰ ਬਿਅੰਤ ਪੁਲਾੜਾਂ ਵਿਚ ਥਾਪਿਆ ਹੈ। ਕਰੋੜਾਂ ਬ੍ਰਹਿਮੰਡ ਪ੍ਰਮਾਤਮਾ ਨੇ ਆਪਣੇ ਰੋਮ ਰੋਮ ਅੰਦਰ ਸਮਾ ਕਰ ਰੱਖੇ ਹੋਏ ਹਨ। ਇਹ ਇਕ ਸੰਕਲਪ ਤੋਂ ਬਿਨ੍ਹਾਂ ਕੁਝ ਹੋਰ ਕੋਈ ਵਸਤੂ ਨਹੀਂ ਹੈ। ਇਕ ਇਕ ਬ੍ਰਹਿਮੰਡ ਵਿਚ ਦਸ ਦਸ ਅਵਤਾਰ ਘੱਲੇ ਹਨ ਜਿਨ੍ਹਾਂ ਨੇ ਜਗਤ ਨੂੰ ਪ੍ਰਮਾਤਮਾ ਲੜ ਲਾਉਣ ਵਾਸਤੇ ਕਈ ਤਰ੍ਹਾਂ ਦੇ ਗਿਆਨ ਪ੍ਰਚਲਤ ਕੀਤੇ ਹਨ। ਜਿਵੇਂ ਕਈ ਤਰ੍ਹਾਂ ਦੇ ਵੇਦ, ਪੁਰਾਨ ਆਦਿ ਬਿਆਸ ਅਤੇ ਹੋਰ ਰਿਸ਼ੀਆ ਨੇ, ਕੁਰਾਨ ਅਤੇ ਹੋਰ ਕਤੇਬਾਂ ਮੁਹੰਮਦ ਅਤੇ ਉਸਦੇ ਚਾਰ ਪੈਰੋਕਾਰਾਂ ਨੇ ਰਚੀਆਂ ਹਨ। ਪਾਠਕ ਜੀ ਇਤਹਾਸ ਵਿਚ ਪੜ੍ਹਨ ਨੂੰ ਆਉਂਦਾ ਹੈ ਕਿ ਮੁਹੰਮਦ ਦੇ ਚਾਰ ਯਾਰ ਭਾਵ ਚਾਰ ਖਲੀਫੇ ਹੋਏ ਸਨ। ਜਿਵੇਂ ਅਬੂ ਬਕਰ ਸਦੀਕ, ਉਮਰ ਫਾਰੂਕ, ਹਜ਼ਰਤ ਅਲੀ ਅਤੇ ਉਸਮਾਨ ਰਦੀ ਅਲਾ-ਅਨਹੋ ਆਦਿ ਪਰ ਇਨ੍ਹਾਂ ਖਲੀਫਿਆਂ ਨੇ ਰਸੂਲ ਅੱਲਾ ਦੇ ਪੈਗਾਮ ਨੂੰ ਅਗੇ ਲੋਕਾਂ ਵਿਚ ਪਰਚਾਰਿਆ ਹੈ ਪਰ ਆਪ ਕੋਈ ਕਿਤਾਬ ਨਹੀ ਲਿਖੀ। ਭਾਈ ਗੁਰਦਾਸ ਜੀ ਪ੍ਰਮਾਤਮਾ ਵਲੋਂ ਥਾਪੀਆਂ ਗਈਆਂ ਲੱਖਾਂ ਕੁਦਰਤਾਂ ਨੂੰ ਬਿਆਨਦੇ ਹੋਏ ਅੰਤਲੀ ਪੰਕਤੀ ਵਿਚ ਲਿਖਦੇ ਹਨ ਕਿ ਕਿਵੇ ਪ੍ਰਮਾਤਮਾ ਨੇ ਇਕ ਕੁਦਰਤ ਦਾ ਬਹੁਤ ਵੱਡਾ ਪਾਸਾਰਾ ਰਚ ਦਿਤਾ ਹੈ।

----

## ਵਾਰ ਪਹਿਲੀ

*ਪਉੜੀ 5 (ਜੁਗ ਆਦਿਕ)*

ਚਾਰ ਜੁਗਿ ਕਰਿ ਥਾਪਨਾ ਸਤਿਜੁਗੁ ਤ੍ਰੇਤਾ ਦੁਆਪਰ ਸਾਜੇ।
ਚਉਥਾ ਕਲਜੁਗੁ ਥਾਪਿਆ ਚਾਰਿ ਵਰਨਿ ਚਾਰੋਂ ਕੇ ਰਾਜੇ।
ਬ੍ਰਹਮਣਿ ਛੱਤ੍ਰੀ ਵੈਸਿ ਸੂਦ੍ਰਿ ਜੁਗੁ ਜੁਗੁ ਏਕੋ ਵਰਨ ਬਿਰਾਜੇ।
ਸਤਿਜੁਗਿ ਹੰਸੁ ਅਉਤਾਰੁ ਧਰਿ ਸੋਹੰ ਬ੍ਰਹਮੁ ਨ ਦੂਜਾ ਪਾਜੇ।
ਏਕੋ ਬ੍ਰਹਮੁ ਵਖਾਣੀਐ ਮੋਹ ਮਾਇਆ ਤੇ ਬੇਮੁਖਾਜੇ।
ਕਰਨਿ ਤਪਸਿਆ ਬਨਿ ਵਿਖੈ ਗੁਜਾਰਨਿ ਪਿੰਨੀ ਸਾਗੇ।
ਲਖਿ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਰਿ ਸਾਜੇ।
ਇਕ ਬਿਨਸੈ ਇਕ ਅਸਥਿਰੁ ਗਾਸੇ।।5।।

---

*ਵਰਨਿ: ਚਾਰ ਜਾਤਾਂ ਅਸਥਿਰੁ: ਅਚੱਲ। ਸੋਹੰ: ਉਹ ਮੈਂ ਹਾਂ ਬ੍ਰਹਮ: ਮੁਹ ਮਾਇਆ ਤੋਂ ਅਲਗ*

ਬਹੁਤ ਵਾਰੀ ਇਹ ਪ੍ਰਸ਼ਨ ਹਰ ਪ੍ਰਾਣੀ ਦੇ ਮਨ ਵਿਚ ਆਉਂਦਾ ਹੈ ਕਿ ਇਕ ਜੁੱਗ ਕਿੰਨੇ ਅਰਸੇ ਦਾ ਹੋਵੇਗਾ। ਅਰਸੇ ਦਾ ਪ੍ਰਬੰਧ ਕਿਵੇਂ ਅਤੇ ਕੌਣ ਕਰਦਾ ਹੈ ਆਦਿਕ। ਭਾਈ ਗੁਰਦਾਸ ਜੀ ਨੇ ਜੁਗਾਂ ਦੀ ਵਿਆਖਿਆ ਕਰਕੇ ਸਾਡੇ ਮਨ ਵਿਚ ਉਪਜਦੇ ਕਈ ਸਵਾਲਾਂ ਦਾ ਉਤਰ ਦੇ ਕੇ ਸੰਤੁਸ਼ਟ ਕਰ ਦਿਤਾ ਹੈ। ਚੌਥੇ ਜੁੱਗ ਦੀ ਸਥਾਪਨਾ ਤੋਂ ਪਹਿਲਾਂ ਪ੍ਰਮਾਤਮਾ ਨੇ ਤਿੰਨ ਜੁੱਗ ਸਤਿਜੁਗ, ਤ੍ਰੇਤਾ ਅਤੇ ਦੁਆਪਰ ਥਾਪੇ ਅਤੇ ਫਿਰ ਚੌਥਾ ਜੁੱਗ ਕਲਜੁੱਗ ਬਣਾਇਆ। ਇਹ ਚਾਰ ਜੁਗ ਅਤੇ ਇਨ੍ਹਾਂ ਜੁੱਗਾਂ ਦੇ ਇਕ ਇਕ ਵਰਨ ਦੇ ਚਾਰ ਰਾਜੇ ਹੋਏ ਹਨ। ਜਿਵੇਂ ਬ੍ਰਾਹਮਣ, ਛੱਤਰੀ, ਵੈਸਿ ਅਤੇ ਸੂਦ੍ਰਿ ਆਦਿ। 'ਭਗਵਤ ਪੁਰਾਨ' ਦੇ ਗਿਆਰਵੇਂ ਅਧਿਆਏ ਵਿਚ ਪੜ੍ਹਿਆ ਜਾਂਦਾ ਹੈ ਕਿ ਸਤਜੁਗ ਵਿਚ ਹੰਸ ਨੂੰ ਅਵਤਾਰ ਘੱਲਿਆ ਅਤੇ ਦੁਨੀਆਂ ਨੂੰ ਤਾਰਨ ਆਇਆ ਅਤੇ ਉਸਨੇ ਸੋਹੰ ਬ੍ਰਹਮ ਦਾ ਪ੍ਰਚਾਰ ਕੀਤਾ। ਪਰ ਬ੍ਰਹਮ ਉਹ ਹੁੰਦਾ ਜਿਸਨੂੰ ਮੁਹ-ਮਾਇਆ ਦਾ ਕੋਈ ਲਗਾਓ ਨਾ ਹੋਵੇ। ਬ੍ਰਾਹਮਣ ਜੰਗਲਾਂ ਵਿਚ ਰਹਿ ਕੇ ਘਾਹ ਫੂਸ ਖਾ ਕੇ ਗੁਜ਼ਾਰਾ ਕਰਦੇ ਸਨ। ਉਸ ਸਮੇਂ ਲੱਖ ਵਰ੍ਹਿਆਂ ਦੀ ਉਮਰ ਭੋਗਦੇ ਸਨ ਅਤੇ ਉਨ੍ਹਾਂ ਨੇ ਕੋਈ ਕੋਠਾ ਅਤੇ ਨਾ ਹੀ ਕੋਈ ਮੰਦਰ ਬਣਾਇਆ ਸੀ। ਇਸ ਤਰ੍ਹਾਂ ਹਰ ਜੁਗ ਵਿਚ ਇਕ ਰਾਜਾ ਮਰ ਜਾਂਦਾ ਸੀ ਅਤੇ ਦੂਜਾ ਰਾਜ ਕਰਨ ਵਾਸਤੇ ਆ ਜਨਮ ਧਾਰਦਾ ਸੀ।

ਤ੍ਰੇਤਾ ਅਤੇ ਦੁਆਪਰ ਸੰਸਕ੍ਰਿਤ ਦੀ ਗਿਣਤੀ ਹੈ ਭਾਵ ਪਹਿਲਾ ਜੁੱਗ ਸਤਿਜੁੱਗ ਬਣਾਇਆ ਦੂਜਾ ਜੁੱਗ ਤ੍ਰੇਤਾ ਭਾਵ ਤੀਜੇ ਜੁੱਗ ਨੂੰ ਦੂਜਾ ਜੁੱਗ ਬਣਾ ਦਿਤਾ ਅਤੇ ਫਿਰ ਦੁਆਪਰ ਭਾਵ ਤੀਜੇ ਜੁੱਗ ਦਾ ਨਾਮ ਦੁਆਪਰ ਰਖਿਆ। ਇਹ ਇਕ ਹਿੰਦੂ ਧਰਮ ਦੀ ਮਿੱਥ ਹੈ ਕਿ ਗੌਤਮ ਰਿਸ਼ੀ ਦੀ ਧਰਮ ਸੁਪਤਨੀ ਅਹੱਲਿਆ ਬਹੁਤ ਸੁੰਦਰ ਸੁਸ਼ੀਲ ਸਿਆਣੀ ਅਤੇ ਸ਼ਕਲ ਬਹੁਤ ਮਾਸੂਮ ਸੀ। ਇੰਦਰ ਮਹਾਰਾਜ ਜੀ ਅਹੱਲਿਆ ਉਪਰ ਮੋਹਤ ਹੋ ਗਏ। ਇਕ

ਦਿਨ ਜਦ ਗੌਤਮ ਰਿਸ਼ੀ ਜੀ ਬਾਹਰ ਇਸ਼ਨਾਨ ਕਰਨ ਗਏ ਤਾਂ ਇੰਦਰ ਮਹਾਰਾਜ ਜੀ ਨੇ ਹਨ੍ਹੇਰ ਵਰਸਾ ਦਿਤਾ ਅਤੇ ਗੌਤਮ ਰਿਸ਼ੀ ਦਾ ਭੇਸ ਧਾਰ ਕੇ ਅਹੱਲਿਆਂ ਦੀ ਸੇਜ ਉਪਰ ਜਾ ਲਿਟੇ। ਜਦ ਇਸ ਵਾਰਦਾਤ ਦਾ ਗੌਤਮ ਰਿਸ਼ੀ ਨੂੰ ਪਤਾ ਲੱਗਾ ਤਾਂ ਉਸਨੇ ਅਹੱਲਿਆਂ ਨੂੰ ਸਰਾਪ ਦੇ ਦਿਤਾ ਕਿ ਤੂੰ ਪੱਥਰ ਬਣ ਜਾਹ। ਅਹੱਲਿਆਂ ਨੇ ਬੇਨਤੀ ਕੀਤੀ ਕਿ ਮੇਰਾ ਤਾਂ ਕੋਈ ਕਸੂਰ ਨਹੀਂ ਸੀ। ਤੁਸੀਂ ਆਪ ਹੀ ਤਾਂ ਮੇਰੀ ਸੇਜ ਉਪਰ ਆਣ ਸੁੱਤੇ ਸੀ ਤਾਂ ਤੁਸੀਂ ਮੈਨੂੰ ਸਰਾਪ ਕਿਸ ਦੋਸ਼ ਦਾ ਦੇ ਰਹੇ ਹੋ। ਗੌਤਮ ਰਿਸ਼ੀ ਨੇ ਵਿਚਾਰ ਕੇ ਆਖਿਆ ਕਿ ਤ੍ਰੇਤੇ ਜੁੱਗ ਵਿਚ ਸ੍ਰੀ ਰਾਮ ਚੰਦਰ ਆਉਣਗੇ ਜਦ ਉਹ ਆਪਣਾ ਪੈਰ ਪੱਥਰ ਉਪਰ ਰੱਖਣਗੇ ਤਾਂ ਤੇਰੀ ਮੁਕਤੀ ਹੋ ਜਾਵੇਗੀ। ਅਹੱਲਿਆਂ ਨੇ ਫਿਰ ਬੇਨਤੀ ਕੀਤੀ ਕਿ ਤ੍ਰੇਤਾ ਜੁੱਗ ਆਉਣ ਨੂੰ ਬਹੁਤ ਸਮਾਂ ਲੱਗ ਜਾਵੇਗਾ ਤਾਂ ਗੌਤਮ ਰਿਸ਼ੀ ਨੇ ਫਿਰ ਵਿਚਾਰ ਕੇ ਆਖਿਆ ਕਿ ਸਰਾਪ ਤਾਂ ਜਿਉਂ ਦਾ ਤਿਉਂ ਹੀ ਰਹੇਗਾ ਪਰ ਮੈਂ ਤ੍ਰੇਤਾ ਜੁੱਗ ਦੁਆਪਰ ਤੋਂ ਪਹਿਲਾਂ ਕਰ ਦਿੰਦਾ ਹਾਂ। ਇਸ ਤਰ੍ਹਾਂ ਤ੍ਰੇਤਾ ਜੁੱਗ ਦੁਆਪਰ ਜੁਗ ਤੋਂ ਪਹਿਲਾਂ ਆਉਂਣ ਲੱਗ ਪਿਆ ਸੀ।

ਹਿੰਦੂ ਫਲਾਸਫੀ ਅਨੁਸਾਰ ਇਕ ਹੋਰ ਵੀ ਧਾਰਨਾ ਹੈ ਕਿ ਧਰਮ ਦੇ ਚਾਰ ਪ੍ਰਬੰਧ ਖਾਸ ਹਨ।

1) ਸੱਤ, 2) ਗਿਆਨ, 3) ਨੀਤੀ, 4) ਦਾਨ ਆਦਿ।

ਸਤਜੁੱਗ ਕਾਲ ਸਮੇਂ ਇਹ ਚਾਰੋਂ ਪ੍ਰਬੰਧ ਬਰਾਬਰ ਚਲਦੇ ਹਨ। ਤ੍ਰੇਤਾ ਜੁੱਗ ਸਮੇਂ ਸਿਰਫ ਤਿੰਨ ਪ੍ਰਬੰਧ, ਗਿਆਨ, ਨੀਤੀ ਅਤੇ ਦਾਨ ਹੀ ਚਲਦਾ ਹੈ। ਦੁਆਪਰ ਸਮੇਂ ਸਿਰਫ ਨੀਤੀ ਅਤੇ ਦਾਨ ਹੀ ਰਹਿ ਗਿਆ ਸੀ। ਕਲਜੁੱਗ ਸਮੇਂ ਸਿਰਫ ਤੇ ਸਿਰਫ 'ਦਾਨ' ਹੀ ਚਲਦਾ ਹੈ।

ਸਤਜੁੱਗ 17,28,000 ਸਾਲ ਦਾ ਹੁੰਦਾ ਹੈ। ਮਨੁੱਖ ਦੀ ਉਮਰ ਇਕ ਲੱਖ ਸਾਲ ਦੀ ਹੁੰਦੀ ਸੀ। ਮੁਕਤੀ ਵਾਸਤੇ ਗਿਆਨ ਮਾਰਗ ਉਪਰ ਚਲਣਾ ਹੁੰਦਾ ਸੀ। ਤ੍ਰੇਤਾ 12,96000 ਸਾਲ ਦਾ ਮੰਨਿਆ ਗਿਆ ਹੈ ਅਤੇ ਮਨੁੱਖ ਦੀ ਉਮਰ ਦਸ ਹਜ਼ਾਰ ਸਾਲ ਦੀ ਹੁੰਦੀ ਸੀ। ਮੁਕਤੀ ਵਾਸਤੇ ਕਰਮ ਮਾਰਗ ਉਪਰ ਚਲਣਾ ਹੁੰਦਾ ਸੀ। ਦੁਆਪਰ 08,64000 ਸਾਲ ਦਾ ਹੁੰਦਾ ਹੈ। ਮਨੁੱਖ ਦੀ ਉਮਰ ਇਕ ਹਜ਼ਾਰ ਸਾਲ ਹੁੰਦੀ ਸੀ। ਇਸ ਜੁੱਗ ਵਿਚ ਵੀ ਮੁਕਤੀ ਵਾਸਤੇ ਕਰਮ ਮਾਰਗ ਉਪਰ ਚਲਣਾ ਹੁੰਦਾ ਸੀ। ਕਲਜੁੱਗ 04,32000 ਸਾਲ ਦਾ ਗਿਣਿਆ ਜਾਂਦਾ ਹੈ ਅਤੇ ਮਨੁਖ ਦੀ ਉਮਰ ਘਟ ਕੇ ਇਕ ਸੌ ਸਾਲ ਰਹਿ ਗਈ ਹੈ। ਹੌਲੀ ਹੌਲੀ ਇਹ ਉਮਰ ਹੋਰ ਘਟ ਕੇ ਸਿਰਫ ਵੀਹ ਸਾਲ ਦੀ ਰਹਿ ਜਾਵੇਗੀ। ਕਲਜੁਗ ਸਮੇਂ ਮੁਕਤੀ ਵਾਸਤੇ ਭਗਤੀ ਮਾਰਗ ਉਪਰ ਚਲਣਾ ਬਹੁਤ ਜ਼ਰੂਰੀ ਹੁੰਦਾ ਹੈ। ਭਜਨ ਕੀਰਤਨ ਮੰਤ੍ਰਜਾਪ, ਤੀਰਥ ਯਾਤਰਾ ਅਤੇ ਰੋਜ਼ੇ ਰੱਖਣੇ ਕਲਜੁੱਗ ਵਿਚ ਮੁਕਤੀ ਵਾਸਤੇ ਜ਼ਰੂਰੀ ਹਨ।

ਸ੍ਰੀਮਦ ਭਗਵਤ ਗੀਤਾ 3,11,19 ਅਨੁਸਾਰ ਇਕ ਹੋਰ ਪ੍ਰਥਾ ਇਹ ਹੈ ਕਿ ਸਤਜੁੱਗ ਸਭ ਕਾਲਾਂ ਨਾਲੋਂ ਲੰਮਾ ਹੁੰਦਾ ਹੈ ਇਸ ਕਰਕੇ ਇਹ ਪਹਿਲਾ ਆਉਂਦਾ ਹੈ ਅਤੇ ਤ੍ਰੇਤਾ ਸਤਜੁਗ ਤੋਂ ਥੋੜੀ ਉਮਰ ਦਾ ਹੋਣ ਕਰਕੇ ਇਸ ਜੁੱਗ ਨੂੰ ਦੁਆਪਰ ਤੋਂ ਪਹਿਲਾਂ ਰੱਖਿਆ ਹੈ। ਇਸ ਤੋਂ ਥੋੜੀ ਉਮਰ ਵਾਲਾ ਦੁਆਪਰ ਹੁੰਦਾ ਹੈ ਅਤੇ ਸਭ ਤੋਂ ਛੋਟੀ ਉਮਰ ਦਾ ਕਲਜੁੱਗ ਚਾਰ ਲੱਖ ਬੱਤੀ ਹਜ਼ਾਰ ਸਾਲ ਦੀ ਉਮਰ ਦਾ ਹੋਣ ਕਰਕੇ ਇਸ ਨੂੰ ਚੌਥੇ ਨੰਬਰ ਉਪਰ

ਗਿਣਿਆ ਜਾਂਦਾ ਹੈ। ਘੱਟ ਉਮਰ ਵਾਲੇ ਜੁਗ ਨੂੰ ਪਹਿਲਾਂ ਕਿਉਂ ਨਹੀਂ ਰਖਿਆ ਜਾਂਦਾ? ਇਸ ਵਿਚ ਪੰਡਤਾਂ ਦਾ ਹੀ ਕੋਈ ਛੜਜੰਤਰ ਹੈ। ਸ੍ਰੀਮਦ ਭਗਵਤ ਗੀਤਾ ਦੇ ਅਧਿਆਏ ਇਕ ਅਤੇ ਚੈਪਟਰ ਸੋਲਾਂ ਵਿਚ ਪੜ੍ਹਿਆ ਜਾਂਦਾ ਹੈ ਕਿ ਇਹ ਧਰਤੀ ਬੌਲਦ ਦੇ ਸਿੰਗਾਂ ਉਪਰ ਖੜੋਤੀ ਹੈ। ਸਤਜੁਗ ਅੰਦਰ ਬੌਲਦ ਧਰਤੀ ਨੂੰ ਚੁੱਕਣ ਸਮੇਂ ਚਾਰੋਂ ਪੈਰਾਂ ਉਪਰ ਖੜੋਤਾ ਹੁੰਦਾ ਹੈ। ਤ੍ਰੇਤਾ ਜੁੱਗ ਵਿਚ ਉਹ ਤਿੰਨਾਂ ਪੈਰਾਂ ਉਪਰ ਖੜੋਤਾ ਹੁੰਦਾ ਹੈ। ਦੁਆਪਰ ਜੁੱਗ ਵਿਚ ਇਹ ਬੌਲਦ ਧਰਤੀ ਨੂੰ ਚੁੱਕੀ ਦੋ ਪੈਰਾਂ ਉਪਰ ਖੜੋਂਦਾ ਹੈ ਅਤੇ ਕਲਜੁੱਗ ਸਮੇਂ ਇਹ ਬੌਲਦ ਧਰਤੀ ਨੂੰ ਸਿਰਫ ਇਕ ਲੱਤ ਉਪਰ ਖੜ੍ਹਾ ਹੀ ਚੁੱਕੀ ਰਖਦਾ ਹੈ। ਭਾਈ ਗੁਰਦਾਸ ਜੀ ਪਉੜੀ ਬਾਈ ਵਿਚ ਲਿਖਦੇ ਹਨ ਕਿ ਕਲਜੁਗ ਵਿਚ ਬੌਲਦ ਇਕ ਲੱਤ ਉਪਰ ਖੜਾ ਧਰਤੀ ਦੇ ਪਾਪਾ ਦਾ ਭਾਰ ਸਹਾਰ ਨਹੀਂ ਰਿਹਾ। (ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।) ਧਰਤੀ ਨੂੰ ਚੁੱਕਣ ਵਾਲਾ ਜਦ ਕੋਈ ਬੌਲਦ ਹੈ ਹੀ ਨਹੀਂ ਤਾਂ ਉਪ੍ਰੋਕਤ ਕਥਾ ਸਿਰਫ ਭਰਮ ਫਿਲਾਉਣ ਵਾਸਤੇ ਹੀ ਰਚੀ ਗਈ ਸੀ। ਭਗਵਤ ਪੁਰਾਨ ਅਨੁਸਾਰ ਤ੍ਰੇਤਾ ਜੁੱਗ ਉਸ ਸਮੇਂ ਖਤਮ ਹੁੰਦਾ ਹੈ ਕ੍ਰਿਸ਼ਨ ਭਗਵਾਨ ਜਦ ਬੈਕੁੰਠ-ਧਾਮ ਵਿਚੋਂ ਸਦੀਵੀਂ ਉਠ ਕੇ ਬਾਹਰ ਆਏ ਸਨ।

ਅਜਿਹੀ ਕਾਲ-ਵੰਡ ਵਿਗਿਆਨਕ ਨਹੀਂ ਹੈ। ਮੈਂ ਇਸ ਉਪ੍ਰੋਕਤ ਕਾਲ-ਵੰਡ ਨਾਲ ਬਿਲਕੁਲ ਹੀ ਸਹਿਮਤ ਨਹੀਂ ਹਾਂ। ਜੇਕਰ ਇਸ ਜਗਤ ਅੰਦਰ ਕਾਲ-ਵੰਡ ਹੋਈ ਹੁੰਦੀ ਤਾਂ ਹਰ ਕਾਲ ਦੇ ਅੰਤ ਵਿਚ ਸਮਾਂ ਖੜ੍ਹ ਜਾਂਦਾ ਅਤੇ ਦੁਜੇ ਕਾਲ ਵਾਸਤੇ ਫਿਰ ਅਰੰਭ ਹੁੰਦਾ ਪਰ ਐਸਾ ਕੁਝ ਵੀ ਨਹੀਂ ਹੈ। ਸਮਾਂ ਕਦੇ ਖੜ੍ਹਿਆ ਹੀ ਨਹੀਂ ਹੈ। ਸਮਾਂ ਨਿਰੰਤਰ ਚਲਦਾ ਜਾ ਰਿਹਾ ਹੈ। ਇਹ ਕਾਲ ਵੰਡ ਸਿਰਫ ਪੰਡਤਾਂ ਦੀ ਫਿਲਾਸਫੀ ਦਾ ਲੋਕਾਂ ਨੂੰ ਬੁਧੂ ਬਣਾਉਣ ਦਾ ਇਕ ਛੜ-ਜੰਤਰ ਜਾਂ ਛੜ-ਮੰਤਰ ਹੈ। ਅਜਿਹਾ ਕਾਲ-ਕਰਮਵਾਰ ਤਾਂ ਹੈ ਕਿਉਂਕਿ ਉਹ ਸਤਜੁਗ ਨੂੰ ਪਹਿਲਾ ਜੁਗ ਮਿਥਦੇ ਹਨ। ਭਾਵ; ਸਤਜੁਗ, ਤ੍ਰੇਤਾ ਦੁਆਪਰ ਅਤੇ ਕਲਜੁਗ। ਪਰ ਜੇਕਰ ਕਲਜੁਗ ਨੂੰ ਪਹਿਲਾ ਜੁਗ ਮੰਨ ਕੇ ਜੁੱਗਾਂ ਦੇ ਨਾਮ ਪੜ੍ਹੇ ਜਾਣ ਤਾਂ ਜੁਗਾਂ ਦੀ ਉਮਰ ਗਣਿਤਕ ਦੇ ਹਿਸਾਬ ਨਾਲ ਵੀ ਕਰਮਵਾਰ ਬਣਦੀ ਹੈ। ਜਿਵੇਂ; ਕਲਜੁਗ, ਦੁਆਪਰ, ਤ੍ਰੇਤਾ ਅਤੇ ਸਤਜੁਗ ਆਦਿ। ਮੈਂ ਕਾਲ-ਵੰਡ ਨਾਲ ਤਾਂ ਵੀ ਅਸਹਿਮਤ ਹਾਂ ਕਿਉਂਕਿ ਸਮਾਂ ਕਦੇ ਖੜ੍ਹਦਾ ਨਹੀਂ ਹੁੰਦਾ ਅਤੇ ਇਹ ਜਗਤ ਆਪਣੀ ਗਤੀ ਅਨੁਸਾਰ ਬਦਲਦਾ ਹੈ। ਕੋਈ ਕਿੰਨਾਂ ਵੀ ਜ਼ੋਰ ਲਾ ਲਵੇ ਦੁਨੀਆਂ ਇਕ ਦਮ ਕਦੇ ਨਹੀਂ ਬਦਲਦੀ ਹੁੰਦੀ। ਪੰਡਤਾਂ ਦੀ ਫਿਲਾਸਫੀ ਕਾਲ-ਵੰਡ ਦੀ ਉਲਟੀ ਗਿਣਤੀ ਕਰਦੇ ਹਨ। ਜਿਵੇਂ 4321, ਅਜਿਹਾ ਕਰਨਾ ਗਣਿਤ-ਸ਼ਾਸਤਰੀ ਗਲਤ ਮੰਨਦੇ ਹਨ। ਜਿਵੇਂ ਬੱਚਪਨ ਵਿਚ ਅਣਜਾਣ ਹੋਣ ਕਰਕੇ ਬੱਚਾ ਅਨੇਕਾ ਗਲਤੀਆਂ ਕਰਦਾ ਹੈ ਅਤੇ ਬੁਢਾਪੇ ਤੱਕ ਜਾਂਦਾ ਆਪਣਾ ਹਾਣ-ਲਾਭ ਪਛਾਣਨ ਲਗਦਾ ਹੈ ਠੀਕ ਇਸੇ ਤਰ੍ਹਾਂ ਕਲਜੁਗ ਵਿਚ ਲੋਕ ਘੋਰ ਅਵੈਧ ਕਾਰਜਾਂ, ਝੂਠ, ਪਾਪ ਅਤੇ ਕ੍ਰੋਧਾਂ ਤੋਂ ਤੰਗ ਆਕੇ ਹੌਲੀ ਹੌਲੀ ਆਪਣੇ ਆਪ ਨੂੰ ਬਦਲਦੇ ਬਦਲਦੇ ਦੁਆਪਰ ਵਿਚ ਚਲੇ ਗਏ ਅਤੇ ਪ੍ਰਗਤੀ ਕਰਦੇ ਕਰਦੇ ਉਹ ਤ੍ਰੇਤਾ ਵਿਚ ਚਲੇ ਗਏ। ਸਤਜੁਗ ਵਿਚ ਜਾਕੇ ਉਹ ਕੁਠਾਲੀ ਵਿਚ ਪੈ ਸੋਨੇ ਵਾਂਗੂੰ ਸ਼ੁੱਧ ਹੋ ਗਏ ਸਨ। ਇਸੇ ਕਾਰਨ ਸਤਜੁਗ ਨੂੰ ਸੁਹਜਾਤਮਕ ਮੰਨਿਆਂ ਜਾਂਦਾ ਹੈ। ਇਸ ਸੁਹਜਾਤਮਿਕਤਾ ਕਾਰਨ ਹੀ ਹਿੰਦੂ ਫਿਲਾਸਫਰਾਂ ਨੇ ਇਸ ਜੁਗ ਨੂੰ ਪਹਿਲੇ ਨੰਬਰ ਉਪਰ ਰੱਖਿਆ। ਅਜਿਹਾ ਕਰਦੇ ਹਿੰਦੂ ਫਿਲਾਸਫਰ ਇਸ ਗਲੋਂ ਅਣਜਾਣ ਰਹੇ ਕਿ ਮਨੁਖ ਇਕ

ਵਾਰ ਸ਼ੁਧ ਹੋ ਕੇ ਮੁੜ ਆਪਣੇ ਆਪ ਨੂੰ ਉਸ ਜਿਲ੍ਹਣ ਵਿਚ ਨਹੀਂ ਪਾਉਣਾ ਚਹੁੰਦੇ ਹੁੰਦੇ। ਇਸ ਕਰਕੇ ਕਲਜੁਗ (1), ਦੁਆਪਰ (2), ਤ੍ਰੇਤਾ (3) ਅਤੇ ਸਤਜੁਗ (4) ਜੁਗਾਂ ਦੀ ਕ੍ਰਮਵਾਰਤਾ ਸਹੀ ਅਤੇ ਵਿਗਿਆਨਕ ਹੈ ਅਤੇ ਗਿਣਤੀ ਵੀ ਪੁੱਠੀ ਨਹੀਂ ਹੈ ਸਗੋਂ ਸਿੱਧੀ ਹੈ।

---

## ਵਾਰ ਪਹਿਲੀ

*ਪਉੜੀ 6 (ਤਥਾ ਚ)*

ਤ੍ਰੇਤੇ ਛਤ੍ਰੀ ਰੂਪ ਧਰਿ ਸੂਰਜ ਬੰਸੀ ਵਡਿ ਅਵਤਾਰਾ।
ਨਉ ਹਿਸੇ ਗਈ ਆਰਜਾ ਮਾਇਆ ਮੋਹੁ ਅਹੰਕਾਰੁ ਪਸਾਰਾ।
ਦੁਆਪੁਰਿ ਜਾਦਵ ਵੰਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ।
ਰਿਗ ਬੇਦ ਮਹਿ ਬ੍ਰਹਮ ਕ੍ਰਿਤਿ ਪੂਰਬ ਮੁਖਿ ਸੁਭ ਕਰਮ ਬਿਚਾਰਾ।
ਖਤ੍ਰੀ ਥਾਪੇ ਜੁਜੁਰ ਵੇਦਿ ਦਖਣ ਮੁਖਿ ਬਹੁ ਦਾਨ ਦਾਤਾਰਾ।
ਵੈਸੋਂ ਥਾਪਿਆ ਸਿਆਮ ਵੇਦੁ ਪਛਮੁ ਮੁਖਿ ਕਰਿ ਸੀਸੁ ਨਿਵਾਰਾ।
ਰਿਗ ਨੀਲੰਬਰ ਜੁਜੁਰਪੀਤ ਸ੍ਵੇਤੰਬਰਿ ਕਰਿ ਸਿਆਮ ਸੁਧਾਰਾ।
ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ॥6॥

---

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ* ***Besides, Moreover, Also)***

*ਛਤ੍ਰੀ: ਇਕ ਵਰਨ ਜਿਸ ਵਿਚ ਰਾਮ ਚੰਦਰ ਪੈਦਾ ਹੋਏ। ਨੀਲੰਬਰ: ਨੀਲਾ ਰੰਗ। ਪੀਤ: ਪੀਲਾ ਰੰਗ। ਸ੍ਵੇਤੰਬਰਿ: ਚਿੱਟਾ ਬਾਣਾ।*

ਪਉੜੀ ਪੰਜ ਵਿਚ ਦਰਜ ਜੁਗਾਂ ਬਾਰੇ ਵਿਚਾਰਾਂ ਤੋਂ ਹੋਰ ਅਗੇ ਜੁਗਾਂ ਬਾਰੇ ਆਪਣੇ ਵਿਚਾਰ ਪਉੜੀ ਛੇਵੀਂ ਵਿਚ ਭਾਈ ਗੁਰਦਾਸ ਜੀ ਤਥਾਚ ਲਿਖਦੇ ਹਨ ਕਿ ਤ੍ਰੇਤਾ ਜੁਗ ਵਿਚ ਸੂਰਜ ਬੰਸੀ ਛੱਤ੍ਰੀ ਭਾਵ ਸ੍ਰੀ ਰਾਮ ਚੰਦਰ ਅਵਤਾਰ ਬਣ ਕੇ ਆਏ। ਜਿਵੇਂ ਉਪਰ ਲਿਖਿਆ ਪੜ੍ਹਿਆ ਜਾਂਦਾ ਹੈ ਕਿ ਤ੍ਰੇਤੇ ਜੁਗ ਵਿਚ ਮਾਇਆ ਦੇ ਮੁਹ ਵਧਣ ਕਾਰਨ ਮਨੁਖ ਦੀ ਉਮਰ ਨੌਂ ਹਿੱਸੇ ਘਟ ਕੇ ਇਕ ਹਜ਼ਾਰ ਸਾਲ ਰਹਿ ਗਈ ਸੀ। ਦੁਆਪਰ ਜੁਗ ਵਿਚ ਜਾਦਵ ਬੰਸ ਭਾਵ ਸ੍ਰੀ ਕ੍ਰਿਸ਼ਨ ਜੀ ਅਵਤਾਰ ਆਏ ਉਨ੍ਹਾਂ ਪੂਰਬ ਵੱਲ ਸੀਸ ਝੁਕਾਣਾ ਕੀਤਾ। ਉਸ ਸਮੇਂ ਉਮਰ ਘੱਟ ਕੇ ਇਕ ਹਜਾਰ ਸਾਲ ਰਹਿ ਗਈ ਸੀ। ਇਸ ਸਮੇਂ ਰਿਗ-ਬੇਦ ਦੀ ਰਚਨਾ ਹੋਈ ਜਿਸ ਵਿਚ ਬ੍ਰਹਮਾਂ ਦੇ ਕਾਰਜ ਬਾਰੇ ਖੂਬ ਚਰਚਾ ਹੋਈ ਹੈ। ਖੱਤਰੀਆਂ ਨੇ ਜੁਜਰੁ ਵੇਦਿ ਦੀ ਰਚਨਾ ਕਰਕੇ ਵਿਚ ਦਾਨ ਬਾਰੇ ਵਿਚਾਰ ਪ੍ਰਗਟਾਏ ਅਤੇ ਦਖਣ ਵੱਲ ਸੀਸ ਝੁਕਾਣਾ ਠੀਕ ਦੱਸਿਆ। ਵੈਸ ਭਾਵ ਭਗਵਾਨ ਵਿਸ਼ਨੂੰ ਦੇ ਪੈਰੋਕਾਰਾਂ ਨੇ ਸਾਮ-ਵੇਦ ਰਚਿਆ ਅਤੇ ਪੱਛਮ ਵਲ ਆਪਣਾ ਸੀਸ ਝੁਕਾਇਆ। ਰਿਗ-ਬੇਦ ਦੇ ਭਗਤ ਨੀਲੰਬਰ ਭਾਵ ਨੀਲੇ ਬਸਤਰ ਪਹਿਨਦੇ, ਜੁਜਰ-ਬੇਦ ਦੇ ਭਗਤ ਪੀਲੇ ਬਸਤਰ ਪਹਿਨਦੇ ਅਤੇ ਸ੍ਵੇਤੰਬਰਿ ਭਾਵ ਚਿੱਟੇ

ਬਸਤਰ ਪਹਿਨਦੇ ਸਨ। ਇਸ ਤਰ੍ਹਾਂ ਤਿੰਨ੍ਹਾਂ ਜੁਗਾਂ ਵਿਚ ਤਿੰਨਾਂ ਧਰਮਾਂ ਦਾ ਨਿਰਮਾਣ ਹੋਇਆ।

----

## ਵਾਰ ਪਹਿਲੀ

*ਪਉੜੀ 7 (ਤਥਾ ਚ)*

ਕਲਿਜੁਗੁ ਚਉਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ।
ਕਰਮ ਸੁਰਿਗਿ ਜੁਜੁਰ ਸਿਆਮ ਕੇ ਕਰੇ ਜਗਤੁ ਰਿਦਿ ਬਹੁ ਚੁਕਤਾਈ।
ਮਾਇਆ ਮੋਹੀ ਮੇਦਨੀ ਕਲਿ ਕਲਿਵਾਲੀ ਸਭਿ ਭਰਮਾਈ।
ਉਠੀ ਗਿਲਾਨਿ ਜਗਤ੍ਰਿ ਵਿਚ ਹਉਮੈ ਅੰਦਰਿ ਜਲੈ ਲੁਕਾਈ।
ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।
ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।
ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ।
ਕਰਮ ਭ੍ਰਿਸਟਿ ਸਭਿ ਭਈ ਲੁਕਾਈ।।7।।

---

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ* Besides, Moreover, Also)

*ਚੁਕਤਾਈ: ਸੰਕੋਚ। ਮੇਦਨੀ: ਦੁਨੀਆਂ। ਗਿਲਾਨਿ: ਘ੍ਰਿਣਾ। ਬਿਸਰਾਈ: ਭੁਲਾਈ। ਬੇਅਦਲੀ: ਬੇਇਨਸਾਫੀ। ਕਲਿ ਕਾਤੀ: ਕੱਟਣ ਵਾਲੇ ਉਮਰਾਇ: ਚੌਧਰੀ। ਥਪਾਵਸੁ: ਇਨਸਾਫ। ਭਈ: ਹੋਈ।*

ਚੌਥੇ ਜੁਗ ਕਲਜੁਗ ਵਿਚ ਵਰਤਮਾਨ ਵਿਚ ਸੂਦ੍ਰ ਲੋਕਾਂ ਦਾ ਪ੍ਰਭਾਵ ਜਗਤ ਵਿਚ ਵਧਿਆ। ਅਜਿਹਾ ਸੰਕੇਤ ਭਗਵਾਨ ਵਾਲਮੀਕ ਦੇ ਯੋਗ-ਵਿਸ਼ਸ਼ਟ ਰਮਾਇਣ ਵਿਚ ਵੀ ਪੜ੍ਹਿਆ ਜਾਂਦਾ ਹੈ। ਸੂਦ੍ਰ ਵੰਸ ਹੱਥ ਰਾਜ ਪ੍ਰਬੰਧ ਦੀ ਤਾਕਤ ਆਈ। ਕਰਮਾਂ ਨਾਲ ਸਵਰਗ ਮਿਲਣ ਦਾ ਸੰਕਲਪ ਜੁਜਰ-ਵੇਦ ਅਤੇ ਸਾਮ-ਵੇਦ ਅਨੁਸਾਰ ਬੜੀ ਸੰਕੋਚਤਾ ਨਾਲ ਭਾਵ ਹੌਲੀ ਹੌਲੀ ਵਧਣ ਲੱਗਾ। ਕਲਜੁਗ ਵਿਚ ਮਾਇਆ ਦੇ ਮੋਹ ਨੇ ਇਹ ਸਾਰੀ ਸ੍ਰਿਸ਼ਟੀ ਗ੍ਰਸ ਲਈ। ਸਭ ਪਾਸੇ ਨਫਰਤ ਫੈਲ ਗਈ ਅਤੇ ਸਾਰਾ ਸੰਸਾਰ ਹੰਕਾਰੀ ਹੋ ਗਿਆ। ਕੋਈ ਵੀ ਕਿਸੇ ਨੂੰ ਨਹੀਂ ਪੂਜਦਾ ਅਤੇ ਉਚ ਨੀਚ ਦੇ ਸਭ ਵਖਰੇਵੇਂ ਬਦਲਣ ਲੱਗੇ। ਕੋਈ ਕਾਨੂੰਨਾਂ ਦੀ ਪਰਵਾਹ ਨਹੀਂ ਕਰੇਗਾ, ਇਕ ਦੂਜੇ ਨੂੰ ਨੀਵਾਂ ਵਿਖਾਇਆ ਜਾਵੇਗਾ ਅਤੇ ਅਮੀਰ, ਅਫਸਰ ਜਾਂ ਮੁਸਾਹਿਬ ਘੋਰ ਪਾਪ ਕਰਨਗੇ। ਪਹਿਲੇ ਤਿੰਨ ਜੁੱਗਾਂ ਵਿਚ ਨਿਆਂ ਅਤੇ ਦਿਵਜ ਕਾਇਮ ਰਿਹਾ ਅਤੇ ਚੌਥੇ ਜੁਗ ਵਿਚ ਆਪੋ-ਧਾਪ ਮਚ ਗਈ ਹੈ। ਸਾਰੀ ਲੋਕਾਈ ਕਰਮਾਂ ਤੋਂ ਬੇਮੁਖ ਹੋ ਗਈ ਹੈ। ਭਾਈ ਗੁਰਦਾਸ ਜੀ ਜੋ ਵਰਤਮਾਨ ਵਿਚ ਹੋ ਰਿਹਾ ਹੈ ਅਤੇ ਅੱਗੇ ਹੋਵੇਗਾ ਇਸ ਬਾਰੇ ਪਉੜੀ ਸੱਤਵੀਂ ਵਿਚ ਦਰਸਾ ਰਹੇ ਸਨ।

## ਵਾਰ ਪਹਿਲੀ

*ਪਉੜੀ 8 (ਖਟ ਸ਼ਾਸ਼ਤਰ)*

ਚਹੁੰ ਬੇਦਾਂ ਕੇ ਧਰਮ ਮਥਿ ਖਟਿ ਸਾਸਤ੍ਰ ਕਥਿ ਰਿਖਿ ਸੁਆਵੈ।
ਬ੍ਰਹਮਾਦਿਕ ਸਨਕਾਦਿਕਾ ਜਿਉ ਤਿਹਿ ਕਹਾ ਤਿਵੈ ਜਗੁ ਗਾਵੈ।
ਗਾਵਿਨ ਪੜਨਿ ਬਿਚਾਰਿ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ।
ਇਹਿ ਅਚਰਜੁ ਮਨ ਆਵਦੀ ਪੜਤਿ ਗੁਣਤਿ ਕਛੁ ਭੇਦੁ ਨ ਪਾਵੈ।
ਜੁਗ ਜੁਗ ਏਕੋ ਵਰਨ ਹੈ ਕਲਜੁਗਿ ਕਿਉ ਬਹੁਤੇ ਦਿਖਲਾਵੈ।
ਜੰਦ੍ਰੇ ਵਜੇ ਤ੍ਰਿਹੁ ਜੁਗੀ ਕਥਿ ਪੜ੍ਹਿ ਰਹੈ ਭਰਮੁ ਨਹਿ ਜਾਵੈ।
ਜਿਉ ਕਰਿ ਕਥਿਆ ਚਾਰਿ ਬੇਦਿ ਖਟਿ ਸਾਸਤ੍ਰਿ ਸੰਗਿ ਸਾਖਿ ਸੁਣਾਵੈ।
ਆਪੋ ਆਪਣੇ ਮਤਿ ਸਭਿ ਗਾਵੈ॥੪॥

---

*ਮਥਿ: ਵਿਚਾਰ ਕੇ। ਖਟਿ: ਛੇ। ਸਨਕਾਦਿਕਾ: ਬ੍ਰਹਮਣ-ਪੁੱਤਰ। ਮਧੇ: ਵਿਚੋਂ। ਕਥਿ: ਕਥਾ।*

ਚਾਰ ਵੇਦਾਂ ਨੂੰ ਵਿਚਾਰ ਕੇ ਰਿਸ਼ੀਆਂ ਮੁਨੀਆਂ ਨੇ ਛੇ ਸ਼ਾਸਤਰ ਤਿਆਰ ਕੀਤੇ। ਇਨ੍ਹਾਂ ਛੇ ਸ਼ਾਸਤਰਾਂ ਦੇ ਨਾਮ ਭਾਈ ਗੁਰਦਾਸ ਜੀ ਨੇ ਅਗੇ ਲਿਖੇ ਦੀ ਤਰ੍ਹਾਂ ਲਿਖੇ ਹਨ। ਨਿਆਂ-ਸ਼ਾਸਤਰ, ਮੀਮਾਂਸਾ-ਸ਼ਾਸਤਰ, ਵੇਦਾਂਤ-ਸ਼ਾਸਤਰ, ਸਾਂਖ-ਸ਼ਾਸਤਰ, ਵੈਸ਼ੇਖਕੀ-ਸ਼ਾਸਤਰ ਅਤੇ ਪਾਤੰਜਲ-ਸ਼ਾਸਤਰ ਆਦਿ। ਪਾਠਕ ਜੀ ਤੁਸੀ ਅਗੇ ਜਾ ਕੇ ਭਾਈ ਗੁਰਦਾਸ ਜੀ ਵਲੋਂ ਲਿਖਿਆ ਪੜ੍ਹੋਗੇ ਕਿ ਇਹ ਸ਼ਾਸਤਰ ਪੜ੍ਹਨ ਨਾਲ ਕੀ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਭਾਈ ਗੁਰਦਾਸ ਜੀ ਨੇ ਇਸ ਬਾਰੇ ਪਉੜੀਆਂ ਵੀ ਲਿਖੀਆਂ ਹਨ। ਬ੍ਰਹਮਾਂ ਅਤੇ ਹੋਰ ਦੇਵਤਿਆਂ ਨੇ, ਸਨਤ ਅਤੇ ਸਨਾਤਨ ਧਰਮ ਵਾਲੇ ਜਿਸ ਤਰ੍ਹਾਂ ਕਹਿੰਦੇ ਸਨ ਲੋਕ ਉਸੇ ਤਰ੍ਹਾਂ ਉਨ੍ਹਾਂ ਦੇ ਮਗਰ ਲਗ ਜਾਂਦੇ ਸਨ। ਕ੍ਰੋੜਾਂ ਲੋਕ ਪੜ੍ਹਦੇ ਗਾਉਂਦੇ ਅਤੇ ਵਿਚਾਰਦੇ ਪਰ ਮੁਕਤੀ ਨੂੰ ਕੋਈ ਵੀ ਨਹੀਂ ਪਾਉਂਦਾ। ਭਾਈ ਗੁਰਦਾਸ ਜੀ ਸੋਚਦੇ ਹਨ ਕਿ ਮਨ ਵਿਚ ਇਹੀ ਵਿਚਾਰ ਆਉਂਦਾ ਹੈ ਉਨ੍ਹਾਂ ਪੜ੍ਹਿਆ ਲਿਖਿਆ ਨੂੰ ਮਨੁੱਖਤਾ ਅਤੇ ਪ੍ਰਮਾਤਮਾਂ ਦੇ ਭੇਦਾਂ ਦਾ ਕਿਉਂ ਕੁਝ ਪਤਾ ਨਹੀਂ ਲਗਦਾ। ਜਦ ਪਹਿਲੇ ਤਿੰਨ ਜੁੱਗਾਂ ਵਿਚ ਇਕੋ ਵਰਨ ਸੀ ਤਾਂ ਕਲਜੁਗ ਅੰਦਰ ਕਿਉਂ ਏਨੇ ਵਰਨ ਬਣ ਗਏ ਹਨ। ਤਿੰਨਾਂ ਜੁਗਾਂ ਵਾਂਗ ਹੁਣ ਕੋਈ ਗੱਲ ਨਹੀਂ ਕਰਦਾ ਪਰ ਵਰਤਮਾਨ ਵਿਚ ਜੋ ਲੋਕ ਪੜ੍ਹਦੇ ਕਰਦੇ ਹਨ ਉਸ ਬਾਰੇ ਕਿਸੇ ਨੂੰ ਕੋਈ ਸਮਝ ਨਹੀਂ ਪੈਂਦੀ। ਜੋ ਵੀ ਚਾਰ ਵੇਦਾਂ ਵਿਚ ਲਿਖਿਆ ਹੈ ਉਸਦਾ ਹੀ ਨਚੋੜ ਛੇ ਸ਼ਾਸਤਰਾਂ ਵਿਚ ਹੈ ਪਰ ਲੋਕ ਭੰਬਲਭੂਸੇ ਵਿਚ ਪਏ ਹੋਏ ਹਨ। ਸਾਰੀ ਦੁਨੀਆਂ ਆਪੋ ਆਪਣੇ ਮਤ ਚਲਾਉਣ ਵਿਚ ਰੁਝੇ ਹੋਏ ਹਨ।

----

## ਵਾਰ ਪਹਿਲੀ

*ਪਉੜੀ 9 (ਨਯਾਯ-ਸ਼ਾਸਤਰ)*

ਗੋਤਮਿ ਤਪੇ ਬਿਚਾਰਿ ਕੈ ਰਿਗਿ ਵੇਦ ਕੀ ਕਥਾ ਸੁਣਾਈ।
ਨਿਆਇ ਸਾਸਤ੍ਰਿ ਕੌ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ।
ਸਭ ਕਛੁ ਕਰਤੇ ਵਸਿ ਹੈ ਹੋਰਿ ਬਾਤਿ ਵਿਚਿ ਚਲੇ ਨਾ ਕਾਈ।
ਦੁਹੀ ਸਿਰੀ ਕਰਤਾਰੁ ਹੈ ਆਪਿ ਨਿਆਰਾ ਕਰਿ ਦਿਖਲਾਈ।
ਕਰਤਾ ਕਿਨੈ ਨ ਦੇਖਿਆ ਕੁਦਰਤਿ ਅੰਦਰਿ ਭਰਮਿ ਭੁਲਾਈ।
ਸੋਹੰ ਬ੍ਰਹਮੁ ਛਪਾਇ ਕੈ ਪੜਦਾ ਭਰਮੁ ਕਰਤਾਰੁ ਸੁਣਾਈ।
ਰਿਗਿ ਕਹੈ ਸੁਣਿ ਗੁਰਮੁਖਹੁ ਆਪੇ ਆਪਿ ਨ ਦੂਜੀ ਰਾਈ।
ਸਤਿਗੁਰ ਬਿਨਾ ਨ ਸੋਝੀ ਪਾਈ।।9।।

---

*ਮਥਿ: ਵਿਚਾਰ ਕੇ। ਬਿਧਿ: ਹਰ ਤਰੀਕਾ। ਸੋਹੰ ਬ੍ਰਹਮ: ਪ੍ਰਮਾਤਮਾ।*

ਗੌਤਮ ਨਾਮੀ ਰਿਸ਼ੀ ਨੇ ਰਿਗ ਵੇਦ ਨੂੰ ਵਿਚਾਰ ਕੇ ਹੋਰਾਂ ਨੂੰ ਸਮਝਾਉਣਾ ਕਰਕੇ ਨਿਆਂ-ਸ਼ਾਸਤਰ ਵੀ ਘੋਖ ਕੇ ਦਸਿਆ ਕਿ ਇਸ ਦੁਨੀਆਂ ਵਿਚ ਕਰਨ ਕਰਾਉਣ ਵਾਲਾ ਸਿਰਫ ਇਕ ਪ੍ਰਮਾਤਮਾ ਹੀ ਹੈ। ਸਭ ਕੁਝ ਉਸਦੇ ਹੀ ਹੱਥ ਬਸ ਹੈ। ਉਸ ਅੱਗੇ ਕਿਸੇ ਹੋਰ ਦੀ ਨਹੀਂ ਚਲਦੀ। ਪਾਪ ਪੁੰਨ ਦੇ ਚਕਰਾਂ ਵਿਚ ਦੁਨੀਆਂ ਨੂੰ ਫਸਾ ਕੇ ਆਪ ਅਲੱਗ ਰਹਿੰਦਾ ਹੈ। 'ਸੋਹੰ ਬ੍ਰਹਮੁ ਛੁਪਾਇ ਕੇ' ਭਾਵ ਪ੍ਰਮਾਤਮਾ ਨੂੰ ਕਦੇ ਕਿਸੇ ਨੇ ਨਹੀ ਵੇਖਿਆ ਅਤੇ ਦੁਨੀਆਂ ਨੂੰ ਮਾਇਆ ਦੇ ਮੁਹ ਵਿਚ ਫਸਾ ਕੇ ਦੁਨੀਆਂ ਨੂੰ ਪ੍ਰਮਾਤਮਾਂ ਭੁਲਾ ਦਿਤਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਰਿਗ ਵੇਦ ਵਿਚ ਪੜ੍ਹਿਆ ਜਾਂਦਾ ਹੈ ਕਿ, 'ਗੁਰਮੁਖੋ ਪ੍ਰਮਾਤਮਾ ਆਪ ਹੀ ਸਭ ਕੁਝ ਹੈ ਇਸ ਵਿਚ ਕੋਈ ਦੂਜੀ ਰਾਇ ਨਹੀਂ ਹੈ। ਮੁਹ ਮਾਇਆ ਵਿਚ ਫਸੀ ਅਤੇ ਪ੍ਰਮਾਤਮਾ ਵਲੋਂ ਬੇਮੁਖ ਹੋਈ ਦੁਨੀਆਂ ਨੂੰ ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਕਿ ਸਤਗੁਰੂ ਬਿਨ੍ਹਾਂ, ਪ੍ਰਮਾਤਮਾ ਦੇ ਭੇਦ ਨੂੰ ਕੋਈ ਹੋਰ ਨਹੀਂ ਸਮਝਾ ਸਕਦਾ।

----

## ਵਾਰ ਪਹਿਲੀ,

*ਪਉੜੀ 10 (ਮੀਮਾਂਸਾ-ਸ਼ਾਸਤਰ)*

ਫਿਰਿ ਜੈਮਨਿ ਰਿਖੁ ਬੋਲਿਆ ਜੁਜਰਿ ਵੇਦਿ ਮਥਿ ਕਥਾ ਸੁਣਾਵੈ।
ਕਰਮਾ ਉਤੇ ਨਿਬੜੈ ਦੇਹੀ ਮਧਿ ਕਰੇ ਸੋ ਪਾਵੈ।
ਥਾਪਿਸ ਕਰਮ ਸੰਸਾਰ ਵਿਚਿ ਕਰਮ ਵਾਸ ਕਰਿ ਆਵੈ ਜਾਵੈ।
ਸਹਸਾ ਮਨਹੁ ਨ ਚੁਕਈ ਕਰਮਾਂ ਅੰਦਰਿ ਭਰਮਿ ਭੁਲਾਵੈ।

ਕਰਮਿ ਵਰਤਣਿ ਜਗਤਿ ਕੀ ਇਕੋ ਮਾਇਆ ਬ੍ਰਹਮ ਕਹਾਵੈ।
ਜੁਜਰਿ ਵੇਦਿ ਕੋ ਮਥਨਿ ਕਰਿ ਤਤ ਬ੍ਰਹਮੁ ਵਿਚਿ ਭਰਮੁ ਮਿਲਾਵੈ।
ਕਰਮ ਦ੍ਰਿੜਾਇ ਜਗਤ ਵਿਚਿ ਕਰਮ ਬੰਧਿ ਕਰਿ ਆਵੈ ਜਾਵੈ।
ਸਤਿਗੁਰ ਬਿਨਾ ਨ ਸਹਸਾ ਜਾਵੈ॥10॥

---

*ਮਧਿ: ਜਿਵੇਂ। ਸਹਸਾ: ਵਹਿਮ, ਭਰਮ। ਤਤ-ਬ੍ਰਹਮ: ਕਰਤਾਰ। ਬੰਧਿ: ਬਝ ਕੇ।*

ਜੈਮਿਨੀ ਰਿਸ਼ੀ ਨੇ 'ਮੀਮਾਂਸਾ-ਸ਼ਾਸਤਰ' ਜੁਜਰ-ਵੇਦ ਨੂੰ ਵਿਚਾਰ ਕੇ ਲਿਖਿਆ ਹੈ। ਮੀਮਾਂਸਾ ਸ਼ਬਦ ਦਾ ਅਰਥ ਹੈ ਕਿ ਕਿਸੇ ਵਿਚਾਰ ਦੀ ਵਿਚਾਰ ਕਰਨ ਵਾਲਾ। ਮੀਮਾਂਸਾ-ਸ਼ਾਸਤਰ ਦੋ ਪ੍ਰਕਾਰ ਦੇ ਹਨ। ਪਹਿਲਾ ਜਿਹੜਾ ਜੈਮਿਨੀ ਰਿਸ਼ੀ ਨੇ ਰਚਿਆ ਹੈ ਉਹ ਕਰਮਾਂ ਦੇ ਪ੍ਰਤੀਪਾਦਨ ਨੂੰ ਦਰਸਾਉਂਦਾ ਹੈ, ਉਸਦਾ ਨਾਮ ਪੂਰਵ-ਮੀਮਾਂਸਾ ਹੈ। ਦੂਜਾ ਭਾਗ ਜਿਹੜਾ ਬ੍ਰਹਮ-ਵਿਦਿਆ ਨੂੰ ਦਸਣ ਵਾਲਾ ਹੈ ਉਹ ਸ਼ਾਸਤਰ ਬਿਆਸ ਰਿਸ਼ੀ ਨੇ ਰਚਿਆ ਹੈ, ਉਸਦਾ ਨਾਮ ਉਤਰ-ਮੀਮਾਂਸਾ ਹੈ।

'ਪੂਰਵ ਮੀਮਾਂਸਾ-ਸ਼ਾਸਤਰ' ਵਿਚ ਜੈਮਿਨੀ ਰਿਸ਼ੀ ਲਿਖਦਾ ਹੈ ਕਿ ਮੁਕਤੀ ਉਹੀ ਇਨਸਾਨ ਪਾ ਸਕਦਾ ਹੈ ਜਿਸਨੂੰ ਧਰਮ ਦਾ ਪੂਰਾ ਪੂਰਾ ਗਿਆਨ ਹੋਵੇ। ਯੱਗ ਆਦਿ ਕਰਨੇ ਹੀ ਧਰਮ ਹੁੰਦਾ ਹੈ। ਆਪਣੇ ਕਰਮਾਂ ਅਨੁਸਾਰ ਹੀ ਕੋਈ ਦੇਵਤਾ ਜਾਂ ਰੱਬ ਦੇ ਘਰ ਵਿਚ ਕੋਈ ਉਚੀ ਪੱਦਵੀ ਲੈ ਸਕਦਾ ਹੈ। ਕਰਮਾਂ ਅਨੁਸਾਰ ਹੀ ਇਨਸਾਨ ਨਰਕ ਸੁਰਗ ਵਿਚ ਪੈਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪ੍ਰਮਾਤਮਾ ਨੇ ਜਗਤ ਵਿਚ ਕਰਮ ਥਾਪ ਕੇ ਮਨੁਖ ਨੂੰ ਆਉਣ ਜਾਣ ਦੇ ਕਾਰਨ ਬੰਦੇ ਦੇ ਕਰਮ ਹੀ ਦਸੇ ਹਨ। ਇਨ੍ਹਾਂ ਕਰਮਾਂ ਦੇ ਅਸਰ ਕਾਰਨ ਹੀ ਲੋਕਾਂ ਨੂੰ ਭਰਮ ਭੁਲੇਖੇ ਪਏ ਹੋਏ ਹਨ। ਬ੍ਰਹਮ ਅਤੇ ਮਾਇਆ ਇਕੋ ਜਿਹੇ ਹਨ ਪਰ ਬੰਦੇ ਦੇ ਕਰਮ ਇਨ੍ਹਾਂ ਦੋਨਾਂ ਦੇ ਗੋਰਖਧੰਦੇ ਵਿਚ ਫਸ ਜਾਂਦੇ ਹਨ। ਜੁਜਰਿ-ਵੇਦ ਨੂੰ ਮੰਥਨ ਕਰ ਕੇ ਭਾਵ ਵਿਚਾਰ ਕੇ ਕਰਮ ਅਤੇ ਧਰਮ ਵਿਚ ਅੰਤਰ ਮਿਟਾ ਦਿਤਾ ਹੈ ਭਾਵ ਬੰਦੇ ਨੂੰ ਸਿਰਫ ਕਰਮਾਂ ਦੇ ਗੇੜ ਵਿਚ ਉਲਝਾ ਦਿਤਾ ਹੈ। ਮਨੁੱਖ ਆਪਣੇ ਕਰਮਾਂ ਕਰਕੇ ਹੀ ਇਸ ਜਗਤ ਵਿਚ ਆਉਂਦਾ ਜਾਂਦਾ ਹੈ। ਭਾਈ ਗੁਰਦਾਸ ਜੀ ਅੰਤ ਵਿਚ ਆਪਣੇ ਵਿਚਾਰ ਲਿਖਦੇ ਹਨ ਕਿ ਇਸ ਸਭ ਕੁਝ ਨੂੰ ਭੁਲਕੇ ਇਕ ਸਤਗੁਰ ਦੀ ਸ਼ਰਨ ਵਿਚ ਆਉਣਾ ਚਾਹੀਦਾ ਹੈ ਕਿਉਂਕਿ ਸਤਗੁਰ ਦੇ ਗਿਆਨ ਬਿਨ੍ਹਾਂ,ਮਨ ਦੀ ਚਿੰਤਾਂ ਦੂਰ ਨਹੀਂ ਹੁੰਦੀ।

----

## ਵਾਰ ਪਹਿਲੀ

*ਪਉੜੀ 11 (ਵੇਦਾਂਤ-ਸ਼ਾਸਤਰ)*

ਸਿਆਮ ਵੇਦ ਸੋਧਿ ਕਰਿ ਮਥਿ ਵੇਦਾਂਤ ਬਿਆਸਿ ਸੁਣਾਇਆ।
ਕਥਨੀ ਬਦਨੀ ਬਾਹਰਾ ਆਪੇ ਆਪਣਾ ਬ੍ਰਹਮੁ ਜਣਾਇਆ।
ਨਦਰੀ ਕਿਸੈ ਨ ਲਿਆਵਈ ਹਮਉਮੈ ਅੰਦਰਿ ਭਰਮਿ ਭੁਲਾਇਆ।

ਆਪੁ ਪੁਜਾਇ ਜਗਤ ਵਿਚਿ ਭਾਉ ਭਗਤਿ ਦਾ ਮਰਮੁ ਨ ਪਾਇਆ।
ਤ੍ਰਿਪਤ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।
ਮਾਇਆ ਡੰਡ ਨ ਉਤਰੇ ਜਮ ਡੰਡੈ ਬਹੁ ਦੁਖਿ ਰੂਆਇਆ।
ਨਾਰਦ ਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।
ਬਿਨ ਸਰਨੀ ਨਹਿੰ ਕੋਇ ਤਰਾਇਆ॥11॥

---

*ਵੇਦਾਂਤ: ਸੁਕਲ ਜੁਰਿ-ਵੇਦ ਸੰਹਿਤਾ ਦੇ ਅੰਤ ਤਤ-ਗਿਆਨ ਦੇ ਬੰਧਕ 18 ਮੰਤ੍ਰ ਹਨ, ਜਿਨ੍ਹਾਂ ਉਪਰ ਵਿਦਵਾਨਾਂ ਨੇ ਵਿਸਥਾਰ ਸਹਿਤ ਵਿਆਖਿਆ ਕੀਤੀ ਹੈ। ਇਸ ਵਿਆਖਿਆ ਕਾਰਨ ਵੇਦਾਂ ਦਾ ਪੜ੍ਹਨਾ ਲਗ ਭਗ ਖਤਮ ਹੀ ਹੋ ਗਿਆ ਸੀ। ਇਸ ਕਰਕੇ ਬਿਆਸ ਰਿਖੀ ਵਲੋਂ ਲਿਖਿਆ ਵੇਦ ਦਾ ਨਾਮ ਵੇਦਾਂਤ ਪੈ ਗਿਆ। ਬਦਨੀ: ਉਰਲੇ ਦਿਲੋਂ। ਮਰਮੁ: ਰਹਸ। ਤ੍ਰਿਪਤ: ਚੈਨ।*

ਵੇਦਾਂਤ-ਸ਼ਾਸਤਰ ਦੇ ਰਚਨਹਾਰੇ ਰਿਸ਼ੀ ਵੇਦ-ਬਿਆਸ ਜੀ ਹਨ। ਰਿਸ਼ੀ ਬਿਆਸ ਜੀ ਨੇ ਬੇਦ, ਪੁਰਾਨ ਅਤੇ ਸਾਰੇ ਉਪਨਿਸ਼ਦ ਵੀ ਵਿਚਾਰੇ। ਫਿਰ ਸਾਮ-ਬੇਦ ਨੂੰ ਘੋਖ-ਵਿਚਾਰ ਕੇ ਸੌਖਾ ਕਰਕੇ ਲਿਖਿਆ ਅਤੇ ਉਸ ਬੇਦ ਦਾ ਨਾਮ 'ਵੇਦਾਂਤ' ਬੇਦ ਰੱਖਿਆ। ਰਿਸ਼ੀ ਬਿਆਸ ਦਾ ਯਕੀਨ ਹੈ ਕਿ ਵੇਦਾਂਤਮਤ ਅਨੁਸਾਰ ਬ੍ਰਹਮਾਂ ਦੀ ਸੱਤਾ ਅਤੇ ਸ਼ਕਤੀ ਮਾਇਆ ਦੁਆਰਾ ਨਹੀਂ ਉਪਜੀ ਸਗੋਂ ਸਭ ਕੁਝ ਬ੍ਰਹਮ ਤੋਂ ਹੀ ਉਪਜਿਆ ਹੈ ਅਤੇ ਅੰਤ ਵਿਚ ਉਸੇ ਵਿਚ ਹੀ ਲੀਨ ਹੋ ਜਾਣਾ ਹੈ। ਰਿਸ਼ੀ ਬਿਆਸ ਬ੍ਰਹਮ ਨੂੰ ਸਭ ਤੋਂ ਉਚਾ ਮੰਨਦੇ ਹਨ ਜਦ ਕਿ ਬ੍ਰਹਮਾ ਇਕ ਪ੍ਰਮਾਤਮਾ ਨੇ ਪੈਦਾ ਕੀਤਾ ਹੋਇਆ ਹੈ। ਰਿਸ਼ੀ ਬਿਆਸ ਦਾ ਮਿਥ ਹੈ ਕਿ ਸੱਚੀ ਮਾਇਆ ਵਿਚ ਬ੍ਰਹਮ ਦਾ ਪ੍ਰਤੀਬਿੰਬ ਇਕ ਜੀਵ ਹੈ। ਜੀਵ ਅਬਿਨਾਸ਼ੀ ਅਤੇ ਇਕ ਹੈ ਪਰ ਉਪਾਧੀ ਭੇਦ ਹੋਣ ਕਰਕੇ ਭਿੰਨ ਭਿੰਨ ਦਿਸਦਾ ਹੈ। ਉਪਾਧੀ-ਭੇਦ ਮਿਟ ਜਾਣ ਮਗਰੋਂ ਹੀ ਬੰਦਾ ਬ੍ਰਹਮਾਂ ਵਿਚ ਲੀਨ ਹੋ ਜਾਂਦਾ ਹੈ। ਭਾਵ ਬ੍ਰਹਮ ਗਿਆਨ ਹੋ ਜਾਣ ਕਰਕੇ ਹੀ ਭੇਦ ਮਿਟ ਜਾਂਦਾ ਹੈ ਅਤੇ ਬੰਦੇ ਦੇ ਸਰੂਪ ਵਿਚ ਬ੍ਰਹਮਾਂ ਦਾ ਸਾਕਾਤਕਾਰ ਮੋਖ ਹੋ ਜਾਂਦਾ ਹੈ। ਵੇਦਾਂਤ-ਸ਼ਾਸਤਰ ਦਾ ਇਹੀ ਗਿਆਨ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਸਾਮ-ਬੇਦ ਨੂੰ ਸੋਧ ਕੇ ਰਿਸ਼ੀ ਬਿਆਸ ਨੇ ਵੇਦਾਂਤ ਸ਼ਾਸਤਰ ਤਿਆਰ ਕੀਤਾ। ਭਾਵੇਂ ਉਸਨੂੰ ਆਉਦਾ ਜਾਂਦਾ ਕੁਝ ਨਹੀਂ ਸੀ ਪਰ ਉਹ ਆਪੇ ਹੀ ਬ੍ਰਹਮ ਬਣ ਬੈਠਾ। ਉਸ ਨੂੰ ਹੰਕਾਰ ਏਨਾ ਹੋ ਗਿਆ ਕਿ ਉਹ ਕਿਸੇ ਨੂੰ ਕੁਝ ਵੀ ਨਾ ਸਮਝਦਾ। ਜਗ ਕੋਲੋਂ ਆਪਣੀ ਪੂਜਾ ਕਰਵਾਉਣ ਲੱਗਾ ਪਰ ਉਸਨੂੰ ਇਕ ਪ੍ਰਮਾਤਮਾ ਦੇ ਭੇਦ ਅਤੇ ਉਸਦੀ ਭਗਤੀ ਦਾ ਸਾਰਾ ਚੇਤਾ ਭੁੱਲ ਗਿਆ। ਉਸਦੇ ਮਨ ਵਿਚ ਏਨਾ ਅੰਧੇਰਾ ਛਾ ਗਿਆ ਕਿ ਉਸਨੂੰ ਆਪਣੇ ਆਪ ਤੋਂ ਬਿਨ੍ਹਾਂ ਹੋਰ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਉਸਨੂੰ ਫਿਰ ਜੰਮ-ਰਾਜ ਦਾ ਡਰ ਸਤਾਉਣ ਲੱਗਾ। ਫਿਰ ਨਾਰਦ ਮੁਨੀ ਨੇ ਉਸਨੂੰ ਭਗਵਤ-ਗੀਤਾ ਨੂੰ ਪੜ੍ਹਨ ਅਤੇ ਵਿਚਾਰਨ ਵਾਸਤੇ ਸਲਾਹ ਦਿਤੀ ਤਾਂ ਜਾ ਕੇ ਉਸਦੇ ਸਿਰੋਂ ਜਮ-ਰਾਜ ਦਾ ਡਰ ਹੱਟਿਆ। ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਕਿ ਸਤਗੁਰ ਦੀ ਸਰਨੀ ਆਉਣ ਤੋਂ ਬਿਨ੍ਹਾਂ ਮਨੁਖ ਕਦੇ ਮੁਕਤੀ ਨਹੀਂ ਪਾ ਸਕਦਾ।

*ਪਉੜੀ 12 (ਸਾਂਖ-ਸ਼ਾਸਤਰ)*

ਦੁਆਪਰਿ ਜੁਗਿ ਬੀਤਤ ਭਏ ਕਲਜੁਗ ਕੇ ਸਿਰਿ ਛਤ੍ਰ ਫਿਰਾਈ।
ਝੇਦ ਅਥਰਵਣਿ ਥਾਪਿਆ ਉਤਰਿ ਮੁਖਿ ਗੁਰਮਖਿ ਗੁਨ ਗਾਈ।
ਕਪਲ ਰਿਖੀਸੁਰਿ ਸਾਂਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ।
ਗਿਆਨ ਮਹਾ ਰਸ ਪੀਅ ਕੈ ਸਿਮਰੇ ਨਿਤ ਅਨਿਤ ਨਿਆਈ।
ਗਿਆਨ ਬਿਨਾ ਨਹਿ ਪਾਈਐ ਜੋ ਕੋਈ ਕੋਟਿ ਜਤਨਿ ਕਰਿ ਧਾਈ।
ਕਰਮਿ ਜੋਗ ਦੇਹੀ ਕਰੇ ਸੋ ਅਨਿਤ ਖਿਨ ਟਿਕੇ ਨ ਰਾਈ।
ਗਿਆਨੁ ਮਤੇ ਸੁਖੁ ਊਪਜੈ ਜਨਮ ਮਰਨ ਕਾ ਭਰਮੁ ਚੁਕਾਈ।
ਗੁਰਮਖਿ ਗਿਆਨੀ ਸਹਜਿ ਸਮਾਈ।।12।।

---

*ਰਿਚਾ: ਰਿਗ ਵੇਦ ਦਾ ਇਕ ਮੰਤ੍ਰ ਹੈ। ਮਤੇ: ਮੱਤੇ ਭਾਵ ਮਤ ਨਾਲ। ਅਨਿਤ: ਚੰਦ ਰੋਜ ਭਾਵ ਸਦਾ ਨਾ ਰਹਿਣ ਵਾਲਾ।*

ਸਾਂਖ-ਸ਼ਾਸਤਰ ਨੂੰ ਬਣਾਉਣ ਵਾਲਾ ਕਪਲ ਮੁਨੀ ਹੈ। ਸਾਂਖ-ਸ਼ਾਸਤਰ ਕਿਸੇ ਅਥਰਵਣਿ ਬੇਦ ਦਾ ਸਾਰਾਂਸ਼ ਹੈ। ਇਹ ਕਪਲ ਮੁਨੀ ਦੀ ਰਚਨਾ ਹੈ। ਸਾਂਖ-ਸ਼ਾਸਤਰ ਅਨੁਸਾਰ ਪੱਚੀ ਤੱਤ ਹਨ ਭਾਵ ਪੱਚੀ ਪ੍ਰਕਾਰ ਦੇ ਗੁਣ ਹਨ ਜਿਹੜੇ ਮੈਂ ਪਉੜੀ ਦੂਜੀ ਵਿਚ ਲਿਖ ਆਇਆਂ ਹਾਂ। ਪ੍ਰਕ੍ਰਿਤੀ ਵਿਚ ਖਾਸ ਹੋਰ ਤਿੰਨ ਗੁਣ ਹੁੰਦੇ ਹਨ ਜਿਵੇਂ ਸੱਤ, ਰਜ ਅਤੇ ਤੱਮ ਆਦਿ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਦੁਆਪਰ ਜੁਗ ਬੀਤ ਗਿਆ ਹੈ ਅਤੇ ਹੁਣ ਕਲਜੁਗ ਆ ਗਿਆ ਹੈ। ਅਥਰਵਣਿ ਜਦ ਬਣ ਗਿਆ ਹੈ ਤਾਂ ਲੋਕ ਉਤਰ ਵੱਲ ਮੂੰਹ ਕਰਕੇ ਆਪਣੇ ਸਿਰ ਝੁਕਾਉਣ ਲਗ ਪਏ ਹਨ। ਕਪਲ ਰਿਸ਼ੀ ਸਾਂਖ-ਬੇਦ ਥਾਪ ਕੇ ਅਥਰਵ-ਬੇਦ ਵਿਚ ਜੋ ਲਿਖਿਆ ਸੀ ਉਸ ਸਭ ਕੁਝ ਨੂੰ ਜੱਗ ਜ਼ਾਹਰ ਕੀਤਾ। ਕਪਿਲ ਮੁਨੀ ਜੋ ਬਹੁਤ ਵੱਡਾ ਰਿਸ਼ੀ ਹੋਇਆ ਹੈ ਉਸਨੇ ਅਥਰਵਣਿ-ਬੇਦ ਨੂੰ ਵਿਚਾਰ ਕੇ ਕੁਝ ਨਵਾਂ ਪਾ ਕੇ ਉਸਨੇ ਸਾਂਖ-ਸ਼ਾਸਤਰ ਤਿਆਰ ਕੀਤਾ। ਸਾਂਖ-ਬੇਦ ਅਨੁਸਾਰ ਬੰਦਾ ਆਪ ਪਾਪ ਪੁੰਨ ਦਾ ਨਿਤਾਰਾ ਕਰੇ ਅਜਿਹਾ ਗਿਆਨ ਬਿਨ੍ਹਾਂ ਕਦੇ ਨਹੀਂ ਹੋ ਸਕਦਾ ਇਸ ਕਰਕੇ ਇਨਸਾਨ ਨੂੰ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਭਾਵੇਂ ਬੰਦਾ ਲੱਖ ਦੌੜ ਭੱਜ ਕਰੇ, ਇਧਰ ਉਧਰ ਹੱਥ ਮਾਰੇ ਪਰ ਗਿਆਨ ਤੋਂ ਬਿਨ੍ਹਾਂ ਬੰਦੇ ਨੂੰ ਮੁਕਤੀ ਕਦੇ ਨਹੀਂ ਮਿਲ ਸਕਦੀ। ਕਰਮ-ਯੋਗੀ ਹੋਣਾ ਬਿਲਕੁਲ ਗਲਤ ਹੈ। ਅਜਿਹਾ ਕਰਨ ਨਾਲ ਉਸ ਵਲੋਂ ਕੀਤੇ ਕਾਰਜ ਦੀ ਕੌਡੀ ਮੁਲ ਨਹੀਂ ਪਏਗਾ। ਸਿਰਫ ਬੰਦੇ ਨੂੰ 'ਗਿਆਨ' ਹੋ ਜਾਣ ਉਪ੍ਰੰਤ ਹੀ ਉਸਦੇ ਮਨ ਵਿਚੋਂ ਭਰਮ ਭੁਲੇਖਾ ਜਾਏਗਾ। ਭਾਈ ਗੁਰਦਾਸ ਜੀ ਉਸ 'ਗਿਆਨ' ਬਾਰੇ ਨਸੀਹਤ ਕਰਦੇ ਹਨ ਕਿ ਜੋ ਲੋਕ ਆਪਣੇ ਗੁਰੂ ਕੋਲੋਂ ਗਿਆਨ ਪ੍ਰਾਪਤੀ ਕਰਦੇ ਹਨ ਸਿਰਫ ਉਨ੍ਹਾਂ ਦੀ ਰੂਹ ਹੀ ਆਤਮਾ ਪ੍ਰਮਾਤਮਾ ਨਾਲ ਮਿਲ

*ਪਉੜੀ 13 (ਵੈਸ਼ੇਖਕ-ਸ਼ਾਸਤਰ)*

ਬੇਦ ਅਥਰਬਨੁ ਮਥਨਿ ਕਰਿ ਗੁਰਮੁਖਿ ਬਾਸੇਖਿਕ ਗੁਨ ਗਾਵੈ।
ਜੇਹਾ ਬੀਜੈ ਸੋ ਲੁਣੈ ਸਮੇ ਬਿਨਾ ਫਲੁ ਹਥਿ ਨ ਆਵੈ।
ਹੁਕਮੈ ਅੰਦਰਿ ਸਭੁ ਕੋ ਮੰਨੈ ਹੁਕਮੁ ਸੋ ਸਹਜਿ ਸਮਾਵੈ।
ਆਪੋ ਕਛੂ ਨ ਹੋਵਈ ਬੁਰਾ ਭਲਾ ਨਹਿ ਮੰਨਿ ਵਸਾਵੈ।
ਜੈਸਾ ਕਰਿ ਤੈਸਾ ਲਹੈ ਰਿਖਿ ਕਣਾਦਿਕ ਭਾਖਿ ਸੁਣਾਵੈ।
ਸਤਿਜੁਗਿ ਕਾ ਅਨਿਆਇ ਸੁਣਇਕ ਫੇੜੇ ਸਭ ਜਗਤ ਮਰਾਵੈ।
ਤ੍ਰੇਤੇ ਨਗਰੀ ਪੀੜੀਐ ਦੁਆਪਰਿ ਵੰਸੁ ਕੁਵੰਸ ਕੁਹਾਵੈ।
ਕਲਜੁਗ ਜੋ ਫੇੜੇ ਸੋ ਪਾਵੈ।।13।।

---

*ਬਾਸੇਖਿਕ: ਵੈਸ਼ੇਖਕ-ਸ਼ਾਸਤਰ। ਲੁਣੈ: ਫਲ ਲੈਣਾ। ਕਣਾਦਿਕ: ਰਿਖੀ ਦਾ ਨਾਮ, ਚੌਲਾ ਵਰਗੇ ਦਾਣੇ ਖਾਣ ਵਾਲਾ। ਫੇੜੇ: ਕਰਨ ਵਾਲਾ*

ਵੈਸ਼ੇਖਕ-ਸ਼ਾਸਤਰ ਕਰਾਦ ਮੁਨੀ ਦੀ ਰਚਨਾ ਹੈ ਕਰਾਦ ਮੁਨੀ ਨੇ ਵੀ ਅਥਰਵਣਿ-ਬੇਦ ਨੂੰ ਪੜ੍ਹ ਵਿਚਾਰ ਕੇ ਵੈਸ਼ੇਖਕ-ਸ਼ਾਸਤਰ ਦੀ ਰਚਨਾ ਕੀਤੀ ਹੈ। ਕਰਾਦ ਮੁਨੀ ਨੇ ਕੁਲ ਛੇ ਪਦਾਰਥ ਮੰਨੇ ਹਨ। ਜਿਵੇਂ ਪ੍ਰਿਥਵੀ, ਜਲ, ਅਗਨ, ਪਵਨ ਅਤੇ ਆਕਾਸ਼ ਜਿਨ੍ਹਾਂ ਨਾਲ ਕਾਲ, ਦਿਸ਼ਾ ਅਤੇ ਮਨ ਆਦਿ ਪ੍ਰਭਾਵਤ ਹੁੰਦੇ ਹਨ। ਵੈਸ਼ੇਖਕ-ਸ਼ਾਸਤਰ ਰਾਹੀ ਸਾਨੂੰ ਗੁਣ, ਕਰਮ, ਸਾਮਾਨਯ (ਪਰ ਅਤੇ ਅਪਰ) ਦੀ ਸੋਝੀ ਹੁੰਦੀ ਹੈ। ਸਮਾਵਯ (ਉਪਾਦਾਨ ਕਾਰਨ ਅਤੇ ਕਾਰਜ ਦਾ ਆਪਸੀ ਪਰਸਪਰ ਸੰਬੰਧ ਹੈ।)

ਵੈਸ਼ੇਖਕ-ਸ਼ਾਸਤਰ ਵੀ ਅਥਰਵਣਿ-ਬੇਦ ਦਾ ਮੰਥਨ ਕਰਕੇ ਕਰਾਦ ਮੁਨੀ ਨੇ ਬਣਾਇਆ ਹੈ। ਇਨਸਾਨ ਨੂੰ ਹਰ ਵਸਤੂ ਸਮੇਂ ਸਿਰ ਮਿਲਦੀ ਹੈ ਕੁਵੇਲੇ ਕੁਝ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਜੋ ਬੀਜ ਤੁਸੀਂ ਬੀਜਦੇ ਹੋ ਉਹੋ ਜਿਹਾ ਹੀ ਤੁਹਾਨੂੰ ਫਲ ਪ੍ਰਾਪਤ ਹੋਵੇਗਾ। ਪ੍ਰਮਾਤਮਾ ਦੇ ਇਕ ਹੁਕਮ ਵਿਚ ਹੀ ਸਾਰੇ ਕਾਰਜ ਹੋ ਰਹੇ ਹਨ। ਉਸਦੇ ਹੁਕਮ ਬਿਨ੍ਹਾਂ ਇਕ ਪੱਤਾ ਵੀ ਹਿਲ ਨਹੀਂ ਸਕਦਾ। ਜਿਹੜਾ ਉਸਦੇ ਹੁਕਮ ਵਿਚ ਰਹਿੰਦਾ ਹੈ ਉਸਦੇ ਮਨ ਵਿਚ ਹਮੇਸ਼ਾ ਸ਼ਾਂਤੀ ਰਹਿੰਦੀ ਹੈ। ਕਿਉਂਕਿ ਇਨਸਾਨ ਆਪ ਕੁਝ ਨਹੀਂ ਕਰ ਸਕਦਾ ਇਸ ਵਾਸਤੇ ਜੋ ਵੀ ਚੰਗਾਂ ਮਾੜਾ ਹੋ ਰਿਹਾ ਹੈ ਉਸਦਾ ਅਸਰ ਆਪਣੇ ਮਨ ਉਪਰ ਨਾ ਲਾਓ। ਕਰਾਦ ਰਿਸ਼ੀ ਜੀ ਆਖਦੇ ਹਨ ਕਿ ਮਨੁਖ ਜੋ ਕਰਮ ਕਰਦਾ ਹੈ ਤੈਸਾ ਹੀ ਫਲ ਪ੍ਰਾਪਤ ਕਰਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਤਜੁਗ ਵਿਚ ਇਕ ਮਨੁਖ ਕੁਕਰਮ ਕਰਦਾ ਸੀ ਤਾਂ ਸਾਰਾ ਦੇਸ਼ ਹੀ ਉਸਦਾ ਫਲ ਭੋਗਦਾ ਸੀ। ਤ੍ਰੇਤੇ ਜੁਗ ਵਿਚ ਇਕ ਕੁਕਰਮੀ ਕਾਰਨ ਸਾਰੀ ਨਗਰੀ ਪੀੜੀ ਜਾਂਦੀ ਸੀ ਅਤੇ ਦੁਆਪਰ ਵਿਚ ਵੰਸ਼ ਅਤੇ ਕੁਵੰਸ਼ ਹੀ ਭੋਗਦੇ ਸਨ ਪਰ ਕਰਾਦ ਮੁਨੀ ਕਹਿੰਦੇ ਹਨ ਕਿ ਕਲਜੁਗ ਵਿਚ ਜੋ ਕਰੇਗਾ ਉਹ ਆਪ ਹੀ ਭਰੇਗਾ। ਉਸਦਾ ਦੰਡ ਕਿਸੇ ਹੋਰ ਨੂੰ ਨਹੀਂ ਮਿਲੇਗਾ।

----

## ਵਾਰ ਪਹਿਲੀ

*ਪਉੜੀ 14 (ਸ਼ੇਸ਼ਨਾਗ ਜਾਂ ਪਾਤੰਜਲ-ਸ਼ਾਸਤਰ)*

ਸੇਖਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।
ਵੇਦ ਅਥਰਵਣ ਬੋਲਿਆ ਜੋਗ ਬਿਨਾ ਨਹਿ ਭਰਮੁ ਚੁਕਾਈ।
ਜਿਉ ਕਰਿ ਮੈਲੀ ਆਰਸੀ ਸਿਕਲ ਬਿਨਾ ਨਹਿ ਮੁਖਿ ਦਿਖਾਈ।
ਜੋਗੁ ਪਦਾਰਥ ਨਿਰਮਲਾ ਅਨਹਦ ਧੁਨਿ ਅੰਦਰਿ ਲਿਵ ਲਾਈ।
ਅਸਟ ਦਸਾ ਸਿਧਿ ਨਉ ਨਿਧੀ ਗੁਰਮੁਖਿ ਜੋਗੀ ਚਰਨ ਲਗਾਈ।
ਤ੍ਰਿਹੁ ਜੁਗਾਂ ਕੀ ਬਾਸਨਾ ਕਲਜੁਗਿ ਵਿਚਿ ਪਾਤੰਜਲ ਪਾਈ।
ਹਥੋ ਹਥੀ ਪਾਈਐ ਭਗਤਿ ਜੋਗ ਕੀ ਪੂਰ ਕਮਾਈ।
ਨਾਮ ਦਾਨੁ ਇਸਨਾਨੁ ਸੁਭਾਈ।।14।।

---

*ਸਿਕਲ: ਝਾਲ। ਅਨਹਦ: ਰਸ ਭਰਿਆ। ਅਸਟ: ਅੱਠ*

ਪਾਤੰਜਲੀ ਅਥਵਾ ਯੋਗਦਰਸ਼ਨ ਪਤੰਜਲੀ ਰਿਸ਼ੀ ਦੀ ਰਚਨਾ ਹੈ। ਸ਼ੇਸ਼ਨਾਗ ਨੇ ਆਪਣਾ ਭੇਸ ਬਦਲ ਕੇ ਪਤੰਜਲੀ ਰਿਸ਼ੀ ਕਹਿਲਾਇਆ ਹੈ। ਪਤੰਜਲੀ ਦਾ ਸਿਧਾਂਤ ਹੈ ਕਿ ਦਸ਼ਾ ਅਤੇ ਦ੍ਰਿਸ਼ ਦੋ ਜੁਦੇ ਜੁਦੇ ਪਦਾਰਥ ਹਨ। ਮਨੁੱਖ ਦਸ਼ਾ ਹੈ ਅਤੇ ਬਾਕੀ ਇਹ ਸਾਰੀ ਪ੍ਰਕ੍ਰਿਤੀ ਦ੍ਰਿਸ਼ ਹੈ। ਪਤੰਜਲੀ ਭਾਵ ਯੋਗਆਸਨ ਚਿੱਤ-ਵਿਰਤੀ ਦੇ ਰੋਕਣ ਦਾ ਸਾਧਨ ਵੈਰਾਗ ਅਤੇ ਅਭਿਆਸ ਹੈ। ਜਿਸ ਕਾਰਨ ਚਿੱਤ ਪੂਰਨ ਇਕਾਗਰਤਾ ਪ੍ਰਾਪਤ ਕਰਦਾ ਹੈ। ਪਤੰਜਲੀ-ਸ਼ਾਸਤਰ ਦਾ ਮੂਲ ਸਿਧਾਂਤ ਹੀ ਯੋਗ ਹੈ। ਪਤੰਜਲੀ-ਸ਼ਾਸਤਰ ਦਾ ਕਰਤਾ ਨਾਗਾ ਦਾ ਬਾਦਸ਼ਾਹ ਸ਼ੇਸ਼ਨਾਗ ਹੈ। ਉਸਨੇ ਪਤੰਜਲ ਰਿਸ਼ੀ ਦਾ ਅਵਤਾਰ ਧਾਰ ਕੇ ਬੇਦਾਂ ਦਾ ਮੰਥਨ ਕਰਕੇ ਪਤੰਜਲੀ-ਸ਼ਾਸਤਰ ਤਿਆਰ ਕੀਤਾ। ਬੇਦ ਅਥਰਵਣਿ ਪੜ੍ਹਿਆਂ ਵਿਚਾਰਿਆਂ ਵੀ ਇਹੀ ਗੱਲ ਨਿਤਰ ਕੇ ਸਾਹਮਣੇ ਆਉਂਦੀ ਹੈ ਕਿ ਯੋਗ ਬਿਨ੍ਹਾਂ ਮਨ ਵਿਚੋਂ ਭਰਮ ਕਦੇ ਨਹੀਂ ਨਿਕਲ ਸਕਦਾ। ਜਿਵੇਂ ਕੋਈ ਸ਼ੀਸ਼ਾ ਮੈਲਾ ਹੋਵੇਗਾ ਤਾਂ ਉਸ ਉਪਰ ਫੇਰੀ ਝਾਲ ਬਿਨ੍ਹਾਂ ਤੁਹਾਨੂੰ ਤੁਹਾਡੀ ਸ਼ਕਲ ਕਦੇ ਵੀ ਸਾਫ ਨਹੀਂ ਦਿਸੇਗੀ। ਇਸ ਤਰ੍ਹਾਂ ਯੋਗ ਕੀਤੇ ਬਿਨ੍ਹਾਂ ਮਨੁਖ ਦਾ ਮਨ ਉਜਲਾ ਨਹੀਂ ਹੁੰਦਾ ਅਤੇ ਪ੍ਰਮਾਤਮਾ ਬਾਰੇ ਤੁਸੀ ਕੁਝ ਵੀ ਨਹੀ ਜਾਣ ਸਕੋਂਗੇ। ਯੋਗ ਕਰਨ ਨਾਲ ਅਠਾਰਾਂ ਸਿਧਾਂ ਅਤੇ ਨੌਂ ਨਿਧਾਂ ਪ੍ਰਾਪਤ ਹੁੰਦੀਆਂ ਹਨ। ਤਿੰਨਾਂ ਜੁਗਾਂ ਦੀਆਂ ਸਾਰੀਆਂ ਪ੍ਰਾਪਤੀਆਂ ਕਲਜੁਗ ਵਿਚ ਇਕ ਯੋਗ (ਪਤੰਜਲ) ਨੇ ਹੀ ਪਾ ਲਈਆਂ ਹਨ। ਇਹ ਤਿੰਨਾਂ ਜੁਗਾਂ ਦੀਆਂ ਪ੍ਰਾਪਤੀਆਂ ਉਹੀ ਇਨਸਾਨ ਪਾ ਸਕਦਾ ਹੈ ਜੋ ਯੋਗ ਕਰਦਾ ਹੈ ਦੂਸਰਾ ਹੋਰ ਕੋਈ ਨਹੀ ਪਾ ਸਕਦਾ। ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਕਿ ਇਕੱਲੇ ਯੋਗ ਨਾਲ ਰਿਧੀਆਂ ਸਿੱਧੀਆਂ ਪ੍ਰਾਪਤ ਨਹੀਂ ਹੁੰਦੀਆਂ ਸਗੋਂ ਇਸ ਯੋਗ ਦੇ ਨਾਲ ਨਾਲ ਨਾਮ ਦਾਨ ਕਰਨਾ ਵੀ ਬਹੁਤ ਜ਼ਰੂਰੀ ਹੈ।

----

## ਵਾਰ ਪਹਿਲੀ

*ਪਉੜੀ 15 (ਜੁਗਾਂ ਬਾਬਤ ਪ੍ਰਚਲਤ ਖਿਆਲ)*

ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।
ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ।
ਸਤਿਜੁਗ ਦੂਜਾ ਭਰਮੁ ਕਰਿ ਤ੍ਰੇਤੇ ਵਿਚਿ ਜੋਨੀ ਫਿਰਿ ਆਵੈ।
ਤ੍ਰੇਤੇ ਕਰਮਾਂ ਬਾਂਧਤੇ ਦੁਆਪਰਿ ਫਿਰਿ ਅਵਤਾਰ ਕਰਾਵੈ।
ਦੁਆਪਰਿ ਮਮਤਾ ਅਹੰ ਕਰਿ ਹਉਮੈ ਅੰਦਰਿ ਗਰਬਿ ਗਲਾਵੈ।
ਤ੍ਰਿਹੁ ਜੁਗਾਂ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ।
ਫਿਰਿ ਕਲਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰਿ ਫੇਰਿ ਫਸਾਵੈ।
ਅਉਸਰੁ ਚੂਕਾ ਹਥ ਨਾ ਆਵੈ॥15॥

---

*ਮੇਰੁ-ਸਰੀਰ: ਮਾਣਸ ਦੇਹੀ। ਮਰਮੁ:ਰਹਸ, ਜਾਣਕਾਰੀ। ਅਹੰ: ਹੰਕਾਰ। ਗਰਬਿ: ਹੋਂਦ। ਅਉਸਰੁ: ਮੌਕਾ।*

ਭਾਈ ਗੁਰਦਾਸ ਜੀ ਜੀਵ ਆਤਮਾ ਬਾਰੇ ਲਿਖਦੇ ਹਨ ਕਿ ਜੀਵ ਆਤਮਾ ਆਪਣੇ ਮਨ ਵਿਚ ਵਸੀਆਂ ਤਰ੍ਹਾਂ ਤਰ੍ਹਾਂ ਦੀਆਂ ਵਾਸ਼ਨਾਵਾਂ ਕਾਰਨ ਜੁਗ ਜੁਗ ਅੰਦਰ ਜਨਮ ਧਾਰਦਾ ਹੈ ਭਾਵ ਚੁਰਾਸੀ ਲੱਖ ਜੂਨ ਭੋਗਦਾ ਹੈ। ਭਾਵ ਅਰਥ ਇਹ ਹੈ ਕਿ ਜੇਕਰ ਇਨਸਾਨ ਇਸ ਜਨਮ ਵਿਚ ਆਪਣੇ ਮਨ ਵਿਚ ਕੋਈ ਇੱਛਾ ਨਾ ਰੱਖਦਾ ਹੋਇਆ ਆਪਣੇ ਆਪ ਵਿਚ ਸੰਤੁਸ਼ਟ ਰਹਿੰਦਾ ਹੈ ਤਾਂ ਉਹ ਮਨੁਖ ਮੁਕਤ ਹੋ ਜਾਂਦਾ ਹੈ। ਆਪਣੇ ਅਸਲ ਨਾਲ ਮੁੜ ਜੁੜ ਜਾਂਦਾ ਹੈ ਭਾਵ ਜੋਤ ਨਾਲ ਜੋਤ ਦਾ ਮਿਲਾਪ ਹੋ ਜਾਂਦਾ ਹੈ। ਆਪਣੀਆਂ ਹੀ ਇਛਾਵਾਂ ਕਾਰਨ ਮਨੁਖ ਆਪਣੀ ਦੇਹੀ ਨੂੰ ਹਰ ਜੁਗ ਵਿਚ ਬਦਲਦਾ ਰਹਿੰਦਾ ਹੈ। ਮਨੁਖ ਸਤਜੁਗ ਸਮੇਂ ਆਪਣੇ ਮਨ ਵਿਚ ਦੂਈ ਦ੍ਵੈਤ ਭਾਵ ਇਕ ਦੂਜੇ ਨਾਲ ਈਰਖਾ ਕਰਨ ਕਾਰਨ ਤ੍ਰੇਤੇ ਜੁਗ ਵਿਚ ਫਿਰ ਮਨੁਖਾ ਜਨਮ ਧਾਰਦਾ ਹੈ। ਤ੍ਰੇਤੇ ਜੁਗ ਵਿਚ ਇਨਸਾਨ ਆਪਣੇ ਚੰਗੇ ਮਾੜੇ ਕਰਮ ਕਮਾਉਣ ਕਰਕੇ ਦੁਆਪਰ ਵਿਚ ਜਾ ਕੇ ਆਪਣੀ ਨਵੀਂ ਦੇਹੀ ਪ੍ਰਾਪਤ ਕਰਦਾ ਹੈ। ਦੁਆਪਰ ਵਿਚ ਮਮਤਾ ਦੇ ਮੂਹ ਵਿਚ ਆਇਆ ਹੰਕਾਰੀ ਬਣਿਆ ਕਹਿੰਦਾ ਫਿਰਦਾ ਹੈ ਕਿ ਇਹ ਕੰਮ ਮੈਂ ਕੀਤਾ ਹੈ। ਉਹ ਕੰਮ ਵੀ ਮੈਂ ਹੀ ਕੀਤਾ ਹੈ। ਇਸ ਤਰ੍ਹਾਂ ਪ੍ਰਮਾਤਮਾਂ ਨੂੰ ਭੁੱਲ ਕੇ ਬੱਕਰੀ ਵਾਂਗ 'ਮੈਂ ਮੈਂ' ਕਰਦਾ ਆਪਣੀ ਆਯੂ ਭਾਵ ਮਾਨਸ ਜਨਮ ਅਜਾਈਂ ਗੁਆ ਲੈਂਦਾ ਹੈ। ਵੈਸ਼ੇਖਕ-ਸ਼ਾਸਤਰ ਅਨੁਸਾਰ ਆਪਣੇ ਕਰਮਾਂ ਵਿਚ ਬੱਧਾ ਮੁੜ ਆਉਂਦਾ ਜਾਂਦਾ ਰਹਿੰਦਾ ਹੈ ਅਤੇ ਕਲਜੁਗ ਅੰਦਰ ਆਪਣੀ ਦੇਹ ਬਦਲ ਕੇ ਫਿਰ ਆਪਣੇ ਕਰਮਾਂ ਅੰਦਰ ਹੀ ਫਸ ਜਾਂਦਾ ਹੈ। ਭਾਈ ਗੁਰਦਾਸ ਜੀ ਮਨੁਖ ਨੂੰ ਨਸੀਹਤ ਕਰਦੇ ਹਨ ਕਿ ਸਮਾਂ ਲੰਘਿਆ ਕਦੇ ਵਾਪਸ ਨਹੀਂ ਆਉਂਦਾ। ਇਸ ਕਰਕੇ ਇਨਸਾਨ ਨੂੰ ਇਸ ਜਨਮ ਵਿਚ ਹੀ ਆਪਣੀਆਂ ਸਾਰੀਆਂ ਵਾਸ਼ਨਾਵਾਂ ਨੂੰ ਛੱਡ ਕੇ ਨਿਰ-ਇੱਛਕ ਇਸ ਦੇਹ ਨੂੰ ਤਿਆਗਣਾਂ ਚਾਹੀਦਾ ਹੈ।

ਪਾਠਕ ਜੀ ਇਸ ਪਉੜੀ ਅਨੁਸਾਰ ਤੁਸੀਂ ਇਹੋ ਸਮਝਦੇ ਹੋ ਕਿ ਮਨੁਖ ਆਪਣੀਆਂ ਹੀ ਗਲਤੀਆਂ ਕਾਰਨ ਚੁਰਾਸੀ ਲੱਖ ਜੂਨਾਂ ਵਿਚ ਭਟਕਦਾ ਹੈ ਪਰ ਇਕ ਜੁਗ ਵਿਚ ਸਿਰਫ ਇਕੋ ਹੀ ਮਨੁਖਾ ਦੇਹ ਬਦਲਦਾ ਹੈ। ਇਸ ਕਰਕੇ ਮਨੁਖ ਬਾਕੀ ਹਜ਼ਾਰਾਂ ਸਾਲਾਂ ਵਿਚ ਮਨੁਖ ਦੇਹੀ ਨਹੀਂ ਪਾਉਂਦਾ ਅਤੇ ਉਸ ਦੀ ਆਤਮਾ ਹੋਰਾਂ ਜੂਨਾਂ ਵਿਚ ਭਟਕਦੀ ਰਹਿੰਦੀ ਹੈ।

ਕਈ ਭਗਤਾਂ ਨੂੰ ਇਹ ਵਹਿਮ ਰਹਿੰਦਾ ਹੈ ਕਿ ਕੋਈ ਕੀੜਾ-ਮਕੌੜਾ ਪੈਰਾਂ ਹੇਠ ਦਬ ਕੇ ਮਾਰਿਆ ਨਾ ਜਾਵੇ। ਜਿਵੇਂ ਪ੍ਰਾਣੀ ਚੌਂਹ ਜੁਗਾਂ ਵਿਚ ਸਿਰਫ ਚਾਰ ਵਾਰ ਮਾਣਸ ਦੇਹੀ ਪ੍ਰਾਪਤ ਕਰਦਾ ਹੈ। ਕਈ ਜੁਗ ਤਾਂ ਲੱਖਾਂ ਸਾਲਾਂ ਦੀ ਉਮਰ ਦੇ ਹੁੰਦੇ ਹਨ। ਮਨੁਖ ਮਾਣਸ ਦੇਹੀ ਦੀ ਉਮਰ ਭੋਗ ਕੇ, ਜੁਗਾਂ ਦੇ ਬਾਕੀ ਦੇ ਰਹਿੰਦੇ ਜੁਗਾਂ ਵਿਚ ਕਈ ਹੋਰ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਇਸ ਵਹਿਮ ਕਰਕੇ ਕਈ ਭਗਤ ਧਰਤੀ ਉਪਰ ਪੈਰ ਧਰਨ ਸਮੇਂ ਇਹ ਵੇਖਦੇ ਹਨ ਕਿ ਕੋਈ ਕੀੜਾ ਮਕੌੜਾ ਪੈਰਾਂ ਹੇਠ ਤਾਂ ਨਹੀਂ ਆ ਜਾਵੇਗਾ। ਕਿਉਂਕਿ ਉਹ ਜਾਣ ਗਏ ਹੁੰਦੇ ਹਨ ਕਿ ਇਕ ਦਿਨ ਉਨ੍ਹਾਂ ਨੇ ਵੀ ਇਸ ਜੂਨ ਵਿਚ ਪੈਣਾ ਹੈ। ਇਸੇ ਡਰ ਦੇ ਮਾਰੇ ਕਈ ਭਗਤ ਬੇਜ਼ੁਬਾਨ ਜੀਵ-ਜੰਤੂਆਂ ਦੀ ਰੱਖਿਆ ਕਰਦੇ ਹਨ। ਉਨ੍ਹਾਂ ਦੇ ਖਾਣ ਪੀਣ ਦਾ ਪੂਰਾ ਖਿਆਲ ਰਖਦੇ ਹਨ। ਇਥੋਂ ਤੱਕ ਕੇ ਏਸੇ ਡਰ ਕਾਰਨ ਕਈ ਭਗਤ ਤਾਂ ਖੜ੍ਹੀਆਂ ਫਸਲਾਂ ਉਪਰ ਦਾਤੀ ਵੀ ਨਹੀਂ ਚਲਾਉਂਦੇ। ਬੇਰੀ ਤੋਂ ਦਾਤਣ ਨਹੀਂ ਵੱਢਦੇ। ਉਨ੍ਹਾਂ ਨੂੰ ਦਰੱਖਤ ਜਾਂ ਫਸਲਾਂ ਵੀ ਇਕ ਜੂਨ ਨਜ਼ਰ ਆਉਂਦੀ ਹੈ।

----

## ਵਾਰ ਪਹਿਲੀ

*ਪਉੜੀ 16 (ਕਲਜੁਗ ਕੇ ਕਰਮ)*

ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤਿ ਕੀ ਚਲੈ ਨ ਕਾਈ।
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠਉੜਿ ਨ ਪਾਈ।
ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ।
ਪਾਇਆ ਮਾਨਸ ਦੇਹਿ ਕਉ ਐਥੋਂ ਚੁਕਿਆ ਠੋਰ ਨ ਠਾਈ।
ਕਲਿਜੁਗਿ ਕੇ ਉਪਕਾਰਿ ਸੁਣਿ ਜੈਸੇ ਬੇਦ ਅਰਥਵਣ ਗਾਈ।
ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰਪੁਰਬਿ ਕਮਾਈ।
ਕਰਿ ਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।
ਕਲਿਜੁਗਿ ਨਾਵੈ ਕੀ ਵਡਿਆਈ।।16।।

---

*ਸਾਧਨਾ: ਕਾਰਜ। ਲਹੇ: ਲਹਿ ਜਾਣਾ। ਚਕਿਆ: ਭੁੱਲਿਆ। ਹੋਮ: ਅੱਗ ਵਿਚ ਘਿਉ ਸਾੜ ਕੇ ਜੱਗ ਕਰਨਾ। ਗੁਰਪੁਰਬਿ: ਬਜ਼ੁਰਗਾਂ ਦੇ ਦਿਨ ਦਿਹਾੜੇ ਮਨਾਉਣੇ।*

ਜਿਵੇਂ ਕਰਾਦ ਮੁਨੀ ਨੇ ਵੈਸ਼ੇਖਕ-ਸ਼ਾਸਤਰ ਅੰਦਰ ਲਿਖਿਆ ਹੈ ਕਿ ਕਰਮਾਂ ਬਿਨ੍ਹ ਬੰਦੇ ਨੂੰ ਮੁਕਤੀ ਕਦੇ ਨਹੀਂ ਮਿਲ ਸਕਦੀ। ਕਲਜੁਗ ਅੰਦਰ ਜੋ ਵੀ ਕੋਈ ਕਰਮ ਕਰੇਗਾ

ਉਸੇ ਤਰ੍ਹਾਂ ਦਾ ਹੀ ਉਸਨੂੰ ਫਲ ਮਿਲੇਗਾ। ਸਤਜੁਗ ਵਾਂਗ ਇਕ ਦੀ ਗਲਤੀ ਦੀ ਸਜ਼ਾ ਸਾਰੇ ਦੇਸ਼ ਨੂੰ ਨਹੀਂ ਮਿਲ ਸਕਦੀ ਪਰ ਕਲਜੁਗ ਵਿਚ ਕਿਸੇ ਕਰਮ ਜਾਂ ਕਿਸੇ ਵਲੋਂ ਕੀਤੀ ਕਮਾਈ ਭਗਵਾਨ ਦੀ ਭਗਤੀ ਬਿਨ੍ਹਾਂ ਕਿਸੇ ਵੀ ਅਰਥ ਦੀ ਨਹੀਂ ਰਹਿੰਦੀ। ਭਗਵਾਨ ਦੀ ਭਗਤੀ ਬਿਨ੍ਹਾਂ, ਭਗਵਾਨ ਦੇ ਹੁਕਮ ਬਿਨ੍ਹਾਂ, ਭਗਵਾਨ ਦੀ ਮਿਹਰ ਬਿਨ੍ਹਾਂ ਨਾ ਕਿਸੇ ਨੂੰ ਇਸ ਜਨਮ ਵਿਚ ਕੋਈ ਢੋਈ ਮਿਲਣੀ ਹੈ ਅਤੇ ਨਾ ਹੀ ਅਗੇ ਜਾ ਕੇ ਕਿਸੇ ਦੀ ਪੁਛ-ਪ੍ਰਤੀਤ ਹੋਣੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪਿਛਲੇ ਜੁਗਾਂ ਦੇ ਕੀਤੇ ਚੰਗੇ ਮਾੜੇ ਕਰਮਾਂ ਦੇ ਫਲ ਇਸ ਜੁਗ ਵਿਚ ਬੰਦੇ ਦੇ ਗਲੋਂ ਸਭ ਉਤਰ ਜਾਂਦੇ ਹਨ। ਇਕ ਕਲਜੁਗ ਹੀ ਹੈ ਜਿਸ ਅੰਦਰ ਮਨੁਖ ਆਪਣੀ ਮੁਕਤੀ ਜਲਦੀ ਇਸ ਤਰ੍ਹਾਂ ਕਰਵਾ ਸਕਦਾ ਹੈ ਕਿਉਂਕਿ ਪਿਛਲੇ ਜਨਮਾਂ ਦੇ ਫਲ ਸਾਰੇ ਦੇ ਸਾਰੇ ਕਲਜੁਗ ਵਿਚ ਆ ਕੇ ਸਭ ਮੁਆਫ ਹੋ ਜਾਣੇ ਹਨ। ਇਸ ਕਰਕੇ ਜੇਕਰ ਪ੍ਰਾਣੀ ਕਲਜੁਗ ਵਿਚ ਕੋਈ ਚੰਗੇ ਕਰਮ ਕਰਦਾ ਹੈ। ਭਗਵਾਨ ਦੀ ਪ੍ਰੇਮਾ ਭਗਤੀ ਕਰਦਾ ਹੈ ਤਾਂ ਉਸਨੂੰ ਮੁਕਤੀ ਮਿਲਣ ਦੇ ਸਾਰੇ ਰਸਤੇ ਸਾਫ ਹੋ ਜਾਂਦੇ ਹਨ। ਬਹੁਤ ਜੂਨਾਂ ਬਾਅਦ ਮਨੁਖਾ ਜਨਮ ਮਿਲਿਆ ਹੈ ਭਾਈ ਗੁਰਦਾਸ ਜੀ ਮਨੁਖ ਨੂੰ ਨਸੀਹਤ ਕਰਦੇ ਹਨ ਜੇਕਰ ਕਲਜੁਗ ਵਿਚ ਕੋਈ ਪ੍ਰਾਣੀ ਭਗਤੀ ਨਹੀਂ ਕਰਦਾ ਜਾਂ ਇਕ ਪ੍ਰਮਾਤਮਾ ਦਾ ਜੱਸ ਨਹੀਂ ਗਉਂਦਾ ਤਾਂ ਫਿਰ ਉਸਦੀ ਪੁਛ ਨਾ ਏਥੇ ਹੋਣੀ ਹੈ ਅਤੇ ਨਾ ਹੀ ਅਗੇ ਜਾ ਕੇ ਕੋਈ ਢੋਈ ਮਿਲਣੀ ਹੈ। ਮਨੁਖ ਨੂੰ ਮੁਕਤੀ ਵੀ ਜੁਗਾਂ ਬਾਅਦ ਹੀ ਮਿਲਣੀ ਹੈ। ਜਿਵੇਂ ਅਥਰਵਣਿ ਬੇਦ ਵਿਚ ਦਸਿਆ ਗਿਆ ਹੈ ਕਿ ਕਲਜੁਗ ਦੇ ਉਪਕਾਰ ਬਹੁਤ ਹਨ। ਉਨ੍ਹਾਂ ਉਪਕਾਰਾਂ ਦਾ ਮਨੁਖ ਨੂੰ ਲਾਭ ਉਠਾਉਣਾ ਚਾਹੀਦਾ ਹੈ। ਕਲਜੁਗ ਅੰਦਰ ਪ੍ਰੇਮਾ ਭਗਤੀ ਹੀ ਪ੍ਰਮਾਤਮਾ ਨੂੰ ਪਰਵਾਨ ਹੈ। ਪੂਰਵਜਾਂ ਦੇ ਦਿਨ ਦਿਹਾੜੇ ਮਨਾਉਣੇ ਚਾਹੀਦੇ ਹਨ। ਪੂਰਵਜਾਂ ਦੀ ਕਮਾਈ ਨੂੰ ਚਿਤਾਰਨਾ ਚਾਹੀਦਾ ਹੈ। ਹੋਮ ਜੱਗ ਕਰਵਾਉਣੇ ਚਾਹੀਦੇ ਹਨ। (ਹੋਮ ਜਗ ਸਮੇਂ ਦੇਵਤਿਆਂ ਵਾਸਤੇ ਅਗਨ ਵਿਚ ਘਿਉ ਨੂੰ ਜਲਾਇਆ ਜਾਂਦਾ ਹੈ। ਅਜਿਹਾ ਰਿਗ-ਬੇਦ ਅਤੇ ਜੁਜੁਰ-ਬੇਦ ਵਿਚ ਵੀ ਦਸਿਆ ਗਿਆ ਹੈ। ਦੋ ਹੋਰ ਹੋਮ ਜਗ ਹਨ ਜਿਵੇਂ ਜਲ-ਹੋਮ ਭਾਵ ਜਲ ਨੂੰ ਕੁਝ ਭੇਟ ਕਰਨਾ। ਪਵਨ-ਹੋਮ ਭਾਵ ਹਵਾ ਨੂੰ ਕੋਈ ਬਲੀਦਾਨ ਦੇਣਾ ਆਦਿ। ਸਭ ਕੁਝ ਆਉਂਦਿਆ ਹੋਇਆ ਜਾਂ ਸਭ ਕੁਝ ਕਰ ਸਕਦਿਆਂ ਹੋਇਆ ਹਮੇਸ਼ਾ ਨੀਵੇਂ ਰਹਿਣਾ, ਮਿੱਠੀ ਰਸਨਾ ਰਖਣੀ ਹੈ ਪ੍ਰਮਾਤਮਾ ਨੂੰ ਮਨਜ਼ੂਰ ਹੈ। ਇਹ ਪ੍ਰਮਾਤਮਾ ਦੀ ਰੀਤ ਹੈ ਜਿਵੇਂ ਪ੍ਰਮਾਤਮਾ ਸਭ ਕੁਝ ਕਰ ਸਕਦਾ ਹੋਣ ਦੇ ਬਾਵਜੂਦ ਵੀ ਕਿਸੇ ਨੂੰ ਆਪਣਾ ਵਡੱਪਣ ਨਹੀਂ ਚਿਤਾਰਦਾ ਅਤੇ ਨਾ ਹੀ ਕਿਸੇ ਨੂੰ ਆਪਣਾ ਆਪ ਵਿਖਾਲਦਾ ਹੈ। ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਕਿ ਕਲਜੁਗ ਵਿਚ ਤਾਂ ਇਕ ਪ੍ਰਮਾਤਮਾ ਦੇ ਨਾਮ ਨੂੰ ਯਾਦ ਰਖਣਾ ਹੀ ਇਕ ਵਡਿਆਈ ਦਾ ਕਾਰਜ ਹੈ।

----

## ਵਾਰ ਪਹਿਲੀ,

*ਪਉੜੀ 17 (ਜੁਗ ਗਰਦੀ)*

ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।
ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।
ਭੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।
ਸਤਿਗੁਰ ਬਾਂਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।
ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਬਣਜਾਰਾ।
ਚੜੇ ਸੂਰ ਮਿਟਿ ਜਾਇ ਅੰਧਾਰਾ।।17।।

---

*ਜੁਗਿ ਗਰਦੀ: ਜੁਗ ਬਦਲੀ। ਗਿਲਾਨਿ: ਨਫਰਤ। ਵੇਦ: ਗਿਆਨ। ਭਵਜਲ: ਜਗਤ।*

ਜੁਗ ਗਰਦੀ ਤੋਂ ਭਾਵ ਜਦ ਜੁਗ ਬਦਲਦਾ ਹੈ ਤਾਂ ਬਹੁਤ ਘਸਮਾਨ ਮਚਦਾ ਹੈ। ਦੁਨੀਆਂ ਸਚੇ ਮਾਰਗ ਤੋਂ ਹੱਟ ਕੇ ਝੂਠੇ ਮਾਰਗ ਉਪਰ ਚਲਣ ਲਗਦੀਹੈ। ਸਭ ਪਾਸੇ ਹਨੇਰ-ਗਰਦੀ ਫੈਲ ਜਾਂਦੀ ਹੈ। ਇਕ ਦੂਜੇ ਨੂੰ ਲੋਕ ਨਫਰਤ ਕਰਨ ਲੱਗ ਪੈਂਦੇ ਹਨ। ਜਗਤ ਵਿਚ ਪਾਪ, ਅਪਰਾਧ ਅਤੇ ਅਨਿਆ ਹੋਣ ਲਗਦਾ ਹੈ। ਭਰਿਸ਼ਟਾਚਾਰ ਵੱਧ ਜਾਂਦਾ ਹੈ। ਲੋਕ ਅਸਭਿਅਕ ਬਣ ਜਾਂਦੇ ਹਨ। ਇਕ ਵਰਨ ਦੂਜੇ ਵਰਨ ਨਾਲ ਲੜ ਲੜਇਸ ਤਰ੍ਹਾਂ ਮਰ ਜਾਂਦਾ ਹੈ ਜਿਵੇਂ ਬਾਂਸ ਦੂਜੇ ਬਾਂਸ ਨਾਲ ਰਗੜ ਖਾ ਕੇ ਜਲਣ ਲਗਦਾ ਹੈ। ਬੇਦਾਂ ਦੀ ਨਿੰਦਿਆ ਹੋਣ ਲਗਦੀ ਹੈ। 'ਸ਼ਿਵ ਸੰਹਿਤਾ' ਵਿਚ ਲਿਖਿਆ ਪੜ੍ਹਿਆ ਜਾਂਦਾ ਹੈ ਕਿ ਜਿਸ ਨੂੰ ਪੜ੍ਹ ਕੇ ਪ੍ਰਮਾਤਮਾ ਨੂੰ ਮਿਲਣ ਦਾ ਰਾਸਤਾ ਨਾ ਪਤਾ ਚਲੇ ਉਸਨੂੰ ਬੇਦ ਨਹੀਂ ਕਿਹਾ ਜਾ ਸਕਦਾ। ਇਸ ਕਰਕੇ ਜੋ ਚਾਰ ਬੇਦ ਰਚੇ ਗਏ ਹਨ, ਉਨ੍ਹਾਂ ਵਿਚ ਸਿਰਫ ਤੇ ਸਿਰਫ, ਕਰਮ-ਕਾਂਢ ਭਰਮ ਭੁਲੇਖੇ ਪਾਉਣ ਵਾਲੇ ਮੰਤਰ, ਜੱਗ ਆਦਿਕ ਕਰਨ ਕਰਾਉਣ ਦੇ ਢੰਗ ਅਤੇ ਉਨ੍ਹਾਂ ਫਲ ਅਤੇ ਦੇਵੀ ਦੇਵਤਿਆਂ ਦੀਆਂ ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਹੀ ਪੜ੍ਹੀਆਂ ਜਾਂਦੀਆਂ ਹਨ। ਇਸ ਕਰਕੇ ਅਸੀਂ ਦਸੀਦੇ ਚਾਰ ਬੇਦਾਂ ਨੂੰ ਬੇਦ ਨਹੀਂ ਆਖ ਸਕਦੇ ਕਿਉਂਕਿ ਉਨ੍ਹਾਂ ਅਨੁਸਾਰ ਚਲ ਕੇ ਮਨੁਖ ਰੱਬ ਨੂੰ ਮਿਲਣ ਦੀ ਬਜਾਏ ਨਰਕਾਂ ਵਿਚ ਪਹੁੰਚ ਜਾਵੇਗਾ। ਭਾਵ ਜੇਕਰ ਪ੍ਰਮਾਤਮਾ ਨੂੰ ਮਿਲਣ ਦਾ ਰਸਤਾ ਪੂਰਵ ਵੱਲ ਜਾਂਦਾ ਹੈ ਤਾਂ ਬੇਦ ਤੁਹਾਨੂੰ ਉਤਰ ਵੱਲ ਲੈ ਜਾਵੇਗਾ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਲੋਕਾਂ ਨੇ ਬੇਦਾਂ ਅਤੇ ਗ੍ਰੰਥਾਂ ਦੀ ਆੜ੍ਹ ਵਿਚ ਹੱਟੀਆਂ ਖੋਲ੍ਹੀਆਂ ਹੋਈਆਂ ਹਨ। ਅਜਿਹਾ ਕਰਕੇ ਉਨ੍ਹਾਂ ਦਾ ਭਵਜਲ ਪਾਰ ਕਰ ਜਾਣਾ ਬਿਲਕੁਲ ਅਸੰਭਵ ਹੈ। ਇਸ ਸਿਧਾਂਤ ਨੂੰ ਇਕ ਸੱਚੇ ਸਤਗੁਰ ਬਿਨ੍ਹਾਂ ਕੋਈ ਹੋਰ ਸਮਝਾ ਨਹੀਂ ਸਕਦਾ। ਜਦ ਜੁਗ ਗਰਦੀ ਅਰੰਭ ਹੋ ਜਾਂਦੀ ਹੈ ਤਾਂ ਫਿਰ ਧਰਤੀ ਉਪਰ ਕੋਈ ਅਵਤਾਰ ਆਣ ਕੇ ਸ਼ਾਂਤੀ ਵਰਤਾ ਸਕਦਾ ਹੈ। ਪ੍ਰਮਾਤਮਾ ਇਕ ਹੈ ਅਤੇ ਉਹੀ ਹੀ ਦੁਨੀਆਂ ਦੀ ਪੱਤ ਨੂੰ ਰਖਣ

ਵਾਲਾ ਸੱਚਾ ਸ਼ਾਹ ਹੈ। ਦੁਨੀਆਂ ਤਾਂ ਉਸ ਸੱਚੇ ਸ਼ਾਹ ਨਾਲ ਸਚ ਦੀ ਵਣਜ ਕਰ ਸਕਦੇ ਹਨ। ਦੁਨੀਆਂ ਨੂੰ ਉਸ ਸੱਚੀ ਵਣਜ ਦਾ ਕੀ ਫਾਇਦਾ ਹੋਵੇਗਾ ਭਾਈ ਗੁਰਦਾਸ ਜੀ ਲਿਖਦੇ ਹਨ ਉਨ੍ਹਾਂ ਦੇ ਮਨਾ ਵਿਚ ਇਸ ਤਰ੍ਹਾਂ ਗਿਆਨ ਦਾ ਚਾਨਣਾ ਹੋ ਜਾਂਦਾ ਹੈ ਜਿਵੇਂ ਸੂਰਜ ਨਿਕਲਣ ਨਾਲ ਸਾਰਾ ਅਗਿਆਨ ਹਨੇਰੇ ਵਿਚ ਗੁਸੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

ਭਾਈ ਗੁਰਦਾਸ ਜੀ ਦਾ ਵਿਚਾਰ ਹੈ ਕਿ ਕਿਸੇ ਜੁਗ ਦੇ ਬਦਲਣ ਨਾਲ ਇਕ ਦੂਜੇ ਨੂੰ ਲੋਕ ਨਫਰਤ ਕਰਨ ਲੱਗ ਪੈਂਦੇ ਹਨ। ਜਗਤ ਵਿਚ ਪਾਪ, ਅਪਰਾਧ ਅਤੇ ਅਨਿਆ ਹੋਣ ਲਗਦਾ ਹੈ। ਭਰਿਸ਼ਟਾਚਾਰ ਵੱਧ ਜਾਂਦਾ ਹੈ। ਲੋਕ ਅਸਭਿਅਕ ਬਣ ਜਾਂਦੇ ਹਨ। ਇਕ ਵਰਨ ਦੂਜੇ ਵਰਨ ਨਾਲ ਲੜ ਲੜ ਇਸ ਤਰ੍ਹਾਂ ਮਰ ਜਾਂਦਾ ਹੈ ਜਿਵੇਂ ਬਾਂਸ ਦੂਜੇ ਬਾਂਸ ਨਾਲ ਰਗੜ ਖਾ ਕੇ ਜਲਣ ਲਗਦਾ ਹੈ। ਕੀ ਅਜਿਹਾ ਸਤਿਜੁਗ, ਤ੍ਰੇਤਾ ਅਤੇ ਦੁਆਪਰ ਜੁਗ ਬਦਲਣ ਨਾਲ ਹੋਇਆ ਹੋਵੇਗਾ। ਇਹ ਮੇਰਾ ਆਪਣਾ ਵਿਚਾਰ ਹੈ ਕਿ ਕਦਾਚਿਤ ਨਹੀਂ ਹੋਇਆ ਹੋਵੇਗਾ।

----

## ਵਾਰ ਪਹਿਲੀ

*ਪਉੜੀ 18 (ਬੋਧ ਮਤ)*

ਕਲਿਜੁਗਿ ਬੋਧੁ ਅਉਤਾਰੁ ਹੈ ਬੋਧੁ ਅਬੋਧੁ ਨ ਦ੍ਰਿਸਟੀ ਆਵੈ।
ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨ ਭਾਵੈ।
ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
ਪਉਣੁ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ।
ਫੋਕਿਟ ਧਰਮੀ ਭਰਮਿ ਭੁਲਾਵੈ।।18।।

---

*ਸਿਲਾ: ਪੱਥਰ। ਗੋਰੀ: ਕਬਰ। ਵਾਦਿ: ਝਗੜਾ। ਸੂਰੁ: ਸੂਰਜ। ਬੈਸੰਤਰੋ: ਅੱਗ।*

ਕਲਜੁਗ ਵਿਚ ਹਿੰਦੂ ਧਰਮ ਦੇ ਦੋ ਅਵਤਾਰ ਹੋਏ ਹਨ। ਇਕ ਬੁੱਧ ਅਤੇ ਦੂਸਰਾ ਕਲਕੀ ਜੀ ਆਦਿ। ਉਨ੍ਹਾਂ ਦੇ ਕਲਜੁਗ ਅੰਦਰ ਅਵਤਾਰ ਧਾਰਨ ਬਾਵਜੂਦ ਵੀ ਕਿਤੇ ਗਿਆਨ ਅਗਿਆਨ ਨਜ਼ਰ ਨਹੀਂ ਆਉਂਦਾ। ਇਸ ਸਾਰੀ ਪਉੜੀ ਅੰਦਰ ਕਲਜੁਗ ਅੰਦਰ ਲੋਕਾਂ ਦੇ ਵਖੋ ਵਖਰੇ ਵਿਸ਼ਵਾਸ ਦਰਜ ਕੀਤੇ ਹਨ। ਏਥੇ ਮੈਂ ਦਸਦਾ ਜਾਵਾਂ ਕਿ ਹਿੰਦੂਮਤ ਅਨੁਸਾਰ ਸਾਰੇ ਜੁਗਾਂ ਵਿਚ ਕੁਲ ਚੌਵੀ ਅਵਤਾਰ ਹੋਏ ਹਨ, ਜਿਵੇਂ; ਮੱਛ, ਕੱਛਪ, ਵਰਾਹ, ਮੋਹਿਨੀ, ਪਰਸ ਰਾਮ, ਕ੍ਰਿਸ਼ਨ, ਬਲਰਾਮ, ਵਾਮਨ, ਬੁੱਧ, ਨਾਰਦ, ਦਿਤ-ਨਾਥ, ਅਦਿਤ-ਨਾਥ, ਸੰਭਵ-ਨਾਥ, ਕਪਿਲ, ਬਿਆਸ, ਹੰਸ, ਨਰ, ਨਾਰਾਇਨ, ਧੰਨਤਰਿ, ਰਿਸਭਦੇਵ, ਹਯ-ਗ੍ਰਿਵਿ, ਵੈਵਸ੍ਰਤਮਨ, ਪ੍ਰਿਥੁ ਅਤੇ ਨਿਰਸਿੰਘ ਆਦਿ। ਇਨ੍ਹਾਂ ਸਾਰੇ ਅਵਤਾਰਾਂ ਨੇ ਲੋਕਾਂ ਕੋਲੋਂ ਆਪਣੀ ਭਗਤੀ ਕਰਵਾਈ ਹੈ। ਗੁਰਬਾਣੀ ਅਨੁਸਾਰ ਮਨੁਖ ਨੂੰ ਭਉ-ਭਗਤੀ ਸਿਰਫ ਇਕ ਪ੍ਰਮਾਤਮਾ

ਦੀ ਕਰਨੀ ਚਾਹੀਦੀ ਹੈ।ਕਲਜੁਗ ਕੋਈ ਵੀ ਕਿਸੇ ਨੂੰ ਕੁਝ ਕਹਿਣ ਵਾਲਾ ਨਹੀਂ ਹੈ। ਜਿਸਦੇ ਵੀ ਮਨ ਵਿਚ ਜੋ ਆਉਂਦਾ ਉਹ ਉਹੀ ਕਰੀ ਜਾਂਦਾ ਹੈ। ਕਿਸੇ ਨੇ ਬੇਜਾਨ ਪੱਥਰ ਦੀ ਪੂਜਾ ਕਰਵਾਈ ਹੈ। ਕਿਸੇ ਨੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰਵਾਈ ਹੈ। ਬੁੱਧ ਨੇ ਆਪਣੇ ਦੰਦ ਮੱਠ ਦੀ ਪੂਜਾ ਕਰਵਾਈ ਹੈ। ਕਈਆਂ ਨੇ ਠਾਕਰ ਦੁਆਰੇ, ਮੜ੍ਹੀ-ਮਸਾਣਾਂ ਭਾਵ ਕਬਰਾਂ (ਗੋਰੀ) ਦੀ ਪੂਜਾ ਕਰਵਾਈ ਹੈ। ਤੰਤਰ ਅਤੇ ਮੰਤਰ ਵਰਗੇ ਪਖੰਡ ਕਰਕੇ ਲੋਕਾਂ ਵਿਚ ਕਲਾਹ, ਕ੍ਰੋਧ ਅਤੇ ਵਾਧੂ ਦਾ ਝਗੜਾ ਵਧਾਇਆ ਹੈ। ਲੋਕ ਆਪ ਹੁਦਰੇ ਹੋ ਕੇ ਨਿਆਰੇ ਤੋਂ ਨਿਆਰੇ ਅਤੇ ਵੱਖੋ ਵੱਖਰੇ ਧਰਮ ਚਲਾ ਰਹੇ ਹਨ। ਕੋਈ ਚੰਦਰਵਾਂ ਨੂੰ ਪੂਜਦਾ ਹੈ, ਕੋਈ ਸੂਰਜ ਨੂੰ, ਕੋਈ ਧਰਤੀ ਨੂੰ, ਕੋਈ ਆਕਾਸ਼ ਨੂੰ, ਕੋਈ ਅੱਗ ਨੂੰ ਅਤੇ ਕੋਈ ਧਰਮ ਰਾਜ ਦੀ ਪੂਜਾ ਕਰਕੇ ਉਸਨੂੰ ਰੁਝਾਉਣ ਵੱਲ ਰੁਚਿਤ ਹੋਇਆ ਹੈ। ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਕਿ ਅਜਿਹੀ ਅਵਤਾਰਾਂ ਅਤੇ ਧਾਮਾਂ ਦੀ ਪੂਜਾ ਨਾਮ ਦਾਨ ਤੋਂ ਬਿਨ੍ਹਾਂ ਸਭ ਵਿਅਰਥ ਹੈ। ਮਨ ਵਿਚ ਭੁੱਲਾਂ ਅਤੇ ਭੁਲੇਖੇ ਪਾਉਣ ਤੋਂ ਸਵਾਏ ਹੋਰ ਕੁਝ ਵੀ ਨਹੀਂ ਹੈ।

----

## ਵਾਰ ਪਹਿਲੀ

*ਪਉੜੀ 19 (ਭੇਖ-ਨਿਰਣਯ)*

ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।
ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟੁ ਦਰਸਨ ਬਹੁ ਵੈਰਿ ਨਾਲਿ ਛਤੀਸ ਪਖੰਡ ਰਲਾਏ।
ਤੰਤ੍ਰ ਮੰਤ੍ਰ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪੀ ਘਣੇ ਦਿਖਾਏ।
ਕਲਿਜੁਗਿ ਅੰਦਰਿ ਭਰਮਿ ਭੁਲਾਏ।।19।।

---

*ਜੰਗਮ: ਥਾਂ ਥਾਂ ਫਿਰਨ ਵਾਲੇ। ਸਰੇਵੜ: ਜੈਨੀ, ਬੋਧੀ। ਦਿਗੰਬਰਿ: ਨਾਂਗੇ ਵਾਦਿ: ਝਗੜਾ। ਖਟੁ: ਛੇ।*

ਸਾਰੇ ਸੰਸਾਰ ਵਿਚ ਨਫਰਤ ਫੈਲ ਗਈ। ਚਾਰ ਵਰਨਾਂ ਜਿਵੇਂ ਬ੍ਰਾਹਮਣ, ਖੱਤਰੀ ਵੈਸ਼ ਅਤੇ ਸ਼ੂਦਰ ਨੇ ਅਗੇ ਚਾਰ ਆਸ਼ਰਮ ਬਣਾਏ ਜਿਵੇਂ ਬ੍ਰਹਮਚਾਰੀਆ, ਗ੍ਰਿਹਸਥ, ਬਾਨ ਪ੍ਰਸਤ ਅਤੇ ਸੰਨਿਆਸ ਆਦਿ। ਦਸ ਤਰ੍ਹਾਂ ਦੇ ਸੰਨਿਆਸੀ ਬਣੇ ਜਿਵੇਂ; ਤੀਰਥ, ਆਸ਼ਰਮ, ਵਨ, ਅਰਣਯ, ਗਿਰਿ, ਪਰਵਤ, ਸਾਗਰ, ਸਰਸੁਤੀ, ਭਾਰਤੀ ਅਤੇ ਪੁਰੀ ਆਦਿ ਅਤੇ ਬਾਰਾਂ ਪ੍ਰਕਾਰ ਦੇ ਜੋਗੀ ਬਣੇ ਜਿਵੇਂ; ਹੇਤੂ, ਪਾਵ, ਆਈ, ਗਮਨ, ਪਾਗਲ, ਗੋਪਾਲ, ਕੰਬੜੀ, ਬਨ, ਧ੍ਰਜ, ਚੋਈ, ਰਾਵਲ ਅਤੇ ਦਾਸ-ਪੰਥ ਆਦਿ ਨੇ ਆਪੋ ਆਪਣਾ ਰੌਲਾ ਪਾਇਆ। ਜੰਗਮ ਭਾਵ

ਜਿਹੜੇ ਰਾਤ ਦਿਨ ਤੁਰਦੇ ਹੀ ਰਹਿੰਦੇ ਹਨ ਜਾਂ ਜਿਹੜੇ ਇਕ ਥਾਂ ਬੈਠ ਕੇ ਆਪਣੀ ਉਮਰ ਨਾ ਗੁਜ਼ਾਰਦੇ ਹੋਣ ਭਾਵ ਟੱਪਰੀਵਾਸ, ਸਰੇਵੜਿਆਂ ਤੋਂ ਭਾਵ ਜੈਨੀ, ਬੋਧੀ ਅਤੇ ਨਾਂਗਿਆਂ ਨੇ ਲੋਕਾਂ ਨੂੰ ਬਹੁਤ ਵਾਦ ਵਿਵਾਦ ਵਿਚ ਪਾਇਆ। ਬ੍ਰਾਹਮਣਾਂ ਨੇ ਕਈ ਯਤਨ ਅਤੇ ਅਯਤਨ ਕਰਕੇ ਸ਼ਾਸਤਰ, ਵੇਦ ਅਤੇ ਪੁਰਾਨਾਂ ਵਿਚ ਕਈ ਤਰ੍ਹਾਂ ਦੇ ਭੇਦ ਅਤੇ ਅਭੇਦ ਪਾਏ। ਭਾਵ ਉਨ੍ਹਾਂ ਦੇ ਵਿਚ ਦਰਜ ਵਿਚਾਰਾਂ ਦਾ ਬਹੁਤ ਵਾਦ ਵਿਵਾਦ ਵਧਾਇਆ। ਛੇ ਤਰ੍ਹਾਂ ਦੀਆਂ ਫਿਲਾਸਫੀਆਂ (ਵੇਖੋ ਖਟ-ਸ਼ਾਸਤਰ) ਨੂੰ ਦਰਸਾ ਕੇ ਵਿਚ ਛੱਤੀ ਪ੍ਰਕਾਰ ਦੇ ਭਾਵ ਅਨੇਕਾ ਪਖੰਡ ਦਰਜ ਕੀਤੇ। ਕਈ ਤਰ੍ਹਾਂ ਦੀਆਂ ਟਕਸਾਲਾਂ ਬਣਾ ਕੇ ਤੰਤਰ ਮੰਤਰ ਅਤੇ ਕਰਾਮਾਤਾਂ ਕਰਕੇ ਲੋਕਾਂ ਦੇ ਮਨਾ ਨੂੰ ਭਰਿਸ਼ਟ ਕੀਤਾ। ਇਕ ਰੂਪ ਦੇ ਬਹੁਤ ਰੂਪ ਸਰੂਪ ਬਣਾ ਕੇ ਆਪਣੇ ਆਪ ਨੂੰ ਅਗਿਆਨ ਬਣਾ ਲਿਆ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕਲਜੁਗ ਵਿਚ ਤਾਂ ਜੋਗੀਆਂ ਸੰਨਿਆਸੀਆਂ, ਜੰਗਮਾਂ ਸਰੇਵੜਿਆਂ, ਚੌਹਾਂ ਵਰਨਾਂ, ਆਸ਼ਰਮਾਂ ਨੇ ਬਹੁਤ ਭਰਮ ਭੁਲੇਖਿਆਂ ਵਿਚ ਦੁਨੀਆਂ ਨੂੰ ਪਾ ਛੱਡਿਆ ਹੈ।

----

## ਵਾਰ ਪਹਿਲੀ

*ਪਉੜੀ 20 (ਮੁਸਲਮਾਨੀ ਮਤ)*

ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦ ਯਾਰਾ।
ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।
ਪੀਰ ਪੈਕੰਬਰਿ ਅਉਲੀਏ ਗਉਸ ਕੁਤਬ ਬਹੁ ਭੇਖ ਸਵਾਰਾ।
ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
ਕਾਫਿਰ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ।।20।।

---

*ਗਉਸ਼: ਫਰਿਯਾਦ ਸੁਣਨ ਵਾਲਾ। ਕੁਤਬ: ਕਿਤਾਬਾਂ। ਠਉੜੀ: ਉਸ ਥਾਂ। ਬਿਥਾਰਾ: ਵਿਸਥਾਰ। ਕਾਫਿਰ:ਮੁਸਲਮਾਨ ਧਰਮ ਨੂੰ ਨਾ ਮੰਨਣ ਵਾਲਾ। ਮੁਲਹਦਿ: ਨਾਸਤਕ, ਅਧਰਮੀ। ਦਾਰਾ: ਤੰਗ ਕਰਨਾ, ਵਹੁਟੀ, ਔਰਤ ਆਦਿ।*

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਕਿਸੇ ਧਰਮ ਜਾਂ ਮਜ਼੍ਹਬ ਦੇ ਅਗੇ ਕਈ ਸ਼ਖਾਵਾਂ ਵਧ ਗਈਆਂ ਹਨ। ਜਿਵੇਂ ਪਉੜੀ ਚਾਰ ਵਿਚ ਵੀ ਦੱਸਿਆ ਗਿਆ ਹੈ ਕਿ ਮੁਹੰਮਦ ਨੂੰ ਅੱਲਾ ਵਲੋਂ ਮੁਸਲਮਾਨ ਮਜ਼੍ਹਬ ਥਾਪਣ ਵਾਸਤੇ ਅੱਲਾ ਦਾ ਹੁਕਮ ਹੋਇਆ ਸੀ ਜਿਸਦੇ ਪ੍ਰਚਾਰ ਵਾਸਤੇ ਅਗੇ ਚਾਰ ਹੋਰ ਪ੍ਰਚਾਰਕ ਹੋਏ ਹਨ ਜਿਵੇਂ; ਅਬੂ ਬਕਰ ਸਦੀਕ, ਉਮਰ ਫਾਰੂਕ, ਹਜ਼ਰਤ ਅਲੀ ਅਤੇ ਉਸਮਾਨ ਰਦੀ ਅਲਾ-ਅਨਹੋ ਆਦਿ। ਬਹੱਤਰ ਕੌਮਾ ਨੂੰ

ਬਣਾ ਕੇ ਮੁਹੰਮਦ ਨੇ ਦੁਨੀਆਂ ਵਿਚ ਬਹੁਤ ਵੈਰ-ਵਿਰੋਧ ਵਧਾ ਦਿਤਾ। ਮੁਸਲਮਾਨ ਧਰਮ ਦੀਆਂ ਬਹੱਤਰ ਕੋਮਾਂ ਅਗੇ ਲਿਖੇ ਪ੍ਰਕਾਰ ਹਨ; ਇਜਰਾਈਲ ਫਰਿਸ਼ਤੇ ਦੇ ਅਗੇ ਬਹੱਤਰ ਫਿਰਕੇ ਚਲੇ। ਅਰਬ ਦੇਸ਼ ਬਹੱਤਰ ਫਿਰਕਿਆਂ ਵਿਚ ਵੰਡਿਆ ਹੋਇਆ ਹੈ ਪਰ ਮੇਰੀ ਉਮਤ ਦੇ ਭਾਵ ਮੈਨੂੰ ਮੰਨਣ ਵਾਲੇ ਤਿਹੱਤਰ ਫਿਰਕੇ ਹੋਣਗੇ। ਇਨ੍ਹਾਂ ਫਿਰਕਿਆਂ ਵਿਚੋਂ ਇਕ ਤੋਂ ਛੁੱਟ ਬਾਕੀ ਸਭ ਨਰਕਾਂ ਵਿਚ ਜਾਣਗੇ। ਬਹਿਸ਼ਤ ਵਿਚ ਜਾਣ ਵਾਲਾ ਉਹੀ ਫਿਰਕਾ ਹੋਵੇਗਾ ਜਿਹੜਾ ਮੇਰੀ ਉਮਤ ਨੂੰ ਮੰਨੇਗਾ। ਭਾਵ ਜਿਹੜਾ ਫਿਰਕਾ ਮੇਰੇ ਅਸੂਲਾਂ ਉਪਰ ਚਲੇਗਾ ਸਿਰਫ ਉਹੀ ਫਿਰਕਾ ਹੀ ਬਹਿਸ਼ਤਾਂ ਵਿਚ ਜਾ ਸਕਦਾ ਹੈ। ਹਜਰਤ ਮੁਹੰਮਦ ਨੇ ਦੱਸਿਆ ਕਿ ਸੁੰਨੀ ਮੁਸਲਮਾਨਾਂ ਨੂੰ ਛੱਡ ਕੇ ਮੇਰੇ ਅਸੂਲਾਂ ਉਪਰ ਚਲਣ ਵਾਲੇ ਕੁਲ ਬਹੱਤਰ ਫਿਰਕੇ ਭਾਵ ਜਾਤੀਆਂ ਹੋਣਗੀਆਂ। ਸੁਨੀ ਮੁਸਲਮਾਨਾਂ ਨੂੰ ਛੱਡ ਕੇ ਮੁਸਲਮਾਨ ਮਜ਼ਬ ਨੂੰ ਮੰਨਣ ਵਾਲੇ ਬਹੱਤਰ ਫਿਰਕੇ ਹਨ ਜਿਹੜੇ ਅੱਠ ਅੱਠ ਜਮਾਤਾਂ ਵਿਚ ਵੰਡੇ ਹੋਏ ਹਨ ਅਤੇ ਮੁਹੰਮਦ ਸਾਹਿਬ ਤੋਂ ਬਿਨ੍ਹਾਂ ਸਮੇਂ ਸਮੇਂ ਇਨ੍ਹਾਂ ਨੂੰ ਚਲਾਉਣ ਵਾਲੇ ਬਹੱਤਰ ਮੋਢੀ ਹੋਏ ਹਨ। ਜਿਵੇਂ ਮੁਅਤਜਿਲਹ, ਸ਼ੀਅਹ, ਖ਼ਵਾਰਿਜ, ਮੁਰਜੀਯਹ, ਨੱਜਾਰੀਯਹ, ਕਬਰੀਯਹ, ਕੁਦਰੀਯਹ ਅਤੇ ਮੁਸ਼ਬੀਹ ਆਦਿ। ਮੁਸਲਮਾਨ ਮਜ਼ਬ ਅਨੁਸਾਰ ਵਰਤ ਰੱਖਣਾ ਵਰਜ਼ਤ ਹੈ।

(ਰੋਜੇ) ਸਭ ਤੋਂ ਪਹਿਲਾਂ ਸਬਦ 'ਵਰਤ' ਅਤੇ ਸਬਦ ਰੋਜ਼ੇ' ਦੇ ਅਰਥਾਂ ਨੂੰ ਸਮਝ ਲੈਣਾ ਜ਼ਰੂਰੀ ਹੈ। 'ਵਰਤ' ਇਕ ਔਰਤ ਆਪਣੇ ਖਾਵੰਦ ਵਾਸਤੇ ਰੱਖਦੀ ਹੈ। ਅਤੇ ਰੋਜ਼ੇ' ਅੱਲਾ ਵਾਸਤੇ ਰਖੇ ਜਾਂਦੇ ਹਨ। ਮੈਂ ਸਮਝਦਾ ਹੈ ਕਿ ਮੁਸਲਮਾਨ ਮਜ਼ਬ ਅੰਦਰ ਵਰਤ ਵਰਜਿਤ ਕਰ ਦਿਤਾ ਗਿਆ ਹੈ। ਭਾਵੇਂ ਸ਼ਬਦ 'ਵਰਤ' ਅਤੇ 'ਰੋਜ਼ਾ' ਦੇ ਇਕੋ ਹੀ ਭਾਂਵ-ਅਰਥ ਹਨ ਪਰ ਕਿਉਂਕਿ 'ਵਰਤ' ਸ਼ਬਦ ਹਿੰਦੂ ਧਰਮ ਨੇ ਵਰਤਿਆ ਗਿਆ ਹੈ ਅਤੇ ਉਸਦੇ ਅੰਜ਼ਾਮ ਦੇ ਫਰਕ ਦਾ ਤਰਕ ਦੇ ਕੇ ਮੁਸਲਮਾਨਾਂ ਨੇ ਵਰਤ ਨੂੰ ਵਰਜ਼ਤ ਕਰ ਦਿਤਾ ਹੈ। ਅਗੇ ਪੜ੍ਹੋ ਕਿ ਮੁਸਲਮਾਨ ਕਿੰਨੇ ਪ੍ਰਕਾਰ ਦੇ ਵਰਤ (ਰੋਜ਼ੇ) ਰਖਦੇ ਹਨ। ਮੁਸਲਮਾਨ ਰਮਜ਼ਾਨ ਦਾ ਸਾਰਾ ਮਹੀਨਾ ਰੋਜ਼ਾ ਰਖਦੇ ਹਨ।'ਮੁਹੱਰਮ ਦਾ ਦਸਵਾਂ ਦਿਨ ਜਿਸਨੂੰ ਮਿਸ਼ਕਾਂਤ ਵਿਚ 'ਅਸ਼ੂਰਾ' ਆਖਿਆ ਗਿਆ ਹੈ ਇਸ ਦਿਨ ਰੋਜ਼ਾ ਰਖਣ ਨਾਲ ਅਗਲੇ ਕੀਤੇ ਸਾਰੇ ਗੁਨਾਹ ਮੁਆਫ ਹੋ ਜਾਂਦੇ ਹਨ। ਈਦੁਲਫਿਤਰ ਤੋਂ ਅਗਲੇ ਦਿਨ ਰੋਜ਼ਾ ਰਖਣ ਨਾਲ ਪੁੰਨ ਮਿਲਦਾ ਹੈ। ਹਰ ਹਫਤੇ ਸੋਮਵਾਰ ਅਤੇ ਵੀਰਵਾਰ ਨੂੰ ਰੋਜ਼ਾ ਰਖਣ ਦੀ ਸਲਾਹ ਦਿਤੀ ਗਈ ਹੈ। ਸ਼ਾਹਬਾਨ ਦਾ ਸਾਰਾ ਮਹੀਨਾ ਰੋਜ਼ਾ ਰਖਣਾ ਇਕ ਸ਼ੁਭ ਕਰਮ ਹੈ। ਹਜਰਤ ਮੁਹੰਮਦ ਇਸ ਮਹੀਨੇ ਕੁਝ ਦਿਨ ਰੋਜ਼ਾ ਰਖਦੇ ਸਨ। ਹਰ ਮਹੀਨੇ ਦੀ 11, 14 ਅਤੇ 15 ਤਰੀਕ ਨੂੰ ਰੋਜ਼ਾ ਰਖਣ ਦੀ ਰੀਤ ਨੂੰ 'ਅਯਾਮੁਲਬੀਜ' ਅਰਥਾਤ ਰੌਸ਼ਨੀਆਂ ਦੇ ਦਿਨ ਆਖਿਆ ਜਾਂਦਾ ਹੈ। ਇਕ ਦਿਨ ਛੱਡ ਕੇ ਰੋਜ਼ਾ ਰਖਣ ਨੂੰ 'ਨਿੱਤ-ਰੋਜ਼ਾ' ਆਖਿਆ ਜਾਂਦਾ ਹੈ। ਅਜਿਹੇ ਰੋਜ਼ੇ ਅਤੇ ਦੂਜੇ ਦਿਨ ਰੋਜ਼ਾ ਰਖਣਾ 'ਦਾਊਦ' ਨੇ ਅਰੰਭ ਕੀਤਾ ਸੀ। ਇਨ੍ਹਾਂ ਦਿਨਾਂ ਵਿਚ ਕਿਸੇ ਨਾਲ ਲੜਾਈ-ਝਗੜਾ, ਕਿਸੇ ਦੀ ਨਿੰਦਿਆ ਚੁਗਲੀ ਅਤੇ ਹੋਰ ਕਈਆਂ ਤਰ੍ਹਾਂ ਦੇ ਅਕਰਮ ਅਤੇ ਅਧਰਮ ਕਰਨ ਦੀ ਮਨਾਹੀ ਹੁੰਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਏਨੇ ਰੋਜ਼ੇ ਰੱਖਣ ਦੇ ਅਡੰਬਰਾਂ ਨੇ ਲੋਕਾਂ ਨੂੰ ਨਿਕੰਮੇ ਬਣਾ ਦਿਤਾ ਹੈ।

(ਈਦ) ਮੁਸਲਮਾਨ ਮਜ਼ਬ ਅਨੁਸਾਰ ਈਦ ਦਾ ਉਤਸਵ ਦੋ ਪ੍ਰਕਾਰ ਦਾ ਹੁੰਦਾ ਹੈ।

(ੳ) ਈਦੁਲਫਿਤਰ ਓਦਿ ਅਲ-ਾਂਟਿਰਮੁਸਲਮਾਨ ਮਜ਼੍ਹਬ ਅਨੁਸਾਰ ਇਹ ਉਪਾਹਰਣ ਦਾ ਤਿਉਹਾਰ ਹੈ। ਰਮਜ਼ਾਨ ਦੇ ਰੋਜੇ ਖਤਮ ਹੋਣ ਮਗਰੋਂ ਚੰਦ ਨੂੰ ਵੇਖ ਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਰੋਜੇ ਤੋੜਨ ਦੇ ਸੰਬੰਧ ਵਿਚ ਮਨਾਇਆ ਜਾਂਦਾ ਹੈ।

(ਅ) ਈਦੁਲਅਜਹਾ (ਬਕਰੀਦ) ਾਦ-ੁਲ-ਓਡਹਅ ਮੁਸਲਮਾਨ ਮਜ਼੍ਹਬ ਅਨੁਸਾਰ ਇਹ ਕੁਰਬਾਨੀ ਦਾ ਤਿਉਹਾਰ ਹੈ। ਇਬਰਾਹੀਮ ਫਰਿਸ਼ਤੇ ਨੂੰ ਇਕ ਦਿਨ ਸੁਪਨਾ ਆਇਆ ਜਿਸ ਵਿਚ ਅੱਲਾ ਨੇ ਹੁਕਮ ਕੀਤਾ ਕਿ ਉਹ ਉਸ ਵਸਤੂ ਦੀ ਕੁਰਬਾਨੀ ਦੇਵੇ ਜਿਹੜੀ ਉਸਨੂੰ ਜਾਨ ਤੋਂ ਪਿਆਰੀ ਹੈ। ਇਬਰਾਹੀਮ ਨੇ ਅੱਲਾ ਦੇ ਹੁਕਮ ਦੀ ਤਾਮੀਲ ਕਰਦਿਆਂ ਆਪਣੇ ਪੁੱਤਰ 'ਇਸਮਾਇਲ' ਦੀ ਕੁਰਬਾਨੀ ਦੇਣੀ ਤਹਿ ਕਰ ਲਈ। ਇਬਰਾਹੀਮ ਦੀ ਅਜਿਹੀ ਸ਼ਰਧਾ ਅਤੇ ਵਿਸ਼ਵਾਸ ਵੇਖ ਕੇ, ਪ੍ਰਸੰਨ ਹੋ ਕੇ ਅੱਲਾ ਨੇ ਫਿਰ ਹੁਕਮ ਕੀਤਾ ਕਿ ਉਹ ਕਿਸੇ ਬੱਕਰੇ ਦੀ ਕੁਰਬਾਨੀ ਦੇ ਦੇਵੇ ਅਤੇ ਅੱਲਾ ਨੇ ਇਬਰਾਹੀਮ ਨੂੰ ਇਕ ਹੋਰ 'ਇਸ਼ਾਕ' ਨਾਮੀ ਪੁੱਤਰ ਵੀ ਬਖਸ਼ਿਆ। ਮੁਸਲਮਾਨ 'ਹੱਜ਼' ਇਸੇ ਕਰਕੇ ਕਰਦੇ ਹਨ ਕਿ ਇਬਰਾਹੀਮ ਨੇ ਅੱਲਾ ਦੇ ਹੁਕਮ ਨੂੰ ਆਪਣਾ ਫਰਜ਼ ਸਮਝ ਕੇ ਪੂਰਾ ਕੀਤਾ। ਇਸ ਤਿਉਹਾਰ ਸਮੇਂ ਮੁਸਲਮਾਨ ਬੱਕਰੇ ਨੂੰ ਵੱਢਦੇ ਹਨ ਅਤੇ ਇਕ ਹਿੱਸਾ ਆਪ ਖਾਂਦੇ ਹਨ। ਇਕ ਹਿੱਸਾ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਮਿਤਰਾਂ ਨੂੰ ਦਿੰਦੇ ਹਨ ਅਤੇ ਬਾਕੀ ਦਾ ਹਿੱਸਾ ਗਰੀਬਾਂ ਵਿਚ ਵੰਡਿਆ ਜਾਂਦਾ ਹੈ।

ਸ਼ਬਰਾਤ; ਸ਼ਾਬਾਨ ਮਹੀਨੇ ਦੀ ਪੰਦਰਵੀਂ ਤਰੀਕ ਨੂੰ ਮਨਾਇਆ ਜਾਂਦਾ ਹੈ। ਇਸ ਰਾਤ ਮੁਸਲਮਾਨ ਸੌਂਦੇ ਨਹੀਂ ਹਨ ਕਿਉਂਕਿ ਇਸ ਅੱਲਾ ਲੋਕਾਂ ਦੇ ਸਾਲ ਭਰ ਦੇ ਕੀਤੇ ਪੁੰਨ ਪਾਪ ਬਹੀ ਉਪਰ ਚਾੜ੍ਹਦਾ ਹੁੰਦਾ ਹੈ। ਇਸ ਤਿਉਹਾਰ ਸਮੇਂ ਵਰਤਮਾਨ ਵਿਚ ਲੋਕ ਰਸੂਲ ਦੇ ਹੁਕਮ ਵਿਰੁੱਧ ਲੋਕ ਅਸਤਬਾਜ਼ੀਆਂ ਚਲਾਉਦੇ ਹਨ।

ਨੌਰੋਜ਼ਾ; ਇਹ ਹਿਜ਼ਰੀ ਸਾਲ ਦਾ ਸਾਲ ਦਾ ਪਹਿਲਾ ਦਿਨ ਹੈ। ਨੌਰੋਜ ਦਾ ਤਿਉਹਾਰ ਪੂਰਾ ਇਕ ਹਫਤਾ ਮਨਾਇਆ ਜਾਂਦਾ ਹੈ।

ਆਖਰੀ ਚਾਰ ਸੰਬਹ; ਹੱਜ ਦੇ ਸਫਰ ਮਹੀਨੇ ਦਾ ਆਖਰੀ ਬੁੱਧਵਾਰ ਹੁੰਦਾ ਹੈ। ਇਸ ਦਿਨ ਮੁਹੰਮਦ ਸਾਹਿਬ ਨੇ ਅਰੋਗ ਹੋ ਕੇ ਇਸ਼ਨਾਨ ਕੀਤਾ ਸੀ।

ਲੈਸਤੁਰ ਗਾਇਬ; ਫਰਜ਼ ਪੂਰਾ ਕਰਨ ਦੀ ਰਾਤ ਹੈ। ਰਜਬ ਮਹੀਨੇ ਦੇ ਪਹਿਲੇ ਸ਼ੁਭ ਵਾਰ ਦੀ ਰਾਤ ਵੇਲੇ ਵਰਤ ਰਖਣਾ ਅਤੇ ਪ੍ਰਾਰਥਨਾ ਕੀਤੀ ਜਾਂਦੀ ਹੈ।

ਮੌਲੁਦ; ਤਵੱਲਦ ਹੋਣ ਦਾ ਦਿਨ ਰਬੀਉਲ ਅੱਬਲ ਦੀ 12ਵੀਂ ਤਰੀਕ ਸਮੇਂ ਪੈਗੰਬਰ ਮੁਹੰਮਦ ਦਾ ਜਨਮ ਹੋਇਆ ਸੀ।

ਨਮਾਜ਼ ਬਾਰੇ 'ਸੁਹੀਹੋ ਮੁਸਲਿਮ' ਵਿਚ ਲਿਖਿਆ ਪੜ੍ਹਿਆ ਜਾਂਦਾ ਹੈ ਕਿ ਮੁਹੰਮਦ ਸਾਹਿਬ ਸੱਤਵੇਂ ਅਸਮਾਨ ਉਪਰ ਅੱਲਾ ਨੂੰ ਮਿਲਣ ਗਏ ਤਾਂ ਉਨ੍ਹਾਂ ਕਿਹਾ ਕਿ ਤੇਰੀ ਉਮਤ ਵਾਲੇ ਨੂੰ ਦਿਨ ਦੀਆਂ 50 ਨਮਾਜ਼ਾਂ ਪੜ੍ਹਨੀਆਂ ਚਾਹੀਦੀਆਂ ਹਨ। ਮੈਂ ਅੱਲਾ ਤਾਲਾ ਨੂੰ ਆਪਣੀ ਉਮਤ ਵਾਲੇ ਲੋਕਾਂ ਦੀਆਂ ਮਜਬੂਰੀਆਂ ਦੱਸੀਆਂ ਤਾਂ ਉਹ ਦਿਨ ਦੀ ਪੰਜ ਨਮਾਜ਼ ਪੜ੍ਹਨ ਵਾਸਤੇ ਜ਼ਰੂਰੀ ਕਿਹਾ। ਜਦ ਉਹ ਮੁੜ ਕੇ ਛੇਵੇਂ ਅਸਮਾਨ ਉਪਰ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਹਜ਼ਰਤ ਮੂਸਾ ਨੇ ਕਿਹਾ ਕਿ ਲੋਕ ਦਿਨ ਵਿਚ ਪੰਜ ਨਮਾਜ਼ਾਂ ਵੀ ਨਹੀਂ ਪੜ੍ਹ ਸਕਣਗੇ। ਤੁਸੀਂ

ਵਾਪਸ ਅੱਲਾ ਕੋਲ ਜਾਓ ਅਤੇ ਉਨ੍ਹਾਂ ਨੂੰ ਨਮਾਜ਼ਾਂ ਘੱਟ ਕਰਨ ਵਾਸਤੇ ਬੇਨਤੀ ਕਰੋ ਪਰ ਮੁਹੰਮਦ ਨੇ ਹਜ਼ਰਤ ਮੂਸਾ ਨੂੰ ਕਿਹਾ ਨਹੀਂ ਹੁਣ ਉਹ ਵਾਰ ਵਾਰ ਅੱਲਾ ਨੂੰ ਅਜਿਹੀ ਬੇਨਤੀ ਨਹੀਂ ਕਰਨਗੇ। ਕੁਰਾਨੇ-ਸ਼ਰੀਫ ਵਿਚ ਭਾਵੇ ਪੰਜ ਵਕਤ ਨਮਾਜ਼ ਗੁਜ਼ਾਰਨ ਵਾਸਤੇ ਜ਼ਰੂਰੀ ਨਹੀਂ ਕਿਹਾ ਗਿਆ ਪਰ ਸੁੰਨਤ ਅਤੇ ਹਦੀਸਾਂ ਦੇ ਲੇਖ ਅਨੁਸਾਰ ਵਰਤਮਾਨ ਵਿਚ ਹੇਠ ਲਿਖੀਆਂ ਦਿਨ ਵਿਚ ਪੰਜ ਨਮਾਜ਼ਾਂ ਪੜ੍ਹਨੀਆਂ ਜ਼ਰੂਰੀ ਹਨ।

(ੳ)ਸੁਲਾਤੁਨਫਜ਼ਰ ਭਾਵ ਪਹੁ-ਫੁਟਾਲੇ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਦੀ ਨਮਾਜ਼ ਪੜ੍ਹਨੀ।

(ਅ) ਸੁਲਾਤੁਨਜੁਹਰ ਭਾਵ ਨਮਾਜ਼ਿ ਪੇਸ਼ੀਨ ਜਦ ਸੂਰਜ ਢਲਣਾ ਸ਼ੁਰੂ ਹੋਣ ਲੱਗੇ ਵਕਤ ਪੜ੍ਹਨੀ।

(ੲ) ਸੁਲਾਤੁਲਅੁਸਰ, ਨਮਾਜਿ ਦੀਗਰ ਤੀਸਰੇ ਪਹਿਰ ਦੀ ਨਮਾਜ਼ ਪੜ੍ਹਨੀ।

(ਸ) ਸੁਲਾਤੁਲ ਮਗਰਿਬ: ਨਮਾਜ਼ਿ ਸਾਗ ਸੂਰਜ ਛੁਪਣ ਤੋਂ ਲੈ ਕੇਅਸਮਾਨ ਦੀ ਲਾਲੀ ਮਿਟਣ ਸਮੇਂ ਨਮਾਜ ਪੜ੍ਹਨੀ।

(ਹ) ਸੁਲਾਤੁਲਈਸਾਨਮਾਜ ਖ਼ੁਫਤਨ ਸੌਣ ਵੇਲੇ ਨਮਾਜ਼ ਪੜ੍ਹਨੀ। ਉਪ੍ਰੋਕਤ ਪੰਜ ਨਮਾਜ਼ਾਂ ਪੜ੍ਹਨ ਦਾ ਹਰ

ਮੁਸਲਮਾਨ ਫਰਜ ਹੈ। ਇਨ੍ਹਾਂ ਨਮਾਜ਼ਾਂ ਤੋਂ ਇਲਾਵਾ ਤਿੰਨ ਹੋਰ ਨਮਾਜ਼ਾਂ ਅਖਤਿਆਰੀ ਹਨ ਜਿਨ੍ਹਾਂ ਦੇ ਪੜ੍ਹਨ ਦੇ ਭਾਰੀ ਅਤੇ ਵੱਖਰੇ ਸਵਾਬ ਹਨ।

1) ਸੁਲਾਤੁਲ ਇਸ਼ਰਾਕ, ਜਦ ਸੂਰਜ ਚੰਗੀ ਤਰ੍ਹਾਂ ਚੜ੍ਹ ਜਾਵੇ ਤਾਂ ਇਹ ਨਮਾਜ਼ ਪੜ੍ਹੀ ਜਾਂਦੀ ਹੈ।

2) ਸੁਲਾਤੁਲ ਚੂਹਾ ਇਸ ਨਮਾਜਿਚਾਸ਼ਤ ਦੇ ਪੜ੍ਹਨ ਦਾ ਸਮਾਂ ਸਵੇਰੇ ਗਿਆਰਾਂ ਵਜੇ ਦਾ ਹੈ।

3) ਸੁਲਾਤੁਲਤ ਹਜੁਦ ਨਮਾਜ਼ਿ ਤਹੱਜੁਦ ਅੱਧੀ ਰਾਤ ਤੋਂ ਕੁਝ ਚਿਰ ਪਿਛੋਂ ਪੜ੍ਹੀ ਜਾਂਦੀ ਹੈ।

ਇਨ੍ਹਾਂ ਤੋਂ ਬਿਨ੍ਹਾਂ ਦੋ ਨਮਾਜ਼ਾਂ ਦੋ ਈਦਾਂ ਦੀਆਂ ਹਨ। ਕੁਰਾਨਿਸ਼ਰੀਫ ਦੀਆਂ ਆਇਤਾ ਅਨੁਸਾਰ ਨਮਾਜ਼ ਦਾ

ਸਿਰਫ ਤੇ ਸਿਰਫ ਅਰਬੀ ਭਾਸ਼ਾ ਵਿਚ ਪੜ੍ਹਨਾ ਜਰੂਰੀ ਹੈ। ਨਮਾਜ਼ ਪੜ੍ਹਨ ਤੋਂ ਪਹਿਲਾਂ ਜਿਸਮ ਖਾਸ ਕਰ ਬੁਜੂ ਕਰਨਾ ਜ਼ਰੂਰੀ ਹੈ। ਬਸਤਰ ਸਾਫ ਸੁਥਰੇ ਪਹਿਨਣੇ ਚਾਹੀਦੇ ਹਨ। ਜਿਸ ਥਾਂ ਉਪਰ ਨਮਾਜ਼ ਪੜ੍ਹੀ ਜਾਵੇ ਪਵਿਤਰ ਹੋਣੀ ਚਾਹੀਦੀ ਹੈ। ਭਾਈ ਗੁਰਦਾਸ ਜੀ ਕਥਨ ਕਰਦੇ ਹਨ ਰੋਜ਼ੇ, ਈਦ ਅਤੇ ਨਮਾਜ਼ਾਂ ਨਾਲ ਬਹੱਤਰ ਲੋਕਾਂ ਨੂੰ ਕਰਮਾਂ ਵਿਚ ਫਸਾ ਕੇ ਪ੍ਰਮਾਤਮਾ ਦੀ ਖੋਜ ਤੋਂ ਦੂਰ ਲਿਜਾਇਆ ਜਾ ਰਿਹਾ ਹੈ।

ਪੀਰ ਤੋਂ ਭਾਵ ਕਿਸੇ ਧਰਮ ਦੇ ਅਸੂਲਾਂ ਨੂੰ ਜਾਨਣ ਵਾਲਾ ਆਚਾਰੀਆ ਅਤੇ ਪੈਗੰਬਰ ਤੋਂ ਭਾਵ ਪ੍ਰਮਾਤਮਾ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਉਣ ਵਾਲੇ ਨੂੰ ਪੈਗੰਬਰ ਕਹਿੰਦੇ ਹਨ। ਔਲੀਏ ਅਰਬੀ ਭਾਸ਼ਾ ਵਿਚ ਇਸ ਸ਼ਬਦ ਦੇ ਅਰਥ ਹੁੰਦੇ ਹਨ ਕਿ ਕਿਸੇ ਧਰਮ ਦਾ ਆਗੂ ਆਦਿ। ਗਉਸ ਤੋਂ ਮਤਲਬ ਕਿ ਜਿਹੜਾ ਕਿਸੇ ਦੀ ਫਰਿਆਦ ਸੁਣਦਾ ਹੋਵੇ। ਕੁਤਬ ਦਾ

ਅਰਥ ਪੜ੍ਹਨਾ ਹੁੰਦਾ ਹੈ ਜਾਂ ਕੋਈ ਮੁਖੀਆਂ ਆਦਿ। ਇਸ ਵਾਰ ਵਿਚ ਭਾਈ ਗੁਰਦਾਸ ਜੀ ਨੂੰ ਕਿਤਾਬ ਦੀ ਜਮਾਂ ਭਾਵ ਬਹੁਤ ਕਤੇਬਾ ਦਾ ਅਰਥ 'ਕੁਤਬ' ਵਰਤਿਆ ਹੈ ਆਦਿ ਸਭ ਨੇ ਰਲ ਮਿਲ ਕੇ ਬਹੁਤ ਭੇਖ ਬਣਾਏ ਹਨ। ਠਾਕਰ ਦੁਆਰਿਆਂ ਨੂੰ ਢਾਹ ਢੇਰੀ ਕਰਕੇ ਉਨ੍ਹਾਂ ਥਾਵਾਂ ਉਪਰ ਮਸੀਤਾਂ ਤਿਆਰ ਕਰਵਾਈਆਂ ਹਨ। ਗਰੀਬਾਂ ਅਤੇ ਗਊਆਂ ਨੂੰ ਮਾਰ ਵੱਢ ਕੇ ਇਸ ਧਰਤੀ ਉਪਰ ਪਾਪ ਵਧਾਇਆ ਹੈ। ਮਲਹਿਦ ਭਾਵ ਅਧਰਮੀ, ਆਰਮੇਨੀਅਨ ਲੋਕਾਂ, ਰੂਮੀਆਂ ਨੇ ਦੁਸ਼ਮਣ ਬਣ ਕੇ ਜਗ ਅੰਦਰ ਹਨੇਰ ਗਰਦੀ ਪਾਈ ਹੋਈ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਧਰਤੀ ਉਪਰ ਕਲਜੁਗ ਵਿਚ ਪਾਪਾਂ ਦਾ ਵਰਤਾਰਾ ਵਰਤ ਰਿਹਾ ਹੈ।

ਇਸਲਾਮ ਨਾਲ ਸੰਬੰਧਤ ਕਈਆਂ ਦਾ ਵਿਚਾਰ ਹੈ ਕਿ ਕੁਰਾਨਿ-ਸ਼ਰੀਫ ਵਿਚ ਹਦੀਸ ਦੀ ਇਕਵੀਂ ਆਇਤ 21 ਵਿਚ ਲਿਖਿਆ ਹੈ ਕਿ ਇਸਲਾਮ ਦੇ ਜਦ 72 ਫਿਰਕੇ ਹੋ ਜਾਣਗੇ ਤਾਂ ਉਸ ਦਿਨ ਹਸ਼ਰ ਆ ਜਾਵੇਗਾ। ਇਸਲਾਮ ਮਜ਼੍ਹਬ ਨੂੰ ਮੰਨਣ ਵਾਲੇ ਹੀ ਜ਼ੰਨਤ ਵਿਚ ਜਾਣਗੇ ਬਾਕੀ ਸਭ ਦੋਜਖ਼ ਵਿਚ ਹੀ ਜਾਣਗੇ। ਸੁਨੀ ਮੁਸਲਮਾਨ ਇਸ ਅਦਾਰੇ ਵਿਚ ਨਹੀਂ ਆਉਂਦੇ।

ਉਪ੍ਰੋਕਤ ਕੋਈ ਵੀ ਵਿਧੀ ਪ੍ਰਮਾਤਮਾ ਨੂੰ ਮਿਲਣ ਵਿਚ ਸਹਾਈ ਨਹੀਂ ਹੁੰਦੀ ਕਿਉਂਕਿ ਇਹ ਸਾਰੀਆਂ ਵਿਧੀਆਂ ਪ੍ਰਮਾਤਮਾ ਦੀ ਉਸਤਤ ਕਰਨ ਨਾਲੋਂ ਕਿਸੇ ਉਸਦੇ ਨਬੀ ਦੀ ਪੂਜਾ ਕਰਦੀਆਂ ਹਨ। ਇਸੇ ਕਰਕੇ ਅਜਿਹੇ ਕਾਰਜ ਕਰਨ ਨਾਲ ਮਨੁੱਖ ਪ੍ਰਮਾਤਮਾ ਤੋਂ ਕੋਹਾਂ ਦੂਰ ਚਲੇ ਜਾਂਦਾ ਹੈ।

----

## ਵਾਰ ਪਹਿਲੀ

*ਪਉੜੀ 21 (ਹਿੰਦੂ-ਮੁਸਲਮਾਨ ਦਾ ਟਾਕਰਾ)*

ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿ?ਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰ? ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।
ਸਿਰੋ ਨ ਮਿਟੇ ਆਵਣਿ ਜਾਣੇ।।21।।

---

*ਖੁਦੀ: ਆਪਣੇ ਆਪ ਨੂੰ। ਬਖੀਲਿ: ਕੰਜੂਸ, ਲਾਲਚੀ, ਕਮੀਨਾ ਅਤੇ ਵੱਡਾ ਹੰਕਾਰੀ। ਤਕਬਰੀ: ਹੰਕਾਰ। ਧਿ?ਾਣੇ: ਜ਼ੋਰ ਨਾਲ, ਧਤਕੇ ਨਾਲ।*

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਆਪਣੇ ਸਮੇਂ ਵਿਚ ਧਰਮਾਂ ਅਤੇ ਮਜ਼੍ਹਬਾਂ ਦੀ ਆਪਸ ਵਿਚੀ ਖਿਚੋਤਾਣ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ ਕਿਉਹ ਸਮਾਂ ਸਾਡੇ ਅੱਖਾਂ

ਸਾਹਮਣੇ ਆ ਖਲੌਂਦਾ ਹੈ। ਉਸ ਸਮੇਂ ਹਿੰਦੂਆ ਦੇ ਚਾਰ ਵਰਨ ਜਿਵੇਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਅਤੇ ਮੁਸਲਮਾਨਾਂ ਦੇ ਚਾਰ ਮਜ਼੍ਹਬ ਜਿਵੇਂ ਰਾਫਜ਼ੀ, ਸੁੰਨੀ, ਇਮਾਮ ਸ਼ਾਫ਼ੀ ਅਤੇ ਸ਼ੀਆ ਆਪਣੇ ਆਪ ਨੂੰ ਸਭ ਤੋਂ ਚੰਗਾ ਅਤੇ ਵੱਡੀ ਗੱਤ ਵਾਲਾ ਸਮਝਦੇ ਹੋਏ ਹੰਕਾਰ ਕੇ ਇਕ ਦੂਜੇ ਨੂੰ ਆਪਣੇ ਪੂਰੇ ਜ਼ੋਰ ਨਾਲ ਗਲਤ ਸਾਬਤ ਕਰਨ ਲਈ ਅੱਡੀਆਂ ਚੁੱਕ ਕੇ ਤੁਰੇ ਹੋਏ ਹਨ। ਬਨਾਰਸ ਵਿਚ ਗੰਗਾ ਹਿੰਦੂਆਂ ਦੀ ਅਤੇ ਮੱਕਾ ਅਤੇ ਕਾਬਾ ਮੁਸਲਮਾਨਾਂ ਦਾ ਧਰਮ ਅਸਥਾਨ ਸੀ। ਦੋਨੋਂ ਧਿਰਾਂ ਆਪਣੇ ਆਪ ਨੂੰ ਇਕ ਦੂਜੇ ਤੋਂ ਅਲੱਗ ਸਮਝਣ ਵਾਸਤੇ ਮੁਸਲਮਾਨ ਸੁੰਨਤ ਕਰਦੇ ਸਨ ਅਤੇ ਹਿੰਦੂ ਮੱਥੇ ਉਪਰ ਤਿਲਕ ਲਾਉਦੇ ਅਤੇ ਗਲ ਵਿਚ ਜੰ??ਪਹਿਨਦੇ ਸਨ। ਹਿੰਦੂ 'ਰਾਮ' ਨੂੰ ਯਾਦ ਕਰਦੇ ਅਤੇ ਮੁਸਲਮਾਨ ਰਹੀਮ ਨੂੰ ਪੂਜਦੇ ਸਨ। ਪ੍ਰਮਾਤਮਾ ਤਾਂ ਇਕ ਹੈ ਪਰ ਉਨ੍ਹਾਂ ਨੇ ਇਕ ਪ੍ਰਮਾਤਮਾ ਦੇ ਦੋ ਨਾਮ ਪਾ ਲਏ। ਚਾਰ ਬੇਦ ਅਤੇ ਹੋਰ ਕਤਾਬਾਂ ਨੂੰ ਭੁਲਾ ਕੇ ਮਾਇਆ ਦੇ ਜਾਲ ਵਿਚ ਫਸ ਕੇ ਇਕ ਰੱਬ ਦਾ ਨਾਮ ਭੁਲਾ ਬੈਠੇ ਹਨ। ਪਹਿਲੀਆਂ ਪਉੜੀਆਂ ਵਿਚ ਭਾਈ ਗੁਰਦਾਸ ਜੀ ਲਿਖ ਆਏ ਹਨ ਕਿ ਬੇਦਾਂ ਅਤੇ ਕਤੇਬਾਂ ਅੰਦਰ ਮੰਤਰ ਅਤੇ ਤੰਤਰ ਹੀ ਹਨ। ਰੱਬ ਦੇ ਘਰ ਪਹੁੰਚਣ ਵਾਸਤੇ ਕੋਈ ਰਾਹ ਨਹੀਂ ਦਸਿਆ ਗਿਆ ਹੈ। ਬ੍ਰਾਹਮਣ ਅਤੇ ਮੁਲਾਣੇ ਆਪਸ ਵਿਚ ਲੜਦੇ ਝਗੜਦੇ ਹਨ ਅਤੇ ਸੱਚ ਦੇ ਰਸਤੇ ਉਪਰ ਦੋਨਾਂ ਵਿਚੋਂ ਕੋਈ ਨਹੀਂ ਚਲਣਾ ਚਹੁੰਦਾ ਭਾਵ ਦੋਨੋਂ ਹੀ ਰੱਬ ਨੂੰ ਪਉਣਾ ਚਾਹੁੰਦੇ ਹਨ ਇਸ ਬਾਰੇ ਭੁੱਲ ਹੀ ਬੈਠੇ ਹਨ। ਇਸ ਵਾਰ ਰਾਹੀਂ ਅਸੀਂ ਉਸ ਸਮੇਂ ਦੇ ਸਮਾਜਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਪ੍ਰਬੰਧਾਂ ਨੂੰ ਭਲੀ ਭਾਂਤ ਜਾਣ ਸਕਦੇ ਹਾਂ। ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਕਿ ਇਸ ਤਰ੍ਹਾਂ ਕੀਤਿਆਂ ਮਨੁਖ ਦਾ ਆਉਣਾ ਜਾਣਾ ਮਿਟ ਨਹੀਂ ਸਕਦਾ ਅਤੇ ਮਨੁਖ ਚੁਰਾਸੀ ਲੱਖ ਜੂਨ ਵਿਚ ਭਟਕਦਾ ਹੈ।

----

## ਵਾਰ ਪਹਿਲੀ

*ਪਉੜੀ 22 (ਵਾਹਿਗੁਰੂ ਜੀ ਦਾ ਨਿਆਉਂ)*

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।
ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।
ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।
ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ।
ਬਾਝੁ ਦਇਆ ਬਲਹੀਣ ਹੋਉ ਨਿਘਰੁ ਚਲੌ ਰਸਾਤਲਿ ਟੋਆ।
ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।
ਥੰਮੇ ਕੋਇ ਨ ਸਾਧ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।
ਧਰਮ ਧਉਲੁ ਪੁਕਾਰੈ ਤਲੈ ਖੜੋਆ॥22॥

---

*ਪਟੀ: ਲਿਖਣ ਵਾਲੀ ਤਖਤੀ। ਲੋਆ: ਰਸਾਤਲਿ: ਪਤਾਲ ਲੋਕ। ਲੋਕਾਂ ਦਾ ਬਹੁਬਚਨ ਲੋਆ। ਧਉਲੁ: ਧਰਮ ਦਾ ਬਲਦ।*

ਚਾਰ ਜੁਗਾਂ ਵਿਚ ਚਾਰੇ ਵਰਣ ਉਲਝ ਗਏ ਅਤੇ ਪ੍ਰਮਾਤਮਾ ਆਪ ਇਨਸਾਫ ਕਰਨ ਵਾਲਾ ਬਣ ਗਿਆ। ਫੱਟੀ ਵੀ ਉਹ ਆਪੇ ਸੀ ਕਲਮ ਵੀ ਉਹੀ ਆਪ ਸੀ ਅਤੇ ਲਿਖਣਵਾਲਾ ਵੀ ਆਪ ਹੀ ਪ੍ਰਮਾਤਮਾ ਹੈ। ਤਿੰਨ ਲੋਕ ਦੇ ਪ੍ਰਾਣੀ ਇਕ ਦੂਜੇ ਨੂੰ ਫਿਟਕਾਰਾਂ ਪਉਂਦੇ ਅਤੇ ਆਪਸ ਵਿਚੀ ਲੜਾਈ ਝਗੜੇ ਕਰਦੇ ਰਹਿੰਦੇ। ਧਰਤੀ ਪਾਪਾਂ ਨਾਲ ਭਾਰੀ ਹੋ ਗਈ ਹੈ ਅਤੇ ਹੇਠਾਂ ਬੌਲਦ ਭਾਰ ਝਲਦਾ ਲੋਹਾ ਲਾਖਾ ਹੋਇਆ ਪਿਆ ਹੈ। ਦੁਨੀਆਂ ਵਿਚ ਦਇਆ ਨਾ ਰਹਿਣ ਕਰਕੇ ਮਨ ਦਾ ਸੰਤੁਲਨ ਖੋ ਚੁਕਾ ਹੈ। ਧਰਤੀ ਹੇਠਲਾ ਬੌਲਦ ਪਾਤਾਲ ਅੰਦਰ ਹੀ ਧੁਸਣ ਲੱਗਾ ਹੈ। ਧਰਤੀ ਪਾਪਾਂ ਨਾਲ ਬਹੁਤ ਭਾਰੀ ਹੋ ਗਈ ਉਧਰ ਬੌਲਦ ਕਲਜੁਗ ਵਿਚ ਇਕੋ ਪੈਰ ਉਪਰ ਖੜੋਤਾ ਹੋਣ ਕਰਕੇ ਧਰਤੀ ਦਾ ਭਾਰ ਝੱਲ ਨਹੀਂ ਸਕਦਾ, ਬਹੁਤ ਕਮਜ਼ੋਰ ਹੋ ਗਿਆ ਹੈ। ਭਲਾ ਪੁਰਸ਼ (ਸਾਧ) ਜੋ ਉਸਨੂੰ ਕੋਈ ਸਹਾਰਾ ਦੇ ਸਕੇ ਕੋਈ ਬਾਕੀ ਬਚਿਆ ਹੀ ਨਹੀਂ ਹੈ। ਧਰਤੀ ਦੇ ਭਾਰ ਹੇਠਾਂ ਦਬਿਆਂ ਧਰਮ ਦਾ ਬੌਲਦ ਪੁਕਾਰ ਤੇ ਪੁਕਾਰ ਕਰ ਰਿਹਾ ਹੈ।

----

## ਵਾਰ ਪਹਿਲੀ

*ਪਉੜੀ 23 (ਗੁਰੁ ਅਵਤਾਰ)*

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਿਰਾਸ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।
ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।
ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗੁ ਬਾਬੇ ਤਾਰਿਆ ਸਤਿ ਨਾਮ ਪੜ੍ਹਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕ ਆਇਆ।।23।।

---

*ਰਾਣਾ ਅਮੀਰ। : ਰੰਕ: ਗਰੀਬ। ਪਿਰੰਮ: ਪ੍ਰਮਾਤਮਾ।*

ਪ੍ਰਮਾਤਮਾ ਨੇ ਧਰਤੀ ਦੀ ਪੁਕਾਰ ਸੁਣ ਸਮਝ ਕੇ ਗੁਰੂ ਨਾਨਕ ਦੇਵ ਜੀ ਨੂੰ ਜਲੰਦੇ ਜਗਤ ਨੂੰ ਠਾਰਨ ਵਾਸਤੇ ਅਵਤਾਰ ਘੱਲਿਆ। ਗੁਰੂ ਨਾਨਕ ਦੇਵ ਜੀ ਨੇ ਚਰਨਾਮ੍ਰਿਤ ਦਿਤਾ ਭਾਵ ਦੁਨੀਆਂ ਨੂੰ ਪ੍ਰਮਾਤਮਾ ਨੂੰ ਮਿਲਣ ਦਾ ਰਸਤਾ ਦਸਿਆ। ਗੁਰਬਾਣੀ ਰਚੀ ਅਤੇ ਕਈ ਤਰ੍ਹਾਂ ਦੇ ਵਹਿਮਾਂ ਭਰਮਾਂ ਵਿਚ ਫਸੀ ਦੁਨੀਆਂ ਨੂੰ ਉਨ੍ਹਾਂ ਤੋਂ ਛੁਟਕਾਰਾ ਦੁਆਇਆ। ਬਹੁ ਭਾਂਤ ਦੇ ਕਰਮ ਕਰਨ ਤੋਂ ਹਟਾ ਕੇ ਇਕ ਪ੍ਰਮਾਤਮਾ ਦੇ ਲੜ ਲਾਇਆ। ਭਹੁਤ ਭੇਖ ਕਰਨੇ ਬੰਦ ਕਰਵਾਏ। ਕਲਜੁਗ ਵਿਚ ਫੈਲੇ ਹੋਏ ਚੁੰਹ ਵਰਨਾ ਨੂੰ ਇਕ ਕਰਕੇ ਇਕ ਵਰਨ ਬਣਾ ਦਿਤਾ। ਅਮੀਰ ਗਰੀਬ ਨੂੰ ਬਰਾਬਰ ਕਰਕੇ ਸਭ ਨੂੰ ਇਕ ਦੂਜੇ ਦਾ ਸਤਿਕਾਰ ਕਰਨਾ

ਸਿਖਾਇਆ। ਲੁਕਾਈ ਨੂੰ ਮੱਤ ਉਚੀ ਰਖਣੀ ਅਤੇ ਮਨ ਨੀਵਾਂ ਰਖਣਾ ਦਸਿਆ। ਇਕ ਪ੍ਰਮਾਤਮਾ ਸਾਰਿਆਂ ਵਿਚ ਵਸਦਾ ਹੈ, ਦਸ ਕੇ ਸਾਰਿਆਂ ਨੂੰ ਇਕ ਦੂਜੇ ਦਾ ਸਤਿਕਾਰ ਕਰਨ ਲਾਇਆ। ਇਕ 'ਸਤਿਨਾਮ' ਦਾ ਮੰਤਰ ਦਸ ਕੇ ਬਾਬੇ ਨੇ ਸਾਰਾ ਜੱਗ ਹੀ ਭਵਜਲ ਤੋਂ ਪਾਰ ਕਰਵਾ ਦਿਤਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕਲਜੁਗ ਵਿਚ ਗੁਰੂ ਨਾਨਕ ਜਗਤ ਨੂੰ ਤਾਰਨ ਵਾਸਤੇ ਆਇਆ ਹੈ।

----

## ਵਾਰ ਪਹਿਲੀ

*ਪਉੜੀ 24 (ਗੁਰੂ ਨਾਨਕ ਦੇਵ ਜੀ ਦਾ ਪ੍ਰਥਮ ਪ੍ਰਸੰਗ)*

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੇ ਫਿਰਿ ਘਾਲਿ ਕਮਾਈ।
ਰੇਤੁ ਅੱਕ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।
ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।
ਬਾਬਾ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣ ਧਰਤਿ ਲੁਕਾਈ।।24।।

---

*ਪਿਛੋਦੇ: ਮਗਰੋਂ। ਪੈਧਾ: ਵਰੋਸਾਏ। ਗੁਬਾਰੁ: ਅੰਧਕਾਰ*

ਰੇਤ ਅਤੇ ਰੋੜਿਆਂ ਦੀ ਵਿਛਾਈ ਉਪਰ ਬੈਠ ਕੇ ਅੱਕ ਤੋਂ ਭਾਵ ਸਾਦਾ ਭੋਜਨ (ਕਿਸੇ ਰਸ ਜਾਂ ਸੁਆਦ ਨੂੰ ਨਾ ਪਛਾਣਦਿਆਂ ਹੋਇਆ), ਛਕ ਕੇ ਗੁਰੂ ਨਾਨਕ ਦੇਵ ਜੀ ਨੇ ਬਹੁਤ ਤਪਸਿਆ ਕੀਤੀ। ਇਸ ਤਪਸਿਆਂ ਨੇ ਪ੍ਰਮਾਤਮਾ ਦਾ ਮਨ ਜਿਤਿਆ ਅਤੇ ਰੱਬ ਕੋਲੋਂ ਦਾਤਾਂ ਦਾ ਭੰਡਾਰਾ ਪ੍ਰਾਪਤ ਕਰਕੇ ਦੁਨੀਆਂ ਵਿਚ ਵੰਡਿਆ। ਭਾਈ ਵੀਰ ਸਿੰਘ ਜੀ 'ਵਾਰਾਂ ਭਾਈ ਗੁਰਦਾਸ ਸਟੀਕ ਵਿਚ ਪੰਨਾ 20 ਉਪਰ ਲਿਖਦੇ ਹਨ ਕਿ ਪਹਿਲਾਂ ਬਖਸ਼ਿਸ਼ ਤੋਂ ਭਾਵ ਹੈ ਕਿ ਗੁਰੂ ਜੀ ਸ੍ਰੀ ਵਾਹਿਗੁਰੂ ਜੀ ਦੇ ਆਪਣੇ ਪਿਆਰੇ ਸਨ। ਸਾਧਨਾ ਸਾਧ ਕੇ ਜੀਵ ਵਾਂਗੂੰ ਮਿਹਰ ਪ੍ਰਾਪਤ ਨਹੀਂ ਹੋਏ ਪਰ ਰਾਜਾ ਦੇ ਯੁਵਰਾਜ ਵਾਂਗ ਪਹਿਲੇ ਬਖਸ਼ਿਸ਼ ਦੇ ਪਦ ਉੱਤੇ ਸਨ ਅਤੇ ਪਿਛੋਂ ਘਾਲ ਕਮਾਈ ਦਾ ਭਾਵ ਇਹ ਹੈ ਕਿ ਸੰਸਾਰ ਨੂੰ ਘਾਲ ਕਮਾਈ ਬਾਰੇ ਸਮਝਾਉਣਾ ਸੀ। ਇਸ ਤਰ੍ਹਾਂ ਵਾਹਿਗੁਰੂ ਜੀ ਦੀ ਬਖਸ਼ਿਸ਼ ਨੂੰ ਸਫਲ ਕੀਤਾ। ਜਿਵੇਂ ਯੁਵਰਾਜ ਪਿਆਰਾ ਤਾਂ ਪਹਿਲਾਂ ਹੀ ਹੁੰਦਾ ਹੈਅਤੇ ਅਧਿਕਾਰ ਵੀ ਸਭ ਤੋਂ ਉਚਾ ਰਖਦਾ ਹੈ ਪਰ ਜਦ ਉਹ ਪਿਤਾ ਦੀ ਪ੍ਰਸੰਨਤਾ ਵਾਲੇ ਕਾਰਜ ਕਰਦਾ ਹੈ ਤਾਂ ਪਿਤਾ ਪਿਆਰ ਨੂੰ ਸਫਲਤਾ ਦਿੰਦਾ ਹੈ। ਪ੍ਰਮਾਤਮਾ ਨੇ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਸਭ ਕਲਾ ਬਖਸ਼ੀਆਂ ਅਤੇ ਫਿਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਕਮਾਈ ਨੂੰ ਸਭ ਲੋਕਾਂ ਵਿਚ ਵੰਡਿਆ। ਸਚ ਖੰਡ ਵਿਚੋਂ ਗੁਰੂ ਜੀ ਨੂੰ ਨੌਂ ਨਿਧਾ (ਭਾਵ ਨੌਂ ਖ਼ਜ਼ਾਨੇ। ਵੱਖ ਵੱਖ ਸੰਸਕ੍ਰਿਤ ਗ੍ਰੰਥਾ ਵਿਚ ਲਿਖੀਆਂ ਨਿਧੀਆਂ ਦਰਜ ਹਨ। ਜਿਵੇਂ:

ਪਦਮ, ਮਹਾਂਪਦਮ, ਸ਼ੰਖ, ਮਕਰ, ਕੱਛਪ, ਮੁਕੰਦ, ਕੁੰਦ, ਨੀਲ ਅਤੇ ਵੰਚੁ ਆਦਿ। ਮਾਰਕੰਡਯਪੁਰਾਣ ਵਿਚ ਲਿਖਿਆ ਹੈ ਕਿ ਪਦਮਨੀ ਨਾਮ ਦੀ ਵਿਦਿਆ ਦੇਵੀ ਦੇ ਆਸਰੇ ਨਿਧੀਆਂ ਰਹਿੰਦੀਆਂ ਹਨ ਅਤੇ ਇਸ ਦੇ ਲੇਖ ਤੋਂ ਸਿਧ ਹੁੰਦਾ ਹੈ ਕਿ ਇਨ੍ਹਾਂ ਨਿਧੀਆਂ ਦੇ ਖਾਸ ਖਾਸ ਰਤਨ ਰੂਪ ਹਨ ਅਤੇ ਇਨ੍ਹਾਂ ਦੇ ਵੱਖ ਵੱਖ ਗੁਣ ਦਸੇ ਹਨ। ਜਿਵੇਂ: ਪਦਮਨਿਧਿ ਸਾਤਵਿਕ ਹੈ। ਇਸ ਤੋਂ ਪੁੱਤ ਪੋਤੇ ਵਧਦੇ ਹਨ। ਸੋਨਾ ਚਾਂਦੀ ਆਦਿ ਧਾਤਾਂ ਪਰਾਪਤ ਹੁੰਦੀਆਂ ਹਨ। ਮੁਕੰਦ ਨਿਧਿ ਰਜੋਗੁਣ ਪ੍ਰਧਾਨ ਹੈ। ਇਸ ਤੋਂ ਸੰਗੀਤ ਵਿਦਿਆ ਦੀ ਪ੍ਰਾਪਤੀ ਹੁੰਦੀ ਹੈ। ਕਵੀ ਗਵੈਂਢੇ ਹਰ ਵੇਲੇ ਹਾਜ਼ਰ ਰਹਿੰਦੇ ਹਨ। ਮਕਰ ਨਿਧਿ ਤਮੋਗੁਣੀ ਹੈ। ਇਸ ਤੋਂ ਸ਼ਾਸਤਰ ਵਿਦਿਆ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਕਰ ਨਿਧੀ ਵਾਲਾ ਪ੍ਰਾਣੀ ਸਭ ਉਪਰ ਹੁਕਮ ਚਲਾਉਦਾ ਹੁੰਦਾ ਹੈ। ਇਸੇ ਤਰ੍ਹਾਂ ਹੋਰ ਨਿਧੀਆਂ ਦਾ ਵੀ ਵਰਨਣ ਹੈ। ਬਾਰਾਂ ਸਿਧਾ ਭਾਵ 1) ਅਣਿਮਾ; ਮਰਜ਼ੀ ਨਾਲ ਛੋਟਾ ਹੋ ਜਾਣਾ। 2) ਮਹਿਮਾ; ਮਰਜੀ ਨਾਲ ਵੱਡਾ ਹੋ ਜਾਣਾ। 3) ਗਰਿਮਾ; ਮਰਜ਼ੀ ਨਾਲ ਭਾਰਾ ਹੋ ਜਾਣਾ। 4) ਲਘਿਮਾ; ਮਰਜ਼ੀ ਨਾਲ ਹੌਲਾ ਹੋ ਜਾਣਾ। 5) ਪ੍ਰਾਪਤਿ: ਇਛਾ ਅਨੁਸਾਰ ਵਸਤੂ ਪ੍ਰਾਪਤ ਹੋਣੀ। 6) ਵਸ਼ਿਤਾ; ਕਾਬੂ ਵਿਚ ਰਖਣ ਦੀ ਸ਼ਕਤੀ। 7) ਅਨੁਰਮਿ: ਭੁਖ ਤ੍ਰੇਹ ਨਾ ਲਗਣੀ। 8) ਕਾਮ ਰੂਪ; ਦਿਲ ਭਉਦਾ ਰੂਪ ਬਦਲ ਸਕਣਾ। 9) ਪਰਕਾਯ ਪ੍ਰਵੇਸ਼; ਦੂਜੇ ਦੀ ਦੇਹ ਵਿਚ ਪ੍ਰਵੇਸ਼ ਕਰ ਸਕਣਾ। 10) ਸੁਰਕ੍ਰੀੜਾ; ਦੇਵਤਿਆ ਨੂੰ ਮਿਲ ਸਕਣ ਦੀ ਸ਼ਕਤੀ ਮਿਲਣਾ। 11) ਸੰਕਲਪ ਸਿਧ; ਮਨ ਚਿੰਦਿਆ ਪਰਾਪਤ ਕਰਨਾ। 12) ਅਪ੍ਰਤਿਹਤ ਗਤਿ; ਕਿਸੇ ਕੰਮ ਵਿਚ ਰੁਕਾਵਟ ਨਾ ਪੈਣੀ ਆਦਿ। ਸਤੇ ਬਰਕਤਾਂ ਅਤੇ ਨਾਮ ਦਾਨ ਮਿਲਿਆਂ ਜਿਹੜਾ ਉਨ੍ਹਾਂ ਨੇ ਉਸੇ ਤਰ੍ਹਾਂ ਸਾਰੇ ਜਗਤ ਵਿਚ ਵੰਡ ਦਿਤਾ। ਦੁਨੀਆਂ ਵਿਚ ਏਨਾ ਹਨੇਰ ਮਚ ਗਿਆ ਸੀ ਕਿ ਲੋਕ ਤਰਾਹ ਤਰਾਹ ਕਰਦੇ ਪਏ ਸਨ। ਗੁਰੂ ਨਾਨਕ ਦੇਵ ਜੀ ਨੇ ਫਿਰ ਸਾਰੀ ਦੁਨੀਆਂ ਤਾਰਨ ਵਾਸਤੇ ਉਦਾਸੀਆਂ ਦੀ ਰੀਤ ਚਲਾਈ। ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਵਖੋ ਵਖਰੇ ਦੇਸ਼ਾਂ ਵਿਚ ਜਾ ਕੇ ਦੁਨੀਆਂ ਨੂੰ ਪ੍ਰਮਾਤਮਾ ਨੂੰ ਮਿਲਣ ਦੇ ਰਸਤੇ ਦਸੇ। ਅੰਗਰੇਜ਼ੀ ਇਤਹਾਸ ਵਿਚ ਪੜ੍ਹਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਸ ਸਮੇਂ ਦੇ ਰੋਮ ਦੇ ਪੋਪ ਨੂੰ ਮਿਲੇ ਅਤੇ ਉਨ੍ਹਾਂ ਨੂੰ ਪ੍ਰਮਾਤਮਾ ਦੇ ਭੇਦ ਨੂੰ ਸਮਝਾਇਆ ਅਤੇ ਬਹੁਤ ਹੱਦ ਤੱਕ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਵਿਚਾਰਾਂ ਨਾਲ ਸਹਿਮਤੀ ਪ੍ਰਗਟਾ ਕੇ ਅਗੇ ਹੋਰ ਅਨੁਆਈਆਂ ਨੂੰ ਵੀ ਸਮਝਾਇਆ ਸੀ। ਇਥੋ ਤੱਕ ਭਾਈ ਗੁਰਦਾਸ ਜੀ ਆਖਦੇ ਹਨ ਕਿ ਬਾਬੇ ਨੇ ਥਾਂ ਥਾਂ ਜਾ ਕੇ ਦੁਨੀਆਂ ਦਾ ਸੁਧਾਰ ਕੀਤਾ।

----

## ਵਾਰ ਪਹਿਲੀ,

*ਪਉੜੀ 25 (ਤੀਰਥਾਂ ਪਰ ਪ੍ਰੇਮ-ਭਾਵ ਦੀ ਘਾਟ)*

ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ।
ਪੂਰਬ ਧਰਮਿ ਬਹੁ ਕਰਮਿ ਕਰਿ ਭਾਉ ਭਗਤਿ ਬਿਨੁ ਕਿਤੈ ਨ ਲੇਖੈ।
ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦ ਸਿੰਮ੍ਰਿਤਿ ਪੜ੍ਹਿ ਪੇਖੈ।
ਢੂੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ।

ਕਲਿਜੁਗਿ ਧੁੰਧੂਕਾਰੁ ਹੈ ਭਰਮਿ ਭੁਲਾਈ ਬਹੁ ਬਿਧਿ ਬੇਖੈ।
ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ।
ਗੁਰਮੁਖਿ ਵਰਨੁ ਅਵਰਨੁ ਹੋਇ ਨਿਵਿ ਚਲਣਾ ਗੁਰਸਿਖਿ ਵਿਸੇਖੈ।
ਤਾ ਕਛੁ ਘਾਲਿ ਵਵੈ ਦਰਿ ਲੇਖੈ।।25।।

---

*ਪੁਰਬਿ: ਦਿਨ ਦਿਹਾੜੇ। ਪੂਰਬ: ਪਹਿਲੇ। ਘਾਟ: ਸੁੰ?, ਸੁਨਮਸਾਨ। ਸਿੰਮ੍ਰਿਤਿ: ਸਿਮਰਤੀਆਂ। ਪੇਖੈ: ਦੇਖੇ। ਰੇਖੈ: ਸ਼ਕਲਾਂ। ਵਿਸੇਖੈ: ਵੱਡਾ ਰੁਤਬਾ।*

ਗੁਰੂ ਨਾਨਕ ਦੇਵ ਜੀ ਜਦ ਤੀਰਥਾਂ ਵੱਲ ਗਏ ਤਾਂ ਉਥੇ ਹੋ ਰਹੇ ਕਰਮ ਕਾਂਡਾਂ ਨੂੰ ਭਾਵ ਮਨਾਏ ਜਾ ਰਹੇ ਦਿਨ ਦਿਹਾੜਿਆ (ਪੁਰਬ) ਬਾਰੇ ਜਾਣਕਾਰੀ ਪਰਾਪਤ ਕੀਤੀ। ਪੂਰਬ ਧਰਮ ਭਾਵ ਪਹਿਲੇ ਧਰਮ ਕਈ ਤਰ੍ਹਾਂ ਕਰਮ ਕਰਦੇ ਸਨ ਅਤੇ ਉਨ੍ਹਾਂ ਇਹ ਗੱਲ ਸੋਚੀ ਕਿ ਇਹ ਕਰਮ ਪ੍ਰਮਾਤਮਾ ਨਾਲ ਪ੍ਰੇਮਾ ਭਗਤੀ ਬਿਨ੍ਹਾਂ ਕਿਸੇ ਕੰਮ ਦੇ ਨਹੀਂ ਹਨ। ਚਾਰ ਬੇਦ ਜਿਵੇਂ ਸਭ ਤੋਂ ਪਹਿਲਾ ਬੇਦ (ਰਿਗ-ਬੇਦ ਸੀ। ਦੂਜਾ ਬੇਦ ਜੁਜੁਰ-ਬੇਦ ਸੀ। ਤੀਜਾ ਸਾਮ-ਬੇਦ ਅਤੇ ਚੌਥਾ ਅਥਰਬਨ-ਬੇਦ ਸੀ। ਬੇਦਾਂ ਵਿਚ ਲੁਕਾਈ ਨੂੰ ਭਰਮ ਭੁਲੇਖਿਆ ਵਿਚ ਪਉਣ ਵਾਸਤੇ ਸਿਰਫ ਮੰਤਰ ਲਿਖੇ ਹੋਏ ਪੜ੍ਹੇ ਜਾਂਦੇ ਹਨ। ਪ੍ਰਮਾਤਮਾ ਬਾਰੇ ਕੋਈ ਵੀ ਗਿਆਨ ਦੀ ਗੱਲ ਨਹੀਂ ਲਿਖੀ ਗਈ), ਅਤੇ ਸਿਮ੍ਰਤੀਆਂ ਪੜ੍ਹਦੇ ਰਹੇ ਪਰ ਇਨ੍ਹਾਂ ਵਿਚ ਕਿਸੇ ਵੀ ਗ੍ਰੰਥ ਵਿਚ ਭਾਉ-ਭਗਤੀ ਬਾਰੇ ਕੁਝ ਵੀ ਨਹੀਂ ਪੜ੍ਹਿਆ ਜਾਂਦਾ। ਗੁਰੂ ਨਾਨਕ ਦੇਵ ਜੀ ਨੇ ਸਾਰੀ ਦੁਨੀਆਂ ਫਿਰ ਕੇ ਵੇਖੀ ਅਤੇ ਉਨ੍ਹਾਂ ਧਰਤੀਆਂ ਉਪਰ ਹਰ ਸਮੇਂ ਭਾਵ ਤ੍ਰੇਤੇ, ਦੁਆਪਰ ਅਤੇ ਸਤਿਜੁਗ ਅੰਦਰ ਚਲ ਰਹੇ ਵਹਿਮ ਅਤੇ ਭਰਮਾਂ ਨੂੰ ਖੰਡਨ ਕਰਕੇ, ਹੋ ਰਹੇ ਗਲਤ ਪ੍ਰਚਾਰਾਂ ਨੂੰ ਘੋਖ ਸਮਝ ਕੇ ਉਨ੍ਹਾਂ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਅੰਧਕਾਰ ਕਲਜੁਗ ਵਿਚ ਪਏ ਵਾਧੂ ਭਰਮ ਭੁਲੇਖਿਆ ਨੂੰ ਵੀ ਪਰਖਿਆ ਅਤੇ ਲੋਕਾਂ ਨੂੰ ਬਹੁ ਭੇਖਾਂ, ਬਹੁ ਭਰਮਾਂ ਵਿਚ ਪਇਆਂ ਹੋਇਆ ਨੂੰ ਸੋਧੀ ਕਰਵਾਈ। ਗੁਰੂ ਨਾਨਕ ਦੇਵ ਜੀ ਲੁਕਾਈ ਨੂੰ ਦਸਿਆ ਕਿ ਪ੍ਰਮਾਤਮਾ ਦਾ ਕੋਈ ਰੂਪ ਨਹੀਂ, ਕੋਈ ਆਕਾਰ ਨਹੀਂ ਅਤੇ ਨਾ ਹੀ ਉਸ ਨੂੰ ਕੋਈ ਦੇਖ ਸਕਦਾ ਹੈ ਭਾਵ ਕਿ ਉਹ ਅਦਿਖ ਹੈ। ਕੋਈ ਵਰਨ ਹੋਵੇ ਜਾਂ ਅਵਰਨ ਹੋਵੇ ਭਾਵ ਕੋਈ ਨੀਚ ਹੋਵੇ ਜਾਂ ਉਚੀ ਜਾਤ ਦਾ ਹੋਵੇ ਪਰ ਗੁਰਮੁਖ ਹੋਵੇ ਤਦ ਹੀ ਪ੍ਰਮਾਤਮਾ ਦੇ ਭੇਦ ਜਾਣ ਸਕਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਹੀ ਇਨਸਾਨ ਦੀ ਕੀਤੀ ਕੋਈ ਘਾਲ ਸਫਲ ਹੋ ਸਕਦੀ ਹੈ ਅਤੇ ਪ੍ਰਮਾਤਮਾ ਦੇ ਦਰ ਘਰ ਪ੍ਰਵਾਨ ਹੋ ਸਕਦੀ ਹੈ।

----

## ਵਾਰ ਪਹਿਲੀ,

*ਪਉੜੀ 26 (ਉਸ ਸਮੇਂ ਦੀ ਹਾਲਤ)*

ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰੁ ਚੇਲੇ।
ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।
ਗਣ ਗੰਧਰਬ ਅਪਸਰਾ ਕਿੰਨਰ ਜੱਖ ਚਲਿਤਿ ਬਹੁ ਖੇਲੇ।
ਰਾਕਿਸ ਦਾਨੋ ਦੈਤ ਲਖਿ ਅੰਦਰਿ ਦੂਜਾ ਭਾਉ ਦੁਹੇਲੇ।
ਹਉਮੈ ਅੰਦਰਿ ਸਭਿ ਕੋ ਡੁਬੇ ਗਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
ਡਿਠੇ ਹਿੰਦੂ ਤੁਰਿਕ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ।
ਅੰਧੀ ਅੰਧੇ ਖੂਹੇ ਠੇਲੇ॥26॥

---

*ਸਾਧਿਕ: ਸਾਧਨਾ ਕਰਨ ਵਾਲਾ। ਭੈਰਉ: ਡਰਾਉਣਾ। ਖੇਤ੍ਰਪਾਲਿ:ਕਾਲੀ ਦੇਵੀ ਦੇ ਪੱਛਮ ਵਾਲੇ ਦੁਆਰ ਦਾ ਚੌਕੀਦਾਰ। ਗਣ: ਇਕੱਠ, ਸ਼ਿਵਾ ਦੇ ਗਣ। ਗੰਧਰਬ: ਸਵਰਗਾਂ ਦੇ ਰਾਗੀ। ਅਪਸਰਾ: ਪਰੀਆਂ। ਕਿੰਨਰ: ਖੁਸਰੇ। ਜੱਖ:ਕੱਕਰ। ਦੁਹੇਲੇ: ਮੁਸ਼ਕਲ ਕੰਮ। ਕਉਮਿ: ਕੌਮ। ਕਤੇਲੇ: ਕਤਲ ਕਰਨ ਵਾਲੇ। ਠੇਲੇ: ਸੁਟਣਾ।*

ਜਤੀ (ਇੰਦਰੀਆਂ ਨੂੰ ਕਾਬੂ ਵਿਚ ਰੱਖਣ ਵਾਲੇ, ਕੁਲ ਸੱਤ ਹੋਏ ਹਨ ਜਿਵੇਂ ਹਨੂਮਾਨ, ਭੀਸ਼ਮ ਪਿਤਾਮਾ, ਲਛਮਣ, ਭੈਰਵ, ਗੋਰਖ,ਦਤਾਤ੍ਰਯ ਆਦਿ) ਸਤੀ (ਸੱਚ ਬੋਲਣ ਵਾਲਾ ਅਤੇ ਜਾ ਫਿਰ ਉਹ ਔਰਤ ਜਿਹੜੀ ਪਤੀ ਦੀ ਚਿਖਾ ਨਾਲ ਹੀ ਜਲ ਜਾਂਦੀ ਹੈ। ਰਾਜਾ ਰਾਮ ਮੋਹਨ ਰਾਏ (ਬ੍ਰਹਮ ਸਮਾਜ ਦੇ ਬਾਨੀ) ਨੇ ਲਾਰਡ ਬੈਂਟਿਕ ਨੂੰ ਸਲਾਹ ਦੇ ਕੇ ਸਤੀ ਹੋਣ ਦੀ ਰਸਮ ਵਿਰੁਧ 7 ਦਸੰਬਰ 1829 ਨੂੰ ਕਾਨੂੰਨ ਬਣਾਕੇ ਬੰਦ ਕਰਵਾਇਆ। ਪੰਜਾਬ ਅਤੇ ਰਾਜਪੁਤਾਨੇ ਵਿਚ ਇਹ ਕਾਨੂੰਨ ਬੰਦੀ ਸੰਨ 1847 ਵਿਚ ਹੋਈ), ਚਿਰੁਜੀਵਣੇ (ਪਰਲੋ ਤੱਕ ਰਹਿਣ ਵਾਲੇ ਆਦਿ। ਪੁਰਾਣ ਵਿਚ ਸੱਤ ਚਿਰਜੀਵਣੇ ਲਿਖੇ ਹਨ ਜਿਵੇਂ: ਮਾਰਕੰਡੇਯ, ਅਸ਼ਵਥਾਮਾ, ਬਲਿ, ਹਨੂਮਾਨ, ਵਿਭੀਸ਼ਣ, ਕ੍ਰਿਪਾਚਾਰੀਆ, ਪ੍ਰਬ੍ਰਹਮ ਆਦਿ ਪਰ ਕਈਆਂ ਗ੍ਰੰਥਾਂ ਵਿਚ ਬਿਆਸ ਮੁਨੀ ਨੂੰ ਵੀ ਚਿਰਾਜੀਵਣੇ ਵਾਸ਼ਤੇ ਮੰਨਿਣ ਕਾਰਨ ਚਿਰਜੀਵਣੇ ਅੱਠ ਹੋ ਗਏ ਹਨ।), ਸਮਾਧੀਆਂ ਲਾਉਣ ਵਾਲੇ, ਸਿਧ ਲੋਕ, ਨਾਥ ਗੁਰੂ ਦੇ ਚੇਲੇ, ਦੇਵੀ ਅਤੇ ਦੇਵਤੇ, ਰਖਵਾਲੇ ਨਾਮਾ ਭੈਰਵ ਆਦਿ, ਗਣ (ਪਾਠਕ ਜੀ ਤੁਹਾਡੀ ਜਾਣਕਾਰੀ ਵਾਸਤੇ ਲਿਖਣਾ ਕੀਤਾ ਹੈ ਕਿ ਗਣ ਕੁਝ ਗਿਣਤੀਆਂ ਦਾ ਸਮੂਹ ਹੁੰਦਾ ਹੈ ਜਿਵੇਂ ਪੁਰਾਣੇ ਸਮਿਆਂ ਵਿਚ ਇਕ ਫੌਜ ਦੀ ਗਿਣਤੀ ਵਿਚ 27 ਰੱਥ ਅਤੇ ਹਾਥੀ, ਅੱਠ ਘੋੜੇ, ਅਤੇ 135 ਪੈਦਲ ਸਵਾਰ ਹੁੰਦੇ ਸਨ। ਦੇਵਤਿਆਂ ਦੇ ਆਪਣੇ ਗਣ ਹੁੰਦੇ ਸਨ ਜਿਵੇਂ ਜੰਮਗਣ, ਸ਼ਿਵਾਗਣ ਆਦਿ। ਵਿਆਕਰਣ ਅਨੁਸਾਰ ਦਸ ਗਣ ਹੁੰਦੇ ਹਨ। ਜਿਵੇਂ ਅਨਿਲ (ਪਵਨ) ਉਣੰਜਾ। ਆਦਿਤਯ (ਸੂਰਜ) ਬਾਰਾਂ। ਆਭਸਵਰ(ਚੌਸਠ) ਸਾਧਯ (ਬਾਰਾਂ) ਤੁਸਿਤ (ਛੱਤੀ) ਮਹਾਂਰਾਜਿਕ (ਦੋ ਸੌ ਵੀਹ) ਰੁਦ੍ਰ (ਗਿਆਰਾਂ) ਵਸੂ (ਅੱਠ) ਸ਼ਿਵਦੇਵ (ਦਸ), ਗੰਧਰਬ,

ਪਰੀਆਂ ਖੁਸਰੇ (ਬਹੁਤ ਯੰਗ ਅਤੇ ਪਰਪੰਚ ਲਹਿਰਾਉਣ ਵਾਲੇ), ਰਾਖਸ਼ ਦਾਨੋ ਦੈਂਤ (ਦਨੂ ਦੇ ਪੁੱਤਰ), (ਦਿਤੀ ਦੇ ਪੁੱਤਰ) ਅਤੇ ਹੋਰ ਲੱਖਾਂ ਕਿਸੇ ਨਾ ਕਿਸੇ ਪ੍ਰੇਮ ਵਿਚ ਬੱਝੇ ਬਹੁਤ ਦੁਖੀ ਹੁੰਦੇ ਹਨ। ਇਹ ਸਾਰੇ ਲੋਕ ਅਤੇ ਇਨ੍ਹਾਂ ਦੇ ਗੁਰੂ ਇਕ ਹੰਕਾਰ ਵਿਚ ਹੀ ਡੁੱਬ ਮਰ ਗਏ ਹਨ। ਸਾਰੇ ਤੀਰਥ ਮਿਲੇ ਅਤੇ ਉਥੇ ਯਾਤਰੀਆਂ ਨਾਲ ਵੀ ਗੋਸ਼ਟੀਆਂ ਕੀਤੀਆਂ ਉਨ੍ਹਾਂ ਵਿਚੋਂ ਕੋਈ ਵੀ ਗੁਰਮੁਖ ਨਹੀਂ ਮਿਲਿਆ ਭਾਵ ਨਹੀ ਸੀ। ਹਿੰਦੂ ਤੁਰਕ ਸਾਰੇ ਪੀਰ ਪੈਗੰਬਰ ਸਾਰੇ ਕੌਮਾਂ ਨੂੰ ਕਤਲ ਕਰਨ ਵਾਲੇ ਹੀ ਮਿਲੇ। ਸਾਰੇ ਅਗਿਆਨੀਆਂ ਨੇ ਲੋਕਾਂ ਨੂੰ ਭਰਮਾਂ ਵਿਚ ਪਾ ਕੇ ਰੱਬ ਤੋਂ ਦੂਰ ਕਰ ਛਡਿਆ ਹੈ। ਭਾਵ ਡੂੰਘੇ ਦੁਖਾਂ ਵਿਚ ਪਾ ਦਿਤਾ ਹੈ। ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਿਆਨ ਨੇ ਲੋਕਾਂ ਦੇ ਮਨ ਵਿਚ ਵਸਿਆ ਅੰਧੇਰ ਸੂਰਜ ਬਣ ਕੇ ਰੌਸ਼ਨਾ ਦਿਤਾ ਹੈ। ਦੁਨੀਆਂ ਵਿਚ ਪ੍ਰਮਾਰਥ ਫੈਲ ਗਿਆ।

----

## ਵਾਰ ਪਹਿਲੀ

*ਪਉੜੀ 27 (ਗੁਰੂ ਨਾਨਕ ਸੂਰਯੋਦਯ)*

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨਾ ਧੀਰਿ ਧਰੋਆ।
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲ ਵਿਚਿ ਪਰਗਟੁ ਹੋਆ।।27।।

---

*ਪਲੋਆ: ਮਿਟਿਆ। ਸਿੰਘੁ: ਸ਼ੇਰ। ਬੁਕੇ: ਗਰਜੇ। ਮਿਰਗਾਵਲੀ: ਹਰਨੀਆਂ ਦੀ ਡਾਰ। ਭੰਨੀ: ਦੌੜਦੀ ਹੈ। ਧਰੋਆ: ਧੀਰਜ ਨਾ ਹੋਣਾ। ਸਿਧਾਸਣਿ: ਭਾਂਵ ਸਿਧਾ ਵਾਂਗ ਆਸਣ। ਮਤੇ: ਮਤ-ਨਾਲ। ਵਿਸੋਆ: ਵਿਸੋਆ ਨੁਹਾਉਣਾ। ਛਾਰਿ ਚਕਿ: ਰਾਤ ਦਿਨ ਵਿਚ ਕੀਰਤਨ ਕਰਨ ਦੇ ਚਾਰ ਸਮੇਂ। ਨਉ ਖੰਡ: ਧਰਤੀ ਦੇ ਨੌ ਭਾਗ। ਢੋਆ: ਢੋਈ ਮਿਲਣੀ।*

ਜਿਵੇਂ ਪਉੜੀ 27 ਵਿਚ ਪੜ੍ਹਿਆ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਿਆਨ ਨੇ ਲੋਕਾਂ ਦੇ ਦਿਲਾਂ ਵਿਚ ਵਸਿਆ ਅਗਿਆਨ ਕੱਢ ਕੇ ਪ੍ਰਮਾਤਮਾ ਦੇ ਭੇਦ ਦਸ ਕੇ ਲੋਕਾਂ ਨੂੰ ਚੰਗੇ ਕਾਰਜਾ ਵੱਲ ਪ੍ਰੇਰਤ ਕੀਤਾ। ਇਸ ਪਉੜੀ ਵਿਚ ਵੀ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਜਦ ਸੂਰਜ ਨਿਕਲਦਾ ਹੈ ਤਾਂ ਪਈ ਹੋਈ ਘਣੀ ਧੁੰਦ ਦਾ ਪਹਿਰਾ ਹਟ ਜਾਂਦਾ ਹੈ। ਜਿਵੇਂ ਸੂਰਜ ਨਿਕਲ ਪਏ ਤਾਂ ਤਾਰੇ ਛੁਪ ਜਾਂਦੇ ਹਨ ਅਤੇ ਇਸੇ ਤਰ੍ਹਾਂ ਲੋਕਾਂ ਨੂੰ ਗਿਆਨ ਹੋਇਆ ਅਤੇ ਅੰਧਵਿਸ਼ਵਾਸ ਨੂੰ ਛੱਡ ਕੇ ਲੋਕ ਰੱਬ ਦੀ ਉਸਤਤ ਕਰਨ ਲਗ ਪਏ। ਜਿਵੇਂ ਜਦ ਸ਼ੇਰ ਦਿਹਾੜਦਾ ਹੈ ਤਾਂ ਹਰਨਾਂ ਅਤੇ ਹਰਨੀਆਂ ਦੀਆਂ ਡਾਰਾਂ ਦੀਆਂ ਡਾਰਾਂ ਧੀਰਜ ਛੱਡ ਕੇ ਭੱਜ ਤੁਰਦੀਆਂ ਹਨ, ਠੀਕ ਇਸੇ ਤਰ੍ਹਾਂ ਗੁਰੂ ਨਾਨਾਕ ਦੇਵ ਜੀ ਦੇ ਆਗਮਾਨ ਨਾਲ

ਦੁਨੀਆਂ ਵਿਚੋਂ ਅਧਿਆਤਮਕ ਅਗਿਆਨ, ਗਿਆਨ ਵਿਚ ਬਦਲ ਗਿਆ। ਸਿੱਧਾਂ ਨਾਥਾਂ ਦੀ ਇਕ ਪਰਤਾ ਸੀ ਭਾਵੇਂ ਉਹ ਪਹਾੜਾਂ ਉਪਰ ਰਹਿੰਦੇ ਸਨ ਪਰ ਜਿਥੇ ਵੀ ਜਾ ਰਹਿੰਦੇ ਸਨ ਤਾਂ ਉਥੇ ਉਹ ਆਪਣੇ ਆਸਣ ਭਾਵ ਡੇਰੇ ਥਾਪ ਦਿੰਦੇ ਸਨ। ਜਿਥੇ ਜਿਥੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਪੈਰ ਧਰਿਆ ਉਸ ਹਰ ਥਾਂ ਉਪਰ ਲੋਕਾਂ ਨੇ ਯਾਦਗਾਰਾਂ ਬਣਾ ਲਈਆਂ ਅਤੇ ਇਕੱਠੇ ਹੋ ਕੇ ਉਥੇ ਪੂਜਾ ਪਾਠ ਅਤੇ ਭਗਤੀ ਕਰਨ ਲੱਗੇ। ਘਰ ਘਰ ਅੰਦਰ ਧਰਮਸਾਲ ਵਾਂਗ ਗਿਆਨ ਗੋਸ਼ਟੀਆਂ ਹੋਣ ਲੱਗੀਆਂ ਅਤੇ ਗੁਰਬਾਣੀ ਦਾ ਕੀਰਤਨ ਹੋਣ ਲੱਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਦੇ ਚਾਰ ਸਮੇਂ ਨੀਯਤ ਕੀਤੇ ਸਨ। ੳ) ਅੰਮ੍ਰਿਤ ਵੇਲੇ ਆਸਾ ਦੀ ਵਾਰ। ਅ) ਦਿਨ ਦੇ ਸਵਾ ਪਹਿਰ ਚਰਨਕਮਲ ਚੌਂਕੀ। ੲ) ਸੰ? ਵੇਲੇ ਰਹਿਰਾਸ ਕਰਨੀ। ਸ) ਚਾਰ ਘੜੀ ਰਾਤ ਬੀਤਣ ਮਗਰੋਂ ਕਲਿਯਾਨ ਚੌਂਕੀ ਆਦਿ ਕਰਨੀ ਚਾਹੀਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹ ਕੋਈ ਪੱਕੀ ਰੀਤ ਨਹੀਂ ਸੀ ਪਰ ਲੁਕਾਈ ਗੁਰਬਾਣੀ ਦਾ ਪਾਠ, ਕੀਰਤਨ ਅਤੇ ਪੂਜਾ ਆਮ ਕਰਨ ਲੱਗ ਪਏ ਸਨ। ਅਜਿਹਾ ਚੁਪਾਸੇ ਹੀ ਹੋਣ ਲੱਗਾ ਸੀ। ਇਸ ਤਰ੍ਹਾਂ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਸਤਿਕਾਰ ਬਾਰੇ ਲਿਖਦੇ ਹਨ ਕਿ ਧਰਤੀ ਦੇ ਨੌਵਾਂ ਹਿਸਿਆ ਵਿਚ ਉਨ੍ਹਾਂ ਦੀ ਬਾਣੀ ਨੂੰ ਬੜੀ ਸ਼ਰਧਾ ਨਾਲ ਪੜ੍ਹਿਆ ਅਤੇ ਵਿਚਾਰਿਆ ਜਾਂਦਾ ਹੈ। ਪ੍ਰਿਥਵੀ ਦੇ ਨੌਂ ਖੰਡ ਹਨ ਜਿਵੇਂ: ਭਰਤ, ਇਲਾਵ੍ਰਿਤ, ਕਿੰਪੁਰਸ਼, ਭਦ੍ਰ, ਕੇਤੁਮਾਲ, ਹਰਿ, ਹਿਰਣਯ ਅਤੇ ਕੁਸ਼ ਆਦਿ। ਕਲਜੁਗ ਦੇ ਅਤਿ ਭਿਆਨਕ ਸਮੇਂ ਅਵਤਾਰ ਧਾਰ ਕੇ ਲੁਕਾਈ ਨੂੰ ਗੁਰਮੁਖ ਬਣਾਇਆ।

----

## ਵਾਰ ਪਹਿਲੀ

*ਪਉੜੀ 28 (ਸੁਮੇਰੁ ਪਰਬਤ ਪਰ ਜਾਣਾ)*

ਬਾਬੇ ਡਿੱਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ।
ਫਿਰਿ ਜਾਇ ਚੜ੍ਹਿਆ ਸੁਮੇਰ ਸਿਧਿ ਮੰਡਲੀ ਦ੍ਰਿਸਟੀ ਆਈ।
ਚਉਰਾਸੀਹ ਸਿਧਿ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ।
ਸਿਧਿ ਪੁਛਣਿ ਸੁਣਿ ਬਾਲਿਆ ਕਉਣੁ ਸਕਤਿ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।
ਆਖਨਿ ਸਿਧਿ ਸੁਣਿ ਬਾਲਿਆ! ਅਪਨਾ ਨਾਉ ਤੁਮ ਦੇਹੁ ਬਤਾਈ।
ਬਾਬਾ ਆਖੇ ਨਾਥ ਜੀ! ਨਾਨਕ ਨਾਮ ਜਪੇ ਗਤਿ ਪਾਈ।
ਨੀਚੁ ਕਹਾਇ ਊਚ ਘਰਿ ਆਈ।।28।।

---

*ਸੁਮੇਰ: ਪ੍ਰਬਤ। ਸਕਤਿ: ਸ਼ਖਸ਼।*

ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ ਦਿਸ਼ਾਂਤਰਾਂ ਧਰਤੀ ਦੇ ਨਵਾਂ-ਖੰਡਾ ਵਿਚ ਲੁਕਾਈ ਨੂੰ ਤਾਰਦੇ ਹੋਏ ਸੁਮੇਰ ਪਰਬਤ ਭਾਵ ਜਿਥੇ ਮਾਨ-ਸਰੋਵਰ ਝੀਲ ਹੈ ਅਤੇ ਭੋਲੇ ਨਾਥ ਸ਼ਿਵ ਜੀ

ਅਤੇ ਪਾਰਬਤੀ ਜਿਹੜੇ ਕੈਲਾਸ਼ ਪਰਬਤ ਉਪਰ ਰਹਿੰਦੇ ਸਨ ਉਥੇ ਪਹੁੰਚੇ। ਉਥੇ ਉਨ੍ਹਾਂ ਨੇ ਸਿਧ-ਮੰਡਲੀ ਵੇਖੀ। ਮਨ ਹੀ ਮਨ ਵਿਚ ਗਿਣਤੀ ਕੀਤੀ ਕਿ ਉਥੇ ਚੁਰਾਸੀ ਪਰਕਾਰ ਦੇ ਸਿੱਧ ਅਤੇ ਗੋਰਖ ਨਾਥ ਦੇ ਰਹਿੰਦੇ ਚੇਲਿਆਂ ਦਾ ਪਤਾ ਚਲਿਆ। ਸਿਧਾਂ ਨਾਥਾਂ ਨੇ ਬਾਲੇ ਕੋਲੋਂ ਪੁੱਛਿਆ ਸਾਨੂੰ ਦਸ ਤੈਨੂੰ ਕਿਹੜੀ ਸ਼ਕਤੀ ਏਥੇ ਸਾਡੇ ਕੋਲ ਲੈ ਕੇ ਆਈ ਹੈ। ਗੁਰੂ ਜੀ ਨੇ ਉਤਰ ਦਿਤਾ ਕਿ ਉਸਨੇ ਇਕ ਪ੍ਰਮਾਤਮਾ ਦੀ ਭਗਤੀ ਕੀਤੀ ਹੈ ਅਤੇ ਸਮਾਧੀ ਲਾ ਕੇ ਪ੍ਰੇਮਾ ਭਗਤੀ ਕੀਤੀ ਹੈ। ਸਿਧ ਫਿਰ ਬੋਲੇ ਕਿ ਐ ਬਾਲਿਆ ਤੂੰ ਸਾਨੂੰ ਆਪਣਾ ਨਾਮ ਤਾਂ ਦੱਸ ਦੇ ਕਿ ਤੂੰ ਕੌਣ ਏ? ਸ੍ਰੀ ਗੁਰੂ ਨਾਨਕ ਦੇਵ ਜੀ ਜਵਾਬ ਦਿੰਦੇ ਹਨ ਕਿ ਇਕ ਪ੍ਰਮਾਤਮਾ ਦਾ ਨਾਮ ਜਪਣ ਨਾਲ ਮੇਰਾ ਨਾਮ ਨਾਨਕ ਪਿਆ ਹੈ ਅਤੇ ਨਾਮ ਜਪਣ ਕਰਕੇ ਹੀ ਮੈਂ ਇਹ ਗਤੀ ਪਾਈ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਆਪਣੇ ਆਪ ਨੂੰ ਨੀਵਾਂ ਸਮਝ ਕੇ ਉਚਾ ਦਰਜਾ ਪਾ ਸਕੀਦਾ ਹੈ।

----

## ਵਾਰ ਪਹਿਲੀ

*ਪਉੜੀ 29 (ਸਿੱਧਾਂ ਨਾਲ ਪ੍ਰਸ਼ਨੋਤੱਰ)*

ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ।
ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।
ਬਾਬੇ ਆਖਿਆ, ਨਾਥ ਜੀ! ਸਚੁ ਚੰਦਰਮਾ ਕੂੜੁ ਅੰਧਾਰਾ।
ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।
ਪਾਪਿ ਗਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।
ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।
ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਏ ਛਾਰਾ।
ਬਾਝੁ ਗੁਰੂ ਡੁਬਾ ਜਗੁ ਸਾਰਾ॥29॥

---

*ਧਰਿ ਹੇਠ: ਧਰਤੀ ਹੇਠਾਂ। ਛਾਰਾ: ਸੁਆਹ ਮਲਣੀ।*

ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਫਿਰ ਸਿਧ ਪੁਛਦੇ ਹਨ ਕਿ ਮਾਤ-ਲੋਕ ਵਿਚ ਕੀ ਵਰਤ ਰਿਹਾ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤੇਜ ਅਤੇ ਗਿਆਨ ਤੋਂ ਸਿੱਧਾਂ ਨੇ ਇਹ ਗੱਲ ਭਲੀ ਭਾਂਤ ਸਮਝ ਲਈ ਕਿ ਇਹ ਪੁਰਸ਼ ਕਲਜੁਗ ਵਿਚ ਲੁਕਾਈ ਨੂੰ ਭਵਜਲ ਪਾਰ ਕਰਵਾਉਣ ਵਾਸਤੇ ਆਇਆ ਇਕ ਗੁਰੂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾ ਨੂੰ ਸਮਝਾਇਆ ਸੱਚ ਚੰਦਰਮਾ ਹੈ ਜਿਸ ਦੀ ਲੋਅ ਨਾਲ ਸਭ ਕੁਝ ਨਜ਼ਰ ਆਉਂਦਾ ਹੈ ਝੂਠ ਹਨੇਰਾ ਹੈ ਜਿਸ ਕਾਰਨ ਕੁਝ ਵੀ ਨਜ਼ਰ ਨਹੀਂ ਆ ਰਿਹਾ ਹੁੰਦਾ। ਵਰਤਮਾਨ ਵਿਚ ਸਾਇੰਸਦਾਨ ਗ੍ਰਹਿਾਂ ਬਾਰੇ ਦਸਦੇ ਹਨ ਕਿ ਕਿਹੜਾ ਗ੍ਰਹਿ ਕਿਥੇ ਸਫਰ ਕਰ ਰਿਹਾ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾਂ ਨੂੰ ਸਮਝਾਉਂਦੇ ਉਚਾਰਦੇ ਹਨ ਕਿ ਸੂਰਜ ਦੇ ਅਮਵਸਿ ਭਾਵ ਨਾਲ ਚੰਦਰਮਾ

ਇਕੋ ਹੀ ਰਾਸ਼ੀ ਤੇ ਹੁੰਦੇ ਹਨ। ਇਸ ਰਾਸ਼ੀ ਕਾਰਨ ਹਨੇਰਾ ਛਾ ਜਾਂਦਾ ਹੈ। ਇਸ ਹਨੇਰੀ ਪੱਖ ਦੀ ਪਿਛਲੀ ਤਿਥ ਜਿਵੇਂ ਮੌਸ ਦੇ ਜੋਤਿਸ਼ ਅਨੁਸਾਰ 30 ਅੰਕ ਬਣਦੇ ਹਨ। ਅਮਾਵਸ ਹਨੇਰ ਹੈ ਅਤੇ ਚੰਦਰਮਾ ਗਿਆਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਗਿਆਨ ਕਰਦੇ ਹਨ ਕਿ ਉਹ ਮਾਤ ਲੋਕ ਵਿਚ ਸੱਚ ਦੀ ਭਾਲ ਵਾਸਤੇ ਆਇਆ ਹੈ। ਸੱਚ ਨੂੰ ਲੱਭ ਲਿਆ ਹੈ ਅਤੇ ਹੁਣ ਇਸ ਸਚ ਨੂੰ ਲੁਕਾਈ ਤੱਕ ਪਹੁੰਚਾਉਣਾ ਮੇਰਾ ਕਾਰਜ ਹੈ। ਕਿਉਂਕਿ ਸਿਧਾਂ ਦਾ ਵਿਚਾਰ ਸੀਂ ਕਿ ਧਰਤੀ ਬੌਲਦ ਨੇ ਆਪਣੇ ਸਿੰ?ਂਉਪਰ ਚੁੱਕੀ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਿਧਾਂ ਨੂੰ ਦਸਦੇ ਹਨ ਕਿ ਪਾਪਾਂ ਨਾਲ ਭਾਰੀ ਹੋਈ ਧਰਤੀ ਹੈ ਅਤੇ ਤੁਸੀਂ ਕਹਿੰਦੇ ਹੋ ਕਿ ਹੇਠਾਂ ਬੌਲਦ ਭਾਰ ਚੁਕਦਾ ਕੁਰਲਾ ਰਿਹਾ ਹੈ।ਧਰਤੀ ਤਾਂ ਅਗੇ ਤੋਂ ਅਗੇ ਹੋਰ ਬਹੁਤ ਹੈ । ਇਹ ਧਰਤੀ ਬੌਲਦ ਦੇ ਸਿੰ?? ਉਪਰ ਕਿਵੇਂ ਟਿਕ ਸਕਦੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾ ਨੂੰ ਟਾਹਰ ਮਾਰ ਕੇ ਕਹਿੰਦੇ ਹਨ ਕਿ ਸਿਧ ਤਾਂ ਪਰਬਤਾਂ ਉਪਰ ਲੁਕੇ ਹੋਏ ਹਨ ਪਰ ਦੁਨੀਆਂ ਨੂੰ ਕੌਣ ਸਮਝਾਏਗਾ ਅਤੇ ਤੁਸੀਂ ਜੋਗੀ ਲੋਕ ਏਨਾ ਵੀ ਨਹੀਂ ਸਮਝਦੇ। ਸਿਰਫ ਸਰੀਰ ਉਪਰ ਇਕ ਸੁਆਹ ਮਲਣਾ ਹੀ ਜਾਣਦੇ ਹੋ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਕ ਗੁਰੂ ਦੇ ਬਿਨ੍ਹਾਂ ਇਹ ਸਾਰਾ ਸੰਸਾਰ ਭਵਜਲ ਵਿਚ ਡੁੱਬਦਾ ਜਾ ਰਿਹਾ ਹੈ।

----

## ਵਾਰ ਪਹਿਲੀ

*ਪਉੜੀ 30 (ਭਾਰਤ ਦੀ ਦੁਰਦਸ਼ਾ)*

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।
ਵਰਤਿਆ ਪਾਪੁ ਸਭਸਿ ਜਗਿ ਮਾਹੀ।।30।।

---

*ਕੁਸਤੁ: ਅਧਰਮ। ਤਿਨਾੜੇ: ਤਿਨਾਂ ਦੇ ਜਾਂ ਉਨ੍ਹਾਂ ਦੇ। ਦਾਮਿ: ਪੈਸਾ।*

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਹੇ ਗੁਸਾਈਂ (ਇਕ ਪ੍ਰਕਾਰ ਦੇ ਸਾਧੂਆਂ/ਬ੍ਰਾਹਮਣ ਨੂੰ ਮੁਖਾਤਿਬ ਹੁੰਦਾ ਹੈ।), ਕਲਜੁਗ ਅੰਦਰ ਮਨੁੱਖ ਕੁੱਤੇ ਦੀ ਨਿਆਈ ਬਣ ਗਿਆ ਹੈ। ਜਿਵੇਂ ਕੁੱਤੇ ਮੁਰਦੇ ਖਾਂਦੇ ਹਨ ਇਸ ਤਰ੍ਹਾਂ ਮਨੁਖ ਲੋਕਾਂ ਦਾ ਹੱਕ ਖਾ ਰਿਹਾ ਹੈ। ਲੁਟ ਕਸੁਟ ਕਰ ਰਿਹਾ ਹੈ। ਰਾਜੇ ਆਪ ਪਰਜਾ ਉਪਰ ਜ਼ੁਲਮ ਕਰ ਰਹੇ ਹਨ, ਭਾਵ ਜਿਸ ਰਾਜੇ ਨੇ ਲੁਕਾਈ ਦੀ ਮਦਦ ਕਰਨੀ ਸੀ ਉਹ ਆਪ ਲੁਕਾਈ ਨੂੰ ਲੁਟ ਰਿਹਾ ਹੈ। ਜ਼ੁਲਮ ਕਰ

ਰਿਹਾ ਹੈ। ਭਾਈ ਗੁਰਦਾਸ ਜੀ ਸਾਨੂੰ ਇਹ ਲਿਖ ਕੇ ਸਮਝਾਉਂਦੇ ਹਨ ਕਿ ਜਿਵੇਂ ਖੇਤ ਦੀ ਵਾੜ ਹੀ ਖੇਤ ਨੂੰ ਖਾਣ ਲਗ ਪਵੇ ਤਾਂ ਉਸ ਖੇਤ ਨੂੰ ਹੋਰ ਕੌਣ ਬਚਾ ਸਕਦਾ ਹੈ। ਲੁਕਾਈ ਪ੍ਰਮਾਤਮਾ ਦੀ ਪਛਾਣ ਤੋਂ ਅਗਿਆਨ ਹਨੇਰੇ ਵਿਚ ਪਸਰ ਰਹੀ ਹੈ ਅਤੇ ਆਪਣੇ ਮੂੰਹੋਂ ਪ੍ਰਮਾਤਮਾ ਦਾ ਨਾਮ ਭੁਲਕੇ ਅਧ੍ਰਮ ਦਾ ਰੌਲਾ ਪਾ ਰਹੀ ਹੈ। ਗੁਰੂ ਦੇ ਚੇਲੇ ਸਾਜ਼ ਵਜਾਉਂਦੇ ਹਨ ਭਾਵ ਹਨੇਰ ਮਚਾਉਦੇ ਹਨ ਅਤੇ ਗੁਰੂ ਤਰ੍ਹਾਂ ਤਰ੍ਹਾਂ ਦੇ ਨਾਚ ਭਾਵ ਫੰਦ ਲਾ ਰਿਹਾ ਹੈ। ਚੇਲੇ ਆਪਣੇ ਘਰਾਂ ਵਿਚ ਬੈਠੇ ਧਮੱਚੜ ਪਾ ਰਹੇ ਹਨ ਅਤੇ ਗੁਰੂ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਹੇ ਹਨ। ਧਰਮ ਦੇ ਕਾਜ਼ੀ ਲਾਲਚੀ ਹੋ ਗਏ ਹਨ ਕਿਉਂਕਿ ਉਹ ਵੀ ਕਿਸੇ ਦਾ ਕਾਰਜ ਬਿਨ੍ਹਾਂ ਪੈਸੇ ਲਏ ਨਹੀਂ ਕਰਦੇ। ਔਰਤਾਂ ਦਾ ਪੈਸੇ ਨਾਲ ਪਿਆਰ ਹੋ ਗਿਆ ਹੈ। ਉਹ ਪੈਸੇ ਵੱਲ ਹੀ ਵੇਖਦੀਆਂ ਹਨ ਭਾਵੇਂ ਪੈਸਾ ਕਿਧਰੋ ਵੀ ਆਵੇ ਪਰਾਪਤ ਕਰਦੀਆਂ ਹਨ। ਭਾਈ ਗੁਰਦਾਸ ਜੀ ਦਸਦੇ ਹਨ ਕਿ ਕਲਜੁਗ ਵਿਚ ਸਾਰੇ ਸੰਸਾਰ ਅੰਦਰ ਪਾਪ ਵਰਤ ਰਿਹਾ ਹੈ।

----

## ਵਾਰ ਪਹਿਲੀ

*ਪਉੜੀ 31 (ਗੁਰੂ ਪਰੀਖਿਆ)*

ਸਿਧੀ ਮਨੇ ਬੀਚਾਰਿਆ ਕਿਵੈ ਦਰਸਨੁ ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਹਿ ਹਮਰੇ ਪੰਥੁ ਕਰੇ ਉਜਿਆਲਾ।
ਖਪਰੁ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।
ਫਿਰਿ ਆਇਆ ਗੁਰ, ਨਾਥ ਜੀ ਪਾਣੀ ਠਉੜ ਨਾਹੀ ਉਸਿ ਤਾਲਾ।
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮ ਸੁਖਾਲਾ।।31।।

---

*ਖੱਪਰੁ: ਲੋਟਾ। ਦਰਸਨੁ: ਭੇਖ, (ਸਿਧਾਂ ਵਾਲਾ ਬਾਣਾ) ਕਲੀ: ਕਲਜੁਗ। ਅਗਮ: ਅਪਹੁੰਚ, ਔਖਾ। ਅਗਾਧਿ: ਦੁਰਗਮ, ਪਹੁੰਚ ਤੋਂ ਬਾਹਰ, ਭਵਿਸ਼ਤ। ਠਉੜ:ਜਗਾਹ। ਕੀਤੋਸ: ਕੀਤਾ।*

ਸਿਧਾਂ ਨੇ ਆਪਸ ਵਿਚੀ ਰਲ ਕੇ ਸਲਾਹ ਕੀਤੀ ਕਿ ਇਸ ਬਾਲਕ ਨੂੰ ਸਿਧਾਂ ਵਾਲਾ ਬਾਣਾ ਕਿਵੇਂ ਪਹਿਨਾਇਆ ਜਾਵੇ। ਪੂਰਾ ਯਕੀਨ ਹੈ ਕਿ ਇਹ ਬਾਲ ਕਲਜੁਗ ਵਿਚ ਸਿੱਧ ਜੋਗੀਆਂ ਨੂੰ ਬਹੁਤ ਸਤਿਕਾਰਕ ਬਣਾ ਸਕਦਾ ਹੈ। ਸਕੀਮ ਬਣਾ ਕੇ ਇਕ ਨਾਥ ਨੇ ਬਾਬੇ ਨੂੰ ਇਕ ਆਪਣਾ ਲੋਟਾ ਭਾਵ ਚਿਪੀ ਦਿਤੀ ਅਤੇ ਕਿਹਾ ਜਾਹ ਤਲਾ ਵਿਚੋਂ ਪਾਣੀ ਦਾ ਲੋਟਾ ਭਰ ਕੇ ਲਿਆ। ਤਲਾ ਵਿਚ ਪਾਣੀ ਨਹੀਂ ਸੀ ਸਗੋਂ ਹੀਰੇ ਮੋਤੀ ਰਤਨ ਜਵਾਹਰ ਮਾਣਕਾਂ ਨਾਲ ਭਰਿਆ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤਲਾ ਕੋਲ ਪਹੁੰਚੇ ਅਤੇ ਵਾਪਸ ਚਿਪੀ

ਖਾਲੀ ਮੁੜ ਲਿਆਏ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰ: ਭਾਵ ਛੰਦ-ਬੱਧ ਇਤਹਾਸਕ ਇਹ ਗ੍ਰੰਥ ਭਾਈ ਸੰਤੋਖ ਸਿੰਘ ਜੀ ਨੇ ਸੰਨ 1880 ਵਿਚ ਪਿੰਡ ਬੂੜੀਏ ਵਿਚ ਰਹਿ ਕੇ ਲਿਖਿਆ ਸੀ ਅਤੇ ਇਹ ਗ੍ਰੰਥ ਪੂਰਵਾਰਧ ਅਤੇ ਉਤਰਾਰਧ ਦੋ ਅਧਿਆਵਾਂ ਵਿਚ ਵੰਡਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਵਾਰਧ ਅਧਿਆਏ 63ਵੇਂ ਦੇ ਅੰਕ 39, 40, 41 ਵਿਚ ਇਸ ਤਰ੍ਹਾਂ ਇਕ ਕਾਵਿ ਟੁਕੜੀ ਪੜ੍ਹਨ ਵਿਚ ਆਉਂਦੀ ਹੈ;

ਖੱਪਰ ਦਿਤਾ ਨਾਥ ਨੇ, ਬਾਲੇ ਤਾਲ ਬਿਲੋਕ।
ਪਾਨੀ ਆਨਹੁ ਤਹਾਂ ਤੇ ਹੂਜੇ ਸਦਾ ਅਸ਼ੋਕ।
ਕਰ ਗਮਨੇ ਤਾਲ ਢਿਗ ਮਾਨਿਕ ਲਾਲ ਬਿਸਾਲ।
ਪੂਰਨ ਸਰ ਅਵਲੋਕ ਕੈ ਨਾਂਢੈ ਰਹ ਕ੍ਰਿਪਾਲ।
ਜਗਮਗ ਜਗਮਗ ਕਰਤ ਹੈ ਤਹਾਂ ਜਵਾਹਰ ਭੂਰ।
ਗੋਰਖ ਕੋ ਛਲ ਜਾਨ ਕੈ ਹਟਿ ਆਏ ਜਗ ਮੂਰ।
ਕਹਯੋ ਆਨ; ਤਹਿ ਨੀਰ ਨਹਿ ਖੱਪਰ ਲਹੁ ਸੰਭਾਲ।
ਬੈਠੇ ਬਹੁਰ ਸਮੀਪ ਹਵੈ ਸ੍ਰੀ ਗੁਰ ਦੀਨ ਦਯਾਲ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਉਂਦਿਆ ਆਖਿਆ ਕਿ ਉਸ ਤਲਾ ਵਿਚ ਪਾਣੀ ਨਹੀਂ ਹੈ ਇਸ ਕਰਕੇ ਆਹ ਆਪਣਾ ਲੋਟਾ ਸੰਭਾਲ ਲਵੋ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੋਈ ਮਾਇਆ ਨਾਲ ਮੂਹ ਨਹੀਂ ਸੀ ਅਤੇ ਜਿਵੇਂ ਗੁਰੂ ਜੀ ਅਨਭੋਲ ਹੁੰਦੇ ਹਨ। ਲੋਟਾ ਸਿੱਧਾਂ ਨੂੰ ਵਾਪਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਬਦ ਨਾਲ ਹੀ ਸਿਧਾਂ ਦਾ ਯਾਦੂ ਉਲਟਾ ਉਨ੍ਹਾਂ ਉਪਰ ਚਲਾ ਦਿਤਾ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕਲਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਿਤਾ ਗਿਆ ਨਾਮ ਭਾਵ ਸਤਿਨਾਮ ਜਪਣ ਨਾਲ ਹੀ ਮਨੁਖ ਨੂੰ ਸੁਖ ਪ੍ਰਾਪਤ ਹੋ ਸਕਦੇ ਹਨ।

----

## ਵਾਰ ਪਹਿਲੀ,

*ਪਉੜੀ 32 (ਮੱਕੇ ਜਾਣਾ)*

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸ਼ਾ ਹਥਿ ਕਿਤਾਬ ਕਛਿ ਕੂਜ਼ਾ ਬਾਂਗ ਮੁਸੱਲਾ ਧਾਰੀ।
ਬੈਠਾ ਜਾਇ ਮਸਤਿ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।
ਲਤਾ ਵਲ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਰੀ॥32॥

---

*ਬਨਵਾਰੀ: ਬਨ ਦੇ ਮਾਲਕ ਭਾਵ ਪ੍ਰਮਾਤਮਾ। ਆਸਾ: ਸੋਟਾ। ਕੂਜਾ: ਲੋਟਾ। ਮੁਸੱਲਾ: ਫੂੜੀ।*

*ਮੁਹਰਾਬੇ: ਮਸੀਤ ਦੀ ਉਹ ਡਾਟ ਜਿਹੜੀ ਕਾਬਾ ਵੱਲ ਹੁੰਦੀ ਹੈ ਭਾਵ ਮੱਕਾ। ਕੁਫਰ: ਮੱਕਾ। ਕੁਫਾਰੀ: ਕਾਫਰ। ਬਜਿਗਾਰੀ: ਪਾਪੀ। ਜੁਹਾਰੀ: ਨਮਸਕਾਰ।*

ਪ੍ਰਮਾਤਮਾ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੱਥ ਵਿਚ ਸੋਟਾ ਵੱਖੀ ਵਿਚ ਕਿਤਾਬ, ਬੁਜ਼ੂ ਵਾਸਤੇ ਪਵਿਤ੍ਰ ਪਾਣੀ ਅਤੇ ਸਲਵਾਰ ਕਮੀਜ਼ ਪਾ ਕੇ ਪੂਰੀ ਤਰ੍ਹਾਂ ਬਨਵਾਰੀ ਬਣ ਕੇ ਨੀਲੇ ਬਸਤ੍ਰ ਪਹਿਨ ਕਿ ਮੱਕੇ ਪਹੁੰਚਾ ਅਤੇ ਮਸੀਤ ਵਿਚ ਉਸ ਥਾਂ ਜਾ ਬੈਠਾ ਜਿਥੇ ਹਾਜੀ ਹੱਜ ਕਰਨ ਵਾਸਤੇ ਬੈਠਦੇ ਹਨ। ਰਾਤ ਵੇਲੇ ਜਦ ਬਾਬਾ ਮੱਕੇ ਵੱਲ ਪੈਰ ਪਸਾਰ ਕੇ ਸੁੱਤਾ ਤਾਂ ਇਕ ਮੁੱਲਾਂ ਨੇ ਬਾਬੇ ਦੇ ਜ਼ੋਰ ਦੇਣੀ ਆਪਣੀ ਲੱਤ ਮਾਰ ਕੇ ਆਖਿਆ ਕਿ ਉੱਠ! ਤੂੰ ਕੌਣ ਕਾਫ਼ਰ ਭਾਵ ਨਾਸ਼ੁਕਰਾਂ ਏ ਜਿਹੜਾ ਮੱਕੇ ਵੱਲ ਆਪਣੇ ਪੈਰ ਪਸਾਰ ਕੇ ਘੂਕ ਸੁੱਤਾ ਪਿਆ ਏਂ। ਉਏ ਪਾਪੀਆ! ਤੈਨੂੰ ਖੁਦਾ ਦਾ ਡਰ ਨਹੀਂ ਹੈ। ਤੂੰ ਕਿਉਂ ਖੁਦਾ ਵੱਲ ਆਪਣੀਆਂ ਲੱਤਾਂ ਪਸਾਰ ਕੇ ਸੁੱਤਾ ਏਂ। ਜਦ ਉਸ ਮੌਲਵੀ ਨੇ ਬਾਬੇ ਨੂੰ ਲੱਤੋਂ ਫੜ ਕੇ ਘੜੀਸਿਆ ਤਾਂ ਇਕ ਚਮਤਕਾਰ ਹੋਇਆ ਕਿ ਮੱਕਾ ਵੀ ਨਾਲੋਂ ਨਾਲ ਘੁੰਮ ਗਿਆ। ਹਾਜਰ ਹਾਜੀ ਲੋਕ ਸਭ ਹੈਰਾਨ ਹੋ ਗਏ ਅਤੇ ਬਾਬੇ ਦੇ ਚਰਨਾਂ ਉਪਰ ਆਪਣਾ ਸਿਰ ਝੁਕਾ ਕੇ ਨਮਸਕਾਰ ਕੀਤਾ।

----

## ਵਾਰ ਪਹਿਲੀ

*ਪਉੜੀ 33 (ਕਾਜ਼ੀਆਂ-ਮੁੱਲਾਂ ਨਾਲ ਪ੍ਰਸ਼ਨੋਂਤਰ)*

ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕੱਠੇ ਹੋਈ।
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸਭਿ ਅਮਲਾ ਬਾਝਹ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਿਨ ਨ ਢੋਈ।
ਕਚਾ ਰੰਗੁ ਕੁਸੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ॥33॥

---

*ਸਾਂਗ:ਪਸਾਰਾ ਵਰਤਾਇਆ। ਲਖਿ: ਜਾਨਣਾ। ਬਖੀਲੀ: ਈਰਖਾ ਚੁਗਲੀ।*

ਸਭ ਕਾਜ਼ੀ ਅਤੇ ਹਾਜੀ ਇਕੱਠੇ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਮਜ਼ਹਬ (ਧਰਮ) ਦੀ ਜਾਚ ਪੁਛਣ ਲੱਗੇ। ਪ੍ਰਮਾਤਮਾ ਦੀ ਕੁਦਰਤ ਦਾ ਅਨੰਤ ਪਾਰਾ ਹੈ। ਉਸਦੇ ਭੇਦਾਂ ਨੂੰ ਅਜ ਤੱਕ ਕੋਈ ਨਹੀਂ ਦਸ ਪਾਇਆ। ਜਿੰਨਾਂ ਵੀ ਉਸਦੇ ਭੇਦ ਕੋਈ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ ਉਤਨਾ ਹੀ ਉਹ ਹੋਰ ਮਸਲਿਆ ਅੰਦਰ ਉਲਝ ਜਾਂਦਾ ਹੈ। ਕਾਜ਼ੀ, ਹਾਜ਼ੀ ਅਤੇ ਮੁੱਲਾਂ ਕਿਤਾਬਾਂ ਨੂੰ ਫੋਲ ਕੇ ਭਾਵ ਪੜ੍ਹ ਕੇ ਪੁਛਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ

ਦਸੋ ਕਿ ਹਿੰਦੂ ਬੜਾ ਹੈ ਜਾਂ ਕਿ ਮੁਸਲਮਾਨ ਵੱਡਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਜ਼ੀਆਂ ਹਾਜ਼ੀਆਂ ਅਤੇ ਮੁਲਾਣਿਆਂ ਨੂੰ ਉਤਰ ਦਿਤਾ ਕਿ ਇਹ ਦੋਨੋਂ ਹੀ ਸਚ ਨੂੰ ਛੱਡ ਕੇ, ਸਚੇ ਅਮਲਾਂ ਨੂੰ ਛੱਡ ਕੇ ਆਪੋ ਆਪਣੀ ਕਿਸਮਤ ਉਪਰ ਰੋ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਕਿ ਨਾ ਦਰਗਹ ਅੰਦਰ ਨਾ ਕੋਈ ਹਿੰਦੂ ਅਤੇ ਨਾ ਹੀ ਕਿਸੇ ਮੁਸਲਮਾਨ ਨੂੰ ਢੋਈ ਮਿਲਣੀ ਹੈ ਜਦ ਤੱਕ ਕਿ ਉਹ ਇਕ ਪ੍ਰਮਾਤਮਾ ਨੂੰ ਸੁਆਸ ਸੁਆਸ ਯਾਦ ਨਹੀਂ ਕਰਦੇ। ਜਿਵੇਂ ਕੁਸੰਭੜਾ ਰੰਗ ਪਾਣੀ ਨਾਲ ਧੋਤਿਆਂ ਲਹਿ ਜਾਂਦਾ ਹੈ ਠੀਕ ਇਸੇ ਤਰ੍ਹਾਂ ਕਲਜੁਗ ਵਿਚ ਦਰਗਹ ਵਿਚ ਜਾ ਕੇ ਮਨੁਖ ਦਾ ਇਵੇਂ ਹੰਕਾਰ ਲਹਿ ਜਾਂਦਾ ਹੈ। ਕਿਉਂਕਿ ਕਲਜੁਗ ਵਿਚ ਲੋਕ ਝੂਠ ਬੋਲਦੇ ਹਨ, ਪਾਪ ਕਰਦੇ ਹਨ, ਇਕ ਦੂਜੇ ਨਾਲ ਈਰਖਾ ਕਰਦੇ ਹਨ ਅਤੇ ਉਪਰ ਆਪਣੇ ਆਪ ਨੂੰ ਬਹੁਤ ਧਰਮੀ ਮਨੁਖ ਸਮਝਦੇ ਹਨ। ਉਨ੍ਹਾਂ ਦੀ ਇਹ ਧਾਰਮਿਕ ਸਥਿੱਤੀ ਕੁਸੰਭੜੇ ਰੰਗ ਵਾਂਗ ਲਹਿ ਜਾਣੀ ਹੈ। ਭਾਈ ਗੁਰਦਾਸ ਜੀ ਦਸਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਰਾਮ ਅਤੇ ਰਹੀਮ ਦੋਨੋਂ ਬਰਾਬਰ ਹਨ ਪਰ ਜਿਹੜਾ ਲੁਕਾਈ ਦੇ ਮਨਾ ਅੰਦਰ ਸ਼ੈਤਾਨ ਬੈਠਾ ਹੈ, ਉਸਨੇ ਇਹ ਸਾਰੀ ਦੁਨੀਆਂ ਵਹਿਮਾਂ ਭਰਮਾਂ ਵਿਚ ਪਾਈ ਹੋਈ ਹੈ।

----

## ਵਾਰ ਪਹਿਲੀ

*ਪਉੜੀ 34 (ਮੱਕੇ ਦੀ ਬਿਜਯ)*

ਧਰੀ ਨੀਸਾਨੀ ਕਉਸਿ ਦੀ ਮਕੇ ਅੰਦਰਿ ਪੂਜ ਕਰਾਈ।
ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ।
ਬੁਕਿਆ ਸਿੰਘ ਉਜਾੜ ਵਿਚਿ ਸਭ ਮਿਰਗਾਵਲਿ ਭੰਨੀ ਜਾਈ।
ਚੜਿਆ ਚੰਦੁ ਨ ਲੁਕਈ ਕਢਿ ਕੁਨਾਲੀ ਜੋਤਿ ਛਪਾਈ।
ਉਗਵਣਹੁ ਤੇ ਆਥਵਣੋਂ ਨਉ ਖੰਡ ਪ੍ਰਿਥਮੀ ਸਭ ਝੁਕਾਈ।
ਜਗਿ ਅੰਦਰਿ ਕੁਦਰਤਿ ਵਰਤਾਈ।34।।

---

*ਕਾਉਸਿ:ਖਊਂਸ, ਖੂਟੀ ਅੰਗੂਠਾ ਫਸਾਉਣ ਵਾਲੀ ਖੜਾਵ। ਗੁਆਈ: ਗਵਾਹੀ। ਕੁਨਾਲੀ: ਮਿਟੀ ਦੀ ਪ੍ਰਾਤ, ਸਾਣੂਕ। ਉਗਵਣਿ ਤੇ ਆਥਵਣੇ: ਸੂਰਜ ਚੜ੍ਹਦੇ ਅਤੇ ਛੁਪਣ ਤੱਕ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕੇ ਵਿਚ ਆਪਣੀ ਅਤੇ ਆਪਣੀਆਂ ਖੜਾਵਾਂ ਦੀ ਪੂਜਾ ਕਰਵਾਈ। ਪ੍ਰਸੰਗ ਇਸ ਤਰ੍ਹਾਂ ਹੈ ਕਿ ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਪ੍ਰਯਾਵਾਂ ਵਾਲੇ ਪੰਨੇ 636 ਉਪਰ ਇਕ ਲਿਖੀ ਹੋਈ ਟੂਕ ਦਸਦੀ ਹੈ ਕਿ ਉਹ ਕਾਉਸਿ (ਖੜਾਵਾਂ) ਅਜੇ ਤੱਕ ਸੰਭਾਲ ਕੇ ਰੱਖੀਆਂ ਹੋਈਆਂ ਮਿਲਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਅਲੀਨਕੀ ਦੇ ਖਾਨਦਾਨ ਦੇ ਸਯਦ

ਰੁਕਨਦੀਨ ਸਾਹਿਬ ਅਤੇ ਹੋਰ ਲੋਕ ਵੀ ਮੱਕੇ ਵਿਚ ਹਾਜ਼ਰ ਸਨ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਨਾਲ ਕਾਬਾ ਫਿਰਿਆ ਤਾਂ ਸਾਰਿਆਂ ਨੇ ਧਰਮ ਉਪਰ ਚਰਚਾ ਕਰਨ ਵਾਸਤੇ ਰੁਕਨਦੀਨ ਨੂੰ ਅੱਗੇ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੁਕਨਦੀਨ ਦੀ ਚੰਗੀ ਤਰ੍ਹਾਂ ਤਸੱਲੀ ਕਰਵਾਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖੋਂ ਵਾਕ ਸੁਣ ਕੇ ਰੁਕਨਦੀਨ ਬਾਬੇ ਦੇ ਮੁਰੀਦ ਹੋ ਗਏ। ਜਦ ਰੁਕਨਦੀਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਹ ਸਾਨੂੰ ਕੋਈ ਆਪਣੀ ਨਿਸ਼ਾਨੀ ਦੇ ਕੇ ਜਾਣ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਪਣੀ ਕਾਉਸਿ ਭਾਵ ਖੂਟੀ ਖੜਾਵਾਂ ਦਿਤੀਆਂ। ਰੁਕਨਦੀਨ ਉਨ੍ਹਾਂ ਖੜਾਵਾਂ ਦੇ ਨਿੱਤ ਆਪ ਦਰਸ਼ਨ ਕਰਦੇ ਅਤੇ ਹੋਰਨਾਂ ਨੂੰ ਵੀ ਨਾਲ ਦਰਸ਼ਨ ਕਰਵਾਉਂਦੇ ਰਹਿੰਦੇ। ਰੁਕਨਦੀਨ ਜਦ ਵਾਪਸ ਹਿੰਦ ਨੂੰ ਆਏ ਤਾਂ ਇਹ ਖੜਾਵਾਂ ਵੀ ਨਾਲ ਹੀ ਲੈ ਆਏ। ਵਰਤਮਾਨ ਵਿਚ ਇਹ ਖੜਾਵਾਂ 'ਉਚ ਸ਼ਰੀਫ' ਜੀ ਦੇ ਤੋਸ਼ੇਖਾਨੇ ਵਿਚ ਪਈਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀਆਂ ਵਿਚ ਜਿਥੇ ਵੀ ਗਏ ਹਨ ਉਥੇ ਹੀ ਲੋਕਾਂ ਨੇ ਉਨ੍ਹਾਂ ਦੀ ਯਾਦਗਾਰ ਕਾਇਮ ਕੀਤੀ ਹੈ। ਹਿੰਦੂ ਅਤੇ ਮੁਸਲਮਾਨ ਦੋਨੋਂ ਧਰਮ ਇਹ ਗਵਾਹੀ ਦਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਘਰ ਘਰ ਵਿਚ ਪੂਜਾ ਹੋਣ ਲੱਗ ਪਈ ਹੈ। ਜਦ ਸੂਰਜ ਚੜ੍ਹਦਾ ਹੈ ਤਾਂ ਚਾਰੋਂ ਤਰਫ ਰੁਸ਼ਨਾਈ ਹੋ ਜਾਂਦੀ ਹੈ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗਿਆਨ ਸਾਰੇ ਜੱਗ ਵਿਚ ਰੌਸ਼ਨ ਹੋ ਗਿਆ ਹੈ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਧਰਤੀ ਉਪਰ ਫੈਲੇ ਅਗਿਆਨ ਅੰਦਰ ਇਸ ਤਰ੍ਹਾਂ ਵਧਣ ਲੱਗੀਆਂ ਜਿਵੇਂ ਉਜਾੜ ਵਿਚ ਜਦ ਕੋਈ ਸ਼ੇਰ ਦਿਹਾੜਦਾ ਹੈ ਤਾਂ ਹਿਰਨਾਂ ਦੀਆਂ ਡਾਰਾਂ ਕੰਬਣ ਲਗਦੀਆਂ ਹਨ। ਭਾਵੇਂ ਕੋਈ ਪ੍ਰਾਤ ਮੁਹਰੇ ਰੱਖ ਕੇ ਚੰਦ ਦੀ ਰੌਸ਼ਨੀ ਨੂੰ ਛੁਪਾਉਣਾ ਚਾਹੇ ਵੀ ਤਾਂ ਵੀ ਨਹੀਂ ਛੁਪ ਸਕਦੀ ਇਸੇ ਤਰ੍ਹਾਂ ਲੱਖ ਵਿਰੋਧਤਾਵਾਂ ਹੁੰਦਿਆਂ ਹੋਇਆ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਿਆਨ ਨੂੰ ਕੋਈ ਝੂਠਲਾ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੀ ਆਪਣੇ ਗਿਆਨ ਦੀ ਸ਼ਕਤੀ ਵਰਤਾਈ ਹੈ ਜਿਸ ਨਾਲ ਸੂਰਜ ਚੜ੍ਹਦੇ ਅਤੇ ਲਹਿੰਦੇ ਸਮੇਂ ਵਿਚ ਹੀ ਨਉ-ਖੰਡ ਪ੍ਰਿਥਵੀ ਭਾਵ ਯੂਰੇਸੀਆਂ, ਏਸ਼ੀਆ, ਅਫਰੀਕਾ, ਨਾਰਥ ਅਮਰੀਕਾ, ਸਾਊਥ ਅਮਰੀਕਾ, ਅਨਟਾਰਟਿਕ, ਯੂਰਪ, ਅਸਟ੍ਰੇਲੀਆ ਅਤੇ ਨਿਊਜੀਲੈਂਡ ਆਦਿ ਕੌਂਟੀਨੈਂਟ ਆਪਣੇ ਗਿਆਨ ਨਾਲ ਝੁਕਾ ਲਏ ਸਨ।

----

## ਵਾਰ ਪਹਿਲੀ

*ਪਉੜੀ 35 (ਬਗਦਾਦ-ਗਮਨ)*

ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।

ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਆਨਾ?
ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।
ਧਰਤਿ ਆਕਾਸ ਚਹੂ ਦਿਸਿ ਜਾਨਾ।।35।।

---

*ਅਸਥਾਨਾ: ਡੇਰਾ। ਦਸਤਗੀਰ: ਇਕ ਪੀਰ ਦਾ ਨਾਮ। ਘਰਿਆਨਾ: ਖਾਨਦਾਨ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਤੋਂ ਹੁੰਦੇ ਹੋਏ ਬਗਦਾਦ ਸ਼ਹਿਰ ਵਿਚ ਗਏ ਅਤੇ ਬਗਦਾਦ ਤੋਂ ਬਾਹਰ ਵਾਰ ਆਪਣਾ ਆਸਣ ਲਾਉਣਾ ਕੀਤਾ ਭਾਵ ਬਗਦਾਦ ਸ਼ਹਿਰ ਤੋਂ ਬਾਹਰ ਆਪਣਾ ਡੇਰਾ ਲਾ ਲਿਆ। ਪਹਿਲੀ ਗੱਲ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਅਕਾਲ-ਰੂਪ ਸਨ ਅਤੇ ਦੂਜਾ ਉਨ੍ਹਾਂ ਦੇ ਨਾਲ ਰਬਾਬ ਬਜਾਉਣ ਵਾਲੇ ਭਾਈ ਮਰਦਾਨ ਜੀ ਸਨ। ਜਦ ਪਾਠ ਪੂਜਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ 'ਸਤਿਨਾਮ' ਦੀ ਬਾਂਗ ਦਿਤੀ ਭਾਵ ਕੀਰਤਨ ਅਰੰਭਿਆ ਤਾਂ ਉਤੇ ਇਕੱਠੀ ਹੋਈ ਸਾਰੀ ਲੁਕਾਈ ਸੁੰਨਮਸਾਨ ਹੋ ਗਈ ਭਾਵ ਮੰਤ੍ਰ-ਮੁਗਧ ਹੋ ਗਈ। ਸ਼ਬਦ ਕੀਰਤਨ ਸੁਣ ਕੇ ਲੁਕਾਈ ਦੀ ਇਕ ਪ੍ਰਮਾਤਮਾ ਨਾਲ ਲਿਵ ਲੱਗ ਗਈ। ਬਗਦਾਦ ਦੇ ਇਕ ਪੀਰ ਦਾ ਨਾਮ ਦਸਤਗੀਰ ਸੀ। ਉਹ ਮੰਤ੍ਰ-ਮੁਗਧ ਹੋਈ ਲੁਕਾਈ ਵੱਲ ਵੇਖ ਕੇ ਆਪ ਹੈਰਾਨ ਰਹਿ ਗਿਆ ਅਤੇ ਸੋਚਣ ਲੱਗਾ ਕਿ ਇਹ ਫਕੀਰ ਵੱਡਾ ਬੇਪਰਵਾਹ ਹੈ। ਇਕ ਪ੍ਰਮਾਤਮਾ ਦੇ ਨਾਮ ਤੋਂ ਬਿਨ੍ਹਾਂ ਦਿਲ ਵਿਚ ਕੋਈ ਹੋਰ ਖੁਆਹਿਸ਼ ਨਹੀਂ ਕਰਦਾ। ਆਪਣੇ ਮਨੋਬਲ ਨੂੰ ਸੰਭਾਲਦਿਆ ਦਸਤਗੀਰ ਪੀਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕਰਕੇ ਪੁਛਿਆ, 'ਤੂੰ ਕੌਣ ਫਕੀਰ ਏਂ ਅਤੇ ਕਿਹੜੇ ਘਰਾਣੇ ਵਿਚੋਂ ਏਂ'? ਭਾਵ ਤੇਰਾ ਕੌਣ ਗੁਰੂ ਹੈ ਜਿਸਨੇ ਤੈਨੂੰ ਅਜਿਹਾ ਬੋਧ ਗਿਆਨ ਦਿਤਾ ਹੈ। ਦਸਤਗੀਰ ਪੀਰ ਨੂੰ ਭਾਈ ਮਰਦਾਨੇ ਰਬਾਬੀ ਨੇ ਜਵਾਬ ਦਿਤਾ ਕਿ ਇਹੀ ਨਾਨਕ ਹੈ ਜਿਹੜਾ ਇਕ ਪ੍ਰਮਾਤਮਾ ਕੋਲੋਂ ਆਪਣਾ ਭੇਖ ਲੈ ਕੇ ਕਲਜੁਗ ਵਿਚ ਦੁਨੀਆਂ ਨੂੰ ਸੁਧਾਰਨ ਵਾਸਤੇ ਆਇਆ ਹੈ। ਇਸਨੇ ਅਕਾਲ ਪੁਰਖ ਨੂੰ ਪਛਾਣ ਲਿਆ ਹੈ। ਇਸੇ ਕਰਕੇ ਧਰਤੀ ਅਕਾਸ਼ ਪੂਰਬ ਪੱਛਮ ਉਤਰ ਦੱਖਣ ਚਾਰੋਂ ਦਿਸ਼ਾਵਾਂ ਵਿਚ ਇਸ ਫਕੀਰ ਦੀ ਜੈ ਜੈ ਕਾਰ ਹੋ ਰਹੀ ਹੈ। ਭਾਈ ਗੁਰਦਾਸ ਜੀ ਇਸ ਪਉੜੀ ਵਿਚ ਦਸਦੇ ਹਨ ਕਿ ਦਸਤਗੀਰਤੇਰੇ ਗਿਆਨ ਵਿਚ ਕੋਈ ਅਮਲ ਨਹੀਂ ਹੈ, ਇਸ ਕਰਕੇ ਤੇਰੇ ਗਿਆਨ ਦਾ ਲੋਕਾਂ ਉਪਰ ਕੋਈ ਅਸਰ ਨਹੀਂ ਹੋਣ ਵਾਲਾ।

----

## ਵਾਰ ਪਹਿਲੀ

*ਪਉੜੀ 36 (ਜ਼ਾਹਰੀ ਕਲਾ)*

ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖਿ ਓੜਕਿ ਭਾਲੀ ਖਬਰਿ ਸੁਣਾਈ।
ਫੇਰਿ ਦੁਰਾਇਨ ਦਸਤਗੀਰਅਸੀ ਭਿ ਵੇਖਾ ਜੋ ਤੁਹਿ ਪਾਈ।

ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਰੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ॥36॥

---

*ਤਕਰਾਰ: ਝਗੜਾ। ਅਤਾਈ: ਸ਼ਕਤੀਮਾਨ। ਦੁਰਾਇਨ: ਦੁਹਰਾਉਣਾ। ਹਵਾਈ: ਆਕਾਸ਼। ਕਚਰੌਲ: ਭਿਖਿਆ ਦਾ ਭਾਂਡਾ। ਓੜਕਿ ਭਾਲੀ: ਬੜੀ ਅਸਚਰਜ।*

ਦਸਤਗੀਰ ਪੀਰ ਨੇ ਈਰਖਾ ਕਰਕੇ ਅਤੇ ਗੁਸੇ ਵਿਚ ਆ ਕੇ ਆਖਿਆ ਕਿ ਫਕੀਰ ਬਹੁਤ ਸ਼ਕਤੀਵਾਨ ਹੈ। ਇਸ ਫਕੀਰ ਨੇ ਬਗਦਾਦ ਵਿਚ ਆਣ ਕੇ ਇਕ ਬਹੁਤ ਵੱਡੀ ਕਰਾਮਾਤ ਕਰ ਕੇ ਆਪਣੀ ਸ਼ਕਤੀ ਵਿਖਾਈ ਹੈ। ਇਹ ਆਖਦਾ ਹੈ ਕਿ ਲੱਖਾਂ ਆਕਾਸ਼ ਹਨ ਅਤੇ ਲੱਖਾਂ ਪਾਤਾਲ ਹਨ। ਇਸਨੇ ਇਹ ਵਾਰਤਾ ਬਹੁਤ ਅਸਚਰਜ ਵਾਲੀ ਕਹੀ ਹੈ ਜਿਹੜੀ ਮੰਨਣ ਵਿਚ ਨਹੀਂ ਆਉਂਦੀ। ਦਸਤਗੀਰ ਨੇ ਮੁੜ ਕੇ ਸਵਾਲ ਕੀਤਾ ਕਿ ਇਹ ਸ਼ਕਤੀ ਕਿਸ ਕੋਲੋਂ ਪਾਈ ਹੈ ਮੈਨੂੰ ਵੀ ਇਹ ਭੇਦ ਸਮਝਾ। ਜਿਹੜੀ ਸ਼ਕਤੀ ਤੂੰ ਪਾਈ ਹੈ ਮੈਂ ਵੀ ਉਸਨੂੰ ਪਾਉਣਾ ਚਹੁੰਦਾ ਹਾਂ ਅਤੇ ਪੁਛਿਆ ਕਿ ਕਈ ਲੋਕ ਤਾਂ ਸਿਰਫ ਧਰਤੀ ਪਾਤਾਲ ਅਤੇ ਅਕਾਸ਼ ਭਾਵ ਤਿੰਨ ਲੋਕ ਹੀ ਮੰਨਦੇ ਹਨ। ਤੂੰ ਕਿਵੇਂ ਕਹਿੰਦਾ ਏ ਲੱਖ ਅਕਾਸ਼ ਹਨ? ਸ੍ਰੀ ਗੁਰੂ ਨਾਨਕ ਦੇਵ ਜੀ ਦਸਤਗੀਰ ਪੀਰ ਨੂੰ ਜਵਾਬ ਦਿਤਾ ਜਿਨ੍ਹਾਂ ਨੇ ਤਿੰਨ ਵੇਖੇ ਹਨ ਉਨ੍ਹਾਂ ਤਾਂ ਸਿਰਫ ਤਿੰਨ ਹੀ ਗਿਣਨੇ ਹਨ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਤਗੀਰ ਨੂੰ ਕੋਲ ਬਿਠਾਲ ਕੇ ਭਾਵ ਪੀਰ ਦੇ ਪੁੱਤ ਨੂੰ ਕਿਹਾ ਕਿ ਉਹ ਅੱਖਾਂ ਮੀਟ ਲਵੇ। ਜਦ ਪੀਰ ਨੇ ਆਪਣੀਆਂ ਅੱਖਾਂ ਮੀਟੀਆਂ ਤਾਂ ਪੀਰ ਨੂੰ ਲਗਿਆ ਕਿ ਉਹ ਅਕਾਸ਼ ਵਿਚ ਪਹੁੰਚ ਗਿਆ ਹੈ। ਇਕ ਅੱਖ ਦੇ ਝਮਕ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਤਗੀਰ ਪੀਰ ਨੂੰ ਲੱਖ ਅਕਾਸ਼ ਅਤੇ ਲੱਖ ਪਤਾਲ ਵਿਖਾ ਦਿਤੇ। ਧੁਰ ਪਤਾਲ ਵਿਚੋਂ ਇਕ ਕੌਲਾ ਚੌਲਾਂ ਦਾ (ਕਚਰੌਲ) ਭਰ ਕੇ ਲਿਆ ਕੇ ਦਸਤਗੀਰ ਪੀਰ ਨੂੰ ਪ੍ਰਸਾਦਿ ਕਰਕੇ ਦਿਤਾ। ਇਸ ਤਰ੍ਹਾਂ ਜਿਹੜਾ ਸਚਾ ਹੁੰਦਾ ਹੈ ਜਾਂ ਕਿਸੇ ਮਨੁਖ ਨੂੰ ਗਿਆਨ ਹੋ ਜਾਂਦਾ ਹੈ, ਭਾਵੇਂ ਉਹ ਲੱਖ ਛੁਪਾ ਲਵੇ ਪਰ ਫਿਰ ਵੀ ਜੱਗ ਜ਼ਾਹਰ ਹੋ ਹੀ ਜਾਂਦਾ ਹੈ।

----

## ਵਾਰ ਪਹਿਲੀ,

*ਪਉੜੀ 37 (ਸਤਿ ਨਾਮੁ ਚੱਕਰ)*

ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚੁਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤ ਸਬਾਇਆ।
ਜੀਤੇ ਨਵ ਖੰਡ ਮੇਦਨੀ ਸਤਿ ਨਾਮੁ ਦਾ ਚੱਕ੍ਰ ਫਿਰਾਇਆ।

ਦੇਵ ਦਾਨੋ ਰਾਕਸਿ ਦੈਤ ਸਭ ਚਿਤ੍ਰਿ ਗੁਪਤਿ ਸਭਿ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ॥37॥

---

*ਗੜ:ਵੱਡਾ ਸ਼ਹਿਰ।ਦਰਸਨਿ:ਏਥੇ ਅਰਥ ਸਿਧਾਂ ਵਾਲਾ ਭੇਖ ਬਣਦਾ ਹੈ।ਜਿਣਾਇਆ:ਜਿਣ ਭਾਵ ਜਿੱਤ। ਮੇਦਨੀ: ਧਰਤੀ। ਚੱਕ੍ਰ: ਡੰਕਾਂ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕਾ ਮਦੀਨੇ ਦੇ ਲੋਕਾਂ ਦਾ ਸੁਧਾਰ ਕਰਕੇ ਭਵਜਲ ਪਾਰ ਕਰਵਾਇਆ ਅਤੇ ਫਿਰ ਬਗਦਾਦ ਦੇ ਗੜ੍ਹ ਨੂੰ ਵੀ ਗਿਆਨ ਦੇ ਕੇ ਉਨ੍ਹਾਂ ਦਾ ਜੀਵਨ ਸਫਲਾ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਫਿਰ ਸੁਮੇਰ ਪਰਬਤ ਸਿੱਧਾਂ ਅਤੇ ਨਾਥਾਂ ਨੂੰ ਤਾਰਨ ਵਾਸਤੇ ਗਏ। ਸੁਮੇਰ ਪਰਬਤ ਉਹ ਜਗਾਹ ਹੈ ਜਿਥੇ ਮਾਨਸਰੋਵਰ ਝੀਲ ਹੈ ਅਤੇ ਸ਼ਿਵ ਭਗਵਾਨ ਜੀ ਪਾਰਬਤੀ ਨਾਲ ਇਸੇ ਸੁਮੇਰ ਪਰਬਤ ਉਪਰ ਰਹਿੰਦੇ ਸਨ ਅਤੇ ਇਹ ਪਰਬਤ ਕੈਲਾਸ਼ ਪਰਬਤ ਦਾ ਹੀ ਇਕ ਹਿੱਸਾ ਹੈ। ਇਥੇ ਸਿੱਧਾਂ ਦੀਆਂ ਚੁਰਾਸੀ ਮੰਡਲੀਆਂ ਰਹਿੰਦੀਆਂ ਸਨ। ਉਨ੍ਹਾਂ ਸਭ ਮੰਡਲੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਬਖਸ਼ ਕੇ ਉਨ੍ਹਾਂ ਦਾ ਵੀ ਉਧਾਰ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੱਖਾਂ ਪਤਾਲ, ਲੱਖਾਂ ਅਕਾਸ਼ ਅਤੇ ਨਉ-ਖੰਡ ਧਰਤੀ ਨੂੰ ਆਪਣੇ ਚਰਨਾ ਵਿਚ ਇਕ ਸਤਿਨਾਮ ਦੇ ਮੰਤ੍ਰ ਦਾ ਮਹੱਤਵ ਦਸ ਕੇ ਹੀ ਝੁਕਾਇਆ ਹੈਅਤੇ ਦੁਨੀਆਂ ਅੰਦਰ ਸਤਿਨਾਮ ਦਾ ਡੰਕਾ ਬਜਾਇਆ ਹੈ। ਰਾਖਸ਼ ਦਾਨੋ ਦੈਂਤ (ਦਨੁ ਦੇ ਪੁੱਤਰ), (ਦਿਤੀ ਦੇ ਪੁੱਤਰ), ਅਤੇ ਚਿਤ੍ਰ-ਗੁਪਤ ਸਭਨਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਗਿਆਨ ਨਾਲ ਆਪਣੇ ਚਰਨੀ ਲਾਇਆ ਹੈ। ਦ੍ਰਿਸ਼ਯ ਅਤੇ ਅਦ੍ਰਿਸ਼ਯ ਸਭ ਥਾਵਾਂ ਵਿਚ ਸਤਿਨਾਮ ਦਾ ਮੰਤ੍ਰ ਦ੍ਰਿੜਾਉਣ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਵਡਿਆਈ ਨੂੰ ਜਾਣ ਕੇ ਇੰਦਰਾਸਣ ਭਾਵ ਇੰਦਰ ਆਪਣੇ ਆਸਣ ਉਪਰ ਬੈਠਾ ਹੈ ਅਤੇ ਅਪੱਛਰਾ ਨੇ ਦਰਬਾਰ ਵਿਚ ਨ੍ਰਿਤ ਅਤੇ ਕਲਾ ਨਾਲ ਮੰਗਲ ਲਾਇਆ ਹੋਇਆ ਹੈ। ਸਾਰੀ ਦੁਨੀਆਂ ਵਿਚ ਅਮਨ ਚੈਨ ਅਤੇ ਸੱਚ ਦਾ ਬੋਲਬਾਲਾ ਹੋ ਗਿਆ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਮੁਸਲਮਾਨ ਦੋਨਾਂ ਨੂੰ ਹੀ ਸਤਿਨਾਮ ਦਾ ਮੰਤ੍ਰ ਪੜ੍ਹਾ ਕੇ ਆਪਣੀ ਚਰਨੀ ਲਾਇਆ ਹੈ।

----

## ਵਾਰ ਪਹਿਲੀ

*ਪਉੜੀ 38 (ਕਰਤਾਰਪੁਰ ਆਗਮਨ)*

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੁ ਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ ਤਾਰਾ॥38॥

---

*ਵਹਾਈਓਨਿ: ਗੰਗਾ ਦਾ ਵਹਾਉਣਾ। ਨਸਿਆਰਾ: ਦੌੜ ਜਾਣ ਵਾਲੇ।*

ਚਾਰ ਉਦਾਸੀਆਂ ਤੋਂ ਉਪ੍ਰੰਤ ਭਾਵ ਜਗਤ ਜਲੰਦਾ ਠਾਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਆ ਕੇ ਵਸ ਗਏ! ਆਮ ਲੋਕਾਂ ਵਾਲੀ ਪੁਸ਼ਾਕ ਪਹਿਨ ਕੇ ਆਪਣੇ ਆਸਣ ਉਪਰ ਬੈਠਣ ਲਗੇ ਹਨ। ਇਤਹਾਸ ਵਿਚ ਪੜ੍ਹਿਆ ਜਾਂਦਾ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਔਲਾਦ ਉਨ੍ਹਾਂ ਦੇ ਕਹਿਣੇ ਵਿਚ ਨਹੀਂ ਸੀ। ਇਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ ਦੀ ਬਜਾਏ ਭਾਈ ਲਹਿਣਾ ਨੂੰ ਗੁਰਗੱਦੀ ਦੇ ਦਿਤੀ। ਭਾਈ ਗੁਰਦਾਸ ਜੀ ਇਸ ਘਟਨਾ ਨੂੰ ਉਲਟੀ ਗੰਗਾ ਕਹਿੰਦੇ ਹਨ ਕਿਉਂਕਿ ਉਨ੍ਹਾਂ ਨੇ ਗੁਰਗੱਦੀ ਆਪਣੇ ਪੁੱਤਰਾਂ ਨੂੰ ਨਹੀਂ ਬਖਸ਼ੀ। ਕਰਤਾਰ ਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਿਤ ਗੁਰਬਾਣੀ ਉਚਾਰਦੇ ਅਤੇ ਲੋਕਾਂ ਨੂੰ ਕੀਰਤਨ ਰਾਹੀਂ ਸਮਝਾਉਣ ਲੱਗੇ। ਗਿਆਨ-ਗੋਸਟਿ: ਤੋਂ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਅੰਮ੍ਰਿਤ ਵੇਲੇ ਉੱਠ ਕੇ ਗੁਰਬਾਣੀ ਦੇ ਭਾਵ ਅਰਥ ਸਮਝਾਉਂਦੇ ਅਤੇ ਕੀਰਤਨ ਕਰਦੇ। ਸੰਧਿਆ ਵੇਲੇ ਸੋਦਰ ਅਤੇ ਆਰਤੀ ਗਾਈ ਜਾਂਦੀ ਅਤੇ ਅੰਮ੍ਰਿਤ ਵੇਲੇ ਜਪੁਜੀ ਦਾ ਉਚਾਰ ਕਰਦੇ ਹਨ। ਲੋਕਾਂ ਨੇ ਭਰਮ ਭੁਲੇਖੇ ਵਿਚ ਪਾਉਣ ਵਾਲੇ ਮੰਤ੍ਰਾਂ ਭਰਿਆ ਅਥਰਵਣਿ ਵੇਦ ਪੜ੍ਹਨੋ ਛੱਡ ਕੇ ਗੁਰਬਾਣੀ ਪੜ੍ਹਨ ਵਿਚ ਆਪਣੀ ਸ਼ਰਧਾ ਕਰ ਲਈ।

----

## ਵਾਰ ਪਹਿਲੀ

*ਪਉੜੀ 39 (ਬਟਾਲੇ ਸ਼ਿਵਰਾਤ੍ਰੀ ਦਾ ਮੇਲਾ)*

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੁਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
ਭਗਤੀਆ ਪਾਈ ਭਗਤਿ ਆਣਿ ਲੋਟਾ ਜੋਗੀ ਲਇਆ ਛੁਪਾਈ।
ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ।

---

*ਰਿਸਕਿ: ਈਰਖਾ। ਨ੍ਰਿਤਕਾਰੀ ਸਾਧੂ। ਭਗਤੀਆ: ਰਾਸਧਾਰੀਆਂ। ਖੁਣਿਸਾਈ: ਗੁਸਾ ਖਾ ਕੇ ਵੈਰੀ ਹੋ ਗਏ।*

ਸ਼ਿਵਰਾਤ੍ਰੀ ਦਾ ਮੇਲਾ ਆਇਆ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰ ਪੁਰ ਤੋਂ ਅਚਲ-ਬਟਾਲੇ ਪਹੁੰਚ ਗਏ। ਉਨ੍ਹਾਂ ਦੇ ਦਰਸ਼ਨਾਂ ਵਾਸਤੇ ਲੋਕਾਈ ਹੁਮ ਹੁਮਾ ਕੇ ਪਹੁੰਚਣ ਲੱਗੀ। ਲੋਕਾਂ ਨੇ ਮਾਇਆ ਮੀਂਹ ਵਾਂਗ ਵਰਸਾਉਣੀ ਕੀਤੀ। ਰੌਣਕ ਵੇਖ ਕੇ ਰਾਸਧਾਰੀਆਂ ਨੇ ਰਾਸ ਰਚਾਉਣੀ ਅਰੰਭ ਦਿਤੀ ਤਾਂ ਜੋਗੀਆਂ ਨੇ ਆਪਣੇ ਮਨ ਵਿਚ ਈਰਖਾ ਕੀਤੀ ਕਿ ਰਾਸਧਾਰੀਏ ਸਾਡੇ ਕਹੇ ਉਪਰ ਸਾਡੇ ਨਾਲ ਰਾਸ ਨਹੀਂ ਕਰਦੇ ਅਤੇ ਏਥੇ ਸ਼ਿਵਰਾਤੀ ਦੇ ਮੇਲੇ ਵਿਚ ਰਾਸ ਕਿਉਂ ਪਾਉਂਦੇ ਹਨ, ਉਨ੍ਹਾਂ ਨੇ ਗੁੱਸੇ ਵਿਚ ਆ ਕੇ ਰਾਸਧਾਰੀਆਂ ਦਾ ਪੈਸੇ ਨਾਲ ਭਰਿਆ ਲੋਟਾ ਚੁਰਾ ਲਿਆ। ਰਾਸਧਾਰੀਆਂ ਨੂੰ ਰਾਸ ਪਉਣੀ ਭੁੱਲ ਗਈ ਅਤੇ ਆਪਣਾ ਪੈਸਿਆਂ ਨਾਲ ਭਰਿਆ ਲੋਟਾ ਟੋਲ੍ਹਣ ਲੱਗੇ। ਅੰਤਰਜਾਮੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਦਾ ਮਾਇਆ ਨਾਲ ਭਰਿਆ ਲੋਟਾ ਜਿਥੇ ਲੁਕਾਇਆ ਸੀ ਉਥੋਂ ਕੱਢ ਕੇ ਰਾਸਧਾਰੀਆਂ ਨੂੰ ਦੇ ਦਿਤਾ। ਇਹੋ ਜਿਹੀ ਕਰਾਮਾਤ ਵੇਖ ਕੇ ਜੋਗੀਆਂ ਨੇ ਮਨਾ ਵਿਚ ਬਹੁਤ ਖਾਰ ਖਾਧੀ।

----

## ਵਾਰ ਪਹਿਲੀ

*ਪਉੜੀ 40 (ਸਿੱਧਾਂ ਨਾਲ ਗੋਸ਼ਟਿ)*

ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰ ਨਾਥੁ ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ।
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ?
ਨਾਨਕ ਆਖੇ, ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ।।40।।

---

*ਖੁਣਸਿ: ਖਾਰ। ਗੋਸਟਿ: ਬਹਿਸ। ਫੁਲੁ: ਭੇਖ ਰੂਪੀ ਫੁਲ। ਅਤੀਤ: ਪਿਛਲਾ।*

ਜੋਗੀਆਂ ਨੇ ਖਾਰ ਖਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਵਿਚਾਰ ਕਰਨ ਵਾਸਤੇ ਸਾਰੇ ਇਕੱਠੇ ਹੋ ਕੇ ਆ ਗਏ ਅਤੇ ਪੁਛਣ ਲੱਗੇ ਕਿ ਤੂੰ ਦੁੱਧ ਵਿਚ ਕਾਂਜੀ ਕਿਉਂ ਪਾਈ ਹੈ ਭਾਵ ਸੰਨਿਆਸੀ ਹੋ ਕੇ ਫਿਰ ਗ੍ਰਿਹਸਥੀ ਜੀਵਨ ਕਿਉਂ ਧਾਰ ਲਿਆ ਹੈ। ਦੁੱਧ ਵਿਚ ਕਾਂਜੀ ਪਉਣ ਨਾਲ ਦੁਧ ਜੰਮਦਾ ਨਹੀਂ ਹੈ ਭਾਵ ਫਿਟ ਜਾਂਦਾ ਹੈ। ਇਹ ਪੰਜਾਬੀ ਦਾ ਇਕ ਮੁਹਾਵਰਾ ਜਿਸ ਦਾ ਭਾਵ ਤੁਸੀਂ ਚੰਗੇ ਕਾਰਜ ਕਰਕੇ ਮਗਰੋਂ ਕੋਈ ਬੁਰਿਆਈ ਵਾਲਾ ਕਾਰਜ ਕਰ ਦੇਣਾ ਦੁੱਧ ਵਿਚ ਕਾਂਜੀ ਪਉਣ ਬਰਾਬਰ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁਛਦੇ ਹਨ ਕਿ ਤੁਸੀਂ ਉਦਾਸੀਆਂ ਨੂੰ ਛੱਡ ਕੇ ਫਿਰ ਕਿਉਂ ਸੰਸਾਰੀ ਬਣ ਗਏ ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਉਚਾਰਦੇ ਹਨ ਕਿ ਹੇ! ਭੰਗਰਨਾਥ ਤੇਰੀ ਤਾਂ ਬੁਧੀ ਬਿਲਕੁਲ ਹੀ ਖਰਾਬ ਹੈ। ਜੇਕਰ ਦਧੂਨਾ ਧੋਅ ਸੁਆਰ ਕੇ ਦੁੱਧ

ਪਾਉਂਦਾ ਫਿਰ ਦੁਧ ਨੇ ਨਹੀਂ ਸੀ ਫਿਟਣਾ। ਭਾਵ ਜੇਕਰ ਤੁਸੀਂ ਸੰਸਾਰ ਤੋਂ ਵਿਰਕਤ ਭਾਵ ਛੱਡ ਕੇ ਫਿਰ ਸੰਸਾਰੀਆਂ ਦੇ ਘਰੋਂ ਅੰਨ-ਦਾਣਾ ਮੰਗਣ ਜਾਣਾ ਸੀ ਤਾਂ ਜੋਗੀ ਕਿਉਂ ਬਣੇ ਸੀ। ਉਂਝ ਤੁਸੀਂ ਗ੍ਰਿਹਸਥੀਆਂ ਦੀ ਬੇਇਜ਼ਤੀ ਕਰਦੇ ਹੋ, ਨਾਲੇ ਉਨ੍ਹਾਂ ਦੇ ਘਰਾਂ ਵਿਚੋਂ ਮੰਗ ਕੇ ਖਾਂਦੇ ਹੋ। ਤੁਹਾਨੂੰ ਇਸ ਸਿਧਾਂਤ ਦਾ ਪਤਾ ਹੋਣਾ ਚਾਹੀਦਾ ਹੈ ਕਿ ਪ੍ਰਮਾਤਮਾ ਨੂੰ ਆਪਾ ਸੌਂਪ ਕੇ ਹੀ ਕੁਝ ਹੋਰ ਪ੍ਰਾਪਤ ਕਰ ਸਕੀਦਾ ਹੈ। ਤੁਸੀਂ ਪਿਛਲੇ ਜਨਮ ਅਤੇ ਇਸ ਜਨਮ ਵਿਚ ਆਪ ਤਾਂ ਕੋਈ ਦਾਨ ਨਹੀਂ ਕੀਤਾ ਹਮੇਸ਼ਾ ਮੰਗ ਮੰਗ ਕੇ ਖਾਂਦੇ ਹੋ ਪਰ ਤੁਹਾਨੂੰ ਇਸ ਗੱਲ ਦੀ ਸੋਝੀ ਨਹੀਂ ਹੈ ਕਿ ਕੁਝ ਦਿਤੇ ਬਿਨਾਂ ਕਦੇ ਕਿਸੇ ਕੋਲੋਂ ਕੁਝ ਪ੍ਰਾਪਤ ਨਹੀਂ ਹੁੰਦਾ।

----

## ਵਾਰ ਪਹਿਲੀ

*ਪਉੜੀ 41 (ਸਿੱਧਾਂ ਦੀ ਕਰਾਮਾਤ)*

ਇਹ ਸੁਣਿ ਬਚਨਿ ਜੋਗੀਸਰਾਂ ਮਾਰਿ ਕਿਲਕ ਬਹੁ ਰੂਇ ਉਠਾਈ।
ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤਿ ਦਿਖਾਈ।
ਇਕਿ ਪਰਿ ਕਰਿ ਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।
ਇਕ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿ ਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾ ਅਗਨਿ ਨ ਬੁਝੈ ਬੁਝਾਈ।।41।।

---

*ਜੋਗੀਸਰਾਂ: ਕਿਲਕ: ਕਿਲਕਾਰੀ। ਰੂਇ: ਆਵਾਜ਼, ਧੁਨੀ। ਖੇਦਿਆ: ਰੱਦ ਕੀਤਾ। ਅਵਖਧੀਆ: ਸਿੱਧ ਉਪਚਾਰ। ਲੀਲਾਈ: ਉਪਰ ਥੱਲੇ ਜਾਣਾ। ਮ੍ਰਿਗ ਦੇ ਚਮੜੇ ਦਾ ਆਸਣ।*

ਜੋਗੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਸੁਣ ਕੇ ਸਾਹੋ ਸਾਹੀ ਹੋ ਕੇ, ਗੁਸੇ ਵਿਚ ਕਈ ਭੇਸ ਬਦਲ ਕੇ ਭਬਕ ਮਾਰੀ। ਤੁਸੀਂ ਛੇ ਸ਼ਾਸਤਰਾਂ ਨੂੰ ਨਾਨਕ ਵੇਦੀ ਨੇ ਕਿਉਂ ਨਿਕਾਰਿਆ ਹੈ ਭਾਵ ਨਿਖੇਦਿਆ ਹੈ। ਸਿੱਧਾਂ ਨੇ ਜੋ ਵੀ ਤੰਤਰ ਮੰਤਰ ਅਤੇ ਹੋਰ ਔਖਦੀਆਂ ਆਉਂਦੀਆਂ ਸਨ ਸ੍ਰੀ ਗੁਰੂ ਨਾਨਕ ਦੇਵ ਜੀ ਜੀ ਉਪਰ ਵਰਤਣ ਲੱਗੇ। ਸ਼ੇਰਾਂ ਬਘਿਆੜਾਂ ਦੀਆਂ ਸ਼ਕਲਾਂ ਧਾਰ ਕੇ ਗੁਰੂ ਜੀ ਡਰਾਉਣ ਲੱਗੇ। ਜਿਵੇਂ ਪੰਛੀ ਹਵਾ ਵਿਚ ਉਡਾਰੀਆਂ ਮਾਰਦਾ ਉਪਰ ਥੱਲੇ ਕਲਾਬਾਜ਼ੀਆਂ ਲਾਉਂਦਾ ਹੈ ਇਸ ਤਰ੍ਹਾਂ ਪੰਖ ਲਗਾ ਕਿ ਗੁਰੂ ਜੀ ਦੁਆਲੇ ਘੇਰੇ ਪਉਣ ਲੱਗੇ। ਇਕ ਸੱਪ ਬਣ ਕੇ ਆਪਣੇ ਫੰਨ ਖਿਲਾਰ ਕੇ ਫੁੰਕਾਰੇ ਮਾਰਨ ਲੱਗਾ। ਦੂਜੇ ਨੇ ਅੱਗ ਦੀ ਵਰਖਾ ਕਰ ਦਿਤੀ। ਭੰਗਰਨਾਥ ਨੇ ਅਸਮਾਨੋਂ ਤਾਰੇ ਤੋੜ ਲਿਆਂਦੇ। ਇਕ ਮੁਰਗਾਬੀ ਉਪਰ ਚੜ੍ਹ ਕੇ ਪਾਣੀ ਉਪਰ ਤਰਨ ਲੱਗ ਪਿਆ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸਿੱਧਾਂ ਦੇ ਮਨਾ ਨੂੰ ਚੜ੍ਹਿਆ ਗੁੱਸਾ ਅਤੇ ਈਰਖਾ ਮੁਕਾਈ ਵੀ ਨਹੀਂ ਮੁਕਦੀ ਹੈ।

## ਵਾਰ ਪਹਿਲੀ

*ਪਉੜੀ 42 (ਸਿੱਧਾਂ ਦੇ ਪ੍ਰਸ਼ਨੋੱਤਰ)*

ਸਿਧਿ ਬੋਲਨਿ ਸੁਣ ਨਾਨਕਾ! ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿਲ ਅਵੇਹੀ ਲਾਈ?
ਬਾਬਾ ਬੋਲੇ ਨਾਥ ਜੀ! ਅਸਿ ਵੇਖਣਿ ਜੋਗੀ ਵਸਤੁ ਨ ਕਾਈ।
ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ।
ਸਿਵ ਰੂਪੀ ਕਰਤਾ ਪੁਰਖੁ ਚਲੇ ਨਾਹੀ ਧਰਤਿ ਚਲਾਈ।
ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ।
ਦਦੇ ਦਾਤਾ ਗੁਰੂ ਹੈ ਕਕੇ ਕੀਮਤਿ ਕਿਨੈ ਨ ਪਾਈ।
ਸੋ ਦੀਨ ਨਾਨਕ ਸਤਿਗੁਰੁ ਸਰਣਾਈ।।42।।

---

*ਅਵੇਹੀ: ਕਾਹਦੀ। ਸਿਵ: ਸ਼ਿਵ ਜੀ ਮਹਾਰਾਜ। ਕਲਾ: ਕਰਾਮਾਤ।*

ਹਾਰ ਹੰਭ ਕੇ ਸਿੱਧ ਆਖਣ ਲੱਗੇ ਹੇ ਨਾਨਕ! ਤੂੰ ਇਹ ਕਰਾਮਾਤ ਕਿਸ ਕੋਲੋਂ ਪਾਈ ਹੈ? ਉਹ ਕਰਾਮਾਤ ਸਾਨੂੰ ਕਿਉਂ ਨਹੀਂ ਵਿਖਾਲਦਾ। ਸਾਨੂੰ ਦਸਣ ਵਾਸਤੇ ਕਿਉਂ ਢਿਲ-ਮਿਸ ਕਰ ਰਿਹਾਂ ਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਖਿਆ ਹੇ! ਨਾਥ ਜੀ ਸਾਡੇ ਵਾਸਤੇ ਇਹ ਜੋਗੀਪੁਣਾ ਤਾਂ ਕੁਝ ਮਾਇਨੇ ਨਹੀਂ ਰਖਦਾ। ਇਕ ਉਸ ਪ੍ਰਮਾਤਮਾ ਦਾ ਓਟ ਆਸਰਾ ਹੈ ਅਤੇ ਬਾਣੀ ਦੇ ਆਸਰੇ ਤੋਂ ਸਾਨੂੰ ਕੋਈ ਹੋਰ ਆਸਰਾ ਨਹੀਂ ਹੈ। ਜਿਸ ਤਰ੍ਹਾਂ ਕਰਤਾ ਪੁਰਖ ਸ਼ਿਵ ਰੂਪੀ ਭਾਵ ਕਲਿਆਣਕਾਰੀ ਹੈ ਅਤੇ ਜਿਵੇਂ ਧਰਤੀ ਹਿਲਾਇਆ ਵੀ ਨਹੀਂ ਹਿਲ ਸਕਦੀ ਠੀਕ ਇਸ ਤਰ੍ਹਾਂ ਗੁਰੂ ਚਲਾਇਮਾਨ ਨਹੀਂ ਹਨ। ਗੁਰੂ ਦੇ ਸ਼ਬਦ ਨੇ ਸਿੱਧਾ ਨਾਥਾਂ ਦੀਆਂ ਸਾਰੀਆਂ ਕਰਾਮਾਤਾਂ ਫੇਲ੍ਹ ਕਰ ਦਿਤੀਆਂ। ਸਿੱਧਾਂ ਦੀ ਕੋਈ ਵੀ ਕਰਾਮਾਤ ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਨਹੀਂ ਚਲ ਸਕੀ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਦਾਤਾ ਗੁਰੂ ਹੈ ਅਤੇ ਉਸ ਦਾਤੇ ਦੀ ਕੋਈ ਕੀਮਤ ਨਹੀਂ ਲਖ ਸਕਦਾ। ਇਸ ਤਰ੍ਹਾਂ ਸਾਰੇ ਦੀਨ ਸਤਿਗੁਰ ਨਾਨਕ ਦੇਵ ਜੀ ਦੇ ਚਰਨੀ ਢਹਿ ਪਏ।

----

## ਵਾਰ ਪਹਿਲੀ

*ਪਉੜੀ 43 (ਸਤਿਨਾਮ ਦਾ ਪ੍ਰਤਾਪ)*

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।
ਬਸਤਰਿ ਪਹਿਰੌ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ।

ਕਰੋ ਰਸੋਈ ਸਾਰਿ ਦੀ ਸਗਲੀ ਧਰਤੀ ਨਥਿ ਚਲਾਈ।
ਏਵਡੁ ਕਰੀ ਵਿਥਾਰਿ ਕਉ ਸਗਲੀ ਧਰਤੀ ਹਕੀ ਜਾਈ।
ਤੋਲੀ ਧਰਤਿ ਅਕਾਸਿ ਦੁਇ ਪਿਛੇ ਪਿਛੇ ਛਾਬੇ ਟੰਕੁ ਚੜਾਈ।
ਇਹਿ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।
ਸਤਿ ਨਾਮੁ ਬਿਨੁ ਬਾਦਰਿ ਛਾਈ।।43।।

---

*ਸਾਰਿ: ਲੋਹਾ। ਨਥਿ: ਪਕੜ ਕੇ। ਰਸੋਈ: ਅੰਨ ਪਕਾਉਣ ਵਾਲੀ ਥਾਂ। ਵਿਥਾਰਿ: ਵਿਸਥਾਰ। ਹਕੀ: ਧੱਕੀ। ਟੰਕੁ: ਵੱਟਾ। ਬਲੁ: ਤਾਕਤ। ਬਾਦਰਿ: ਬੱਦਲ।*

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ! ਜੋਗੀ ਮੈਂ ਸੱਚ ਕਹਿੰਦਾ ਹਾਂ ਅਤੇ ਸਚ ਹੀ ਬੋਲਦਾ ਹਾਂ ਕਿ ਇਕ ਸੱਚੇ ਨਾਮ ਦੀ ਕਰਾਮਾਤ ਤੋਂ ਬਿਨਾਂ ਮੈਨੂੰ ਹੋਰ ਕੋਈ ਕਰਾਮਾਤ ਨਹੀਂ ਆਉਂਦੀ ਅਤੇ ਨਾ ਹੀ ਸਾਡੇ ਕੋਲ ਹੋਰ ਕਿਸੇ ਤਰ੍ਹਾਂ ਦੀਆਂ ਕਰਾਮਾਤਾਂ ਹਨ। ਭਾਵੇਂ ਮੈਂ ਅਗਨ ਦੇ ਬਸਤਰ ਪਹਿਨਾਂ, ਹਿਮਾਲਾ ਪਰਬਤ ਉਪਰ ਬਰਫ ਨਾਲ ਬਣੇ ਮੰਦਰਾਂ ਭਾਵ ਘਰਾਂ ਵਿਚ ਰਹਾਂ, ਲੋਹੇ ਦੀ ਰਸੋਈ ਬਣਾ ਕੇ ਭੋਜਨ ਨੂੰ ਸਿੱਧ ਕਰਾਂ ਅਤੇ ਧਰਤੀ ਨੂੰ ਨੱਥ ਪਾਕੇ ਘੁਮਾਵਾਂ। ਏਨਾ ਵੱਡਾ ਪਸਾਰਾ ਕਰਾਂ ਕਿ ਧਰਤੀ ਨੂੰ ਧੂਹ ਖਿਚ ਕੇ ਰੱਖਾਂ, ਧਰਤੀ ਅਤੇ ਅਕਾਸ਼ ਨੂੰ ਤੱਕੜੀ ਦੇ ਪਿਛਲੇ ਛਾਬੇ ਵਿਚ ਕੋਈ (ਟੰਕੁ) ਵੱਟਾ ਪਾ ਕੇ ਤੋਲ ਸਕਾਂ, ਇਤਨਾ ਬਲਵਾਨ ਹੋਵਾਂ ਕਿ ਜਿਸਨੂੰ ਜੋ ਕਹਾਂ ਕਰਵਾ ਸਕਦਾ ਹੋਵਾਂ ਫਿਰ ਵੀ ਇਕ ਸਤਿਨਾਮ ਦੇ ਨਾਮ ਅਗੇ ਇਹ ਕੁਝ ਵੀ ਨਹੀਂ ਹਨ। ਭਾਈ ਗੁਰਦਾਸ ਜੀ ਉਚਾਰਨ ਕਰਦੇ ਹਨ ਕਿ ਇਹ ਦੁਨੀਆਵੀ ਵਸਤੂਆਂ ਬੱਦਲ ਦੀ ਛਾਂ ਵਾਂਗ ਹਨ ਜਿਹੜੀ ਹਵਾ ਆਈ ਤਾਂ ਬੱਦਲ ਛਾਵਾਂ ਨੂੰ ਆਪਣੇ ਨਾਲ ਲੈ ਉੜਦੇ ਹਨ।

----

## ਵਾਰ ਪਹਿਲੀ

*ਪਉੜੀ 44 (ਸਿਧ ਗੋਸ਼ਟ ਤੇ ਮੁਲਤਾਨ-ਫੇਰੀ)*

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ।
ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।
ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧਿ ਵਿਚਿ ਮਿਲਾਈ।
ਜਿਉ ਸਾਗਰਿ ਵਿਚਿ ਗੰਗ ਸਮਾਈ।।44।।

---

*ਸਾਂਤਿ: ਸ਼ਾਂਤੀ। ਖਟ: ਛੇ ਦਰਸਨ: ਸ਼ਾਸਤਰ। ਆਦੇਸਿ: ਨਮਸਕਾਰ। ਜਾਰਤਿ: ਜ਼ਿਆਰਤ, ਯਾਤਰਾ। ਚੰਬੇਲੀ: ਫੁੱਲ*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਗਿਆਨ ਗੋਸ਼ਟੀ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਸਤਿਨਾਮ ਦਾ ਸ਼ਬਦ ਸੁਣ ਕੇ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਆਈ। ਸ਼ਿਵਰਾਤ੍ਰੀ ਦਾ ਮੇਲਾ (ਜਿਣ) ਜਿੱਤ ਕੇ ਛੇ ਸ਼ਾਸਤਰਾਂ ਨੂੰ ਮੰਨਣ ਵਾਲਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਣਾਮ ਕੀਤਾ ਅਤੇ ਸਾਰੇ ਸਿੱਧ ਸਤਿਕਾਰ ਨਾਲ ਮੂੰਹੋਂ ਇਹ ਬੋਲਣ ਲੱਗ ਪਏ ਕਿ ਹੇ! ਨਾਨਕ ਤੂੰ ਧੰਨ ਏਂ ਅਤੇ ਧੰਨ ਹੈ ਤੇਰੀ ਕਮਾਈ। ਕਲਜੁਗ ਵਿਚ ਤੂੰ ਇਕ ਯੁਗ-ਪੁਰਸ਼ ਆਇਆ ਏਂ ਜਿਸ ਨੇ 'ਸਤਿਨਾਮ' ਸ਼ਬਦ ਦੀ ਹਰ ਹਿਰਦੇ ਵਿਚ ਜੋਤ ਜਗਾ ਦਿਤੀ ਹੈ। ਸ਼ਿਵਰਾਤ੍ਰੀ ਦੇ ਮੇਲੇ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਲਤਾਨ ਸ਼ਹਿਰ ਵੱਲ ਚਾਲੇ ਪਾਏ। ਅਗੋਂ ਮੁਲਤਾਨ ਦੇ ਪੀਰਾਂ ਅੰਦਰ ਹਫੜਾ ਦਫੜੀ ਮਚ ਗਈ ਕਿ ਮੁਲਤਾਨ ਤਾਂ ਪਹਿਲਾਂ ਹੀ ਪੀਰਾਂ ਨਾਲ ਭਰਿਆ ਹੋਇਆ ਸ਼ਹਿਰ ਹੈ। ਇਹ ਨਵਾਂ ਪੀਰ ਲੁਕਾਈ ਨੂੰ ਸਾਡੇ ਨਾਲੋਂ ਤੋੜ ਕੇ ਆਪਣੇ ਮਗਰ ਲਾ ਲਵੇਗਾ ਤਾਂ ਸਾਡਾ ਵਪਾਰ ਖਤਮ ਹੋ ਜਾਵੇਗਾ। ਇਹ ਸੋਚਕੇ ਮੁਲਤਾਨ ਦੇ ਪੀਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੁੱਧ ਨਾਲ ਭਰਿਆ ਇਕ ਕਟੋਰਾ ਦਿਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕੁੜਤੇ ਦੀ ਬਗਲ ਵਾਲੀ ਜੇਬ੍ਹ ਵਿਚੋਂ ਕੱਢ ਕੇ ਚੰਬੇਲੀ ਦਾ ਇਕ ਫੁੱਲ, ਦੁੱਧ ਦੇ ਕਟੋਰੇ ਵਿਚ ਪੀਰਾਂ ਨੂੰ ਇਹ ਦਸਣ ਲਈ ਪਾਇਆ ਕਿ ਅਸੀਂ ਤਾਂ ਇਸ ਨਿਰਲੇਪ ਫੁੱਲ ਵਾਂਗ ਸਾਰਿਆਂ ਨਾਲ ਮਿਲ ਵਰਤ ਕੇ ਏਥੇ ਰਹਾਂਗੇ। ਚੰਬੇਲੀ ਨੂੰ ਦੁੱਧ ਵਿਚ ਪਉਣ ਤੋਂ ਭਾਵ ਕਿ ਇਕ ਤਾਂ ਉਸਦੀ ਖੁਸ਼ਬੂ ਸਾਰਿਆਂ ਨੂੰ ਚੰਗੀ ਲਗਦੀ ਹੈ ਅਤੇ ਦੂਜਾ ਫੁੱਲ ਨੂੰ ਦੁਧ ਵਿਚ ਪਉਣ ਨਾਲ ਸਿਰ-ਦਰਦ, ਚੱਕਰ ਆਉਣੇ ਆਦਿ ਅਤੇ ਜ਼ੁਕਾਮ ਨਹੀਂ ਕਦੇ ਹੁੰਦਾ। ਇਹ ਫੁੱਲ ਹਿਮਾਲੀਆਂ ਦੀਆਂ ਪਹਾੜੀਆਂ ਵਿਚੋਂ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਗੇ ਫੁਰਮਾਉਂਦੇ ਹਨ ਕਿ ਅਸੀਂ ਤਾਂ ਸਿਰਫ ਤੁਹਾਨੂੰ 'ਸਤਿਨਾਮ' ਦੇ ਸ਼ਬਦ ਦੀ ਸੁਗੰਧ ਨਾਲ ਜੋੜਨ ਆਏ ਹਾਂ। ਅਸੀਂ ਤੁਹਾਡੇ ਵਿਚ ਇਸ ਤਰ੍ਹਾਂ ਘੁਲ ਮਿਲ ਜਾਵਾਂਗੇ ਜਿਵੇਂ ਗੰਗਾਂ ਦਾ ਪਾਣੀ ਸਮੁੰਦਰ ਵਿਚ ਮਿਲ ਜਾਣ ਬਾਅਦ ਸਮੁੰਦਰ ਦੇ ਪਹਿਲੇ ਪਾਣੀ ਵਿਚ ਘੁਲ ਮਿਲ ਜਾਂਦਾ ਹੈ ਠੀਕ ਇਸੇ ਤਰ੍ਹਾਂ ਅਸੀ ਤੁਹਾਡੇ ਨਾਲ ਮਿਲ ਕੇ ਹੀ ਰਹਾਂਗੇ।

----

## ਵਾਰ ਪਹਿਲੀ

*ਪਉੜੀ 45 (ਗੁਰੂ ਅੰਗਦ ਦੇਵ)*

ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਿ ਪੁਰੇ ਨੋ ਆਇਆ।
ਚੜ੍ਹੈ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ।
ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾਂ ਦੇ ਦੁਖ ਸਬਾਇਆ।
ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤਰੁ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।

ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
ਕਇਆ ਪਲਟਿ ਸਰੂਪੁ ਬਣਾਇਆ।।45।।

---

*ਦਿਹਿ ਦਿਹੀ: ਦਿਨੋਂ ਦਿਨ। ਸਿਕਾ:ਰੱਬ ਦਾ ਹੁਕਮ। ਲਹਿਣਾ: ਗੁਰੂ ਅੰਗਦ ਦੇਵ ਜੀ।*

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾਂ ਦਾ ਉਧਾਰ ਕਰਨ ਤੋਂ ਬਾਅਦ, ਮੁਲਤਾਨ ਸ਼ਹਿਰ ਦੀ ਯਾਤਰਾ ਕਰਕੇ ਫਿਰ ਕਰਤਾਰਪੁਰ ਵਿਖੇ ਆ ਗਏ। ਦਿਨ ਪਰ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਵਧਣ ਲੱਗੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੁਕਾਈ ਕੋਲੋਂ ਆਪਣੀ ਪੂਜਾ ਨਹੀਂ ਕਰਵਾਈ ਸਗੋਂ ਇਕ ਸਤਿਨਾਮ ਦਾ ਹੀ ਇਸ ਕਰਕੇ ਜਪਾਇਆ ਕਿ ਰੱਬ ਕੋਲੋਂ ਦੁਨੀਆਂ ਦੇ ਹੋਰ ਪਦਾਰਥ ਮੰਗਣ ਕਾਰਨ ਮਨੁਖ ਦੁਖਾਂ ਦਾ ਭੋਗੀ ਬਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਤਿਨਾਮ ਦਾ ਇਕ ਐਸਾ ਸਿੱਕਾ ਜਮਾਇਆ ਕਿ ਲੁਕਾਈ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੰਕਾਰ ਮਾਇਆ ਅਤੇ ਲਾਲਚ ਤੋਂ ਪਿਨਾਂ ਭਾਵ 'ਨਿਰਮਲ' ਪੰਥ ਧਾਰਨ ਕੀਤਾ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੱਚੇ ਸਤਿਨਾਮ ਸ਼ਬਦ ਤੋਂ ਇਨਕਾਰੀ ਸਨ ਅਤੇ ਉਨ੍ਹਾਂ ਨੇ ਆਪਣਾ ਹੀ ਇਕ ਮਤ ਚਲਾਇਆ ਹੋਇਆ ਸੀ। ਇਸ ਲਈ ਉਨ੍ਹਾਂ ਨੇ ਭਾਈ ਲਹਿਣਾ (ਗੁਰੂ ਅੰਗਦਦੇਵ ਜੀ ਨੂੰ ਗੁਰਗੱਦੀ ਦੇਣੀ ਕੀਤੀ। ਸ੍ਰੀ ਗੁਰੂ ਅੰਗਦ ਦੇਵ ਜੀ ਅੰਦਰ ਆਪਣੀ ਜੋਤ ਜਗਾ ਕੇ ਆਪਣਾ ਸਰੂਪ ਵਖਰਿਆ ਲਿਆ ਅਤੇ ਭਾਈ ਲਹਿਣਾ ਜੀ ਨੂੰ ਆਪਣੇ ਵਾਲੀਆਂ ਸਭ ਸ਼ਕਤੀਆਂ ਪ੍ਰਦਾਨ ਕਰਕੇ ਆਪ ਉਨ੍ਹਾਂ ਨੂੰ ਸਿਜਦਾ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਨੀ ਅਸਚਰਜ ਵਾਲੀ ਕਰਾਮਾਤ ਕੀਤੀ ਕਿ ਇਸ ਕਰਾਮਾਤ ਦੀ ਵਡਿਆਈ ਜਿੰਨੀ ਵੀ ਕੀਤੀ ਜਾਵੇ ਉਹ ਵੀ ਪੂਰੀ ਨਹੀਂ ਪੈਂਦੀ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਜੀ ਨੂੰ ਗੁਰਿਆਈ ਦੇ ਕੇ ਕਿਹਾ ਕਿ ਲੋਕ ਮੇਰੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਕੋਈ ਭੇਦ ਨਾ ਸਮਝਣ। ਮੈਂ ਹੀ ਆਪਣੀ ਕਾਇਆ ਪਲਟ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਅੰਦਰ ਸਮਾਇਆ ਹਾਂ।

----

## ਵਾਰ ਪਹਿਲੀ

*ਪਉੜੀ 46 (ਗੁਰੂ ਅਮਰਦਾਸ ਜੀ)*

ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।
ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।

ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।
ਦਾਤਿ ਜੋਤਿ ਖਸਮੈ ਵਡਿਆਈ॥46॥

---

*ਦੋਹੀ: ਕਹਾਵਤ। ਟਿਕਾਈ:ਬਿਰਾਜਮਾਨੀ। ਹੰਦੀ: ਵਰੋਸਾਈ। ਮਹੁਰਿ: ਛਾਪ। ਦੇਹੀ: ਸਰੀਰ। ਦਾਦਿ: ਦਾਤ।*

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਸਤਕ ਉਪਰ ਸ੍ਰੀ ਗੁਰੂ ਨਾਨਕ ਦੇਵ ਜੀ ਵਾਲਾ ਉਹੀ ਟਿੱਕਾ, ਉਹੀ ਛੱਤ੍ਰ ਅਤੇ ਉਸੇ ਹੀ ਸੱਚੇ ਸਿੰਘਾਸਨ ਉਪਰ ਬਿਰਾਜਮਾਨ ਹੋਏ। ਉਹੀ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਉਨ੍ਹਾਂ ਦੇ ਹੱਥ ਵਿਚ ਮੁਹਰ ਫੜਾਈ ਗਈ ਅਤੇ ਲੋਕਾਂ ਵਿਚ ਚਰਚਾ ਛਿੜੀ ਕਿ ਹੁਣ ਸ੍ਰੀ ਗੁਰੂ ਅੰਗਦ ਦੇਵ ਜੀ ਹੀ ਗੁਰੂ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਛੇਤੀ ਹੀ ਕਰਤਾਰ ਪੁਰ ਸ਼ਹਿਰ ਨੂੰ ਛੱਡ ਕੇ ਖੰਡੂਰ ਸਾਹਿਬ ਜਾ ਕੇ ਡੇਰਾ ਲਾਇਆ। ਇਸ ਵਿਚ ਕੋਈ ਝੂਠ ਨਹੀਂ ਹੈ, ਕੋਈ ਹੋਰ ਚਤੁਰਾਈ ਨਹੀਂ ਹੈ ਕਿ ਮਨੁਖ ਨੂੰ ਜੋ ਮਿਲਦਾ ਹੈ ਸਭ ਪੂਰਵ ਦਾ ਦਾਨ ਕੀਤਾ ਹੋਇਆ ਹੀ ਮਿਲਦਾ ਹੈ। ਲਹਿਣੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਗੁਰਗੱਦੀ ਲੈ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਅਗੇ ਬਖਸ਼ ਦਿਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਦੁਰਲੱਭ ਦਾਤ ਇਲਾਹੀ ਪ੍ਰਾਪਤ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੀ ਸਰੂਪ ਹੋ ਗਏ। ਸ੍ਰੀ ਗੁਰੂ ਅਮਰਦਾਸ ਜੀ ਨੇ ਫਿਰ ਗੋਇੰਦਵਾਲ ਸਾਹਿਬ ਵਸਾਇਆ ਜਿਸ ਦੀ ਸਿਫਤ ਕੋਈ ਵੀ ਲਖੀ ਨਹੀਂ ਜਾਂਦੀ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਹ ਅਧਿਆਤਮਕ ਦਾਤ ਅਤੇ ਗੁਰੂ ਵਰੋਸਾਈ ਜੋਤ ਸਿਰਫ ਪੂਰਵ ਦੇ ਚੰਗੇ ਕੀਤੇ ਕਾਰਜਾਂ ਕਾਰਨ ਹੀ ਮਿਲਦੀ ਹੈ।

----

## ਵਾਰ ਪਹਿਲੀ

*ਪਉੜੀ 47 (ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ)*

ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੂ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।
ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।
ਦਿਤਾ ਲਈਐ ਆਪਣਾ ਅਣਿਦਿਤਾ ਕਛੂ ਹਥਿ ਨ ਆਵੈ।
ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।
ਜਾਣਿ ਨ ਦੇਸਾਂ ਸੋਢੀਓ ਹੋਰਸਿ ਅਜਰੁ ਨ ਜਰਿਆ ਜਾਵੈ।
ਘਰ ਹੀ ਕੀ ਵਥੁ ਘਰੇ ਰਹਾਵੈ॥47॥

---

*ਦਿਚੈ: ਜਿਸਦਾ। ਤਾਲੁ ਖਟਾਇਆ: ਸਰੋਵਰ ਬਣਾਇਆ। ਹੋਰਸਿ: ਕਿਸੇ ਹੋਰ ਦੇ। ਅਜਰੁ: ਮੁਸ਼ਕਲ। ਵਥੁ: ਚੀਜ਼।*

ਭਾਈ ਗੁਰਦਾਸ ਜੀ ਉਚਾਰਦੇ ਹਨ ਕਿ ਜਿਸ ਵੀ ਕਿਸੇ ਨੇ ਦੇਣਾ ਹੁੰਦਾ ਹੈ ਉਹ ਦਾਤ ਉਸੇ ਘਰ ਵਿਚ ਹੀ ਜਾਂਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਸੋਢੀ ਪਰਿਵਾਰ ਵਿਚੋਂ ਹੁਣ ਗੁਰਗੱਦੀ ਉਪਰ ਬਿਰਾਜਮਾਨ ਹੋਏ ਤਾਂ ਸਤਿਗੁਰੂ ਕਹਾਏ। ਉਨ੍ਹਾਂ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਖੇ ਇਕ ਸਰੋਵਰ ਤਿਆਰ ਕਰਵਾ ਕੇ ਸਤਿਨਾਮ ਜਪਾ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਜੋਤ ਨੂੰ ਬਿਰਾਜਮਾਨ ਕੀਤਾ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪ੍ਰਮਾਤਮਾ ਦਾ ਇਹ ਕੌਤਕ ਬਿਲਕੁਲ ਹੀ ਉਲਟਾ ਹੈ ਕਿ ਹੋਰ ਨਦੀਆਂ ਉਤਰ ਦਿਸ਼ਾ ਤੋਂ ਚੱਲ ਕੇ ਪੱਛਮ ਵਿਚ ਅਰਬ ਸਾਗਰ ਵਿਚ ਪੈਂਦੀਆਂ ਹਨ ਪਰ ਗੰਗਾ ਨਦੀ ਉਤਰ ਦਿਸ਼ਾ ਤੋਂ ਅਰੰਭ ਹੋ ਕੇ ਬੰਗਾਲ ਦੀ ਖਾੜੀ ਪੂਰਬ ਵਿਚ ਜਾਕੇ ਸਮੁੰਦਰ ਵਿਚ ਸਮਾਉਂਦੀ ਹੈ। ਪਿਛਲੇ ਕਰਮਾਂ ਵਿਚ ਜੋ ਕਿਸੇ ਨੇ ਕੁਝ ਦਿਤਾ ਹੈ ਉਹੀ ਮਨੁਖ ਨੂੰ ਇਸ ਜਨਮ ਵਿਚ ਮਿਲਦਾ ਹੈ। ਗੁਰਗੱਦੀ ਦੀ ਦਾਤ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲੀ। ਭਾਈ ਗੁਰਦਾਸ ਜੀ ਦਾ ਵਿਚਾਰ ਹੈ ਕਿ ਉਸ ਸਮੇਂ ਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੰਸਾਰੀ ਪੁੱਤ ਇਸ ਕਰਕੇ ਆਖਦੇ ਸਨ ਕਿ ਗੁਰਗੱਦੀ ਘਰ ਵਿਚ ਹੀ ਰਹਿ ਗਈ ਸੀ। ਸ੍ਰੀ ਗੁਰੂ ਰਾਮਦਾਸ ਜੀ ਦਾ ਕਥਨ ਸੀ ਕਿ ਮੈਂ ਗੁਰਗੱਦੀ ਸੋਢੀ ਪਰਿਵਾਰ ਤੋਂ ਬਾਹਰ ਨਹੀਂ ਜਾਣ ਦੇਣੀ। ਅਜਿਹਾ ਸੁਣ ਕੇ ਲੋਕਾਂ ਨੂੰ ਸਹਿਣ ਹੋਣਾ ਮੁਸ਼ਕਲ ਹੋ ਗਿਆ ਸੀ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਘਰ ਦੀ ਵਸਤੂ ਘਰ ਵਿਚ ਹੀ ਰਹਿ ਗਈ।

----

## ਵਾਰ ਪਹਿਲੀ

*ਪਉੜੀ 48 (ਗੁਰੂ ਹਰਗੋਬਿੰਦ ਜੀ)*

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰ ਬੈਠਾ ਗੁਰੁ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾ ਤਕਿ ਦਰਸੁ ਨਿਹਾਰੀ।
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ।
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ।।48।।

---

*ਛੱਠਮ: ਛੇਵਾਂ। ਅਗਮ ਅਗੋਚਰ: ਅਦਿਖ ਅਤੇ ਅਪਹੁੰਚ।*

ਪੰਜ ਪਿਆਲਿਆਂ ਤੋਂ ਭਾਵ, ਸਤ, ਸੰਤੋਖ, ਦਯਾ, ਧਰਮ ਅਤੇ ਧੀਰਜ ਆਦਿ, ਪੰਜ ਪੀਰ ਜਿਵੇਂ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਛੇਵੇਂ ਸ੍ਰੀ ਗੁਰੂ ਹਰਗੋਬਿੰਦ ਜੀ ਅੰਦਰ ਆਪਣੀ ਕਾਇਆ

ਪਲਟ ਕੇ ਗੱਦੀ ਉਪਰ ਬਿਰਾਜਮਾਨ ਕੀਤਾ, ਜਿਨ੍ਹਾਂ ਨੇ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾ ਪਹਿਨਣ ਕੀਤੀਆਂ। ਹਣ ਗੁਰੂਆਂ ਦੀ ਸ੍ਰੇਣੀ ਸੋਢੀਆਂ ਦੀ ਪੀੜੀ ਵਿਚ ਆਈ ਅਤੇ ਵਾਰੋ ਵਾਰੀ ਗੁਰਗੱਦੀ ਬਦਲਣ ਲੱਗੀ। ਸ੍ਰੀ ਗੁਰੂ ਹਰਗੋਬਿੰਦ ਜੀ ਵੱਡੇ ਯੋਧੇ ਜਿਹੜੇ ਦਲਾਂ ਦੇ ਦਲਾਂ ਨੂੰ ਤੋੜਨ ਭੰਨਣ ਵਾਲੇ ਬਹਾਦਰ ਅਤੇ ਪਰਉਪਕਾਰੀ ਹੋਏ ਹਨ। ਸਿਖ ਅਰਦਾਸਾਂ ਕਰ ਕਰ ਗਰੂ ਜੀ ਕੋਲੋਂ ਪੁਛਣ ਲੱਗੇ ਕਿ ਅਸੀਂ ਪੰਜਾਂ ਮਹਿਲਾਂ ਤੱਕ ਤਾਂ ਦਰਸ਼ਨ ਕਰ ਲਏ ਹਨ ਪਰ ਸਾਨੂੰ ਦਸੋਂ ਹੁਣ ਸਾਨੂੰ ਛੇਵੇਂ ਮਹਿਲਾਂ ਦੇ ਕਦ ਦਰਸ਼ਨ ਹੋਣਗੇ। ਪ੍ਰਮਾਤਮਾ ਦੇ ਰੂਪ ਭਾਵ ਅਪਹੁੰਚ ਗੁਰੂ ਅਰਜਨ ਦੇਵ ਜੀ ਨੇ ਸਿਖਾਂ ਨੂੰ ਸਮਝਾਇਆ ਕਿ ਕਲਜੁਗ ਵਿਚ ਸੋਢੀਆਂ ਦੀ ਪੀੜ੍ਹੀ ਪੱਕੀ ਤਰ੍ਹਾਂ ਸਥਾਪਤ ਹੋ ਚੁੱਕੀ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਕਲਜੁਗ ਵਿਚ ਹੋਰ ਵੀ ਅਵਤਾਰ ਸਮੇਂ ਹੋਣਗੇ ਪਰ ਸੋਢੀਆਂ ਦੀ ਪੀੜੀ ਕੁਝ ਸਮੇਂ ਤੱਕ ਪੱਕੀ ਹੈ।

----

## ਵਾਰ ਪਹਿਲੀ

*ਪਉੜੀ 49 (ਵਾਹਿਗੁਰੂ ਮੰਤ੍ਰ)*

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।
ਦੁਆਪਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ।
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਰਾਮ ਜਪੇ ਸੁਖੁ ਪਾਵੈ।
ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮੁ ਅਲਾਵੈ।
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।
ਚਾਰੋ ਅਛਰ ਇਕੁ ਕਰਿ ਵਾਹਗੁਰੂ ਜਪੁ ਮੰਤ੍ਰੁ ਜਪਾਵੈ।
ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ॥49॥1॥

---

*ਵਾਸਦੇਵ: ਰਿਖੀ। ਵਿਸਨਾ: ਭਗਵਾਨ ਵਿਸ਼ਨੂੰ। ਪੰਚਾਇਣ: ਪੰਚਾਇਤ।*

ਪਹਿਲੀਆਂ ਅਠਤਾਲੀ ਦੀਆਂ ਅਠਤਾਲੀ ਪਉੜੀਆਂ ਦੀਆਂ ਪੰਦਰਾਂ ਪੰਦਰਾਂ ਸਤਰਾਂ ਹਨ। ਵਾਰਾਂ ਵਿਚੋਂ ਪਹਿਲੀ ਵਾਰ ਦੀ ਉਨੰਜਵੀਂ ਵਾਰ ਵਿਚ ਸਿਰਫ 13 ਸਤਰਾਂ ਹਨ। ਇਹ ਕਦਾਚਿਤ ਨਹੀਂ ਹੋ ਸਕਦਾ ਕਿ ਭਾਈ ਗੁਰਦਾਸ ਜੀ ਨੇ ਪੂਰੀਆਂ ਪੰਦਰਾ ਸਤਰਾ ਨਾ ਲਿਖੀਆਂ ਹੋਣ ਪਰ ਇਹ ਗੱਲ ਜ਼ਰੂਰ ਆਖੀ ਜਾ ਸਕਦੀ ਹੈ ਕਿ ਸਮਾਂ ਪੈਣ ਉਪਰ ਵਖੋ ਵਖਰੇ ਵਿਦਵਾਨਾਂ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਉਤਾਰਾ ਕਰਦਿਆਂ ਇਸ ਉਨੰਜਵੀ ਵਾਰ ਦੀਆਂ ਦੋ ਸੱਤਰਾਂ ਦੀ ਅਣਦੇਖੀ ਕਰ ਦਿਤੀ ਹੋਵੇਗੀ। ਭਾਈ ਵੀਰ ਸਿੰਘ ਜੀ ਅਨੁਸਾਰ ਛੇਵੀਂ ਸਤਰ ਹੇਠ ਲਿਖੇ ਦੀ ਤਰ੍ਹਾਂ ਹੈ।

'ਵਾਹਿਗੁਰੂ ਜਪਿ ਪ੍ਰੇਮ ਸਿਉ ਸੋ ਨਰੁ ਬਹੜੁ ਜੂਨਿ ਨਹੀ ਆਵੈ।'

ਹੋਰ ਬਹੁਤ ਵਿਦਵਾਨਾਂ ਵਲੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਉਤਾਰਾ ਕਰਕੇ ਛਾਪਿਆ ਜਾ ਚੁੱਕਾ ਹੈ। ਹੋ ਸਕਦਾ ਹੈ ਕਿਸੇ ਪਹਿਲੇ ਵਿਦਵਾਨ ਨੇ ਉਹ ਸਤਰਾਂ ਗਲਤੀ ਨਾਲ

ਨਜ਼ਰ-ਅੰਦਾਜ਼ ਕਰ ਦਿਤੀਆਂ ਹੋਣ। ਇਸ ਤੋਂ ਬਿਨ੍ਹਾਂ ਇਹ ਗੱਲ ਲਿਖਣੀ ਜ਼ਰੂਰੀ ਹੈ ਕਿ ਵੱਖੋ ਵੱਖਰੇ ਛਪੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀਆਂ ਪੋਥੀਆਂ ਅੰਦਰ ਕਈ ਸ਼ਬਦ ਬਦਲ ਕੇ ਲਿਖੇ ਗਏ ਹਨ। ਇਹ ਬਦਲ ਦਿਤੇ ਗਏ ਸ਼ਬਦ ਇੰਝ ਪ੍ਰਤੀਤ ਹੁੰਦੇ ਹਨ ਜਿਵੇਂ ਕਿਸੇ ਨੌਜੁਆਨ ਦੇ ਅਗਲੇ ਦੰਦ ਨਿਕਲੇ ਹੋਏ ਹੋਣ ਭਾਵ ਉਹ ਬੋੜ੍ਹਾ ਹੋਵੇ ਅਤੇ ਪਉੜੀ ਵਿਚ ਵੱਖਰੀ ਪਛਾਣ ਨਾਲ ਪੜ੍ਹੇ ਜਾਂਦੇ ਹਨ। ਮੈਂ ਉਨ੍ਹਾਂ ਇਕ ਦੋ ਕੁ ਸ਼ਬਦਾਂ ਬਦਲੇ ਸੱਤਰ ਦੇ ਭਾਵ ਅਰਥ ਅਨੁਸਾਰ ਹੋਰ ਸੰਭਵ ਸਹੀ ਹੋਣ ਵਾਲਾ ਸ਼ਬਦ ਦਰਜ ਕਰ ਦਿਤਾ ਹੈ।

ਭਾਈ ਗੁਰਦਾਸ ਜੀ ਇਸ ਅਠਤਾਲਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਰੱਖੇ ਗਏ ਪ੍ਰਮਾਤਮਾ ਦੇ ਨਾਮ 'ਵਾਹਿਗੁਰੂ' ਸ਼ਬਦ ਦਾ ਹੋਂਦ ਵਿਚ ਆਉਣ ਦਾ ਸਬੱਬ ਦਸਦੇ ਹਨ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਢੇਰ ਬਾਅਦ ਇਸ ਜਗਤ ਵਿਚ ਆਏ ਅਤੇ ਇਹ ਦਾਅਵੇ ਨਾਲ ਨਹੀਂ ਆਖਿਆ ਜਾ ਸਕਦਾ ਕਿ ਗੁਰੁ ਨਾਨਕ ਦੇਵ ਜੀ ਨੇ 'ਵਾਹਿਗੁਰੂ' ਸ਼ਬਦ ਦੀ ਰਚਨਾ ਇਸ ਕਦਰ ਕੀਤੀ ਹੋਵੇਗੀ। ਭਾਈ ਗੁਰਦਾਸ ਜੀ ਨੇ 'ਵਾਹਿਗੁਰੂ ਸ਼ਬਦ ਵਾਸਤੇ ਅੱਖਰ ਤਾਂ ਚੁੰਹ ਜੁਗਾਂ ਵਿਚ ਹੋਏ ਅਵਤਾਰਾਂ ਦੇ ਨਾਵਾਂ ਕੋਲੋਂ ਲੈ ਲਏ ਹਨ ਅਤੇ ਲਗਾ-ਮਾਤਰਾਵਾਂ ਉਨ੍ਹਾਂ ਨੇ ਕਿਥੋਂ ਲਈਆਂ ਹਨ? ਇਸ ਬਾਰੇ ਪੂਰੀ ਤਰ੍ਹਾਂ ਸਾਫ ਨਹੀਂ ਹੈ। ਭਾਈ ਗੁਰਦਾਸ ਜੀ ਅਨੁਸਾਰ ਗੁਰੁ ਨਾਨਕ ਦੇਵ ਜੀ ਚਹੁੰ ਜੁਗਾਂ ਵਿਚ ਚਾਰ ਵੱਖਰੇ ਵੱਖਰੇ ਨਾਵਾਂ ਨਾਲ ਅਵਤਾਰ ਆਏ ਸਨ। ਸਤਿਜੁਗ ਵਿਚ ਗੁਰੂ ਨਾਨਕ ਹੀ ਵਾਸਦੇਵ ਬਣ ਅਵਤਾਰ ਆਏ ਅਤੇ 'ਵਾਸਦੇਵ' ਕੋਲੋਂ 'ਵ' ਲੈ ਲਿਆ, ਹਰੀ ਕ੍ਰਿਸ਼ਨ ਦੇ ਨਾਮ ਕੋਲੋ 'ਹ' ਅੱਖਰ ਲੈ ਲਿਆ ਜਿਹੜਾ ਪਾਠਕ ਜੀ ਦੁਆਪਰ ਵਿਚ ਹੋਇਆ ਸੀ। ਵੇਖੋ ਸਤਿਜੁਗ ਤੋਂ ਦੁਆਪਰ ਦਾ ਕਿੰਨੇ ਸਾਲਾਂ ਦਾ ਫਰਕ ਹੈ। ਤ੍ਰੇਤੇ ਜੁਗ ਵਿਚ ਆਏ ਰਾਮ ਦੇ ਨਾਮ ਦਾ ਅੱਖਰ 'ਰ' ਲੈ ਲਿਆ ਭਾਵ ਉਹ ਅੱਖਰ ਲੈਣ ਵਾਸਤੇ ਫਿਰ ਸਤਿਜੁਗ ਵੱਲ ਚੱਲ ਪਏ। ਤ੍ਰੇਤੇ ਜੁਗ ਤੋਂ ਉਹ ਫਿਰ ਸਿੱਧੇ ਕਲਜੁਗ ਵਿਚ ਆਣ ਕੇ ਸਤਿਜੁਗ ਵਿਚ ਆਏ ਅਵਤਾਰ ਸ੍ਰੀ ਵਾਸਦੇਵ ਦੇ ਨਾਮ ਕੋਲੋਂ 'ਵ' ਅੱਖਰ ਲਿਆ ਗਿਆ। ਦੁਆਪਰ ਜੁਗ ਵਿਚ ਅਵਤਾਰ ਆਏ ਹਰੀ ਕ੍ਰਿਸ਼ਨ ਤੋਂ 'ਹ' ਅੱਖਰ, ਤ੍ਰੇਤੇ ਯੁਗ ਵਿਚ ਅਵਤਾਰ ਆਏ ਭਗਵਾਨ ਰਾਮ ਦੇ ਨਾਮ ਦਾ 'ਰ' ਅਖਰ ਅਤੇ ਕਲਜੁਗ ਵਿਚ ਨਾਨਕ ਗੁਰ ਗੋਬਿੰਦ ਤੋਂ 'ਗ' ਅੱਖਰ ਲੈ ਕੇ ਚੌਹਾਂ ਜੁਗਾਂ ਤੋਂ ਇਕ ਇਕ ਅੱਖਰ ਲੈ ਕੇ ਚਾਰ ਅੱਖਰ ਜੋੜ ਕੇ ਪ੍ਰਮਾਤਮਾ ਦੇ ਨਾਮ ਵਾਲਾ 'ਵਾਹਿਗੁਰੂ' ਸ਼ਬਦ ਤਿਆਰ ਕੀਤਾ ਗਿਆ ਹੈ। ਨਾਨਕ ਦੇ ਨਾਮ ਤੋਂ 'ਨ' ਅੱਖਰ ਲੈਣਾ ਚਾਹੀਦਾ ਸੀ ਪਰ ਅੱਖਰ 'ਗ' ਪਤਾ ਨਹੀਂ ਕਿਥੋਂ ਬਣਾ ਲਿਆ ਗਿਆ ਹੈ। ਅਜਿਹਾ ਕਰਨਾ ਕੁਝ ਗੈਰ-ਕੁਦਰਤੀ ਜਿਹਾ ਲਗਦਾ ਹੈ। ਭਾਈ ਗੁਰਦਾਸ ਜੀ ਵਲੋਂ ਚੁਣੇ ਅੱਖਰ ਜੇਕਰ ਤਰਤੀਬ ਅਨੁਸਾਰ ਲਿਖੀਏ ਤਾਂ 'ਵਹਰਗ' ਸ਼ਬਦ ਬਣਦਾ ਹੈ। ਸੁ ਮੈਂ ਭਾਈ ਗੁਰਦਾਸ ਜੀ ਵਲੋਂ 'ਵਾਹਿਗੁਰੂ' ਸ਼ਬਦ ਬਾਰੇ ਲਿਖੀ ਪਉੜੀ ਦੇ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਮੇਰੇ ਵਿਚਾਰ ਵਿਚ ਸਹੀ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਗੁਰੂ ਆਪ ਪ੍ਰਮਾਤਮਾ ਸਨ। ਇਸੇ ਲਈ ਉਨ੍ਹਾਂ ਨੇ ਆਪਣੇ ਸਿਧਾਂਤਾ ਅਨੁਸਾਰ ਗੁਰੂ ਨੂੰ ਸਵਾਸ ਸਵਾਸ ਚਿਤਵਣ ਅਤੇ ਉਸਦੀ ਉਸਤਤ ਵਾਸਤੇ ਇਕ ਸ਼ਬਦ 'ਵਾਹਿਗੁਰੂ' ਤਿਆਰ ਕੀਤਾ ਜਿਸ ਦੀ ਜਮਾਂ ਹੇਠ ਲਿਖੇ ਦੀ ਤਰ੍ਹਾਂ ਬਣਦੀ ਹੈ।

'ਵਾਹ-ਹੇ-ਗੁਰੂ' ਭਾਵ ਵਾਹਿਗੁਰੂ।

ਸੋ ਮੇਰੇ ਵਿਚਾਰ ਵਿਚ 'ਵਾਹਿਗੁਰੂ' ਸ਼ਬਦ ਦੀ ਹੋਂਦ ਬਾਰੇ ਮੈਨੂੰ ਭਾਈ ਗੁਰਦਾਸ ਜੀ ਵਲੋਂ ਕੀਤੀ ਵਿਆਖਿਆ ਵਿਗਿਆਨਕ ਨਹੀਂ ਲਗਦੀ। ਭਾਈ ਗੁਰਦਾਸ ਜੀ ਪਉੜੀ ਦੇ ਅੰਤ ਵਿਚ ਲਿਖਦੇ ਹਨ ਮਨੁਖ ਜਿਸ ਜੋਤ ਤੋਂ ਜੁਦਾ ਹੋ ਕੇ ਆਇਆ ਸੀ ਅੰਤ ਵਿਚ ਇਕ ਦਿਨ ਉਸੇ ਜੋਤ ਵਿਚ ਹੀ ਸਮਾ ਜਾਵੇਗਾ।

----

## ਵਾਰ 2

*(ਇਸ ਵਾਰ ਦੀਆਂ ਕੁਲ 20 ਪਉੜੀਆਂ ਹਨ।)*

ਸਤਿਗੁਰ ਪ੍ਰਸਾਦਿ ॥

### ਵਾਰ ਦੂਜੀ

*ਪਉੜੀ 1 (ਵਸਤੂ ਨਿਰਦੇਸ਼ ਮੰਗਲਾਚਰਣ)*

ਆਪਨੜੈ ਹਥਿ ਆਰਸੀ ਆਪੇ ਹੀ ਦੇਖੈ।
ਆਪੇ ਦੇਖਿ ਦਿਖਾਇਦਾ ਛਿਅ ਦਰਸਨਿ ਭੇਖੈ।
ਜੇਹਾ ਮੂਹੁ ਕਰਿ ਭਾਲਿਦਾ ਤੇਵੇਵੈ ਲੇਖੈ।
ਹਸਦੇ ਹਸਦਾ ਦੇਖੀਐ ਸੋ ਰੂਪ ਸਰੇਖੈ।
ਰੋਂਦੈ ਦਿਸੈ ਰੋਵਦਾ ਹੋਏ ਨਿਮਖ ਨਿਮੇਖੈ।
ਆਪਿ ਆਪਿ ਵਰਤੱਦਾ ਸਤਿਸੰਗਿ ਵਿਸੇਖੈ॥1॥

---

*ਛਿਅ ਦਰਸਨਿ: ਛੇ ਤਰ੍ਹਾਂ ਦੇ ਮੱਤ। ਭੇਖੇ: ਭੇਸ। ਲੇਖੈ: ਏਥੇ ਅਰਥ ਲਗਣਾ ਹੈ। ਸਰੇਖੈ: ਉਸੇ ਵਰਗਾ। ਨਿਮੇਖੈ: ਝੱਟ ਪੱਟ। ਵਿਸ਼ੇਖੈ: ਵਿਸ਼ੇਸ਼ ਰੂਪ ਵਿਚ।*

ਮੰਗਲਾਚਰਣ ਤਿੰਨ ਪ੍ਰਕਾਰ ਦੇ ਲਿਖੇ ਜਾਂਦੇ ਹਨ। ਜਿਵੇਂ ਇਸ ਵਾਰ ਵਿਚ 'ਵਸਤੂ ਨਿਰਦੇਸ਼' ਮੰਗਲਾਚਰਣ ਲਿਖਿਆ ਹੈ ਭਾਵ ਜਿਸ ਬਾਰੇ ਅੱਗੇ ਲਿਖਿਆ ਜਾਂਦਾ ਹੈ ਉਸਦੀ ਹੀ ਉਸਤਤ ਅਤੇ ਉਸ ਅਗੇ ਹੀ ਬੇਨਤੀ ਕੀਤੀ ਜਾਂਦੀ ਹੈ। ਜਿਵੇਂ ਇਸ ਪਉੜੀ ਵਿਚ ਪ੍ਰਮਾਤਮਾ ਦੇ ਕਾਰਜ ਲਿਖੇ ਪੜ੍ਹੇ ਜਾਂਦੇ ਹਨ। ਦੂਜੀ ਪ੍ਰਕਾਰ ਦਾ ਮੰਗਲਾਚਰਣ 'ਆਸ਼ੀਰਵਾਦਾਤਮਕ' ਮੰਗਲਾਚਰਣ ਜਿਵੇਂ ਉਸਦੀ ਸਿਫਤ ਅਤੇ ਉਸਨੂੰ ਬੇਨਤੀ ਕਰਨੀ ਹੁੰਦੀ ਹੈ ਕਿ ਜਿਸ ਕੋਲੋਂ ਤੁਹਾਨੂੰ ਆਪਣੇ ਕਲਿਆਨ ਦੀ ਆਸ ਹੋਵੇ। ਤੀਸਰੀ ਪ੍ਰਕਾਰ ਦਾ ਮੰਗਲਾਚਰਣ 'ਨਮਸਕਾਰਾਤਮਕ' ਹੁੰਦਾ ਹੈ।ਇਸ ਵਿਚ ਕਿਸੇ ਨੂੰ ਪ੍ਰਣਾਮ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਵਲੋਂ ਲਿਖੇ ਅਜਿਹੇ ਸਾਰੇ ਮੰਗਲਾਜਣ ਆਪ ਜੀ ਨੂੰ ਅਗੇ ਜਾ ਕੇ ਪੜ੍ਹਨ ਵਾਸਤੇ ਮਿਲਣਗੇ ਵੀ।

ਦੂਜੀ ਵਾਰ ਦੀ ਪਹਿਲੀ ਪਉੜੀ ਵਿਚ ਵਸਤੂ ਨਿਰਦੇਸ਼ ਮੰਗਲਾਚਰਣ ਲਿਖਿਆ ਹੈ। ਪ੍ਰਮਾਤਮਾ ਦੇ ਹੱਥ ਵਿਚ ਹੀ ਸ਼ੀਸ਼ਾ ਹੈ ਅਤੇ ਉਹ ਆਪ ਹੀ ਦੇਖਦਾ ਹੈ ਭਾਵ ਉਸਨੇ ਇਹ ਦੁਨੀਆਂ ਆਪ ਹੀ ਬਣਾਈ ਹੈ ਅਤੇ ਆਪੇ ਹੀ ਇਸ ਦੁਨੀਆਂ ਨੂੰ ਵੇਖਦਾ ਹੈ। ਇਸ ਸਾਰੀ ਵਾਰ ਵਿਚ ਇਕ ਪ੍ਰਮਾਤਮਾ ਦੇ ਭੇਦਾਂ ਬਾਰੇ ਹੀ ਪਉੜੀਆਂ ਲਿਖੀਆਂ ਗਈਆਂ ਹਨ। ਪ੍ਰਮਾਤਮਾ ਆਪ ਦੁਨੀਆਂ ਬਣਾ ਕੇ ਅਤੇ ਆਪ ਹੀ ਉਨ੍ਹਾਂ ਨੂੰ ਛਿਆਂ ਧਰਮਾਂ ਦੇ ਸਾਰ ਭੇਖ ਸਮਝਾਉਂਦਾ ਹੈ। ਜਿਵੇਂ ਹੀ ਸੰਸਾਰੀ ਮਨੁਖ ਕਾਰਜ ਕਰਦਾ ਹੈ ਉਸੇ ਤਰ੍ਹਾਂ ਦੇ ਉਸਨੂੰ ਫਲ ਦਿੰਦਾ ਹੈ। ਭਾਵ ਕਰਮਾਂ ਅਨੁਸਾਰ ਨਬੇੜਾ ਕਰਦਾ ਹੈ। ਜਿਵੇਂ ਸ਼ੀਸ਼ੇ ਅਗੇ ਕੋਈ ਹਸਦਾ ਹੈ ਤਾਂ ਉਸਨੂੰ ਆਪਣੇ

ਆਪ ਨੂੰ ਹਸਦਾ ਹੀ ਦਿਸੇਗਾ। ਉਸਦੇ ਹਾਸੇ ਦਾ ਅਕਸ ਉਸਨੂੰ ਸ਼ੀਸ਼ੇ ਵਿਚ ਨਜ਼ਰ ਆਵੇਗਾ। ਰੋਣ ਵਾਲਿਆਂ ਨੂੰ ਆਪਣਾ ਮੂੰਹ ਰੋਣੀ ਹਾਲਤ ਵਰਗਾ ਹੀ ਦਿਖੇਗਾ। ਇਸ ਤਰ੍ਹਾਂ ਪ੍ਰਮਾਤਮਾਂ ਨੂੰ ਹਰ ਮਨੁਖ ਦੇ ਪਾਪ ਪੁੰਨ ਜਿਵੇਂ ਉਹ ਕਰਦਾ ਹੈ ਅਤੇ ਤਿਵੇਂ ਹੀ ਪ੍ਰਮਾਤਮਾ ਨੂੰ ਪਤਾ ਲੱਗੀ ਜਾਂਦਾ ਹੈ ਕਿਉਂਕਿ ਉਹ ਹਰ ਥਾਂ ਆਪ ਹੀ ਹੁੰਦਾ ਹੈ ਅਤੇ ਪ੍ਰਮਾਤਮਾ ਸਤਿਸੰਗ ਵਾਲੀ ਥਾਂ ਉਹ ਵਿਸ਼ੇਸ਼ ਕਰਕੇ ਹਾਜ਼ਰ ਹੁੰਦਾ ਹੈ।

----

## ਵਾਰ ਦੂਜੀ

*ਪਉੜੀ 2 (ਵਜੰਤ੍ਰੀ ਦਾ ਦ੍ਰਿਸ਼ਟਾਂਤ)*

ਜਿਉ ਜੰਤ੍ਰੀ ਹਥਿ ਜੰਤ੍ਰ ਲੈ ਸਭਿ ਰਾਗ ਵਜਾਏ।
ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣ ਗਾਏ।
ਸਬਦਿ ਸੁਰਤਿ ਲਿਵ ਲੀਣੁ ਹੋਇ ਆਪਿ ਰੀਝਿ ਰੀਝਾਏ।
ਕਥਤਾ ਬਕਤਾ ਆਪਿ ਹੈ ਸੁਰਤਾ ਲਿਵ ਲਾਏ।
ਆਪੇ ਹੀ ਵਿਸਮਾਦੁ ਹੋਇ ਸਰਬੰਗਿ ਸਮਾਏ।
ਆਪੇ ਆਪਿ ਵਰਤੱਦਾ ਗੁਰਮੁਖਿ ਪਤੀਆਏ ॥2॥

---

*ਜੰਤ੍ਰ: ਕੋਈ ਸਾਜ। ਜੰਤ੍ਰੀ: ਵਜਾਉਣ ਵਾਲਾ। ਲਿਵ ਲੀਣੁ: ਮਸਤ। ਰੀਝਾਏ: ਰੀਝ ਪੂਰੀ ਕਰਨੀ। ਕਥਤਾ: ਕਹਾਣੀਕਾਰ। ਬਕਤਾ: ਦਸਣ ਵਾਲਾ। ਵਿਸਮਾਦੁ: ਹੈਰਾਨੀਕੁੰਨ। ਸਰਬੰਗਿ: ਸਾਰਿਆਂ ਅੰਦਰ। ਪਤੀਆਏ: ਆਸ ਪੂਰਨ ਕਰਨ ਵਾਲਾ। ਸਬਦਿ ਸੁਰਤਿ: ਰੱਬ ਵਿਚ ਲੀਨ ਹੋਣ ਵਾਲਾ ਗਿਆਨ।*

ਜਿਵੇਂ ਵਾਜੇ ਨੂੰ ਆਪਣੇ ਹੱਥਾਂ ਵਿਚ ਫੜ ਕੇ ਕਈ ਤਰ੍ਹਾਂ ਰਾਗਾਂ ਦੀਆਂ ਧੁਨਾਂ ਵਜਾਉਂਦਾ ਹੈ। ਉਨ੍ਹਾਂ ਧੁਨਾਂ ਨੂੰ ਸਰੋਤਾ ਬਣ ਸੁਣ ਸੁਣ ਆਪੇ ਮਸਤ ਹੋ ਕੇ ਰਾਗ ਦੇ ਸ਼ਬਦਾਂ ਦੇ ਗੁਣ ਗਉਂਦਾ ਹੈ ਠੀਕ ਇਸੇ ਤਰ੍ਹਾਂ ਪ੍ਰਮਾਤਮਾ ਦੁਨੀਆਂ ਨੂੰ ਸਾਜ਼ ਕੇ ਉਨ੍ਹਾਂ ਦੀਆਂ ਅਰਦਾਸ਼ਾਂ ਨੂੰ ਸੁਣ ਸੁਣ ਅਤੇ ਕਾਰਜਾਂ ਨੂੰ ਵੇਖ਼ ਵੇਖ ਖੁਸ਼ ਹੁੰਦਾ ਹੈ। ਆਪਣੇ ਆਪ ਜਗ ਵਿਚ ਵਰਤ ਕੇ ਲਿਵ ਲਾਕੇ ਲੀਨ ਹੁੰਦਾ ਹੈ ਅਤੇ ਆਪਣੀ ਆਪੇ ਹੀ ਰੀਝ ਨੂੰ ਪੂਰਿਆ ਕਰਦਾ ਹੈ। ਆਪੇ ਉਹ ਕਹਾਣੀਕਾਰ ਹੈ ਭਾਵਲੇਖ ਲਿਖਦਾ ਹੈ ਅਤੇ ਆਪੇ ਹੀ ਉਹ ਗਿਆਨ ਨੂੰ ਸਮਝਣ ਅਤੇ ਦਸਣ ਵਾਲਾ ਹੈ। ਆਪਣੀ ਇੱਛਾ ਅਨੁਸਾਰ ਹੀ ਉਹ ਹਰ ਮਨੁਖ ਦੇ ਅੰਦਰ ਸਮਾਇਆ ਹੋਇਆ ਹੈ। ਸਭ ਥਾਵਾਂ ਉਪਰ ਆਪ ਹੀ ਵਰਤਦਾ ਹੈ ਪਰ ਅਜਿਹਾ ਸਿਰਫ ਗੁਰਮੁਖ ਲੋਕਾਂ ਨੂੰ ਪਤੀਜਦਾ ਹੈ। ਗੁਰਮੁਖਾਂ ਨਾਲ ਰਹਿ ਕੇ ਉਸਦੇ ਮਨ ਨੂੰ ਤਸੱਲੀ ਹੁੰਦੀ ਹੈ।

----

## ਵਾਰ ਦੂਜੀ

*ਪਉੜੀ 3 (ਆਪੇ ਰਸੀਆ ਆਪਿ ਰਸੁ)*

ਆਪੇ ਭੁਖਾ ਹੋਇ ਕੈ ਆਪਿ ਜਾਇ ਰਸੋਈ।
ਭੋਜਨ ਆਪਿ ਬਣਾਇਦਾ ਰਸ ਵਿਚਿ ਰਸ ਗੋਈ।
ਆਪੇ ਖਾਇ ਸਲਾਹਿ ਕੈ ਹੋਇ ਤ੍ਰਿਪਤਿ ਸਮੋਈ।
ਆਪੇ ਰਸੀਆ ਆਪਿ ਰਸੁ ਰਸੁ ਰਸਨਾ ਭੋਈ।
ਦਾਤਾ ਭੁਗਤਾ ਆਪਿ ਹੈ ਸਰਬੰਗ ਸਮੋਈ।
ਆਪੇ ਆਪਿ ਵਰਤੱਦਾ ਗੁਰਮੁਖਿ ਸੁਖੁ ਹੋਈ ॥3॥

---

*ਗੋਈ: ਮਿਲਾਉਂਦਾ ਹੈ। ਸਮੋਈ: ਰਜਦਾ ਹੈ। ਭੋਈ: ਪ੍ਰਾਪਤ ਕਰਨ ਵਾਲਾ।*

ਕਿਉਂਕਿ ਪ੍ਰਮਾਤਮਾ ਹਰ ਮਨੁਖ ਵਿਚ ਹੈ ਇਸ ਕਰਕੇ ਭਾਈ ਗੁਰਦਾਸ ਜੀ ਆਪਣੇ ਵਿਚਾਰ ਲਿਖਦੇ ਹਨ ਕਿ ਉਹ ਹੀ ਜਦ ਭੁੱਖਾ ਹੁੰਦਾ ਹੈ ਤਾਂ ਉਹ ਆਪ ਹੀ ਆਪਣੇ ਸੁਆਦ ਅਨੁਸਾਰ ਰਸਦਾਇਕ ਖਾਣਾ ਤਿਆਰ ਕਰਦਾ ਹੈ ਅਤੇ ਖਾਣੇ ਵਿਚ ਉਹ ਆਪ ਹੀ ਇਕ ਰਸ ਹੈ ਜਿਸ ਰਸਦਾਇਕ ਖਾਣੇ ਦੀ ਸਿਫਤ ਕਰਕੇ ਉਹ ਆਪ ਹੀ ਪੂਰਾ ਢਿੱਡ ਭਰ ਕੇ ਖਾਂਦਾ ਹੈ। ਦਾਤਾ ਦੇਣ ਵਾਲਾ ਵੀ ਉਹੀ ਹੈ ਅਤੇ ਦਾਤਾ ਪ੍ਰਾਪਤ ਕਰਨ ਵਾਲਾ ਵੀ ਉਹ ਆਪ ਹੀ ਜਿਹੜਾ ਹਰ ਮਨੁਖ ਵਿਚ ਸਮਾਇਆ ਹੋਇਆ ਹੈ। ਭਾਈ ਗੁਰਦਾਸ ਜੀ ਅੰਤ ਵਿਚ ਲਿਖਦੇ ਹਨ ਕਿ ਉਸਦੇ ਇਸ ਵਰਤਾਰੇ ਦਾ ਸੁਖ ਸਿਰਫ ਤੇ ਸਿਰਫ ਗੁਰਮੁਖ ਮਨੁਖ ਹੀ ਮਾਣ ਸਕਦਾ ਹੈ।

----

## ਵਾਰ ਦੂਜੀ

*ਪਉੜੀ 4 (ਉਹ ਹੀ)*

ਆਪੇ ਪਲੰਘੁ ਵਿਛਾਇ ਕੈ ਆਪਿ ਅੰਦਰਿ ਸਉਂਦਾ।
ਸੁਹਣੇਂ ਅੰਦਰਿ ਜਾਇ ਕੈ ਦੇਸੰਤਰਿ ਭਉਂਦਾ।
ਰੰਕੁ ਰਾਉ ਰਾਉ ਰੰਕੁ ਹੋਇ ਦੁਖ ਦੁਖ ਵਿਚਿ ਪਉਂਦਾ।
ਤਤਾ ਸੀਅਰਾ ਹੋਇ ਜਲੁ ਆਵਟਣੁ ਖਉਂਦਾ।
ਹਰਖ ਸੋਗ ਵਿਚਿ ਧਾਂਵਦਾ ਚਾਵਾਏ ਚਉਂਦਾ।
ਆਪੇ ਆਪਿ ਵਰਤੱਦਾ ਗੁਰਮੁਖਿ ਸੁਖੁ ਰਉਂਦਾ॥4॥

---

*ਸੁਹਣੇ: ਸੁਪਨੇ। ਦੇਸੰਤਰਿ: ਦੇਸ਼ਾਂ ਵਿਦੇਸ਼ਾਂ ਵਿਚ। ਰੰਕੁ: ਕੰਗਾਲ। ਰਾਉ: ਰਾਜਾ ਅਮੀਰ। ਸੀਅਰਾ: ਠੰਡਾ। ਆਵਟਣੁ: ਉਬਾਲੇ ਖਾਣਾ। ਰਉਂਦਾ: ਮਾਨਣਾ।*

ਭਾਈ ਗੁਰਦਾਸ ਜੀ ਇਸ ਵਾਰ ਦੀਆਂ ਪਉੜੀਆਂ ਰਾਹੀਂ ਪ੍ਰਮਾਤਮਾ ਦੇ ਸਰਵ-ਵਿਆਪੀ ਹੋਣ ਨੂੰ ਯਕੀਨਨ ਬਣਾਉਂਦੇ ਹਨ। ਉਹ ਸਮਝਦੇ ਹਨ ਕਿ ਮੰਜਾਂ ਵੀ ਉਹ ਆਪ ਹੀ ਹੈ। ਵਿਛੌਣਾ ਵੀ ਉਹ ਆਪ ਹੀ ਹੈ। ਵਿਛੌਣਾ ਵਿਛਾਉਣ ਵਾਲਾ ਵੀ ਉਹ ਆਪ ਹੀ ਅਤੇ ਮੰਜੇ ਉਪਰ ਸੌਣ ਵਾਲਾ ਵੀ ਉਹੀ ਆਪ ਹੀ ਹੈ। ਨੀਂਦਰ ਵੀ ਉਹ ਆਪ ਹੀ ਹੈ। ਸੁਪਨ ਅਤੇ ਸੁਪਨਾ ਵੀ ਉਹ ਆਪ ਹੀ ਹੋ ਕੇ ਦੇਸ ਦੇਸੰਤਰਾਂ ਵਿਚ ਘੁੰਮਣ ਵਾਲਾ ਵੀ ਉਹੀ ਆਪ ਹੀ ਹੈ। ਸੁਪਨਸਾਜ਼ ਅਤੇ ਸੁਪਨੰਤਰ ਵੀ ਉਹੀ ਪ੍ਰਮਾਤਮਾ ਹੀ ਹੈ। ਦੁਨੀਆਂ ਦੇ ਪਾਣੀ ਵਾਂਗ ਉਬਲਦੇ ਦੁਖ ਦਰਦ ਵੀ ਆਪ ਹੀ ਹਨ ਅਤੇ ਦੁਖਾਂ ਨੂੰ ਮਿਟਾ ਕੇ (ਤਤਾ ਸੀਅਰਾ) ਸੁਖ ਦੇਣ ਵਾਲਾ ਵੀ ਉਹੀ ਆਪ ਹੀ ਹੈ। ਮਨੁਖਾਂ ਅੰਦਰ ਦੁਖਾਂ ਵਜੋਂ ਮਿਲੇ ਹਰਖ ਸੋਗ ਨੂੰ ਭੋਗ ਕੇ ਦੁਖੀ ਹੋਣ ਵਾਲਾ ਵੀ ਉਹੀ ਆਪ ਹੀ ਹੈ। ਗੁਰਮੁਖ ਲੋਕ ਅਜਿਹੇ ਭਾਣੇ ਨੂੰ ਜਾਣ ਸਮਝ ਕੇ ਸਦਾ ਸੁਖੀ ਭਾਵ ਉਸਦੇ ਭਾਣੇ ਵਿਚ ਰਹਿੰਦੇ ਹਨ।

----

## ਵਾਰ ਦੂਜੀ

*ਪਉੜੀ 5 (ਅਧਿਕਾਰੀ ਭੇਦ)*

ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈ।
ਜਲ ਅੰਦਰਿ ਜਲੁ ਹੋਇ ਮਿਲੈ ਧਰਤੀ ਬਹੁ ਭਾਈ।
ਕਿਰਖ ਬਿਰਖ ਰਸ ਕਸ ਘਣੇ ਫਲੁ ਫੁਲੁ ਸੁਹਾਈ।
ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖਦਾਈ।
ਮੋਤੀ ਹੋਵੈ ਸਿਪ ਮੁਹਿ ਬਹੁ ਮੋਲ ਮੁਲਾਈ।
ਬਿਸੀਅਰ ਦੇ ਮੁਹਿ ਕਾਲਕੂਟ ਚਿਤਵੇ ਬੁਰਿਆਈ।
ਆਪੇ ਆਪਿ ਵਰਤੱਦਾ ਸਤਿਸੰਗ ਸੁਭਾਈ ॥5॥

---

*ਸਮਸਰਿ: ਬਰਾਬਰ ਬਰਾਬਰ। ਭਾਈ: ਏਥੇ ਅਰਥ ਭਾਂਤੀ ਹੈ। ਕਿਰਖ: ਖੇਤੀ, ਫਸਲ। ਬਿਰਖ: ਰੁੱਖ। ਰਸ ਕਸ: ਖੱਟਾ ਮਿੱਠਾ। ਕਪੂਰੁ: ਇਕ ਤਰ੍ਹਾਂ ਦਾ ਖ਼ੁਸ਼ਬੂਦਾਰ ਪਦਾਰਥ। ਮੁਲ਼ਾਈ: ਮੁਲ ਵਾਲਾ। ਕਾਲਕੂਟ: ਜ਼ਹਿਰ।*

ਜਿਵੇਂ ਸਵਾਂਤ-ਬੂੰਦ ਹਰ ਥਾਂ ਇਕੋ ਜਿਹੀ ਵਰ੍ਹਦੀ ਹੈ ਅਤੇ ਪਾਣੀ ਵਿਚ ਪਾਣੀ ਰਲ ਕੇ ਕਈ ਤਰ੍ਹਾਂ ਦੇ ਰੂਪ ਬਦਲਦੀ ਧਰਤੀ ਵਿਚ ਮੁੜ ਚਲੇ ਜਾਂਦੀ ਹੈ। ਇਸ ਤਰ੍ਹਾਂ ਪ੍ਰਮਾਤਮਾ ਸਾਰਿਆ ਅੰਦਰ ਰਹਿੰਦਾ ਹੈ। ਜਿਵੇਂ ਬੂੰਦ ਪਾਣੀ ਵਿਚ ਰਲ ਕੇ ਪਾਣੀ ਬਣ ਕੇ ਮੁੜ ਧਰਤੀ ਵਿਚ ਰਲ ਜਾਂਦੀ ਹੈ। ਇਵੇਂ ਪ੍ਰਮਾਤਮਾ ਮਨੁੱਖ ਅੰਦਰ ਰਹਿ ਕੇ ਵੀ ਅਦਿਖ ਰਹਿੰਦਾ ਹੈ। ਫਸਲਾਂ, ਰੁਖਾਂ, ਫਲਾਂ ਅਤੇ ਫੁਲਾਂ ਦੇ ਰਸ-ਕਸ ਭਾਵ ਖੱਟੇ-ਮਿੱਠੇ ਰਸਾਂ ਵਾਂਗ ਰਹਿੰਦਾ ਹੈ। ਜਿਵੇਂ ਕੇਲੇ ਵਿਚ ਗੁਣਕਾਰੀ ਕਪੂਰ ਵਾਂਗ ਮਨੁਖ ਦੇ ਮਨ ਵਿਚ ਸਦਾ ਸੁਖਦਾਈ ਬਣਦਾ ਹੈ ਭਾਵ ਕਪੂਰ ਕਾਫੂਰ ਦੇ ਰੁੱਖ ਤੋਂ ਤਿਆਰ ਕੀਤਾ ਹੋਇਆ ਇਕ ਖੁਸ਼ਬੂਦਾਰ ਚਿੱਟੇ ਰੰਗ ਦਾ

ਪਦਾਰਥ ਹੈ। ਜੋ ਹਵਾ ਵਿਚ ਉੱਡ ਜਾਂਦਾ ਹੈ। ਅੱਗ ਵਿਚ ਘਿਉ ਵਾਂਗ ਸੜ ਜਾਂਦਾ ਹੈ। ਕਪੂਰ ਨੂੰ ਲੋਕੀ ਆਰਤੀ ਕਰਨ ਸਮੇਂ ਵਰਤਦੇ ਹਨ। ਕਪੂਰ ਬਹੁਤ ਦੁਆਈਆਂ ਵਿਚ ਜਿਵੇਂ ਨਜ਼ਲੇ, ਖੰਘ, ਫੇਫੜੇ ਦੇ ਰੋਗਾਂ ਵਾਸਤੇ, ਜਿਗਰ ਦੀ ਜਲਣ ਵਾਸਤੇ, ਪਿਆਸ ਬੁਝਾਉਣ ਵਾਸਤੇ ਅਤੇ ਨੀਂਦ ਦਿਵਾਉਣ ਵਾਸਤੇ ਵਰਤਿਆ ਜਾਂਦਾ ਹੈ। ਇਸ ਦੀ ਤਾਸੀਰ ਸਰਦ ਖੁਸ਼ਕ ਹੁੰਦੀ ਹੈ ਕਪੂਰ ਦਿਲ ਦਿਮਾਗ ਨੂੰ ਤਾਕਤ ਵੀ ਦਿੰਦਾ ਹੈ। ਏਨਾ ਗੁਣਕਾਰੀ ਹੋਣ ਕਰਕੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜਿਵੇਂ ਕੇਲੇ ਵਿਚ ਕਪੂਰ ਕਈ ਕਾਰਜਾਂ ਨੂੰ ਸਿੱਧ ਕਰਦਾ ਹੈ ਅਤੇ ਸਿੱਪੀ ਵਿਚ ਬਹੁਤ ਮੁਲਵਾਨ ਮੋਤੀ ਹੁੰਦੇ ਹਨ ਪਰ ਬਿਸ਼ੀਅਰ ਦੇ ਤਾਲੂ ਵਿਚ ਜ਼ਹਿਰ ਹੁੰਦੀ ਹੈ ਅਤੇ ਉਹ ਹਮੇਸ਼ਾ ਬੁਰਿਆਈ ਹੀ ਚਿਤਵਦਾ ਹੈ। ਪ੍ਰਮਾਤਮਾ ਹਮੇਸ਼ਾ ਚੰਗੀ ਸੰਗਤ ਵਿਚ ਹੀ ਰਹਿ ਕੇ ਖੁਸ਼ ਹੁੰਦਾ ਹੈ। ਉਹ ਬਹੁਤ ਦਇਆਵਾਨ ਹੈ। ਇਨਸਾਫ-ਪਸੰਦ ਹੈ। ਨਿਰਭੈ ਅਤੇ ਨਿਰਵੈਰ ਹੈ।

ਜਿਵੇਂ ਚਾਨਣ ਵਿਚ ਚੋਰ ਚੋਰੀ ਕਰਦਾ ਹੈ। ਖ਼ੂਨੀ ਚਾਨਣ ਵਿਚ ਖ਼ੂਨ ਕਰਦਾ ਹੈ। ਵਿਦਵਾਨ ਚਾਨਣ ਦੇ ਆਸਰੇ ਪੜ੍ਹਾਈ ਕਰਦਾ ਹੈ। ਮਹਾਤਮਾ ਲੋਕ ਚਾਨਣ ਵਿਚ ਪ੍ਰਚਾਰ ਕਰਦੇ ਹਨ। ਜਿਵੇਂ ਚਾਨਣ ਵਿਚ ਚੰਗੇ ਮਾੜੇ ਕਾਰਜ ਹੁੰਦੇ ਹਨ ਪਰ ਚਾਨਣ ਨੂੰ ਕੋਈ ਦੋਸ਼ ਨਹੀਂ ਦਿੰਦਾ। ਠੀਕ ਇਸੇ ਤਰ੍ਹਾਂ ਲੋਕ ਕਈ ਚੰਗੇ ਮਾੜੇ ਕਰਮ ਕਰਦੇ ਹਨ ਪਰ ਇਹ ਦੋਸ਼ ਪ੍ਰਮਾਤਮਾ ਉਪਰ ਨਹੀਂ ਧਰਿਆ ਜਾਂਦਾ।

----

## ਵਾਰ ਦੂਜੀ

*ਪਉੜੀ 6 (ਸੰਗਤ ਦਾ ਅਸਰ)*

ਸੋਈ ਤਾਂਬਾ ਰੰਗ ਸੰਗਿ ਜਿਉ ਕੈਹਾਂ ਹੋਈ।
ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ।
ਸੋਈ ਸੀਸੇ ਸੰਗਤੀ ਭੰਗਾਰ ਭੁਲੋਈ।
ਤਾਂਬਾ ਪਾਰਸਿ ਪਰਸਿਆ ਹੋਇ ਕੰਚਨ ਸੋਈ।
ਸੋਈ ਤਾਂਬਾ ਭਸਮ ਹੋਇ ਅਉਖਧ ਕਰਿ ਭੋਈ।
ਆਪੇ ਆਪਿ ਵਰਤੱਦਾ ਸੰਗਤਿ ਗੁਣ ਗੋਈ ॥6॥

---

*ਤਾਂਬਾ: ਧਾਂਤ। ਰੰਗ: ਕਲੀ। ਅਵਲੋਈ: ਦਿਸਣਾ। ਭੰਗਾਰ: ਭਰਤ ਦੀ ਧਾਂਤ। ਕੰਚਨ: ਸੋਨਾ। ਅਉਖਧ: ਦਵਾਈ। ਭੋਈ: ਬਣ ਜਾਣਾ।*

ਜੇਕਰ ਤਾਂਬੇ ਨੂੰ ਕਲੀ ਕਰੋ ਤਾਂ ਉਹ ਕੈਂਹਾ ਸਦਾਉਦਾ ਹੈ। ਉਹੀ ਤਾਂਬਾ ਜਿਸਤ ਨਾਲ ਮਿਲ ਕੇ ਪਿੱਤਲ ਅਖਵਾਉਂਦਾ ਹੈ। ਤਾਂਬਾ ਸਿੱਕੇ ਨਾਲ ਮਿਲ ਕੇ ਭਰਤ ਧਾਤ ਬਣ ਜਾਂਦਾ ਹੈ ਅਤੇ ਪਾਰਸ ਦੀ ਸਪੱਰਸ਼ ਨਾਲ ਸੋਨਾ ਬਣ ਜਾਂਦਾ ਹੈ। ਜੇਕਰ ਤਾਂਬੇ ਨੂੰ ਮਾਰ ਲਿਆ ਜਾਵੇ ਭਸਮ ਕਰ ਲਿਆ ਜਾਵੇ ਤਾਂ ਅਉਖਧ ਭਾਵ ਦਵਾਈ ਬਣ ਜਾਂਦਾ ਹੈ। ਇਸੇ ਤਰ੍ਹਾਂ ਪ੍ਰਮਾਤਮਾ

ਦੇ ਕਈ ਰੂਪ ਦਿਸਣ ਦੇ ਬਾਵਜੂਦ ਵੀ ਇਕ ਹੈ ਭਾਵ ਉਹ ਸਭ ਘਟਾਂ ਵਿਚ ਆਪ ਹੀ ਆਪ ਵਰਤਦਾ ਹੈ। ਲੋਕ ਉਸ ਪ੍ਰਮਾਤਮਾ ਬਾਰੇ ਵਭਿੰਨ ਵਿਚਾਰ ਰਖਦੇ ਹਨ ਪਰ ਜਿਹੜੇ ਲੋਕ ਸਤਿਸੰਗੀ ਹਨ ਭਾਵ ਚੰਗੇ ਕਰਮ ਕਰਨ ਵਾਲੇ ਹਨ ਉਹ ਹਮੇਸ਼ਾਂ ਉਸ ਇਕ ਪ੍ਰਮਾਤਮਾ ਦੇ ਹੀ ਗੁਣ ਗਉਂਦੇ ਹਨ।

----

## ਵਾਰ ਦੂਜੀ

*ਪਉੜੀ 7 (ਜਲ ਦਾ ਦ੍ਰਿਸ਼ਟਾਂਤ)*

ਪਾਣੀ ਕਾਲੇ ਰੰਗਿ ਵਿਚਿ ਜਿਉ ਕਾਲਾ ਦਿਸੈ।
ਰਤਾ ਰਤੇ ਰੰਗਿ ਵਿਚਿ ਮਿਲਿ ਮੇਲਿ ਸਲਿਸੈ।
ਪੀਲੈ ਪੀਲਾ ਹੋਇ ਮਿਲੈ ਹਿਤੁ ਜੇਹੀ ਵਿਸੈ।
ਸਾਵਾ ਸਾਵੇ ਰੰਗਿ ਮਿਲਿ ਸਭਿ ਰੰਗ ਸਰਿਸੈ।
ਤਤਾ ਠੰਢਾ ਹੋਇ ਕੈ ਹਿਤ ਜਿਸੈ ਤਿਸੈ।
ਆਪੇ ਆਪਿ ਵਰਤੱਦਾ ਗੁਰਮੁਖਿ ਸੁਖੁ ਜਿਸੈ ॥7॥

---

*ਰਤਾ: ਲਾਲ ਰੰਗ। ਸਲਿਸੈ: ਘੁਲੇ। ਵਿਸੈ: ਉਸੇ ਤਰ੍ਹਾਂ ਦਾ। ਸਰਿਸੈ: ਤੁਲ, ਉਸ ਵਰਗਾ।*

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਪਾਣੀ ਦੀਆਂ ਖ਼ੂਬੀਆਂ ਰਾਹੀਂ ਪ੍ਰਮਾਤਮਾ ਦੇ ਸੁਭਾ ਦਾ ਵਰਣਨ ਕਰਦੇ ਹਨ। ਜਿਵੇਂ ਪਾਣੀ ਨੂੰ ਕਾਲੇ ਰੰਗ ਵਿਚ ਮਿਲਾਓ ਤਾਂ ਕਾਲਾ ਹੀ ਦਿਸੇਗਾ। ਜੇਕਰ ਲਾਲ ਰੰਗ ਵਿਚ ਮਿਲਾਓ ਤਾਂ ਪਾਣੀ ਦਾ ਰੰਗ ਲਾਲ ਹੋ ਜਾਵੇਗਾ। ਪੀਲੇ ਰੰਗ ਵਿਚ ਪਾਣੀ ਪਉਣ ਨਾਲ ਪਾਣੀ ਉਸੇ ਰੰਗ ਪੀਲੇ ਰੰਗ ਦਾ ਹੋ ਜਾਵੇਗਾ। ਜਿਵੇਂ ਹੋਰਾਂ ਰੰਗਾਂ ਵਿਚ ਪਾਣੀ ਰਲ ਕੇ ਉਹੀ ਰੰਗ ਧਾਰਦਾ ਹੈ ਇਸੇ ਤਰ੍ਹਾਂ ਸਾਵੇ ਰੰਗ ਵਿਚ ਪਾਣੀ ਨੂੰ ਪਾਓ ਤਾਂ ਪਾਣੀ ਸਾਵੇ ਰੰਗ ਦਾ ਹੋ ਜਾਵੇਗਾ। ਗਰਮੀ ਸਰਦੀ ਅਨੁਸਾਰ ਪਾਣੀ ਗਰਮ ਸਰਦ ਹੋ ਜਾਂਦਾ ਹੈ। ਇਹ ਸਭ ਪ੍ਰਮਾਤਮਾ ਦੇ ਆਪਣੇ ਰੰਗ ਹਨ ਜਿਨ੍ਹਾਂ ਨੂੰ ਜਾਣ ਕੇ ਗੁਰਮੁਖ ਸਦਾ ਸੁਖੀ ਰਹਿੰਦਾ ਹੈ।

----

## ਵਾਰ ਦੂਜੀ

*ਪਉੜੀ 8 (ਹੋਰ ਦ੍ਰਿਸ਼ਟਾਂਤ)*

ਦੀਵਾ ਬਲੈ ਬੈਸੰਤਰਹੁ ਚਾਨਣੁ ਅਨ੍ਹੇਰੇ।
ਦੀਪਕ ਵਿਚਹੁੰ ਮਸੁ ਹੋਇ ਕੰਮ ਆਇ ਲਿਖੇਰੇ।
ਕਜਲੁ ਹੋਵੈ ਕਾਮਣੀ ਸੰਗਿ ਭਲੇ ਭਲੇਰੇ।

ਮਸਵਾਣੀ ਹਰਿ ਜਸੁ ਲਿਖੈ ਦਫਤਰ ਅਗਲੇਰੇ।
ਆਪੇ ਆਪਿ ਵਰਤੱਦਾ ਗੁਰਮਖਿ ਚਉਫੇਰੇ।

---

*ਮਸੁ: ਕਾਲਖ। ਲਿਖੇਰੇ: ਲਿਖਣ ਵਾਸਤੇ। ਕਾਮਣੀ: ਔਰਤ। ਕਜਲੁ: ਅੱਖਾਂ ਵਿਚ ਪਾਉਣ ਵਾਲਾ। ਮਸਵਾਣੀ: ਦਵਾਤ।*

ਭਾਈ ਗੁਰਦਾਸ ਜੀ ਹੋਰ ਦ੍ਰਿਸ਼ਟਾਂਤ ਵਾਲੀ ਪਉੜੀ ਵਿਚ ਦੀਵੇ ਦੇ ਕਰਮ ਬਾਰੇ ਸਮਝਾਉਂਦੇ ਹਨ ਕਿ ਜਦ ਦੀਵਾ ਬਲਦਾ ਹੈ ਤਾਂ ਹਨੇਰਾ ਵਿਚ ਚਾਨਣ ਹੁੰਦਾ ਹੈ। ਦੀਵੇ ਦੀ ਲਾਟ ਵਿਚੋਂ ਨਿਕਲਣ ਵਾਲੇ ਧੂੰਏ ਨਾਲ ਕਾਲਖ ਭਾਵ ਸਿਹਾਈ ਬਣ ਜਾਂਦੀ ਹੈ ਜਿਹੜੀ ਲਿਖਾਰੀਆਂ ਦੇ ਲਿਖਣ ਵਾਸਤੇ ਕੰਮ ਆਉਂਦੀ ਹੈ। ਇਹ ਕਾਲਖ ਇਸਤਰੀ ਵਾਸਤੇ ਕੱਜਲ ਦਾ ਕੰਮ ਦਿੰਦੀ ਹੈ।ਭਲਿਆ ਲੋਕਾਂ ਨਾਲ ਮਿਲਕੇ ਹਮੇਸ਼ਾ ਭਲਾ ਹੀ ਹੁੰਦਾ ਹੈ।ਇਸੇ ਸ਼ਾਹੀ ਨਾਲ ਕਈ ਲੋਕ ਦਫਤਰਾਂ ਵਿਚ ਕੰਮਾਂ ਕਾਰਾਂ ਦਾ ਵੇਰਵਾ ਲਿਖਦੇ ਹਨ ਅਤੇ ਕਈ ਗੁਰਮੁਖ ਲੋਕ ਇਸੇ ਸ਼ਾਹੀ ਨਾਲ ਇਕ ਪ੍ਰਮਾਤਮਾ ਦਾਜਸ ਲਿਖਦੇ ਹਨ। ਪਰਮਾਤਮਾਂ ਜ਼ਰੇ ਜ਼ਰੇ ਵਿਚ ਆਪ ਹੀ ਸਮਾਇਆ ਹੋਇਆ ਹੈ। ਚੰਗੀ ਮਾੜੀ ਲਿਖਵਾਈ ਪ੍ਰਮਾਤਮਾ ਆਪ ਹੀ ਲਿਖਵਾਉਂਦਾ ਹੈ। ਗੁਰਮੁਖ ਲੋਕ ਸਰਵ-ਸ਼ਕਤੀਵਾਨ ਇਨ੍ਹਾਂ ਕਾਰਜਾਂ ਕੋਲੋਂ ਵਾਕਫ ਹਨ।

----

## ਵਾਰ ਦੂਜੀ

*ਪਉੜੀ 9 (ਅਨੇਕਤਾ ਵਿਚ ਏਕਤਾ)*

ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।
ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।
ਪਤ ਫੁਲ ਫਲ ਫਲੀਦਾ ਰਸ ਰੰਗ ਸਵਾਰਾ।
ਵਾਸੁ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।
ਫਲ ਵਿਚਿ ਬੀਉ ਸੰਜੀਉ ਹੋਇ ਫਲ ਫਲੋ ਹਜਾਰਾ।
ਆਪੇ ਆਪਿ ਵਰਤੱਦਾ ਗੁਰਮਖਿ ਨਿਸਤਾਰਾ ।।9।।

---

*ਬਿਰਖ:ਦਰੱਖਤ। ਪਾਸਾਰਾ: ਫੈਲਣਾ। ਪੇਡ: ਪੇੜ। ਉਲਾਸੁ: ਚਾਅ, ਉਮੰਗ। ਸੰਜੀਓ:ਜੀਵਤ ਭਾਵ ਬੀਜ ਨਾਲ।*

ਭਾਈ ਗੁਰਦਾਸ ਜੀ ਪ੍ਰਮਾਤਮਾ ਦੀ ਹੋਂਦ ਦੇ ਭੇਦ ਸਮਝਾਉਂਦੇ ਲਿਖਦੇ ਹਨ ਕਿ ਜਿਵੇਂ ਇਕ ਬੀਜ ਬੀਜਿਆ ਜਾਂਦਾ ਹੈ ਅਤੇ ਫਿਰ ਉਹ ਬੀਜ ਦਰੱਖਤ ਬਣ ਕੇ ਫੈਲਦਾ ਹੈ। ਦਰੱਖਤ ਦੀਆਂ ਜੜ੍ਹਾਂ ਜ਼ਮੀਨ ਦੇ ਹੇਠਾਂ ਹੁੰਦੀਆਂ ਹਨ ਅਤੇ ਰੁਖ ਬਾਹਰ ਵੱਲ ਕਈ ਤਰ੍ਹਾਂ

ਜਿਵੇਂ ਚਿਤ(ਮਾਇਆ ਰਹਿਤ), ਅੰਤਰਯਾਮੀ (ਮਾਇਆ ਦਾਗ ਯੋਗ ਹੋਣਾ), ਸੂਤ੍ਰਾਤਮਾ (ਜੋਗੀ ਸਰੀਰ ਨੂੰ ਸੂਤ੍ਰਾਤਮਾ ਕਿਹਾ ਜਾਂਦਾ ਹੈ), ਅਤੇ ਵਿਰਾਟ(ਸਥੂਲ ਸਰੀਰਾਂ ਦੀ ਉਪਾਧੀ) ਆਦਿ ਇਹ ਪ੍ਰਮਾਤਮਾ ਦੀਆਂ ਚਾਰ ਖੂਬੀਆਂ ਹਨ।

----

## ਵਾਰ ਦੂਜੀ

*ਪਉੜੀ 11 (ਸੋਨੇ ਦਾ ਦ੍ਰਿਸ਼ਟਾਂਤ)*

ਸੁਨਿਆਰਾ ਸੁਇਨਾ ਘੜੈ ਗਹਣੇ ਸਾਵਾਰੇ।
ਪਿਪਲ ਵਤਰੇ ਵਾਲੀਆ ਤਾਨਢੁੜੇ ਤਾਰੇ।
ਵੇਸਰਿ ਨਥਿ ਵਖਾਣੀਐ ਕੰਠ ਮਾਲਾ ਧਾਰੇ।
ਟੀਕਤਿ ਮਣੀਆ ਮੋਤਿਸਰ ਗਜਰੇ ਪਾਸਾਰੇ।
ਦੁੱਰ ਬਹੁੱਟਾ ਗੋਲ ਛਾਪ ਕਰਿ ਬਹੁ ਪਰਕਾਰੇ।
ਆਪੇ ਆਪਿ ਵਰਤੱਦਾ ਗੁਰਮਖਿ ਵੀਚਾਰੇ ॥11॥

---

*ਵਤਰੇ: ਪੱਤੀਆਂ। ਤਾਨਢੁੜੇ ਤਾਰੇ: ਕੰਨਾਂ ਦਾ ਗਹਿਣਾ। ਵੇਸਰਿ: ਨੱਕ ਦੀ ਨੱਥ ਜਾਂ ਬਲਾਕ। ਟੀਕਤਿ: ਟਿੱਕਾ। ਮੋਤਿਸਰ: ਮੋਤੀਆਂ ਦੀ ਮਾਲਾ। ਦੁੱਰ: ਨੀਲੇ ਮੋਤੀ। ਬਹੁੱਟਾ: ਭੁਜ-ਬੰਦ।*

ਜਿਵੇਂ ਸੁਨਿਆਰਾ ਸੋਨੇ ਨੂੰ ਘੜ ਘੜ ਕੇ ਕਈ ਪਰਕਾਰ ਦੇ ਗਹਿਣੇ ਤਿਆਰ ਕਰਦਾ ਹੈ ਜਿਵੇਂ ਪਿੱਲ-ਪੱਤੀਆਂ, ਕੰਨਾਂ ਲਈ ਵਾਲੀਆ, ਕੰਨਾ ਵਾਸਤੇ ਤਨੌਂੜੇ, ਸਤਾਰੇ, ਨੱਕ ਲਈ ਨੱਥ, ਮੱਥੇ ਲਈ ਟਿੱਕਾ, ਮੋਤੀਆਂ ਦੀ ਮਾਲਾ ਗਜਰੇ ਗਲ ਵਾਸਤੇ ਮਟਰ ਮਾਲਾ ਅਤੇ ਕੈਂਠਾ, ਬਾਹਾਂ ਵਾਸਤੇ ਬੁਹਟੇ ਅਤੇ ਛਾਪਾਂ ਛੱਲੇ ਤਿਆਰ ਕਰਦਾ ਹੈ। ਇਨ੍ਹਾਂ ਸਭ ਗਹਿਣਿਆਂ ਨੂੰ ਵੇਖ ਕੇ ਗੁਰਮੁਖ ਪ੍ਰਮਾਤਮਾ ਦੇ ਕ੍ਰਿਸ਼ਮਿਆਂ ਨੂੰ ਬੜੇ ਗੌਹ ਨਾਲ ਵੇਖਦਾ ਹੈ ਪਰ ਆਪਣਾ ਮੁਹ ਗਹਿਣਿਆਂ ਵਿਚ ਨਹੀਂ ਪਉਂਦਾ।

----

## ਪਵਾਰ ਦੂਜੀ

*ਪਉੜੀ 12 (ਗੰਨੇ ਦਾ ਦ੍ਰਿਸ਼ਟਾਂਤ)*

ਗੰਨਾ ਕੋਲੂ ਪੀੜੀਐ ਰਸੁ ਦੇ ਦਰਹਾਲਾ।
ਕੋਈ ਕਰੇ ਗੁੜੁ ਭੇਲੀਆਂ ਕੋ ਸਕਰ ਵਾਲਾ।
ਕੋਈ ਖੰਡ ਸਵਾਰਦਾ ਮੱਖਣ ਮੱਸਾਲਾ।

ਹੋਵੈ ਮਿਸਰੀ ਕਲੀਕੰਦ ਮਠਿਆਈ ਢਾਲਾ।
ਖਾਵੈ ਰਾਜਾ ਰੰਕੁ ਕਰਿ ਰਸ ਭੋਗ ਸੁਖਾਲਾ।
ਆਪੇ ਆਪਿ ਵਰਤੱਦਾ ਗੁਰਮਖਿ ਸੁਖਾਲਾ ॥12॥

---

*ਦਰਹਾਲਾ: ਹਰ ਹਾਲ ਵਿਚ, ਛੇਤੀ। ਮੱਖਣ: ਮਖਾਣੇ।*

ਵੇਲਣੇ ਵਿਚ ਜਦ ਗੰਨੇ ਨੂੰ ਪੀੜਿਆ ਜਾਂਦਾ ਹੈ ਤਾਂ ਉਹ ਫਟਾਫਟ ਰਸ ਬਾਹਰ ਕਢਦਾ ਹੈ। ਇਸ ਰਸ ਨਾਲ ਕੋਈ ਗੁੜ ਦੀਆਂ ਭੇਲੀਆਂ ਬਣਾਉਦਾ ਹੈ ਅਤੇ ਕੋਈ ਸ਼ੱਕਰ ਅਤੇ ਕੋਈ ਖੰਡ ਬਣਾਉਦਾ ਹੈ। ਕੋਈ ਮਸਾਲੇਦਾਰ ਮਖਾਣੇ ਬਣਾਉਦਾ ਹੈ। ਕੋਈ ਮਿਸਰੀ ਕਲਕੰਦ ਜਾਂ ਮਠਿਆਈ ਬਣਾਉਦਾ ਹੈ। ਜਿਨ੍ਹਾਂ ਨੂੰ ਰਾਜੇ ਅਤੇ ਗਰੀਬ ਲੋਕ ਆਪਣੀ ਲੋੜ ਅਨੁਸਾਰ ਜਾਂ ਮਿਲਦੀ ਅਨੁਸਾਰ ਬੜੀ ਚਾਹ ਨਾਲ ਖਾਂਦੇ ਹਨ। ਇਨ੍ਹਾਂ ਸਭ ਪਦਾਰਥਾਂ ਨੂੰ ਕੁਦਰਤ ਦੀ ਕਲਾ ਸਮਝ ਕੇ ਗੁਰਮੁਖ ਲੋਕ ਉਸ ਪ੍ਰਮਾਤਮਾ ਦੇ ਰੰਗ ਮਾਣਦੇ ਹਨ।

----

## ਵਾਰ ਦੂਜੀ

*ਪਉੜੀ 13 (ਗਾਂ ਦੇ ਦੁੱਧ ਦਾ ਦ੍ਰਿਸ਼ਟਾਂਤ)*

ਗਾਈ ਰੰਗ ਬਿਰੰਗ ਬਹੁ ਦੁਧੁ ਉਜਲੁ ਵਰਣਾ।
ਦੁਧਹੁ ਦਹੀ ਜਮਾਈਐ ਕਰਿ ਨਿਹਚਲੁ ਧਰਣਾ।
ਦਹੀ ਵਿਲੋਇ ਅਲੋਈਐ ਛਾਹਿ ਮਖਣ ਤਰਣਾ।
ਮਖਣੁ ਤਾਇ ਅਉਟਾਇ ਕੈਘਿਉ ਨਿਰਮਲ ਕਰਣਾ।
ਹੋਮ ਜਗ ਨਈਵੇਦ ਕਰਿ ਸਭ ਕਾਰਜ ਸਰਣਾ।
ਆਪੇ ਆਪਿ ਵਰਤੱਦਾ ਗੁਰਮਖਿ ਹੋਇ ਜਰਣਾ ॥13॥

---

*ਨਿਹਚਲੁ: ਅਚਲ ਭਾਵ ਅਡੋਲ। ਧਰਣਾ: ਧਾਰ ਕੇ। ਵਿਲੋਇ: ਰਿੜਕ ਕੇ। ਅਲੋਈਐ: ਵੇਖਣਾ। ਛਾਹਿ: ਲੱਸੀ। ਅਉਟਾਇ: ਕਾਹੜ ਕੇ। ਨਈਵੇਦ: ਘਿਉ ਸਾੜ ਕੇ।*

ਗਾਂ ਭਾਵੇ ਕਾਲੇ ਰੰਗ ਜਾਂ ਕਿਸੇ ਹੋਰ ਰੰਗ ਦੀ ਹੋਵੇ ਪਰ ਦੁੱਧ ਚਿੱਟਾ ਹੀ ਦਿੰਦੀ ਹੈ। ਕਈਆਂ ਵਰਨਾਂ ਵਿਚ ਗਾਂ ਦੇ ਦੁੱਧ ਨੂੰ ਪਵਿਤਰ ਦੁੱਧ ਮੰਨਿਆ ਜਾਂਦਾ ਹੈ। ਦੁੱਧ ਨੂੰ ਇਕ ਥਾਂ ਢੱਕ ਕੇ ਰੱਖਣ ਨਾਲ ਦੁੱਧ ਜਮਾ ਲਈਦਾ ਹੈ। ਜੰਮੇ ਹੋਏ ਦੁੱਧ ਨੂੰ ਰਿੜਕ ਕੇ ਮੱਖਣ ਕੱਢ ਲਈਦਾ ਹੈ ਅਤੇ ਬਾਕੀ ਲੱਸੀ ਬਚ ਜਾਂਦੀ ਹੈ। ਮੱਖਣ ਨੂੰ ਚੁੱਲ੍ਹੇ ਚਾੜ੍ਹ ਕੇ ਕਾਹੜ ਕਰਕੇ ਘਿਉ ਨਿਰਮਲ ਬਣਾ ਲਈਦਾ ਹੈ। ਘਿਉ ਨਾਲ ਪੂਜਾ ਪਾਠ ਅਤੇ ਅੱਗ ਵਿਚ ਜਾਲ ਕੇ ਹੋਮ-ਜੱਗ ਕਰਕੇ ਦੇਵਤਿਆਂ ਨੂੰ ਰਝਾ ਕੇ ਆਪਣੇ ਪਾਪਾਂ ਨੂੰ ਬਖਸ਼ਾ ਲਈਦਾ ਹੈ। ਗੁਰਮੁਖ ਲੋਕ ਅਜਿਹੇ ਸਭ ਕਾਰਜਾਂ ਵਿਚ ਪ੍ਰਮਾਤਮਾਂ ਦੀ ਹੋਂਦ ਵੇਖ ਜਾਣ ਕੇ ਉਸਦੀ ਸਿਫਤ-ਸਲਾਹ ਕਰਦੇ ਕਹਿੰਦੇ ਹਨ ਕਿ ਉਹ ਆਪੇ ਆਪ ਹੀ ਸਾਰੇ ਥਾਵਾਂ ਉਪਰ ਵਰਤ ਰਿਹਾ ਹੈ।

## ਵਾਰ ਦੂਜੀ

*ਪਉੜੀ 14 (ਸੂਰਜ ਦਾ ਦ੍ਰਿਸ਼ਟਾਂਤ)*

ਪਲ ਘੜੀਆ ਮੂਰਤਿ ਪਹਰਿ ਥਿਤ ਵਾਰ ਗਣਾਏ।
ਦੁਇ ਪਖ ਬਾਰਹੁ ਮਾਹ ਕਰਿ ਸੰਜੋਗ ਬਣਾਏ।
ਛਿਅ ਰੁਤੀ ਵਰਤਾਈਆਂ ਬਹੁ ਚਲਿਤ ਬਣਾਏ।
ਸੂਰਜੁ ਇਕੁ ਵਰਤਦਾ ਲੋਕੁ ਵੇਦ ਅਲਾਏ।
ਚਾਰਿ ਵਰਨ ਛਿਅ ਦਰਸਨਾਂ ਬਹੁ ਪੰਥਿ ਚਲਾਏ।
ਆਪੇ ਆਪਿ ਵਰਤੱਦਾ ਗੁਰਮਖਿ ਸਮਝਾਏ।।14।।

---

*ਅੱਖ ਦੀ ਝਮਕ: ਨਿਮਖ। 15 ਵਾਰ ਅੱਖ ਝਮਕਣਾ ਇਕ ਵਿਸਵਾ। ਚਸਾ: 15 ਵਿਸਵੇ ਇਕ ਚਸਾ। ਪਲ: 30 ਚਸਿਆਂ ਦਾ ਇਕ ਪਲ। ਘੜੀਆ: 60 ਪਲ ਦੀ ਇਕ ਘੜੀ। ਪਹਰਿ: ਸਾਢੇ ਸੱਤ ਘੜੀਆਂ ਇਕ ਪਹਿਰ।*

*ਥਿਤ ਵਾਰ: ਪੰਦਰਾਂ ਦਿਨ ਇਕ ਥਿੱਤ ਵਾਰ।ਦੁਇ ਪਖ: ਦੁਪਾਸਾ, ਭਾਵ ਰਾਤ ਦਿਨ, ਚੰਗਾ ਮਾੜਾ। ਛਿਅ ਰੁਤੀ: ਛੇ ਰੁੱਤਾਂ। ਛਿਅ ਦਰਸਨ: ਖਟ-ਸ਼ਾਸਤਰ ਪੜ੍ਹੋ ਪਉੜੀ 8।ਮੂਰਤਿ: ਮਹੂਰਤ। ਅਲਾਏ: ਕਹਿਣਾ। ਚਾਰ ਵਰਨ: ਬ੍ਰਾਹਮਣ, ਖਤਰੀ, ਵੈਸ਼ ਅਤੇ ਸੂਦਰ ਆਦਿ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਸੂਰਜ ਦੇ ਕਾਰਜ ਨੂੰ ਸਪੱਸ਼ਟ ਕਰਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸੂਰਜ ਇਕ ਹੈ। ਉਹ ਵੀ ਪ੍ਰਮਾਤਮਾ ਦੇ ਹੁਕਮ ਵਿਚ ਰਹਿੰਦਾ ਹੈ। ਇਸ ਬਾਰੇ ਸਾਰੇ ਵੇਦਾਂ ਭਾਵ ਹਰ ਗੁਣੀ ਗਿਆਨੀ ਨੇ ਮੰਨਿਆ ਹੈ ਪਰ ਰੁੱਤਾਂ ਛੇ ਹਨ ਜਿਵੇਂ ਚੇਤ-ਵਿਸਾਖ ਮਹੀਨੇ ਵਿਚ ਬਸੰਤ ਰੁੱਤ ਹੁੰਦੀ ਹੈ। ਜੇਠ-ਹਾੜ ਸਮੇਂ ਗਰਮੀ ਹੁੰਦੀ ਹੈ। ਸੌਣ-ਭਾਦੋਂ ਬਰਸਾਤ ਹੁੰਦੀ ਹੈ। ਅੱਸੂ-ਕਤਕ ਸਮੇਂ ਸਰਦੀ ਹੁੰਦੀ ਹੈ। ਮਾਘ-ਫੱਗਣ ਦੇ ਮਹੀਨੇ ਵਿਚ ਸ਼ਿਸ਼ਿਰ ਦਾ ਮੌਸਮ ਹੁੰਦਾ ਹੈ। ਇਸ ਤਰ੍ਹਾਂ ਸਾਲ ਵਿਚ ਛੇ ਰੁੱਤਾਂ ਸਿਰਫ ਇਕ ਸੂਰਜ ਦੀ ਤਪਸ਼ ਕਾਰਨ ਹੀ ਹੁੰਦੀਆਂ ਹਨ। ਭਾਈ ਗੁਰਦਾਸ ਜੀ ਨੇ ਪ੍ਰਮਾਤਮਾ ਦੀ ਇਸ ਰਚਨਾ ਦੇ ਅਚੰਭੇ ਬਾਰੇ ਲਿਖਿਆ ਹੈ ਕਿ ਪਲ ਘੜੀਆਂ ਦੇ ਮਹੂਰਤ ਪਹਿਰ ਅਤੇ ਥਿੱਤਾਂ ਬਣਾਈਆਂ। ਰਾਤ ਦਿਨ ਬਣਾਏ ਹਨ। ਚਾਰ ਵਰਨ ਬਣਾ ਕੇ ਛੇ-ਸ਼ਾਸਤਰ ਦਾ ਪਰਚਾਰ ਕੀਤਾ ਹੈ। ਭਾਈ ਗੁਰਦਾਸ ਜੀ ਨਸੀਹਤ ਕਰਦੇ ਹਨ ਇਕ ਸੂਰਜ ਥਾਪ ਕੇ ਅਤੇ ਸੂਰਜ ਦੀ ਕਰਾਮਾਤ ਨਾਲ ਇਹ ਸਾਰਾ ਬ੍ਰਹਿਮੰਡ ਇਕ ਦੂਜੇ ਦੇ ਸੰਯੋਗ ਨਾਲ ਚਲ ਰਿਹਾ ਹੈ। ਇਸ ਤਰ੍ਹਾਂ ਅਦਿਖ ਪ੍ਰਮਾਤਮਾ ਆਪ ਹੀ ਸਭ ਥਾਂਵਾ ਉਪਰ ਕਾਇਮ ਰਹਿੰਦਾ ਹੈ। ਮਨੁਖ ਨੂੰ ਇਸਸਿਧਾਂਤ ਨੂੰ ਜਾਣ ਕੇ ਕੁਦਰਤ ਦੇ ਕਾਇਦੇ ਕਾਨੂੰਨ ਵਿਚ ਚਲਣਾ ਚਾਹੀਦਾ ਹੈ।

----

## ਵਾਰ ਦੂਜੀ

*ਪਉੜੀ 15ਉਹੀ ਭਾਵ, ਬੈਸੰਤਰ ਦਾ ਦ੍ਰਿਸ਼ਟਾਂਤ)*

ਇਕੁ ਪਾਣੀ ਇਕ ਧਰਤਿ ਹੈ ਬਹੁਬਿਰਖ ਉਪਾਏ।
ਅਫਲ ਸਫ਼ਲਪਰਕਾਰ ਬਹੁ ਫਲ ਫੁਲ ਸੁਹਾਏ।
ਬਹੁ ਰਸ ਰੰਗ ਸੁਵਾਸਨਾ ਪਰਕਿਰਤਿ ਸੁਭਾਏ।
ਬੈਸੰਤਰੁ ਇਕੁ ਵਰਨ ਹੋਇ ਸਭ ਤਰਵਰ ਛਾਏ।
ਗੁਪਤਹੁ ਪਰਗਟ ਹੋਇ ਕੈ ਭਸਮੰਤ ਕਰਾਏ।
ਆਪੇ ਆਪਿ ਵਰਤੱਦਾ ਗੁਰਮਖਿ ਸੁਖ ਪਾਏ ॥15॥

---

*ਅਫਲ: ਬਿਨ੍ਹਾਂ ਫਲਾਂ ਦੇ। ਸਫ਼ਲ: ਫਲਾਂ ਸਮੇਤ। ਤਰਵਰ: ਰੁੱਖ। ਭਸਮੰਤ: ਭਸਮ ਹੋਣਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਕੋ ਹੀ ਪਾਣੀ ਹੈ। ਇਕੋ ਹੀ ਧਰਤੀ ਹੈ ਪਰ ਧਰਤੀ ਉਪਰ ਕਈ ਪ੍ਰਕਾਰ ਦੇ ਬਿਰਖ ਉਗਦੇ ਹਨ। ਕਈ ਰੁੰਡ-ਮਰੁੰਡ ਹੁੰਦੇ ਹਨ ਅਤੇ ਕਈਆਂ ਰੁਖਾਂ ਨੂੰ ਰੰਗ ਬਰੰਗੇ ਰਸੀਲੇ ਅਤੇ ਸੁਹਣੀਆਂ ਵਾਸ਼ਨਾਵਾਂ ਵਾਲੇ ਫਲ ਲਗਦੇ ਹਨ ਅਤੇ ਉਹ ਕੁਦਰਤ ਦੀ ਸੁੰਦਰਤਾ ਨੂੰ ਵਧਾਉਦੇ ਹਨ। ਪਰ ਜਦ ਜਾਲੇ ਜਾਂਦੇ ਹਨ ਤਾਂ ਸਾਰੇ ਰੁਖਾਂ ਵਿਚੋਂ ਅੱਗ ਇਕੋ ਰੰਗ ਦੀ ਨਿਕਲਦੀ ਹੈ। ਅੱਗ ਦੀ ਮਾਰ ਨਾਲ ਰੁੱਖ ਭਸਮ ਹੋ ਜਾਂਦੇ ਹਨ। ਗੁਰਮੁਖ ਲੋਕ ਇਸ ਕਲਾ ਨੂੰ ਉਸ ਪ੍ਰਮਾਤਮਾ ਦੀ ਕਲਾ ਸਮਝ ਕੇ ਉਸਦੇ ਗੁਣ ਗਾਉਦੇ ਹਨ। ਉਸਦੇ ਬਹੁ-ਰੰਗਾਂ ਨੂੰ ਵੇਖ ਕੇ ਉਸਦੀ ਰਜ਼ਾ ਵਿਚ ਰਹਿੰਦੇ ਹਨ।

----

## ਵਾਰ ਦੂਜੀ

*ਪਉੜੀ 16 (ਬਿਰਦ ਪਾਲਨ)*

ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।
ਅਸਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ।
ਨਦੀਆਂ ਨਾਲੇ ਵਾਹੜੇ ਮਿਲਿ ਗੰਗ ਗੰਗੋਵੈ।
ਪਤਿਤ ਉਧਾਰਣੁ ਸਾਧਸੰਗੁ ਪਾਪਾ ਮਲੁ ਧੋਵੈ।
ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ।
ਆਪੇ ਆਪਿ ਵਰਤੱਦਾ ਗੁਰਮਖਿ ਅਲੋਵੈ ॥16॥

---

*ਢੋਵੈ: ਮਿਲ ਕਰ। ਅਸਟ: ਅੱਠ। ਵਾਹੜੇ: ਨਿੱਕੇ ਨਾਲੇ। ਗੰਗੋਵੈ: ਗੰਗਾ ਦਾ ਰੂਪ। ਸੰਗੋਵੈ: ਨਾਲ ਮਿਲਕੇ ਭਾਵ ਰਲ ਕੇ। ਅਲੋਵੈ: ਵੇਖਣਾ।*

ਚੰਦਨ ਰੁਖ ਬਹੁਤ ਮਹਿਕਾਂ ਦਿੰਦਾ ਹੈ। ਉਸ ਰੁਖ ਕੋਲ ਉੱਗੇ ਰੁਖ ਵੀ ਚੰਦਨ ਬਣ ਜਾਂਦੇ ਹਨ, ਕਿਹਾ ਜਾਂਦਾ ਹੈ ਕਿ ਸ਼ੇਸ਼ਨਾਗ ਵੀ ਚੰਦਨ ਰੁਖ ਕੋਲ ਮਸਤ ਰਹਿੰਦਾ ਹੈ। ਅੱਠ ਧਾਤਾਂ ਇਕੱਠੀਆਂ ਵੀ ਜੇਕਰ ਪਾਰਸ ਨਾਲ ਲੱਗ ਜਾਣ ਤਾਂ ਇਕ ਧਾਤ ਭਾਵ ਸੋਨਾ ਬਣ ਜਾਂਦੀਆਂ ਹਨ। ਨਦੀਆਂ ਨਾਲੇ, ਛੋਟੇ ਛੋਟੇ ਪਾਣੀ ਦੇ ਬਹਿਣ ਸਾਰੇ ਗੰਗਾਂ ਵਿਚ ਮਿਲ ਕੇ ਗੰਗਾ ਹੀ ਬਣ ਜਾਂਦੇ ਹਨ। ਪਾਪਾਂ ਭਰੇ ਮਨੁਖ ਸਤਿਸੰਗ ਵਿਚ ਜਾ ਕੇ ਪਵਿਤਰ ਹੋ ਜਾਂਦੇ ਹਨ। ਇਕ ਸੰਗਤ ਕਰਨ ਨਾਲ ਅਸੰਖਾਂ ਪਤਿਤ ਕਾਰਜ ਸੁਧਰ ਜਾਂਦੇ ਹਨ। ਅਜਿਹੇ ਵਰਤਾਰਿਆਂ ਨੂੰ ਗੁਰਮੁਖ ਬਹੁਤ ਸ਼ਰਧਾ ਨਾਲ ਵੇਖਦਾ ਹੈ ਅਤੇ ਆਪਣੇ ਆਪ ਵਿਚ ਬਹੁਤ ਖੁਸ਼ ਰਹਿੰਦਾ ਹੈ।

----

## ਵਾਰ ਦੂਜੀ

*ਪਉੜੀ 17 (ਪ੍ਰੇਮ)*

ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ।
ਮਿਰਗੁ ਨਾਦ ਵਿਸਮਾਦੁ ਹੈ ਭਵਰ ਕਵਲਿ ਵਸੰਦਾ।
ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।
ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।
ਨਾਰਿ ਭਤਾਰ ਪਿਆਰੁ ਹੈ ਮਾਂ ਪੁੱਤ ਮਿਲੰਦਾ।
ਆਪੇ ਆਪਿ ਵਰਤੱਦਾ ਗੁਰਮਖਿ ਪਰਚੰਦਾ ॥17॥

---

*ਦੀਪਕ: ਦੀਵਾ। ਨਾਦ: ਵਿਸਮਾਦੁ ਭਵਰ: ਭੌਰਾ। ਚਕਵੀ: ਭਰਾਤ: ਪਰਚੰਦਾ: ਨਾਲ ਰਹਿਣਾ।*

ਪਤੰਗੇ ਨੂੰ ਦੀਵੇ ਦੀ ਲਾਟ ਨਾਲ ਇਸ਼ਕ ਹੈ ਅਤੇ ਮਛਲੀ ਨੂੰ ਪਾਣੀ ਨਾਲ ਨਿਹੁੰ ਹੈ। ਮਿਰਗ ਨੂੰ ਇਕ ਨਾਦ ਭਾਵ ਸੁਗੰਧੀ ਨਾਲ ਮੁਹ ਹੈ ਅਤੇ ਭੌਰੇ ਨੂੰ ਫੁੱਲਾਂ ਕਲੀਆਂ ਨਾਲ ਪਿਆਰ ਹੈ। ਚਕੋਰ ਨੂੰ ਚੰਦ ਨਾਲ ਪ੍ਰੀਤ ਹੈ ਕਿਉਂਕਿ ਉਹ ਹਮੇਸ਼ਾ ਆਪਣੀ ਟਿਕਟਿਕੀ ਚੰਦ ਵੱਲ ਹੀ ਲਾਈ ਰਖਦਾ ਹੈ! ਚਕਵੀ ਦਾ ਸੰਯੋਗ ਸੂਰਜ ਨਾਲ ਹੋਣ ਕਰਕੇ ਉਸਦਾ ਧਿਆਨ ਹਮੇਸ਼ਾ ਸੂਰਜ ਵੱਲ ਹੀ ਰਹਿੰਦਾ ਹੈ। ਇਸਤਰੀ ਨੂੰ ਆਪਣੇ ਪਤੀ ਨਾਲ ਪਿਆਰ ਹੈ ਅਤੇ ਮਾਂ ਨੂੰ ਆਪਣੇ ਪੁੱਤਰ ਨਾਲ ਰੀਝ ਬਣਦੀ ਹੈ। ਇਨ੍ਹਾਂ ਸਾਰਿਆਂ ਪ੍ਰੇਮਾਂ ਵਿਚ ਪ੍ਰਮਾਤਮਾ ਆ ਵਰਤਦਾ ਜਾਣ ਕੇ ਗੁਰਮੁਖ ਪਰਚਦਾ ਹੈ।

----

## ਵਾਰ ਦੂਜੀ

*ਪਉੜੀ 18 (ਅੱਖਾਂ ਦਾ ਦ੍ਰਿਸ਼ਟਾਂਤ)*

ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ।
ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।
ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।
ਹੱਥੀਂ ਕਿਰਤਿ ਕਮਾਂਵਦਾ ਪਗਿ ਚਲੈ ਸੁਜਾਣਾ।
ਦੇਹੀ ਅੰਦਰਿ ਇਕੁ ਮਨੁ ਇੰਦ੍ਰੀ ਪਰਵਾਣਾ।
ਆਪੇ ਆਪਿ ਵਰਤੱਦਾ ਗੁਰਮਖਿ ਸੁਖੁ ਮਾਣਾ।

---

*ਵਿਡਾਣਾ: ਅਚੰਭਕ। ਪਗਿ: ਪੈਰ। ਇੰਦ੍ਰੀ: ਮਨੁਖ ਅੰਦਰ ਦਸ ਇੰਦਰੀਆਂ ਹਨ।*

ਮਨੁਖ ਅੰਦਰ ਦੋ ਪ੍ਰਕਾਰ ਦੀਆਂ ਇੰਦ੍ਰੀਆਂ ਹੁੰਦੀਆਂ ਹਨ। ਜਿਵੇਂ ਸਪੱਰਸ਼ ਆਦਿਕ ਵਿਸ਼ਿਆ ਦੇ ਗ੍ਰਹਿਣ ਕਰਨ ਵਾਲੇ ਅੰਗ, ਅਤੇ ਸਰੀਰ ਦੇ ਅੰਦਰਲੇ ਬਾਹਰਲੇ ਕਾਰਜ ਸਿੱਧ ਕਰਨ ਵਾਲੇ ਸੂਖਮ ਅਤੇ ਅਸਥੂ ਅੰਗ ਆਦਿ। ਪੰਜ ਗਿਆਨ ਇੰਦਰੀਆਂ ਹੁੰਦੀਆਂ ਹਨ ਅਤੇ ਪੰਜ ਹੀ ਕਰਮ ਇੰਦਰੀਆਂ ਹੁੰਦੀਆਂ ਹਨ। ਕਈ ਵਿਦਵਾਨ ਅੰਤਹਕਰਨ ਨੂੰ ਗਿਆਰਵੀਂ ਇੰਦਰੀ ਵੀ ਮੰਨਦੇ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਨਸਾਨ ਨੂੰ ਅੱਖਾਂ ਵੇਖਣ ਵਾਸਤੇ ਮਿਲੀਆਂ ਹਨ। ਸੁਰਤ ਭਾਵ ਬੜੇ ਧਿਆਨ ਨਾਲ ਮਨੁਖ ਆਪਣੇ ਕੰਨਾ ਨਾਲ ਕਿਸੇ ਦੀ ਗੱਲ ਸੁਣਦਾ ਹੈ। ਮਨੁਖ ਆਪਣੀ ਜੀਭ ਨਾਲ ਭਾਂਤ ਭਾਂਤ ਪਰਕਾਰ ਦੀਆਂ ਮਿੱਠੀਆਂ ਕੌੜੀਆਂ ਬੋਲੀਆਂ ਬੋਲਦਾ ਹੈ। ਆਪਣੇ ਹੱਥਾਂ ਨਾਲ ਦਸਾਂ ਨੌਂਹਾਂ ਦੀ ਕਿਰਤ ਕਮਾਉਂਦਾ ਹੈ ਅਤੇ ਪੈਰਾਂ ਨਾਲ ਚਲ ਕੇ ਸੱਚੀ ਸੰਗਤ ਵਿਚ ਜਾਂਦਾ ਹੈ। ਮਨੁਖ ਦੇ ਸਰੀਰ ਵਿਚ ਇਕ ਇੰਦਰੀ ਮਨ ਵੀ ਹੈ ਜਿਸ ਦੀ ਗੱਲ ਮੰਨ ਕੇ ਮਨੁਖ ਕਾਰਜ ਕਰਦਾ ਹੈ। ਭਾਈ ਗੁਰਦਾਸ ਜੀ ਆਖਦੇ ਹਨ ਕਿ ਇਸ ਸਭ ਕੁਝ ਨੂੰ ਗ੍ਰਹਿਣ ਕਰਕੇ ਪ੍ਰਮਾਤਮ ਦੇ ਭਾਣੇ ਵਿਚ ਖੁਸ਼ ਰਹਿੰਦਾ ਹੈ ਅਤੇ ਮੌਜਾਂ ਮਾਣਦਾ ਹੈ।

----

## ਵਾਰ ਦੂਜੀ

*ਪਉੜੀ 19 (ਸ੍ਰਿਸ਼ਟੀ ਤੇ ਸ੍ਰਿਸ਼ਟੇ ਦਾ ਪ੍ਰਬੰਧ)*

ਪਵਣ ਗੁਰੂ ਗੁਰੁ ਸਬਦੁ ਹੈ ਰਾਗ ਨਾਦ ਵੀਚਾਰਾ।
ਮਾਤ ਪਿਤਾ ਜਲੁ ਧਰਤਿ ਹੈ ਉਤਪਤਿ ਸੰਸਾਰਾ।
ਦਾਈ ਦਾਇਆ ਰਾਤਿ ਦਿਹੁ ਵਰਤੇ ਵਰਤਾਰਾ।
ਸਿਵ ਸਕਤੀ ਦਾ ਖੇਲੁ ਮੇਲੁ ਪਰਕਿਰਤਿ ਪਸਾਰਾ।

ਪਾਰਬ੍ਰਹਮ ਪੂਰਨ ਬ੍ਰਹਮੁ ਘਟਿ ਚੰਦੁ ਅਕਾਰਾ।
ਆਪੇ ਆਪਿ ਵਰਤੱਦਾ ਗੁਰਮਖਿ ਨਿਰਧਾਰਾ ॥19॥

---

*ਨਾਦ: ਸ਼ਬਦ। ਦਾਈ: ਸੁਖ ਦੇਣ ਵਾਲੀ ਰਾਤ। ਦਾਇਆ: ਦਿਨ ਖੇਡਣ ਮਲਣ ਵਾਸਤੇ ਹੈ। ਪਰਕਿਰਤਿ: ਕੁਦਰਤ, ਕਾਇਆਂਨਾਤ। ਪਾਰਬ੍ਰਹਮ: ਪਰਮਾਤਮਾ। ਪੂਰਨ-ਬ੍ਰਹਮ: ਬ੍ਰਹਮਾ ਦਾ ਪਦ ਹਾਸਲ ਕਰਨ ਵਾਲਾ ਭਾਵ ਗੁਰਮੁਖ ਪਾਰਬ੍ਰਹਮ ਵਰਗੇ (ਆਸ਼੍ਰਿਤ) ਹੋ ਜਾਂਦੇ ਹਨ। ਨਿਰਧਾਰਾ: ਕਾਇਮ ਹੋਣਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਹਵਾ ਗੁਰੂ ਸਮਾਨ ਹੈ ਅਤੇ ਸ਼ਬਦ ਗੁਰੂ ਹੈ ਜਿਸ ਨਾਲ ਰਾਗ ਨਾਦ ਅਤੇ ਵਿਚਾਰ ਆਦਿ ਦੀ ਸੋਝੀ ਹੁੰਦੀ ਹੈ। ਪਾਣੀ ਅਤੇ ਧਰਤੀ ਮਾਤਾ ਪਿਤਾ ਹੈ ਜਿਸ ਕਰਕੇ ਇਹ ਸੰਸਾਰ ਉਤਪੰਨ ਹੁੰਦਾ ਹੈ। ਰਾਤ ਮਨਮੁਖ ਨੂੰ ਆਰਾਮ ਦਿਵਾਉਣ ਵਾਲੀ ਦਾਈ ਹੈ ਅਤੇ ਦਿਨ ਮਨੁਖ ਨੂੰ ਖਿਡਾਉਣ ਵਾਲਾ ਦਾਇਆ ਹੈ। ਚੇਤਨ ਸ਼ਕਤੀ ਅਤੇ ਜੜ੍ਹ ਸ਼ਕਤੀ ਦੇ ਮੇਲ ਨਾਲ ਇਹ ਸਾਰੀ ਪ੍ਰਕ੍ਰਿਤਕ ਪੈਦਾ ਹੋਈ ਹੈ। ਜਿਵੇਂ ਪਾਣੀ ਵਿਚ ਚੰਦਰਮਾ ਦਾ ਆਕਾਰ ਦਿਸਦਾ ਹੈ ਇਸੇ ਤਰ੍ਹਾਂ ਇਕ ਪ੍ਰਮਾਤਮਾ ਮਨੁਖ ਅੰਦਰ ਆਪ ਪਾਰਬ੍ਰਹਮ ਇਕ ਪੂਰਨ ਬ੍ਰਹਮ ਹੋ ਕੇ ਵਸਦਾ ਹੈ। ਆਪੇ ਆਪ ਦੇ ਉਸ ਵਰਤਾਰੇ ਗੁਰਮੁਖ ਲੋਕਾਂ ਵਾਸਤੇ ਇਕ ਆਧਾਰ ਰੂਪ ਬਣਦੇ ਹਨ।

----

## ਵਾਰ ਦੂਜੀ

*ਪਉੜੀ 20 (ਆਪ ਹੀ ਆਪ)*

ਫੁਲਾਂ ਅੰਦਰਿ ਵਾਸੁ ਹੈ ਹੋਇ ਭਵਰ ਲੁਭਾਣਾ।
ਅੰਬਾਂ ਅੰਦਰਿ ਰਸ ਧਰੇ ਕੋਇਲ ਰਸੁ ਮਾਣਾ।
ਮੋਰ ਬਬੀਹਾ ਹੋਇ ਕੈ ਘਣ ਵਰਸ ਸਿਆਣਾ।
ਖੀਰ ਨੀਰ ਸੰਜੋਗ ਹੋਇ ਕਲੀਕੰਦ ਵਖਾਣਾ।
ਓਅੰਕਾਰ ਆਕਾਰੁ ਕਰਿ ਹੋਇ ਪਿੰਡ ਪਰਾਣਾ।

---

*ਆਪੇ ਆਪਿ ਵਰਤੱਦਾ ਗੁਰਮਖਿ ਪਰਵਾਣਾ ॥20॥2॥*

ਸਿਆਣਾ: ਮਾਣਦੇ ਹਨ। ਖੀਰ ਨੀਰ: ਦੁੱਧ ਅਤੇ ਪਾਣੀ। ਪਿੰਡ ਪੁਰਾਣਾ: ਏਥੇ ਭਾਵ ਅਰਥ ਹੈ ਕਿ ਦੇਹ ਅਤੇ ਜਾਨ।ਇਸ ਵੀਹਵੀਂ ਪਉੜੀ ਦੇ ਅੰਤ ਵਿਚ ਅੱਖਰ 2 ਲਿਖਿਆ ਪੜ੍ਹਿਆ ਜਾਂਦਾ ਹੈ। ਹੱਥ ਲਿਖਤ ਪੋਥੀਆਂ ਅਨੁਸਾਰ ਏਥੇ ਤੱਕ ਦੂਜੀ ਪਉੜੀ ਦਾ ਪਾਠ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ ਕਿਉਂਕਿ ਫੁਲਾਂ ਵਿਚ ਵਾਸ਼ਨਾ ਦਾ ਵਾਸਾ ਹੈ ਇਸ ਕਰਕੇ ਭੌਰੇ ਫੁੱਲਾਂ ਉਪਰ ਮੰਡਲਾਉਦੇ ਹਨ। ਅੰਬਾਂ ਦੇ ਦਰੱਖਤਾਂ ਉਪਰ ਲੱਗ ਰਸ ਭਰੇ ਹਨ

ਅਤੇ ਕੋਇਲ ਉਨ੍ਹਾਂ ਦਾ ਰਸ ਮਾਣ ਰਹੀ ਹੈ। ਸ਼ੌਣ ਦੀਆਂ ਝੜੀਆਂ ਦੀ ਰੁਣ ਝੁਣ ਅੰਦਰ ਮੋਰ ਮਸਤ ਹੋ ਕੇ ਪੈਲਾਂ ਪਉਂਦੇ ਹਨ। ਪਪੀਹਾ ਸਵਾਂਤ ਬੂੰਦ ਪਰਾਪਤ ਕਰਕੇ ਖੁਸ਼ ਹੈ। ਜਿਵੇਂ ਖੀਰ ਵਿਚ ਦੁੱਧ ਦਾ ਰਲਣਾ, ਕਲਕੰਦ ਅੰਦਰ ਖੰਡ ਅਤੇ ਖੋਇ ਦਾ ਸੁਮੇਲ ਹੈ। ਇਸ ਤਰ੍ਹਾਂ ਉਅੰਕਾਰ ਅਤੇ ਦੇਹ ਮਿਲ ਕੇ ਜਿੰਦ ਜਾਨ ਬਣ ਜਾਂਦੇ ਹਨ। ਗੁਰਮੁਖਾਂ ਨੂੰ ਇਸ ਗੱਲ ਦੀ ਸੋਝੀ ਹੋਈ ਹੈ ਕਿ ਪ੍ਰਮਾਤਮਾ ਆਪੇ ਆਪ ਸਭ ਥਾਂਈ ਵਰਤਦਾ ਹੈ।

----

## ਵਾਰ ਤੀਜੀ

*(ਇਸ ਵਾਰ ਦੀਆਂ ਵੀਹ ਪਉੜੀਆਂ ਹਨ)*

ਸਤਿਗੁਰ ਪ੍ਰਸਾਦਿ ॥

### ਪਉੜੀ 1

*(ਨਮਸਕਾਰਾਤਮਕ ਮੰਗਲਾਚਰਣ)*

ਆਦਿ ਪੁਰਖ ਆਦੇਸੁ ਆਦਿ ਵਖਾਣਿਆ।
ਸੁ ਸਤਿਗਰੁ ਸਚਾ ਵੇਸੁ ਸਬਦਿ ਸਿਆਣਿਆ।
ਸਬਦਿ ਸੁਰਤਿ ਉਪਦੇਸੁ ਸਚਿ ਸਮਾਣਿਆ।
ਸਾਧਸੰਗਤਿ ਸਚੁ ਦੇਸੁ ਘਰੁ ਪਰਵਾਣਿਆ।
ਪ੍ਰੇਮ ਭਗਤਿ ਆਵੇਸੁ ਸਹਿਜ ਸੁਖਾਣਿਆ।
ਭਗਤਿ ਵਛਲੁ ਪਰਵੇਸੁ ਮਾਣ ਨਿਮਾਣਿਆ।
ਬ੍ਰਹਮਾ ਬਿਸਨੁ ਮਹੇਸੁ ਅੰਤੁ ਨ ਜਾਣਿਆ।
ਸਿਮਰਿ ਸਹਸਿ ਫਣ ਸੇਸੁ ਤਿਲੁ ਨ ਪਛਾਣਿਆ।
ਗੁਰਮੁਖਿ ਦਰ ਦਰਵੇਸੁ ਸਚੁ ਸੁਹਾਣਿਆ ॥1॥

---

*ਆਦੇਸ: ਨਮਸ਼ਕਾਰ। ਵੇਸੁ: ਰੂਪ। ਸਿ?ਾਣਿਆ: ਸਮਝਿਆ। ਸਮਾਣਿਆ: ਜਾਣਿਆ। ਆਵੇਸੁ: ਆਉਣਾ। ਵਛਲੁ: ਰੱਬ ਦੀ ਸੋਝੀ ਹੋਣੀ, ਸਹਿਜ ਅਵਸਥਾ। ਪਰਵੇਸੁ: ਆਉਣਾ। ਸਿਮਰਿ: ਸਿਮਰ ਕੇ। ਸਹਸਿ: ਸਹਿਜ ਨਾਲ। ਸਹਸਿ ਫਣ ਸੇਸੁ: ਹਜ਼ਾਰਾਂ ਫੰਨਾ ਵਾਲਾ।*

ਮੰਗਲਾਚਰਣ ਤਿੰਨ ਪ੍ਰਕਾਰ ਦੇ ਲਿਖੇ ਜਾਂਦੇ ਹਨ। ਜਿਵੇਂ ਇਸ ਵਾਰ ਵਿਚ 'ਵਸਤੂ ਨਿਰਦੇਸ਼' ਮੰਗਲਾਦਰਣ ਲਿਖਿਆ ਹੈ ਭਾਵ ਜਿਸ ਬਾਰੇ ਅੱਗੇ ਲਿਮਿਆ ਜਾਂਦਾ ਹੈ ਉਸਦੀ ਹੀ ਉਸਤਤ ਅਤੇ ਉਸ ਅਗੇ ਹੀ ਬੇਨਤੀ ਕੀਤੀ ਜਾਂਦੀ ਹੈ। ਜਿਵੇਂ ਇਸ ਪਉੜੀ ਵਿਚ ਪ੍ਰਮਾਤਮਾ ਦੇ ਕਾਰਜ ਲਿਖੇ ਪੜ੍ਹੇ ਜਾਂਦੇ ਹਨ। ਦੂਜੀ ਪ੍ਰਕਾਰ ਦਾ ਮੰਗਲਾਚਰਣ 'ਆਸ਼ੀਰਵਾਦਾਤਮਕ' ਮੰਗਲਾਚਰਣ ਜਿਵੇਂ ਉਸਦੀ ਸਿਫਤ ਅਤੇ ਉਸਨੂੰ ਬੇਨਤੀ ਕਰਨੀ ਹੁੰਦੀ ਹੈ ਕਿ ਜਿਸ ਕੋਲੋਂ ਤੁਹਾਨੂੰ ਆਪਣੇ ਕਲਿਆਨ ਦੀ ਆਸ ਹੋਵੇ। ਤੀਸਰੀ ਪ੍ਰਕਾਰ ਦਾ ਮੰਗਲਾਚਰਣ 'ਨਮਸਕਾਰਾਤਮਕ' ਹੁੰਦਾ ਹੈ ਜਿਹੜਾ ਇਸ ਪਉੜੀ ਦੇ ਮੁਢ ਵਿਚ ਕੀਤਾ ਗਿਆ ਹੈ। ਇਸ ਵਿਚ ਕਿਸੇ ਨੂੰ ਪ੍ਰਣਾਮ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਵਲੋਂ ਲਿਖੇ ਅਜਿਹੇ ਸਾਰੇ ਮੰਗਲਾਚਰਣ ਆਪ ਜੀ ਨੂੰ ਅਗੇ ਜਾ ਕੇ ਪੜ੍ਹਨ ਵਾਸਤੇ ਮਿਲਣਗੇ ਵੀ। ਇਸ ਪਉੜੀ ਵਿਚ ਭਾਈ ਗੁਰਦਾਸ ਜੀ ਆਦਿ ਪੁਰਖ ਨੂੰ ਨਮਸਕਾਰ ਕਰਦੇ ਹਨ ਜਿਹੜੇ ਸਭ ਤੋਂ ਪਹਿਲਾਂ ਹੋਂਦ

ਵਿਚ ਆਇਆ ਦਸਿਆ ਗਿਆ ਹੈ। ਭਾਈ ਗੁਰਦਾਸ ਜੀ ਨੇ ਪ੍ਰਮਾਤਮਾ ਨੂੰ ਆਦਿ ਪੁਰਖ ਆਖਿਆ ਹੈ। ਮੇਰੇ ਵਿਚਾਰ ਵਿਚ ਪ੍ਰਮਾਤਮਾ ਕੋਈ ਪੁਰਖ ਨਹੀਂ ਹੈ। ਪ੍ਰਮਾਤਮਾ ਪੁਰਖਾਂ ਵਾਂਗ ਕਿਸੇ ਜੂਨ ਵਿਚ ਨਹੀਂ ਪੈਂਦਾ। ਪ੍ਰਮਾਤਮਾ ਤਾਂ ਅਜੂਨੀ ਹੈ। ਉਹ ਸੱਚਾਂ ਸਤਿਗੁਰੂ ਹੈ ਜਿਸਨੇ ਇਕ ਸ਼ਬਦ ਰਾਹੀ ਪ੍ਰਮਾਤਮਾ ਦੀ ਪਛਾਣ ਕਰਵਾਈ ਹੈ। ਜਿਸ ਸਤਿਗੁਰੂ ਨੇ ਸ਼ਬਦ ਗਿਆਨ ਦੁਆਰਾ ਸੰਸਾਰ ਨੂੰ ਉਪਦੇਸ਼ ਦਿਤਾ ਹੈ। ਉਹ ਘਰ ਸ਼ਲਾਘਾਯੋਗ ਹੈ ਜਿਸ ਘਰ ਇਹ ਉਪਦੇਸ਼ ਚਲਦਾ ਹੈ। ਜਿਸ ਘਰ ਵਿਚ ਪ੍ਰੇਮਾ-ਭਗਤੀ ਦੀ ਸੋਝੀ ਕਾਰਨ ਸਹਿਜ ਸੁਖ ਪ੍ਰਾਪਤ ਹੁੰਦਾ ਹੈ। ਜਿਨ੍ਹਾਂ ਉਪਰ ਇਸ ਤਰ੍ਹਾਂ ਦੀ ਵਾਹਿਗੁਰੂ ਦੀ ਕ੍ਰਿਪਾ ਹੁੰਦੀ ਹੈ ਉਹ ਪੁਰਖ ਕੋਈ ਮਾਣ ਅਤੇ ਹੰਕਾਰ ਨਹੀਂ ਕਰਦੇ। ਬ੍ਰਹਮਾ, ਬਿਸ਼ਨ ਅਤੇ ਮਹੇਸ਼ ਪ੍ਰਮਾਤਮਾ ਦੇ ਭੇਦਾਂ ਨੂੰ ਸਮਝ ਨਹੀਂ ਸਕੇ। ਜਿਵੇਂ ਹਜ਼ਾਰਾਂ ਫੰਨਾਂ ਵਾਲਾ ਸ਼ੇਸ਼ਨਾਗ ਵੀ ਉਸਦੀ ਭਗਤੀ ਕਰਦਾ ਹੈ ਪਰ ਉਹ ਵੀ ਉਸ ਪ੍ਰਮਾਤਮਾਂ ਦਾ ਅੰਤ ਨਹੀਂ ਜਾਣ ਸਕਿਆ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਨੇ ਸਾਧ-ਸੰਗਤ ਵਿਚ ਜਾਣਾ ਕੀਤਾ ਹੈ ਸਿਰਫ ਤੇ ਸਿਰਫ ਉਨ੍ਹਾਂ ਪੁਰਖਾਂ ਨੂੰ ਹੀ ਸੱਚ ਦੀ ਕਦਰ ਹੁੰਦੀ ਹੈ।

----

## ਵਾਰ ਤੀਜੀ

*ਪਉੜੀ 2 (ਗੁਰੁ ਚੇਲਾ)*

ਗੁਰੁ ਚੇਲੇ ਰਹਰਾਸਿ ਅਲਖੁ ਅਭੇਉ ਹੈ।
ਗੁਰੁ ਚੇਲੇ ਸਾਬਾਸਿ ਨਾਨਕ ਦੇਉ ਹੈ।
ਗੁਰਮਤਿ ਸਹਿਜ ਨਿਵਾਸ ਸਿਫਤਿ ਸਮੇਉ ਹੈ।
ਸਬਦਿ ਸੁਰਤਿ ਪਰਗਾਸ ਅਛਲ ਅਛੇਉ ਹੈ।
ਗੁਰਮਖਿ ਆਸ ਨਿਰਾਸ ਮਤਿ ਅਰਖੇਉ ਹੈ।
ਕਾਮ ਕਰੋਧ ਵਿਣਾਸੁ ਸਿਫਤਿ ਸਮੇਉ ਹੈ।
ਸਤਿ ਸੰਤੋਖ ਉਲਾਸ ਸਕਤਿ ਨ ਸੁਚੇਉ ਹੈ।
ਵੀਹ ਇਕੀਹ ਅਭਿਆਸੁ ਗੁਰ ਸਿਖਦੇਉ ਹੈ।।2।।

---

*ਰਹਰਾਸਿ: ਇਕ ਮਰਿਯਾਦਾ। ਅਲਖੁ:ਕਿਹਾ ਨਾ ਜਾ ਸਕੇ। ਅਭੇਉ: ਜਿਸਦਾ ਕੋਈ ਭੇਦ ਪਾ ਨਾ ਸਕੇ। ਸਮੇਉ: ਸਮਾਇਆ ਹੋਇਆ। ਅਛਲ: ਨਿਰਛਲ। ਅਰਖੇਉ: ਬੁੱਧੀਵਾਨ। ਅਛੇਉ: ਚੰਗਾ ਹੋਣਾ। ਵਿਣਾਸੁ: ਨਾਸ਼ਵਾਨ। ਉਲਾਸ: ਅਨੰਦਮਈ। ਸੁਚੇਉ: ਸੱਚਾ ਮਨ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਗੁਰੂ ਅਤੇ ਚੇਲੇ ਦੇ ਆਪਸੀ ਸੰਬੰਧਾਂ ਬਾਰੇ ਸਮਝਾਉਂਦੇ ਨਜ਼ਰ ਆਉਂਦੇ ਹਨ। ਗੁਰੂ ਅਤੇ ਚੇਲੇ ਦੀ ਰੁਹਰੀਤ ਐਨੀ ਦੁਰਲੱਭ ਹੈ ਕਿ ਲਿਖਣ ਵਿਚ ਨਹੀਂ ਆਉਂਦੀ ਅਤੇ ਨਾ ਹੀ ਉਸਨੂੰ ਕੋਈ ਜਾਣ ਸਕਦਾ ਹੈ। ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਪ੍ਰਮਾਤਮਾ ਹੀ ਸ੍ਰੀ

ਗੁਰੂ ਨਾਨਕ ਦੇਵ ਜੀ ਦੇ ਗੁਰੂ ਹਨ। ਗੁਰੂ ਨਾਨਕ ਦੇਵ ਜੀ ਆਪਣੇ ਗੁਰੂ ਪ੍ਰਮਾਤਮਾ ਦਾ ਹੀ ਰੂਪ ਹਨ। ਸਿਰਫ ਗੁਰੂ ਚੇਲੇ ਦੇ ਨਾਮ ਹੀ ਦੋ ਹਨ ਪਰ ਰੂਪ ਇਕੋ ਹੀ ਹੈ। ਗੁਰੂ ਦੀ ਮਤ ਦਾ ਕੇਂਦਰ ਸਹਿਜ ਪੱਦ ਹੈ ਅਤੇ ਉਸੇ ਇਕ ਦੀ ਸਿਫਤ ਵਿਚ ਰਲੇ ਮਿਲੇ ਹੋਏ ਹਨ। ਸ਼ਬਦ ਗਿਆਨ ਇੰਦਰੀ (ਸੁਰਤ) ਵਿਚ ਰਹਿਣ ਕਰਕੇ ਉਹ ਨਿਰਛਲ ਅਤੇ ਬਿਹਤਰ ਹੈ। ਉਹ ਕੋਈ ਆਸ ਨਹੀਂ ਜ਼ਾਹਰ ਕਰਦੇ ਸਗੋਂ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਉਨ੍ਹਾਂ ਦੇ ਦਿਲਾਂ ਅੰਦਰ ਨਾ ਕਾਮ ਅਤੇ ਨਾ ਕ੍ਰੋਧ ਹੈ ਅਤੇ ਵਾਹਿਗੁਰੂ ਜੀ ਦੀ ਸਿਫਤ ਵਿਚ ਹੀ ਲੱਗੇ ਰਹਿੰਦੇ ਹਨ। ਸ਼ਿਵ ਭਗਵਾਨ ਨੂੰ ਹਿੰਦੂ ਲੋਕ ਇਕ ਸ਼ਕਤੀ ਮੰਨਦੇ ਹਨ ਪਰ ਉਹ ਨਾ ਸ਼ਿਵ ਅਤੇ ਨਾ ਸ਼ਿਵ ਦੀ ਸ਼ਕਤੀ ਦੀ ਕੋਈ ਪ੍ਰਵਾਹ ਕਰਦੇ ਹਨ ਸਗੋਂ ਸਤ-ਸੰਤੋਖੀ ਬਣ ਕੇ ਅਨੰਦ ਦਸ਼ਾ ਵਿਚ ਰਹਿੰਦੇ ਹਨ। ਸਤਿ ਸੰਤੋਖ ਉਲਾਸ ਭਾਵ ਉਹ ਗ੍ਰਹਿਸਥ ਵਿਚ ਰਹਿ ਕੇ ਪ੍ਰਭੂ ਦੀ ਦਇਆ ਵਿਚ ਦਿਨ ਬਤੀਤ ਕਰ ਰਹੇ ਹਨ। ਗੁਰਦੇਵ ਅਤੇ ਸਿਖ ਵੀਹ ਵਿਸਵੇ ਦੁਨੀਆਂ ਤੋਂ ਉਪਰਾਮ ਰਹਿ ਕੇ ਪ੍ਰਮਾਤਮਾ ਨੂੰ ਯਾਦ ਕਰਦੇ ਹਨ। ਵੀਹ ਇਕੀਹ ਤੋਂ ਭਾਵ ਵੀਹ ਤੱਕ ਇਕ ਹਿਸਾਬ ਵਿਚ ਰਹਿੰਦੇ ਹਨ ਅਤੇ ਇਕੀਵਾਂ ਅੰਕ ਹਿਸਾਬੋਂ ਪਾਰ ਦੀ ਗੱਲ ਨਹੀਂ ਕਰਦੇ।

----

## ਵਾਰ ਤੀਜੀ

*ਪਉੜੀ 3 (ਗੁਰੁ ਚੇਲਾ)*

ਗੁਰ ਚੇਲਾ ਪਰਵਾਣੁ ਗੁਰਮਖਿ ਜਾਣੀਐ।
ਗੁਰਮੁਖਿ ਚੋਜਿ ਵਿਡਾਣੁ ਅਕੱਥ ਕਥਾਣੀਐ।
ਕੁਦਰਤਿ ਨੋ ਕੁਰਬਾਣੁ ਕਾਦਰੁ ਜਾਣੀਐ।
ਗੁਰਮਖਿ ਜਗਿ ਮਿਹਮਾਣੁ ਜਗੁ ਮਿਹਮਾਣੀਐ।
ਸਤਿਗੁਰ ਸਤਿ ਸੁਹਾਣੁ ਆਖਿ ਵਖਾਣੀਐ।
ਦਰਿ ਢਾਢੀ ਦਰਵਾਣੁ ਚਵੈ ਗੁਰਬਾਣੀਐ।
ਅੰਤਰਿਜਾਮੀ ਜਾਣੁ ਹੇਤੁ ਪਛਾਣੀਐ।
ਸਚੁ ਸਬਦੁ ਨੀਸਾਣੁ ਸੁਰਤਿ ਸਮਾਣੀਐ।
ਇਕੋ ਦਰਿ ਦੀਬਾਣੁ ਸਬਦਿ ਸਿਾਣੀਐ।।3।।

---

*ਵਿਡਾਣੁ: ਹੈਰਾਨੀਜਨਕ। ਮਿਹਮਾਣੁ: ਮਹਿਮਾਨ। ਮਿਹਮਾਣੀਐ: ਮਹਿਮਾਨ ਵਾਂਗ ਸਤਿਕਾਰੇ ਜਾਂਦੇ ਹਨ। ਸੁਹਾਣੁ: ਸੋਹਣਾ ਲਗਣਾ। ਚਵੈ: ਹੁਕਮ। ਹੇਤੁ: ਪ੍ਰੇਮ। ਨੀਸਾਣੁ: ਨਿਸ਼ਾਨੀ। ਦੀਬਾਣੁ: ਆਸਰਾ। ਸਬਦਿ: ਸ਼ਬਦ ਰਾਹੀਂ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਗੁਰੂ-ਚੇਲੇ ਦੇ ਸੰਬੰਧ ਅਤੇ ਕਾਰਜ ਨੂੰ ਸੁਲਹਾਉਂਦੇ ਹਨ। ਜਿਹੜਾ ਸਚੇ ਗੁਰੂ ਦਾ ਚੇਲਾ ਹੋਵੇਗਾ ਉਹ ਪੂਰਾ ਗੁਰਮੁਖ ਸਦਾਏਗਾ। ਗੁਰਮੁਖ ਦੇ ਕਾਰਜ ਮਨੁੱਖ ਨੂੰ ਬਹੁਤ ਅਸਚਰਜ ਕਰਨ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਦੇ

ਜੀਵਨ ਦੀ ਕਹਾਣੀ ਅਕੱਥ ਅਤੇ ਅਕਹਿ ਹੁੰਦੀ ਹੈ। ਗੁਰਮੁਖ ਕੁਦਰਤ ਦੇ ਬਲਿਹਾਰੇ ਜਾਂਦਾ ਹੈ ਕਿਉਂਕਿ ਉਸਨੂੰ ਕੁਦਰਤ ਰਾਹੀਂ ਕਾਦਰ ਦਾ ਭਾਵ ਪ੍ਰਮਾਤਮਾ ਦੀ ਹੋਂਦ ਦਾ ਗਿਆਨ ਮਿਲਦਾ ਹੈ। ਗੁਰਮੁਖ ਆਪਣੇ ਆਪ ਇਸ ਜੱਗ ਅੰਦਰ ਇਕ ਪ੍ਰਾਹੁਣਾ ਜਾਣਦੇ ਹੋਣ ਕਰਕੇ ਦੂਜੇ ਮਨੁੱਖਾਂ ਵਲੋਂ (ਜਗੁ ਮਹਿਮਾਣੀਐ) ਸਤਿਕਾਰੇ ਜਾਂਦੇ ਹਨ। ਸਤਿਗੁਰ ਨੂੰ ਸੱਚ ਵਾਲੀ ਗੱਲ ਚੰਗੀ ਲਗਦੀ ਹੈ ਅਤੇ ਇਸੇ ਕਰਕੇ ਗੁਰਮੁਖ ਸੱਚ ਬੋਲਦੇ ਹਨ ਅਤੇ ਹੋਰਨਾਂ ਨੂੰ ਸੱਚ ਬੋਲਣ ਵਾਸਤੇ ਪ੍ਰੇਰਦੇ ਵੀ ਹਨ। ਗੁਰਮੁਖ ਸਤਿਗੁਰ ਦੇ ਦਰਬਾਰ ਦਾ ਢਾਡੀ ਬਣ ਕੇ ਲੋਕਾਂ ਨੂੰ ਗੁਰਬਾਣੀ ਬਾਰੇ ਦਸਦਾ (ਚਵੈ) ਹੈ। ਗੁਰਮੁਖ ਅੰਤਰਜਾਮੀ ਦੇ ਕ੍ਰਿਸ਼ਮਿਆਂ ਨੂੰ ਵੇਖ ਕੇ ਉਸ ਨਾਲ ਆਪਣਾ ਹਿਤ ਜਿਤਾਉਂਦਾ ਹੈ। ਸੱਚੇ ਸ਼ਬਦ ਦਾ ਗਿਆਨ ਮਨੁੱਖ ਦੀ ਗਿਆਨ ਇੰਦਰੀਂ(ਸੁਰਤਿ) ਵਿਚ ਸਮਾ ਜਾਂਦਾ ਹੈ। ਗੁਰਮੁਖ ਸਾਧਸੰਗਤ ਵਿਚ ਜਾ ਕੇ ਸ਼ਬਦਾਂ ਰਾਹੀਂ ਇਕ ਪ੍ਰਮਾਤਮਾਂ ਨੂੰ ਪਛਾਣ (ਸਿ?ਾਣੀਐ) ਲੈਂਦੇ ਹਨ।

----

## ਵਾਰ ਤੀਜੀ

*ਪਉੜੀ 4 (ਗੁਰੁ ਚੇਲਾ)*

ਸਬਦਿ ਗਰੂ ਗੁਰੁ ਵਾਹੁ ਗੁਰਮਖਿ ਪਾਇਆ।
ਚੇਲਾ ਸੁਰਤਿ ਸਮਾਹੁ ਅਲਖੁ ਲਖਾਇਆ।
ਗੁਰ ਚੇਲੇ ਵੀਵਾਹੁ ਤੁਰੀ ਚੜਾਇਆ।
ਗਹਿਰ ਗੰਭੀਤ ਅਥਾਹੁ ਅਜਰੁ ਜਰਾਇਆ।
ਸਚਾ ਬੇਪਰਵਾਹੁ ਸਚਿ ਸਮਾਇਆ।
ਪਾਤਿਸਾਹਾ ਪਾਤਿਸਾਹੁ ਹੁਕਮੁ ਚਲਾਇਆ।
ਲਉਬਾਲੀ ਦਰਗਾਹੁ ਭਾਣਾ ਭਾਇਆ।
ਸਚੀ ਸਿਫਤਿ ਸਲਾਹੁ ਅਪਿਉ ਪੀਆਇਆ।
ਸਬਦੁ ਸੁਰਤਿ ਅਸਗਾਹੁ ਅਘੜ ਘੜਾਇਆ ॥ 4॥

---

*ਸਮਾਹੁ: ਸਮਝਣਾ। ਤੁਰੀ: ਘੋੜੀ। ਅਪਿਉ: ਅੰਮ੍ਰਿਤ: ਆਮ ਲੋਕਾਂ ਦੇ ਨਾ ਪੀਣਯੋਗ। ਲਉਬਾਲੀ: ਨਿਰਭੈ ਨਿਰਭਉ, ਬੇਪਰਵਾਹ। ਅਸਗਾਹੁ: ਅਥਾਹ। ਅੱਘੜ: ਮੂਰਖ। ਘੜਾਇਆ: ਠੀਕ ਕੀਤਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ਼ਬਦ ਗੁਰੂ ਹੈ। ਉਹ ਗੁਰਮੁਖ ਧੰਨ ਹਨ ਜਿਨ੍ਹਾਂ ਨੇ ਇਹ ਸ਼ਬਦ ਆਪਣੇ ਮਨ ਵਿਚ ਵਸਾਇਆ ਹੋਇਆ ਹੈ। ਚੇਲੇ ਨੇ ਇਸ ਨੂੰ ਮਨ ਵਿਚ ਧਾਰ ਵਿਚਾਰ ਕੇ ਹੋਰਨਾਂ ਨੂੰ ਉਸ ਨਾ ਸਮਝੇ ਜਾਣ ਵਾਲੇ ਸ਼ਬਦ ਦੇ ਅਰਥਾਂ ਨੂੰ ਸਭ ਮਨੁੱਖਾਂ ਨੂੰ ਸਮਝਾਇਆ ਹੈ। ਜਿਵੇਂ ਵਿਵਾਹ ਸਮੇਂ ਲਾੜੇ ਨੂੰ ਘੋੜੀ ਉਪਰ ਚੜਾਇਆ ਜਾਂਦਾ ਹੈ ਇਸ ਤਰ੍ਹਾਂ ਗੁਰੂ ਨੇ ਚੇਲੇ ਨੂੰ ਮਿਲ ਕੇ ਸ਼ਬਦ ਦੇ (ਤੁਰੀ ਚੜਾਇਆ) ਭਾਵ ਅਰਥ ਸਮਝਾਏ। ਬਹੁਤ ਹੀ ਗੰਭੀਰ ਸ਼ਬਦ ਜਿਹੜੇ ਨਾ ਸਮਝੇ ਜਾਣ ਵਾਲੇ ਸਨ ਸਮਝਾ ਕੇ ਸਬਰ ਸੰਤੋਖ

ਦਿਤਾ। ਚੇਲੇ ਨੇ ਦੁਨੀਆਂ ਤੋਂ ਬੇਪਰਵਾਹ ਹੋ ਕੇ ਸੱਚ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ। ਫਿਰ ਬਾਦਸ਼ਾਹਾਂ ਦੇ ਬਾਦਸ਼ਾਹ ਬਣ ਕੇ ਆਪਣੇ ਵਿਚਾਰ ਲੁਕਾਈ ਨੂੰ ਦਸਣ ਲੱਗਾ। ਫਿਰ ਉਹ ਦੁਨੀਆਂ ਤੋਂ ਬੇਪ੍ਰਵਾਹ ਹੋ ਕੇ ਪ੍ਰਮਾਤਮਾ ਦੇ ਭਾਣੇ ਵਿਚ ਰਹਿਣ ਲੱਗਾ। ਸੱਚੀ ਸਿਫਤ ਸਲਾਹ ਵਾਲਾ ਅੰਮ੍ਰਿਤ ਆਪ ਪੀ ਕੇ ਹੋਰਨਾਂ ਨੂੰ ਵੀ ਪਿਲਾਇਆ। ਸ਼ਬਦ ਦੇ ਅਰਥ ਸਮਝਾ ਕੇ ਕਈ ਅਣਜਾਣ ਲੋਕਾਂ ਨੂੰ ਗਿਆਨਵਾਨ ਬਣਾ ਦਿਤਾ।

----

## ਵਾਰ ਤੀਜੀ

*ਪਉੜੀ 5 (ਗੁਰਮੁਖਿ ਪੰਥੀ)*

ਮੁਲਿ ਨ ਮਿਲੈ ਅਮੋਲੁ ਕੀਮਤਿ ਪਾਈਐ।
ਪਾਇ ਤਰਾਜੂ ਤੋਲੁ ਨ ਅਤੁਲੁ ਤੁਲਾਈਐ।
ਨਿਜ ਘਰਿ ਤਖਤੁ ਅਡੋਲੁ ਨ ਡੋਲਿ ਡੋਲਾਈਐ।
ਗੁਰਮਖਿ ਪੰਥ ਨਿਰੋਲੁ ਨ ਰਲੇ ਰਲਾਈਐ।
ਕਥਾ ਅਕਥ ਅਬੋਲੁ ਨ ਬੋਲ ਬੁਲਾਈਐ।
ਸਦਾ ਅਭੁਲੁ ਅਭੋਲੁ ਨ ਭੋਲਿ ਭੁਲਾਈਐ।
ਗੁਰਮਖਿ ਪੰਥੁ ਅਲੋਲੁ ਸਹਜਿ ਸਮਾਈਐ।
ਅਮਿਉ ਸਰੋਵਰ ਝੋਲੁ ਗੁਰਮਖਿ ਪਾਈਐ।
ਲਖ ਟੋਲੀ ਇਕ ਟੋਲੁ ਨ ਆਪੁ ਗਣਾਈਐ ॥5॥

---

*ਨਿਰੋਲ: ਪਵਿਤਰ। ਅਲੋਲੁ: ਸਥਿਰ।ਅਮਿਉ: ਅੰਮ੍ਰਿਤ। ਝੋਲੁ: ਨਿਤਾਰ ਕੇ, ਮੰਥਨ ਕਰਨਾ। ਟੋਲੁ: ਪਦਾਰਥ।*

ਭਾਈ ਗੁਰਦਾਸ ਜੀ ਦੀਆਂ ਪਉੜੀਆਂ ਵਿਚ ਪੜ੍ਹਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਨਿਰਮਲਾ ਪੰਥ ਚਲਾਇਆ ਸੀ। ਇਹ ਨਿਰਮਲਾ ਪੰਥ ਸਮਾਂ ਪੈ ਕੇ ਸਿੱਖੀ ਵਿਚ ਬਦਲ ਗਿਆ। ਇਹ ਸਿਖੀ ਸ਼ਬਦ ਕਦੋਂ ਅਤੇ ਕਿਵੇਂ ਬਦਲਿਆ ਇਸ ਬਾਰੇ ਕੋਈ ਗ੍ਰੰਥ ਨਹੀਂ ਦਸਦਾ ਪਰ ਮੇਰਾ ਵਿਚਾਰ ਹੈ ਕਿ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਸਿੱਖ ਸ਼ਬਦ ਵਰਤਿਆ ਹੈ ਜਿਸ ਕਾਰਨ ਹੌਲੀ ਹੌਲੀ ਸਿੱਖ ਸ਼ਬਦ ਹੀ ਸਿੱਖ-ਧਰਮ ਬਣ ਗਿਆ ਹੈ। ਨਿਰਮਲਾ ਪੰਥ ਜਾਂ ਸਿੱਖੀ ਜਾਂ ਗੁਰਮੁਖ ਸਭਨਾ ਦਾ ਭਾਵ ਅਰਥ ਇਕੋ ਹੀ ਹੈ। ਇਸ ਪਉੜੀ ਵਿਚ ਭਾਈ ਗੁਰਦਾਸ ਜੀ ਗੁਰਮੁਖਾਂ ਦੇ ਜੀਵਨ ਦਾ ਮਹਤੱਵ ਲਿਖਦੇ ਹਨ ਕਿ ਅਮੋਲਕ ਗੁਰਮੁਖ ਜੀਵਨ ਏਨਾ ਕੀਮਤੀ ਹੈ ਕਿ ਇਹ ਮੁਲ ਨਹੀਂ ਖਰੀਦਿਆ ਜਾ ਸਕਦਾ। ਨਾ ਹੀ ਗੁਰਮੁਖਾਂ ਨੂੰ ਕਿਸੇ ਦੁਨੀਆਵੀ ਵਿਚਾਰਾਂ ਦਾ ਤੁਲਮਾਤਮਕ ਤੋਲ ਹੈ। ਗੁਰਮੁਖ ਜੀਵਨ ਏਨਾ ਅਡੋਲ ਹੈ ਕਿ ਕਿਸੇ ਦੁਨੀਆਵੀ ਲਾਲਚ ਨਾਲ ਗੁਰਮੁਖਾਂ ਨੂੰ ਸੱਚੇ ਰਾਹਾਂ ਉਪਰ ਚਲਦਿਆਂ ਨੂੰ ਕਦੇ ਰਾਹ ਭੁਲੇਰਾ ਨਹੀਂ ਕੀਤਾ ਜਾ ਸਕਦਾ। ਉਹ ਆਪਣੇ

ਆਚਰਣ ਨੂੰ ਨਿਭਾਉਦਿਆਂ ਕਦੇ ਡੋਲ ਨਹੀਂ ਸਕਦੇ। ਉਨ੍ਹਾਂ ਦੇ ਇਰਾਦੇ ਏਨੇ ਪਕੇਰੇ ਹਨ ਕਿ ਉਹ ਕਿਸੇ ਵੀ ਦੁਨੀਆਵੀ ਕਾਰਜਾਂ ਵਿਚ ਘੁਲ ਮਿਲ ਨਹੀਂ ਸਕਦੇ। ਗੁਰਮੁਖਾਂ ਦੀ ਘਾਲ ਕਮਾਈ ਕਿਸੇ ਕਹਿਣ ਤੋਂ ਬਾਹਰ ਹੈ ਅਤੇ ਕਹਿਣ ਵਾਲਾ ਕਹਿੰਦਾ ਕਹਿੰਦਾ ਇਕ ਦਿਨ ਆਪ ਗੁਰਮੁਖ ਬਣ ਜਾਂਦਾ ਹੈ ਅਤੇ ਫਿਰ ਉਸਦਾ ਮਨ ਪਵਿਤਰ ਹੋ ਕੇ ਗੁਰਮੁਖਾਂ ਵਿਰੁੱਧ ਕੁਝ ਬੋਲਣ ਦਾ ਸਾਹਸ ਹੀ ਨਹੀਂ ਕਰਦਾ। ਗੁਰਮੁਖ ਕਦੇ ਕੋਈ ਭੁਲ ਨਹੀਂ ਕਰਦਾ ਹੈ ਭਾਵ ਭੁਲਾਂ ਤੋਂ ਰਹਿਤ ਹੈ, ਸਿਆਣਾ ਹੈ, ਕਿਸੇ ਵੀ ਤਰ੍ਹਾਂ ਦੀ ਗਲਤੀ ਨਾ ਕਰਦਾ ਹੋਣ ਕਰਕੇ ਆਪਣੇ ਇਰਾਦੇ ਵਿਚ ਪੱਕਾ ਹੈ ਭਾਵ ਸਹਿਜ ਪੱਦ ਨੂੰ ਪਰਾਪਤ ਕਰਦਾ ਹੈ। ਅੰਮ੍ਰਿਤ ਦੇ ਸਰੋਵਰ ਨੂੰ ਮੰਥਨ ਕਰਕੇ (ਝੋਲ ਕੇ) ਗੁਰਮੁਖ ਇਹ ਸਹਿਜ ਅਵਸਥਾ ਪਉਂਦਾ ਹੈ। ਗੁਰਮੁਖਾਂ ਕੋਲ ਲੱਖਾਂ ਪਦਾਰਥਾਂ ਦਾ ਇਕ ਪਦਾਰਥ ਇਹ ਹੈ ਕਿ ਉਹ ਸਦਾ ਪ੍ਰਮਾਤਮਾ ਨੂੰ ਕਰਨ ਕਰਾਉਣ ਵਾਲਾ ਸਮਝ ਕੇ ਆਪਣੇ ਆਪ ਨੂੰ ਕਿਸੇ ਕਾਰਜ ਦਾ ਕਰਤਾ ਨਹੀਂ ਗਿਣਦੇ। ਗੁਰਮੁਖ ਦੇ ਸਰੀਰ ਦੀਆਂ ਅੱਠੇ ਧਾਤਾਂ ਜਿਵੇਂ ਖਲੜੀ, ਰੋਮ, ਲਹੂ, ਨਸਾਂ, ਹੱਡੀ, ਪੱਠੇ, ਚਰਬੀ ਅਤੇ ਵੀਰਜ ਆਦਿ ਸ਼ਬਦ ਸੁਰਤ ਵਿਚ ਰੰਗੇ ਹੋਏ ਹੁੰਦੇ ਹਨ।

----

## ਵਾਰ ਤੀਜੀ

*ਪਉੜੀ 6 (ਗੁਰਸਿੱਖੀ ਦਾ ਸੌਦਾ)*

ਸਉਦਾ ਇਕਤੁ ਹਟਿ ਸਬਦਿ ਵਿਸਾਹੀਐ।
ਪੂਰਾ ਪੂਰੇ ਵਟਿ ਕਿ ਆਖਿ ਸਲਾਹੀਐ।
ਕਦੇ ਨਾ ਹੋਵੈ ਘਟਿ ਸਚੀ ਪਤਿਸਾਹੀਐ।
ਪੂਰੇ ਸਤਿਗੁਰ ਖਟਿ ਅਖੁਟੁ ਸਮਾਹੀਐ।
ਸਾਧਸੰਗਤਿ ਪਰਗੱਟ ਸਦਾ ਨਿਬਾਹੀਐ।
ਚਾਵਲ ਇਕਤੇ ਸਟਿ ਨ ਦੂਜੀ ਵਾਹੀਐ।
ਜਮ ਦੀ ਫਾਹੀ ਕਟਿ ਦਾਦਿ ਇਲਾਹੀਐ।
ਪੰਜੇ ਦੂਤ ਸੰਘਟਿ ਢੇਰੀ ਢਾਹੀਐ।
ਪਾਣੀ ਜਿਉ ਹਰਿਹਟਿ ਸੁ ਖੇਤਿ ਉਮਾਹੀਐ॥6॥

---

*ਹਟਿ: ਏਥੇ ਅਰਥ ਸਤਿਸੰਗ ਹੈ। ਵਿਸਾਹੀਐ: ਮੁਲ ਲੈਣਾ। ਖਟਿ: ਨਾ ਮੁਕਣ ਵਾਲਾ। ਅਖੁਟੁ: ਇਕ ਰਸ ਭਾਵ ਕਿਸੇ ਰਲਾਵਟ ਤੋਂ ਰਹਿਤ। ਦਾਦਿ ਇਲਾਹੀਐ: ਰੱਬ ਦੀ ਦਾਤ। ਸਮਾਹੀਐ। ਸੰਘਟਿ: ਸੰਗਠਤ। ਹਰਿਹਟਿ: ਟਿੰਡਾਂ ਵਾਲਾ ਹਲਟ।*

ਪ੍ਰਮਾਤਮਾ ਦੇ ਨਾਮ ਦਾ ਸੌਦਾ ਇਕ ਸਤਿਸੰਗਤ ਦੀ ਹੱਟੀ ਤੋਂ ਮਿਲਦਾ ਹੈ। ਗੁਰਮੁਖਾਂ ਦੇ ਵਿਚਾਰਾਂ ਵਾਲਾਂ ਵੱਟਾ ਬਿਲਕੁਲ ਸੱਚ ਤੋਲਦਾ ਹੈ ਭਾਵ ਦਸਦਾ ਹੈ। ਅਜਿਹੇ ਸੱਚ ਨੂੰ ਭਲਾ ਕੀ ਕਹਿ ਕੇ ਜਾਂ ਕੀ ਨਾਮ ਦੇ ਕੇ ਸਿਫਤ ਕਰੀਏ। ਕਿਉਂਕਿ ਇਹ ਵਿਚਾਰ ਸੱਚੇ ਸਨ, ਸੁੱਚੇ

ਹਨ ਅਤੇ ਸੱਚੇ ਹੀ ਰਹਿਣਗੇ ਇਸ ਕਰਕੇ ਇਹ ਵਿਚਾਰ ਆਪਣਾ ਕਪਟ ਰੂਪ ਕਦੇ ਨਹੀਂ (ਕਦੇ ਨ ਹੋਵੈ ਘਟਿ) ਧਾਰਨਗੇ। ਗੁਰਮੁਖ ਇਕ ਸਤਿਗੁਰ ਦੀ ਕ੍ਰਿਪਾ ਦੁਆਰਾ ਬਣਦੇ ਹਨ ਇਸ ਕਰਕੇ ਉਹ ਸਦਾ ਅਨਹਦ ਸਥਿੱਤੀ ਵਿਚ ਹੀ ਅਨੰਦ ਰਹਿੰਦੇ ਹਨ। ਸਾਧ ਸੰਗਤ ਸਦਾ ਸੱਚੀ ਸੰਗਤ ਹੈ। ਮਨੁਖ ਹਮੇਸ਼ਾ ਸਾਧ ਸੰਗਤ ਵਿਚ ਹੀ ਰਹਿਣਾ ਚਾਹੀਦਾ ਹੈ। 'ਚਾਵਲ ਇਕਤੇ ਸਟਿ'ਭਾਈ ਗੁਰਦਾਸ ਜੀ ਲਿਖਦੇ ਹਨ ਕਿ ਚੌਲਾਂ ਦੇ ਛਿਲੜਾਂ ਨੂੰ ਇਕੋ ਸੱਟ ਨਾਲ ਲਾਹ ਕੇ ਚੌਲ ਚਿੱਟੇ ਕਰ ਲਓ, ਤੁਹਾਨੂੰ ਦੂਜੀ ਸੱਟ ਨਾ ਮਾਰਨੀ ਪਵੇ ਭਾਵਇਸ ਜਨਮ ਵਿਚ ਹੀ ਸਤਿਸੰਗ ਵਿਚ ਜਾ ਕੇ ਆਪਣਾ ਜੀਵਨ ਸਫਲਾ ਕਰ ਲਓ ਤਾਂ ਕਿ ਆਪਣੀ ਮੁਕਤੀ ਵਾਸਤੇ ਦੂਜੇ ਜਨਮ ਦੀ ਇੰਤਜਾਰ ਨਾ ਕਰਨੀ ਪਵੇ। ਗੁਰਮੁਖ ਸੱਚੇ ਵਿਚਾਰਾਂ ਨੂੰ ਜਾਣ ਕੇ ਇਸ ਜਨਮ ਵਿਚ ਹੀ ਮੁਕਤੀ ਪੱਦ ਪਰਾਪਤ ਕਰਦੇ ਹਨ। ਪਰਮਾਤਮਾਂ ਦਾ ਨਾਮ ਜਪ ਕੇ ਉਸਦੀ ਬਖਸ਼ਿਸ਼ ਪਾਕੇ ਜਮਾਂ ਦੀ ਫਾਹੀ ਨੂੰ ਕੱਟ ਲੈ ਅਤੇ 'ਪੰਜੇ ਦੂਤ' ਭਾਵ ਕਾਮ ਕ੍ਰੋਧ ਲੋਭ ਮੁਹ ਹੰਕਾਰ ਨੂੰ ਦਿਲੋਂ ਕੱਢ ਕੇ (ਸੰਘਟਿ) ਉਨ੍ਹਾਂ ਦੀਆਂ ਗੋਡਣੀਆਂ ਲਵਾ ਦਈਏ। ਜਿਵੇਂ ਹਲਟ ਦੇ ਪਾਣੀ ਨਾਲ ਖੇਤ ਹਰਾ ਭਰਾ ਹੋ ਜਾਂਦਾ ਹੈ ਇਸੇ ਤਰ੍ਹਾਂ ਨਾਮ ਜਪ ਕੇ ਆਪਣੇ ਜੀਵਨ ਨੂੰ ਸਦਾ ਖੁਸ਼ੀਆਂ ਵਾਲਾ ਬਣਾ ਲੈ।

----

## ਵਾਰ ਤੀਜੀ

*ਪਉੜੀ 7 (ਸਤਿਗੁਰੂ)*

ਪੂਰਾ ਸਤਿਗੁਰੁ ਆਪਿ ਨ ਅਲਖੁ ਲਖਾਵਈ।
ਦੇਖੈ ਥਾਪਿ ਉਥਾਪਿ ਜਿਉ ਤਿਸੁ ਭਾਵਈ।
ਲੇਪੁ ਨ ਪੁੰਨਿ ਨ ਪਾਪਿ ਉਪਾਇ ਸਮਾਵਈ।
ਲਾਗੂ ਵਰੁ ਨ ਸਰਾਪ ਨ ਆਪ ਜਣਾਵਈ।
ਗਾਵੈ ਸਬਦੁ ਅਲਾਪਿ ਅਕਥ ਸੁਣਾਵਈ।
ਅਕਥ ਕਥਾ ਜਪੁ ਜਾਪਿ ਨ ਜਗਤੁ ਕਮਾਵਈ।
ਪੂਰੈ ਗੁਰ ਪਰਤਾਪਿ ਆਪੁ ਗਵਾਵਈ।
ਲਾਹੇ ਤਿੰਨੇ ਤਾਪਿ ਸੰਤਾਪ ਘਟਾਵਈ!
ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ ।।7।।

---

*ਅਲਖੁ: ਨਾ ਕਹਿਣ ਵਾਲੀ ਕਥਾ। ਥਾਪਿ ਉਥਾਪਿ: ਬਣਾ ਕੇ ਅਤੇ ਢਾਹ ਕੇ। ਅਲਾਪਿ: ਸੁਰ ਬਣਾਉਣੀ। ਤਾਪਿ: ਤਾਪ ਤਿੰਨ ਤਰ੍ਹਾਂ ਦੇ ਹੁੰਦੇ ਹਨ,ਆਧਿ ਬਿਆਧਿ ਅਤੇ ਉਪਾਧਿ ਆਦਿ। ਸੰਤਾਪ: ਦੁਖ। ਧ੍ਰਾਪਿ: ਮਨ ਵਿਚ ਵਸਾ ਕੇ*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਮਨੁਖ ਨੂੰ ਇਕ ਪ੍ਰਮਾਤਮਾ ਦੀ ਮਹਿਮਾ ਬਾਰੇ ਦਰਸਾਉਦੇ ਲਿਖਦੇ ਹਨ ਕਿ ਉਹ ਆਪ ਸੋਲਾਂ ਕਲਾਂ ਸੰਪੂਰਨ ਸਤਿਗੁਰੂ ਹੈ। ਉਸਦੀ

ਮਹਿਮਾ, ਉਸਦੀ ਕਥਾ ਨੂੰ ਲਿਖਣ ਵਾਸਤੇ ਸੌ ਸਮੁੰਦਰਾਂ ਦੀ ਸਿਆਹੀ ਵੀ ਹੋਵੇ ਤਾਂ ਵੀ ਲਿਖੀ ਨਹੀਂ ਜਾ ਸਕਦੀ ਭਾਵ ਉਸਦੀ ਵਡਿਆਈ ਅਲਖ ਹੈ। ਉਸ ਨੂੰ ਜਿਸ ਤਰ੍ਹਾਂ ਵੀ ਭਾਉਂਦਾ ਹੈ ਉਹ ਉਸੇ ਤਰ੍ਹਾਂ ਮਰਜ਼ੀ ਨਾਲ ਦੁਨੀਆਂ ਨੂੰ ਥਾਪ ਲੈਂਦਾ ਹੈ ਅਤੇ ਜਦ ਮਰਜ਼ੀ ਹੁੰਦੀ ਹੈ ਤਾਂ ਆਪਣੀ ਥਾਪੀ ਦੁਨੀਆਂ ਨੂੰ ਹੀ ਖਤਮ ਕਰ ਲੈਂਦਾ ਹੈ। ਉਹ ਨਿਡਰ ਹੈ। ਨਿਰਭੈ ਹੈ। ਕਿਸੇ ਦਾ ਹੁਕਮਨਹੀਂ ਕਬੂਲਦਾ ਸਗੋਂ ਸਾਰੇ ਉਸਦੇ ਇਕ ਹੁਕਮ ਦੇ ਅਧੀਨ ਹਨ। ਦੁਨੀਆਂ ਦੇ ਅਜਿਹੇ ਥਾਪ-ਉਥਾਪ ਕਰਨ ਕਰਕੇ ਉਸਨੂੰ ਕੋਈ ਪੁੰਨ ਪਾਪ ਦਾ ਫਲ ਅਫਲ ਵੀ ਨਹੀਂ ਸਹਿਣਾ ਪੈਂਦਾ। ਨਾ ਉਸ ਨੂੰ ਕੋਈ ਵਰ ਮਿਲਦਾ ਹੈ ਅਤੇ ਨਾ ਹੀ ਅਜਿਹੇ ਕਾਰਜਾਂ ਕਾਰਨ ਉਸਨੂੰ ਕੋਈ ਸਰਾਪ ਲਗਦਾ ਹੈ। ਸ਼ਬਦ ਨੂੰ ਅਲਾਪਦਾ ਹੋਇਆ ਵਾਹਿਗੁਰੂ ਜੀ ਦੀਆਂ ਗੁੱਝੀਆਂ ਕਥਾ ਕਹਾਣੀਆਂ ਸੁਣਾਉਂਦਾ ਹੈ। ਦੁਨੀਆਦਾਰੀ ਦੀ ਉਸਨੂੰ ਕੋਈ ਲਾਗ ਨਹੀਂ ਲਗਦੀ, ਸਿਰਫ ਤੇ ਸਿਰਫ ਇਕ ਪ੍ਰਮਾਤਮਾ ਦੀ ਆਤਮਾ ਦਾ ਉਪਦੇਸ਼ ਕਰਦਾ ਹੈ। ਅਜਿਹੇ ਗਿਆਨ ਮਈ ਸ਼ਬਦ ਦੇ ਅਲਾਪ ਨਾਲ ਜਗਿਆਸੂਆਂ ਦੇ ਮਨ ਵਿਚੋਂ ਖੁਦੀ ਨਿਕਲ ਕਿ ਉਨ੍ਹਾਂ ਦੇ ਮਨ ਵਿਚ ਸਬਰ ਸੰਤੋਖ ਵਸ ਜਾਂਦਾ ਹੈ। ਸ਼ਬਦ ਦਾ ਅਲਾਪ ਮਨੁਖ ਦੇ ਆਧਿ ਬਿਆਧ ਅਤੇ ਉਪਾਧ ਇਹ ਤਿੰਨ ਤਰ੍ਹਾਂ ਦੇ ਔਗੁਣ ਅਤੇ ਹੋਰ ਸਰੀਰਕ ਦੁਖਾਂ ਅਤੇ ਸੰਤਾਪਾਂ ਨੂੰ ਮਨੁਖ ਦੇ ਲਾਗੇ ਨਹੀਂ ਢੁਕਣ ਦਿੰਦਾ। ਅਜਿਹੇ ਸ਼ਬਦ ਦੀ ਸੂਝ ਪਾ ਕੇ ਮਨੁਖ ਆਪਣੇ ਸਚੇ ਸਰੂਪ ਵਿਚ ਹੋਇਆ ਆਪਣੇ ਆਪ ਨੂੰ ਮਹਿਸੂਸ ਕਰਦਾ ਹੈ।

----

## ਵਾਰ ਤੀਜੀ

*ਪਉੜੀ 8 (ਗੁਰਸਿੱਖਾਂ ਲਈ ਸਾਧਨ, ਦਸ਼ਾ ਤੇ ਵਰਤਨ)*

ਪੂਰਾ ਸਤਿਗੁਰ ਸਤਿ ਗੁਰਮਖਿ ਭਾਲੀਐ।
ਪੂਰੀ ਸਤਿਗੁਰ ਮਤਿ ਸਬਦਿ ਸਮ੍ਹਾਲੀਐ।
ਦਰਗਹ ਧੋਈਐ ਪਤਿ ਹਉਮੈ ਜਾਲੀਐ।
ਘਰ ਹੀ ਜੋਗ ਜੁਗਤਿ ਬੈਸਣਿ ਧਰਮਸਾਲੀਐ।
ਪਾਵਣ ਮੋਖ ਮੁਕਤਿ ਗੁਰ ਸਿਖਿ ਪਾਲੀਐ।
ਅੰਤਰਿ ਪ੍ਰੇਮ ਭਗਤਿ ਨਦਰਿ ਨਿਹਾਲੀਐ।
ਪਾਤਸਾਹੀ ਇਕ ਛਤਿ ਖਰੀ ਸੁਖਾਲੀਐ।
ਪਾਣੀ ਪਹਿਣੁ ਘਤਿ ਸੇਵਾ ਘਾਲੀਐ।
ਮਸਕੀਨੀ ਵਿਚਿ ਵਤਿ ਚਾਲੇ ਚਾਲੀਐ ॥8॥

---

*ਸਮ੍ਹਾਲੀਐ: ਸੰਭਾਲਣਾ। ਛਤਿ: ਆਜ਼ਾਦ ਪਾਤਸ਼ਾਹੀ। ਮਸਕੀਨੀ: ਨਿੰਮ੍ਰਤਾ।*

ਪੂਰਨ ਸਤਿਗੁਰ ਸੱਚ ਦਾ ਕੇਂਦਰ ਹੁੰਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਮਨੁਖ ਨੂੰ ਗੁਰਮੁਖ ਬਣ ਕੇ ਉਸ ਸੋਲਾ ਕਲਾ ਸੰਪੂਰਨ ਸਤਿਗੁਰ ਨੂੰ ਪਛਾਨਣਾ ਚਾਹੀਦਾ ਹੈ। ਉਸ ਸਤਿਗੁਰ ਦਾ ਗਿਆਨ ਇਹੋ ਹੀ ਹੈ ਕਿ ਉਸ ਵਲੋਂ ਬਖਸ਼ੇ ਗਏ ਸ਼ਬਦ ਦੇ ਅਰਥਾਂ ਅਨੁਸਾਰ

ਇਨਸਾਨ ਆਪਣੇ ਜੀਵਨ ਨੂੰ ਢਾਲੇ। ਮਨੁਖ ਨੂੰ ਆਪਣੇ ਦਿਲੋਂ ਹਉਮੈ ਨੂੰ ਕੱਢ ਕੇ ਦਰਗਾਹ ਵਿਚ ਸੱਚੇ ਅਤੇ ਸੁਚੇ ਹੋ ਕੇ ਪੇਸ਼ ਹੋਈਏ। ਗ੍ਰਹਿਸਥ ਨੂੰ ਹੀ ਸੱਚੀ ਟਕਸਾਲ ਬਣਾ ਕੇ ਭਾਵ ਘਰ ਵਿਚ ਹੀ ਸਤਿਸੰਗਤ ਕਰਕੇ ਉਸ ਪ੍ਰਮਾਤਮਾ ਨੂੰ ਰਝਾ ਲਈਏ। ਉਹ ਗੁਰਮੁਖ ਜਿਹੜੇ ਉਸਦੇ ਰੰਗ ਵਿਚ ਇਵੇਂ ਲੀਨ ਰਹਿੰਦੇ ਹਨ ਜੀਵਨ-ਮੁਕਤੀ ਪਾ ਲੈਂਦੇ ਹਨ। ਉਨ੍ਹਾਂ ਗੁਰਮੁਖਾਂ ਦੇ ਮਨਾ ਅੰਦਰ ਪ੍ਰੇਮਾਂ ਭਗਤੀ ਵਸੀ ਹੋਣ ਕਾਰਨ ਉਨ੍ਹਾਂ ਉਪਰ ਪ੍ਰਮਾਤਮਾਂ ਦੀ ਮਿਹਰਾਂ ਦੀ ਬਖਸ਼ਿਸ਼ ਹੁੰਦੀ ਹੈ। 'ਪਾਤਸ਼ਹੀ ਇਕ ਛਤਿ' ਭਾਵ ਜਿਸ ਉਪਰ ਪ੍ਰਮਾਤਮਾਂ ਬਿਨ੍ਹਾਂ ਹੋਰ ਕੋਈ ਹੁਕਮ ਚਲਾਉਣ ਵਾਲਾ ਨਾ ਹੋਵੇ, ਗੁਰਮੁਖ ਉਸ ਪਾਤਸ਼ਾਹੀ ਨੂੰ ਪਰਾਪਤ ਕਰ ਲੈਂਦਾ ਹੈ। ਲੋਭ ਮੂਹ ਕਾਮ ਕ੍ਰੋਧ ਅਤੇ ਹੰਕਾਰ ਨੂੰ ਮਨੋ ਵਿਸਾਰ ਕੇ ਉਹ ਗੁਰਮੁਖ ਪ੍ਰਮਾਤਮਾ ਵਲੋਂ ਸਾਜੀ ਸਜਾਈ ਲੁਕਾਈ ਦੀ ਸੇਵਾ ਤਨ ਮਨ ਅਤੇ ਧਨ ਨਾਲ ਕਰਦੇ ਹਨ। ਉਹ ਗੁਰਮੁਖ ਇਹ ਸਾਰੀ ਸੇਵਾ ਬੜੀ ਨਿਮਰਤਾ ਭਾਵਨਾ ਨਾਲ ਕਰਦੇ ਹਨ।

----

## ਵਾਰ ਤੀਜੀ

*ਪਉੜੀ 9 (ਗੁਰਮੁਖਾਂ ਦੇ ਲੱਛਣ)*

ਗੁਰਮਖਿ ਸਚਾ ਖੇਲੁ ਗੁਰ ਉਪਦੇਸਿਆ।
ਸਾਧਸੰਗਤਿ ਦਾ ਮੇਲੁ ਸਬਦਿ ਅਵੇਸਿਆ।
ਫੁਲੀ ਤਿਲੀ ਫੁਲੇਲ ਸੰਗਿ ਸਲੇਸਿਆ।
ਗੁਰ ਸਿਖ ਨਕ ਨਕੇਲ ਮਿਟੈ ਅੰਦੇਸਿਆ।
ਨ੍ਹਾਵਣੁ ਅੰਮ੍ਰਿਤ ਵੇਲ ਵਸਣ ਸੁਦੇਸਿਆ।
ਗੁਰ ਜਪੁ ਰਿਦੈ ਸੁਹੇਲੁ ਗੁਰ ਪਰਵੇਸਿਆ।
ਭਾਉ ਭਗਤਿ ਭਉ ਭੇਲੁ ਸਾਧ ਸੁਰੇਸਿਆ।
ਨਿਤ ਨਿਤ ਨਵਲ ਨਵੇਲ ਗੁਰਮੁਖਿ ਭੇਸਿਆ।
ਖੇਰ ਦਲਾਲ ਦਲੇਲ ਸੇਵ ਸਹੇਸਿਆ ॥9॥

---

*ਅਵੇਸਿਆ: ਦਾਖ਼ਲ ਹੋਣਾ, ਘਰ ਵਸਣਾ। ਫੁਲੇਲ: ਮਹਿਕਾਂ ਭਰਿਆ। ਸ਼ਲੇਸਿਆ: ਸ੍ਰੇਸ਼ਟ, ਮਿਲਿਆ ਹੋਇਆ। ਅੰਦੇਸਿਆ: ਡਰ, ਭੈਅ। ਸੁਦੇਸਿਆ: ਸੁਹਣਾ ਦੇਸ਼। ਸੁਹੇਲੁ: ਸੁਖੀ ਰਹਿਣਾ। ਸਰੇਸਿਆ: ਨਵਾਂ ਨਵੇਲਾ, ਸ੍ਰੇਸ਼ਟ ਮਨੁਖ। ਭੇਲੁ: ਮਿਲਾਪ। ਦਲੇਲ: ਬਹਾਦਰ। ਸੁਹੇਸਿਆ: ਰੱਬ ਨਾਲ ਮਿਲਿਆ ਹੋਇਆ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਨ੍ਹਾਂ ਨੂੰ ਗੁਰੂ ਨੇ ਬਖਸ਼ਿਸ਼ ਕਰਕੇ ਸਚਾ ਉਪਦੇਸ਼ ਦਿਤਾ ਹੈ ਉਨ੍ਹਾਂ ਨੇ ਸਤਿਸੰਗ ਵਿਚ ਸਚੇ ਸ਼ਬਦ ਦੇ ਵਿਚਾਰਾਂ ਨੂੰ ਸਮਝਿਆ ਹੈ। ਜਿਵੇਂ ਤਿਲਾਂ ਦੇ ਤੇਲ ਨਾਲ ਫੁੱਲ ਮਿਲ ਕੇ ਤੇਲ ਖੁਸ਼ਬੂਦਾਰ ਹੋ ਜਾਂਦੇ ਹਨ ਤਿਵੇਂ ਗੁਰਮੁਖ ਗੁਰੂ ਦੁਆਰਾ ਦਿਤੇ ਸ਼ਬਦ ਨਾਲ ਜੁੜ ਕੇ ਸਚਾ ਭਗਤ ਬਣ ਜਾਂਦਾ ਹੈ। ਗੁਰਮੁਖਾਂ ਦੇ ਮਨਾ

ਵਿਚ ਜਿਹੜੇ ਸੰਸੇ, ਭਰਮ ਅਤੇ ਡਰ ਚਿੰਬੜੇ (ਨਕ ਨਕੇਲ) ਹੋਏ ਹਨ ਉਹ ਸੰਸੇ,ਭਰਮ ਅਤੇ ਡਰ ਪ੍ਰਮਾਤਮਾਂ ਦੇ ਭੇਦਾਂ ਦੀ ਸੋਝੀ ਹੋਣ ਕਾਰਨ ਸਭ ਚੁੱਕੇ ਜਾਂਦੇ ਹਨ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਜਿਹੜੇ ਪ੍ਰਮਾਤਮਾ ਦਾ ਸਿਮਰਨ ਕਰਦੇ ਹਨ ਉਹ ਗੁਰਮੁਖ ਸਾਧ-ਸੰਗਤ (ਸੁਦੇਸਿਆ ਭਾਵ ਚੰਗੇ ਦੇਸ਼) ਦੇ ਚਰਨ ਪਰਸਦੇ ਹਨ ਅਤੇ ਆਪਣੇ ਹਿਰਦੇ ਵਿਚ ਪ੍ਰਮਾਤਮਾ ਨੂੰ ਸਵਾਸ ਸਵਾਸ ਚਿਤਵਦੇ ਹੋਏ ਸਦਾ ਸੁਖੀ ਵਸਦੇ ਹਨ। ਪ੍ਰੇਮਾ ਭਉ ਅਤੇ ਪ੍ਰੇਮਾ ਭਗਤੀ ਨਾਲ ਜੁੜ ਕੇ ਸਾਧੂ ਵਿਰਤੀ ਧਾਰਨ ਕਰਦੇ ਹਨ। ਗੁਰਮੁਖਾਂ ਦਾ ਨਿਤਨੇਮ ਪ੍ਰੇਮਾਂ-ਭਗਤੀ ਕਰਨ ਨਾਲ ਉਹ ਸਰੀਰਕ ਤੌਰ ਉਪਰ ਨਵੇਂ ਨਵੇਲੇ ਰਹਿਣ ਲਗਦੇ ਹਨ। ਉਹ ਗੁਰਮੁਖ ਪ੍ਰਮਾਤਮਾ ਦੇ ਨਾਮ ਦਾਨ ਦੀ ਭਿਖਿਆ ਲੁਕਾਈ ਨੂੰ ਦਿੰਦੇ ਹੋਏ ਪੂਜਨੀਕ ਮਨੁਖ ਕਹਿਲਾਉਣ ਲਗਦੇ ਹਨ।

----

## ਵਾਰ ਤੀਜੀ

*ਪਉੜੀ 10 (ਚਰਨ ਧੂੜਿ)*

ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ ਹੈ।
ਗੁਰਮੁਖਿ ਸਬਦੁ ਗਿਆਨੁ ਨੇੜਿ ਨ ਦੂਰ ਹੈ।
ਪੁਰਬਿ ਲਿਖਤੁ ਨੀਸਾਣੁ ਕਰਮ ਅੰਕੂਰ ਹੈ।
ਗੁਰ ਸੇਵਾ ਪਰਧਾਨੁ ਸੇਵਕ ਸੂਰ ਹੈ।
ਪੂਰਨ ਪਰਮ ਨਿਧਾਨ ਸਦ ਭਰਪੂਰ ਹੈ।
ਸਾਧਸੰਗਤਿ ਅਸਥਾਨੁ ਜਗ ਮਗ ਨੂਰ ਹੈ।
ਲਖਲਖ ਸਸੀਅਰ ਭਾਨੁ ਕਿਰਿਣ ਠਰੂਰ ਹੈ।
ਲਖ ਲਖ ਬੇਦ ਪੁਰਾਣਿ ਕੀਰਤਨ ਚੂਰ ਹੈ।
ਭਗਤ ਵਛਲ ਪਰਵਾਣੁ ਚਰਣਾ ਧੂਰ ਹੈ ॥10॥

---

*ਨੀਸਾਣੁ: ਨਿਸ਼ਾਨ। ਅੰਕੂਰ: ਅੰਗੂਰ ਆਉਣਾ। ਸੂਰ: ਸੂਰੇ ਸੂਰਮੇ। ਪਰਮ: ਸਭ ਤੋਂ ਵੱਡਾ। ਸਸੀਅਰ: ਚੰਦਰਮਾ। ਭਾਨੁ: ਸੂਰਜ। ਠਰੂਰ: ਠੰਡੀ। ਚੂਰ: ਮਾਤ, ਹੇਚ।*

ਬਹੁਤ ਜਗਿਆਸੂਆਂ ਦਾ ਵਿਚਾਰ ਹੈ ਕਿ ਗੁਰੂ ਦੀ ਮੂਰਤੀ ਨੂੰ ਆਪਣੇ ਧਿਆਨ ਵਿਚ ਰਖਣ ਨਾਲ ਸਾਰਾ ਗਿਆਨ ਪਰਾਪਤ ਹੋ ਜਾਂਦਾ ਹੈ ਪਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਦੀ ਮੂਰਤੀ ਵੱਲ ਧਿਆਨ ਧਰਨ ਨਾਲ ਗੁਰਮੁਖ ਨੂੰ ਵਾਹਿਗੁਰੂ ਹਾਜ਼ਰ ਨਾਜ਼ਰ ਦਿਸਦਾ ਹੈ। ਜਿਨ੍ਹਾਂ ਗੁਰਮੁਖਾਂ ਨੂੰ ਗੁਰੂ ਦੇ ਸ਼ਬਦ ਦਾ ਗਿਆਨ ਹੋ ਜਾਂਦਾ ਹੈ ਉਨ੍ਹਾਂ ਵਾਸਤੇ ਰੱਬ ਬਹੁਤ ਲਾਗੇ ਹੈ, ਏਨਾ ਦੂਰ ਨਹੀਂ ਹੈ। ਮਨੁਖ ਨੇ ਪਿਛਲੇ ਜਨਮਾਂ ਵਿਚ ਜਿਹੜੇ ਕਰਮ ਕੀਤੇ ਸਨ ਉਨ੍ਹਾਂ ਮੁਤਾਬਕ ਇਸ ਜਨਮ ਵਿਚ ਉਨ੍ਹਾਂ ਨੂੰ ਫਲ (ਅੰਗੂਰ ਆਉਂਦਾ ਹੈ) ਮਿਲਦਾ ਹੈ। ਪਹਿਲੀਆਂ ਪਉੜੀਆਂ ਵਿਚ ਭਾਈ ਗੁਰਦਾਸ ਜੀ ਲਿਖ ਗਏ ਹਨ ਕਿ ਇਹ ਕਲਜੁਗ ਹੀ ਹੈ

ਜਿਸ ਸਮੇਂ ਲੋਕ ਰੱਬ ਦਾ ਸਿਮਰਨ ਕਰਕੇ ਇਹ ਭਵਜਲ ਤਰ ਸਕਦਾ ਹੈ ਕਿਉਂਕਿ ਇਸ ਜੁੱਗ ਵਿਚ ਪਿਛਲੇ ਸਾਰੇ ਕਰਮ ਅਕਰਮ ਮੁਆਫ ਹੋ ਸਕਦੇ ਹਨ। 'ਸੇਵਕ ਸੂਰ' ਭਾਵ ਪੱਕਾ ਗੁਰਮੁਖ ਗੁਰੂ ਦੀ ਸੇਵਾ ਵਿਚ ਪ੍ਰਬੀਨ ਹੋ ਜਾਂਦਾ ਹੈ। ਵਾਹਿਗੁਰੂ ਆਪ ਇਕ ਬਹੁਤ ਵੱਡਾ ਭੰਡਾਰਾ ਹੈ ਜਿਹੜਾ ਕਦੇ ਖਾਲੀ ਨਹੀਂ ਹੁੰਦਾ। ਜਿਥੇ ਸਾਧ ਸੰਗਤ ਹੈ ਉਥੇ ਹਮੇਸ਼ਾ ਸੱਚ ਦਾ ਪ੍ਰਕਾਸ਼ (ਜਗ ਮਗ ਨੂਰ) ਰਹਿੰਦਾ ਹੈ। ਲੱਖਾਂ ਚੰਦਰਮਾਂ (ਸਸੀਅਰ) ਲੱਖਾਂ ਸੂਰਜ (ਭਾਨੁ) ਜਿਨ੍ਹਾਂ ਦੀਆਂ ਠੰਢੀਆਂ ਅਤੇ ਗਰਮ ਕਿਰਨਾਂ ਸਤਿ ਸੰਗ ਵਿਖੇ ਵਰਤੀਂਦੀਆਂ ਹਨ। ਲੱਖਾਂ ਹੀ ਵੇਦ ਅਤੇ ਲੱਖਾਂ ਹੀ ਪੁਰਾਨ ਇਕ ਸਤਿਸੰਗ ਦੇ ਤੁਲ ਨਹੀਂ ਹਨ। ਅਜਿਹੇ ਗੁਰਮੁਖਾਂ ਦੀ ਚਰਨ ਧੂੜ ਨਾਲ ਪਰਾਪਤ ਹੋਈ ਮਹਿਮਾ ਪ੍ਰਮਾਤਮਾ ਦੇ ਦਰ ਘਰ ਪ੍ਰਵਾਨ ਹੁੰਦੀ ਹੈ।

----

## ਵਾਰ ਤੀਜੀ,

*ਪਉੜੀ 11 (ਗੁਰਸਿੱਖ ਅਭੇਦ)*

ਗੁਰ ਸਿਖੁ ਸਿਖੁ ਗੁਰ ਸੋਇ ਅਲਖ ਲਖਾਇਆ।
ਗੁਰ ਦੀਖਿਆ ਲੈ ਸਿਖਿ ਸਿਖੁ ਸਦਾਇਆ।
ਗੁਰ ਸਿਖੁ ਇੱਕੋ ਹੋਇ ਜੋ ਗੁਰ ਭਾਇਆ।
ਹੀਰਾ ਕਣੀ ਪਰੋਇ ਹੀਰੁ ਬਿਧਾਇਆ।
ਜਲ ਤਰੰਗੁ ਅਵਲੋਇ ਸਲਿਲ ਸਮਾਇਆ।
ਜੋਤੀ ਜੋਤਿ ਸਮੋਇ ਦੀਪੁ ਦੀਪਾਇਆ।
ਅਚਰਜ ਅਚਰਜੁ ਢੋਇ ਚਲਿਤੁ ਬਣਾਇਆ।
ਦੁਧਹੁ ਦਹੀ ਵਿਲੋਇ ਘਿਉ ਕਢਾਇਆ।
ਇਕੁ ਚਾਨਣੁ ਤ੍ਰਿਹੁ ਲੋਇ ਪ੍ਰਗਟੀਆਇਆ ।।11।।

---

*ਦੀਖਿਆ: ਗੁਰ ਮੰਤਰ ਲੈਣਾ। ਬਿਧਾਇਆ: ਵਿਨ੍ਹਿਆ ਗਿਆ। ਤਰੰਗੁ: ਲਹਿਰ। ਅਵਲੋਇ: ਵੇਖੋ। ਸਲਿਲ: ਪਾਣੀ। ਵਿਲੋਇ: ਰਿੜਕ ਕੇ ਭਾਵ ਮੰਥਨ ਕਰਕੇ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਤੇ ਸਿਖ ਦੋਨਾਂ ਨੇ ਰਲ ਕੇ ਉਸ ਅਲਖ ਪ੍ਰਮਾਤਮਾ ਦੇ ਭੇਦਾਂ ਨੂੰ ਦੁਨੀਆਂ ਅੰਦਰ ਪਰਚਾਰਿਆ ਹੈ। ਜਿਨ੍ਹਾਂ ਨੇ ਗੁਰੂ ਕੋਲੋਂ ਨਾਮ (ਦੀਖਿਆ) ਲਿਆ ਉਹੀ ਗੁਰਮੁਖ ਸਿਖ ਸਦਾਉਂਦਾ ਹੈ ਜਦ ਸਿਖ ਨੂੰ ਗੁਰੂ ਦੇ ਗਿਆਨ ਦੀ ਸੋਝੀ ਹੋਈ ਅਤੇ ਉਸਦੀ ਕਾਬਲੀਅਤ ਗੁਰੂ ਜਾਣ ਗਿਆ ਤਦ ਗੁਰੂ ਅਤੇ ਚੇਲਾ ਦੋਵੇ ਇਕ ਰੂਪ ਹੋ ਜਾਂਦੇ ਹਨ। ਇਸ ਤਰ੍ਹਾਂ ਜਿਵੇ ਹੀਰੇ ਦੀ ਕਣੀ ਨੇ ਭਾਵ ਹੀਰੇ ਨੇ ਹੀ ਹੀਰੇ ਨੂੰ ਵਿੰਨ੍ਹ ਕੇ ਸੰਪੂਰਨ ਕਰ ਦਿਤਾ ਹੈ। ਗੁਰੁ-ਚੇਲਾ ਇਸ ਤਰ੍ਹਾਂ ਇਕ ਹੋ ਗਏ ਜਿਵੇਂ ਸਮੁੰਦਰ ਦੀਆਂ ਲਹਿਰਾਂ ਸਮੁੰਦਰ ਵਿਚ ਹੀ ਸਮੋ ਜਾਂਦੀਆਂ ਹਨ। ਜਿਵੇਂ ਇਕ ਜੋਤ ਤੋਂ ਦੂਜੀ ਜੋਤ ਜਗਾ ਲਈਦੀ ਹੈ। ਕਈ ਤਰ੍ਹਾਂ ਦੇ ਹੈਰਾਨ ਤੋਂ ਹੈਰਾਨ ਕਰਨ ਵਾਲੇ ਕਾਰਜ ਰਚ ਦਿਤੇ ਹਨ ਜਿਵੇਂ

ਦੁੱਧ ਨੂੰ ਜਮਾ ਕੇ ਦਹੀਂ ਅਤੇ ਦਹੀ ਨੂੰ ਰਿੜਕ ਕੇ ਘਿਉ ਕੱਢ ਲਈਦਾ ਹੈ। ਇਸੇ ਤਰ੍ਹਾਂ ਇਕੋ ਵਾਹਿਗੁਰੂ ਜੀ ਦੀ ਪ੍ਰਤਿਭਾ ਦਾ ਚਾਨਣਾ ਤਿੰਨਾਂ ਲੋਕਾਂ (ਤ੍ਰਿਹ ਲੋਇ) ਵਿਚ ਛਾਇਆ ਹੋਇਆ ਹੈ।

----

## ਵਾਰ ਤੀਜੀ,

*ਪਉੜੀ 12 (ਉੱਪਰਲੇ ਭਾਵ ਪਰ ਹੈ)*

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ।
ਅੰਗਦੁ ਅਲਖੁ ਅਭੇਉ ਸਹਜਿ ਸਮੋਇਆ।
ਅਮਰਹੁ ਅਮਰ ਸਮੇਉ ਅਲਖੁ ਅਲੋਇਆ।
ਰਾਮ ਨਾਮ ਅਰਿਖੇਉ ਅੰਮ੍ਰਿਤ ਚੋਇਆ।
ਗੁਰ ਅਰਜਨ ਕਰਿ ਸੇਉ ਢੋਐ ਢੋਇਆ।
ਗੁਰ ਹਰਗੋਬਿੰਦ ਅਮੇਉ ਅਮਿਉ ਵਿਲੋਇਆ।
ਸਚਾ ਸਚਿ ਸੁਚੇਉ ਸਚਿ ਖਲੋਇਆ।
ਆਤਮ ਅਗਹ ਗਹੇਉ ਸਬਦੁ ਪਰੋਇਆ।
ਗੁਰਮੁਖ ਅਭਰ ਭਰੇਉ ਭਰਮ ਭਉ ਖੋਇਆ ॥12॥

---

*ਅਭੇਉ: ਅਭੇਦ ਮਿਲ ਕੇ। ਸਿਮੇਉ: ਵਿਚ ਸਮਾ ਕੇ। ਅਲੋਇਆ: ਸਮਝਾਉਣਾ।*
*ਅਰਿਖੇਉ: ਸਚਾ ਪ੍ਰੇਮ। ਢੋਐ: ਦਾਤ। ਅਮੇਉ: ਅਗਾਧ। ਵਿਲੋਇਆ: ਰਿੜਕਿਆ।*
*ਸੁਚੇਉ: ਸਚਾ। ਪਕੜ ਤੋਂ ਪਰ੍ਹੇ। ਗਹੇਉ: ਅਭਰ: ਖਾਲੀ। ਭਰੇਉ: ਭਰਿਆ ਹੋਇਆ।*

ਭਾਈ ਗੁਰਦਾਸ ਜੀ ਵਾਰ ਤੀਜੀ ਦੀ ਪਉੜੀ ਗਿਆਰਾਂ ਵਿਚ ਗੁਰੂ ਚੇਲਾ ਦੇ ਫਰਜ਼, ਅਧਿਐਨ ਅਤੇ ਅਭਿਆਸ ਬੜੀ ਬਾਰੀਕੀ ਨਾਲ ਲਿਖਦੇ ਹਨ ਅਤੇ ਇਸ ਬਾਰਵੀਂ ਪਉੜੀ ਵਿਚ ਉਹੀ ਫਰਜ਼, ਅਧਿਐਨ ਅਤੇ ਅਭਿਆਸ ਸਿੱਖ ਗੁਰੂਆਂ ਭਾਵ ਪਹਿਲੀਆਂ ਪੰਜ ਪਾਤਸ਼ਾਹੀਆਂ ਬਾਰੇ ਕਿਵੇਂ ਅਤੇ ਜਿਵੇਂ ਗੁਰਗੱਦੀ ਦਿਤੀ ਜਾਂ ਮਿਲੀ ਹੈ ਉਸ ਦਾ ਵਿਸਤਰਿਤ ਵਰਨਣ ਕਰਦੇ ਹਨ। ਲਿਖਦੇ ਹਨ ਕਿ ਸਤਿਗੁਰ ਨਾਨਕ ਦੇਵ ਜੀ ਗੁਰੂਆਂ ਦੇ ਗੁਰੂ ਹੋਏ ਹਨ। ਜਿਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵਾਹਿਗੁਰੂ ਕੋਲ ਪਹੁੰਚਣ ਦੇ ਰਸਤੇ ਵਿਖਾਏ ਹੀ ਨਹੀਂ ਸਗੋਂ ਉਨ੍ਹਾਂ ਨੂੰ ਅਧਿਐਨ ਅਤੇ ਅਭਿਆਸ ਕਰਵਾ ਕੇ ਇਕ ਵਾਹਿਗੁਰੂ ਜੀ ਦੇ ਲੜ ਲਾ ਦਿਤਾ। ਜਿਵੇਂ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਪ੍ਰਮਾਤਮਾਂ ਵਲੋਂ ਵਰੋਸਾਏ ਹੋਏ ਸਨ ਉਹੀ ਸਹਿਜ ਅਵਸਥਾ ਵਾਲਾ ਪਦ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਦਿਵਾ ਦਿਤਾ। ਇਸੇ ਤਰ੍ਹਾਂ ਅਗਿਓਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਕ ਅਜੂਨੀ ਪ੍ਰਮਾਤਮਾ ਦੇ ਸੰਗ ਮਿਲਾ ਕੇ ਜੁ ਅਲਖ ਕਾਰਜ ਸੀ, ਉਹ ਸਾਰਾ ਉਨ੍ਹਾਂ ਨੂੰ ਸਮਝਾ ਕੇ ਸੌਂਪ ਦਿਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਉਹੀ ਅੰਮ੍ਰਿਤ ਦਾ ਪਿਆਲਾ ਸ੍ਰੀ ਗੁਰੂ ਰਾਮਦਾਸ ਜੀ ਨੂੰ ਪਿਲਾ ਕੇ

ਸਹਿਜ ਪਦ ਦਿਵਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਅਮਰਦਾਸ ਜੀ ਦੀ ਖੂਬ ਸੇਵਾ ਕਮਾਈ ਕੀਤੀ ਅਤੇ ਉਨ੍ਹਾਂ ਨੂੰ ਗੁਰੂ ਵਾਲਾ ਪਦ ਪਰਾਪਤ ਹੋਇਆ। ਸ੍ਰੀ ਗੁਰੂ ਹਰਗੋਬਿੰਦ ਜੀ ਨੇ ਇਕ ਸ਼ਬਦ ਨੂੰ ਸਮਝਿਆਂ ਅਤੇ ਹੋਰਨਾਂ ਨੂੰ ਸਮਝਾਇਆ ਜਿਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਸੰਨ ਹੋ ਗਏ ਅਤੇ ਉਨ੍ਹਾਂ ਦੀ ਮਿਹਰ ਦ੍ਰਿਸ਼ਟੀ ਨਾਲ ਉਨ੍ਹਾਂ ਅੰਦਰ ਇਕ ਸਚ ਸਮਾ ਗਿਆ ਅਤੇ ਉਹ ਇਕ ਪ੍ਰਮਾਤਮਾ ਦਾ ਰੂਪ ਹੋ ਜਾਣ ਬਾਅਦ ਉਨ੍ਹਾਂ ਨੂੰ ਗੁਰੂ ਦੀ ਪੱਦਵੀ ਪਰਾਪਤ ਹੋਈ। ਜਿਨ੍ਹਾਂ ਗੁਰਮੁਖਾਂ ਦੇ ਮਨਾ ਵਿਚ ਗੁਰੂਆਂ ਜੀ ਦੀ ਕ੍ਰਿਪਾ ਨਾਲ ਸ਼ਬਦ ਗੁਰੂ (ਅਗਾਧ) ਵਸ ਗਿਆ ਉਨ੍ਹਾਂ ਨੇ ਅਗੇ ਮਨੁਖਾਂ ਦੇ ਅਗਿਆਨ ਮਨਾਂ ਵਿਚ ਸ਼ਬਦ ਦੇ ਗਿਆਨ ਦਾ ਭੰਡਾਰਾ ਵਸਾ ਦਿਤਾ ਅਤੇ ਉਨ੍ਹਾਂ ਨੂੰ ਸੰਸਾਰਕ ਵਹਿਮਾਂ ਅਤੇ ਜਮਦੂਤ ਦੇ ਡਰ ਨੂੰ ਉਨ੍ਹਾਂ ਦੇ ਮਨਾ ਵਿਚੋਂ ਸਦਾ ਸਦਾ ਲਈ ਦੂਰ ਕਰ ਦਿਤਾ।

----

## ਵਾਰ ਤੀਜੀ,

*ਪਉੜੀ 13 (ਗੁਰਮੁਖ)*

ਸਾਧਸੰਗਤਿ ਭਉ ਭਾਉ ਸਹਜੁ ਬੈਰਾਗੁ ਹੈ।
ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ।
ਮਧੁਰ ਬਚਨ ਆਲਾਉ ਹਉਮੈ ਤਿਆਗੁ ਹੈ।
ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗੁ ਹੈ।
ਪਿਰਮ ਪਿਆਲੇ ਸਾਉ ਮਸਤਕਿ ਭਾਗੁ ਹੈ।
ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ।
ਅੰਤਰਿ ਗੁਰਮਤਿ ਚਾਉ ਅਲਿਪਤੁ ਅਦਾਗੁ ਹੈ।
ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ ॥13॥

---

*ਆਲਾਉ: ਬੋਲਣਾ। ਮਧੁਰ: ਸੁਰੀਲੇ। ਪਰਥਾਉ: ਅਨੁਸਾਰ। ਅਨੁਰਾਗੁ: ਪ੍ਰੇਮ ਰਾਗ।*
*ਸਾਉ: ਸੁਆਦ। ਬ੍ਰਹਮਾਉ: ਬ੍ਰਹਮਾ ਆਦਿਕ। ਅਲਿਪਤੁ: ਜੁਦਾ, ਅਲਾਇਦਾ।*

ਸਾਧ ਸੰਗਤ ਵਿਚ ਗੁਰਮੁਖ ਸਦਾ ਇਕ ਪ੍ਰਮਾਤਮਾ ਦੇ ਹੁਕਮ ਤੋਂ ਡਰ ਕੇ ਬੜੇ ਪ੍ਰੇਮ ਪਿਆਰ ਨਾਲ ਵੈਰਾਗ ਵਿਚ ਚਲੇ ਜਾਂਦੇ ਹਨ। ਅਜਿਹਾ ਗੁਰਮੁਖ ਕਿਸੇ ਖਾਸ ਯਤਨਾ ਨਾਲ ਨਹੀਂ ਕਰਦੇ ਸਗੋਂ ਬੜੇ ਸਹਿਜ ਨਾਲ ਸ਼ਬਦ ਗੁਰੂ ਨਾਲ ਜੁੜੇ ਰਹਿੰਦੇ ਹਨ। ਇਕ ਪ੍ਰਮਾਤਮਾ ਦੀ ਸਿਫਤ ਕਰਦੇ ਹੋਏ ਆਪਣੇ ਮਨਾ ਵਿਚੋਂ ਹੰਕਾਰ ਗੁਆ ਕੇ ਸਭ ਨੂੰ ਮਿੱਠੜੇ ਬੋਲ ਬੋਲਦੇ ਹਨ। ਸਤਿਗੁਰ ਜੀ ਦੀਆਂ ਸਿਖਿਆਵਾਂ ਅਨੁਸਾਰ ਸਦਾ ਇਕ ਦੂਜੇ ਨਾਲ ਪ੍ਰੇਮ ਭਾਵਨਾ ਨਾਲ ਮਿਲਦੇ ਵਰਤਦੇ ਹਨ। ਇਹ ਉਨ੍ਹਾਂ ਗੁਰਮੁਖਾਂ ਦੇ ਮਸਤਕ ਉਪਰ ਲਿਖੇ ਭਾਗ ਹਨ ਜਿਨ੍ਹਾਂ ਦੇ ਫਲ ਸਰੂਪ ਉਹ ਜਿਹੜਾ ਵਾਹਿਗੁਰੂ ਜੀ ਵਲੋਂ ਵਰੋਸਾਏ ਪ੍ਰੇਮ ਪਿਆਲੇ ਵਿਚ ਅੰਮ੍ਰਿਤ ਦਾਤ (ਸੱਚ ਬੋਲਦੇ ਹਨ) ਪੀਂਦੇ ਹਨ। ਉਹ ਗੁਰਮੁਖ ਬ੍ਰਹਮ ਪੱਦ ਦੀ ਪਰਾਪਤੀ ਕਾਰਨ ਬ੍ਰਹਮ

ਅਤੇ ਹੋਰ ਪਰਾਣੀਆਂ ਨੂੰ ਇਕ ਸ਼ਬਦ ਦਾ ਗਿਆਨ ਦੇਣ ਦੇ ਕਾਬਲ ਹੋ ਗਏ ਹਨ। ਉਹ ਆਪਣੇ ਗੁਰੂ ਦੀਆਂ ਸਿਖਿਆਵਾਂ ਨੂੰ ਆਪਣੇ ਮਨਾ ਵਿਚ (ਅੰਤਰ ਗੁਰਮਤਿ) ਸਮਾ ਕੇ ਬਹੁਤ ਖੁਸ਼ ਰਹਿੰਦੇ ਹਨ ਅਤੇ ਕਈ ਤਰ੍ਹਾਂ ਦੇ ਵਿਸ਼ੇ-ਵਕਾਰਾਂ ਅਤੇ ਮਾਇਆ ਦੇ ਤਿਆਗੀ ਬਣ ਜਾਂਦੇ ਹਨ। ਭਾਈ ਗੁਰਦਾਸ ਜੀ ਦੇ ਲਿਖਣ ਅਨੁਸਾਰ ਇਹ ਜਗਤ ਵੀਹ ਵਿਸਵਿਆ (ਜਿਵੇਂ ਇਕ ਵਿੱਘੇ ਵਿਚ ਵੀਹ ਵਿਸਵੇ ਹੁੰਦੇ ਹਨ ਭਾਵ ਵੀਹਾਂ ਵਿਚ ਫਸਿਆ ਹੋਇਆ ਹੈ ਪਰ ਗੁਰਮੁਖ ਲੋਕ ਇਕੀਵੇਂ ਪੱਦ (ਭਾਵ ਪ੍ਰਮਾਤਮਾ ਕੋਲ) ਵਿਚ ਰਹਿੰਦੇ ਹਨ ਅਤੇ ਸਦਾ ਸੁਹਾਗ ਭਾਵ ਸਦਾ ਅਨੰਦ ਵਿਚ ਰਹਿ ਕੇ ਜੀਵਨ ਮੁਕਤੀ ਨੂੰ ਪਰਾਪਤ ਕਰਦੇ ਹਨ।

----

## ਵਾਰ ਤੀਜੀ

*ਪਉੜੀ 14 (ਉਪਰਲੇ ਭਾਵ)*

ਗੁਰਮੁਖਿ ਸਬਦ ਸਮ੍ਹਾਲ ਸੁਰਤਿ ਸਮਾਲੀਐ।
ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ।
ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।
ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।
ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ।
ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।
ਗੁਰਮੁਖਿ ਅਕਲ ਅਕਾਲ ਭਗਤਿ ਸੁਖਾਲੀਐ।
ਗੁਰਮੁਖਿ ਹੰਸਾ ਢਾਲਿ ਰਸਿਕ ਰਸਾਲੀਐ ॥14॥

---

*ਸਮ੍ਹਾਲ: ਯਾਦ ਕਰਨਾ। ਸਮਾਲੀਐ: ਯਾਦ ਕਰੋ। ਨਿਹਾਲੀਐ: ਵੇਖੋ। ਹਿਆਲੀਐ: ਹਿਰਦੇ ਵਿਚ। ਅਕਲ: ਕਲਪਨਾ ਤੋਂ ਰਹਿਤ। ਹੰਸਾ ਢਾਲਿ: ਹੰਸਾ ਵਾਂਗਰ। ਰਸਿਕ ਰਸਾਲੀਐ: ਪ੍ਰੇਮੀਆਂ ਦਾ ਪ੍ਰੇਮੀ।*

ਜੋ ਗੁਰਮੁਖ ਸ਼ਬਦ ਨੂੰ ਆਪਣੇ ਮਨ ਵਿਚ ਵਸਾ ਕੇ (ਸਮ੍ਹਾਲ) ਰਖਦੇ ਹਨ ਉਨ੍ਹਾ ਦੇ ਮਨਾ ਵਿਚ ਈਸ਼ਵਰ ਦੀ ਪ੍ਰੀਤ ਸਦਾ ਵਸੀ ਰਹਿੰਦੀ ਹੈ। ਭਾਵ ਕਿ ਸ਼ਬਦ ਗੁਰੂ ਨੂੰ ਸਦਾ ਯਾਦ (ਸੁਰਤਿ) ਰਖ ਕੇ ਸਿਮਰਨ ਕਰਦੇ ਹਨ। ਅਜਿਹੇ ਗੁਰਮੁਖਾਂ ਦੀ ਮਿਹਰ ਭਰੀ ਨਜ਼ਰ ਨਾਲ ਮਨੁਖ ਹਮੇਸ਼ਾ ਨਿਹਾਲ ਰਹਿੰਦਾ ਹੈ। ਇਸ ਕਰਕੇ ਹਮੇਸ਼ਾ ਗੁਰਮੁਖਾ ਨੂੰ ਵੇਖ ਕੇ ਮਨ ਵਿਚ ਖੁਸ਼ੀ ਪ੍ਰਗਟਾਉਣੀ ਚਾਹੀਦੀ ਹੈ ਅਤੇ ਬੜੀ ਸ਼ਰਧਾ ਨਾਲ ਉਨ੍ਹਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ। ਗੁਰਮੁਖਾਂ ਦੀ ਕਮਾਈ ਦੀ ਸੇਵਾ ਕੋਈ ਵਿਰਲਾ ਹੀ ਕਰ ਸਕਦਾ ਹੈ। ਗੁਰਮੁਖ ਦੇ ਦਿਲ ਬਹੁਤ ਦਿਆਲੂ ਹੁੰਦੇ ਹਨ ਅਤੇ ਉਹ ਸਦਾ ਆਪਣੇ ਦਿਲ ਵਿਚ ਪਿਆਰ ਮੁਹੱਬਤ (ਹੇਤੁ ਹਿਆਲੀਐ) ਭਰੀ ਰਖਦੇ ਹਨ। ਜੋ ਮਨੁਖ ਅਜਿਹੇ ਗੁਰਮੁਖਾਂ ਨਾਲ ਆਪਣਾ ਹਿਤ ਜਗਾਉਂਦੇ ਹਨ ਉਹ ਸਮਝ ਲਓ ਕਿ ਜੋ ਗੁਰਮੁਖ ਸ਼ਬਦ ਨੂੰ ਆਪਣੇ ਮਨ ਵਿਚ ਵਸਾ ਕੇ

(ਸਮ੍ਹਾਲ) ਰਖਦੇ ਹਨ ਉਨ੍ਹਾ ਦੇ ਮਨਾਂ ਵਿਚ ਈਸ਼ਵਰ ਦੀ ਪ੍ਰੀਤ ਸਦਾ ਵਸੀ ਰਹਿੰਦੀ ਹੈ। ਭਾਵ ਕਿ ਸ਼ਬਦ ਗੁਰੂ ਨੂੰ ਸਦਾ ਯਾਦ (ਸੁਰਤਿਭਾਵ ਗਿਆਨ ਇੰਦਰੀ ਵਿਚ) ਰਖ ਕੇ ਸਿਮਰਨ ਕਰਦੇ ਹਨ। ਅਜਿਹੇ ਗੁਰਮੁਖਾਂ ਦੀ ਮਿਹਰ ਭਰੀ ਨਜ਼ਰ ਨਾਲ ਮਨੁਖ ਹਮੇਸ਼ਾ ਨਿਹਾਲ ਰਹਿੰਦਾ ਹੈ। ਇਸ ਕਰਕੇ ਹਮੇਸ਼ਾ ਗੁਰਮੁਖਾਂ ਨੂੰ ਵੇਖ ਕੇ ਮਨ ਵਿਚ ਖੁਸ਼ੀ ਪ੍ਰਗਟਾਉਣੀ ਚਾਹੀਦੀ ਹੈ ਅਤੇ ਬੜੀ ਸ਼ਰਧਾ ਨਾਲ ਉਨ੍ਹਾਂ ਦੇ ਦਰਸ਼ਨ ਕਰਨੇ ਚਾਹੀਦੇ ਹਨ। ਜਿਹੜੇ ਮਨੁਖ ਅਜਿਹੇ ਗੁਰਮੁਖਾਂ ਦੀ ਸੰਗਤ ਕਰਦੇ ਹਨ, ਸਮਝ ਲਓ ਕਿ ਸ਼ਬਦ ਗੁਰੂ ਦੀ ਸਿਖਿਆ ਨੂੰ ਪਾ ਲੈਂਦੇ ਹਨ। ਅਜਿਹੇ ਗੁਰਮੁਖਾਂ ਪਾਸੋਂ 'ਰਤਨ' ਭਾਵ ਸ਼ਬਦ ਵਿਚ ਨਿਹਾਲ ਹੋਣ ਦੀ ਵਿਧੀ ਅਤੇ ਪ੍ਰਮਾਤਮਾ ਹਿਤ ਪ੍ਰੇਮ ਕਰਨਾ ਸਿਖੋ। ਗੁਰਮੁਖ ਕਲਪਨਾ ਨਹੀ ਕਰਦੇ। ਅਮਰ ਪੱਦ ਪਾ ਲੈਂਦੇ ਹਨ ਉਨ੍ਹਾਂ ਦੀ ਭਗਤੀ ਕਰਨੀ, ਸੇਵਾ ਕਰਨੀ ਆਦਿ ਸੁਖ ਦੇਣ ਵਾਲੀ ਹੁੰਦੀ ਹੈ। ਗੁਰਮੁਖ ਲੋਕ ਹੰਸਾਂ ਵਾਂਗ ਜਿਵੇਂ ਹੰਸ ਮੋਤੀ ਚੁੱਗਦਾ ਹੈ ਅਤੇ ਗੁਰਮੁਖ ਹਮੇਸ਼ਾ ਇਕ ਸੱਚੇ ਤਰਕ ਵਾਲੇ ਗੁਣ ਹੀ ਰਖਦੇ ਹਨ ਅਤੇ ਆਪਣੇ ਮਨੋ ਤਨੋ ਸਭ ਨੂੰ ਇਕ ਬਰਾਬਰ ਸਮਝ ਕੇ ਪ੍ਰੇਮ ਪਿਆਰ ਕਰਦੇ ਹਨ।

----

## ਵਾਰ ਤੀਜੀ

*ਪਉੜੀ 15 (ਮੂਲ ਮੰਤ੍ਰ ਦਾ ਗੁੱਝਾ ਭੇਦ)*

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿ ਨਾਮੁ ਕਰਤਾਰੁ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ ॥15॥

---

*ਏਕੰਕਾਰੁ: ਇਕ ਆਕਾਰ ਵਾਲਾ। ਓਅੰਕਾਰ:ਉਪਕਾਰ ਕਰਨ ਵਾਲਾ ਪ੍ਰਮਾਤਮਾ। ਨੀਸਾਣੁ: ਨਿਸ਼ਾਨ। ਸੁਮਾਰੁ: ਸ਼ਾਮਲ ਹੋ ਕੇ। ਨੀਲ: ਸੰਖ ਤੱਕ ਗਿਣਤੀ। ਅਨੀਲ: ਬੇਗਿਣਤ।*

ਇਕੋ ਅਕਾਰ ਵਾਲਾ ਭਾਵ ਉਸ ਵਰਗਾ ਕੋਈ ਹੋਰ ਹੈ ਹੀ ਨਹੀਂ, ਬਾਰੇ ਲੁਕਾਈ ਨੂੰ ਗਿਆਨ ਦਿਤਾ ਹੈ। ਊੜਾ ਓਅੰਕਾਰ ਤੋਂ ਭਾਵ ਵੀ ਇਕ ਪ੍ਰਮਾਤਮਾ ਹੀ ਹੈ ਜਿਸਦਾ ਅਕਾਰ ਇਕੋ ਹੀ ਹੈ। ਉਹ ਓਅੰਕਾਰ ਦੁਨੀਆਂ ਦਾ ਕਰਤਾ ਹੈ ਨਿਡਰ ਹੈ, ਨਿਰਵੈਰ ਹੈ, ਜੈ-ਮੂਰਤ ਹੈ, ਮਰਨ ਰਹਿਤ (ਅਕਾਲ) ਅਤੇ ਅਜੂਨੀ ਹੈ ਭਾਵ ਜੰਮਣ ਮਰਨ ਦੇ ਗੇੜ ਵਿਚ ਨਹੀਂ

ਆਉਦਾ। ਉਸਦੀ ਪਛਾਣ (ਨੀਸਾਣੁ) ਅਪਾਰ ਅਤੇ ਸੱਚੀ ਹੈ ਅਤੇ ਸਾਰੇ ਇਕੋ ਜੋਤ ਦੇ ਸਰੂਪ ਹਨ। 'ਓਅੰਕਾਰ' ਸ਼ਬਦ ਪੰਜਾਂ ਅੱਖਰਾਂ ਵਾਲਾ ਹੈ ਭਾਵ ਉਹ ਪ੍ਰਮਾਤਮਾਂ ਜਿਹੜਾ ਉਪਕਾਰੀ ਹੈ। ਗੁਰਮੁਖ ਉਸਦੇ ਨਾਮ ਵਿਚ ਲਿਪਤਿਆ ਹੋਇਆ ਹੁੰਦਾ ਹੈ। ਅਜਿਹਾ ਗੁਰਮੁਖ ਫਿਰ ਇਕ ਪ੍ਰਮਾਤਮਾਂ ਦੀ ਸਵੱਲੀ ਨਜ਼ਰ ਨਾਲ ਨਿਹਾਲ ਹੋ ਕੇ ਮੁਕਤੀ ਪਦ ਪਾਉਂਦਾ ਹੈ। ਇਕ ਤੋਂ ਲੈ ਕੇ ਨੌਂ ਤੱਕ ਗਿਣਤੀ ਇਕ ਸਿਫਰ ਲਗਣ ਨਾਲ ਵਿਗਿਆਨਕ ਬਣ ਜਾਂਦੀ ਹੈ ਅਤੇ ਗਿਣਤੀ ਸੰਖਾਂ ਤੋਂ ਅਸੰਖਾਂ ਤੱਕ ਪਹੁੰਚ ਜਾਂਦੀ ਹੈ ਭਾਵ ਬੇਗਿਣਤ ਹੋ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਇਸ ਗਿਣਤੀ ਦਾ ਮੂਲ ਭਾਵ ਇਹ ਹੈ ਕਿ ਗੁਰਮੁਖ ਦਾ ਪ੍ਰੇਮ ਭਾਵ ਬੇਗਿਣਤ ਹੋ ਜਾਂਦਾ ਹੈ।

----

## ਵਾਰ ਤੀਜੀ

*ਪਉੜੀ 16 (ਚਾਰ ਵਰਨ ਦੇ ਏਕੋ ਭਾਈ)*

ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ।
ਜਾਣ ਤੰਬੋਲਹੁ ਰੰਗੁ ਗੁਰਮੁਖਿ ਚੇਲਿਆ।
ਪੰਜੇ ਸਬਦ ਅਭੰਗ ਅਨਹਦ ਕੇਲਿਆ।
ਸਤਿਗੁਰ ਸਬਦਿ ਤਰੰਗ ਸਦਾ ਸੁਹੇਲਿਆ।
ਸਬਦ ਸੁਰਤਿ ਪਰਸੰਗ ਗਿਆਨ ਸੰਗ ਮੇਲਿਆ।
ਰਾਗ ਨਾਦ ਸਰਬੰਗ ਅਹਿਨਿਸਿ ਭੇਲਿਆ।
ਸਬਦ ਅਨਾਹਦੁ ਰੰਗ ਸੁਝ ਇਕੇਲਿਆ।
ਗੁਰਮੁਖਿ ਪੰਥੁ ਨਿਪੰਗੁ ਬਾਰਹ ਖੇਲਿਆ ॥16॥

---

*ਤੰਬੋਲਹੁ: ਪਾਨਾਂ ਦਾ ਬੀੜਾ। ਅਭੰਗ:ਬਿਨ ਕਿਸੇ ਰੋਕ ਦੇ, ਸਾਬਤ-ਸਬੂਤ। ਅਨਹਦ: ਮਨ ਦੀ ਇਕਾਗਰਤਾ ਸਮੇਂ ਜੋ ਮਹਿਸੂਸ ਹੁੰਦਾ ਹੈ। ਪਰਸੰਗ: ਕਹਾਣੀ। ਸਰਬੰਗ: ਸਾਰੇ ਅੰਗਾ ਨਾਲ। ਅਹਿਨਿਸਿ: ਰਾਤ ਦਿਨ। ਨਿਪੰਗੁ: ਨਿਰਮਲ। ਬਾਰਹ: ਇੰਦਰੀਆਂ (ਪੰਜ ਗਿਆਨ ਇੰਦਰੀਆਂ, ਪੰਜ਼ ਕਰਮ ਇੰਦਰੀਆਂ ਅਤੇ ਮਨ ਅਟੇ ਬੁੱਧੀ ਰਲ਼ ਕੇ ਬ਼ਾਰਾਹ ਇੰਦਰੀਆਂ ਹੋ ਜਾਂਦੀਆਂ ਹਨ।) ਖੇਲਿਆ: ਪੁੱਗ ਜਾਣ ਦੀ ਹਾਲਤ ਨੂੰ ਖੇਲਿਆ ਕਿਹਾ ਜਾਂਦਾ ਹੈ।*

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਲਿਖਦੇ ਹਨ ਕਿ ਜਿਵੇਂ ਚਾਰੇ ਵਰਨ ਇਕੱਠੇ ਹੋ ਕੇ ਸਤਿਸੰਗ ਵਿਚ ਬੈਠਦੇ ਹਨ। ਉਹ ਇਸ ਤਰ੍ਹਾਂ ਲਗਦੇ ਹਨ ਜਿਵੇਂ ਪਾਨ ਦੇ ਬੀੜੇ ਦਾ ਰੰਗ ਲਾਲ ਹੋ ਜਾਂਦਾ ਹੈ ਭਾਵ ਜਿਵੇਂ ਕੱਥ, ਸੁਪਾਰੀ, ਚੂਨਾ ਅਤੇ ਪਾਨ ਮਿਲ ਕੇ ਲਾਲ ਰੰਗ ਵਿਚ ਬਦਲ ਜਾਂਦਾ ਹੈ ਤਿਵੇਂ ਸਤਿਸੰਗਤ ਵਿਚ ਬੈਠੇ ਚਾਰੇ ਵਰਨ ਭਾਵ ਖੱਤ੍ਰੀ ਬ੍ਰਾਹਮਣ, ਸੂਦ ਵੈਸ਼ ਆਦਿ ਸ਼ਬਦ ਦੇ ਰੰਗ ਵਿਚ ਲੀਨ ਹੋ ਜਾਂਦੇ ਹਨ ਤਦ ਸਾਰੇ ਇਕ ਗੁਰਮੁਖ ਹੀ ਕਹਾਉਂਦੇ ਹਨ। ਅਨਾਹਦ ਸ਼ਬਦ ਉਹ ਹੈ ਜਿਹੜਾ ਆਤਮ ਮੰਡਲ ਦੇ ਸੰਗੀਤ

ਦਾ ਅਭਾਵ ਕਰਾਉਂਦਾ ਹੈ ਅਤੇ ਮਨੁਖ ਦੇ ਕੰਨਾਂ ਦਾ ਵਿਸ਼ਾ ਨਹੀਂ ਹੁੰਦਾ ਅਤੇ ਨਾਮ ਅਭਿਲਾਸ਼ੀ ਗੁਰਮੁਖ ਨੂੰ ਚਿਤ ਦੀ ਇਕਾਗਰਤਾ ਸਮੇਂ ਮਹਿਸੂਸ ਹੁੰਦਾ ਹੈ। ਗੁਰਮੁਖ ਨੂੰ ਉਹ ਸ਼ਬਦ ਬੇਰੋਕ ਸੁਣਦਾ ਹੈ। ਸਤਿਗੁਰ ਦੇ ਸ਼ਬਦ ਨਾਲ ਜੋ ਚਿਤ ਵਿਚ ਲਹਿਰ (ਤਰੰਗ) ਫੁਟਦੀ ਹੈ, ਉਸ ਨਾਲ ਗੁਰਮੁਖ ਦਾ ਮਨ ਸਦਾ ਖੁਸ਼ ਰਹਿੰਦਾ ਹੈ। ਸੱਚੇ ਸ਼ਬਦ ਦੇ ਅਰਥਾਂ ਨੂੰ ਸਮਝਦੇ ਹੋਏ ਭਾਵ ਸ਼ਬਦ ਦੇ ਪਰਸੰਗ (ਕਹਾਣੀ) ਵਿਚੋਂ ਮਿਲੇ ਗਿਆਨ ਨੂੰ ਜਾਣਦੇ ਹੋਏ ਪ੍ਰਮਾਤਮਾ ਨਾਲ ਮਿਲ ਰਹਿੰਦੇ ਹਨ। ਸ਼ਬਦ ਦੇ ਸਚੇ ਅਰਥਾਂ ਨਾਲ ਗੁਰਮੁਖ ਦਿਨ ਰਾਤ (ਅਹਿਨਿਸ) ਆਪਣੇ ਸਾਰੇ ਸਰੀਰ ਅੰਦਰ ਵਸਾ ਕੇ ਰਖਦੇ ਹਨ। ਸ਼ਬਦ ਦੇ ਅਨਾਹਦ ਭਾਵ ਜੋ ਇਕਗਰਤਾ ਸਮੇਂ ਸੋਚ ਬਣਦੀ ਹੈ ਉਸ ਸੋਚ ਰਾਹੀਂ ਜਾਂ ਅਸਰ ਰਾਹੀਂ ਪ੍ਰਮਾਤਮਾ ਨਾਲ ਬਿਰਤੀ ਜੁੜਦੀ ਹੈ। ਗੁਰਮੁਖਾਂ ਦਾ ਮਤਾ ਪਵਿਤਰ ਕਿਸੇ ਰਲਾਵਟ ਤੋਂ ਰਹਿਤ ਨਿਰਮਲ ਹੁੰਦਾ ਹੈ ਭਾਵ ਬਾਰਾਂ ਤਰ੍ਹਾਂ ਦੀਆਂ ਮਨ ਦੀਆਂ ਹਰਕਤਾਂ ਜਿਵੇਂ ਪੰਜ ਕਰਮ ਇੰਦਰੀਆਂ, ਪੰਜ ਗਿਆਨ ਇੰਦਰੀਆਂ, ਮਨ ਅਤੇ ਬੁੱਧੀ ਵਿਚ ਸਰਗਰਮ ਰਹਿੰਦੇ ਹਨ। ਦੂਜੇ ਸ਼ਬਦਾਂ ਵਿਚ ਜਿਵੇਂ ਪੰਜ ਤੱਤਾਂ ਦੇ ਪੰਜ ਗੁਣ, ਧੀਰਜ ਛੇਵਾਂ ਗੁਣ ਅਤੇ ਸੱਤਵਾਂ ਸੰਤੋਖ ਵਿਚ ਰਹਿਣਾ, ਅੱਠਵਾਂ ਹਰੇਕ ਉਪਰ ਆਪਣੀ ਦਇਆ ਦ੍ਰਿਸ਼ਟੀ ਰੱਖਣੀ, ਨੌਵਾਂ ਆਪਣੇ ਧਰਮ ਉਪਰ ਚਲਣਾ (ਧਰਮ ਦੇ ਚਾਰ ਪ੍ਰਬੰਧ ਖਾਸ ਹਨ। ਜਿਵੇਂ 1, ਸੱਤ, 2। ਗਿਆਨ, 3। ਨੀਤੀ, 4। ਦਾਨ ਆਦਿ।, ਸੱਚ ਬੋਲਣਾ ਦਸਵਾਂ ਗਿਆਨ, ਗਿਆਰਵਾਂ ਸੱਚ ਬੋਲਣਾ, ਬਾਰਵਾਂ ਵਿਰਾਗ: ਰੱਬ ਦੇ ਨਾਮ ਦੇ ਵਿਰਾਗ ਵਿਚ ਰਹਿਣਾ।

----

## ਵਾਰ ਤੀਜੀ

### ਪਉੜੀ 17

*(ਗੁਰਮੁਖ ਅੰਜਨ) ਹੋਈ ਆਗਿਆ ਆਦਿ ਆਦਿ ਨਿਰੰਜਨੋ।*

ਨਾਦੈ ਮਿਲਿਆ ਨਾਦੁ ਹਉਮੈ ਭੰਜਨੋ।
ਬਿਸਮਾਦੈ ਬਿਸਮਾਦੁ ਗੁਰਮੁਖਿ ਅੰਜਨੋ।
ਗੁਰਮਤਿ ਗੁਰ ਪ੍ਰਸਾਦਿ ਭਰਮੁ ਨਿਖੰਜਨੋ।
ਆਦਿ ਪੁਰਖੁ ਪਰਮਾਦਿ ਅਕਾਲ ਅਗੰਜਨੋ।
ਸੇਵਕ ਸਿਵ ਸਨਕਾਦਿ ਕ੍ਰਿਪਾ ਕਰੰਜਨੋ।
ਜਪੀਐ ਜੁਗਹੁ ਜੁਗਾਦਿ ਗੁਰ ਸਿਖ ਮੰਜਨੋ।
ਪਿਰਮ ਪਿਆਲੇ ਸਾਦੁ ਪਰਮ ਪੁਰੰਜਨੋ।
ਆਦਿ ਜੁਗਾਦਿ ਅਨਾਦਿ ਸਰਬ ਸੁਰੰਜਨੋ ।।17।।

---

*ਨਿਰੰਜਨੋ: ਮਾਇਆ ਦੇ ਲੋਭ ਤੋਂ ਰਹਿਤ। ਨਾਦੈ: ਸ਼ਬਦ। ਬਿਸਮਾਦੈ:ਅਚੰਭਾ। ਅੰਜਨੋ: ਸੁਰਮਾ। ਨਿਖੰਜਨੋ: ਨਾਸ਼ ਕਰਨ ਵਾਲਾ ਪ੍ਰਮਾਤਮਾ। ਅਗੰਜਨੋ: ਅਤੁੱਟ। ਸਨਕਾਦਿ: ਬ੍ਰਹਮਾਂ ਦੇ ਚਾਰ ਪੁਤਰਾਂ ਦੇ ਨਾਮ ਜਿਵੇਂ ਸਨਕ, ਸਨੰਦਨ, ਸਨਾਤਨ ਅਤੇ ਸਨੰਤ ਕੁਮਾਰ ਆਦਿ।*

*ਕਰੰਜਨੋ: ਕਰ ਰਿਹਾ ਹੈ। ਮੰਜਨੋ: ਮੰਜਨ ਕਰਨਾ ਭਾਵ ਇਸ਼ਨਾਨ ਕਰਨਾ। ਪਰਮ ਪੁਰੰਜਨੋ: ਪ੍ਰਮਾਤਮਾ। ਸੁਰੰਜਨੋ: ਚਾਨਣ ਕਰਨ ਵਾਲਾ।*

ਨਿਰੰਜਨੋ ਤੋਂ ਭਾਵ ਜੁ ਮਾਇਆ ਤੋਂ ਰਹਿਤ ਹੈ ਭਾਵ ਇਕ ਪ੍ਰਮਾਤਮਾ ਦਾ ਜਦ ਹੁਕਮ ਹੋਇਆਤਾਂ ਗੁਰਮੁਖ ਨੂੰ ਸ਼ਬਦ-ਬ੍ਰਹਮ ਦਾ ਸੁਭਾਗ ਹੋਇਆ ਜਿਸ ਦੇ ਜਾਪ ਕਾਰਨ ਜਾਂ ਸਿਮਰਨ ਕਾਰਨ ਗੁਰਮੁਖ ਮਨ ਵਿਚੋਂ ਹਉਮੈ ਨਿਕਲ ਗਈ। ਇਸ ਤਰ੍ਹਾਂ ਗੁਰਮੁਖਾਂ ਦਾ ਗਿਆਨ ਅਸਚਰਜ ਤੋਂ ਅਸਚਰਜ ਬਣਿਆ ਹੈ। ਗੁਰੂ ਦੀ ਮਿਹਰ ਦੇ ਸਦਕੇ ਮਨੁਖ ਦੇ ਮਨ ਵਿਚ ਵਸੈ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਆਦਿ ਪੁਰਖ ਭਾਵ ਪ੍ਰਮਾਤਮਾ ਅਕਾਲ ਹੈ ਅਤੇ ਕਿਸੇ ਜੂਨ ਤੋਂ ਬਾਹਰਾ ਹੈ। ਆਪਣੇ ਸੇਵਕਾਂ ਉਪਰ ਕ੍ਰਿਪਾ ਦ੍ਰਿਸ਼ਟੀ ਰੱਖਣ ਵਾਲਾ ਬ੍ਰਹਮਾਂ ਦੇ ਚਾਰ ਪੁੱਤਰਾਂ ਉਪਰ ਵੀ ਮਿਹਰਾਂ ਬਖਸ਼ਾਉਂਦਾ ਹੈ। ਪੜ੍ਹੋ ਗੁਰਬਾਣੀ ਆਸਾ ਮਹਲਾ ਪੰਜਵਾਂ,'ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ ਕਉ ਮਹਲੁ ਦੁਲਭਾਵਉ।' ਗੁਰਮੁਖ ਦਾ ਇਸ਼ਨਾਨ (ਮੰਜਨੋ) ਇਹੀ ਹੈ ਕਿ ਜੁਗਾਂ ਜੁਗਾਂ ਤੋਂ ਪਵਿਤਰ ਗੁਰ ਸਿਖੋ! ਰੱਬ ਦਾ ਨਾਮ ਜਪੀ ਚਲੋ ਅਤੇ ਸਦਾ ਈਸ਼ਵਰ ਦਾ ਨਾਮ ਜਪਦੇ ਰਹੋ। ਪ੍ਰੇਮ ਪਿਆਲੇ ਦਾ ਜਦ ਸੁਆਦ ਚਖਿਆ ਤਾਂ ਗੁਰਮੁਖ ਦਾ ਈਸ਼ਵਰ (ਪਰਮ ਪੁਰੰਜਨੋ) ਨਾਲ ਮੇਲ ਹੁੰਦਾ ਹੈ। ਗੁਰਮੁਖ ਇਹ ਭੇਦ ਸਮਝ ਜਾਂਦੇ ਹਨ ਕਿ ਆਦਿ ਜੁਗਾਦਿ (ਜੁਗਾ ਜੁਗਾਂਤਰਾ ਤੋਂ) ਅਤੇ ਅਨਾਦਿ (ਜਿਸ ਦਾ ਕੋਈ ਆਦਿ ਨਹੀ ਹੁੰਦਾ) ਹੈ ਅਤੇ ਉਹੀ ਸਭ ਦਾ ਪ੍ਰਿਤਪਾਲਕ (ਸਰਬ ਸੁਰੰਜਨੋ) ਹੈ।

----

## ਵਾਰ ਤੀਜੀ

*ਪਉੜੀ 18 (ਮੁਰੀਦ)*

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ।
ਨ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ ਪਾਣੀ ਢੋਵਣਾ।
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ।
ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ।
ਚੰਦ ਮੁਮਾਰਖਿ ਈਦ ਪੁਗਿ ਖਲੋਵਣਾ ॥18॥

---

*ਮੁਰੀ: ਚੇਲਾ। ਸਾਬਰੁ: ਸੰਤੋਖੀ ਮਨੁਖ। ਸਹੀਦੁ: ਜੋ ਦਸ ਕੇ ਮਰੇ। ਕਾਰੇ ਜੋਵਣਾ: ਹਰ ਵੇਲੇ ਸੇਵਾ ਕਰਨ ਵਾਲਾ। ਗੋਲਾ: ਨੌਕਰ। ਜਦੀਦ: ਨਵਾਂ। ਪਗ: ਪੈਰ। ਸੰਜੀਦ: ਸੰਜੀਦਾ*

*ਭਾਵ ਧੀਰਜਵਾਨ। ਰਸੀਦੁ: ਪਹੁੰਚਣਾ। ਭੋਵਣਾ: ਭੋਗਣਾ ਭਾਵ ਪਰਾਪਤ ਕਰਨਾ। ਮੁਮਾਰਖਿ: ਮੁਬਾਰਕਬਾਦ। ਪੁੱਗ: ਪੂਰਾ ਚੰਦਰਮਾ ਦਿਸਣਾ।*

ਇਸ ਅਠਾਰਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਕਿਸੇ ਮੁਰੀਦ ਕਰਮ, ਸ਼ਰਧਾ ਅਤੇ ਸੁਭਾ ਬਾਰੇ ਦਰਸਾਉਂਦੇ ਲਿਖਦੇ ਹਨ ਕਿ ਕਿਸੇ ਦਾ ਕੋਈ ਚੇਲਾ ਗੱਲਾਂ ਗੱਲਾਂ ਨਾਲ ਨਹੀਂ ਬਣ ਜਾਂਦਾ। ਚੇਲੇ ਨੂੰ ਗੁਰੂ ਅਗੇ ਆਪਣੀਆਂ ਸਭ ਖ਼ਾਹਿਸ਼ਾਂ ਨੂੰ ਮਾਰ ਮਿਟਾ ਕੇ ਉਸ ਦੀ ਚਾਕਰੀ ਕਰਨੀ ਪੈਂਦੀ ਹੈ। ਚੇਲਾ ਬਹੁਤ ਸੰਤੋਖੀ ਸਿਦਕੀ ਅਤੇ ਆਪੇ ਨੂੰ ਮਾਰ ਕੇ (ਭਾਵ ਆਪਣੀਆਂ ਸਾਰੀਆਂ ਇੰਦਰੀਆਂ ਨੂੰ ਮਾਰਨ ਵਾਲਾ ਸ਼ਹੀਦ) ਦਿਲ ਵਿਚੋਂ ਸਾਰੇ ਸ਼ਿਕਵੇ ਗਿਲੇ ਮਾਰ ਕੇ (ਸ਼ਹੀਦ) ਚੇਲਾ ਅਖਵਾ ਸਕੀਦਾ ਹੈ। ਜਿਵੇਂ ਕੋਈ ਕਿਸੇ ਗੁਲਾਮ ਨੂੰ ਮੁੱਲ ਖਰੀਦ ਕੇ ਕੰਮ ਕਰਵਾਉਂਦਾ ਹੈ ਠੀਕ ਚੇਲਾ ਇਸੇ ਤਰ੍ਹਾਂ ਗੁਰੂ ਦੀ ਸੇਵਾ ਵਿਚ ਲਗਿਆ ਹੋਣਾ ਚਾਹੀਦਾ ਹੈ। ਚੇਲੇ ਨੂੰ ਨਾ ਆਪਣੀ ਭੁੱਖ ਅਤੇ ਸੁਖ, ਨਾ ਨੀਂਦ ਅਤੇ ਨਾ ਖਾਣ-ਪੀਣ ਦੀ ਪਰਵਾਹ ਕਰੇ ਅਤੇ ਨਾ ਕਦੇ ਸੌਣ ਦਾ ਮੌਕਾ ਦੇਖੇ। ਤਾਜ਼ਾ ਆਟਾ ਪੀਹ ਕੇ (ਪੁਰਾਤਨ ਸਮਿਆਂ ਦਾ ਵਿਹਾਰ ਹੈ) ਪਕਵਾਨ ਤਿਆਰ ਕਰੇ, ਪਾਣੀ ਘੜੇ ਵਿਚ ਭਰਕੇ ਲਿਆਵੇ। ਗੁਰੂ ਦੇ ਚਰਨ ਧੋਵੇ ਅਤੇ ਪੱਖਾ ਆਦਿ ਦੀ ਝੱਲ ਮਾਰੇ। ਸੇਵਕ ਏਨਾ ਧੀਰਜਵਾਨ ਹੋਣਾ ਚਾਹੀਦਾ ਹੈ ਕਿ ਜੇਕਰ ਗੁਰੂ ਝਿੜਕੇ ਤਾਂ ਉਸਦੇ ਗੁੱਸੇ ਦਾ ਬੁਰਾ ਨਾ ਮਨਾਵੇ। ਜੇਕਰ ਗੁਰੂ ਮਿਹਰਬਾਨ ਹੋਵੇ ਤਾਂ ਆਪਣੀ ਖੁਸ਼ਕਿਸਮਤੀ ਸਮਝੇ। ਭਾਵ ਨਾ ਹੱਸੈ ਨਾ ਗਰਭ ਕਰੇ ਅਤੇ ਨਾ ਰੋਵੇ ਭਾਵ ਗੁਰੂ ਦੇ ਹੁਕਮ ਦਾ ਬੁਰਾ ਨਾ ਮਨਾਵੇ। ਜਿਹੜਾ ਸੇਵਕ ਅਜਿਹਾ ਸੋਚੇਗਾ ਜਾਂ ਕਰੇਗਾ ਉਹ ਗੁਰੂ ਕੋਲੋਂ ਪ੍ਰੇਮ ਪਿਆਰ ਅਤੇ ਸਤਿਕਾਰ ਪਰਾਪਤ ਕਰੇਗਾ। ਈਦ ਦੇ ਚੰਦਰਮਾਂ ਵਾਂਗ ਵਧਾਈਆਂ ਦਾ ਹੱਕਦਾਰ ਹੋਵੇਗਾ ਅਤੇ ਪੁੰਨਿਆਂ ਦੇ ਚੰਦ ਵਾਂਗ ਉਹ ਆਪਣੇ ਆਪ ਨੂੰ ਸੰਪੂਰਨ (ਪੁਗਿ ਖਲੋਵਣਾ) ਹੋਇਆ ਸਮਝੇਗਾ।

----

## ਵਾਰ ਤੀਜੀ

*ਪਉੜੀ 19 (ਮੁਰੀਦ ਕੀ ਕਰੇ)*

ਪੈਰੀ ਪੈ ਪਾ ਖਾਕੁ ਮੁਰੀਦੈ ਥੀਵਣਾ।
ਗੁਰ ਮੂਰਤਿ ਮੁਸਤਾਕੁ ਮਰਿ ਮਰਿ ਜੀਵਣਾ।
ਪਰਹਰਿ ਸਭੇ ਸਾਕ ਸੁਰੰਗ ਰੰਗੀਵਣਾ।
ਹੋਰ ਨ ਝਖਣੁ ਝਾਕ ਸਰਣਿ ਮਨੁ ਸੀਵਣਾ।
ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।
ਮਸਕੀਨੀ ਅਉਤਾਕ ਅਸਥਿਰੁ ਥੀਵਣਾ।
ਦਸ ਅਉਰਾਤਿ ਤਲਾਕ ਸਹਜਿ ਅਲੀਵਣਾ।

ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ।
ਸਬਦ ਸੁਰਤਿ ਹੁਸਨਾਕ ਪਾਰਿ ਪਰੀਵਣਾ ॥19॥

---

*ਖਾਕੁ: ਧੂੜ। ਥੀਵਣਾ: ਹੋਵਣਾ। ਮੁਸਤਾਕੁ: ਇਸ਼ਤਿਆਕ, ਸ਼ੌਂਕ ਭਾਵ ਪ੍ਰੇਮ।ਝਾਕ: ਪਰਾਈ ਆਸ। ਰੰਗੀਵਣਾ: ਰੰਗਿਆ ਜਾਣਾ। ਮਸਕੀਨੀ: ਗਰੀਬੀ ਨਿਮਰਤਾ। ਅਉਤਾਕ: ਰਹਿਣ ਵਾਸਤੇ ਘਰ। ਅਉਰਾਤਿ: ਦਸ ਇੰਦਰੀਆਂ ਵਾਲੀ ਇਸਤਰੀ। ਤਲਾਕ: ਛੱਡਿਆ ਜਾਣਾ। ਅਲੀਵਣਾ: ਪਰਾਪਤ ਹੋਣਾ। ਹੁਸਨਾਕ: ਸੁਹਣਾ, ਹੁਸਨਵਾਨ।*

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਲਿਖਦੇ ਹਨ ਕਿ ਮੁਰੀਦ ਨੂੰ ਕੀ ਕਾਰਜ ਕਰਨੇ ਚਾਹੀਦੇ ਹਨ। ਮੁਰੀਦ ਆਪਣੇ ਗੁਰੂ ਦੀ ਚਰਨ ਧੂੜ ਬਣ ਕੇ ਰਹੇ। ਗੁਰੂ ਦਾ ਸਤਿਕਾਰ ਅਤੇ ਪ੍ਰੇਮ ਕਰਨ ਵਾਲਾ ਹੋਣਾ ਚਾਹੀਦਾ ਹੈ। ਆਪਣੇ ਦਿਲ ਵਿਚੋਂ ਹਉਮੈ ਮਾਰ ਮੁਕਾਉਣੀ ਚਾਹੀਦੀ ਹੈ। ਸਾਰੇ ਅੰਗ ਸਾਕ ਛੱਡ ਕੇ ਇਕ ਗੁਰੂ ਦੀ ਭਗਤੀ ਦੇ ਰੰਗ ਵਿਚ ਸਦਾ ਰੰਗਿਆ ਰਹਿਣਾ ਚਾਹੀਦਾ ਹੈ। ਦੁਨੀਆਂ ਦੇ ਕੰਮਾਂ ਦੀਆਂ ਹੋਰ ਝਾਕਾਂ, ਆਸਾਂ ਨੂੰ ਛੱਡ ਕੇ ਇਕ ਹਰੀ ਦੀ ਸ਼ਰਣ ਵਿਚ ਰਹਿ ਕੇ ਮਿਲ ਰਹੀ ਬਖਸ਼ਿਸ਼ ਵੱਲ ਹੀ ਆਪਣਾ ਧਿਆਨ (ਮਨੁ ਸੀਵਣਾ) ਰੱਖੇ। ਪਿਰੀ ਭਾਵ ਗੁਰੂ ਦੇ ਪ੍ਰੇਮ ਪਿਆਲੇ ਵਿਚੋਂ ਅੰਮ੍ਰਿਤ ਰਸ ਭਾਵ ਗਿਆਨ ਪਰਾਪਤ ਕਰੇ। ਗਰੀਬੀ ਦਾਅਵੇ ਵਿਚ ਰਹਿਣਾ ਸਿਖੇ ਤਾਂ ਹੀ ਉਸਦੀ ਮੁਕਤੀ ਹੋਣੀ ਹੈ। ਆਪਣੀਆਂ ਦਸਾਂ ਇੰਦਰੀਆਂ ਨੂੰ ਆਪਣੇ ਵਸ ਵਿਚ ਰੱਖ ਕੇ ਹੀ ਸਹਿਜ ਵਿਚ ਸਮਾ ਸਕੇਗਾ। ਜੋ ਗੁਰੂ ਗਿਆਨ ਦਿੰਦਾ ਹੈ ਉਸ ਵਿਚ ਹੀ ਆਪਣਾ ਧਿਆਨ ਰੱਖ ਕੇ ਆਪਣਾ ਜੀਵਨ ਬਤੀਤ ਕਰੇ। ਗੁਰੂ ਦੇ ਦਿਤੇ ਗਿਆਨ ਉਪਰ ਕੋਈ ਭਰਮ ਜਾਂ ਸ਼ੱਕ ਨਾ ਕਰੇ। ਜਾਂ ਆਪਣੇ ਮਨ ਨੂੰ ਕਿਸੇ ਭਰਮਾਂ ਵਿਚ ਨਾ ਪਾਵੇ। ਸ਼ਬਦ ਦੇ ਗਿਆਨ ਦੀ ਪਰਾਪਤੀ ਮੁਰੀਦ ਨੂੰ ਇਸ ਭਵਜਲ ਵਿਚੋਂ ਪਾਰ ਕਰ ਦਿੰਦੀ ਹੈ। ਸ਼ਬਦ ਸੁਰਤ ਵਿਚ ਪੱਕਾ ਹੋਣਾ ਚਾਹੀਦਾ ਹੈ।

----

## ਵਾਰ ਤੀਜੀ,

*ਪਉੜੀ 20 (ਸਫਲ ਸਿੱਖ ਕੌਣ ਹੈ)*

ਸਤਿਗੁਰ ਸਰਣੀ ਜਾਇ ਸੀਸੁ ਨਿਵਾਇਆ।
ਗੁਰ ਚਰਣੀ ਚਿਤੁ ਲਾਇ ਮਥਾ ਲਾਇਆ।
ਗੁਰਮਤਿ ਰਿਦੈ ਵਸਾਇ ਆਪੁ ਗਵਾਇਆ।
ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
ਸਬਦਿ ਸੁਰਤਿ ਲਿਵ ਲਾਇ ਹੁਕਮੁ ਕਮਾਇਆ।
ਸਾਧਸੰਗਤਿ ਭੈ ਭਾਇ ਨਿਜ ਘਰੁ ਪਾਇਆ।
ਚਰਣ ਕਵਲ ਪਤੀਆਇ ਭਵਰੁ ਲੁਭਾਇਆ।

ਸੁਖ ਸੰਪਟ ਪਰਚਾਇ ਅਪਿਓ ਪੀਆਇਆ।
ਧੰਨੁ ਜਣੇਦੀ ਮਾਇ ਸਹਿਲਾ ਆਇਆ ॥20॥3॥

---

*ਨਿਜ ਘਰੁ: ਆਪਣੇ ਆਪ ਵਿਚ। ਪਤੀਆਇ: ਪਤਿਆ ਕੇ , ਪਤੀਜ ਕੇ। ਪਰਚਾਇ: ਪ੍ਰੇਮ ਕਰਕੇ। ਸੰਪਟ: ਡੱਬਾ। ਅਪਿਓ: ਪਵਿਤਰ ਪਦਾਰਥ ਭਾਵ ਅੰਮ੍ਰਿਤ। ਸਹਿਲਾ: ਸੌਖਾ।*

ਜਿਸ ਗੁਰਮੁਖ ਨੇ ਸਤਿਗੁਰ ਦੇ ਚਰਨਾਂ ਉਪਰ ਆਪਣਾ ਮਸਤਕ ਘਸਾਇਆ ਹੈ ਅਤੇ ਅਜਿਹਾ ਕਰਨ ਸਮੇਂ ਆਪਣੇ ਮਨ ਵਿਚ ਸ਼ਰਧਾ ਭਾਵਨਾ ਰੱਖੀ ਹੈ। ਗੁਰਮਤ ਨੂੰ ਭਾਵ ਸ਼ਬਦ-ਸੁਰਤ ਨੂੰ ਆਪਣੇ ਮਨ ਵਸਾਉਣ ਨਾਲ ਮਨੁਖ ਵਿਚੋਂ ਹਉਮੈ ਭਾਵ ਮਨਮਤ ਨਾਸ਼ ਹੋ ਜਾਂਦੀ ਹੈ। ਪੂਰਾਗੁਰਮੁਖ ਬਣ ਜਾਣ ਉਪ੍ਰੰਤ ਸੇਵਕ ਨੂੰ ਭਾਣਾ ਮੰਨਣ ਦਾ ਬਲ ਆ ਜਾਂਦਾ ਹੈ। ਸ਼ਬਦ ਨੂੰ ਆਪਣੇ ਮਨ ਵਿਚ (ਸੁਰਤ) ਵਸਾ ਕੇ ਪ੍ਰਮਾਤਮਾਂ ਦੇ ਹੁਕਮ ਨੂੰ ਮੰਨਣ ਦਾ ਆਦੀ ਹੋ ਜਾਂਦਾ ਹੈ। ਸਾਧ-ਸੰਗਤ ਵਿਚ ਆਪਣਾ ਯਕੀਨ (ਭੈ) ਰੱਖ ਕੇ ਹੀ ਆਪ ਮੂਲ ਨੂੰ ਪਛਾਣ ਸਕੀਦਾ ਹੈ। ਵਾਹਿਗੁਰੂ ਦੇ ਕਮਲ ਵਰਗੇ ਚਰਨਾਂ ਉਪਰ ਸੀਸ ਧਰ ਕੇ, ਗਿਆਨ ਪਰਾਪਤ ਕਰਕੇ ਗੁਰਮੁਖ ਭੌਰੇ ਵਾਂਗ ਬੜੇ ਚਾਅ ਨਾਲ ਮੰਡਲਾਉਂਦਾ ਹੈ। ਜੋ ਸੁਖਾਂ ਵਾਲਾ ਡੱਬਾ ਹੁੰਦਾ ਹੈ ਉਸ ਵਿਚੋਂ ਸ਼ਬਦ ਗਿਆਨ ਭਾਵ ਸ਼ਬਦ ਰਤਨਾਂ ਨੂੰ ਕੱਢ ਕੇ ਗੁਰਮੁਖ ਗਿਆਨ-ਅੰਮ੍ਰਿਤ ਪੀਂਦਾ ਹੈ। ਉਸ ਗੁਰਮੁਖ ਦੀ ਮਾਤਾ ਧੰਨ ਹੈ ਜਿਸਨੇ ਅਜਿਹੇ ਮਹਾਂਪੁਰਖ ਨੂੰ ਜਨਮ ਦਿਤਾ ਹੈ ਜਿਸਨੇ ਆਪਣਾ ਜੀਵਨ ਸਫਲਾ ਕਰ ਲਿਆ ਹੈ।

----

## ਵਾਰ 4

*ਪਉੜੀ 2 (ਨਿੰਮ੍ਰਤਾ)*

ਸਭ ਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਈ ਓਡੀਣੀ।
ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵ ਲੀਣੀ।
ਸਾਧ ਜਨਾ ਦੇ ਚਰਣ ਛੁਹਿ ਆਢੀਣੀ ਹੋਈ ਲਾਖੀਣੀ।
ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣੁ ਹਇ ਰੀਣੀ।
ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ।
ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।
ਗੁਰਮੁਖਿ ਸੁਖ ਫਲੁ ਹੈ ਮਸਕੀਣੀ ।।4।।

---

*ਓਡੀਣੀ: ਨਿਮਾਣੀ। ਲਿਵ ਲੀਣੀ: ਭਾਉ ਭਉ। ਆਢੀਣੀ: ਅੱਧੀ ਕੌਡੀ ਦੀ। ਲਾਖੀਣੀ: ਲੱਖਾਂ ਦੀ। ਛਹਬਰ ਛਲਕ:ਇਕ ਰਸ ਝੜੀ, ਸ਼ਹਿਬਰ। ਰੇਣੁ: ਧਰਤੀ। ਰੀਣੀ: ਰੱਜਦੀ ਹੈ। ਪਤੀਣੀ: ਪਤੀਜਣਾ, ਪਤਿਆਉਣਾ। ਲੁਣੈ: ਵੱਢਦਾ ਹੈ ਜਾਂ ਲੈਂਦਾ ਹੈ। ਮਸਕੀਣੀ: ਗਰੀਬੜੀ।*

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਨਿਮ੍ਰਤਾ ਨੂੰ ਬਿਆਨਣ ਵਾਸਤੇ ਲਿਖਦੇ ਹਨ ਕਿ ਨੀਵਿਆਂ ਵਿਚੋਂ ਸਭ ਤੋਂ ਨੀਵੀ ਧਰਤੀ ਹੈ ਜਿਹੜੀ ਧੀਰਜ, ਧਰਮ ਅਤੇ ਸੰਤੋਖ ਸਬਰ ਰੱਖ ਕੇ ਸਦਾ ਲੁਕਾਈ ਦੇ ਪੈਰਾਂ ਹੇਠ ਰਹਿੰਦੀ ਹੈ। ਸਾਧੂ ਸੰਤਾਂ ਦੇ ਚਰਨਾਂ ਦੇ ਸਪੱਰਸ਼ ਹੋ ਜਾਣ ਉਹ ਧੇਲੇ ਦੀ ਕੀਮਤ ਤੋਂ ਲੱਖਾਂ (ਲਖੀਣੀ) ਦੀ ਬਣ ਜਾਂਦੀ ਹੈ। ਨਿਰਮਲ ਬੂੰਦਾਂ ਦੀ ਇਕ ਰਸੀਲੀ ਛਹਿਬਰ ਨਾਲ ਪਿਆਸੀ ਧਰਤ ਰੱਜ ਜਾਂਦੀ ਹੈ। ਭਾਵ ਨਿਮਾਣੀ ਨੂੰ ਮਾਣ ਮਿਲ ਜਾਂਦਾ ਹੈ ਅਤੇ ਪ੍ਰੀਤਮ ਵਲੋਂ ਭੇਜਿਆਂ ਪ੍ਰੇਮ ਪਿਆਲਾ ਪੀ ਕੇ ਤ੍ਰਿਪਤ (ਪਤੀਣੀ) ਹੋ ਜਾਂਦੀ ਹੈ। ਰਸਾਂ ਕਸਾਂ ਨਾਲ ਰੰਗਾਂ ਨਾਲ ਰੰਗੀ ਇਹ ਧਰਤੀ ਵਿਚ ਜੋ ਕੋਈ ਵੀ ਬੀਜ ਬੀਜਦਾ ਹੈ ਉਹ ਉਸੇ ਤਰ੍ਹਾਂ ਹੀ ਫਲ ਵੱਢਦਾ ਹੈ। ਗੁਰਮੁਖ ਸੁਖ ਫਲ ਨੂੰ ਆਪਣੀ ਗਰੀਬੀ ਵਿਚੋਂ ਭਾਲਦੇ ਹਨ।

----

## ਵਾਰ 4

*ਪਉੜੀ 3 (ਚਰਨਾਂ ਦਾ ਦ੍ਰਿਸ਼ਟਾਂਤ)*

ਮਾਣਸ ਦੇਹ ਸੁ ਖੇਹ ਹੈ ਤਿਸੁ ਵਿਚਿ ਜੀਭੈ ਲਈ ਨਕੀਬੀ।
ਅਖੀ ਦੇਖਨਿ ਰੂਪ ਰੰਗ ਰਾਗ ਨਾਦ ਕੰਨ ਕਰਨਿ ਰਕੀਬੀ।
ਨਕਿ ਸੁਵਾਸੁ ਨਿਵਾਸੁ ਹੈ ਪੰਜੇ ਦੂਤ ਬੁਰੀ ਤਰਤੀਬੀ।
ਸਭ ਦੂੰ ਨੀਵੇ ਚਰਣ ਹੋਇ ਆਪੁ ਗਵਾਇ ਨਸੀਬੁ ਨਸੀਬੀ।

ਹਉਮੈ ਰੋਗੁ ਮਿਟਾਇਦਾ ਸਤਿਗੁਰ ਪੂਰਾ ਕਰੈ ਤਬੀਬੀ।
ਪੈਰੀ ਪੈ ਰਹਰਾਸਿ ਕਰਿ ਗੁਰ ਸਿਖ ਸੁਣਿ ਗੁਰ ਗੁਰ ਸਿਖ ਮਨੀਬੀ।
ਮੁਰਦਾ ਹੋਇ ਮਰੀਦੁ ਗਰੀਬੀ ॥3॥

---

*ਨਕੀਬੀ: ਉਹ ਨੌਕਰ ਜੋ ਅੰਦਰ ਦੀ ਗੱਲ ਬਾਹਰ ਦੱਸੇ ਭਾਵ ਆਵਾਜ ਦੇਣ ਵਾਲਾ। ਨਾਦ: ਆਵਾਜ਼। ਰਕੀਬੀ: ਪਹਿਚਾਣ, ਨਿਗਾਹਬਾਨੀ ਰਾਖੀ ਕਰਨਾ। ਤਰਤੀਬੀ: ਕ੍ਰਮਵਾਰ। ਤਬੀਬੀ: ਹਕੀਮੀ, ਹਿਕਮਤ ਤਿੱਬ। ਮਨੀਬੀ: ਮੰਨਣਾ ਵਾਲਾ।*

ਮਨੁਖ ਨਾਸ਼ਵਾਨ ਹੈ ਭਾਵ ਮਿੱਟੀ ਦੀ ਢੇਰੀ ਹੈ ਜਿਸ ਵਿਚ ਜੀਭ ਨਕੀਬੀ ਭਾਵ ਮਨ ਦੀ ਗੱਲ ਬਾਹਰ ਕੱਢਣ ਦਾ ਕਾਰਜ ਕਰਦੀ ਹੈ। ਅੱਖਾਂ ਇਸ ਦੁਨੀਆਂ ਦੇ ਲੱਖਾਂ ਰੂਪ ਰੰਗ ਵੇਖਦੀਆਂ ਹਨ। ਰਾਗ-ਨਾਦ ਭਾਵ ਗਿਆਨ-ਸ਼ਬਦ ਨੂੰ ਕੰਨ ਸੁਣਨ ਵਾਸਤੇ ਕਾਰਜ (ਰਕੀਬੀ) ਕਰਦੇ ਹਨ। ਨੱਕ ਦਾ ਚੰਗੀਆ ਵਾਸ਼ਨਾਵਾ ਵੱਲ ਧਿਆਨ ਰਹਿੰਦਾ ਹੈ। ਪੰਜ ਦੂਤ ਭਾਵ ਸ਼ਬਦ, ਸਪੱਰਸ਼ ਰੂਪ ਰਸ ਗੰਧ ਭੈੜੀ ਤਰਤੀਬ ਵਾਲੇ ਕ੍ਰਮ ਹਨ। ਭਾਵ ਕੰਨ ਸ਼ਬਦ ਨੂੰ, ਤੁਚਾ ਸਪੱਰਸ਼ ਨੂੰ, ਰੂਪ ਨੇਤਰਾਂ ਨੂੰ, ਜੀਭ ਰਸਾਂ ਨੂੰ ਨੱਕ ਗੰਧਾਂ ਸੁਗੰਧਾਂ ਸੁੰਘਣ ਵਾਸਤੇ ਬਣਾਈਆਂ ਗਈਆਂ ਹਨ। ਸਾਰੀਆਂ ਗਿਆਨ ਇੰਦਰੀਆਂ ਨਾਲੋਂ ਚਰਨ ਸਭ ਤੋਂ ਨੀਵੇਂ ਹਨ। ਉਹ ਆਪਣੇ ਭਾਵ ਮਿਟਾ ਕੇ ਉਚੇ ਨਸੀਬਾਂ ਨੂੰ ਪਾ ਕੇ ਭਾਗਾਂ ਵਾਲੇ ਬਣਦੇ ਹਨ। ਸਤਿਗੁਰ ਤਬੀਬ ਭਾਵ ਹਕੀਮ ਬਣ ਕੇ ਮਨੁਖ ਅੰਦਰ ਹਉਮੈ ਰੋਗ ਨੂੰ ਮਿਟਾਉਂਦਾ ਹੈ। ਗੁਰਮੁਖ ਪੈਰੀਂ ਪੈਣ ਦੀ ਰੀਤ ਨਿਭਾ ਕੇ ਗੁਰੂ ਦੀ ਸਿਖਿਆ ਨੂੰ ਗ੍ਰਹਿਣ ਕਰਕੇ ਗੁਰੂ ਨੂੰ ਮੰਨਦੇ ਹਨ। ਜੋ ਮਸਕੀਨੀਆਂ ਮੁਰਦਾ ਹੋ ਕੇ ਭਾਵ ਨਿਮ੍ਰਤਾ ਨਾਲ ਮੁਰੀਦ ਬਣ ਜਾਵੇ ਉਹ ਸਿਖ ਅਖਵਾਉਣ ਦੇ ਯੋਗ ਹੁੰਦਾ ਹੈ।

----

## ਵਾਰ 4

*ਪਉੜੀ 4 (ਚੀਚੀ ਅੰਗੁਲੀ ਆਦਿ ਦਾ ਦ੍ਰਿਸ਼ਟਾਂਤ)*

ਲਹੁੜੀ ਹੋਇ ਚੀਚੁੰਗਲੀ ਪੈਧੀ ਛਾਪਿ ਮਿਲੀ ਵਡਿਆਈ।
ਲਹੁੜੀ ਘਨਹਰ ਬੂੰਦ ਹੋਇ ਪਰਗਟੁ ਮੋਤੀ ਸਿਪ ਸਮਾਈ।
ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ।
ਲਹੁੜੀ ਪਾਰਸ ਪਥਰੀ ਅਸਟ ਧਾਤੁ ਕੰਚਨ ਕਰਵਾਈ।
ਜਿਉ ਮਣਿ ਲਹੁੜੇ ਸਪ ਸਿਰਿ ਦੇਖੈ ਲੁਕਿ ਲੁਕਿ ਲੋਕ ਲੁਕਾਈ।
ਜਾਣ ਰਸਾਇਣੁ ਪਾਰਿਅਹੁ ਰਤੀ ਮੁਲਿ ਨ ਜਾਇ ਮੁਲਾਈ।
ਆਪੁ ਗਵਾਇ ਨ ਆਪੁ ਗਣਾਈ ॥4॥

---

*ਲਹੁੜੀ: ਨਿੱਕੀ। ਚੀਚੁੰਗਲੀ: ਚੀਚੀ ਉਂਗਲੀ। ਘਨਹਰ: ਬੱਦਲ। ਕੇਸਰੈ: ਕੇਸਰ। ਪਾਰਿਅਹੁ: ਪਾਰਾ। ਪੱਥਰੀ: ਗੀਟ੍ਹੀ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਚੀਚੀ ਉਂਗਲੀ ਨੂੰ ਮੁੰਦਰੀ ਜਾਂ ਛੱਲਾ ਪਉਣ ਦੀ ਵਡਿਆਈ ਮਿਲਦੀ ਹੈ। ਇਸੇ ਤਰ੍ਹਾਂ ਇਕ ਨਿੱਕੀ ਬੂੰਦ ਹੋ ਕੇ ਸਿੱਪੀ ਵਿਚ ਸਮਾ ਕੇ ਪ੍ਰਗਟ ਸੁੱਚਾ ਮੋਤੀ ਹੋ ਕੇ ਬਾਹਰ ਨਿਕਲਦੀ ਹੈ। ਕੇਸਰ ਦੀ ਬੂਟੀ ਨਿੱਕੀ ਹੋਣ ਕਰਕੇ ਮੱਥੇ ਉਪਰ ਟਿੱਕਾ ਬਣ ਕੇ ਚਮਕਦੀ ਹੈ। ਪਾਰਸ ਦੀ ਨਿੱਕੀ ਗੀਟ੍ਹੀ ਅੱਠਾਂ ਧਾਤਾਂ (ਅਸਟ ਧਾਤ) ਨੂੰ ਸੋਨਾ ਕਰ ਸਕਦੀ ਹੈ, ਅੱਠ ਧਾਤਾਂ ਜਿਵੇ: ਲੋਹਾ, ਤਾਂਬਾਂ, ਚਾਂਦੀ, ਜਿਸਤ, ਪਾਰਾ, ਕਲੀ, ਸਿੱਕਾ ਅਤੇ ਕੋਲਾ ਆਦਿ। ਇਵੇਂ ਸ਼ਬਦ ਪਾਰਸ ਮਨੁਖ ਦੇ ਸਰੀਰ ਦੇ ਅੱਠ ਪਦਾਰਥਾਂ ਨੂੰ ਜਿਵੇਂ ਖਲੜੀ, ਰੋਮ, ਲਹੂ, ਨਥਾਂ, ਹੱਡੀ ਪੱਠੇ, ਚਰਬੀ ਅਤੇ ਵੀਰਜ ਆਦਿ ਨੂੰ ਕਾਮ ਕ੍ਰੋਧ ਲੋਭ ਮੁਹ ਅਤੇ ਹੰਕਾਰ ਨੂੰ ਨਾਸ਼ ਕਰਕੇ ਮਨੁੱਖ ਨੂੰ ਸੋਨੇ ਵਰਗਾ ਕਰ ਦਿੰਦਾ ਹੈ। ਜਿਵੇਂ ਸੱਪ ਦੀ ਸਿਰੀ ਵਿਚ ਇਕ ਨਿੱਕੀ ਮਣੀ ਹੁੰਦੀ ਹੈ ਲੋਕੀ ਉਸ ਮਣੀ ਨੂੰ ਲੁਕ ਲੁਕ ਕੇ ਵੇਖਦੇ ਹਨ। ਪਾਰੇ ਦੀ ਰਸਾਇਣ ਵਿਚੋਂ ਜੋ ਇਕ ਨਿੱਕੀ ਰੱਤੀ ਬਣਦੀ ਹੈ ਉਸਦਾ ਕੋਈ ਮੁਲ ਨਹੀਂ ਭਾਵ ਅਮੋਲਕ ਹੁੰਦੀ ਹੈ। ਜਿਹੜੇ ਲੋਕ ਆਪਣਾ ਆਪ ਗੁਆ ਲੈਂਦੇ ਹਨ ਉਹ ਕਦੇ ਵੀ ਆਪਣੇ ਆਪ ਨੂੰ ਗਿਣਾਉਂਦੇ ਨਹੀਂ ਹਨ।

----

## ਵਾਰ 4

*ਪਉੜੀ 5 (ਅੱਗ ਅਤੇ ਜਲ ਤੋਂ ਨਿੰਮ੍ਰਤਾ)*

ਅਗਿ ਤਤੀ ਜਲੁ ਸੀਅਰਾ ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ।
ਅਗੀ ਧੂਆ ਧਉਲਹਰੁ ਜਲੁ ਨਿਰਮਲ ਗੁਰ ਗਿਆਨ ਸੁਚਾਰਾ।
ਕੁਲ ਦੀਪਕੁ ਬੈਸੰਤਰਹੁ ਜਲ ਕੁਲ ਕਵਲੁ ਵਡੇ ਪਰਵਾਰਾ।
ਦੀਪਕੁ ਹੇਤੁ ਪਤੰਗ ਦਾ ਕਵਲ ਭਵਰ ਪਰਗਟੁ ਪਹਾਰਾ।
ਅਗੀ ਲਾਟ ਉਚਾਟ ਹੈ ਸਿਰੁ ਉਚਾ ਕਰਿਕਰੈ ਕੁਚਾਰਾ।
ਸਿਰੁ ਨੀਵਾ ਨੀਵਾਣਿ ਵਾਸੁ ਪਾਣੀ ਅੰਦਰਿਪਰਉਪਕਾਰਾ।
ਨਿਵ ਚਲੈ ਸੋ ਗੁਰੂ ਪਿਆਰਾ ।।5।।

---

*ਸ਼ੀਅਰਾ: ਠੰਢਾ! ਧਉਲਹਰੁ: ਮਹੱਲ ਜਾਂ ਮੰਦਰ। ਉਚਾਟ: ਘਬਰਾ*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਅੱਗ ਕਿਹੜੇ ਮੰਦੇ ਭਾਗਾਂ (ਅਵਗੁਣ) ਕਰਕੇ ਗਰਮ ਹੈ ਭਾਵ ਤਮੋਗੁਣੀ ਹੈ ਅਤੇ ਪਾਣੀ ਕਿਸ ਗੁਣ ਕਰਕੇ ਠੰਢਾ ਹੈ ਭਾਵ ਸਤੋਗੁਣੀ ਹੈ। ਅੱਗ ਆਪਣੇ ਧੂਏਂ ਨਾਲ ਮੰਦਰ ਨੂੰ ਕਿਉਂ ਕਾਲਾ ਕਰਦੀ ਹੈ? ਅਤੇ ਪਾਣੀ ਮੰਦਰ ਨੂੰ ਕਿਸ ਵਿਧ ਸਾਫ ਕਰਦਾ ਹੈ। ਇਸ ਗੱਲ ਦਾ ਨਿਪਟਾਰਾ ਗੁਰੂ ਦੇ ਗਿਆਨ ਨਾਲ ਕਰੋ। ਅੱਗ ਦੀ ਕੁਲ ਦਾ ਬਲਿਆ ਦੀਵਾ ਛੋਟਾ ਹੁੰਦਾ ਹੈ ਅਤੇ ਬੁਝਿਆ ਹੋਇਆ ਦੀਵਾ ਵੱਡਾ ਹੁੰਦਾ ਹੈ ਅਤੇ ਪਾਣੀ ਵਿਚ ਕਮਲ ਫੁੱਲ ਵੱਡੇ ਪਰਿਵਾਰ ਵਾਲਾ ਹੁੰਦਾ ਹੈ। ਦੀਵੇ ਦੀ ਲਾਟ ਉਪਰ ਪਤੰਗਿਆਂ ਨੂੰ ਪਿਆਰ ਹੈ ਅਤੇ ਕਮਲ ਦੇ ਫੁਲਾਂ ਉਪਰ ਭੌਰੇ ਮੰਡਲਾਉਂਦੇ ਹਨ। ਇਹ ਜਗਤ ਵਿਚ ਮਸ਼ਹੂਰ

ਹੈ ਕਿ ਪਤੰਗਾਂ ਅੱਗ ਦੀ ਲਾਟ ਉਪਰ ਸੜ ਕੇ ਮਰ ਜਾਂਦਾ ਹੈ ਅਤੇ ਭੌਰਾ ਕਮਲ ਫੁਲ ਉਪਰ ਮੰਡਲਾ ਕੇ ਗੂੰਜਦਾ ਹੈ। ਅੱਗ ਦੀ ਲਾਟ ਵਿਚ ਘਬਰਾਹਟ ਹੁੰਦੀ ਹੈ ਜਿਹੜੀ ਸਿਰ ਉਚਾ ਕਰਕੇ ਕੁਕਰਮ ਕਰਦੀ ਹੈ ਭਾਵ ਜਿਹੜਾ ਲਾਗੇ ਲੱਗੇ ਉਸ ਨੂੰ ਸਾੜ ਦਿੰਦੀ ਹੈ। ਪਾਣੀ ਦਾ ਨਿਵਾਸ ਨੀਵਾਂ ਹੈ ਅਤੇ ਨੀਵੇਂ ਥਾਵਾਂ ਵੱਲ ਰੁੜ੍ਹਦਾ ਹੈ। ਇਸ ਕਰਕੇ ਆਖਿਆ ਜਾ ਸਕਦਾ ਹੈ ਕਿ ਪਾਣੀ ਵਿਚ ਉਪਕਾਰ ਦੀ ਸ਼ਕਤੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਹੜਾ ਸਿਖ ਨਿਵ ਕੇ ਚਲਦਾ ਹੈ ਉਹ ਗੁਰਮੁਖ ਗੁਰੂ ਨੂੰ ਪਿਆਰਾ ਹੁੰਦਾ ਹੈ। ਇਸ ਪਉੜੀ ਵਿਚ ਅੱਗ ਅਤੇ ਪਾਣੀ ਤੋਂ ਜੋ ਉਪਦੇਸ਼ ਮਿਲਦਾ ਹੈ ਉਸਦਾ ਜ਼ਿਕਰ ਅੱਗ ਅਤੇ ਪਾਣੀ ਦੇ ਅਲੰਕਾਰ ਰਾਹੀਂ ਪ੍ਰਗਟ ਹੋਇਆ ਹੈ।

----

## ਵਾਰ 4

*ਪਉੜੀ 6 (ਮਜੀਠ-ਕਸੁੰਭੇ ਤੋਂ ਉਪਦੇਸ਼)*

ਰੰਗੁ ਮਜੀਠ ਕਸੁੰਭ ਦਾ ਕਚਾ ਪਕਾ ਕਿਤੁ ਵੀਚਾਰੇ।
ਧਰਤੀ ਉਖਣਿ ਕਢੀਐ ਮੂਲ ਮਜੀਠ ਜੜੀ ਜੜਤਾਰੇ।
ਉਖਲ ਮੁਹਲੇ ਕੁਟੀਐ ਪੀਹਣਿ ਪੀਸੈ ਚਕੀ ਭਾਰੇ।
ਸਹੈ ਅਵੱਟਣੁ ਅੱਗਿ ਦਾ ਹੋਇ ਪਿਆਰੀ ਮਿਲੈ ਪਿਆਰੇ।
ਪੋਹਲੀਅਹ ਸਿਰੁ ਕਢਿ ਕੈ ਫੁਲੁ ਕਸੁੰਭ ਚਲੰਭ ਖਿਲਾਰੇ।
ਖਟ ਤੁਰਸੀ ਦੇ ਰੰਗੀਐ ਕਪਟ ਸਨੇਹੁ ਰਹੈ ਦਿਹ ਚਾਰੇ।
ਨੀਵਾ ਜਿਣੈ ਉਚੇਰਾ ਹਾਰੇ ॥6॥

---

*ਮਜੀਠ: ਪੱਕਾ ਰੰਗ। ਕਸੁੰਭ: ਕੱਚਾ ਰੰਗ। ਉਖਣਿ: ਪੁੱਟ ਕੇ। ਜੜਤਾਰੇ: ਜੜਤੀ। ਉਖਲ:ਚੱਟੂ, ਉਖਲੀ। ਖਟ ਤੁਰਸੀ: ਖਟਿਆਈ। ਮੁਹਲੇ: ਪੀਹਣਿ: ਚੱਕੀ ਵਾਲਾ। ਅਵੱਟਣੁ: ਉਬਾਲ। ਪੋਹਲੀਅਹ: ਪੋਲ੍ਹੀ ਦੀਆਂ ਡੋਡੀਆਂ। ਚਲੰਭ: ਗੂੜ੍ਹਾ ਰੰਗ। ਜਿਣੈ: ਜਿੱਤੇ।*

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਮਜੀਠ (ਪੱਕਾ) ਅਤੇ ਕਸੁੰਭ (ਕੱਚਾ) ਰੰਗ ਦੇ ਪ੍ਰਮਾਣ ਨਾਲ ਸੱਚੇ ਪਿਆਰ ਦੀ ਗੱਤ ਦਰਸਾਉਂਦੇ ਹਨ। ਮਜੀਠ ਧਰਤੀ ਨੂੰ ਪੁੱਟਕੇ ਹੇਠੋਂ ਕੱਢੀਦਾ ਹੈ। ਮਜੀਠ ਦਾ ਸੰਬੰਧ ਕਿਸੇ ਰੁਖ ਦੀ ਜੜ੍ਹ ਨਾਲ ਹੁੰਦਾ ਹੈ। ਫਿਰ ਉਖਲੀ ਵਿਚ ਪਾਕੇ ਘੋਟਣੇ ਨਾਲ ਕੁੱਟੀਦਾ ਹੈ। ਫਿਰ ਉਸੇ ਨੂੰ ਚੱਕੀ ਵਿਚ ਪੀਠਿਆ ਜਾਂਦਾ ਹੈ। ਮਜੀਠ ਅੱਗ ਦੇ ਉਬਾਲੇ ਸਹਾਰਦੀ ਹੈ ਅਤੇ ਫਿਰ ਪਿਆਰੀ ਹੋ ਕੇ ਪਿਆਰੇ ਨਾਲ ਮਿਲਦੀ ਹੈ। ਡੋਡੀਆਂ ਵਿਚੋਂ ਸਿਰ ਕੱਢਕੇ ਕੁਸੰਭੇ ਦਾ ਫੁੱਲ ਗਾੜ੍ਹਾਂ ਰੰਗ ਵਟਾਉਦਾ ਹੈ। ਖੱਟਿਆਂ ਦੀ ਖਟਿਆਈ ਪਾ ਨੇ ਰੰਗੀ ਦਾ ਹੈ। ਪਰ ਉਹ ਰੰਗ ਇਕ ਧੋ ਪਾਏ ਹੀ ਲੱਥ ਜਾਂਦਾ ਹੈ। ਇਸ ਤਰ੍ਹਾਂ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਝੂਠਾ ਪਿਆਰ ਸਿਰਫ ਚਾਰ ਦਿਨ ਹੀ ਰਹਿੰਦਾ ਹੈ। ਨਿਮ੍ਰਤਾ

ਵਾਲਾ ਭਾਵ ਜੜ੍ਹਾਂ ਵਾਲਾ ਰੰਗ ਜਿੱਤ ਜਾਂਦਾ ਹੈ ਅਤੇ ਉੱਚਾ ਸਿਰ ਵਾਲਾ ਭਾਵ ਕੁਸੰਭੜਾ ਹਰ ਜਾਂਦਾ ਹੈ। ਇਸ ਤਰ੍ਹਾਂ ਨਿਮ੍ਰਤਾ ਦਾ ਉਪਦੇਸ਼ ਮਜੀਠ ਰੰਗ ਅਤੇ ਕੁਸੰਭੜੇ ਦੇ ਰੰਗਾਂ ਦੇ ਕਾਰਜ ਕੋਲੋਂ ਲਿਆ ਗਿਆ ਹੈ।

----

## ਵਾਰ 4

*ਪਉੜੀ 7 (ਕੀੜੀ-ਮਕੜੀ ਆਦਿ)*

ਕੀੜੀ ਨਿਕੜੀ ਚਲਿਤ ਕਰਿ ਭ੍ਰਿੰਗੀ ਨੋ ਮਿਲਿ ਭ੍ਰਿੰਗੀ ਹੋਵੈ।
ਨਿਕੜੀ ਦਿਸੈ ਮਕੜੀ ਸੂਤੁ ਮੁਹਹੁ ਕਢਿ ਫਿਰਿ ਸੰਗੋਵੈ।
ਨਿਕੜੀ ਮਖਿ ਵਖਾਣੀਐ ਮਾਖਿਓ ਮਿਠਾ ਭਾਗਠੁ ਹੋਵੈ।
ਨਿਕੜਾ ਕੀੜਾ ਆਖੀਐ ਪਟ ਪਟੋਲੇ ਕਰਿ ਢੰਗ ਢੋਵੈ।
ਗੁਟਕਾ ਮੁਹ ਵਿਚਿ ਪਾਇ ਕੈ ਦੇਸ ਦਿਸੰਤਰਿ ਜਾਇ ਖੜੋਵੈ।
ਮੋਤੀ ਮਾਣਕ ਹੀਰਿਆ ਪਾਤਿਸਾਹੁ ਲੈ ਹਾਰੁ ਪਰੋਵੈ।
ਪਾਇ ਸਮਾਇਣੁ ਦਹੀ ਬਿਲੋਵੈ ॥7॥

---

*ਭ੍ਰਿੰਗੀ: ਭੌਰੀ, ਇਕ ਕੀੜਾ। ਸੂਤੁ: ਤਾਣਾ ਤਣੇ। ਸੰਗੋਵੈ: ਨਿਗਲਣਾ। ਭਾਗਠੁ: ਸ਼ਹਿਦ ਜਾਂ ਧਨ ਪਾਤ੍ਰਾਂ ਦੇ। ਢੰਗ ਢੋਵੇ: ਵਿਆਹ ਸਮੇਂ ਢੋਇਆ ਜਾਂਦਾ ਹੈ। ਗੁਟਕਾ: ਯਾਦੂ ਦਾ ਮਣਕਾ। ਢੰਗ ਢੋਵੈ ਦੀ ਜਗਾਹ ਹੱਥ ਲਿਖਤ ਨੰ: 1361 ਅਨੁਸਾਰ ਉਥੇ 'ਗੰਢਿ ਗੰਢੋਵੈ' ਪਾਠ ਹੈ। ਸਮਾਇਣੁ: ਜਾਗ ਲਾਉਣਾ। ਬਿਲੋਵੈ: ਰਿੜਕੇ।*

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਨਿੱਕੀ ਵਸਤੂ ਦੇ ਵੱਡੇ ਵੱਡੇ ਕਾਰਜ ਹੋਏ ਦਸਦੇ ਹਨ ਇਸ ਕਰਕੇ ਕਿਸੇ ਨੂੰ ਆਪ ਤੋਂ ਮਾੜਾ ਕਦੇ ਨਹੀਂ ਸਮਝਣਾ ਚਾਹੀਦਾ ਅਤੇ ਆਪਣੇ ਦਿਲ ਵਿਚ ਨਿਮ੍ਰਤਾ ਭਾਵ ਰੱਖਣੇ ਚਾਹੀਦੇ ਹਨ। ਇਹ ਇਕ ਕੁਦਰਤ ਦਾ ਕ੍ਰਿਸ਼ਮਾ ਹੈ ਕਿ ਇਕ ਨਿੱਕੀ ਕੀੜੀ ਭ੍ਰਿੰਗੀ ਭਾਵ ਭੰਵਰੀ (ਭੰਵਰੇ ਦੇ ਘਰ ਵਾਲੀ) ਨਾਲ ਮਿਲ ਕੇ ਸਮਾਂ ਪੈ ਕੇ ਆਪ ਵੀ ਭ੍ਰਿੰਗੀ ਬਣ ਜਾਂਦੀ ਹੈ! ਮੱਕੜੀ ਬਹੁਤ ਨਿੱਕੇ ਆਕਾਰ ਦੀ ਹੁੰਦੀ ਹੈ ਕਿ ਸੈਂਕੜੇ ਮੀਟਰ ਸੂਤ ਤਣ ਕੇ ਫਿਰ ਆਪਣੇ ਮੂੰਹ ਅੰਦਰ ਲੰਘਾ ਲੈਂਦੀ ਹੈ। ਮਖੀਲ ਦੀ ਮੱਖੀ ਨਿੱਕੀ ਹੁੰਦੀ ਹੈ ਪਰ ਉਸਦਾ ਮਿੱਠਾ ਸ਼ਹਿਦ ਵੱਡੇ ਵੱਡੇ ਘਰਾਣਿਆਂ ਵਾਲੇ ਰੱਖਦੇ ਹਨ। ਰੇਸ਼ਮੀ ਕੀੜਾ ਵੀ ਬਹੁਤ ਛੋਟੇ ਆਕਾਰ ਦਾ ਹੁੰਦਾ ਹੈ ਪਰ ਉਸ ਵਲੋਂ ਵਰੋਸਾਏ ਰੇਸ਼ਮੀ ਕਪੜੇ ਲੋਕ ਵਿਆਹਾਂ ਸਮੇਂ ਪਉਂਦੇ ਹਨ। ਬਿਹਾਰ ਵਿਚ 'ਗੁਟਕਾ' ਨੂੰ ਇਕ ਕਿਸਮ ਦਾ ਤਮਾਖੂ ਵੀ ਕਹਿੰਦੇ ਹਨ। ਏਥੇ ਉਸ 'ਗੁਟਕੇ' ਤੋਂ ਭਾਵ ਹੈ ਜਿਸ ਮਣਕੇ ਨੂੰ ਸਾਧੂ ਲੋਕ ਮੂੰਹ ਵਿਚ ਪਾ ਕੇ ਦੇਸ਼ ਦੇਸ਼ਾਂਤਰ ਘੁੰਮ ਅਉਂਦੇ ਸਨ। ਮੋਤੀ ਮਾਣਕ ਆਦਿ ਵੀ ਬਹੁਤ ਛੋਟੇ ਆਕਾਰ ਦੇ ਹੁੰਦੇ ਹਨ ਉਨ੍ਹਾਂ ਮਣਕਿਆਂ ਦੀ ਮਾਲਾ ਬਣਾ ਕੇ ਵੱਡੇ ਵੱਡੇ ਧਨਾਢ ਲੋਕ ਆਪਣੇ ਗਲ ਵਿਚ ਪਾਉਂਦੇ ਹਨ। ਖੱਟੇ ਦੀ ਇਕ ਨਿੱਕੀ ਬੂੰਦ ਹੁੰਦੀ ਜਿਸਨੂੰ ਕੜ੍ਹੇ ਹੋਏ ਦੁੱਧ ਵਿਚ

ਪਾ ਕੇ ਜਮਾਇਆ ਜਾਂਦਾ ਹੈ ਅਤੇ ਫਿਰ ਰਿੜਕ ਕੇ ਲੱਸੀ ਦਹੀਂ ਅਤੇ ਮੱਖਣ ਤਿਆਰ ਕੀਤਾ ਜਾਂਦਾ ਹੈ।

----

## ਵਾਰ 4

*ਪਉੜੀ 8 ( ਘਾਹ)*

ਲਤਾਂ ਹੇਠਿ ਲਤਾੜੀਐ ਘਾਹੁ ਨ ਕਢੈ ਸਾਹੁ ਵਿਚਾਰਾ।
ਗੋਰਸੁ ਦੇ ਖੜੁ ਖਾਇ ਕੈ ਗਾਇ ਗਰੀਬੀ ਪਰਉਪਕਾਰਾ।
ਦੁਧਹੁ ਦਹੀ ਜਮਾਈਐ ਦਈਅਹੁ ਮਖਣੁ ਛਾਹਿ ਪਿਆਰਾ।
ਘਿਅ ਤੇ ਹੋਵਨਿ ਹੋਮ ਜਗ ਢੰਗ ਸੁਆਰਥ ਚਜ ਅਚਾਰਾ।
ਧਰਮ ਧਉਲੁ ਪਰਗਟ ਹੋਇ ਧੀਰਜਿ ਵਹੈ ਸਹੈ ਸਿਰਿ ਭਾਰਾ।
ਇਕੁ ਇਕੁ ਜਾਉ ਜਣੇਦਿਆ ਚਹੁ ਚਕਾ ਵਿਚਿ ਵਗ ਹਜਾਰਾ।
ਤ੍ਰਿਣ ਅੰਦਰਿ ਵਡਾ ਪਾਸਾਰਾ ।।8।।

---

*ਗੋਰਸ: ਦੁੱਧ। ਖੜੁ: ਘਾਹ। ਢੰਗ ਸੁਆਰਥ: ਖ਼ੁਸ਼ੀ ਦਾ ਸਮਾਂ, ਵਿਆਹ ਆਦਿ ਦੇ ਕਾਰਜ। ਚਜ-ਆਚਾਰਾ: ਚੰਗੇ ਕਾਰਜ। ਧਰਮ: ਧਰਮ ਦੇ ਚਾਰ ਪ੍ਰਬੰਧ ਖਾਸ ਹਨ। 1, ਸੱਤ, 2। ਗਿਆਨ, 3। ਨੀਤੀ, 4। ਦਾਨ ਆਦਿ।*
*ਜਾਉ: ਬੱਚਾ, ਵੱਛਾ। ਹੋਮ-ਜਗ: ਅੱਗ ਵਿਚ ਘਿਉ ਸਾੜਿਆ ਜਾਂਦਾ ਹੈ। ਛਾਹਿ: ਲੱਸੀ। ਧਉਲੁ: ਬਲਦ। ਤ੍ਰਿਣ: ਤੀਲਾ। ਪਾਸਾਰਾ: ਫੈਲਾਓ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਮਨੁਖ ਨੂੰ ਨਿਮ੍ਰਤਾ ਬਾਰੇ 'ਘਾਹ' ਦੇ ਪ੍ਰਮਾਣ ਨਾਲ ਸਮਝਾਉਂਦੇ ਹਨ ਕਿ ਇਕ ਨਿੱਕਾ ਘਾਹ ਕਿੰਨੇ ਕੰਮਾਂ ਵਾਸਤੇ ਵਰਤਿਆਂ ਜਾਂਦਾ ਹੈ ਅਤੇ ਉਸ ਦੇ ਵੱਡੇ ਵੱਡੇ ਉਪਕਾਰ ਗਿਣਾਏ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਘਾਹ ਪੈਰਾਂ ਹੇਠ ਲਿਤਾੜਿਆ ਜਾਂਦਾ ਹੈ। ਪੈਰਾਂ ਦੀ ਮਿੱਧ ਉਸ ਨੂੰ ਵੱਧਣ ਫੁਲਣ ਤੋਂ ਰੋਕਦੀ ਹੈ। ਗਊ ਮਾਤਾ ਇਸ ਘਾਹ ਨੂੰ ਖਾ ਕੇ ਪਵਿਤਰ ਦੁੱਧ ਦਿੰਦੀ ਹੈ ਜਿਸ ਨਾਲ ਮਨੁੱਖ ਦੀ ਸਿਹਤ ਬਣਦੀ ਹੈ। ਦੁੱਧ ਨੂੰ ਕਾੜ੍ਹ ਕੇ ਅਤੇ ਜੰਮਣ ਲਾ ਕੇ ਜਮਾਈਦਾ ਹੈ ਅਤੇ ਫਿਰ ਦਹੀਂ ਨੂੰ ਰਿੜਕ ਕੇ ਲੱਸੀ ਅਤੇ ਮੱਖਣ ਕੱਢੀਦਾ ਹੈ। ਲੋਕ ਲੱਸੀ ਪੀ ਕੇ ਪਿਆਸ ਬੁਝਾਉਂਦੇ ਹਨ ਅਤੇ ਮੱਖਣ ਖਾ ਕੇ ਸਿਹਤ ਬੁਣਾਉਂਦੇ ਹਨ। ਮੱਖਣ ਨੂੰ ਗਰਮ ਕਰਕੇ ਘਿਉ ਬਣਾਇਆ ਜਾਂਦਾ ਹੈ ਅਤੇ ਘਿਉ ਨਾਲ ਹੋਮ ਜੱਗ ਅਤੇ ਵਿਆਹਾਂ ਸਮੇਂ ਨਾ ਨਾ ਪਰਕਾਰ ਦੇ ਪਕਵਾਨ ਪਕਾਏ ਜਾਂਦੇ ਹਨ ਅਤੇ ਘਿਉ ਕਈ ਹੋਰ ਭਲੇ ਕੰਮਾਂ ਵਾਸਤੇ ਵੀ ਵਰਤਿਆ ਜਾਂਦਾ ਹੈ। ਗਾਂ ਇਕ ਵੈੜ੍ਹਕੇ ਨੂੰ ਜਨਮ ਦਿੰਦੀ ਹੈ ਅਤੇ ਵੈੜ੍ਹਕਾ ਵੱਡਾ ਹੋ ਕੇ ਗੱਡਾ ਖਿਚਦਾ ਅਤੇ ਹਲ ਵਾਹੁੰਦਾ ਹੈ ਅਤੇ ਆਪਣੇ ਸਿਰ ਉਪਰ ਵੱਡੇ ਵੱਡੇ ਭਾਰ ਆਪਣਾ ਫਰਜ਼ ਸਮਝ ਕੇ ਚੁੱਕਦਾ ਹੈ।

ਇਕ ਇਕ ਵੱਛੇ ਦੇ ਜਨਮ ਨਾਲ ਇਸ ਦੁਨੀਆਂ ਵਿਚ ਹਜ਼ਾਰਾਂ ਵੱਗ ਪੈਂਦਾ ਹੋ ਕੇ ਘੁੰਮਣ ਲਗਦੇ ਹਨ। ਇਸ ਤਰ੍ਹਾਂ ਇਕ ਨਿੱਕੇ ਘਾਹ ਦਾ ਅਤਿਅੰਤ ਫੈਲਾਉ ਹੋ ਜਾਂਦਾ ਹੈ।

----

## ਵਾਰ 4

*ਪਉੜੀ 9 (ਤਿਲ)*

ਲਹੁੜਾ ਤਿਲੁ ਹੋਇ ਜੰਮਿਆ ਨੀਚਹੁ ਨੀਚੁ ਨ ਆਪੁ ਗਣਾਇਆ।
ਫੁਲਾ ਸੰਗਤਿ ਵਸਿਆ ਹੋਇ ਨਿਰਗੰਧੁ ਸੁਗੰਧੁ ਸੁਹਾਇਆ।
ਕੋਲੂ ਪਾਇ ਪੀੜਾਇਆ ਹੋਇ ਫੁਲੇਲੁ ਖੇਲੁ ਵਰਤਾਇਆ।
ਪਤਿਤੁ ਪਵਿਤ੍ਰੁ ਚਲਿਤ੍ਰੁ ਕਰਿ ਪਤਿਸਾਹ ਸਿਰਿ ਧਰਿ ਸੁਖੁ ਪਾਇਆ।
ਦੀਵੈ ਪਾਇ ਜਲਾਇਆ ਕੁਲ ਦੀਪਕੁ ਜਗ ਬਿਰਦੁ ਸਦਾਇਆ।
ਕਜਲੁ ਹੋਆ ਦੀਵਿਅਹੁ ਅਖੀ ਅੰਦਰਿ ਜਾਇ ਸਮਾਇਆ।
ਬਾਲਾ ਹੋਇ ਨ ਵਡਾ ਕਹਾਇਆ ॥9॥

---

*ਲਹੁੜ: ਨਿੱਕਾ। ਨਿਰਗੰਧ: ਵਾਸ਼ਨਾ ਰਹਿਤ। ਖੇਲੁ: ਕੌਤਕ। ਫੁਲੇਲੁ: ਖੁਸ਼ਬੂਦਾਰ ਤੇਲ। ਬਿਰਦੁ: ਆਸਰਾ। ਬਾਲਾ: (ਫਾਰਸੀ) ਉਚਾ, (ਹਿੰਦੀ) ਛੋਟਾ।*

ਭਾਈ ਗੁਰਦਾਸ ਜੀ ਇਕ ਨਿੱਕੇ ਤਿਲ ਰਾਹੀ ਨਿਮ੍ਰਤਾ ਦੇ ਕਾਰਜ ਨੂੰ ਸਮਝਾਉਦੇ ਹਨ ਕਿ ਕਿਵੇਂ ਤਿਲ ਨਿੱਕਾ ਹੋ ਕੇ ਆਪਣੇ ਗੁਣਾਂ ਨੂੰ ਨਹੀਂ ਚਿਤਾਰਦਾ। ਪੰਜਾਬੀ ਦੀ ਇਕ ਕਹਾਵਤ ਹੈ ਕਿ 'ਤਿਲ ਸੁੱਟਣ ਵੀ ਥਾਂ ਨਹੀਂ ਸੀ'। ਜਦ ਨਿਰਗੰਧ ਤਿਲ ਦੇ ਤੇਲ ਨੂੰ ਫੁੱਲਾਂ ਨਾਲ ਮਿਲਾ ਕੇ ਕੋਹਲੂ ਵਿਚ ਪੀੜ੍ਹਿਆ ਗਿਆ ਤਾਂ ਅਜਿਹਾ ਕੌਤਕ ਹੋਇਆ ਕਿ ਉਸਦੇ ਤੇਲ ਵਿਚੋਂ ਸੁਗੰਧੀ ਆਉਣ ਲੱਗੀ ਤਾਂ ਸਭ ਉਸ ਤੇਲ ਦੀ ਸ਼ੋਭਾ ਕਰਨ ਲੱਗੇ। ਪਾਪੀਆਂ ਨੂੰ ਪਵਿਤਰ ਕਰਨ ਵਾਲਾ ਭਗਵਾਨ ਨੇ ਐਸਾ ਕੌਤਕ ਰਚਿਆ ਕਿ ਪਾਤਸ਼ਾਹ ਨੇ ਉਸ ਤੇਲ ਨੂੰ ਮਲ ਕੇ ਸੁਖ ਪਾਇਆ। ਭਾਵ ਨਿਮ੍ਰਤਾ ਨੇ ਪਾਪੀ ਕਾਲੇ ਤੇਲ ਨੂੰ ਫੁਲੇਲ ਦੀ ਪੱਦਵੀ ਦੇ ਕੇ ਉੱਚਾ ਕਰ ਦਿਤਾ। ਜਦਇਸ ਤੇਲ ਨੂੰ ਦੀਵੇ ਵਿਚ ਪਾ ਕੇ ਜਲਾਇਆ ਗਿਆ ਤਾਂ ਇਸ ਦੀ ਰੌਸ਼ਨੀ ਨੇ ਸਾਰੇ ਜੱਗ ਨੂੰ ਰੌਸ਼ਨ ਕਰ ਦਿਤਾ। ਭਾਵ ਦੀਵੇ ਦੀ ਲੋਅ ਦਾ ਜਗਤ ਨੇ ਲਾਭ ਉਠਾਇਆ। ਦੀਵੇ ਦੀ ਲੋਅ ਵਿਚੋਂ ਨਿਕਲਦੇ ਧੂਏਂ ਨਾਲ ਕੱਜਲ ਬਣਿਆ ਅਤੇ ਸੁਹਣੀਆਂ ਸੁਨੱਖੀਆਂ ਅੱਖੀਆਂ ਦੀ ਸਜਾਵਟ ਬਣਿਆ ਅਤੇ ਅੱਖਾਂ ਨੂੰ ਹੋਣ ਵਾਲੇ ਕਈ ਰੋਗਾਂ ਵਾਸਤੇ ਦਾਰੂ ਦਾ ਵੀ ਕੰਮ ਕੀਤਾ। ਇਤਨੇ ਉੱਚੇ ਦਰਜੇ ਨੂੰ ਪਾ ਕੇ ਵੀ ਤਿਲ ਨੇ ਆਪਣੇ ਆਪ ਨੂੰ ਇਕ ਤਿਲ ਭਾਵ ਨਿੱਕੀ ਵਸਤੂ ਹੀ ਸਮਝਿਆ।

----

## ਵਾਰ 4
*ਪਉੜੀ 10 (ਵੜੇਵਾਂ)*

ਹਇ ਵੜੇਵਾਂ ਜਗ ਵਿਚਿ ਬੀਜੇ ਤਨ ਖੇਹ ਨਾਲ ਰਲਾਇਆ।
ਬੂਟੀ ਹੋਇ ਕਪਾਹ ਦੀ ਟੀਂਡੇ ਹਸਿ ਹਸਿ ਆਪੁ ਖਿੜਾਇਆ।
ਦੁਹੁ ਮਿਲਿ ਵੇਲਣੁ ਵੇਲਿਆ ਲੂੰ ਲੂੰ ਕਰਿ ਤੁੰਬੁ ਤੁੰਬਾਇਆ।
ਪਿੰ?ਣਿ ਪਿੰ? ਉਡਾਇਆਕਰਿ ਕਰਿ ਗੋੜੀ ਸੂਤ ਕਤਾਇਆ।
ਤਣਿ ਵੁਣਿ ਖੁੰਬਿ ਚੜਾਇ ਕੈ ਦੇ ਦੇ ਦੁਖੁ ਧੁਆਇ ਰੰਗਾਇਆ।
ਕੈਚੀ ਕਟਣਿ ਕਟਿਆ ਸੂਈ ਧਾਗੇ ਜੋੜਿ ਸੀਵਾਇਆ।
ਲੱਜਣੁ ਕੱਜਣੁ ਹੋਇ ਕਜਾਇਆ ॥10॥

---

*ਵੜੇਵਾਂ: ਕਪਾਹ ਦਾ ਬੀਜ। ਲੂੰ ਲੂੰ: ਵਾਲ ਵਾਲ। ਤੁੰਬਿ: ਝੰਬਣਾ। ਪਿੰ?ਣਿ: ਪਿੰਝਣਾ। ਗੋੜੀ: ਪੂਣੀਆਂ। ਕੱਜਣੁ: ਢੱਕਣਾ। ਕੱਟਣਿ: ਕਾਂਤਰਾਂ।*

ਭਾਈ ਗੁਰਦਾਸ ਜੀ ਵੜੇਵੇਂ ਦੇ ਬੀਜ ਦੇ ਧਰਤੀ ਵਿਚ ਉੱਗਣ ਤੋਂ ਲੈ ਕੇ ਕੱਤ ਕੇ ਕਪੜਾ ਬਣ ਜਾਣ ਸਮੇਂ ਤੱਕ ਸਹੀਆਂ ਮੁਸ਼ਕਲਾਂ ਬਾਰੇ ਦਰਸਾ ਕਿ ਮਨੁਖ ਨੂੰ ਸਾਧਾਂ ਸੰਤਾਂ ਦੇ ਜੀਵਨ ਦੀ ਮਹਤੱਤਾ ਦਸਦੇ ਹਨ ਕਿ ਭਾਵੇਂ ਸਾਧ ਸੰਤ ਆਪ ਦੁਖੀ ਰਹਿ ਲੈਣ ਪਰ ਲੋਕਾਂ ਦੇ ਭਲੇ ਦੀ ਗੱਲ ਹਮੇਸ਼ਾ ਕਰਦੇ ਹਨ। ਜਿਵੇਂ ਵੜੇਵੇਂ ਦਾ ਬੀਜ ਧਰਤੀ ਵਿਚ ਧੱਸਿਆ ਜਾਂਦਾ ਹੈ। ਬੀਜ ਦਾ ਮਿੱਟੀ ਵਿਚ ਧੱਸਣ ਉਪ੍ਰੰਤ ਕਪਾਹ ਦੀ ਬੂਟੀ ਬਣ ਗਿਆ। ਫਿਰ ਬੂਟੀ ਉਪਰ ਫੁੱਲਾਂ ਵਾਂਗ ਖਿੜ ਖਿੜ ਕੇ ਲੋਕਾਂ ਨੂੰ ਖਿੜਾਇਆ। ਫਿਰ ਦੋ ਪੁੜਾਂ ਵਾਲੇ ਵੇਲਣੇ ਵਿਚ ਵੇਲਿਆ ਗਿਆ ਅਤੇ ਫਿਰ ਪਿੰਞਿਆ ਗਿਆ ਤਾਂ ਤੂੰਬਾ ਤੂੰਬਾ ਹੋ ਕੇ ਉਡਿਆ। ਔਰਤਾਂ ਨੇ ਫਿਰ ਸੂਤ ਕੱਤਕੇ ਗੋਹੜੇ ਬਣਾਏ। ਤਾਣੇ ਵਿਚ ਤਣਕੇ ਉਣ ਕੇ ਖੁੰਬ (ਰੰਗ ਕੇ) ਚੜ੍ਹਾ ਕੇ ਕਪੜਾ ਬਣਾ ਕੇ ਧੋਤਾ ਗਿਆ ਅਤੇ ਫਿਰ ਰੰਗਿਆ ਗਿਆ। ਕੈਂਚੀ ਨੇ ਕਪੜੇ ਨੂੰ ਕਈ ਤਰ੍ਹਾਂ ਕੱਟ ਕੇ ਫਿਰ ਸੂਈ ਧਾਗੇ ਨੇ ਕਾਂਤਰਾ ਨੂੰ ਸੀਣ ਪਾਕੇ ਪਹਿਨਣ ਵਾਸਤੇ ਬਸਤਰ ਬਣਾਏ ਗਏ ਅਤੇ ਬਸਤਰ ਮਨੁਖ ਦੇ ਪਰਦੇ ਢਕਣ ਵਾਸਤੇ ਸਹਾਈ ਹੋਏ। ਏਨੇ ਕਸ਼ਟ ਸਹਾਰ ਕੇ ਵੀ ਵੜੇਵੇਂ ਨੇ ਆਪਣੀਆਂ ਦੁਖ ਤਕਲੀਫਾਂ ਨਹੀਂ ਗਿਣਾਈਆਂ ਸਗੋਂ ਬੜੀ ਨਿਮ੍ਰਤਾ ਨਾਲ ਮਨੁਖ ਦੇ ਪਰਦੇ ਢਕਣ ਵਾਸਤੇ ਆਪਣਾ ਸ਼ੌਕ ਪਾਲਣ ਲੱਗਾ।

----

## ਵਾਰ4
*ਪਉੜੀ 11 (ਅਨਾਰਦਾਨਾ)*

ਦਾਣਾ ਹੋਇ ਅਨਾਰ ਦਾ ਹੋਇ ਧੂੜਿ ਧੂੜੀ ਵਿਚਿ ਧੱਸੈ।
ਹੋਇ ਬਿਰਖੁ ਹਰੀਆਵਲਾ ਲਾਲ ਗੁਲਾਲਾ ਫਲ ਵਿਗੱਸੈ।

ਇਕਤੁ ਬਿਰਖ ਸਹਸ ਫਲ ਫਲ ਫਲ ਇਕ ਦੂ ਇਕ ਸਰੱਸੈ।
ਇਕ ਦੂ ਦਾਣੇ ਲਖ ਹੋਇ ਫਲ ਫਲ ਦੇ ਮਨ ਅੰਦਰਿ ਵੱਸੈ।
ਤਿਸੁ ਫਲ ਤੋਟਿ ਨ ਆਵਈ ਗੁਰਮੁਖਿ ਸੁਖ ਫਲੁ ਅੰਮ੍ਰਿਤ ਰੱਸੈ।
ਜਿਉਜਿਉ ਲੱਯਨਿ ਤੋੜਿਫਲਿ ਤਿਉਤਿਉ ਫਿਰਿਫਿਰਿ ਫਲੀਐ ਹੱਸੈ।
ਨਿਵ ਚਲਣੁ ਗੁਰ ਮਾਰਗੁ ਦੱਸੈ ॥11॥

---

*ਧੱਸੈ: ਖੁੱਭਣਾ। ਗੁਲਾਲਾ: ਪੋਸਤ ਦਾ ਲਾਲ ਫੁਲ, ਲਾਲ ਰੰਗ। ਫਲ: ਫਲਣਾ। ਵਿਗੱਸੈ: ਖਿੜਨਾ। ਸਰੱਸੈ: ਇਕ ਤੋਂ ਵੱਧ। ਹੱਸੈ: ਖਿੜਦਾ ਹੈ।*

ਭਾਈ ਗੁਰਦਾਸ ਜੀ ਨਿਮ੍ਰਤਾ ਦੀ ਇਕ ਹੋਰ ਉਦਾਹਰਣ ਦਿੰਦੇ ਹਨ ਕਿ ਅਨਾਰਦਾਣਾ ਵਧੀਆਂ ਫਲ ਹੋ ਕੇ ਪਹਿਲਾਂ ਵੜੇਵੇਂ ਵਾਂਗ ਧਰਤੀ ਵਿਚ ਦਬਿਆ ਜਾਂਦਾ ਹੈ। ਫਿਰ ਇਕ ਬ੍ਰਿਛ ਦੇ ਰੂਪ ਵਿਚ ਹਰਿਆਵਲੋਂ ਖਿਲਾਰਦਾ ਹੈ। ਦਰੱਖਤ ਨੂੰ ਫਿਰ ਪੋਸਤ ਦੇ ਫੁਲ ਵਰਗੇ ਲਾਲ ਰੰਗ ਦੇ ਫੁੱਲ ਖਿੜਦੇ ਹਨ। ਇਕ ਫੁੱਲ ਅੰਦਰ ਸੈਂਕੜੇ ਦਾਣੇ ਜਮਾਂ ਹੁੰਦੇ ਹਨ ਅਤੇ ਇਕ ਦਾਣੇ ਤੋਂ ਬਹੁਤ ਦਾਣੇ ਹੋ ਕੇ ਇਕ ਫਲ ਅੰਦਰ ਵਿਗਸਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਜਿਵੇਂ ਅਨਾਰਦਾਣੇ ਦੇ ਫਲ ਅੰਦਰ ਦਾਨਿਆਂ ਦੀ ਤੋਟ ਨਹੀਂ ਰਹਿੰਦੀ ਇਸੇ ਤਰ੍ਹਾਂ ਗੁਰਮੁਖ ਲੋਕਾਂ ਨੂੰ ਸ਼ਬਦ ਸੁਰਤ ਨੂੰ ਜਾਣ ਕੇ ਸੁਖਾਂ ਦੀ ਕੋਈ ਤੋਟ ਨਹੀਂ ਰਹਿੰਦੀ। ਜਿਵੇਂ ਜਿਵੇਂ ਫਲ ਤੋੜ ਲਈਦੇ ਹਨ ਅਤੇ ਤਿਵੇਂ ਤਿਵੇਂ ਹੋਰ ਫਲ ਲਗਦੇ ਅਤੇ ਤੋੜ ਲਏ ਜਾਂਦੇ। ਉਹ ਦਾਣੇ ਫਿਰ ਉੱਗਦੇ, ਵੱਡੇ ਹੁੰਦੇ ਅਤੇ ਖਿੜਦੇ ਅਤੇ ਫਲ ਦਿੰਦੇ ਹਨ। ਇਸ ਤਰ੍ਹਾਂ ਗੁਰਮੁਖ ਆਪਣੀਆਂ ਕਈ ਕੁਲਾਂ ਨੂੰ ਤਾਰ ਦਿੰਦਾ ਹੈ।

----

## ਵਾਰ 4

*ਪਉੜੀ 12 (ਸੁਧ ਮੋਹਰ)*

ਰੇਣਿ ਰਸਾਇਣ ਸਿਝੀਐ ਰੇਤੁ ਹੇਤੁ ਕਰਿ ਕੰਚਨੁ ਵਸੈ।
ਧੋਇ ਧੋਇ ਕਣੁ ਕਢੀਐ ਰਤੀ ਮਾਸਾ ਤੋਲਾ ਹਸੈ।
ਪਾਇ ਕੁਠਾਲੀ ਗਾਲੀਐ ਰੈਣੀ ਕਰਿ ਸੁਨਿਆਰਿ ਵਿਗਸੈ।
ਘੜਿ ਘੜਿ ਪਤ੍ਰ ਪਖਾਲੀਅਨਿ ਲੂਣੀ ਲਾਇ ਜਲਾਇ ਰਹਸੈ।
ਬਾਰਹ ਵੰਨੀ ਹੋਇ ਕੈ ਲਗੈ ਲਵੈ ਕਸਾਉਟੀ ਕਸੈ।
ਟਕਸਾਲੈ ਸਿਕਾ ਪਵੈ ਘਣ ਅਹਰਣਿ ਵਿਚਿ ਅਚਲੁ ਸਰਸੈ।
ਸਾਲੁ ਸੁਨਈਆ ਪੋਤੈ ਪਸੈ ॥12॥

---

*ਰੇਣਿ: ਤਿਣਕਾ। ਸਿਝੀਐ: ਪ੍ਰਾਪਤ ਹੁੰਦੀ ਹੈ। ਹਸੈ: ਚਮਕਣਾ। ਰੈਣੀ: ਡਲੀ। ਵਿਗਸੈ: ਵੇਖੇ। ਪਖਾਲੀਅਨਿ: ਧੋਣਾ ਆਦਿ। ਲੂਣੀ:ਮਸਾਲੇ। ਰਹਸੈ: ਖੁਸ਼ ਹੋਣਾ। ਕੱਸੈ: ਚਸ*

*ਲਾਉਣੀ। ਲਗੈ ਲਵੈ: ਲਾਗਾਂ ਲਾਕੇ ਨਰਮ ਲੱਗਣੀ। ਸਾਲਿ: ਸੁਧ। ਸੁਨਈਆ: ਮੋਹਰ। ਪੋਤੈ: ਖਜ਼ਾਨਾ। ਪਸੈ: ਪੈਣੀ।*

ਭਾਈ ਗੁਰਦਾਸ ਜੀ ਏਥੇ ਸੋਨੇ ਦਾ ਰੇਤ ਵਿਚੋਂ ਨਿਕਲਣਾ ਅਤੇ ਸੁਧ ਹੋ ਕੇ ਖਜ਼ਾਨੇ ਵਿਚ ਜਾਣ ਦਾ ਕਾਰਜ ਸਮਝਾਉਂਦੇ ਹਨ ਕਿ ਇਕ ਇਕ ਤਿਣਕਾ ਇੱਕਠਾ ਹੋ ਕੇ ਕਿਸੇ ਖਜ਼ਾਨੇ ਦੀ ਸ਼ਾਨ ਕਿਵੇਂ ਬਣਦਾ ਹੈ? ਲਿਖਦੇ ਹਨ ਕਿ ਸੋਨਾ ਪਹਿਲਾਂ ਰੇਤ ਵਿਚ ਦੱਬਿਆ ਹੋਇਆ ਹੁੰਦਾ ਹੈ। ਮੈਂ ਦਸਦਾ ਜਾਵਾਂ ਕਿ ਸੋਨਾ ਭਾਵੇਂ ਸੜ੍ਹਾਂਦ ਵਾਲੇ ਗੰਦੇ ਨਾਲੇ ਵਿਚ ਪਿਆ ਹੋਵੇ ਲੋਕਾਂ ਵਾਸਤੇ ਉਹ ਫਿਰ ਗੰਦਾ ਨਹੀਂ ਹੁੰਦਾ, ਲੋਕ ਗੰਦਗੀ ਵਿਚੋਂ ਵੀ ਚੁੱਕ ਲੈਂਦੇ ਹਨ। ਸੋਨੇ ਦੇ ਤਿਣਕਿਆਂ ਨੂੰ ਇਕੱਠੇ ਕਰਕੇ ਧੋ ਸੁਆਰ ਕੇ ਰਸਾਇਣ ਵਿਚ ਪਾਇਆ ਜਾਂਦਾ ਹੈ। ਰਸਾਇਣ ਵਿਚ ਪੈ ਕੇ ਸੋਨਾ ਰੱਤੀ ਮਾਸਾ ਤੋਲੇ ਦਾ ਹੋ ਕੇ ਚਮਕਦਾ ਹੈ। ਫਿਰ ਕੁਠਾਲੀ ਵਿਚ ਪਾ ਕੇ ਗਰਮ ਕਰਕੇ ਢਾਲ ਕੇ ਉਸਦੀਆਂ ਡੇਲੀਆਂ ਬਣਾ ਕੇ ਸੁਨਿਆਰਾ ਖੁਸ਼ ਹੁੰਦਾ ਹੈ ਪਰ ਉਸ ਨਾਲ ਮੂਹ ਨਹੀਂ ਕਰਦਾ। ਸੋਨੇ ਦੇ ਪੱਤਰੇ ਘੜ ਘੜ ਕੇ ਧੋਂਦਾ ਹੈ ਅਤੇ ਫਿਰ ਮਸਾਲੇ ਲਾ ਲਾ ਕੇ ਅੱਗ ਵਿਚ ਰੱਖ ਕੇ ਸਾਫ ਕਰਦਾ ਹੈ। ਜਦ ਸੋਨਾ ਬਾਰਾਂ ਬੰਨੇ ਦਾ ਹੋ ਕੇ ਸੋਨਾ ਨਰਮ ਹੋ ਜਾਂਦਾ ਹੈ ਅਤੇ ਫਿਰ ਉਸ ਉਪਰ ਕਸਾਉਟੀ ਘਸਾ ਕੇ ਪਰਖਿਆ ਜਾਂਦਾ ਹੈ। ਫਿਰ ਘਣ/ਵਦਾਣ ਅਤੇ ਅਹਿਰਣ ਉਪਰ ਖੂਬ ਚਮਕਦਾ ਹੈ ਅਤੇ ਫਿਰ ਇਕ ਸੁਧ ਮੋਹਰ ਬਣ ਕੇ ਬਾਦਸ਼ਾਹ ਦੇ ਖਜ਼ਾਨੇ ਵਿਚ ਪੈਂਦਾ ਹੈ।

----

## ਵਾਰ 4

*ਪਉੜੀ 13 (ਖਸਖਾਸ ਦਾਣਾ)*

ਖਸਖਸ ਦਾਣਾ ਹੋਇ ਕੈ ਖਾਕ ਅੰਦਰਿ ਹੋਇ ਖਾਕ ਸਮਾਵੈ।
ਦੋਸਤੁ ਪੋਸਤੁ ਬੂਟੁ ਹੋਇ ਰੰਗ ਬਿਰੰਗੀ ਫੁੱਲ ਖਿੜਾਵੈ।
ਹੋਡਾ ਹੋਡੀ ਡੋਡੀਆ ਇਕ ਦੂੰ ਇਕ ਚੜ੍ਹਾਉ ਚੜ੍ਹਾਵੈ।
ਸੂਲੀ ਉਪਰਿ ਖੇਲਣਾ ਪਿਛੋਂ ਦੇ ਸਿਰਿ ਛਤ੍ਰ ਧਰਾਵੈ।
ਚੁਖੁ ਚੁਖੁ ਹੋਇ ਮਲਾਇ ਕੈ ਲੋਹੂ ਪਾਣੀ ਰੰਗਿ ਰੰਗਾਵੈ।
ਪਿਰਮ ਪਿਆਲਾ ਮਜਲਸੀ ਜੋਗ ਭੋਗ ਸੰਜੋਗ ਬਣਾਵੈ।
ਅਮਲੀ ਹੋਇ ਸੁ ਮਜਲਸ ਆਵੈ ॥13॥

---

*ਦਾਣਾ: ਬੀਜ। ਦੋਸਤੁ: ਪਿਆਰਾ ਜਾਂ ਦੋ ਸੌ। ਹੋਡਾ ਹੋਡੀ: ਜ਼ਿਦੋ ਜ਼ਿਦੀ। ਸੂਲੀ: ਡੰਡੀ। ਮਲਾਇ ਕੇ: ਮਲ ਮਲ ਕੇ। ਚੁਖੁ ਚੁਖੁ: ਟੁਕੜੇ ਟੁਕੜੇ।*

ਜਿਵੇਂ ਖਸ਼ਖਸ਼ ਦਾ ਦਾਣਾ ਭਾਵ ਬੀਜ ਪਹਿਲਾਂ ਮਿੱਟੀ ਵਿਚ ਰਲਾਇਆ ਜਾਂਦਾ ਹੈ ਅਤੇ ਪੋਸਤ ਦਾ ਬੂਟਾ ਬਣ ਕੇ ਕਈ ਤਰ੍ਹਾਂ ਦੇ ਰੰਗ ਬਰੰਗੇ ਫੁੱਲ ਖਿੜਦੇ ਹਨ। ਜਿਦੋ ਜਿਦੀ

ਭਾਵ ਆਪ ਮੁਹਾਰੇ ਡੋਡੀਆਂ ਖਿੜ ਕੇ ਹਸਦੀਆਂ ਹਨ। ਪਹਿਲਾਂ ਦਰੱਖਤ ਦੇ ਸਿਰੇ ਉਪਰ ਭਾਵ ਡੰਡੀਆਂ ਉਪਰ ਝੂਲਦਾ ਹੈ ਅਤੇ ਫਿਰ ਛਤਰਆਕਾਰ ਭਾਵ ਬਹੁਤ ਫੈਲ ਜਾਂਦਾ ਹੈ। ਫਿਰ ਟੁਕੜਾ ਟੁਕੜਾ ਕਰ ਕੇ ਜਦ ਮਲਿਆ ਜਾਂਦਾ ਹੈ ਤਾਂ ਉਹ ਪਾਣੀ ਨੂੰ ਲਹੂ ਰੰਗਾਂ ਲਾਲ ਕਰ ਦਿੰਦਾ ਹੈ। ਫਿਰ ਮਹਿਫਲਾਂ ਵਿਚ ਪ੍ਰੇਮ ਦਾ ਪਿਆਲਾ ਬਣ ਕੇ ਜੋਗ ਅਤੇ ਭੋਗ ਦਾ ਕਾਰਜ ਕਰਦਾ ਹੈ। ਭਾਵ ਜੋਗੀ ਇਸ ਦੇ ਸੇਵਨ ਨਾਲ ਸਮਾਧੀ ਵਿਚ ਆਉਦੇ ਹਨ ਅਤੇ ਭੋਗੀ ਲੋਕ ਇਸ ਦਾ ਸੇਵਨ ਕਰਕੇ ਭੋਗ ਕਰਦੇ ਹਨ। ਜਿਹੜਾ ਇਸ ਪੋਸਤ ਦਾ ਅਮਲੀ ਹੁੰਦਾ ਹੈ ਉਹੋ ਹੀ ਅਜਿਹੀ ਮਹਿਫਲ ਵਿਚ ਵੜ੍ਹਦਾ ਹੈ।

----

## ਵਾਰ 4

*ਪਉੜੀ 14 (ਕਮਾਦ)*

ਰਸ ਭਰਿਆ ਰਸੁ ਰਖਦਾ ਬੋਲਣ ਅਣੁਬੋਲਣ ਅਭਿਰਿਠਾ।
ਸੁਣਿਆ ਅਣਸੁਣਿਆ ਕਰੈ ਕਰੇ ਵੀਚਾਰ ਡਿਠਾ ਅਣਡਿਠਾ।
ਅਖੀ ਧੂੜਿ ਅਟਾਈਆ ਅਖੀ ਵਿਚਿ ਅੰਗੂਰੁ ਬਹਿਠਾ।
ਇਕ ਦੂ ਬਾਹਲੇ ਬੂਟ ਹੋਇ ਸਿਰ ਤਲਵਾਇਆ ਇਠਹੁ ਇਠਾ।
ਦੁਹੁ ਖੁੰਢਾ ਵਿਚਿ ਪੀੜੀਐ ਟੋਟੇ ਲਾਹੇ ਇਤੁ ਗੁਣਿ ਮਿਠਾ।
ਵੀਹ ਇਕੀਹ ਵਰਤਦਾ ਅਵਗੁਣਿਆਰੇ ਪਾਪ ਪਣਿਠਾ।
ਮੰਨੈ ਗੰਨੈ ਵਾਂਗ ਸੁਧਿਠਾ ॥14॥

---

*ਰਸ: ਸੁਆਦ। ਅਭਿਰਿਠਾ: ਪਿਆਰਾ। ਅਖੀ: ਗੱਠਾਂ। ਅਟਾਈਆ: ਧਰਤੀ ਵਿਚ ਦਬਣਾ। ਸਿਰ ਤਲਵਾਇਆ: ਸਿਰ ਹੇਠਾਂ ਪੈਰ ਉਪਰ। ਇਠਹੁ ਇਠਾ: ਪਿਆਰੇ ਤੋਂ ਪਿਆਰਾ। ਖੁੰਢਾ: ਵੇਲਣਾ। ਪਣਿਠਾ: ਨਸ਼ਟ ਹੋਣਾ। ਸੁਧਿਠਾ: ਦ੍ਰਿੜ।*

ਕਮਾਦ ਰਸਦਾਇਕ ਹੁੰਦਾ ਹੈ। ਬੋਲਣ ਅਤੇ ਨਾ ਬੋਲਣ ਭਾਵ ਭਾਵੇਂ ਚੂਪ ਲਓ ਜਾਂ ਅੱਗ ਵਿਚ ਕਾੜ੍ਹ ਕੇ ਖਾਉ ਦੋਨਾਂ ਸਥਿਤੀਆਂ ਵਿਚ ਹੀ ਮਿੱਠਾ ਹੁੰਦਾ ਹੈ। ਕਈ ਵਿਦਵਾਨਾਂ ਦਾ ਵਿਚਾਰ ਹੈ ਜਾਂ ਮਤ ਹੈ ਕਿ ਕਮਾਦ ਨੂੰ ਬੋਲਣ ਨਾਲੋਂ ਨਾ ਬੋਲਣਾ ਹੀ ਕਹਿਣਾ ਚਾਹੀਦਾ ਹੈ ਕਿਉਂਕਿ ਜਦ ਕਮਾਦੀ ਵਿਚ ਹਵਾ ਵਗਦੀ ਹੈ ਤਾਂ ਕੋਈ ਆਵਾਜ਼ ਨਹੀ ਅਉਂਦੀ। ਭਾਵ ਨਾ ਤਾਂ ਕਮਾਦ ਵਿਚ ਲੁਕਿਆ ਕੋਈ ਮਨੁਖ ਛੇਤੀ ਕੀਤੇ ਲੱਭਦਾ ਹੈ ਅਤੇ ਨਾ ਹੀ ਕਮਾਦ ਦੇ ਖੇਤ ਵਿਚ ਕੋਈ ਆਵਾਜ਼ ਦੇਵੇ ਉਹ ਬਾਹਰ ਸੁਣੀ ਜਾਂਦੀ ਹੈ। ਕਮਾਦ ਦੇ ਜਿਸ ਹਿੱਸੇ ਉਪਰ ਅੱਖਾਂ ਵਰਗਾ ਨਿਸ਼ਾਨ ਹੋਵੇ ਉਸਨੂੰ ਕੱਟ ਕੇ ਬੀਜਿਆ ਜਾਂਦਾ ਹੈ ਅਤੇ ਕਮਾਦ ਦੀਆਂ ਗੰਢਾਂ ਫਿਰ ਫੁਟਦੀਆਂ ਹਨ। ਇਕ ਬੂਟੇ ਤੋਂ ਫਿਰ ਕਈ ਬੂਟੇ ਸਿਰ ਹੇਠਾਂ ਅਤੇ ਪੈਰ ਉਪਰ ਨੂੰ ਕਰ ਕੇ ਪੁੰਗਰਦੇ ਹਨ ਅਤੇ ਪਿਆਰੇ ਤੋਂ ਪਿਆਰੇ ਲਗਦੇ ਹਨ। ਜਦ ਵੇਲਣੇ ਦੇ ਦੋ ਪੁੜਾਂ ਵਿਚ ਪੀੜਿਆ ਜਾਂਦਾ ਹੈ ਤਾਂ ਕਮਾਦ ਰਸ ਨੂੰ ਬਾਹਰ ਕੱਢਣ ਕਾਰਨ ਬੜਾ ਮਿੱਠਾ ਅਤੇ ਪਿਆਰਾ

ਲਗਦਾ ਹੈ। ਫਿਰ ਗੁੜ ਦੀਆਂ ਭੇਲੀਆਂ ਬਣ ਕੇ ਵੀਹ ਇਕੀਹ ਭਾਵ ਕਈ ਤਰ੍ਹਾਂ ਵਰਤਾਇਆ ਜਾਂਦਾ ਹੈ। ਲੁਕਾਈ ਗੁੜ ਦੀਆਂ ਭੇਲੀਆਂ ਨੂੰ ਵਿਆਹਾਂ ਸਮੇਂ ਵਰਤਾਂਦੇ ਹਨ ਅਤੇ ਸਤਿਸੰਗ ਕਰਨ ਵਾਲੇ ਗੁੜ ਨੂੰ ਇਕ ਪ੍ਰਸਾਦ ਦੇ ਰੂਪ ਵਿਚ ਵਰਤੀਂਦੇ ਹਨ। ਪਰ ਜਿਹੜੇ ਲੋਕ ਸ਼ਰਾਬ ਬਣਾ ਕੇ ਪੀਂਦੇ ਹਨ ਉਹ ਆਪਣੇ ਬਦਕਾਰਾਂ ਨਾਲ ਹੀ ਇਸ ਦਾ ਸੇਵਨ ਕਰ ਕੇ ਪੀ ਮਰਦੇ ਹਨ। ਜਿਵੇਂ ਕਮਾਦ ਏਨਾ ਦੁਖ ਸਹਿ ਕੇ ਵੀ ਆਪਣੇ ਵਿਚੋਂ ਮਿਠਾਸ ਨਹੀਂ ਛਡਦਾ ਤਿਵੇਂ ਗੁਰਮੁਖ ਲੋਕ ਵੀ ਦੁਖਾਂ ਤਕਲੀਫਾਂ ਨੂੰ ਝੱਲ ਕੇ ਵੀ ਕਦੇ ਪਾਠ ਪੂਜਾ ਅਤੇ ਲੋਕ ਭਲਾਈ ਕਰਨ ਦਾ ਕਾਰਜ ਨਹੀਂ ਛੱਡਦੇ।

----

## ਵਾਰ 4

*ਪਉੜੀ 15 (ਸਵ੍ਾਂਤੀ ਬੂੰਦ ਤੇ ਸਿੱਪ)*

ਘਣਹਰ ਬੂੰਦ ਸੁਹਾਵਣੀ ਨੀਵੀ ਹੋਇ ਅਗਾਸਹੁ।
ਆਪੁ ਗਵਾਇ ਸਮੁੰਦੁ ਵੇਖਿ ਸਿਪੈ ਦੇ ਮੁਹਿ ਵਿਚਿ ਸਮਾਵੈ।
ਲੈਦੋ ਹੀ ਮੁਹਿ ਬੂੰਦ ਸਿਪੁ ਚੁੰਭੀ ਮਾਰਿ ਪਤਾਲਿ ਲੁਕਾਵੈ।
ਫੜਿ ਕਢੈ ਮਰੁਜੀਵੜਾ ਪਰ ਕਾਰਜ ਨੋ ਆਪੁ ਫੜਾਵੈ।
ਪਰਵਸਿ ਪਰਉਪਕਾਰ ਨੋ ਪਰ ਹਥਿ ਪੱਥਰ ਦੰਦ ਭਨਾਵੈ।
ਭੁਲਿ ਅਭੁਲਿ ਅਮੁਲੁ ਦੇ ਮੋਤੀ ਦਾਨ ਨ ਪਛੋਤਾਵੈ।
ਸਫਲ ਜਨਮੁ ਕੋਈ ਵਰੁਸਾਵੈ ॥15॥

---

*ਚੁੰਭੀ: ਟੁੱਭੀ। ਮਰੁਜੀਵੜਾ: ਟੋਭਾ। ਅਮੁਲ ਦੇ: ਦਾਨ ਕਰਕੇ। ਅਭੁਲਿ: ਜਾਣ ਕੇ ਜਾਂ ਅਣਜਾਣਪੁਣੇ ਵਿਚ ਗਲਤੀ ਹੋਣੀ। ਵਰੁਸਾਵੇ: ਲਾਭ ਪਰਾਪਤ ਕਰਨਾ।*

ਭਾਈ ਗੁਰਦਾਸ ਜੀ ਅਸਮਾਨ ਤੋਂ ਵਰਸ ਕੇ ਸਮੁੰਦਰ ਵਿਚ ਸਿੱਪੀ ਦੇ ਮੂੰਹ ਵਿਚ ਪੈਣ ਵਾਲੀ ਸਵਾਂਤ ਬੂੰਦ ਜਿਹੜੀ ਏਨੀ ਉਚਾਈ ਉਪਰੋਂ ਹੇਠਾਂ ਆਣ ਕੇ ਡੂੰਘੇ ਸਮੁੰਦਰ ਵਿਚ ਰਹਿ ਕੇ ਮੋਤੀ ਬਣੀ ਅਤੇ ਫਿਰ ਰਾਜਿਆਂ ਮਹਾਂਰਾਜਿਆ ਦੇ ਤਾਜ ਦਾ ਸ਼ਿੰਗਾਰ ਬਣਨ ਦਾ ਕਾਰਨ ਨਿਮ੍ਰਤਾ ਭਾਵਨਾ ਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਬੱਦਲ ਦੀ ਸੁਹਣੀ ਬੂੰਦ ਅਰਸ਼ ਉਪਰ ਹੇਠਾਂ ਨੀਵੇਂ ਥਾਂਵਾਂ ਵੱਲ ਆਉਂਦੀ ਹੈ। ਜਦ ਸਮੁੰਦਰ ਵੱਲ ਵੇਖਦੀ ਹੈ ਤਾਂ ਆਪਣੇ ਨਿੱਕੇ ਆਕਾਰ ਉਪਰ ਝੂਰਦੀ ਹੋਈ ਸਿੱਪੀ ਦੇ ਮੂੰਹ ਵਿਚ ਪੈ ਜਾਂਦੀ ਹੈ ਅਤੇ ਸਿੱਪੀ ਸਵਾਂਤ ਬੂੰਦ ਨੂੰ ਆਪਣੇ ਮੂੰਹ ਵਿਚ ਹੀ ਘੁੱਟ ਲੈਂਦੀ ਹੈ ਅਤੇ ਡੂੰਘੇ ਸਮੁੰਦਰ ਵਿਚ ਕਈ ਚਿਰ ਰਹਿ ਕੇ ਸਵਾਂਤ ਬੂੰਦ ਨੂੰ ਮੋਤੀ ਬਣਾ ਦਿੰਦੀ ਹੈ ਅਤੇ ਇਹ ਮੋਤੀ ਫਿਰ ਬਾਦਸ਼ਾਂਹਾ ਦੇ ਤਾਜ ਵਿਚ ਚਮਕਦਾ ਹੈ।

----

ਵਾਰ 4

*ਪਉੜੀ 16 (ਹੀਰੇ ਕਣੀ ਤੋਂ ਸਿੱਖ ਗੁਰੂ ਦਾ ਮੇਲ)*

ਹੀਰੇ ਹੀਰਾ ਬੇਧੀਐ ਬਰਮੇ ਕਣੀ ਅਣੀ ਹੋਇ ਹੀਰੈ।
ਧਾਗਾ ਹੋਇ ਪਰੋਈਐ ਹੀਰੈ ਮਾਲ ਰਸਾਲ ਗਹੀਰੈ।
ਸਾਧਸੰਗਤਿ ਗੁਰੁ ਸਬਦ ਲਿਵ ਹਉਮੈ ਮਾਰਿ ਮਰੈ ਮਨੁ ਧੀਰੈ।
ਮਨਜਿਣਿ ਮਨੁ ਦੇ ਲਏ ਮਨ ਗੁਣਿ ਵਿਚਿ ਗੁਣ ਗੁਰਮੁਖਿ ਸਰੀਰੈ।
ਪੈਰੀ ਪੈ ਪੈ ਖਾਕੁ ਹੋਇ ਕਾਮਧੇਨੁ ਸੰਤ ਰੇਣੁ ਨ ਨੀਰੈ।
ਸਿਲਾ ਅਲੂਣੈ ਚਟਣੀ ਲਖ ਅੰਮ੍ਰਿਤ ਰਸ ਤਰਸਨ ਸੀਰੈ।
ਵਿਰਲਾ ਸਿਖ ਸੁਣੈ ਗੁਰ ਪੀਰੈ ॥16॥

---

*ਅਣੀ: ਨੋਕ। ਬੇਧੀਐ: ਵਿੰਨ੍ਹਣਾ। ਕਣੀ: ਵਰਮੇ ਨਾਲ ਵਿੰਨ੍ਹਣਾ। ਰਸਾਲ ਗਹੀਰੈ: ਸੁੰਦਰ, ਸੁਹਣਾ। ਮਨਜਿਣਿ: ਮਨ ਜਿੱਤ ਕੇ। ਮਨੁ: ਮੰਤਰ। ਨ ਨੀਰੈ: ਨਹੀਂ ਪੁਜਦੀ। ਖਾਕੁ: ਚਰਨ ਧੂੜ। ਰੇਣੁ: ਸੰਤਾਂ ਦੀ ਧੂੜੀ। ਸੀਰੈ: ਮਿਠਾਸ।*

ਵਰਮੇ ਦੀ ਅਣੀ ਨਾਲ ਭਾਵ ਨੋਕ ਨਾਲ ਹੀਰੇ ਦੀ ਕਣੀ ਲਗਾ ਕੇ ਹੀਰੇ ਨੂੰ ਛੇਕ (ਬੇਦੀਐ) ਕੀਤਾ ਜਾਂਦਾ ਹੈ। ਭਾਵ ਸਤਿਗੁਰ ਸ਼ਬਦ ਰੂਪੀ ਹੀਰੇ ਦੀ ਕਣੀ ਨਾਲ ਮਨ ਹੀਰਾ ਵਿੰਨ੍ਹਦੇ ਹਨ। ਧਾਗਾ ਹੋਇ ਭਾਵ ਪ੍ਰੇਮ ਡੋਰ ਹੋਵੇ ਤਾਂ ਪਰੋ ਕੇ ਬਹੁਤ ਸੁੰਦਰ ਮਾਲਾ ਤਿਆਰ ਹੁੰਦੀ ਹੈ। ਸਾਧਸੰਗਤ ਵਿਚ ਜਾ ਕੇ ਆਪਣੇ ਦਿਲ ਦੀ ਹਉਮੈ ਨੂੰ ਮਿਟਾ ਕੇ ਪ੍ਰੇਮ ਨਾਲ ਸ਼ਬਦ ਦੀ ਪਛਾਣ ਕਰੀਦੀ ਹੈ। ਜਦ ਗੁਰਮੁਖ ਗੁਰਮਤ ਨੂੰ ਆਪਣੇ ਮਨ ਵਿਚ ਧਾਰ ਲੈਂਦਾ ਹੈ ਤਾਂ ਸਮਝੋ ਕਿ ਉਸ ਗੁਰਮੁਖ ਨੇ ਆਪਣਾ ਮਨ ਜਿੱਤ (ਮਨਜਿਣਿ) ਲਿਆ ਹੈ। ਅਜਿਹੇ ਗੁਣਾਂ ਵਿਚੋਂ ਗੁਣ ਗੁਰਮੁਖਾਂ ਦੇ ਸਰੀਰ ਵਿਚ ਰਚ ਜਾਂਦਾ ਹੈ ਜਿਸ ਨਾਲ ਗੁਰਮੁਖ ਗੁਰੂ ਦੇ ਚਰਨਾਂ ਦੀ ਧੂੜ ਬਣਨ ਨਾਲ ਬਰਾਬਰੀ ਕਰਨ ਵਾਸਤੇ ਕਾਮਧੇਨ ਵੀ ਨਹੀਂ ਕਰ ਸਕਦੀ।ਗੁਰਮੁਖਾਂ ਸੇਵਾ ਕਰਨੀ ਇਕ ਅਲੂਣੀ ਸਿਲਾ ਚਟਣ ਬਰਾਬਰ ਹੈ ਅਤੇ ਇਸ ਅਲੂਣੀ ਸਿਲਾ ਨੂੰ ਚੱਟਣ ਵਾਸਤੇ ਹਜ਼ਾਰਾਂ ਅੰਮ੍ਰਿਤ ਤਿਆਰ ਬੈਠੇ ਹਨ! ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂਆਂ ਪੀਰਾਂ ਦੀ ਸਿਖਿਆ ਸੁਣਨ ਵਾਸਤੇ ਕੋਈ ਵਿਰਲਾ ਗੁਰਮੁਖ ਹੀ ਅੱਗੇ ਆਉਂਦਾ ਹੈ।

----

ਵਾਰ 4

*ਪਉੜੀ 17 (ਜੀਵਨ ਮੁਕਤਿ ਦੀ ਕਰਨੀ)*

ਗੁਰ ਸਿਖੀ ਗੁਰ ਸਿਖ ਸੁਣਿ ਅੰਦਰਿ ਸਿਆਣਾ ਬਾਹਰਿ ਭੋਲਾ।
ਸਬਦਿ ਸੁਰਤਿ ਸਾਵਧਾਨ ਹੋਇ ਵਿਣੁ ਗੁਰਸਬਦਿ ਨ ਸੁਣਈ ਬੋਲਾ।

ਸਤਿਗੁਰ ਦਰਸਨੁ ਦੇਖਣਾ ਸਾਧਸੰਗਤਿ ਵਿਣੁ ਅੰਨ੍ਹਾ ਬੋਲਾ।
ਵਾਹਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ।
ਪੈਰੀ ਪੈ ਪਾ ਖਾਕ ਹੋਇ ਚਰਣਿ ਧੋਇ ਚਰਣੋਦਾਕ ਝੋਲਾ।
ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ।
ਜੀਵਣਿ ਮੁਕਤਿ ਸਚਾਵਾ ਚੋਲਾ ॥17॥

---

*ਭੋਲਾ: ਸਿਧਾ ਸਾਧਾ। ਅੰਨ੍ਹਾ ਖੋਲਾ: ਅੰਨ੍ਹਾ ਕਾਣਾ। ਚਬੋਲਾ: ਪੀਣਾ। ਚਰਣੋਦਕ: ਚਰਨਾ ਦਾ ਪਾਣੀ। ਝੋਲਾ: ਪੀਣਾ। ਚੋਲਾ: ਪਹਿਰਾਵਾ।*

ਗੁਰਮੁਖ ਮਨੁੱਖ ਗੁਰ-ਸਿੱਖੀ ਦੀ ਗਤ ਪਰਾਪਤ ਕਰਕੇ ਅੰਦਰੋਂ ਸਿਆਣਾ ਬਣ ਜਾਂਦਾ ਹੈ ਅਤੇ ਗੁਰਮੁਖ ਦੀ ਬਾਹਰਲੀ ਦਿਖ ਭੋਲੀ ਦੀ ਭੋਲੀ ਹੀ ਰਹਿੰਦੀ ਹੈ ਕਿਉਂਕਿ ਉਹ ਆਪਣਾ ਵਡੱਪਣ ਜ਼ਾਹਰ ਨਹੀਂ ਕਰਦਾ। ਗੁਰਮੁਖ ਸ਼ਬਦ ਦੇ ਗਿਆਨ ਨੂੰ ਆਪਣੇ ਮਨ ਵਿਚ ਵਸਾਉਣ ਵਾਸਤੇ ਏਨਾ ਰੁੱਝਾ ਰਹਿੰਦਾ ਹੈ ਕਿ ਕਿਸੇ ਹੋਰ ਉਚੀ ਨੀਵੀਂ ਗੱਲ ਸੁਣਨ ਦਾ ਉਸਦਾ ਮਨ ਹੀ ਨਹੀਂ ਬਣਦਾ ਭਾਵ ਦੁਨਿਆਵੀ ਗੱਲਾਂ ਸੁਣਨ ਵਾਸਤੇ ਉਹ ਬੋਲਾ ਬਣ ਜਾਂਦਾ ਹੈ। ਗੁਰਮੁਖ ਸਿਰਫ ਸਤਿਗੁਰ ਦੇ ਹੀ ਦਰਸ਼ਨ ਕਰਨੇ ਲੋੜਦਾ ਹੈ ਭਾਵ ਚੰਗੀ ਸੰਗਤ ਤੋਂ ਬਿਨ੍ਹਾਂ ਸਮਝੋ ਗੁਰਮੁਖ ਅੰਨ੍ਹਾਂ ਅਤੇ ਬੋਲਾਵੀ ਹੈ। ਚਰਨੀਂ ਪੈ ਕੇ ਚਰਨਾਂ ਦੀ ਧੂੜ ਬਣਕੇ ਗੁਰੂ ਤੋਂ ਵਾਹਿਗੁਰੂ ਦਾ ਮੰਤਰ ਲੈ ਕੇ ਪ੍ਰੇਮ ਪਿਆਲਾ ਚੁੱਪ ਚਾਪ ਪੀਂਦਾ ਰਹਿੰਦਾ ਹੈ। ਜਿਵੇਂ ਭੌਰਾ ਫੁੱਲਾਂ ਉਪਰ ਮੰਡਲਾਉਂਦਾ ਹੈ ਇਸੇ ਤਰ੍ਹਾਂ ਗੁਰਮੁਖ ਗੁਰੂ ਦੇ ਚਰਨਾਂ ਉਪਰ ਆਪਣਾ ਮੱਥਾ ਟਿਕਾ ਕੇ ਰਖਦਾ ਹੈ ਅਤੇ ਦੁਨੀਆਂ ਤੋਂ ਨਿਰਲੇਪ ਹੀ ਰਹਿੰਦਾ ਹੈ। ਮਨੁੱਖਾ ਜਨਮ ਇਕ ਸਫਲ ਜਨਮ ਹੈ ਅਤੇ ਕਲਜੁਗ ਵਿਚ ਹੀ ਮਨੁੱਖ ਮੁਕਤੀ ਪਦ ਅਖਤਿਆਰ ਕਰ ਸਕਦਾ ਹੈ।

----

## ਵਾਰ 4

*ਪਉੜੀ 18 (ਵਾਲ ਦਾ ਦ੍ਰਿਸ਼ਟਾਂਤ)*

ਸਿਰਿ ਵਿਚਿ ਨਿਕੈ ਵਾਲ ਹੋਇ ਸਾਧੁ ਚਰਣ ਚਵਰ ਕਰਿ ਢਾਲੈ।
ਗੁਰ ਸਰ ਤੀਰਥ ਨਾਇ ਕੈ ਅੰਝੂ ਭਰਿ ਭਰਿ ਪੈਰਿ ਪਖਾਲੈ।
ਕਾਲੀ ਹੂੰ ਧਉਲੇ ਕਰੇ ਚਲਣਾ ਜਾਣਿ ਨੀਸਾਣੁ ਸਮ੍ਹਾਲੈ।
ਪੈਰੀ ਪੈ ਪਾ ਖਾਕ ਹੋਇ ਪੂਰਾ ਸਤਿਗੁਰੁ ਨਦਰਿ ਨਿਹਾਲੈ।
ਕਾਗ ਕੁਮੰਤਹੁੰ ਪਰਮ ਹੰਸੁ ਉਜਲ ਮੋਤੀ ਖਾਇ ਖਵਾਲੈ।
ਵਾਲਹੁ ਨਿਕੀ ਆਖੀਐ ਗੁਰ ਸਿਖੀ ਸੁਣਿ ਗੁਰਸਿਖਖ ਪਾਲੈ।
ਗੁਰਸਿਖੁ ਲੰਘੈ ਪਿਰਮ ਪਿਆਲੈ ॥18॥

---

*ਨਿਕੈ: ਬਰੀਕ, ਪਤਲਾ। ਪਖਾਲੈ: ਧਾਉਣਾ। ਨੀਸਾਣੁ: ਨਿਸ਼ਾਨੀ। ਕੁਮੰਤਹੁੰ: ਕੁਮੰਤਰੀ ਭਾਵ ਦਿਲ ਦਾ ਖੋਟਾ ਵਜ਼ੀਰ।*

ਸਿਰ ਦੇ ਵਾਲ ਬਹੁਤ ਪਤਲੇ ਹੁੰਦੇ ਹਨ ਅਤੇ ਉਨ੍ਹਾਂ ਨਾਲ ਗੁਰੂ ਦੇ ਚਰਨ ਸਾਫ ਕਰੇ। ਭਾਵ ਬਚਪਨ ਤੋਂ ਹੀ ਸਤਿਗੁਰ ਕੋਲੋਂ ਸ਼ਬਦ ਸੁਰਤ ਦੀ ਗੁੜ੍ਹਤੀ ਪਰਾਪਤ ਕਰਨੀ ਚਾਹੀਦੀ ਹੈ। ਜਦ ਮਨੁੱਖ ਜੁਆਨ ਹੋ ਜਾਵੇ ਤਾਂ ਗੁਰਸਰ ਤੀਰਥ ਵਿਖੇ ਇਸ਼ਨਾਨ ਕਰਕੇ ਗੁਰਾਂ ਦੇ ਚਰਨਾਂ ਨੂੰ ਆਪਣੇ ਨੇਤਰਾਂ ਦੇ ਹੰਝੂਆਂ ਨਾਲ ਧੋਵੇ। ਭਾਵ ਗੁਰੂ ਨਾਲ ਹੱਦੋਂ ਪਾਰ ਪ੍ਰੀਤ ਕਰੇ। ਜਦ ਕਾਲੇ ਵਾਲਾਂ ਤੋਂ ਧੌਲੇ ਆ ਜਾਣ ਤਾਂ ਚਲੇ ਜਾਣ ਦੀ ਨਿਸ਼ਾਨੀ ਸਮਝੇ। ਗੁਰੂ ਦੇ ਪੈਰਾਂ ਦੀ ਚਰਨ ਧੂੜ ਬਣੋਂਗੇ ਤਦ ਹੀ ਗੁਰੂ ਆਪਣੀ ਸਵੱਲੀ ਨਜ਼ਰ ਕਰੇਗਾ। ਕੁਮੰਤਰੀ ਕਾਂ ਨੂੰ ਪਰਮਹੰਸ ਕਰੇ ਭਾਵ ਮੈਲੇ ਮਨ ਨੂੰ ਉਜਲਾ ਕਰੇ। ਜਿਵੇਂ ਪਰਮਹੰਸ ਮੋਤੀ ਖਾਂਦਾ ਹੈ ਇਵੇਂ ਗੁਰਮੁਖ ਵੀ ਉਜਲੇ ਮੋਤੀ ਖਾਵੇ ਅਤੇ ਹੋਰਾਂ ਨੂੰ ਖੁਵਾਵੇ ਭਾਵ ਚੰਗੇ ਕਰਮ ਕਰੇ ਅਤੇ ਹੋਰਨਾਂ ਨੂੰ ਚੰਗੇ ਕਰਮ ਕਰਨ ਵਾਸਤੇ ਪਰੇਰੇ।

----

## ਵਾਰ 4

*ਪਉੜੀ 19 (ਗੁਲਰ ਦਾ ਦ੍ਰਿਸ਼ਟਾਂਤ)*

ਗੁਲਰ ਅੰਦਰਿ ਭੁਣਹਣਾ ਗੁਲਰ ਨੋਂ ਬ੍ਰਹਮੰਡੁ ਵਖਾਣੈ।
ਗੁਲਰ ਲਗਣਿ ਲਖ ਫਲ ਇਕ ਦੂ ਲਖ ਅਲਖ ਨ ਜਾਣੈ।
ਲਖ ਲਖ ਬਿਰਖ ਬਗੀਚਿਅਹੁ ਲਖ ਬਗੀਚੇ ਬਾਗ ਬਬਾਣੈ।
ਲਖ ਬਾਗ ਬ੍ਰਹਮੰਡ ਵਿਚਿ ਲਖ ਬ੍ਰਹਮੰਡ ਲੂਅ ਵਿਚਿ ਆਣੈ।
ਮਿਹਰਿ ਕਰੇ ਜੇ ਮਿਹਰਿਵਾਨੁ ਗੁਰਮੁਖਿ ਸਾਧਸੰਗਤਿ ਰੰਗੁ ਮਾਣੈ।
ਪੈਰੀ ਪੈ ਪਾ ਖਾਕੁ ਹੋਇ ਸਾਹਿਬੁ ਦੇ ਚਲੈ ਓੁਹ ਭਾਣੈ।
ਹਉਮੈ ਜਾਇ ਤ ਜਾਇ ਸਿਆਣੈ॥19॥

---

*ਗੁਲਰ: ਸਿਧ ਪੱਧਰਾ। ਭੁਣਹਣਾ: ਕੀੜਾ, ਮੱਛਰ। ਲੂਅ: ਸਰੀਰ ਦੇ ਰੋਮ।ਜਾਇ: ਸਵੈ ਸਰੂਪ ਦੀ ਜਗ੍ਹਾ। ਸਿਆਣ: ਸਿਆਨਣਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁੱਲਰ ਨਾਮ ਦੇ ਦਰੱਖਤ ਉਪਰ ਜਿਹੜਾ ਕੀੜਾ ਰਹਿੰਦਾ ਹੈ ਉਹ ਗੁੱਲਰ ਨੂੰ ਹੀ ਬ੍ਰਹਮੰਡ ਸਮਝਦਾ ਹੈ। ਉਸ ਗੁਲਰ ਦਰਖਤ ਨੂੰ ਲੱਖਾਂ ਹੀ ਫਲ ਲਗਦੇ ਹਨ ਅਤੇ ਇਕ ਫਲ ਤੋਂ ਕਈ ਲੱਖ ਹੋ ਕੇ ਫਿਰ ਵੀ ਅਲੱਗ ਹੀ ਰਹਿੰਦਾ ਹੈ। ਇਕ ਬਗੀਚੇ ਅੰਦਰ ਕਈ ਦਰੱਖਤ ਫੁਲ ਬੂਟੇ ਹੁੰਦੇ ਹਨ ਇਸ ਤਰ੍ਹਾਂ ਦੁਨੀਆਂ ਵਿਚ ਅਣਗਿਣਤ ਬਗੀਚੇ ਕਹੀਦੇ ਹਨ। ਇਕ ਬ੍ਰਹਮੰਡ ਅੰਦਰ ਅਣਗਿਣਤ ਬਗੀਚੇ ਹਨ ਅਤੇ ਅਕਾਲ ਪੁਰਖ ਦੇ ਇਕ ਇਕ ਰੋਮ ਵਿਚ ਲੱਖਾਂ ਲੱਖਾਂ ਬ੍ਰਹਿਮੰਡ ਹਨ। ਪਰ ਜਿਸ ਗੁਰਮੁਖ ਉਪਰ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਉਹੀ ਗੁਰਮੁਖ ਸਤਿਸੰਗਤ ਵਿਚ ਜਾ ਸਕਦਾ ਹੈ। ਗੁਰੂ ਦੇ ਚਰਨਾਂ ਦੀ ਧੂੜ ਬਣ ਕੇ ਵਾਹਿਗੁਰੂ ਦੇ ਭਾਣੇ ਵਿਚ ਰਹਿੰਦਾ ਹੈ ਅਤੇ ਜਦ ਗੁਰਮੁਖ ਦੇ ਮਨ ਵਿਚੋਂ ਹਉਮੈਂ ਦਾ ਨਾਸ਼ ਹੋ ਜਾਂਦਾ ਹੈ ਤਾਂ ਉਹ ਆਪਣੇ ਆਪ ਦੇ ਸਰੂਪ ਨੂੰ ਜਾਨਣ ਲਗਦਾ ਹੈ।

----

## ਵਾਰ 4

*ਪਉੜੀ 20 (ਦੂਜ ਦੇ ਚੰਦ ਤੋਂ ਉਪਦੇਸ਼)*

ਦੁਇ ਦਿਹਿ ਚੰਦੁ ਅਲੋਪੁ ਹੋਇ ਤੀਏ ਦਿਹ ਚੜ੍ਹਦਾ ਹੋਇ ਨਿਕਾ।
ਉਠਿ ਉਠਿ ਜਗਤੁ ਜੁਹਾਰਦਾ ਗਗਨ ਮਹੇਸੁਰ ਮਸਤਕਿ ਟਿਕਾ।
ਸੋਲਹ ਕਲਾ ਸੰਘਾਰੀਐ ਸਫਲੁ ਜਨਮੁ ਸੋਹੈ ਕਲਿ ਇਕਾ।
ਅੰਮ੍ਰਿਤ ਕਿਰਣਿ ਸੁਹਾਵਣੀ ਨਿਝਰੁ ਝਰੈ ਸਿੰਜੈ ਸਹਸਿਕਾ।
ਸੀਤਲੁ ਸਾਂਤਿ ਸੰਤੋਖੁ ਦੇ ਸਹਜ ਸੰਜੋਗੀ ਰਤਨ ਅਮਿਕਾ।
ਕਰੈ ਅਨੇਰਹੁ ਚਾਨਣਾ ਡੋਰ ਚਕੋਰ ਧਿਆਨੁ ਧਰਿ ਛਿਕਾ।
ਆਪੁ ਗਵਾਇ ਅਮੋਲ ਮਣਿਕਾ ॥20॥

---

*ਜੁਹਾਰਦਾ: ਮੱਥਾ ਟੇਕਣਾ। ਗਗਨ: ਆਕਾਸ਼। ਮਹੇਸੁਰ: ਸ਼ਿਵ ਭਗਵਾਨ। ਸੰਘਾਰੀਐ: ਗ੍ਰਹਿਣ ਲਗਣਾ ਜਾਂ ਘਟਣਾ। ਕਲਇਕਾ: ਏਕਮ ਦਾ। ਸਹਿਸਿਕਾ: ਸਿਕਦੀ ਸੁਹ ਨੂੰ ਵੇਖ ਕੇ। ਨਿਝੁਰ: ਇਕ ਤਰ੍ਹਾਂ ਦਾ ਰਸ। ਛਿਕਾ: ਖਿਚਣਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਅਮਾਵਸ ਅਤੇ ਏਕਮ ਨੂੰ ਚੰਦਰਮਾ ਗੁੰਮ ਰਹਿੰਦਾ ਅਤੇ ਦੂਜੇ ਦਿਨ ਇਕ ਨਿੱਕੀ ਜਿਹੀ ਸ਼ਕਲ ਨਾਲ ਫਿਰ ਉਦੈਮਾਨ ਹੁੰਦਾ ਹੈ। ਸਾਰਾ ਜਹਾਨ ਚੰਦਰਮਾਂ ਨੂੰ ਮੱਥੇ ਇਸ ਕਰਕੇ ਟੇਕਦਾ ਹੈ ਕਿ ਮਾਨੋਂ ਖੁੱਲ੍ਹਾ ਅਸਮਾਨ ਸ਼ਿਵ ਜੀ ਦਾ ਹੀ ਮਸਤਕ ਹੈ ਅਤੇ ਚੰਦਰਮਾਂ ਇਕ ਟਿੱਕਾ ਹੈ। ਜਦ ਸੋਲਾਂ ਕਲਾ ਹੋ ਜਾਂਦੀਆਂ ਹਨ ਤਾਂ ਚੰਦਰਮਾਂ ਘਟਣਾ ਆਰੰਭ ਹੋ ਜਾਂਦਾ ਹੈ। ਇਕ ਕਲਾ ਭਾਵ ਏਕਮ ਦਾ ਦਿਨ ਹੁੰਦਾ ਹੈ ਅਤੇ ਉਸ ਦਿਨ ਚੰਦਰਮਾ ਸ਼ੋਭਦਾ ਹੈ। ਸਿਕਾ ਸਿਕਦੀ ਚੰਦਰਮਣੀ ਆਪਣੇ ਸੁਹ ਨੂੰ ਵੇਖ ਕੇ ਅੰਮ੍ਰਿਤ ਵਰਤੀਂਦੀ ਰੁੱਖਾਂ ਉਪਰ ਬੈਠੀ ਬਹੁਤ ਸ਼ੋਭਦੀ ਹੈ ਅਤੇ ਸੈਂਕੜਿਆਂ ਰੁੱਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਦੀ ਹੈ। ਸੀਤਲਤਾ ਸ਼ਾਂਤ ਅਤੇ ਸੰਤੋਖ ਵਾਲੇ ਸਹਿਜ ਵਾਲੇ ਰਤਨ ਅਮੋਲਕ (ਅਮਿਕਾ) ਪ੍ਰਾਪਤ ਕਰਦੀ ਹੈ। ਚੰਦਰਮਾਂ ਜਦ ਹਨੇਰੇ ਵਿਚ ਚਾਨਣਾ ਕਰਦਾ ਹੈ ਤਾਂ ਚਕੋਰ ਧਿਆਨ ਦੀ ਡੋਰ ਨਾਲ ਉਚੇ ਅਸਮਾਨ ਵੱਲ ਖਿਚਿਆ ਜਾਂਦਾ ਹੈ। ਸੁ ਭਾਈ ਗੁਰਦਾਸ ਜੀ ਲਿਖਦੇ ਹਨ ਜੇਕਰ ਮਨੁਖ ਆਪਾ ਗਵਾਏ ਤਾਂ ਹੀ ਅਮੋਲਕ ਮਾਣਕ ਮਿਲਦਾ ਹੈ।

----

## ਵਾਰ 4

*ਪਉੜੀ 21 (ਗੁਰਮੁਖ)*

ਹੋਇ ਨਿਮਾਣਾ ਭਗਤਿ ਕਰਿ ਗੁਰਮੁਖਿ ਧਰੂ ਹਰਿ ਦਰਸਨੁ ਪਾਇਆ।
ਭਗਤਿ ਵਛਲੁ ਹੋਇ ਭੇਟਿਆ ਮਾਣੁ ਨਿਮਾਣੇ ਆਪਿ ਦਿਵਾਇਆ।
ਮਾਤ ਲੋਕ ਵਿਚਿ ਮੁਕਤਿ ਕਰਿ ਨਿਹਚਲੁ ਵਾਸੁ ਅਗਾਸਿ ਚੜਾਇਆ।
ਚੰਦੁ ਸੂਰਜ ਤੇਤਿਸ ਕਰੋੜਿ ਪਰਦਖਣਾ ਚਉਫੇਰਿ ਫਿਰਾਇਆ।
ਵੇਦ ਪੁਰਾਣ ਵਖਾਣਦੇ ਪਰਗਟੁ ਕਰਿ ਪਰਤਾਪ ਜਣਾਇਆ।
ਅਬਿਗਤਿਗਤਿ ਅਤਿ ਅਗਮ ਹੈ ਅਕਥ ਵੀਚਾਰੁ ਨ ਆਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥21॥4॥

---

*ਵਛਲੁ: ਮਮਤਾ। ਅਬਿਗਤਿਗਤਿ: ਅਟੱਲ ਗਤੀ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਧਰੂ ਭਗਤ ਨੇ ਨਿਮਾਣਾ ਹੋ ਕੇ ਭਗਤੀ ਕੀਤੀ ਅਤੇ ਪ੍ਰਮਾਤਮਾ ਦੇ ਦਰਸ਼ਨ ਕੀਤੇ। ਪ੍ਰਮਾਤਮਾ ਨੇ ਆਪਣੇ ਨਿਮਾਣੇ ਭਗਤ ਨੂੰ ਮਾਣ ਦਿਤਾ ਅਤੇ ਆਪਣੇ ਨਾਲ ਜੋੜ ਲਿਆ। ਇਸ ਮਾਤ ਲੋਕ ਵਿਚ ਹੀ ਉਸਦੀ ਮੁਕਤੀ ਕੀਤੀ ਅਤੇ ਆਕਾਸ਼ ਵੱਲ ਲੈ ਤੁਰਿਆ। ਚੰਦ ਸੂਰਜ ਅਤੇ ਤੇਤੀ ਕਰੋੜ ਤਾਰਿਆਂ ਦੁਆਲੇ ਉਸਦੀ ਪ੍ਰਕਰਮਾਂ ਕਰਵਾਈ। ਵੇਦ ਪੁਰਾਨ ਇਹ ਕਥਾ ਕਹਿੰਦੇ ਹਨ ਕਿ ਪ੍ਰਮਾਤਮਾਂ ਨੇ ਇਹ ਪਰਮਾਣ ਪਰਤੱਖ ਰੂਪ ਵਿਚ ਵਿਖਾਇਆ ਹੈ। ਪਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪ੍ਰਮਾਤਮਾ ਅਤੇ ਉਸਦੇ ਕਰਤੱਵ ਇਸ ਗਤੀ ਤੋਂ ਪਰ੍ਹੇ ਹਨ। ਅਗਮ ਤੋਂ ਪਰ੍ਹੇ ਹੈ। ਕਥਨ ਤੋਂ ਅਕੱਥ ਹੈ ਅਤੇ ਕਿਸੇ ਦੇ ਵਿਚਾਰ ਤੋਂ ਪਾਰ ਹੈ। ਪ੍ਰਮਾਤਮਾਂ ਨੇ ਗੁਰਮੁਖਾਂ ਨੂੰ ਨਾ ਲਖਿਆ ਜਾਣ ਵਾਲਾ ਫਲ ਲਿਖਾ ਦਿਤਾ ਹੈ। ਗੁਰਬਾਣੀ ਦਾ ਵਿਚਾਰ ਹੈ ਕਿ ਜੇਕਰ ਮਨੁੱਖ ਪ੍ਰਮਾਤਮਾਂ ਨੂੰ ਸਵਾਸ ਸਵਾਸ ਯਾਦ ਕਰਦਾ ਰਹੇ ਤਾਂ ਇਕ ਦਿਨ ਭਾਵ ਸਹਿਜ ਸੁਭਾਏ ਪ੍ਰਮਾਤਮਾ ਮਨੁੱਖ ਦੀਆਂ ਭਾਵਨਾਵਾਂ ਅਨੁਸਾਰ ਕਾਰਜ ਕਰਨ ਲੱਗਦਾ ਹੈ। ਮੇਰਾ ਆਪਣਾ ਵਿਚਾਰ ਵੀ ਇਹੋ ਹੀ ਹੈ ਅਤੇ ਮੈਂ ਸਮਝਦਾ ਹਾਂ ਕਿ ਕੋਈ ਵੀ ਕਿਸੇ ਗੰਦੇ ਥਾਂ ਨਹੀਂ ਰਹਿਣਾ ਚਹੁੰਦਾ ਹੁੰਦਾ। ਜੇਕਰ ਮਨੁੱਖ ਆਪਣੇ ਮਨ ਵਿਚੋਂ ਕਾਮ, ਕ੍ਰੋਧ, ਲੋਭ ਮੁਹ ਅਤੇ ਹੰਕਾਰ ਕੱਢ ਲਵੇ ਤਾਂ ਜ਼ਰੂਰ ਪ੍ਰਮਾਤਮਾ ਉਸ ਮਨੁਖ ਦੇ ਸਾਫ ਦਿਲ ਵਿਚ ਵਸਣਾ ਕਰੇਗਾ।

----

## ਵਾਰ 5

*ਇਸ ਵਾਰ ਦੀਆਂ 21 ਪੌੜੀਆਂ ਹਨ।*

*ਸਤਿਗੁਰ ਪ੍ਰਸਾਦਿ ॥*

## ਵਾਰ 5

*ਪਉੜੀ 1 (ਗੁਰਮੁਖਾਂ ਦੇ ਲੱਛਣ)*

ਗੁਰਮੁਖਿ ਹੋਵੈ ਸਾਧਸੰਗੁ ਹੋਰਤੁ ਸੰਗਿ ਕੁਸੰਗਿ ਨ ਰਚੈ।
ਗੁਰਮੁਖਿ ਪੰਥੁ ਸੁਹੇਲੜਾ ਬਾਰਹ ਪੰਥ ਨ ਖੇਚਲ ਖਚੈ।
ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗੁ ਤੰਬੋਲ ਪਰਚੈ।
ਗੁਰਮੁਖਿ ਸਰਦਸਨੁ ਦੇਖਣਾ ਛਿਅ ਦਰਸਨ ਪਰਸਣ ਨ ਸਰਚੈ।
ਗੁਰਮੁਖਿ ਨਿਹਚਲ ਮਤਿ ਹੈ ਦੂਜੈ ਭਾਇ ਲੁਭਾਇ ਨ ਪਚੈ।
ਗੁਰਮੁਖਿ ਸਬਦੁ ਕਮਾਵਣਾ ਪੈਰੀ ਪੈ ਰਹਰਾਸਿ ਨ ਹਚੈ।
ਗੁਰਮੁਖਿ ਭਾਇ ਭਗਤਿ ਚਹਮਚੈ ॥1॥

---

*ਰਚੈ: ਰਚ ਮਿਚ ਜਾਣਾ। ਸੁਹੇਲੜਾ: ਸਖੀ, ਸ਼ੋਭਨੀਕ। ਖੇਚਲ ਖਚੈ: ਖਿਚਿਆ ਜਾਂਦਾ। ਤੰਬੋਲ: ਪਾਣ। ਪਰਚੈ: ਪਰਚਣਾ ਏਥੇ ਅਭੇਦ ਹੋਣਾ। ਸਰਚੈ: ਫਸ ਜਾਣਾ। ਪਚੈ: ਸੜ ਬਲ ਜਾਣਾ। ਹਚੈ: ਹਟਣਾ। ਚਹਮਚੈ: ਮਸਤ ਹਾਲਤ।*

ਜੋ ਗੁਰਮੁਖ ਸਾਧ ਸੰਗਤ ਵਿਚ ਜਾਂਦਾ ਹੈ ਉਹ ਕੁਸੰਗੀਆਂ ਦੇ ਨਾਲ ਕਦੇ ਨਹੀਂ ਮਿਲਦਾ। ਗੁਰਮੁਖਾਂ ਦਾ ਨਿਰਮਲਾ ਪੰਥ ਬਹੁਤ ਸ਼ੋਭਨੀਕ ਹੈ ਉਹ ਜੋਗੀਆਂ ਦੇ ਬਾਰਾਂ ਪੰਥ ਦੀਆਂ ਖੇਚਲਾਂ ਵੱਲ ਨਹੀਂ ਖਿਚਿਆ ਜਾਂਦਾ। ਗੁਰਮੁਖ ਖੱਤਰੀ ਬ੍ਰਾਹਮਣ ਵਰਨ ਹੋਵੇ ਜਾਂ ਅਵਰਣ ਭਾਵ ਨੀਚ ਜਾਤ ਹੋਵੇ ਉਹ ਤੰਬੋਲ ਭਾਵ ਪਾਨ ਦੇ ਬੀੜੇ ਦੇ ਲਾਲ ਰੰਗ ਭਾਵ ਸਤਿਸੰਗ ਵਿਚ ਮਸਤ ਰਹਿੰਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਸਤਿਸੰਗਤ ਦਾ ਦਰਸ਼ਨ ਕੀਤਾ ਹੈ ਉਹ ਛੇ ਸ਼ਾਸਤਰਾਂ ਵੱਲ ਆਪਣਾ ਧਿਆਨ ਵੀ ਨਹੀਂ ਕਰਦੇ। ਗੁਰਮੁਖ ਅਥਾਹ ਬੁੱਧੀ ਵਾਲੇ ਆਪਣੇ ਇਰਾਦੇ ਵਿਚ ਅਟੱਲ ਰਹਿਣ ਵਾਲੇ ਹਨ ਅਤੇ ਕਿਸੇ ਹੋਰ ਦੂਸਰੇ ਲੋਭ ਵਿਚ ਨਹੀਂ ਫਸਦੇ। ਜਿਨ੍ਹਾਂ ਗੁਰਮੁਖਾਂ ਨੇ ਸ਼ਬਦ ਸੁਰਤ ਨੂੰ ਅਪਨਾਇਆ ਹੈ ਉਹ ਪੈਰੀਂ ਪੈਣਾਂ ਚਰਨ ਧੂੜ ਬਣਨ ਤੋਂ ਕਦੇ ਨਹੀ ਉਕਦੇ ਅਤੇ ਸਦਾ ਪ੍ਰੇਮਾਂ ਭਗਤੀ ਵਿਚ ਮਸਤ ਰਹਿੰਦੇ ਹਨ।

----

## ਵਾਰ 5

*ਪਉੜੀ 2 (ਗੁਰਮੁਖਾਂ ਦੇ ਲੱਛਣ)*

ਗੁਰਮੁਖਿ ਇਕੁ ਅਰਾਧਣਾ ਇਕੁ ਮਨ ਹੋਇ ਨ ਹੋਇ ਦੁਚਿਤਾ।
ਗੁਰਮੁਖਿ ਆਪੁ ਗਵਾਇਆ ਜੀਵਨੁ ਮੁਕਤਿ ਨ ਤਾਮਸ ਪਿਆ।
ਗੁਰ ਉਪਦੇਸੁ ਅਵੇਸੁ ਕਰਿ ਸੁਣ ਦੂਤਾ ਵਿਖੜਾ ਗੜੁ ਜਿਤਾ।
ਪੈਰੀ ਪੈ ਪਾ ਖਾਕੁ ਹੋਇ ਪਾਹੁਨੜਾ ਜਗਿ ਹੋਇ ਅਥਿਤਾ।
ਗੁਰਮੁਖਿ ਸੇਵਾ ਗੁਰ ਸਿਖਾ ਗੁਰਸਿਖ ਮਾ ਪਿਉ ਭਾਈ ਮਿਤਾ।
ਦੁਰਮਤਿ ਦੁਬਿਧਾ ਦੂਰਿ ਕਰਿ ਗੁਰਮਤਿ ਸਬਦ ਸੁਰਤਿ ਮਨੁ ਸਿਤਾ।
ਛਡਿ ਕੁਫਰੁ ਕੂੜੁ ਕੁਧਿਤਾ ॥2॥

---

*ਤਾਮਸ:ਕ੍ਰੋਧ ਕਰਨਾ। ਪਿਤਾ: ਪਿੱਤਾ, ਦਿਲ। ਅਵੇਸੁ: ਪਰਵੇਸ਼ ਕਰਨਾ। ਪਾਹੁਨੜਾ: ਪ੍ਰਾਹੁਣਾ। ਅਥਿਤਾ: ਪੂਜਨੀਕ। ਸਿਤਾ: ਸੀਤਾ। ਕੁਧਿਤਾ: ਕੁਬੁੱਧੀ, ਮਾੜੀ ਆਦਤ।*

ਗੁਰਮੁਖ ਕਦੇ ਦੁਚਿਤੀ ਵਿਚ ਨਹੀਂ ਵਰਤਦੇ ਸਦਾ ਇਕ ਮਨ ਇਕ ਚਿੱਤ ਹੋ ਕੇ ਵਾਹਿਗੁਰੂ ਨੂੰ ਅਰਾਧਦੇ ਹਨ। ਗੁਰਮੁਖਾਂ ਦਾ ਪਿੱਤਾ ਤਮੋਗੁਣੀ ਨਹੀ ਹੁੰਦਾ ਉਹ ਆਪਾ ਗੁਆ ਕੇ ਮੁਕਤ ਹੋ ਜਾਂਦੇ ਹਨ ਗੁਰੂ ਦੇ ਉਦੇਸ਼ ਨੂੰ ਮਨ ਵਿਚ ਧਾਰ ਕੇ ਆਪਣੇ ਮਨ ਵਿਚ ਵਸੇ ਕਾਮ ਕ੍ਰੋਧ ਲੋਭ ਮੁਹ ਅਤੇ ਹੰਕਾਰ ਨੂੰ ਮਾਰ ਲੈਂਦੇ ਹਨ ਭਾਵ ਆਪਣੇ ਮਨ ਨੂੰ ਜਿੱਤ ਲੈਂਦੇ ਹਨ। ਗੁਰੂ ਦੀ ਚਰਨ ਧੂੜ ਬਣਕੇ ਜਗਤ ਵਿਚ ਪੂਜਨੀਕ ਕਹਾਉਂਦੇ ਹਨ। ਗੁਰਮੁਖ ਲੋਕ ਗੁਰੂ ਦੇ ਸਿੱਖਾਂ ਦੀ ਸੇਵਾ ਕਰਦੇ ਅਤੇ ਗੁਰਮੁਖਾਂ ਨੂੰ ਹੀ ਆਪਣੇ ਮਾਈ ਬਾਪ ਭੈਣ ਭਾਈ ਸਮਝਦੇ ਹਨ। ਉਨ੍ਹਾਂ ਨੇ ਆਪਣੇ ਮਨ ਵਿਚੋਂ ਦੁਰਮਤ ਅਤੇ ਦੁਬਿਧਾ ਦੂਰ ਕਰ ਲਈ ਹੈ। ਗੁਰੂ ਸਿਖਿਆ ਅਨੁਸਾਰ ਆਪਣਾ ਜੀਵਨ ਢਾਲ ਲਿਆ ਹੈ। ਗੁਰਮੁਖ ਖੋਟਾ ਕਰਮ ਅਤੇ ਕੂੜੀਆਂ ਹੁੱਜਤਾਂ, ਕੁਬੁੱਧੀਆਂ ਨੂੰ ਸਦਾ ਸਦਾ ਲਈ ਛੱਡ ਦਿੰਦੇ ਹਨ।

----

## ਵਾਰ 5

*ਪਉੜੀ 3 (ਗੁਰਸਿੱਖ ਸਹਿਜਚਾਰੀਆਂ ਦਾ ਦ੍ਰਿਸ਼ਟਾਂਤ)*

ਅਪਣੇ ਅਪਣੇ ਵਰਨ ਵਿਚਿ ਚਾਰਿ ਵਰਨ ਕੁਲ ਧਰਮ ਧਰੰਦੇ।
ਛਿਅ ਦਰਸਨ ਛਿਅ ਸਾਸਤ੍ਰਾ ਗੁਰ ਗੁਰਮਤਿ ਖਟੁ ਕਰਮ ਕਰੰਦੇ।
ਅਪਣੇ ਅਪਣੇ ਸਾਹਿਬੈ ਚਾਕਰ ਜਾਇ ਜੁਹਾਰ ਜੁੜੰਦੇ।
ਅਪਣੇ ਅਪਣੇ ਖੇਤ ਵਿਚਿ ਵਾਪਾਰੀ ਵਾਪਾਰ ਮਚੰਦੇ।
ਅਪਣੇ ਅਪਣੇ ਖੇਤ ਬੀਉ ਸਭੈ ਕਿਰਸਾਣਿ ਬੀਜੰਦੇ।
ਕਾਰੀਗਰਿ ਕਾਰੀਗਰਾ ਕਾਰਿਖਾਨੇ ਵਿਚਿ ਜਾਇ ਮਿਲੰਦੇ।
ਸਾਧਸੰਗਤਿ ਗੁਰਸਿਖ ਪੁਜੰਦੇ ॥3॥

---

*ਸਾਹਿਬ: ਮਾਲਕ ਆਦਿ। ਜੁਹਾਰ: ਮੱਥਾ ਟੇਕਣਾ। ਮਚੰਦੇ: ਕਰਦੇ ਹਨ। ਪੁਜੰਦੇ: ਪਹੁੰਚਦੇ ਹਨ।*

ਚਾਰ ਵਰਣ ਜਿਵੇਂ ਖਤਰੀ, ਬ੍ਰਾਹਮਣ, ਸੂਦ੍ਰ ਅਤੇ ਵੈਸ਼ ਆਪੋ ਆਪਣੇ ਵਰਣਾਂ ਵਿਚ ਕੁਲਾ-ਚਾਰੀ ਭਾਵ ਰਿਸ਼ਤੇ ਨਾਤੇ ਕਰਦੇ ਹਨ। ਛੇ ਦਰਸ਼ਨ ਅਤੇ ਛੇ ਸ਼ਾਸਤਰਾਂ (ਚਾਰ ਵੇਦਾਂ ਨੂੰ ਵਿਚਾਰ ਕੇ ਰਿਸ਼ੀਆਂ ਮੁਨੀਆਂ ਨੇ ਛੇ ਸ਼ਾਸਤਰ ਤਿਆਰ ਕੀਤੇ। ਇਨ੍ਹਾਂ ਛੇ ਸ਼ਾਸਤਰਾਂ ਦੇ ਨਾਮ ਭਾਈ ਗੁਰਦਾਸ ਜੀ ਨੇ ਅਗੇ ਲਿਖੇ ਦੀ ਤਰ੍ਹਾਂ ਲਿਖੇ ਹਨ। ਨਿਆਂ-ਸ਼ਾਸਤਰ, ਮੀਮਾਂਸਾ-ਸ਼ਾਸਤਰ, ਵੇਦਾਂਤ-ਸ਼ਾਸਤਰ, ਸਾਂਖ-ਸ਼ਾਸਤਰ, ਵੈਸ਼ੇਖਕੀ-ਸ਼ਾਸਤਰ ਅਤੇ ਪਾਤੰਜਲ-ਸ਼ਾਸਤਰ ਆਦਿ।), ਦੇ ਵਖੋ ਵਖਰੇ ਗੁਰੂਆਂ ਦੀ ਮਤ ਲੈ ਕੇ ਛੇ ਕਰਮ (ਖਟ-ਕਰਮ)ਕਰਦੇ ਹਨ ਜਿਵੇਂ ਜਪ, ਹੋਮ, ਸੰਧਿਆ, ਇਸ਼ਨਾਨ, ਅਤਿਥੀ ਪੂਜਾ ਅਤੇ ਦੇਵ ਅਰਚਾ ਆਦਿ ਛੇ ਕਰਮ ਕਰਦੇ ਹਨ। ਆਪੋ ਆਪਣੇ ਮਾਲਕ ਅੱਗੇ ਜਾ ਕੇ ਚਾਕਰ ਬਣ ਕੇ ਸੇਵਾ ਕਰਦੇ ਹਨ। ਵਿਪਾਰੀ ਆਪਣੇ ਵਿਪਾਰ ਵਿਚ ਮਸਤ ਰਹਿੰਦੇ ਹਨ। ਕਿਰਸਾਨ ਸਾਰੇ ਆਪੋ ਆਪਣੇ ਖੇਤ ਵਿਚ ਬੀਜ ਬੀਜਦੇ ਹਨ। ਇਕ ਕਾਰੀਗਰ ਦੂਜੇ ਕਾਰੀਗਰ ਨੂੰ ਕਾਰਖਾਨਿਆਂ ਵਿਚ ਜਾ ਕੇ ਮਿਲ ਪੈਂਦੇ ਹਨ। ਠੀਕ ਇਸ ਤਰ੍ਹਾਂ ਗੁਰਮੁਖ ਆਪਣੇ ਨਾਲ ਦੇ ਗੁਰਮੁਖਾਂ ਨੂੰ ਮਿਲਦੇ ਹਨ।

----

## ਵਾਰ 5

*ਪਉੜੀ 4 (ਸਹਿਜਚਾਰੀਆਂ ਦਾ ਦ੍ਰਿਸ਼ਟਾਂਤ)*

ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ।
ਜੁਆਰੀ ਜੁਆਰੀਆ ਵੇਕਰਮੀ ਵੇਕਰਮ ਰਚੰਦੇ।
ਚੋਰਾ ਚੋਰਾ ਪਿਰਹੜੀ ਠਗ ਠਗ ਮਿਲਿ ਦੇਸ ਠਗੰਦੇ।
ਮਸਕਰਿਆ ਮਿਲਿ ਮਸਕਰੇ ਚੁਗਲਾ ਚੁਗਲ ਉਮਾਹਿ ਮਿਲੰਦੇ।

ਮਨਤਾਰੂ ਮਨਤਾਰੂਆਂ ਤਾਰੂ ਤਾਰੂ ਤਾਰ ਤਰੰਦੇ।
ਦੁਖਿਆਰੇ ਦੁਖਿਆਰਿਆਂ ਮਿਲਿ ਮਿਲਿ ਅਪਣੇ ਦੁਖ ਰੁਵੰਦੇ।
ਸਾਧਸੰਗਤਿ ਗੁਰਸਿਖੁ ਵਸੰਦੇ ॥4॥

---

*ਸੋਫੀ: ਜੋ ਨਸ਼ਾ ਨਹੀ ਪੀਂਦੇ ਭਾਵ ਬੁੱਧੀਵਾਨ। ਵੇਕਰਮੀ: ਦਰਾਚਾਰੀ। ਪਿਰਹੜੀ: ਪ੍ਰੀਤ। ਉਮਾਹ: ਖੁਸ਼ੀ। ਮਨਤਾਰੂ: ਜਿਹਨੂੰ ਤਰਨਾ ਨਾ ਆਉਦਾ ਹੋਵੇ। ਰਚਦੇ: ਕਰਦੇ ਹਨ।*

ਨਸ਼ਈ ਨਸ਼ਈਆਂ ਨਾਲ ਮਿਲਦੇ ਹਨ। ਜੁਆਰੀ ਭਾਵ ਖੋਟੇ ਕਰਮ ਕਰਨ ਵਾਲੇ ਜੁਆਰੀਆਂ ਨਾਲ ਮਿਲਦੇ ਹਨ। ਚੋਰਾ ਨੂੰ ਚੋਰਾਂ ਨਾਲ ਪਿਆਰ ਹੁੰਦਾ ਹੈ ਅਤੇ ਠੱਗਾਂ ਨੂੰ ਠੱਗ ਬੜਾ ਚਾਹ ਕੇ ਮਿਲ ਕੇ ਲੋਕਾਂ ਨੂੰ ਠੱਗਦੇ ਹਨ। ਮਸਕਰਿਆਂ ਨੂੰ ਮਸਕਰੇ ਮਿਲਦੇ ਅਤੇ ਚੁਗਲਖੋਰਾਂ ਨੂੰ ਚੁਗਲ ਬੜੀ ਖੁਸ਼ੀ ਨਾਲ ਮਿਲਦੇ ਹਨ। ਅਣਤਾਰੂ ਅਣਤਾਰੂਆਂ ਨਾਲ ਤਾਰੂ ਤਾਰੂਆਂ ਨਾਲ ਮਿਲਕੇ ਆਪ ਤਰਦੇ ਅਤੇ ਹੋਰਾਂ ਨੂੰ ਤਾਰਦੇ ਹਨ। ਦੁਖੀਏ ਦੁਖੀਆਂ ਨਾਲ ਮਿਲ ਕੇ ਆਪੋ ਆਪਣੇ ਦੁਖ ਰੋਂਦੇ ਹਨ। ਪਰ ਸਾਧ ਸੰਗਤ ਵਿਚ ਗੁਰਮੁਖ ਅਤੇ ਗੁਰਸਿਖ ਵਸਦੇ ਹਨ।

----

ਵਾਰ 5

*ਪਉੜੀ 5 (ਹੋਰ ਸ੍ਰਿਸ਼ਟੀ ਤੇ ਗੁਰਮੁਖਾਂ ਦਾ ਫਰਕ)*

ਕੋਈ ਪੰਡਿਤੁ ਜੋਤਿਕੀ ਕੋ ਪਾਧਾ ਕੋ ਵੈਦੁ ਸਦਾਏ।
ਕੋਈ ਰਾਜਾ ਰਾਉ ਕੋ ਕੋ ਮਹਤਾ ਚਉਧਰੀ ਅਖਾਏ।
ਕੋਈ ਬਜਾਜੁ ਸਰਾਫੁ ਕੋ ਕੋ ਜਉਹਰੀ ਜੜਾਉ ਜੜਾਏ।
ਪਾਸਾਰੀ ਪਰਚੂਨੀਆ ਕੋਈ ਦਲਾਲੀ ਕਿਰਸਿ ਕਮਾਏ।
ਜਾਤਿ ਸਨਾਤ ਸਹੰਸ ਲਖ ਕਿਰਤਿ ਕਰਿ ਨਾਉ ਗਣਾਏ।
ਸਾਧਸੰਗਤਿ ਗੁਰਸਿਖ ਮਿਲਿ ਆਸਾ ਵਿਚਿ ਨਿਰਾਸੁ ਵਲਾਏ।
ਸਬਦੁ ਸੁਰਤਿਲਿਵ ਅਲਖੁ ਲਖਾਏ ॥5॥

---

*ਮਹਤਾ: ਮੁਖੀਆ। ਜਉਹਰੀ: ਹੀਰਿਆਂ ਦਾ ਵਿਪਾਰੀ।ਪਰਚੂਨੀਆਂ: ਛੋਟੇ ਸੌਦੇ ਵੇਚਣ ਵਾਲਾ। ਸਨਾਤ: ਨੀਚ ਜਾਤ। ਕਿਰਤ: ਖੇਤੀ। ਵਿਰਤ: ਉਜੀਵਕਾ। ਵਲਾਏ: ਦਿਨ ਕਟੀ ਕਰਨਾ। ਅਲਖੁ: ਜੋ ਲਿਖਿਆ ਨਾ ਜਾ ਸਕੇ।*
*ਜੜਾਉ ਜੜਾਏ: ਜੋ ਜੜਤਾ ਦਾ ਕੰਮ ਕਰੇ।*

ਕੋਈ ਪੰਡਤ ਹੈ। ਕੋਈ ਜੋਤਸ਼ੀ ਹੈ। ਕੋਈ ਪਾਂਧਾ ਅਤੇ ਕੋਈ ਵੈਦ ਸਦਾਉਂਦਾ ਹੈ। ਕੋਈ ਰਾਜਾ ਹੈ ਕੋਈ ਪਰਜਾ (ਰਾਉ) ਹੈ ਕੋਈ ਮੁਖੀਆ, ਕੋਈ ਚੌਧਰੀ ਅਖਵਾਉਂਦਾ ਹੈ। ਕੋਈ ਬਜ਼ਾਜ, ਕੋਈ ਸਰਾਫ ਅਤੇ ਕੋਈ ਜ਼ੁਹਰੀ ਜੜ੍ਹਤ ਜੜਨ ਦਾ ਕਾਰਜ ਕਰਦਾ ਹੈ। ਕੋਈ

ਪਸਾਰੀ ਹੈ, ਕੋਈ ਪਰਚੂਨੀਆਂ ਹੈ ਅਤੇ ਕੋਈ ਦਲਾਲ ਆਪਣੀ ਕਿਰਸ ਦੀ ਕਮਾਈ ਖੱਟਦਾ ਹੈ। ਜਾਤ ਤੋਂ ਕੁਜਾਤ, ਹਜ਼ਾਰਾਂ ਲੱਖਾਂ ਕਿਰਤਾਂ ਦੇ ਕੰਮ ਕਰਨ ਵਾਲਿਆਂ ਦੇ ਕਈ ਅੱਡੋ ਅੱਡ ਨਾਮ ਪਏ ਹੋਏ ਹਨ। ਗੁਰੂ ਦੇ ਸਿਖ ਸਾਧ ਸੰਗਤ ਵਿਚ ਮਿਲਕੇ ਆਸਾ ਵਿਚ ਨਿਰਾਸਾ ਰੱਖ ਕੇ ਆਪਣੀ ਅਵਸਥਾ ਦੇ ਦਿਨ ਪੂਰ ਰਹੇ ਹਨ ਅਤੇ ਸ਼ਬਦ ਦੀ ਸੁਰਤ (ਰੱਟ ਕੇ) ਵਿਖੇ ਲਿਵ ਲਾ ਕੇ ਨਾ ਲਿਖੇ ਜਾਣ ਵਾਲੇ ਪ੍ਰਮਾਤਮਾ ਨੂੰ ਲਿਖਣਾ ਸਿਖਦੇ ਹਨ।

----

## ਵਾਰ 5

*ਪਉੜੀ 6 (ਹੋਰ ਸ੍ਰਿਸ਼ਟੀ ਤੇ ਗੁਰਮੁਖਾਂ ਦਾ ਫਰਕ)*

ਜਤੀ ਸਤੀ ਚਿਰੁ ਜੀਵਣੇ ਸਾਧਿਕ ਸਿਧ ਨਾਥ ਗੁਰ ਚੇਲੇ।
ਦੇਵੀ ਦੇਵ ਰਿਖੀਸਰਾ ਭੈਰਉ ਖੇਤ੍ਰਪਾਲ ਬਹੁ ਮੇਲੇ।
ਗਣ ਗੰਧਰਬ ਅਪਛਰਾ ਕਿੰਨਰ ਜਛ ਚਲਿਤ ਬਹੁ ਖੇਲੇ।
ਰਾਖਸ ਦਾਨੋ ਦੈਂਤ ਲਖ ਅੰਦਰਿ ਦੂਜਾ ਭਾਉ ਦੁਹੇਲੇ।
ਹਉਮੈ ਅੰਦਰਿ ਸਭ ਕੋ ਗੁਰਮੁਖਿ ਸਾਧਸੰਗਤਿ ਰਸ ਕੇਲੇ।
ਇਕ ਇਕੁ ਅਰਾਧਣਾ ਗੁਰਮਤਿ ਆਪੁ ਗਵਾਇ ਸੁਹੇਲੇ।
ਚਲਣੁ ਜਾਣਿ ਪਏ ਸਿਰਿ ਤੇਲੇ ॥6॥

---

*ਸਾਧਿਕ: ਸਾਧਨਾ ਕਰਨ ਵਾਲੇ। ਖੇਤ੍ਰਪਾਲ: ਭੂਤ ਜਾਤੀ ਜਾਂ ਕਿਸੇ ਦੀ ਰਖਸ਼ਾ ਕਰਨ ਵਾਲ਼ਾ। ਗੰਧਰਬ: ਸੁਰਗਾ ਵਿਚ ਰਹਿਣ ਵਾਲਾ। ਦੁਹੇਲੇ: ਦੁਖੀ, ਪੀੜਤ। ਕੇਲੇ: ਅਨੰਦਤ। ਸਿਰਿ ਤੇਲੇ: ਮਾਈਏਂ ਪੈਣਾ।*

ਜਤੀ ਸਤੀ (ਜਤੀ (ਇੰਦਰੀਆਂ ਨੂੰ ਕਾਬੂ ਵਿਚ ਰੱਖਣ ਵਾਲੇ, ਕੁਲ ਸੱਤ ਹੋਏ ਹਨ ਜਿਵੇਂ ਹਨੂਮਾਨ, ਭੀਸ਼ਮ ਪਿਤਾਮਾ, ਲਛਮਣ, ਭੈਰਵ, ਗੋਰਖ,ਦਤਾਤ੍ਰਯ ਆਦਿ) ਸਤੀ (ਸੱਚ ਬੋਲਣ ਵਾਲਾ ਅਤੇ ਜਾ ਫਿਰ ਉਹ ਔਰਤ ਜਿਹੜੀ ਪਤੀ ਦੀ ਚਿਖਾ ਨਾਲ ਹੀ ਜਲ ਜਾਂਦੀ ਹੈ। ਰਾਜਾ ਰਾਮ ਮੋਹਨ ਰਾਏ (ਬ੍ਰਹਮ ਸਮਾਜ ਦੇ ਬਾਨੀ) ਨੇ ਲਾਰਡ ਬੈਂਟਿਕ ਨੂੰ ਸਲਾਹ ਦੇ ਕੇ ਸਤੀ ਹੋਣ ਦੀ ਰਸਮ ਵਿਰੁਧ 7 ਦਸੰਬਰ 1829 ਨੂੰ ਕਾਨੂੰਨ ਬਣਾਕੇ ਬੰਦ ਕਰਵਾਇਆ। ਪੰਜਾਬ ਅਤੇ ਰਾਜਪੁਤਾਨੇ ਵਿਚ ਇਹ ਕਾਨੂੰਨ ਬੰਦੀ ਸੰਨ 1847 ਵਿਚ ਹੋਈ), ਚਿਰਜੀਵੜੇ (ਪੁਰਾਣ ਵਿਚ ਸੱਤ ਚਿਰਜੀਵਣੇ ਲਿਖੇ ਹਨ ਜਿਵੇਂ: ਮਾਰਕੰਡੇਯ, ਅਸ਼ਵਥਾਮਾ, ਬਲਿ, ਹਨੂਮਾਨ, ਵਿਭੀਸ਼ਣ, ਕ੍ਰਿਪਾਚਾਰੀਆ, ਪ੍ਰਬ੍ਰਹਮ ਆਦਿ ਪਰ ਕਈਆਂ ਗ੍ਰੰਥਾਂ ਵਿਚ ਬਿਆਸ ਮੁਨੀ ਨੂੰ ਵੀ ਚਿਰਜੀਵਣੇ ਵਾਸਤੇ ਮੰਨਣ ਕਾਰਨ ਚਿਰਜੀਵਣੇ ਅੱਠ ਹੋ ਗਏ ਹਨ।), ਗੁਰੂ ਅਤੇ ਚੇਲੇ, ਸਾਧਨਾ ਕਰਨ ਵਾਲੇ ਸਿੱਧ ਆਦਿ। ਦੇਵੀ ਦੇਵ ਰਿਖੀ, ਭੈਰਉ ਕਾਲੀ ਦੇਵੀ ਦੇ ਪੱਛਮ ਵਾਲੇ ਦੁਆਰ ਦਾ ਚੌਂਕੀਦਾਰ ਭਾਵ ਖੇਤ੍ਰਪਾਲਿ ਸੀ। ਖੇਤਰਪਾਲ ਅਤੇ ਬਹੁਤ ਤਰ੍ਹਾਂ ਦੇ ਮੇਲੇ ਸਮੂੰਹ ਅਤੇ ਗੰਧਰਬ ਭਾਵ ਸਵੱਰਗਾਂ ਵਿਚ ਰਾਗ ਗਾਉਣ ਵਾਲਿਆਂ ਦੇ ਸਮੂਹ,

ਅਪੱਛਰਾਂ, ਕਿੰਨਰ, ਜੱਛ ਭਾਵ ਦੇਵਤੇ, ਬਹੁਤ ਚਰਿਤਰਾਂ ਨੂੰ ਰਚਣ ਵਾਲੇ ਅਤੇ ਰਾਖਸ਼, ਦਾਨਵ ਲੱਖਾਂ ਦੈਂਤ ਆਦਿ ਸਭ ਅੰਦਰੋਂ ਦੁਖੀ ਰਹਿੰਦੇ ਹਨ। ਸਭ ਇਕ ਹਉਮੈ ਦੇ ਸ਼ਿਕਾਰ ਹੋਏ ਹੋਏ ਹਨ ਪਰ ਗੁਰਮੁਖ ਤਾਂ ਸਾਧ ਸੰਗਤ ਵਿਚ ਨਾਮ ਦਾਨ ਪਾਕੇ ਸੁਖ ਮਾਣਦੇ ਹਨ, ਕਿਉਂਕਿ ਉਹ ਇਕ ਮਨ ਅਤੇ ਇਕ ਚਿੱਤ ਹੋ ਕੇ ਵਾਹਿਗੁਰੂ ਨੂੰ ਚਿਤਵਦੇ ਹਨ। ਗੁਰਮਤ ਧਾਰ ਕੇ ਆਪਾ ਗਵਾ ਕੇ ਆਪਣੀ ਜੀਵਨ ਯਾਤਰਾ ਸਫਲਾ ਕਰ ਰਹੇ ਹਨ। ਗੁਰਮੁਖਾਂ ਨੂੰ ਜਮਦੂਤ ਦਾ ਡਰ ਨਹੀਂ ਪਹੁੰਦਾ ਕਿਉਂਕਿ ਉਨ੍ਹਾਂ ਨੇ ਮਰਨ ਨੂੰ ਦਿਲੋਂ ਤਿਆਗ ਦਿਤਾ ਹੈ। ਜਿਵੇਂ ਮਾਈਏਂ ਪਈ ਕੁੜੀ ਸਮਝਦੀ ਹੈ ਕਿ ਮੈਂ ਹੁਣ ਕਦੇ ਵੀ ਆਪਣੇ ਬਾਬਲੇ ਦਾ ਘਰ ਛੱਡ ਕੇ ਪਰਾਏ ਦੇਸ਼ ਚਲੇ ਜਾਣਾ ਹੈ ਠੀਕ ਇਸੇ ਤਰ੍ਹਾਂ ਗੁਰਮੁਖ ਸਮਝਦਾ ਹੈ ਕਿ ਉਸਨੂੰ ਇਕ ਦਿਨ ਇਸ ਦੁਨੀਆਂ ਛੱਡ ਕੇ ਤੁਰ ਜਾਣਾ ਸੱਚੀ ਗੱਲ ਹੈ।

----

## ਵਾਰ 5

*ਪਉੜੀ 7 (ਜਗਤ ਦੇ ਰੁਝੇਵੇਂ ਤੇ ਗੁਰ ਸ਼ਬਦ)*

ਜਤ ਸਤ ਸੰਜਮ ਹੋਮ ਜਗ ਜਪੁ ਤਪੁ ਦਾਨ ਪੁੰਨ ਬਹੁਤੇਰੇ।
ਰਿਧਿ ਸਿਧਿ ਨਿਧਿ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ।
ਵਰਿਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ ਘਨੇਰੇ।
ਪੂਰਕ ਕੁੰਭਕ ਰੇਚਕਾ ਨਿਵਲੀ ਕਰਮ ਭੁਇਅੰਗਮ ਘੇਰੇ।
ਸਿਧਾਸਣ ਪਰਚੇ ਘਣੇ ਹਠ ਨਿਗ੍ਰਹ ਕਉਤਕ ਲਖ ਹੇਰੇ।
ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ।
ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤਿ ਲਵੇਰੇ।
ਸਾਧਸੰਗਤਿ ਗੁਰ ਸਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ।
ਕੂੜ ਇਕ ਗੰਢੀ ਸਉ ਫੇਰੇ ॥7॥

---

*ਰਿਧਿ ਸਿਧਿ ਨਿਧਿ: ਨੌਂ ਨਿਧੀਆਂ ਬਾਰਾਂ ਸਿਧੀਆਂ, ਪੜ੍ਹੋ ਵਾਰ ਪਹਿਲੀ। ਵੀਰਾਰਾਧਣ: ਅਰਾਧਨਾ ਕਰਨ ਵਾਲੀ ਜੋਗਣ। ਅਗਲੇਰੇ: ਬਥੇਰੇ। ਵਿਡਾਣ: ਹੈਰਾਨੀਜਨਕ। ਪੂਰਕ: ਸਵਾਸ ਉਪਰ ਚਾੜ੍ਹਨ ਵਾਲੇ। ਕੁੰਭਕ: ਸਵਾਸ ਰੋਕਣ ਵਾਲੇ। ਰੇਚਕਾ: ਸਵਾਸ ਉਤਾਰਨ ਵਾਲੇ। ਨਿਵਲੀ: ਨੇਤੀ ਧੋਤੀ ਆਦਿ ਕਰਮ ਕਰਨ ਵਾਲੇ। ਭੁਇਅੰਗਮ: ਅੰਗਾਂ ਨੂੰ ਸਪ ਵਲ ਪਾ ਕੇ ਇਕ ਪ੍ਰਕਾਰ ਦੇ ਯੋਗਿਕ ਤਰੀਕੇ ਨਾਲ ਕੰਗਰੋੜ ਦੀ ਨਾੜੀ ਰਾਹੀਂ ਸਵਾਸ ਉਤਾਰੇ ਜਾਣ ਨੂੰ ਕਹਿੰਦੇ ਹਨ। ਲਵੇਰੇ: ਲਗਦੇ ਹਨ।*

ਜਤ ਸੱਤ ਸੰਜਮ ਹੋਮ ਜੱਗ ਜਪ ਤਪ ਪੁੰਨ ਪਾਪ ਦਾਨ ਆਦਿ ਸਾਧਨ ਬਹੁਤੇ ਲੋਕ ਕਰਦੇ ਹਨ। ਕਈ ਕਈ ਲੋਕ ਰਿਧੀਆਂ ਸਿੱਧੀਆਂ, ਨੌਂ ਨਿਧਾਂ (ਵੱਖ ਵੱਖ ਸੰਸਕ੍ਰਿਤ ਗ੍ਰੰਥਾਂ ਵਿਚ ਲਿਖੀਆਂ ਨਿਧੀਆਂ ਦਰਜ਼ ਹਨ। ਜਿਵੇਂ: ਪਦਮ, ਮਹਾਂਪਦਮ, ਸ਼ੰਖ, ਮਕਰ, ਕੱਛਪ,

ਮੁਕੰਦ, ਕੁੰਦ, ਨੀਲ ਅਤੇ ਵੰਚੁ ਆਦਿ। ਮਾਰਕੰਡਯ ਪੁਰਾਣ ਵਿਚ ਲਿਖਿਆ ਹੈ ਕਿ ਪਦਮਨੀ ਨਾਮ ਦੀ ਵਿਦਿਆ ਦੇਵੀ ਦੇ ਆਸਰੇ ਨਿਧੀਆਂ ਰਹਿੰਦੀਆਂ ਹਨ। ਅਤੇ ਬਾਰਾਂ ਸਿਧਾਂ ਭਾਵ 1) ਅਣਿਮਾ; ਮਰਜੀ ਨਾਲ ਛੋਟਾ ਹੋ ਜਾਣਾ। 2) ਮਹਿਮਾ; ਮਰਜ਼ੀ ਨਾਲ ਵੱਡਾ ਹੋ ਜਾਣਾ। 3) ਗਰਿਮਾ; ਮਰਜ਼ੀ ਨਾਲ ਭਾਰਾ ਹੋ ਜਾਣਾ। 4) ਲਘਿਮਾ; ਮਰਜ਼ੀ ਨਾਲ ਹੌਲਾ ਹੋ ਜਾਣਾ। 5) ਪ੍ਰਾਪਤਿ: ਇਛਾ ਅਨੁਸਾਰ ਵਸਤੂ ਪ੍ਰਾਪਤ ਹੋਣੀ। 6) ਵਸ਼ਿਤਾ; ਕਾਬੂ ਵਿਚ ਰਖਣ ਦੀ ਸ਼ਕਤੀ। 7) ਅਨੁਰਮਿ: ਭੁਖ ਤ੍ਰੇਹ ਨਾ ਲਗਣੀ। 8) ਕਾਮ ਰੂਪ; ਦਿਲ ਭਉਂਦਾ ਰੂਪ ਬਦਲ ਸਕਣਾ। 9) ਪਰਕਾਯ ਪ੍ਰਵੇਸ਼; ਦੂਜੇ ਦੀ ਦੇਹ ਵਿਚ ਪ੍ਰਵੇਸ਼ ਕਰ ਸਕਣਾ। 10) ਸੁਰਕ੍ਰੀੜਾ; ਦੇਵਤਿਆਂ ਨੂੰ ਮਿਲ ਸਕਣ ਦੀ ਸ਼ਕਤੀ ਮਿਲਣਾ। 11) ਸੰਕਲਪ ਸਿਧ; ਮਨ ਚਿੰਦਿਆ ਪਰਾਪਤ ਕਰਨਾ। 12) ਅਪ੍ਰਤਿਹਤ ਗਤਿ; ਕਿਸੇ ਕੰਮ ਵਿਚ ਰੁਕਾਵਟ ਨਾ ਪੈਣੀ ਆਦਿ, ਕਈ ਲੋਕ ਤੰਤਰ ਮੰਤਰ ਭਾਵ ਤਵੀਤ ਆਦਿ ਅਤੇ ਮਦਾਰੀਆਂ ਵਾਲੇ ਤਮਾਸ਼ੇ ਬਹੁਤ ਕਰਦੇ ਹਨ। ਕਈ ਬਵੰਜਾਂ ਵੀਰਾਂ ਦੀ ਅਰਾਧਨਾ ਕਰਦੇ ਹਨ। ਕਈ ਮੜ੍ਹੀ ਪੂਜਾ, ਮਸਾਣ ਜਗਾਉਣ ਦੇ ਭਿੰਨ ਭਿੰਨ ਕੰਮ ਕਰਦੇ ਹਨ। ਕਈ ਜੋਗਣੀਆਂ ਨੂੰ ਵਸ ਵਿਚ ਕਰਦੇ ਹਨ। ਜੋਗੀ ਪੂਰਕ, ਕੁੰਭਕ, ਰੇਚਕ ਭਾਵ ਸਵਾਸ ਚਾੜ੍ਹਨਾ, ਰੋਕਣਾ, ਉਤਾਰਨਾ ਦਸਦੇ ਹਨ। ਕਈ ਨਿਉਲੀ ਕਰਮ ਜਿਵੇਂ ਨਾਤੀ ਧੋਤੀ ਆਦਿ ਪਹਿਨਦੇ ਹਨ। ਭੁਯੰਗਮ ਘੁੰਮਣ ਘੇਰੇ ਵਿਚ ਘਿਰੇ ਹੋਏ ਹਨ। ਕਈ ਲੋਕ ਸਰੀਰ ਨੂੰ ਸੁਆਹ ਮਲਣ ਦੇ ਗੇੜ੍ਹ ਵਿਚ ਫਸੇ ਹੋਏ ਹਨ। ਸਿੱਧ ਲੋਕ ਚੁਰਾਸੀ ਆਸਣਾਂ ਵਿਚ ਪਰਚੇ ਹੋਏ ਹਨ। ਹੱਠ ਨਿਗ੍ਰਹ ਇੰਦਰੀਆਂ ਆਦਿ ਰੋਕਣ ਵਾਲੇ ਕੌਤਕ ਹਜ਼ਾਰਾਂ ਵੇਖੀਦੇ ਹਨ। ਕੋਈ ਪਰਸ ਮਣੀ, ਕੋਈ ਰਸਾਇਣਾਂ ਦੀ ਕਰਾਮਾਤ ਦੀ ਸ਼ਾਹੀ ਨਾਲ ਅੰਨ੍ਹੇ ਹੋ ਰਹੇ ਹਨ। ਕੋਈ ਠਾਕਰ ਪੂਜਾ, ਕੋਈ ਇਕਾਦਸੀ ਆਦਿ ਵਰਤ ਉਪਾਹਰਣ ਵਿਖੇ, ਕੋਈ ਵਰ ਸਰਾਪ ਦੇ ਸਤੋ ਤਮੋ ਗੁਣਾਂ ਵਿਖੇ ਲੱਗੇ ਹੋਏ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਕਲਜੁਗ ਵਿਚ ਸਾਧ ਸੰਗਤ ਅਤੇ ਗੁਰੂ ਦੇ ਸ਼ਬਦ ਸੁਰਤ ਬਾਝ ਕੋਈ ਥਾਂ ਹੋਰ ਕਿਧਰੇ ਨਹੀਂ ਹੈ ਭਾਵੇਂ ਕਿੰਨੇ ਵੀ ਭਲਿਆਂ ਵਿਚੋਂ ਭਲੇ ਦਿਖਾਈ ਦੇਣ। ਇਕ ਝੂਠ ਨੂੰ ਸਹੀ ਬਣਾਉਣ ਵਾਸਤੇ ਲੱਖਾਂ ਝੂਠ ਬੋਲਦੇ ਹਨ। ਝੂਠ ਕਦੇ ਛਿਪਿਆ ਨਹੀਂ ਰਹਿੰਦਾ ਸੱਚ ਅੰਤ ਵਿਚ ਪਰਗਟ ਹੋ ਹੀ ਜਾਦਾ ਹੈ।

----

## ਵਾਰ 5

*ਪਉੜੀ 8 (ਸਉਣ ਸਗਨ ਤੇ ਗੁਰਮੁਖਤਾ)*

ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵਵਿਾਰਾ।
ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ।
ਗਦਹੁ ਕੁਤੇ ਬਿਲੀਆ ਇਲ ਮਲਾਲੀ ਗਿਦੜ ਛਾਰਾ।
ਨਾਰਿ ਪੁਰਖੁ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ।
ਥਿਤਿ ਵਾਰ ਭਦ੍ਰਾ ਭਰਮ ਦਿਸਾਸੂਲ ਸਹਸਾ ਸੈਸਾਰਾ।

ਵਲਛਲ ਕਰਿ ਵਿਸਵਾਸ ਲਖ ਬਹੁ ਚੁਖੀ ਕਿਉ ਰਵੈ ਭਤਾਰਾ।
ਗੁਰਮੁਖਿ ਸੁਖ ਫਲੁ ਪਾਰ ਉਤਾਰਾ ॥੪॥

---

*ਸਗੁਨ: ਜੋਤਸ਼। ਇਲ: ਇੱਲ੍ਹਾਂ, ਚੀਲਾਂ। ਕਈ ਇਲਮਲਾਲੀ ਕਰਕੇ ਇੱਲ ਅਤੇ ਗੁਟਾਰ ਅਰਥ ਕਰਦੇ ਹਨ। ਇੱਲ ਵੀ ਮਾੜੀ ਹੈ ਅਤੇ ਗੁਟਾਰ ਵੀ ਮਾੜੀ ਹੁੰਦੀ ਹੈ। ਮਲਾਲੀ: ਮੈਨਾ। ਗ੍ਰਿਹ: ਨੌਂ ਗ੍ਰਹਿ ਮੰਨੇ ਜਾਂਦੇ ਹਨ ਜਿਵੇਂ: ਚੰਦ, ਸੂਰਜ, ਸ਼ਨਿਚਰ, ਸੁਕਰ, ਬ੍ਰਿਹਸਪਤਿ, ਮੰਗਲ, ਬੁੱਧ, ਰਾਹੂ ਅਤੇ ਕੇਤੂ ਆਦਿ। ਰਾਸਿ: ਰਾਸਾਂ 12 ਪ੍ਰਕਾਰ ਦੀਆਂ ਮੰਨੀਆਂ ਜਾਂਦੀਆਂ ਹਨ ਜਿਵੇ; ਮੇਖ, ਬ੍ਰਿਖ, ਮਿੰਨ, ਕਰਕ, ਸਿੰਘ, ਕੰਨਿਆ, ਤੁਲਾ, ਬ੍ਰਿਸ਼ਚਕ, ਧਨ, ਮਕਰ, ਕੁੰਭ ਅਤੇ ਮੀਨ ਆਦਿ। ਅਉਸੀਆ: ਕਾਮਣ: ਇਸਤਰੀ। ਕਣਸੋਈ: ਸੁੰਦਕ। ਗਦਹੁ: ਖੋਤਾ। ਮਲਾਲੀ: ਸੋਨਪਰੀ। ਛਾਰਾਂ: ਵਾਵਰੋਲਾ। ਭਦ੍ਰਾ: ਇਕ ਗ੍ਰਹਿ। ਚੁਖੀ: ਵੇਸਵਾ। ਹਿਡਕੀ: ਹਿੜਕੀ। ਦਿਸਾਸੂਲ: ਸਹਸਾ: ਸੰਸਾਂ। ਸੈਸਾਰਾ: ਸੰਸਾਰ।*

ਕੋਈ ਸਾਉਣ ਮਹੀਨੇ ਵਿਚ ਜੋਤਸ਼ ਸ਼ਾਸਤਰ ਵਿਚੋਂ ਨੌਂ ਗ੍ਰਹਿ ਜਿਵੇਂ ਚੰਦ ਸੂਰਜ ਛਨਿਚਰ, ਸੁਕਰ, ਬ੍ਰਹਸਪਤ, ਮੰਗਲ, ਬੁੱਧ ਰਾਹੂ ਕੇਤੂ ਅਤੇ ਬਾਰਾਂ ਰਾਸਾਂ ਜਿਵੇਂ: ਮੇਖ, ਬ੍ਰਿਖ, ਮਿਥਨ, ਕਰਕ, ਸਿੰਘ, ਕੰਨਿਆ, ਤੁੱਲਾ, ਬ੍ਰਿਸਚਕ, ਧਨ, ਮਕਰ, ਕੁੰਭ ਅਤੇ ਮੀਨ ਆਦਿ, ਦੀ ਵਿਚਾਰ ਕਰਦੇ ਹਨ। ਕਾਮਣਾਂ ਭਾਵ ਔਰਤਾਂ ਟੂਣੇ ਔਂਸੀਆਂ ਭਾਵ ਬਹੁਤੀਆਂ ਲੀਕਾਂ ਗਿਣੇ ਜੇ ਪਿਛਲੀ ਲੀਕ ਟੌਂਕ ਨਿਕਲੇ ਤਾਂ ਚੰਗੀ ਅਤੇ ਜੇਕਰ ਜਿਸਤ ਨਿਕਲੇ ਤਾਂ ਮੰਦੀ ਹੁੰਦੀ ਹੈ। ਕਣਸੋਈ ਸੁੰਧਕਾਂ ਰਖਦੀਆਂ ਹਨ ਅਜਿਹੇ ਕਈ ਪਸਾਰੇ ਪਸਾਰਦੀਆਂ ਹਨ। ਕਈ ਖੋਤਿਆਂ, ਕੁਤਿਆਂ, ਬਿੱਲੀਆਂ ਇੱਲਾਂ, ਮੈਨਾਂ, ਗਿੱਦੜਾਂ ਅਤੇ ਵਾ ਵਰੋਲਿਆਂ ਦੇ ਸ਼ਗਨ ਮਨਾਉਦੇ ਹਨ ਜਿਵੇਂ ਜੇ ਤੁਰਨ ਵੇਲੇ ਖੱਬੇ ਪਾਸੇ ਖੋਤਾ ਬੋਲੇ ਤਾਂ ਚੰਗਾ ਅਤੇ ਦਿਨ ਵੇਲੇ ਗਿੱਦੜ ਬੋਲੇ ਤਾਂ ਭੈੜੀ ਕਿਸਮਤ ਦਾ ਸੰਕੇਤ ਸਮਝਦੇ ਹਨ। ਨਾਰੀ, ਪੁਰਖ ਪਾਣੀ, ਅੱਗ, ਅਰਥਾਤ ਜੇਕਰ ਕੋਈ ਔਰਤ ਪਾਣੀ ਦਾ ਘੜਾ ਲੈ ਕੇ ਅਗਿਓ ਗੁਜ਼ਰੇ ਮੰਗਲ ਹੁੰਦਾ ਹੈ ਅਤੇ ਜੇਕਰ ਅੱਗ ਮਿਲੇ ਤਾਂ ਅਪਸ਼ਗਨ ਹੁੰਦਾ ਹੈ। ਤੁਰਨ ਵੇਲੇ ਕੋਈ ਛਿੱਕ, ਵਾਯੂ ਜਾਂ ਹਿੜਕੀ ਦਾ ਵਰਤਾਉ ਕਰਦੇ ਹਨ। ਅਰਥਾਤ ਇਕ ਛਿੱਕ ਪਵੇ ਤਾਂ ਬੁਰੀ, ਦੋ ਛਿੱਕਾਂ ਆਉਣ ਤਾਂ ਸ਼ਗਨ ਸਮਝਦੇ ਹਨ। ਥਿੱਤ ਅਤੇ ਵਾਰ ਭਦ੍ਰਾ ਦਾ ਭਰਮ ਭਾਵ ਜੇਕਰ ਸਾਹਮਣੇ ਭੱਦ੍ਰ ਮਿਲੇ ਤਾਂ ਮੌਤ ਆਉਣੀ ਹੁੰਦੀ ਹੈ ਅਤੇ ਇਸੇ ਤਰ੍ਹਾਂ ਦਿਸ਼ਾ ਸੂਲ ਦਾ ਸੰਸਾਂ ਸੰਸਾਰ ਨੂੰ ਲੱਗਾ ਹੋਇਆ ਹੈ। ਵਲ ਛਲ ਕਰਕੇ ਲੱਖਾਂ ਉਪਰ ਭਰੋਸਾ ਰੱਖਣ ਨਾਲ ਬਹੁਚੁਖੀ ਭਾਵ ਵੱਡੇ ਸੁਆਦਾਂ ਵਾਲੀ ਵੇਸਵਾ ਕਿਕੁਰ ਭਤਾਰਾ(ਹਸਬੈਂਡ) ਨੂੰ ਰੋਵੇਗੀ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਨੂੰ ਸੁਖ ਫਲ ਪ੍ਰਾਪਤ ਹੋਣ ਕਰਕੇ ਉਸਦੇ ਜੀਵਨ ਨੂੰ ਮੁਕਤੀ ਮਿਲਦੀ ਹੈ।

----

## ਵਾਰ 5

*ਪਉੜੀ 9 (ਗੁਰਮੁਖ ਮਾਰਗ ਦੀ ਪਾਵਨਤਾ)*

ਨਦੀਆ ਨਾਲੇ ਵਾਹੜੇ ਗੰਗਿ ਸੰਗਿ ਗੰਗੋਦਕ ਹੋਈ।
ਅਸਟ ਧਾਤੁ ਇਕ ਧਾਤੁ ਹੋਇ ਪਾਰਸ ਪਰਸੈ ਕੰਚਨੁ ਸੋਈ।
ਚੰਦਨ ਵਾਸੁ ਵਣਾਸਪਤਿ ਅਫਲ ਸਫਲ ਕਰ ਚੰਦਨੁ ਗੋਈ।
ਛਿਅ ਰੁਤਿ ਬਾਰਹ ਮਾਹ ਕਰਿ ਸੁਝੈ ਸੁਝ ਨ ਦੂਜਾ ਕੋਈ।
ਚਾਰਿ ਵਰਨ ਛਿਅ ਦਰਸਨਾ ਬਾਰਹ ਵਾਟ ਭਵੈ ਸਭੁ ਲੋਈ।
ਗੁਰਮੁਖਿ ਦਰਸਨੁ ਸਾਧਸੰਗੁ ਗੁਰਮੁਖਿ ਮਾਰਗਿ ਦੁਬਿਧਾ ਖੋਈ।
ਇਕ ਮਨਿ ਇਕੁ ਅਰਾਧਨਿ ਓਈ ।।9।।

---

*ਵਾਹੜੇ: ਬਰਸਾਤੀ ਨਾਲੇ। ਸੁਝੈ ਸੁਝ: ਸੂਰਜ ਹੀ ਸੂਰਜ*

ਨਦੀਆਂ ਨਾਲੇ ਅਤੇ ਛੋਟੀਆਂ ਝੀਲਾਂ ਗੰਗਾਂ ਨਾਲ ਮਿਲ ਕੇ ਗੰਗੋਦਕ ਹੋ ਜਾਂਦੇ ਹਨ। ਜਿਵੇਂ ਪਾਰਸ ਦੀ ਛੁਹ ਨਾਲ ਅੱਠ ਧਾਤਾਂ ਸੋਨਾ ਬਣ ਕੇ ਇਕ ਧਾਤ ਬਣ ਜਾਂਦੀ ਹੈ। ਚੰਦਨ ਦੀ ਖੁਸ਼ਬੋਈ ਨਾਲ ਚੰਦਨ ਕੋਲ ਹੋਰ ਦਰੱਖਤ ਫਲ ਦੇਣ ਵਾਲੇ ਹੋਣ ਜਾਂ ਅਫਲ ਹੋਣ ਸਭ ਚੰਦਨ ਬਣ ਜਾਂਦੇ ਹਨ। ਛੇ ਰੁੱਤਾਂ, ਰੁੱਤਾਂ ਛੇ ਹਨ ਜਿਵੇਂ ਚੇਤ-ਵਿਸਾਖ ਮਹੀਨੇ ਵਿਚ ਬਸੰਤ ਰੁੱਤ ਹੁੰਦੀ ਹੈ। ਜੇਠ-ਹਾੜ ਸਮੇਂ ਗਰਮੀ ਹੁੰਦੀ ਹੈ। ਸੌਣ-ਭਾਦੋਂ ਬਰਸਾਤ ਹੁੰਦੀ ਹੈ। ਅੱਸੂ-ਕਤਕ ਸਮੇਂ ਸਰਦੀ ਹੁੰਦੀ ਹੈ। ਮਾਘ-ਫੱਗਣ ਦੇ ਮਹੀਨੇ ਵਿਚ ਸ਼ਿਸ਼ਿਰ ਦਾ ਮੌਸਮ ਹੁੰਦਾ ਹੈ। ਇਸ ਤਰ੍ਹਾਂ ਸਾਲ ਵਿਚ ਛੇ ਰੁੱਤਾਂ ਸਿਰਫ ਇਕ ਸੂਰਜ ਦੀ ਤਪਸ਼ ਕਾਰਨ ਹੀ ਹੁੰਦੀਆਂ ਹਨ ਵਾਸਤੇ ਸੂਰਜ ਇਕੋ ਹੀ ਹੁੰਦਾ ਹੈ। ਚਾਰ ਵਰਨ, ਛੇ ਦਰਸ਼ਨ ਸਭ ਬਾਰਾਂ ਰਸਤਿਆਂ ਵਿਚ ਸਾਰੀ ਸ੍ਰਿਸ਼ਟੀ ਚਲਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਰੱਬ ਕੋਲ ਜਾਣ ਵਾਲੇ ਜਿਨ੍ਹਾਂ ਬਾਰਾਂ ਰਸਤਿਆਂ ਦੀ ਵੇਦ ਗੱਲ ਕਰਦੇ ਹਨ ਉਹ ਸਾਰੇ ਰਸਤੇ ਮਨੁਖ ਨੂੰ ਉਲਟੀ ਦਿਸ਼ਾ ਵੱਲ ਲੈ ਕੇ ਜਾਣ ਵਾਲੇ ਹਨ। ਗੁਰਮੁਖਾਂ ਦੇ ਮਾਰਗ ਦਰਸ਼ਨ ਨੇ ਮਨੁੱਖ ਦੇ ਮਨ ਵਿਚੋਂ ਦੁਬਿਧਾ ਕੱਢ ਮਾਰੀ ਹੈ। ਗੁਰਮੁਖ ਇਕ ਪ੍ਰਮਾਤਮਾਂ ਦੀ ਅਰਾਧਨਾ ਇਕ ਮਨ ਇਕ ਚਿੱਤ ਹੋ ਕੇ ਕਰਦੇ ਹਨ ਅਤੇ ਹੋਰ ਕਿਸੇ ਕਰਮ-ਕਾਂਡ ਜਾਂ ਝਮੇਲੇ ਵਿਚ ਨਹੀਂ ਪੈਂਦੇ।

----

## ਵਾਰ 5

*ਪਉੜੀ 10 (ਕੁਲਾਧਰਮ ਤੇ ਗੁਰਮੁਖ ਮਾਰਗ)*

ਨਾਨਕ ਦਾਦਕ ਸਾਹੁਰੈ ਵਿਰਤੀਸੁਰ ਲਗਾਇਤ ਹੋਏ।
ਜੰਮਣਿ ਭਦਣਿ ਮੰਗਣੈ ਮਰਣੈ ਪਰਣੇ ਕਰਦੇ ਢੋਏ।

ਰੀਤੀ ਰੂੜੀ ਕੁਲ ਧਰਮ ਚਜੁ ਅਚਾਰ ਵੀਚਾਰ ਵਿਖੋਏ।
ਕਰਿ ਕਰਤੂਤਿ ਕੁਸੂਤ ਵਿਚਿ ਪਾਇ ਦੁਲੀਚੇ ਗੈਣ ਚੰਦੋਏ।
ਜੋਧ ਜਠੇਰੇ ਮੰਨੀਅਨਿ ਸਤੀਆ ਸਉਤ ਟੋਭੜੀ ਟੋਏ।
ਸਾਧਸੰਗਤਿ ਗੁਰ ਸਬਦ ਵਿਣੁ ਮਰਿ ਮਰਿ ਜੰਮਨਿ ਦਈ ਵਿਗੋਏ।
ਗੁਰਮੁਖਿ ਹੀਰੇ ਹਾਰਿ ਪਰੋਏ ॥10॥

---

*ਵਿਰਤੀਸੁਰ: ਜਜਮਾਨ। ਲਗਾਇਤ: ਲਾਗੀ ਭਾਗੀ। ਭਦਣਿ: ਸਿਰ-ਮੁੰਨਣ ਕਰਨਾ। ਪਰਣੇ: ਵਿਆਹ ਕਰਨਾ। ਰੀਤੀ:ਰਸਮ। ਵਿਖੋਏ: ਭੁੱਲੇ ਹੋਏ। ਗੈਣ ਚੰਦੋਏ: ਆਕਾਸ਼ੀ ਚੰਦੋਏ ਭਾਵ ਵੱਡੇ ਚੰਦੋਏ, ਸਿਰ ਢੱਕਣ ਵਾਲੀ ਚਾਨਣੀ। ਕੁਸੂਤ: ਜਨੇਊ ਪਾਉਣਾ। ਸਉਤ: ਸ਼ੌਂਕਣ। ਟੋਭੜੀ:ਛੱਪੜੀ। ਦਈ ਵਿਗੋਏ: ਰੱਬ ਵਲੋਂ ਖਰਾਬ ਕਰਨਾ।*

ਵਿਆਹ ਸਮੇਂ ਘਰ ਵਿਚ ਨਾਨਕੇ ਦਾਦਕੇ, ਜਜਮਾਨ, ਪ੍ਰੋਹਤ ਅਤੇ ਲਾਗੀ ਆਉਂਦੇ ਹਨ। ਜੰਮਣ, ਮਰਨ, ਮੁੰਡਨ, ਸਗਾਈ, ਮਰਣੇ, ਪਰਣਿਆਂ ਵਿਖੇ ਲੋਕ ਸਮੱਗਰੀਆਂ ਇੱਕਠੀਆਂ ਕਰਦੇ ਹਨ। ਲੁਕਾਈ ਰੀਤਾਂ ਰਿਵਾਜਾਂ ਦੀਆਂ ਚੰਗਿਆਈਆਂ ਬੁਰਿਆਈਆਂ ਅਤੇ ਹੋਰ ਧਾਰਮਕ ਚਾਰਾਂ ਅਚਾਰਾਂ ਅਤੇ ਵਿਚਾਰਾਂ ਵਿਚ ਹੀ ਭੁੱਲੇ ਫਿਰਦੇ ਹਨ। 'ਕਸੂਤ' ਭਾਵ ਜਨੇਊ ਪਾਉਣ ਸਮੇਂ ਕਈ ਤਰ੍ਹਾਂ ਦੇ ਭੈੜੇ ਇੰਤਜ਼ਾਮ ਜਿਵੇਂ ਦੁਲੀਚੇ ਹੇਠ ਪਾ ਕੇ ਉਪਰ ਬਹੁਤ ਵੱਡੀ ਅਤੇ ਮਹਿੰਗੀ ਚਾਨਣੀ (ਚੰਦੋਆ) ਤਾਣਦੇ ਹਨ।, ਪਰਿਵਾਰ ਵਿਚ ਹੋ ਚੁੱਕੇ ਯੋਧੇ ਬਹਾਦਰ ਅਤੇ ਸੂਰਵੀਰਾਂ ਅਤੇ ਵੱਡੇ ਵਡੇਰਿਆਂ (ਜਠੇਰੇ) ਦੀ ਪੂਜਾ ਕਰਵਾਉਂਦੇ ਹਨ। ਸਤੀਆਂ ਅਤੇ ਸ਼ੌਂਕਣਾਂ ਦੀ ਮਨਾਉਤ ਕੀਤੀ ਜਾਂਦੀ ਹੈ। ਸ਼ੌਂਕਣ ਦੀ ਮੂਰਤ ਨਵੀਂ ਵਹੁਟੀ ਦੇ ਗਲ ਵਿਚ ਇਕ ਤਵੀਤ ਬਣਾ ਕੇ ਪਾਈ ਜਾਂਦੀ ਹੈ ਅਤੇ ਨਵੀਂ ਵਿਹਾਂਦੜ ਨੂੰ ਪਹਿਲਾ ਫਲ ਸ਼ੌਂਕਣ ਦੇ ਨਾਮ ਦਾ ਦਿਤਾ ਜਾਂਦਾ ਹੈ ਤਾਂ ਕਿ ਉਹ ਗੁੱਸਾ ਨਾ ਕਰੇ। ਕਈ ਲੋਕ ਟੋਭਿਆਂ ਅਤੇ ਛੱਪੜਾਂ ਨੂੰ ਮੰਨਦੇ ਹਨ ਅਤੇ ਉਨ੍ਹਾਂ ਵਿਚ ਬੱਚਿਆਂ ਨੂੰ ਨੁਹਾਉਂਦੇ ਹਨ ਤਾਂ ਕਿ ਉਹ ਖੁਸ਼ੀ ਰਹਿਣ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਅਜਿਹੇ ਬਿਅਰਥ ਕਾਰਜ ਕਰਨ ਵਾਲੇ ਲੋਕੀ ਨਰਕਾਂ ਨੂੰ ਹੀ ਜਾਂਦੇ ਹਨ। ਪ੍ਰਮਾਤਮਾ ਕੋਲੋਂ ਦੂਰ ਹੋਏ ਹੋਏਜਾਂ ਭੁੱਲੇ ਹੋਏ ਇਹ ਲੋਕ ਚੁਰਾਸੀ ਲੱਖ ਜੂਨਾਂ ਵਿਚ ਭਟਕਦੇ ਹਨ, ਜਿਵੇਂ ਹੀਰੇ ਹਾਰ ਵਿਚ ਗੁੰਦੇ ਹੋਏ ਸੁਹਣੇ ਲਗਦੇ ਹਨ, ਗੁਰਮੁਖ ਸ਼ਬਦ ਸੁਰਤ ਦੀ ਜਾਚਨਾ ਕਰਦੇ ਇਸ ਤਰ੍ਹਾਂ ਦਿਸਦੇ ਹਨ।

----

## ਵਾਰ 5

*ਪਉੜੀ 11 (ਸ਼ਾਹਜ਼ਾਦੇ ਰਾਜ ਕੰਵਰ)*

ਲਸਕਰ ਅੰਦਰਿ ਲਾਡੁਲੇ ਪਾਤਿਸਾਹਾ ਜਾਏ ਸਾਹਜਾਦੇ।
ਪਾਤਿਸਾਹ ਅਗੈ ਚੜਨਿ ਪਿਛੈ ਸਭ ਉਮਰਾਉ ਪਿਆਦੇ।
ਬਣਿ ਬਣਿ ਆਵਣਿ ਤਾਇਫੇ ਓਇ ਸਹਜਾਦੇ ਸਾਦ ਮੁਰਾਦੇ।

ਖਿਜਮਤਿਗਾਰ ਵਡੀਰੀਅਨਿ ਦਰਗਹ ਹੋਨਿ ਖੁਆਰ ਕੁਵਾਦੇ।
ਅੱਗੈ ਢੋਈ ਸੇ ਲਹਨਿ ਸੇਵਾ ਅੰਦਰਿ ਕਾਰ ਕੁਸਾਦੇ।
ਪਾਤਿਸਾਹਾਂ ਪਤਿਸਾਹੁ ਸੁ ਗੁਰਮੁਖਿ ਵਰਤੈ ਗੁਰ ਪਰਸਾਦੇ।
ਸਾਹ ਸੁਹੇਲੇ ਆਦਿ ਜੁਗਾਦੇ ॥11॥

---

*ਲਾਡਲੇ: ਪਿਆਰੇ। ਤਾਇਫੇ: ਵੇਸਵਾ ਦੇ ਟੋਲੇ। ਸਾਦ ਮੁਰਾਦੇ: ਸਿਧੇ ਸਾਦੇ। ਦਰਗਾਹ: ਕਚਿਹਰੀ। ਢੋਈ: ਆਸਰਾ। ਸਾਹਜਾਦੇ: ਸ਼ਹਿਜ਼ਾਦੇ। ਪਿਆਦੇ: ਤੁਰਨ ਵਾਲੇ ਸਿਪਾਹੀ। ਤਾਇਫੇ: ਮੁਜਰੇ। ਵਡੀਰੀਅਨਿ: ਵਡਿਆਈ ਜਾਣ ਵਾਲੇ। ਕੁਵਾਦੇ:ਜਵਾਬ ਦੇਣ ਵਾਲੇ। ਕੁਸਾਦੇ: ਖੁਲ੍ਹੀ, ਚੰਗੀ ਆਦਿ।*

ਪਹਿਲੀਆਂ ਵਿਚ ਬਾਦਸ਼ਾਹਾਂ ਦੇ ਲਾਡਲੇ ਸਾਹਿਜ਼ਾਦੇ ਵੀ ਜੰਗ ਦੇ ਮੈਦਾਨ ਵਿਚ ਲੜਦੇ ਸਨ।ਫੌਜ ਦੇ ਸਭ ਤੋਂ ਅੱਗੇ ਰਾਜਾ ਹੁੰਦਾ ਹੈ ਅਤੇ ਉਸਦੇ ਪਿਛੇ ਸਾਰੇ ਦਰਬਾਰੀ ਭਾਵ ਮੁਸਾਹਿਬ (ਉਮਰਾਉ) ਅਤੇ ਪਿਆਦੀ ਫੌਜ ਪਿੱਛੇ ਪਿਛੇ ਚਲਦੀ ਹੈ। ਜੰਗ ਸਮੇਂ ਕਈ ਵੇਸਵਾਵਾਂ ਟੋਲੇ ਬਣਾ ਬਣਾ ਕੇ ਆਉਂਦੀਆਂ ਹਨ ਪਰ ਸ਼ਾਹਜ਼ਾਦੇ ਸਾਦ ਮੁਰਾਦੇ ਭਾਵ ਵੇਸਵਾਵਾਂ ਤੋਂ ਅਲੱਗ ਹੀ ਰਹਿੰਦੇ ਹਨ। ਬਾਦਸ਼ਾਹ ਦੇ ਖਿਦਮਤਗਾਰ ਵਡਿਆਈਦੇ ਹਨ ਜਿਹੜੇ ਖਿਦਮਤਗਾਰ ਸਾਹਮਣਿਉ ਜਵਾਬ ਤਲਬੀ ਕਰਦੇ ਹਨ ਉਨ੍ਹਾਂ ਨੂੰ ਕਚਿਹੀਆਂ ਵਿਚ ਘੜੀਸਿਆ ਜਾਂਦਾ ਹੈ ਭਾਵ ਪ੍ਰਮਾਤਮਾ ਦਾ ਹੁਕਮ ਮੰਨਣ ਵਾਲਿਆਂ ਦੀ ਜੱਗ ਵਿਚ ਵਡਿਆਈ ਹੁੰਦੀ ਅਤੇ ਹੁਕਮ ਨਾ ਮੰਨਣ ਵਾਲਿਆਂ ਨੂੰ ਦਰਗਾਹ ਵਿਚ ਦੰਡ ਮਿਲਦਾ ਹੈ। ਅਗੇ ਜਾ ਕੇ ਢੋਈ ਉਨ੍ਹਾਂ ਨੂੰ ਹੀ ਮਿਲੇਗੀ ਜਿਹੜੇ ਗੁਰੂ ਦੁਆਰਾ ਦਿਤੇ ਸ਼ਬਦ ਨੂੰ ਸਿਆਂਣਦੇ ਹੈ। ਜਿਹੜੇ ਗੁਰਮੁਖ ਗੁਰੂ ਦੁਆਰਾ ਦਿਤੇ ਸ਼ਬਦ ਨੂੰ ਸਤਿਕਾਰਦੇ ਹਨ ਅਤੇ ਉਸ ਸ਼ਬਦਾਂ ਦੇ ਅਰਥਾਂ ਅਨੁਸਾਰ ਆਪਣਾ ਜੀਵਨ ਗੁਜ਼ਾਰਦੇ ਹਨ। ਉਹ ਪਾਤਸ਼ਾਹਾਂ ਦੇ ਪਾਤਸ਼ਾਹ ਹਨ ਅਤੇ ਅਜਿਹੇ ਸਾਹ (ਪਾਤਸ਼ਾਹ) ਸਦਾ ਸੁਖੀ ਹੀ ਰਹਿਣਗੇ।

----

## ਵਾਰ 5

### *ਪਉੜੀ 12 (ਹੋਰ ਦ੍ਰਿਸ਼ਟਾਂਤ)*

ਤਾਰੇ ਲਖ ਅਨ੍ਹੇਰ ਵਿਚਿ ਚੜ੍ਹਿਐ ਸੁਝਿ ਨ ਸੁਝੈ ਕੋਈ।
ਸੀਹਿ ਬੁਕੇ ਮਿਰਗਾਵਲੀ ਭੰਨੀ ਜਾਇ ਨ ਆਇ ਖੜੋਈ।
ਬਿਸ਼ੀਅਰ ਗਰੜੇ ਡਿਠਿਆ ਖੁਡੀ ਵੜਿਦੇ ਲਖ ਪਲੋਈ।
ਪੰਖੇਰੂ ਸਾਹਬਾਜ ਦੇਖਿ ਢੁਕਿ ਨ ਹੰਘਨਿ ਮਿਲੈ ਨ ਢੋਈ।
ਚਾਰ ਵਿਚਾਰ ਸੰਸਾਰ ਵਿਚਿ ਸਾਧਸੰਗਤਿ ਮਿਲਿ ਦੁਰਮਤਿ ਖੋਈ।

ਸਤਿਗੁਰ ਸਚਾ ਪਾਤਿਸਾਹੁ ਦੁਬਿਧਾ ਮਾਰਿ ਮਵਾਸਾ ਗੋਈ।
ਗੁਰਮੁਖਿ ਜਾਤਾ ਜਾਣੁ ਜਣੋਈ ॥12॥

---

*ਸੁਝਿ: ਸੂਰਜ। ਸੁਝੈ: ਦਿਸਦਾ ਹੈ। ਬਿਸੀਅਰ: ਸੱਪ। ਸੀਹਿ: ਸ਼ੇਰ। ਬੁੱਕੇ: ਦਹਾੜੇ। ਮਿਰਗਾਵਲੀ: ਮਿਰਗਾ ਦੀ ਡਾਰ। ਭੰਨੀ: ਅਗੇ ਦੌੜਨਾ। ਮਵਾਸਾ: ਆਕੀ, ਭਾਵ ਕਾਮ ਕ੍ਰੋਧ ਆਦਿ। ਗਰੜੈ: ਭਗਵਾਨ, ਵਿਸ਼ਨੂੰ ਦੀ ਸਵਾਰੀ ਦਾ ਸਾਧਨ। ਪਲੋਈ: ਨੱਠ ਕੇ। ਗੋਈ: ਲੁਕਦੇ ਹਨ। ਜਣੋਈ: ਜਣਾਉਂਦੇ। ਸਾਹਬਾਜ: ਵੱਡਾ ਬਾਜ਼।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਲੱਖਾਂ ਤਾਰੇ ਹਨੇਰੇ ਵਿਚ ਚਮਕਦੇ ਦਿਸਦੇ ਹਨ ਪਰ ਸੂਰਜ ਨਿਕਲਿਆਂ ਅਸਮਾਨ ਉਪਰ ਕੋਈ ਤਾਰਾ ਨਹੀਂ ਦਿਸਦਾ। ਸ਼ੇਰ ਦੀ ਇਕ ਦਹਾੜ ਨਾਲ ਮਿਰਗਾਂ ਦੀ ਡਾਰ ਡਰ ਦੇ ਮਾਰੇ ਦੌੜਦੀ ਹੈ ਅਤੇ ਦੂਰ ਤੱਕ ਜਾ ਕੇ ਵੀ ਨਹੀਂ ਖੜਾਉਂਦੀ। 'ਗਰੜ' ਪੁਰਾਨਾਂ ਵਿਚ ਲਿਖਿਆ ਪੜ੍ਹਿਆ ਜਾਂਦਾ ਹੈ ਕਿ ਗਰੜ ਪੰਛੀ ਨੀਲੇ ਰੰਗ ਦਾ ਹੁੰਦਾ ਹੈ ਅਤੇ ਇਸ ਦੀ ਸਵਾਰੀ ਵਿਸ਼ਨੂੰ ਭਗਵਾਨ ਜੀ ਕਰਦੇ ਸਨ। ਇਸੇ ਕਰਕੇ ਹਿੰਦੂਮਤ ਅਨੁਸਾਰ 'ਗਰੜ' ਨੂੰ ਭਗਵਾਨ ਕਰਕੇ ਪੂਜਿਆ ਜਾਂਦਾ ਹੈ। ਭਾਈ ਗੁਰਦਾਸ ਲਿਖਦੇ ਹਨ ਕਿ ਜਿਵੇਂ ਗਰੜ ਨੂੰ ਵੇਖ ਕੇ ਲੱਖਾਂ ਸੱਪ ਖੁੱਡਾਂ ਵਿਚ ਵੜ ਜਾਂਦੇ ਹਨ। ਬਾਜ ਨੂੰ ਵੇਖ ਕੇ ਹੋਰ ਪੰਛੀ ਐਨਾ ਨੱਠਦੇ ਹਨ ਕਿ ਬਾਜ ਦੇ ਨੇੜੇ ਨਹੀਂ ਢੁਕਦੇ। ਦੁਨੀਆਂ ਵਿਚ ਸੱਚਾ ਅਤੇ ਸੁੱਚਾ ਵਿਚਾਰ ਇਹ ਹੁੰਦਾ ਹੈ ਕਿ ਮਨੁਖ ਸਾਧ ਸੰਗਤ ਵਿਚ ਜਾ ਕੇ ਸ਼ਬਦ ਸੁਰਤ ਦੇ ਲੜ ਲੱਗੇ। ਸਤਿਗੁਰ ਦੀ ਮਿਹੈਰ ਦੀ ਨਜਰ ਨਾਲ ਗੁਰਮੁਖ ਦੇ ਮਨ ਵਿਚੋਂ ਦੁਬਿਧਾ ਦੂਰ ਹੁੰਦੀ ਹੈ ਅਤੇ ਉਨ੍ਹਾਂ ਦੇ ਮਨਾਂ ਵਿਚ ਕਾਮ ਕ੍ਰੋਧ, ਲੋਭ ਮੁਹ ਹੰਕਾਰ ਦਾ ਜੜ੍ਹੋਂ ਖਾਤਮਾ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਜਿਹੜੇ ਲੋਕ ਪ੍ਰਮਾਤਮਾਂ ਦੇ ਇਸ ਭੇਦ ਨੂੰ ਜਾਣ ਲੈਂਦੇ ਹਨ ਉਹ ਫਿਰ ਹੋਰਨਾਂ ਨੂੰ ਹੁੱਬ ਹੁੱਬ ਦਸਦੇ ਹਨ।

----

## ਵਾਰ 5

*ਪਉੜੀ 13 (ਗਾਡੀ ਰਾਹ ਗੁਰਮੁਖ ਮਾਰਗ)*

ਸਤਿਗੁਰ ਸਚਾ ਪਾਤਿਸਾਹ ਗੁਰਮੁਖਿ ਗਾਡੀ ਰਾਹੁ ਚਲਾਇਆ।
ਪੰਜਿ ਦੂਤਿ ਕਰਿ ਭੂਤ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ।
ਸਬਦ ਸੁਰਤਿ ਲਿਵਿ ਚਲਣਾ ਜਮੁ ਜਾਗਾਤੀ ਨੇੜਿ ਨ ਆਇਆ।
ਬੇਮੁਖਿ ਬਾਰਹ ਵਾਟ ਕਰਿ ਸਾਧਸੰਗਤਿ ਸਚੁ ਖੰਡੁ ਵਸਾਇਆ।
ਭਾਉ ਭਗਤਿ ਭਉ ਮੰਤ੍ਰ ਦੇ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।

ਜਿਉ ਜਲ ਅੰਦਰਿ ਕਮਲ ਹੈ ਮਾਇਆ ਵਿਚਿ ਉਦਾਸੁ ਰਹਾਇਆ।
ਆਪੁ ਗਵਾਇ ਨ ਆਪੁ ਗਣਾਇਆ ॥13॥

---

*ਗਾਡੀ ਰਾਹ: ਭਾਵਸੌਖਾ ਰਸਤਾ। ਲਿਵ: ਹੱਥਲਿਖਤ ਨੰਬਰ: 739 ਵਿਚ ਏਥੇ 'ਨਿਵਿ' ਪਾਠ ਹੈ। ਜਾਗਾਤੀ: ਮਸੂਲੀਆਂ। ਬਾਰਹ ਵਾਟ: ਜੋਗੀਆਂ ਦੇ ਬਾਰਾਂ ਪੰਥ, ਭਗਤ ਕਬੀਰ ਨੇ ਮਾਇਆਂ ਦੇ ਜੁਦੇ ਜੁਦੇ ਬਾਰਾਂ ਕਰਮ ਕਰ ਕੇ ਲਿਖੇ ਹਨ ਜਿਵੇਂ: ਮੋਹ, ਦੀਨਤਾ, ਭੈਅ, ਰ੍ਹਾਸ (ਘਟਾਉ), ਹਾਨੀ, ਗਲਾਨਿ, ਕੁਧਾ, ਤ੍ਰਿਖਾ, ਮਿਰਤਯ, ਕੋਭ, ਝੂਠ ਅਤੇ ਅਪਕੀਰਤਿ ਆਦਿ। ਬਿਰਥਾ: ਏਥੇ ਭਟਕਣ।*

ਸਤਿਗੁਰ ਨਾਨਕ ਦੇਵ ਜੀ ਨੇ ਇਕ ਸੱਚਾ ਅਤੇ ਸੌਖਾ ਰਸਤਾ ਵਿਖਾਇਆ ਹੈ। ਇਸ ਰਸਤੇ ਉਪਰ ਚਲਣ ਵਾਲੇ ਗੁਰਮੁਖਾਂ ਦੇ ਮਨਾਂ ਵਿਚੋਂ ਕਾਮ ਕ੍ਰੋਧ ਲੋਭ ਮੁਹ ਹੰਕਾਰ ਨੁਮਾ ਭੂਤ ਵਾਂਗ ਕਾਬੂ ਕਰਕੇ ਖੋਟੀ ਬੁੱਧੀ ਵਾਲੀ ਦੂਈ ਦੂਵੈਤ ਨੂੰ ਦਿਲਾਂ ਵਿਚੋਂ ਕੱਢ ਦਿਤਾ ਹੈ। ਗੁਰਮੁਖ ਗੁਰੂ ਵਲੋਂ ਵਰੋਸਾਏ ਅਤੇ ਬਖਸ਼ੇ ਹੋਏ ਸ਼ਬਦ ਸੁਰਤ ਦ ਅਭਿਆਸ ਕਰਦੇ ਹਨ। ਗੁਰਮੁਖਾਂ ਨੂੰ ਜਮਦੂਤ ਜਾਂ ਮੌਤ ਦਾ ਡਰ ਨਹੀਂ ਭਾਉਂਦਾ। ਗੁਰਮੁਖ ਲੋਕ ਜੋਗੀਆਂ ਵਲੋਂ ਬਣਾਏ ਹੋਏ ਬਾਰਾਂ ਪੰਥ ਨਹੀਂ ਮੰਨਦੇ। ਉਹ ਬਾਰਾਂ ਪੰਥ ਹਨ (ਕਈ ਕੰਨ ਪੜਵਾਈ ਫਿਰਦੇ ਅਤੇ ਕਈ ਤਰ੍ਹਾਂ ਦੇ ਦੁਖ ਸਹਾਰਦੇ ਹਨ), ਜਿਵੇਂ ਚਾਰ ਵਰਣ, ਚਾਰ ਆਸ਼ਰਮ ਅਤੇ ਚਾਰ ਇਸਲਾਮੀ ਫਿਰਕੇ ਆਦਿ। ਗੁਰਮੁਖਾਂ ਦਾ ਇਨ੍ਹਾਂ ਬਾਰਹ ਵਾਟਾਂ ਨਾਲ ਦੂਰ ਨੇੜੇ ਦਾ ਵੀ ਸੰਬੰਧ ਨਹੀਂ ਹੈ। ਜੋ ਗੁਰਮੁਖ ਸਾਧ ਸੰਗਤ ਵਿਚ ਆਇਆ ਹੈ ਸਤਿਗੁਰਾਂ ਨੇ ਉਸਨੂੰ ਸੱਚ-ਖੰਡ ਦਾ ਵਾਸੀ ਬਣਾ ਦਿਤਾ ਹੈ। ਸਾਧ ਸੰਗਤ ਵਿਚ ਆਉਣ ਨਾਲ ਗੁਰਮੁਖਾਂ ਦੇ ਮਨਾਂ ਵਿਚ ਪ੍ਰੇਮਾਂ ਭਗਤੀ ਦਾ ਮੰਤਰ ਵਸ ਗਿਆ ਹੈ। ਗੁਰਮੁਖਾਂ ਨੇ ਨਾਮ ਦਾਨ, ਇਸ਼ਨਾਨ ਦ੍ਰਿੜ ਇਰਾਦੇ ਨਾਲ ਕਰਨਾ ਅਰੰਭਿਆ ਹੈ। ਗੁਰਮੁਖ ਲੋਕ ਮਾਇਆ ਵਲੋਂ ਇਵੇਂ ਅਲਿਪਤ ਭਾਵ ਤਿਆਗੀ ਰਹਿੰਦੇ ਹਨ ਜਿਵੇਂ ਪਾਣੀ ਵਿਚ ਕਮਲ ਦਾ ਫੁੱਲ ਰਹਿੰਦਾ ਹੈ। ਗੁਰਮੁਖਾਂ ਨੇ ਆਪਾਂ ਤਿਆਗ ਕੇ ਮਨਾਂ ਵਿਚੋਂ ਕਾਮ ਕ੍ਰੋਧ ਲੋਭ ਮੁਹ ਕੱਢ ਛਡਿਆ ਹੈ।

----

## ਵਾਰ 5

*ਪਉੜੀ 14 (ਸਚਾ ਸੋਹਿਲਾ)*

ਰਾਜਾ ਪਰਜਾ ਹੋਇ ਕੈ ਚਾਕਰ ਕੂਕਰ ਦੇਸਿ ਦੁਹਾਈ।
ਜੰਮਦਿਆ ਰੁਣਿਝੁੰਝਣਾ ਨਾਨਕ ਦਾਦਕ ਹੋਇ ਵਧਾਈ।
ਵੀਵਾਹਾ ਨੋ ਸਿਠਣੀਆ ਦੁਹੀ ਵਲੀ ਦੁਇ ਤੂਰ ਵਜਾਈ।
ਰੋਵਣ ਪਿਟਣੁ ਮੁਇਆ ਨੋ ਵੈਣੁ ਅਲਾਹਣਿ ਧੁਮ ਧੁਮਾਈ।
ਸਾਧਸੰਗਤਿ ਸਚੁ ਸੋਹਿਲਾ ਗੁਰਮੁਖਿ ਸਾਧਸੰਗਤਿ ਲਿਵ ਲਾਈ।

ਬੇਦ ਕਤੇਬਹ ਬਾਹਰਾ ਜੰਮਣਿ ਮਰਣਿ ਅਲਿਪਤੁ ਰਹਾਈ।
ਆਸਾ ਵਿਚਿ ਨਿਰਾਸੁ ਵਲਾਈ ॥14॥

---

*ਕੂਕਰ: ਕੁੱਤਾ। ਰੁਣਿਝੁੰਝਣਾ: ਖੂਬ ਰੌਣਕ ਮੇਲਾ। ਤੂਰ: ਵਾਜੇ ਗਾਜੇ। ਅਲਾਹਣਿ: ਮੌਤ ਦੇ ਗੀਤ। ਅਲਿਪਤੁ: ਨਿਰਲੇਪ, ਕਿਸੇ ਨਾਲ ਨਾ ਸੰਬੰਧਤ ਹੋਵੇ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਜਨਮ ਮਰਨ ਦੇ ਹਰਖ ਸੋਗ ਬਾਰੇ ਦਸਦੇ ਹਨ ਕਿ ਗੁਰਮੁਖ ਇਸ ਦੁਖ ਤੋਂ ਨਿਰਲੇਪ ਰਹਿੰਦੇ ਹਨ। ਜਿਵੇਂ ਇਹ ਸ੍ਰਿਸ਼ਟੀ ਦਾ ਰਾਜਾ ਪਰਜਾ ਬਣ ਕੇ ਵਰਤਦਾ ਹੈ ਅਤੇ ਪਰਜਾ ਰਾਜੇ ਦੇ ਹੁਕਮ ਨੂੰ ਘਰ ਘਰ ਜਾ ਕੇ ਦਸਦੇ ਹਨ। ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਗਣਤੰਤਰ ਦਾ ਸੰਕਲਪ ਉਜਾਗਰ ਕਰਦੇ ਹਨ। ਇਸ ਦੁਨੀਆਂ ਵਿਚ ਜਦ ਮਨੁਖ ਜਨਮਦਾ ਹੈ ਤਾਂ ਲੋਕ ਖੁਸ਼ੀਆਂ ਕਰਦੇ ਹਨ, ਵਧਾਈਆਂ ਦਿੰਦੇ ਹਨ। ਵਿਆਹਾਂ ਸਮੇਂ ਔਰਤਾਂ ਮਿਲ ਰਹੇ ਪਰਿਵਾਰਾਂ ਨੂੰ ਸਿੱਠਣੀਆਂ ਦਿੰਦੀਆਂ ਹਨ ਅਤੇ ਦੋਹਾਂ ਘਰਾਂ ਵਿਚ ਭਾਵ ਮੁੰਡੇ ਅਤੇ ਕੁੜੀ ਵਾਲਿਆਂ ਦੇ ਘਰ ਵਾਜੇ ਗਾਜੇ ਵਜਦੇ ਹਨ। ਜਦ ਕੋਈ ਮਨੁਖ ਮਰ ਜਾਂਦਾ ਹੈ ਤਾਂ ਘਰਾਂ ਵਿਚ ਸੋਗ ਵਰਤ ਜਾਂਦਾ ਹੈ। ਘਰ ਵਾਲੇ ਲੋਕਾਂ ਨਾਲ ਰਲ ਕੇ ਵੈਣ ਅਤੇ ਅਲਾਹਣੀਆਂ ਦੇ ਗੀਤ ਗਾਉਂਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸਾਧ ਸੰਗਤ ਵਿਚ ਮਰਣ ਵੇਲੇ ਸੋਗ ਨਹੀਂ ਅਤੇ ਜੰਮਣ ਵੇਲੇ ਕੋਈ ਖੁਸ਼ੀ ਨਹੀ ਕੀਤੀ ਜਾਂਦੀ। ਗੁਰਮੁਖ ਸਦਾ ਅਨੰਦ ਵਾਲੀ ਸਥਿੱਤੀ ਵਿਚ ਹੀ ਰਹਿੰਦਾ ਹੈ। ਇਹੀ ਕਾਰਨ ਹੈ ਕਿ ਗੁਰਮੁਖ ਸਾਧ ਸੰਗਤ ਵਿਚ ਜਾ ਕੇ ਆਪਣੀ ਲਿਵ ਇਕ ਪ੍ਰਮਾਤਮਾ ਨਾਲ ਲਾਈ ਰੱਖਦੇ ਹਨ। ਆਤਮਾ ਵੇਦਾਂ ਕਤੇਬਾਂ ਤੋਂ ਬਾਹਰੀ ਹੈ। ਜਨਮ ਮਰਨ ਤੋਂ ਰਹਿਤ ਹੈ। ਇਸ ਕਰਕੇ ਗੁਰਮੁਖ ਮਾਰਗ ਜੰਮਣ ਮਰਨ ਅਤੇ ਹਰਖ ਸੋਗ ਤੋਂ ਅਲੱਗ ਰਹਿੰਦਾ ਹੈ। ਗੁਰਮੁਖ ਕਿਸੇ ਵੀ ਵਸਤੂ ਦੀ ਆਸ ਨਹੀਂ ਰਖਦਾ ਅਤੇ ਇਸੇ ਕਾਰਨ ਉਹ ਹਮੇਸ਼ਾ ਵੈਰਾਗ ਵਿਚ ਰਹਿੰਦਾ ਹੈ।

----

## ਵਾਰ 5

*ਪਉੜੀ 15 (ਗੁਰਮੁਖ ਮਨਮੁਖ)*

ਗੁਰਮਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ।
ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ।
ਗੁਰਮੁਖਿ ਜੀਵਨ ਮੁਕਤਿ ਕਰਿ ਮਨਮੁਖ ਫਿਰਿ ਫਿਰਿ ਜਨਮਿ ਮਰੰਦੇ।
ਗੁਰਮੁਖਿ ਸੁਖ ਫਲੁ ਪਾਇਦੇ ਮਨਮੁਖਿ ਦੁਖ ਫਲੁ ਦੁਖ ਲਹੰਦੇ।
ਗੁਰਮੁਖਿ ਦਰਗਹ ਸੁਰਖਰੂ ਮਨਮੁਖਿ ਜਮ ਪੁਰਿ ਡੰਡੁ ਸਹੰਦੇ।
ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ।
ਬੰਦੀ ਅੰਦਰਿ ਵਿਰਲੇ ਬੰਦੇ ॥15॥

---

*ਸੁਹੇਲੜਾ: ਚੰਗਾ। ਬਾਰਹ ਵਾਟ: ਜੋਗੀਆਂ ਦੇ ਬਾਰਾਂ ਰਾਹ ਜਿਵੇਂ ਚਾਰ ਵਰਣ, ਚਾਰ*

*ਆਸ਼ਰਮ ਅਤੇ ਚਾਰ ਇਸਲਾਮੀ ਫਿਰਕੇ ਆਦਿ ਜਾਂ ਮਤ ਮਤਾਂਤਰ। ਸਿਰਖਰੂ: ਬੇਪਰਵਾਹ, ਆਜ਼ਾਦ।*

ਗੁਰਮੁਖਾਂ ਦਾ ਮੁਖ ਉਦੇਸ਼ ਸ਼ਬਦ ਸੁਰਤ ਨਾਲ ਜੁੜਨਾ ਹੁੰਦਾ ਹੈ ਅਤੇ ਉਹ ਜੋਗੀਆਂ ਵਾਲੇ ਬਾਰਾਂ ਰਸਤਿਆਂ ਵੱਲ ਚਲਣ ਬਾਰੇ ਸੋਚਦੇ ਵੀ ਨਹੀਂ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਹੈ ਕਿ ਉਹ ਰਸਤੇ ਪ੍ਰਮਾਤਮਾ ਵੱਲ ਨਹੀਂ ਜਾਂਦੇ ਅਤੇ ਮਨਮੁਖ ਬਹੁ ਰਸਤਿਆਂ ਵਿਚ ਭਟਕਦੇ ਫਿਰਦੇ ਹਨ। ਗੁਰਮੁਖ ਲੁਕਾਈ ਨੂੰ ਭਵਜਲ ਤੋਂ ਪਾਰ ਲੰਘਾਉਂਦਾ ਹੈ ਅਤੇ ਮਨਮੁਖ ਮਨੁਖਭਵਜਲ ਵਿਚ ਆਪ ਡੁੱਬਦਾ ਹੈ ਅਤੇ ਹੋਰਾਂ ਨੂੰਵੀ ਡੋਬ ਦਿੰਦਾ ਹੈ। ਗੁਰਮੁਖਾਂ ਨੂੰ ਜੀਵਨ ਮੁਕਤੀ ਮਿਲਦੀ ਹੈ ਅਤੇ ਮਨਮੁਖ ਜੰਮਦੇ ਮਰਦੇ ਰਹਿੰਦੇ ਹਨ। ਗੁਰਮੁਖ ਸਦਾ ਸੁਖ ਨਾਲ ਵਸਦੇ ਹਨ ਅਤੇ ਮਨਮੁਖ ਆਪਣੇ ਮੰਦੇ ਕਰਮਾਂ ਕਾਰਨ ਸਦਾ ਦੁਖ ਭੋਗਦਾ ਹੈ। ਗੁਰਮੁਖ ਦਰਗਾਹ ਵਿਚ ਸੁਰਖੁਰੂ ਅਤੇ ਸਤਿਕਾਰੇ ਜਾਂਦੇ ਹਨ ਅਤੇ ਮਨਮੁਖ ਨਰਕ ਭੋਗਦੇ ਹਨ। ਅਜਿਹਾ ਇਸ ਕਰਕੇ ਹੈ ਕਿਉਂਕਿ ਗੁਰਮੁਖਾਂ ਨੇ ਆਪਾ ਗਵਾ ਲਿਆ ਹੁੰਦਾ ਹੈ ਇਸ ਕਾਰਨ ਸੁਖੀ ਰਹਿੰਦੇ ਹਨ ਅਤੇ ਮਨਮੁਖਾਂ ਨੇ ਆਪਾ ਗੁਆਇਆਂ ਨਹੀਂ ਹੁੰਦਾ ਇਸ ਕਰਕੇ ਉਨ੍ਹਾਂ ਦੇ ਮਨਾਂ ਵਿਚ ਹੰਕਾਰ ਹੋਣ ਕਰਕੇ ਉਹ ਹਉਮੇ ਦੀ ਅੱਗ ਵਿਚ ਸੜਦੇ ਰਹਿਣ ਕਰਕੇ ਦੁਖ ਭੋਗਦੇ ਹਨ।

----

## ਵਾਰ 5

*ਪਉੜੀ 16 (ਸੁਹਾਗਣ ਦੇ ਰੂਪ ਵਿਚ ਗੁਰਸਿਖ)*

ਪੇਵਕੜੈ ਘਰਿ ਲਾਡੁਲੀ ਮਾਉ ਪੀਊ ਖਰੀ ਪਿਆਰੀ।
ਵਿਚਿ ਭਿਰਾਵਾਂ ਭੈਨੜੀ ਨਾਨਕ ਦਾਦਕ ਸਪਰਵਾਰੀ।
ਲਖਾਂ ਖਰਚ ਵਿਆਹੀਐ ਗਹਣੇ ਦਾਜੁ ਸਾਜੁ ਅਤਿ ਭਾਰੀ।
ਸਾਹੁਰੜੈ ਘਰਿ ਮੰਨੀਐ ਸਣਖਤੀ ਪਰਵਾਰ ਸਧਾਰੀ।
ਸੁਖ ਮਾਣੈ ਪਿਰੁ ਸੇਜੜੀ ਛਤੀਹ ਭੋਜਨ ਸਦਾ ਸੀਗਾਰੀ।
ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ।
ਗੁਰਮੁਖਿ ਸੁਖ ਫਲ ਨਿਹਚਉ ਨਾਰੀ ॥16॥

---

*ਲਾਡਲੀ ਮਾਉ: ਮਾਂ ਨੂੰ ਪਿਆਰੀ। ਭੈਨੜੀ: ਭੈਣ। ਸਣਖਤੀ: ਸੁਹਾਗਣ। ਨਿਹਚਉ ਨਾਰੀ: ਪਤੀ ਵਰਤਾ ਔਰਤ। ਸਪਰਵਾਰੀ: ਗਿਆਨਵਾਨ, ਸੁੱਘੜ, ਮਨ ਨੂੰ ਭਉਣ ਵਾਲੀ। ਪਿਰੁ: ਪਤੀ। ਅਰਧ ਸਰੀਰੀ: ਅਰਧੰਗੀ।*

ਪੇਕੇ ਘਰ ਵਿਚ ਔਰਤ ਆਪਣੀ ਮਾਂ ਨੂੰ ਲਾਡਲੀ ਅਤੇ ਪਿਉ ਨੂੰ ਜਾਨੋ ਪਿਆਰੀ ਧੀ ਹੁੰਦੀ ਹੈ। ਭਾਵ ਕਿ ਗੁਰਮੁਖ ਰੂਪ ਸੁਹਾਗਣ ਇਸਤ੍ਰੀ ਦੁਨੀਆਂ ਵਿਚ ਵੀ ਸੁਖ ਹੀ ਹੰਢਾਉਂਦੀ

ਹੈ। ਗਿਆਨਵਾਨ (ਸਪਰਵਾਰੀ) ਗੁਰਮੁਖ ਔਰਤ ਆਪਣੇ ਭੈਣਾਂ ਭਰਾਵਾਂ ਕੋਲੋਂ ਸਤਿਕਾਰ ਲੈਂਦੀ ਹੈ ਅਤੇ ਨਾਨਕਿਆਂ ਦਾਦਕਿਆਂ ਵਲੋਂ ਭਾਵ ਸ਼ਰਧਾ ਅਤੇ ਸ਼ਬਦ ਅਭਿਆਸ ਕਰਦੀ ਹੋਣ ਕਰਕੇ ਪਿਆਰੀ ਜਾਂਦੀ ਹੈ। ਲੱਖਾ ਰੁਪਈਏ ਖਰਚ ਕੇ ਦਾਜ ਦਹੇਜ ਬਣਾ ਕੇ ਵਿਆਹ ਕੇ ਘਰੋਂ ਵਿਦਾ ਕੀਤੀ ਜਾਂਦੀ ਹੈ ਅਤੇ ਸੱਸ ਸੁਹਰਾ ਅਤੇ ਸੁਹਰਿਆਂ ਦੇ ਹੋਰ ਮੈਂਬਰ ਉਸਨੂੰ ਬਹੁਤ ਪਿਆਰ ਕਰਦੇ ਹਨ। ਭਾਵ ਗੁਰਮੁਖ ਔਰਤ ਸਾਧ ਸੰਗਤ ਵਿਚ ਵੀ ਮਾਣ ਪਉਂਦੀ ਹੈ ਕਿਉਂਕਿ ਉਸ ਕੋਲ ਸ਼ਬਦ ਸੁਰਤ ਦੀ ਪੂੰਜੀ ਹੁੰਦੀ ਹੈ ਅਤੇ ਪ੍ਰਲੋਕ ਵਿਚ ਜਾਕੇ ਵੀ ਇਸੇ ਪੂੰਜੀ ਦੇ ਸਹਾਰੇ ਸਤਿਕਾਰੀ ਜਾਂਦੀ ਹੈ। ਸੁਹਰੇ ਘਰ ਜਾ ਕੇ ਸਾਰੇ ਪਰਿਵਾਰ ਨੂੰ ਆਪਣੇ ਗਿਆਨ ਨਾਲ ਸੁਧਾਰਦੀ ਹੈ ਅਤੇ ਸਹੁਰੇ ਘਰ ਵਿਚ ਸ਼ੋਭਾ ਪਉਦੀ ਹੈ। ਆਪਣੇ ਪਤੀ ਦੀ ਸੇਜ ਦਾ ਸੁਖ ਮਾਣਦੀ ਹੈ। ਛੱਤੀ ਪਰਕਾਰ ਦੇ ਸੁਆਦਲੇ ਭੋਜਨ ਖਾਂਦੀ ਅਤੇ ਗਹਿਣਿਆਂ ਨਾਲ ਸਜੀ ਹੋਈ ਰਹਿੰਦੀ ਹੈ। ਆਮ ਗੁਣ ਵੀਚਾਰ ਅਨੁਸਾਰ ਅਤੇ ਵੇਦਾਂ ਦੇ ਗਿਆਨ ਅਨੁਸਾਰ ਅਰਧ-ਸਰੀਰੀ ਭਾਵ ਅਧਰੰਗੀ ਹੀ ਮੁਕਤੀ ਦਾ ਦੁਆਰਾ ਹੈ। ਮਨਮੁਖ ਲੋਕਾਂ ਅਤੇ ਵੇਦਾਂ ਅਨੁੋਸਾਰ ਕਿ ਇਸਤ੍ਰੀ ਅਰਧ-ਸਰ।ਰੀ ਹੈ ਭਾਵ ਉਸ ਕੋਲ ਪੂਰੇ ਹੱਕ ਨਹੀਂ ਹਨ। ਗੁਰਮੁਖ ਔਰਤ ਪਤੀਵਰਤਾ ਔਰਤ ਹੈ ਭਾਵ ਸ਼ਬਦ ਸੁਰਤ ਨਾਲ ਪ੍ਰਣਾਈ ਹੋਈ ਹੈ ਅਤੇ ਤਦ ਹੀ ਉਹ ਆਪਣੇ ਪਤੀ ਪ੍ਰਮਾਤਮਾ ਦੀਆਂ ਮਿਹਰਾਂ ਦਾ ਨਿੱਘ ਮਾਣਦੀ ਹੈ।

----

## ਵਾਰ 5

*ਪਉੜੀ 17 (ਵੇਸ਼ਵਾ ਦੇ ਰੂਪ ਵਿਚ ਮਨਮੁਖ)*

ਜਿਉ ਬਹੁ ਮਿਤੀ ਵੇਸੁਆ ਸਭਿ ਕੁਲਖਣ ਪਾਪ ਕਮਾਵੈ।
ਲੋਕਹੁ ਦੇਸਹ ਬਾਹਰੀ ਤਿਹੁ ਪਖਾਂ ਨੋ ਅਉਲੰਗੁ ਲਾਵੈ।
ਡੁਬੀ ਡੋਬੈ ਹੋਰਨਾ ਮਹੁਰਾ ਮਿਠਾ ਹੋਇ ਪਚਾਵੈ।
ਘੰਡਾ ਹੇੜਾ ਮਿਰਗ ਜਿਉ ਦੀਪਕ ਹੋਇ ਪਤੰਗ ਜਲਾਵੈ।
ਦੁਹੀ ਸਰਾਈ ਜਰਦਾਰੂ ਪਥਰ ਬੇੜੀ ਪੂਰ ਡੁਬਾਵੈ।
ਮਨਮੁਖ ਮਨੁ ਅਠ ਖੰਡ ਹੋਇ ਦੁਸਟਾ ਸੰਗਤਿ ਭਰਮਿ ਭੁਲਾਵੈ।
ਵੇਸੁਆ ਪੁਤੁ ਨਿਨਾਉ ਸਦਾਵੈ ॥17॥

---

*ਬਹੁ ਮਿਤੀ: ਬਹੁਤ ਮਿੱਤਰਾਂ ਵਾਲੀ। ਕਾਲੰਕ: ਕਾਲਖ। ਵੇਸੁਆ: ਹੱਥ ਲਿਖਤ ਨੰਬਰ 7398 ਮੁਤਾਬਕ ਏਥੇ 'ਵੇਸਿਆ' ਲਿਖਿਆ ਹੈ। ਅਉਲੰਗ: ਕਲੰਕ, ਦਾਗ। ਜਰਦਾਰੂ: ਕਾਲਾ ਮੂੰਹ। ਅਠ ਖੰਡ: ਅੱਠ ਟੁਕੜੇ ਭਾਵ ਅੱਠ ਨਿਕਰਮ ਧਾਰਦਾ ਕਹਿੰਦਾ ਹੈ ਜਿਵੇਂ ਤੋਤੇ ਵਰਗਾ ਨੱਕ, ਕਮਲ ਵਰਗੀਆਂ ਅੱਖਾਂ, ਚੰਦਰਮਾ ਵਰਗਾ ਮੁਖ, ਬਿਬ ਫਲ ਵਰਗੀ ਠੋਡੀ, ਸ੍ਰੀ ਫਲ ਵਰਗੀ ਕੱਛ, ਅਨਾਰ ਵਰਗੇ ਦੰਦ, ਸ਼ੇਸ਼ ਨਾਗ ਵਰਗੀ ਗੁੱਤ ਅਤੇ ਭਉਰੇ ਵਰਗੀਆਂ ਭੌਹਾਂ ਆਦਿ ਕਹਿਕੇ ਹੰਕਾਰ ਕਰਦਾ ਹੈ। ਨਿਨਾਉ: ਬਿਨ-ਨਾਵਾਂ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਬਹੁਤ ਯਾਰ ਹੰਢਾਉਣ ਵਾਲੀ ਵੇਸਵਾ

ਔਰਤ ਖੋਟੇ ਲੱਛਣਾਂ ਵਾਲੀ ਹੁੰਦੀ ਹੈ ਅਤੇ ਪਾਪ ਕਰਦੀ ਹੈ ਅਤੇ ਸਮਾਜਕ ਦੇ ਰੀਤੀ ਰਿਵਾਜਾਂ ਵਿਚੋਂ ਬਾਹਰ ਹੋ ਜਾਂਦੀ ਹੈ। ਅਜਿਹੀ ਔਰਤ ਤਿੰਨਾਂ ਨੂੰ ਭਾਵ ਨਾਨਕੇ ਦਾਦਕੇ ਅਤੇ ਸੁਹਰੇ ਘਰ ਨੂੰ ਕਲੰਕ ਲਾਉਦੀ ਹੈ। ਮਹੁਰਾ ਭਾਵ ਵਿਸ਼ੈ ਵਿਹੁ ਨੂੰ ਨਿਗਲਦੀ ਹੋਈ ਆਪਣਾ ਦਿਲ ਪਰਚਾਵਾਂ ਕਰਦੀ ਹੈ ਆਦਿ। ਆਪ ਤਾਂ ਭਵਜਲ ਵਿਚ ਡੁੱਬਦੀ ਹੈ ਅਤੇ ਹੋਰਨਾਂ ਨੂੰ ਵੀ ਨਾਲ ਡੋਬ ਲੈਂਦੀ ਹੈ। ਜਿਵੇਂ ਮ੍ਰਿਗ ਆਪਣੇ ਵਿਚ ਸਮਾਈ ਕਸਤੂਰੀ ਨਾਲ ਭਰਮਦਾ ਹੈ ਅਤੇ ਜਿਵੇਂ ਦੀਵੇ ਦੀ ਲੋਅ ਪਤੰਗਿਆਂ ਨੂੰ ਆਪਣੇ ਵੱਲ ਖਿਚਦੀ ਹੈ ਇਸ ਤਰ੍ਹਾਂ ਉਹ ਲੋਕਾਂ ਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਉਂਦੀ ਹੈ। ਅਜਿਹੀ ਔਰਤ ਦਾ ਲੋਕ ਪਰਲੋਕ ਵਿਚ ਮੂੰਹ ਕਾਲਾ ਹੁੰਦਾ ਹੈ ਅਤੇ ਆਪਣੀ ਬੇੜੀ ਵਿਚ ਪੱਥਰ ਲੱਦ ਕੇ ਭਾਵ ਮਾੜੇ ਕਾਰਜ ਕਰਕੇ ਜਦ ਪਾਣੀ ਪਾਰ ਕਰਦੀ ਹੈ ਤਾਂ ਡੁੱਬ ਜਾਂਦੀ ਹੈ। ਮਨੁਖ ਦਾ ਮਨ ਅੱਠ ਟੁਕੜੇ ਹੋ ਕੇ ਮਨਮੁਖਾਂ ਦੀ ਸੰਗਤ ਕਰਕੇ ਭਰਮਾਂ ਭੁਲੇਖਿਆਂ ਵਿਚ ਭਰਮ ਜਾਂਦਾ ਹੈ। ਸਰੀਰ ਦੇ ਅਠ ਖੰਡਹਨ ਜਿਵੇਂ: ਨੱਕ, ਅੱਖ, ਮੁਖ, ਠੋਡੀ, ਕੁਚ, ਦੰਦ, ਗੁਤ ਅਤੇ ਭੌਹਾਂ ਆਦਿ। ਅੱਠ ਟੁਕੜੇ ਭਾਵ ਅੱਠ ਨਿਕਰਮ ਧਾਰਦਾ ਕਹਿੰਦਾ ਹੈ ਜਿਵੇਂ ਤੋਤੇ ਵਰਗਾ ਨੱਕ, ਕਮਲ ਵਰਗੀਆਂ ਅੱਖਾ, ਚੰਦਰਮਾ ਵਰਗਾ ਮੁਖ, ਬਿਬ ਫਲ ਵਰਗੀ ਠੋਡੀ, ਸ੍ਰੀ ਫਲ ਵਰਗੀ ਕੱਛ, ਅਨਾਰ ਵਰਗੇ ਦੰਦ, ਸ਼ੇਸ਼ ਨਾਗ ਵਰਗੀ ਗੁੱਤ ਅਤੇ ਭਉਰੇ ਵਰਗੀਆਂ ਭੌਹਾਂ ਆਦਿ ਕਹਿਕੇ ਹੰਕਾਰ ਕਰਦਾ ਹੈ। ਵੇਸਵਾ ਦਾ ਪੁੱਤਰ ਆਪਣੇ ਪਿਉ ਦੇ ਨਾਮ ਨੂੰ ਨਹੀਂ ਜਾਣਦਾ ਹੁੰਦਾ।

----

## ਵਾਰ 5

*ਪਉੜੀ 18 (ਬਾਲਕ, ਜਵਾਨ, ਬਿਰਧ ਅਵਸਥਾ)*

ਸੁਧਿ ਨ ਹੋਵੈ ਬਾਲ ਬੁਧਿ ਬਾਲਕ ਲੀਲਾ ਵਿਚਿ ਵਿਹਾਵੈ।
ਭਰ ਜੋਬਨਿ ਭਰਮਾਈਐ ਪਰ ਤਨ ਧਨ ਪਰ ਨਿੰਦ ਲੁਭਾਵੈ।
ਬਿਰਧਿ ਹੋਆ ਜੰਜਾਲ ਵਿਚਿ ਮਹਾ ਜਾਲੁ ਪਰਵਾਰੁ ਫਹਾਵੈ।
ਬਲ ਹੀਣਾ ਮਤਿ ਹੀਣੁ ਹੋਇ ਨਾਉ ਬਹਤਰਿਆ ਬਰੜਾਵੈ।
ਅੰਨ੍ਹਾ ਬੋਲਾ ਪਿੰਗਲਾ ਤਨੁ ਥਕਾ ਮਨੁ ਦਹ ਦਿਸੁ ਧਾਵੈ।
ਸਾਧਸੰਗਤਿ ਗੁਰ ਸਬਦ ਵਿਣੁ ਲਖ ਚਉਰਸਿਹ ਜੂਨਿ ਭਵਾਵੈ।
ਅਉਸਰੁ ਚੁਕਾ ਹਥਿ ਨ ਆਵੈ ॥18॥

---

*ਸੁਧਿ: ਗਿਆਨ, ਸੁਰਤੀ। ਬਰੜਾਵੈ:ਨੀਂਦ ਵਿਚ ਬੋਲਣਾ। ਅਉਸਰੁ: ਵੇਲਾ, ਮੌਕਾ, ਏਥੇ ਮਨੁਖੀ ਦੇਹ।*

ਬਚਪਨ ਵਿਚ ਭਾਵ ਬਾਲਕੇ ਦੇ ਦਿਨਾਂ ਵਿਚ ਏਨੀ ਸਮਝ ਨਹੀਂ ਹੁੰਦੀ। ਬੱਚੇ ਸਾਰੀ ਦਿਹਾੜੀ ਖੇਡ-ਮੱਲ੍ਹ ਕੇ ਗੁਜਾਰਦੇ ਹਨ। ਨਾ ਕੋਈ ਫਿਕਰ ਨਾ ਕੋਈ ਫਾਕਾ ਮਹਿਸੂਸ ਕਰਦੇ ਹਨ। ਜਦ ਭਰ ਜੁਆਨੀ ਆ ਜਾਂਦੀ ਹੈ ਤਦ ਮਨੁਖ ਦਾ ਮਨ ਚੰਗੇ ਮਾੜੇ (ਭਰਮਾਈਐ) ਬਾਰੇ

ਸੋਚਣ ਲਗਦਾ ਹੈ ਅਤੇ ਪਰਾਏ ਸਰੀਰ, ਪਰਾਏ ਧਨ ਅਤੇ ਪਰਾਏ ਹੱਥਾਂ ਵੱਲ ਵੇਖਣਾ ਆਰੰਭ ਦਿੰਦਾ ਹੈ। ਹੌਲੀ ਹੌਲੀ ਬਿਰਧ ਹੋ ਕੇ ਪਰਿਵਾਰ ਦੇ ਜੰਜਾਲਾਂ ਵਿਚ ਫਸ ਜਾਂਦਾ ਹੈ। ਜੰਜਾਲਾਂ ਵਿਚ ਏਨਾ ਫਸ ਜਾਂਦਾ ਹੈ ਕਿ ਮਨੁਖ ਨੂੰ ਕੁਝ ਨਹੀਂ ਸੁਝਦਾ ਕਿ ਉਹ ਕੀ ਕਰੇ ਅਤੇ ਕੀ ਨਾ ਕਰੇ ਭਾਵ ਉਹ ਆਪਣੀ ਔਲਾਦ ਕੋਲੋਂ ਹਾਰ ਕੇ ਕਮਲਾ ਅਤੇ ਕਮਜ਼ੋਰ ਹੋ ਜਾਂਦਾ ਹੈ ਅਤੇ ਰਾਤਾਂ ਨੂੰ ਬਰੜਾ ਬਰੜਾ ਕੇ ਉੱਠਦਾ ਹੈ। ਲੋਕ ਮਨੁਖ ਨੂੰ ਸੱਤਰਿਆ ਬਹੱਤਰਿਆ ਕਹਿਕੇ ਛੇੜਨ ਲਗਦੇ ਹਨ। ਅੱਖੋਂ ਅੰਨ੍ਹਾ ਭਾਵ ਸ਼ਬਦ ਪੜ੍ਹ ਨਹੀਂ ਸਕਦਾ, ਕੰਨੋ ਬੋਲਾਭਾਵ ਸਤਿਗੁਰ ਦੀ ਉਸਤਤ ਸੁਣ ਨਹੀਂ ਸਕਦਾ, ਪੈਰੋਂ ਪਿੰਗਲਾਭਾਵ ਉਹ ਪੈਦਲ ਤੁਰ ਕੇ ਸਤਿਸੰਗ ਵਿਚ ਪਹੁੰਚ ਨਹੀਂ ਸਕਦਾ ਅਤੇ ਸਰੀਰ ਤੁਰਨ ਫਿਰਨ ਤੋਂ ਵੀ ਰਹਿ ਜਾਂਦਾ ਹੈ ਪਰ ਉਸਦਾ ਲਾਲਚੀ ਮਨ ਦਸਾਂ ਦਿਸ਼ਾਵਾਂ ਵੱਲ ਨੂੰ ਦੌੜਦਾ ਰਹਿੰਦਾ ਹੈ ਪਰ ਇਸ ਸਮੇਂ ਪੁਜ ਕੇ ਉਸ ਕੋਲ ਏਨਾ ਸਮਾਂ ਨਹੀ ਬਚਦਾ ਅਤੇ ਨਾ ਹੀ ਉਸ ਕੋਲ ਏਨੀ ਬੁੱਧੀ ਹੁੰਦੀ ਹੈ ਕਿ ਉਹ ਆਪਣੇ ਮਨ ਨੂੰ ਕਾਬੂ ਵਿਚ ਕਰ ਸਕੇ। ਸਾਧ ਸੰਗਤ ਅਤੇ ਗੁਰ ਸ਼ਬਦ ਦੀ ਸੋਝੀ ਬਿਨ੍ਹਾਂ ਉਹ ਚੁਰਾਸੀ ਲੱਖ ਜੂਨਾਂ ਦੇ ਗੇੜ ਵਿਚ ਪੈ ਜਾਂਦਾ ਹੈ। ਇਸ ਕਰਕੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਮਨੁਖ ਨੂੰ ਆਪਣਾ ਸਮਾਂ ਸਦਾ ਸਾਂਭਣਾ ਚਾਹੀਦਾ ਹੈ ਜਦ ਸਮਾਂ ਲੰਘ ਜਾਂਦਾ ਹੈ ਫਿਰ ਕਦੇ ਉਹ ਵਾਪਸ ਨਹੀਂ ਪਰਤਦਾ।

----

## ਵਾਰ 5

*ਪਉੜੀ 19 (ਹੰਸ, ਬਗੁਲਾ, ਗੁਰਮੁਖ, ਮਨਮੁਖ)*

ਹੰਸੁ ਨ ਛੱਡੈ ਮਾਨਸਰ ਬਗੁਲਾਬਹੁ ਛਪੜ ਫਿਰਿ ਆਵੈ।
ਕੋਇਲ ਬੋਲੈ ਅੰਬ ਵਣਿ ਵਣਿ ਵਣਿ ਕਾਉ ਕੁਥਾਉ ਸੁਖਾਵੈ।
ਵਗ ਨ ਹੋਵਨਿ ਕੁਤੀਆ ਗਾਈਂ ਗੋਰਸੁ ਵੰਸੁ ਵਧਾਵੈ।
ਸਫਲ ਬਿਰਖ ਨਿਹਚਲ ਮਤੀ ਨਿਹਫਲ ਮਾਣਸ ਦਹ ਦਿਸਿ ਧਾਵੈ।
ਅਗਿ ਤਤੀ ਜਲੁ ਸੀਅਲਾ ਸਿਰੁ ਉਚਾ ਨੀਵਾਂ ਦਿਖਲਾਵੈ।
ਗੁਰਮੁਖਿ ਆਪੁ ਗਵਾਇਆ ਮਨਮੁਖੁ ਮੂਰਖਿ ਆਪੁ ਗਣਾਵੈ।
ਦੂਜਾ ਭਾਉ ਕੁਦਾਉ ਹਰਾਵੈ ॥19॥

---

*ਵਣਿ: ਬ੍ਰਿਛ। ਪਚੰਦੇ: ਮਰਦੇ। ਭੰਬਲਭੂਸੇ: ਭਟਕਣਾ, ਅਵਾਰਾ ਫਿਰਨਾ। ਮਾਨਸਰ: ਮਾਨਸਰੋਵਰ ਝੀਲ। ਗੋਰਸ: ਦੁੱਧ। ਮਤੀ: ਚੰਗੀ ਮਤ ਵਾਲਾ। ਸੀਅਲਾ: ਸੀਤਲ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਹੰਸ ਮਾਨਸਰੋਵਰ ਝੀਲ ਨੂੰ ਨਹੀਂ ਛੱਡਦਾ। ਮਾਨਸਰੋਵਰ ਝੀਲ ਸੁਮੇਰ ਪਰਬਤ ਉਪਰ ਹੈ ਜਿਥੇ ਕਦੇ ਸ਼ਿਵ ਜੀ ਮਹਾਰਾਜ ਜੀ ਰਹਿੰਦੇ ਸਨ ਅਤੇ ਪਾਰਵਤੀ ਇਸੇ ਮਾਨਸਰੋਵਰ ਝੀਲ ਵਿਚ ਹੀ ਨੁਹਾਇਆ ਕਰਦੀ ਸੀ। ਮਾਨਸਰੋਵਰ ਝੀਲ ਉਤਰ ਵਿਚ ਚੀਨ ਦੇ ਬਾਰਡਰ ਉਤੇ ਭਾਰਤ ਵਾਲੇ ਪਾਸੇ ਹੈ। ਬਗਲਾ ਕਈ ਛੱਪੜਾ

ਵਿਚ ਨੁਹਾ ਧੁਆ ਕੇ ਮੁੜ ਛੱਪੜ ਵਿਚ ਹੀ ਆ ਵੜਦਾ ਹੈ। ਸਤਰਾਂ ਦਾ ਭਾਵ ਅਰਥ ਇਹ ਹੈ ਕਿ ਜਿਵੇਂ ਸਤਿਸੰਗੀ ਕਦੇ ਸਾਧ ਸੰਗਤ ਨਹੀਂ ਛੱਡਦਾ ਅਤੇ ਦੰਭੀ ਲੋਕ ਜਾਂ ਮਨਮੁਖ ਮਨੁਖ ਕਈ ਕੁਸੰਗਤਾਂ ਵਿਚ ਭਟਕਦੇ ਹਨ। ਕੋਇਲ ਸਿਰਫ ਅੰਬਾਂ ਦੇ ਦਰੱਖਤਾਂ ਉਪਰ ਆਪਣੇ ਮਿੱਠੇ ਬੋਲ ਬੋਲਦੀ ਹੈ ਅਤੇ ਕਾਵਾਂ ਨੂੰ ਵਣ ਵਣ ਦੇ ਉਜਾੜ ਹੀ ਭੱਵਦੇ ਹਨ। ਕੁੱਤੀਆਂ ਦੇ ਵੱਗ ਨਹੀਂ ਹੁੰਦੇ ਅਤੇ ਗਊਆਂ ਹੀ ਘਿਉ ਅਤੇ ਵੰਸ ਨੂੰ ਵਧਾਉਦੀਆਂ ਹਨ। ਏਥੇ ਕਿਸੇ ਗੁਰਮੁਖ ਵਲੋਂ ਕੀਤੇ ਗਏ ਪਰਉਪਕਾਰ ਵੱਲ ਇਸ਼ਾਰਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਉਨ੍ਹਾਂ ਇਕ ਥਾਂ ਖੜੇ ਦਰੱਖਤਾਂ ਨੂੰ ਹੀ ਫਲ ਲੱਗਦੇ ਹਨ ਅਤੇ ਜਿਹੜੇ ਮਾਣਸ ਦਸਾਂ ਦਿਸ਼ਾਂਵਾ ਵੱਲ ਦੌੜਦੇ ਹਨ ਉਹ ਮਨਮੁਖ ਨਿਹਫਲ ਹੁੰਦੇ ਹਨ। ਅੱਗ ਗਰਮ ਹੁੰਦੀ ਹੈ ਭਾਵ ਉਸਦੀ ਲਾਟ ਉੱਚੀ ਜਾਂਦੀ ਹੈ ਅਤੇ ਪਾਣੀ ਠੰਢਾ ਹੁੰਦਾ ਹੈ ਅਤੇ ਉਹ ਨੀਵਾਣਾਂ ਵੱਲ ਵਗਦਾ ਹੈ। ਗੁਰਮੁਖ ਆਚਰਣ ਵਿਚ ਪੱਕਾ ਇਸ ਕਰਕੇ ਹੈ ਕਿ ਉਸ ਨੇ ਆਪਾ ਗੁਆਇਆ ਹੈ ਅਤੇ ਮਨਮੁਖ ਮੂਰਖ ਇਸ ਕਰਕੇ ਹੈ ਕਿਉਂਕਿ ਉਹ ਆਪਣੇ ਆਪ ਨੂੰ ਸਦਾ ਜਤਾਉਂਦਾ ਰਹਿੰਦਾ ਹੈ। ਦੂਈਂ ਦਵੈਤ ਮਾੜੀ ਹੈ ਅਤੇ ਇਸ ਨਾਲ ਮਨੁਖ ਨੂੰ ਹਾਰ ਹੀ ਮਿਲਦੀ ਹੈ।

----

## ਵਾਰ 5

*ਪਉੜੀ 20 (ਪੰਜ ਜੰਤੂਆਂ ਦੁਆਰਾ ਮਨਮੁਖ)*

ਗਜ ਮ੍ਰਿਗ ਮੀਨ ਪਤੰਗ ਅਲਿ ਇਕਤੁ ਇਕਤੁ ਰੋਗਿ ਪਚੰਦੇ।
ਮਾਣਸ ਦੇਹੀ ਪੰਜਿ ਰੋਗ ਪੰਜੇ ਦੂਤ ਕੁਸੂਤੁ ਕਰੰਦੇ।
ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ।
ਮਨਮੁਖ ਦੂਜੈ ਭਾਇ ਲਗਿ ਭੰਭਲਭੂਸੇ ਖਾਇ ਭਵੰਦੇ।
ਸਤਿਗੁਰ ਸਚਾ ਪਾਤਸਾਹ ਗੁਰਮੁਖਿ ਗਾਡੀ ਰਾਹੁ ਚਲੰਦੇ।
ਸਾਧ ਸੰਗਤਿ ਮਿਲਿ ਚਲਣਾ ਭਜਿ ਗਏ ਠਗ ਚੋਰ ਡਰੰਦੇ।
ਲੈ ਲਾਹਾ ਨਿਜਿ ਘਰਿ ਨਿਬਹੰਦੇ ॥20॥

---

*ਗਜ: ਹਾਥੀ। ਮ੍ਰਿਗ: ਹਰਨ। ਮੀਨ: ਮੱਛੀ। ਅਲਿ: ਭੌਰਾ। ਕੁਸੂਤ: ਉਪੱਦਰ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਹਾਥੀ, ਮ੍ਰਿਗ, ਮੱਛੀ, ਭੰਬਟ ਅਤੇ ਭੌਰਾ ਸਾਰੇ ਇਕ ਨਾ ਇਕ ਰੋਗ ਨਾਲ ਮਰਦੇ ਹਨ। ਜਿਵੇਂ: ਹਾਥੀ ਨੂੰ ਸਪੱਰਸ਼ ਦਾ, ਮ੍ਰਿਗ ਨੂੰ ਸ਼ਬਦ ਦਾ, ਮੱਛੀ ਨੂੰ ਰਸ ਦਾ, ਭੰਬਟ ਨੂੰ ਰੂਪ ਦਾ ਅਤੇ ਭੌਰੇ ਨੂੰ ਸੁਗੰਧ ਦਾ ਰੋਗ ਲੱਗਿਆ ਹੋਇਆ ਹੈ। ਮਨੁੱਖ ਦੇਹੀ ਨੂੰ ਵੀ ਪੰਜ ਰੋਗ ਜਿਵੇਂ ਕਾਮ, ਕ੍ਰੋਧ ਲੋਭ ਮੁਹ ਅਤੇ ਹੰਕਾਰ ਵਗੈਰਾ ਲੱਗੇ ਹੋਏ ਹਨ ਅਤੇ ਇਹ ਪੰਜੇ ਦੂਤ ਮਨੁਖ ਨੂੰ ਨਚਾ ਰਹੇ ਹਨ। ਇਹ ਤਾਂ ਮਨੁਖ ਨੂੰ ਆਸਾ ਅਤੇ ਮਨਸਾ ਡੈਣਾਂ ਅਤੇ ਹਰਖ ਅਤੇ ਸੋਗ ਕੁਪੱਥ ਆਦਿ ਰੋਗਾਂ ਨੂੰ ਹੋਰ ਵਧਾਉਣ ਵਾਲੇ ਚਿੰਬੜੇ ਹੋਏ ਹਨ। ਮਨਮੁਖ ਮਨੁਖ ਆਪਣੀ ਮਨਮਤ ਵਿਚ ਘਿਰਿਆ ਮਾਇਆ ਰਸ ਵਿਚ ਫਸਿਆ ਮਰਦਾ ਜਾ

ਰਿਹਾ ਹੈ। ਸਤਿਗੁਰ ਸੱਚਾ ਪਾਤਸ਼ਾਹ ਹੈ ਜਿਸ ਦੇ ਦਿਤੇ ਸ਼ਬਦ ਸੁਰਤ ਦੇ ਆਸਰੇ ਗੁਰਮੁਖ ਸਾਧ ਸੰਗਤ ਵਿਚ ਜਾ ਕੇ ਭਾਵ ਸੌਖਾ ਰਾਹ ਇਖਤਿਆਰ ਕਰਕੇ, ਆਪਾ ਤਿਆਗ ਕਰਕੇ ਆਪਣੇ ਪੰਜੇ ਰੋਗਾਂ ਤੋਂ ਮੁਕਤੀ ਪਾ ਲੈਂਦਾ ਹੈ। ਜਿਸਦੇ ਅਭਿਆਸ ਨਾਲ ਪੰਜੇ ਵਿਸ਼ੈ, ਹਰਖ ਸੋਗ ਇਹ ਚੋਰ ਠੱਗ ਡਰ ਦੇ ਮਾਰੇ ਗੁਰਮੁਖ ਕੋਲੋਂ ਦੂਰ ਰਹਿਣ ਲੱਗ ਪੈਂਦੇ ਹਨ। ਗੁਰਮੁਖ ਆਪਣੇ ਮਿਲੇ ਮਾਣਸ ਜਨਮ ਦਾ ਲਾਭ ਉਠਾ ਕੇ ਸਵੈ-ਸਰੂਪ ਨੂੰ ਸਮਝ ਕੇ ਸੁਖ ਵਿਚ ਰਹਿਣ ਲਗਦਾ ਹੈ।

----

## ਵਾਰ 5

*ਪਉੜੀ 21 (ਸਤਿਗੁਰ ਸੱਚਾ ਪਾਤਸ਼ਾਹ)*

ਬੇੜੀ ਚਾੜਿ ਲੰਘਾਇਦਾ ਬਾਹਲੇ ਪੂਰ ਮਾਣਸ ਮੋਹਾਣਾ।
ਆਗੂ ਇਕੁ ਨਿਬਾਹਿਦਾ ਲਸਕਰ ਸੰਗ ਸਾਹ ਸੁਲਤਾਣਾ।
ਫਿਰੈ ਮਹਲੈ ਪਾਹਰੂ ਹੋਇ ਨਿਚਿੰਦ ਸਵਨਿ ਪਰਧਾਣਾ।
ਲਾੜਾ ਇਕੁ ਵੀਵਾਹੀਐ ਬਾਹਲੇ ਜਾਵੀਂ ਕਰਿ ਮਿਹਮਾਣਾ।
ਪਾਤਿਸਾਹੁ ਇਕੁ ਮੁਲਕ ਵਿਚਿ ਹੋਰੁ ਪ੍ਰਜਾ ਹਿੰਦੂ ਮੁਸਲਮਾਣਾ।
ਸਤਿਗੁਰੁ ਸਚਾ ਪਾਤਿਸਾਹੁ ਸਾਧਸੰਗਤਿ ਗੁਰੁ ਸਬਦੁ ਨੀਸਾਣਾ।
ਸਤਿਗੁਰ ਪਰਣੈ ਤਿਨ ਕੁਰਬਾਣਾ ॥21॥5॥

---

*ਪੂਰ: ਸਾਥ। ਮੁਹਾਣਾ: ਮਲਾਹ। ਪਾਹਰੂ: ਚੌਕੀਦਾਰ।ਪਰਧਾਣਾ: ਸਰਪੰਚ, ਅਮੀਰ।ਨੀਸਾਣਾ: ਨਿਸ਼ਾਨ। ਨਬਾਹਿੰਦਾ: ਨਿਭਾਉਂਦਾ, ਪੁਜਾਂਵਦਾ।*

ਪੈਸੇ ਕਮਾਉਣ ਦੇ ਲਾਲਚ ਵਿਚ ਆ ਕੇ ਮੁਹਾਣਾ (ਬੇੜੀ ਚਲਾਉਣ ਵਾਲਾ) ਬਾਹਲੇ ਮਨੁਖਾਂ ਨੂੰ ਬੇੜੀ ਉਪਰ ਬੈਠਾਲ ਕੇ ਨਦੀਓਂ ਪਾਰ ਕਰਵਾਉਂਦਾ ਹੈ। ਭਾਵਇਹ ਕਿ ਇਕ ਸਤਿਗੁਰ ਲੱਖਾਂ ਹੀ ਲੋਕਾਂ ਨੂੰ ਸ਼ਬਦ ਸੁਰਤ ਦੇ ਬੇੜੇ ਉਪਰ ਚਾੜ੍ਹ ਕੇ ਭਵਜਲ ਪਾਰ ਕਰਵਾ ਦਿੰਦਾ ਹੈ। ਸੁਲਤਾਨ ਦੀ ਫੌਜ ਦਾ ਇਕੋ ਹੀ ਸਿਪਾਸਲਾਰ ਲਸ਼ਕਰਾਂ ਦੇ ਸੰਗ ਨੂੰ ਨਿਭਾ ਲੈਂਦਾ ਹੈ। ਇਕ ਪਹਿਰੇਦਾਰ ਸਾਰੇ ਪਿੰਡ ਦੇ ਅਮੀਰਾਂ ਨੂੰ ਸੁਖ ਦੀ ਨੀਂਦ ਬਖਸ਼ਦਾ ਹੈ ਕਿ ਉਹ ਸਾਰੇ ਪਿੰਡ ਵਿਚ ਫਿਰ ਫਿਰ ਕੇ ਪਹਿਰਾ ਦਿੰਦਾ ਸਾਰੀ ਰਾਤ ਜਾਗਦਾ ਰਹਿੰਦਾ ਹੈ। ਜਿਵੇਂ ਵਿਆਹ ਤਾਂ ਇਕ ਮਨੁਖ ਦਾ ਹੀ ਹੁੰਦਾ ਪਰ ਉਸ ਨਾਲ ਆਏ ਬਹੁਤ ਬਰਾਤੀ ਵੀ ਸਤਿਕਾਰੇ ਜਾਂਦੇ ਹਨ। ਜਿਵੇਂ ਕਿਸੇ ਮੁਲਕ ਦਾ ਬਾਦਸ਼ਾਹ ਤਾਂ ਇਕ ਹੀ ਹੁੰਦਾ ਹੈ ਪਰ ਉਸਦੇ ਰਾਜ ਵਿਚ ਬਹੁਤ ਹਿੰਦੂ ਮੁਸਲਮਾਨ ਲੋਕ ਰਹਿੰਦੇ ਹਨ। ਸਤਿਗੁਰ ਸੱਚਾ ਪਾਤਸ਼ਾਹ ਹੈ ਜਿਹੜਾ ਸਾਧ ਸੰਗਤ ਵਿਚ ਗੁਰੂਦੇ ਸ਼ਬਦ ਨੂੰ ਸਮਝਾਉਂਦਾ ਹੈ। ਗੁਰਮੁਖ ਲੋਕ ਸਤਿਗੁਰੂ ਦਾ ਓਟ ਆਸਰਾ ਪਾਉਂਦੇ ਹਨ ਅਤੇ ਗੁਰਮੁਖ ਆਪਣੇ ਸਤਿਗੁਰ ਉਤੋਂ ਕੁਰਬਾਨ ਜਾਂਦੇ ਹਨ।

----

## ਵਾਰ 6

*ਇਸ ਵਾਰ ਦੀਆਂ 20 ਪੌੜੀਆਂ ਹਨ।*

*ਸਤਿਗੁਰ ਪ੍ਰਸਾਦਿ ॥*

## ਵਾਰ 6

*ਪਉੜੀ 1 (ਮੰਗਲਾਚਰਣ ਵਸਤੂ ਨਿਰਦੇਸ਼)*

ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਥਾਟੁ ਬਣਾਇਆ।
ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ।
ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥੁ ਚਲਾਇਆ।
ਪੂਰੇ ਪੂਰਾ ਦਰਸਣੋ ਪੂਰੇ ਪੂਰਾ ਸਬਦੁ ਸੁਣਾਇਆ।
ਪੂਰੇ ਪੂਰਾ ਬੈਹਣਾ ਪੂਰੇ ਪੂਰਾ ਤਖਤੁ ਰਚਾਇਆ।
ਸਾਧਸੰਗਤਿ ਸਚੁ ਖੰਡੁ ਹੈ ਭਗਤਿ ਵਛਲੁ ਹੋਇ ਵਸਗਤਿ ਆਇਆ।
ਸਚੁਰੂਪ ਸਚੁ ਨਾਉ ਗੁਰ ਗਿਆਨੁ ਧਿਆਨੁ ਸਿਖਾ ਸਮਝਾਇਆ।
ਗੁਰ ਚੇਲੇ ਪਰਚਾ ਪਰਚਾਇਆ ॥1॥

---

*ਥਾਟੁ: ਠਾਠ, ਬਣਤ। ਪਿਰਮ:ਪ੍ਰੇਮ ਰਸ। ਦਰਸਣੋ:ਮਤ। ਬੈਹਣਾ ਆਸਣ। ਵਛਲੁ: ਵਾਤਸਲ ਪਿਆਰ। ਵਸਤਗਤਿ: ਵਸੀਕਾਰ। ਪਰਚਾ: ਪ੍ਰੇਮ। ਪਰਚਾਇਆ: ਲਗਾਇਆ।*

ਮੰਗਲਾਚਰਣ ਤਿੰਨ ਪ੍ਰਕਾਰ ਦੇ ਲਿਖੇ ਜਾਂਦੇ ਹਨ। ਜਿਵੇਂ ਇਸ ਵਾਰ ਵਿਚ 'ਵਸਤੂ ਨਿਰਦੇਸ਼' ਮੰਗਲਾਚਰਣ ਲਿਖਿਆ ਹੈ ਭਾਵ ਜਿਸ ਬਾਰੇ ਅੱਗੇ ਲਿਖਿਆ ਜਾਂਦਾ ਹੈ ਉਸਦੀ ਹੀ ਉਸਤਤ ਅਤੇ ਉਸ ਅਗੇ ਹੀ ਬੇਨਤੀ ਕੀਤੀ ਜਾਂਦੀ ਹੈ। ਜਿਵੇਂ ਇਸ ਪਉੜੀ ਵਿਚ ਪ੍ਰਮਾਤਮਾ ਦੇ ਕਾਰਜ ਲਿਖੇ ਪੜ੍ਹੇ ਜਾਂਦੇ ਹਨ। ਦੂਜੀ ਪ੍ਰਕਾਰ ਦਾ ਮੰਗਲਾਚਰਣ 'ਆਸ਼ੀਰਵਾਦਾਤਮਕ' ਮੰਗਲਾਚਰਣ ਜਿਵੇਂ ਉਸਦੀ ਸਿਫਤ ਅਤੇ ਉਸਨੂੰ ਬੇਨਤੀ ਕਰਨੀ ਹੁੰਦੀ ਹੈ ਕਿ ਜਿਸ ਕੋਲੋਂ ਤੁਹਾਨੂੰ ਆਪਣੇ ਕਲਿਆਨ ਦੀ ਆਸ ਹੋਵੇ। ਤੀਸਰੀ ਪ੍ਰਕਾਰ ਦਾ ਮੰਗਲਾਚਰਣ 'ਨਮਸਕਾਰਾਤਮਕ' ਹੁੰਦਾ ਹੈ। ਇਸ ਵਿਚ ਕਿਸੇ ਨੂੰ ਪ੍ਰਣਾਮ ਕੀਤਾ ਜਾਂਦਾ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ 'ਪੂਰਾ ਸਤਿਗੁਰ ਜਾਣੀਐ' ਜਿਹੜਾ ਇਕ ਸੱਚ ਦੀ ਪਛਾਣ ਦਸਦਾ ਹੈ ਉਸਨੂੰ ਸਤਿਗੁਰੂ ਕਿਹਾ ਜਾਂਦਾ ਹੈ ਪਰ ਜਦ ਦੂਜੀ ਸਤਰ ਵਿਚ ਮੰਤਰ ਦਿਰੜਾਉਣ ਵਾਲਾ ਸ਼ਬਦ ਆਉਂਦਾ ਹੈ ਤਾਂ ਇਸ਼ਾਰਾ ਸਤਿਗੁਰ ਨਾਨਕ ਦੇਵ ਜੀ ਵੱਲ ਹੈ ਕਿਉਂਕਿ ਉਨ੍ਹਾਂ ਨੇ ਮੂਲ-ਮੰਤਰ ਦੀ ਰਚਨਾ ਕਰਕੇ ਗੁਰਮੁਖਾਂ ਨੂੰ ਭਵਜਲ ਪਾਰ ਕਰਵਾਇਆ ਹੈ। ਇਸ ਕਰਕੇ ਇਸ ਪਉੜੀ ਵਿਚ ਪੂਰੇ ਸਤਿਗੁਰ ਤੋਂ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਜੋ ਸੋਲਾਂ ਕਲਾ ਸੰਪੂਰਨ ਹਨ ਜਿਨ੍ਹਾਂ ਨੇ ਮਨੁੱਖ ਨੂੰ ਇਸ ਸਤਿਨਾਮ ਦਾ ਮੰਤਰ ਦਸ ਕੇ

ਕਲਜੁਗ ਅੰਦਰ ਮਨੁਖ ਨੂੰ ਇਕ ਮੁਕਤੀ ਦਾ ਰਾਹ ਦਸਿਆ ਭਾਵ ਭਵਜਲ ਪਾਰ ਕਰਨ ਦੀ ਇਕ ਬਣਤ ਬਣਾਈ ਹੈ। ਇਸ ਪੂਰੇ ਸਤਿਗੁਰ ਨੇ ਪ੍ਰਮਾਤਮਾਂ ਦੀ ਪ੍ਰੇਮਾਂ ਭਗਤੀ ਕਰਨੀ ਸਮਝਾ ਕੇ ਲੁਕਾਈ ਨੂੰ 'ਗੁਰਮੁਖ-ਪੰਥ' ਭਾਵ ਗੁਰਮੁਖ ਬਣਾਇਆ ਹੈ। ਗੁਰਮੁਖਾਂ ਨੂੰ ਮਿਲੇ ਇਸ ਪੂਰੇ 'ਦਰਸਣੋਂ' ਭਾਵ ਫਲਸਫੇ (ਤੱਤ-ਗਿਆਨ) ਨੇ ਉਸ ਪ੍ਰਮਾਤਮਾਂ ਦੀ ਉਸਤਤ ਕਰਨ ਵਾਲਾ ਸੰਪੂਰਨ ਸ਼ਬਦ ਦਸਿਆ ਹੈ। ਗੁਰਮੁਖਾਂ ਵਾਸਤੇ ਸਾਧ ਸੰਗਤਿ ਇਕ ਆਸਣ ਬਣਾਇਆ ਅਤੇ ਇਸ ਸਾਧ ਸੰਗਤ ਨੂੰ ਹੀ ਇਕ ਵੱਡਾ ਤਖਤ ਦਿਤਾ ਹੈ। ਸਾਧਸੰਗਤ ਵਿਚ ਹੀ ਸੱਚ-ਖੰਡ ਹੈ ਅਤੇ ਇਸੇ ਤਖਤ ਉਪਰ ਬੈਠੇ ਗੁਰਮੁਖਾਂ ਦੇ ਵਸ ਪ੍ਰਮਾਤਮਾ ਆਉਂਦਾ ਹੈ। ਇਸੇ ਪ੍ਰੇਮ ਰਸ ਰਾਹੀਂ ਸਾਧਸੰਗਤ ਵਿਚ ਸੱਚਾ ਨਾਮ, ਸੁੱਚਾ ਗਿਆਨ ਅਤੇ ਸਦਾ ਰੱਬ ਵੱਲ ਧਿਆਨ ਭਾਵ ਯਾਦ ਰੱਖਣ ਦੀ ਜੁਗਤ ਸਮਝਾਈ ਜਾਂਦੀ ਹੈ। ਇਸੇ ਤਰ੍ਹਾਂ ਪੂਰੇ ਸਤਿਗੁਰ ਨੇ ਆਪਣੇ ਭਗਤਾਂ ਨੂੰ ਪ੍ਰਮਾਤਮਾਂ ਦੀ ਪ੍ਰੇਮਾਂ ਭਗਤੀ ਵਿਚ ਲੀਨ ਕੀਤਾ ਹੈ।

----

## ਵਾਰ 6

*ਪਉੜੀ 2 (ਉਹ ਹੀ)*

ਕਰਣ ਕਾਰਣ ਸਮਰਥੁ ਹੈ ਸਾਧਸੰਗਤਿ ਦਾ ਕਰੈ ਕਰਾਇਆ।
ਭਰੈ ਭੰਡਾਰ ਦਾਤਾਰੁ ਹੈ ਸਾਧਸੰਗਤਿ ਦਾ ਦੇਇ ਦਿਵਾਇਆ।
ਪਾਰਬ੍ਰਹਮ ਗੁਰ ਰੂਪੁ ਹੋਇ ਸਾਧਸੰਗਤਿ ਗੁਰ ਸਬਦਿ ਸਮਾਇਆ।
ਜਗ ਭੋਗ ਜੋਗ ਧਿਆਨੁ ਕਰਿ ਪੂਜਾ ਪਰੈ ਨ ਦਰਸਨੁ ਪਾਇਆ।
ਸਾਧਸੰਗਤਿ ਪਿਉ ਪੁਤੁ ਹੋਇ ਦਿਤਾ ਖਾਇ ਪੈਨ੍ਹੈ ਪੈਨ੍ਹਾਇਆ।
ਘਰਬਾਰੀ ਹੋਇ ਵਰਤਿਆ ਘਰਬਾਰੀ ਸਿਖ ਪੈਰੀ ਪਾਇਆ।
ਮਾਇਆ ਵਿਚਿ ਉਦਾਸੁ ਰਖਾਇਆ ॥2॥

---

*ਭੋਗ ਭੋਗ ਲਾਉਣਾ ਭਾਵ ਜੱਗ ਕਰਨੇ। ਜੋਗ: ਪ੍ਰਾਣਾਯਾਮ ਜੋਗ ਇਕ ਸਰੀਰਕ ਕਿਰਿਆ ਹੈ। ਰੂਪੁ: ਆਕਾਰ।ਪੈਨ੍ਹੈ ਪੈਨ੍ਹਾਇਆ: ਗੁਰੂ ਦਾ ਦਿਤਾ ਪਹਿਨਣਾ। ਖਾਇ: ਖਾਣਾ। ਘਰਬਾਰੀ: ਗ੍ਰਿਹਸਥ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਮਨੁਖ ਨੂੰ ਸਮਝਾਉਂਦੇ ਹਨ ਕਿ ਗੁਰੂ ਨਾਨਕ ਦੇਵ ਜੀ (ਇਸ ਕਰਕੇ ਕਿਹਾ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਨੇ ਹੀ ਗੁਰਮੁਖਾਂ ਨੂੰ ਇਕ ਸ਼ਬਦ ਦਾ ਗਿਆਨ ਦਿਵਾਇਆ ਸੀ) ਆਪ ਕਰਨ ਅਤੇ ਕਰਾਉਂਣ ਦੇ ਬਹੁਤ ਸਮਰੱਥ ਹਨ ਪਰ ਉਨ੍ਹਾਂ ਨੂੰ ਜੋ ਸਾਧਸੰਗਤ ਕਹਿੰਦੀ ਹੈ ਉਹ ਉਸੇ ਤਰ੍ਹਾਂ ਕਰਦੇ ਹਨ। ਪਾਠਕ ਜੀ ਯਾਦ ਰਖਣਾ ਕਿ ਸਾਧਸੰਗਤ ਨੂੰ ਸੱਚ-ਖੰਡ ਆਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਭੰਡਾਰੇ ਭਰਪੂਰ ਹਨ ਪਰ ਉਹ ਆਪਣੀ ਕ੍ਰਿਪਾ ਦ੍ਰਿਸ਼ਟੀ ਸੰਗਤ ਦੇ ਕਹਿਣ ਅਨੁਸਾਰ ਹੀ ਗੁਰਮੁਖਾਂ ਉਪਰ ਕਰਦੇ ਹਨ। ਮੈਂ ਭਾਈ ਗੁਰਦਾਸ ਜੀ ਦੇ ਇਸ ਵਿਚਾਰ ਨਾਲ ਸਹਿਮਤ

ਨਹੀਂ ਹਾਂ ਕਿਉਂਕਿ 'ਸ਼ਬਦ-ਸੁਰਤ ਜਿਹਾ ਗਿਆਨ ਗੁਰੂ ਨਾਨਕ ਦੇਵ ਜੀ ਨੇ ਸਾਧ ਸੰਗਤ ਦੇ ਕਹੇ ਉਪਰ ਨਹੀਂ ਦਸਿਆ ਸੀ। ਹਾਂ ਇਹ ਸਚਾਈ ਹੈ ਕਿ ਪ੍ਰਮਾਤਮਾ ਗੁਰੂ ਦਾ ਰੂਪ ਧਾਰਕੇ ਗੁਰਾਂ ਦੇ ਸ਼ਬਦ ਵਿਚ ਸਮਾਇਆ ਹੋਇਆ ਹੈ। ਅਗਲੀਆਂ ਸਤਰਾਂ ਰਾਹੀਂ ਹੋਰ ਸਾਧਨਾਵਾਂ ਦਾ ਨਿਖੇਧ ਕਰਦੇ ਪ੍ਰਤੀਤ ਹੁੰਦੇ ਹਨ ਕਿ ਦੁਨੀਆਂ ਭੋਗ ਭਾਵ ਜੱਗ ਹਵਨ ਕਰਦੇ ਹਨ ਅਤੇ ਜੋਗ ਭਾਵ ਸਰੀਰਕ ਅਭਿਆਸ ਕਰਦੇ ਹਨ ਅਜਿਹੇ ਕਾਰਜਾਂ ਨੂੰ ਕਰਨ ਨਾਲ ਪ੍ਰਮਾਤਮਾਂ ਨੂੰ ਨਹੀਂ ਮਿਲ ਸਕੀਦਾ। ਸਤਿਸੰਗੀ ਲੋਕ ਜਿਵੇਂ ਪਿਉ ਦਾ ਦਿਤਾ ਪੁੱਤਰ ਖਾਂਦੇ ਅਤੇ ਪਹਿਨਦੇ ਹਨ ਇਸੇ ਤਰ੍ਹਾਂ ਗੁਰਮੁਖ ਲੋਕ ਗੁਰੂ ਦੇ ਗਿਆਨ ਨਾਲ ਪ੍ਰਮਾਤਮਾ ਨੂੰ ਮਿਲਣ ਦਾ ਅਭਿਆਸ ਕਰਦੇ ਹਨ। ਘਰਬਾਰੀ ਭਾਵ ਗ੍ਰਿਹਸਥ ਵਿਚ ਰਹਿ ਕੇ ਭਗਤੀ ਵਾਲਾ ਸੰਕਲਪ ਜਦ ਦਿਤਾ ਤਾਂ ਘਰਬਾਰੀ ਸਿੱਖ ਭਾਵ ਗ੍ਰਿਹਸਤੀ ਗੁਰੂ ਅੰਗਦ ਦੇਵ ਜੀ ਅੰਦਰ ਆਪਣੀ ਜੋਤ ਪਾ ਦਿਤੀ। ਏਡੀ ਮਾਇਆ ਜਾਂ ਗਿਆਨ ਹੁੰਦੇ ਹੋਇਆ ਵੀ ਆਪਣੇ ਮਨ ਵਿਚ ਘੁਮੰਡ ਨਹੀ ਕੀਤਾ ਭਾਵ ਮਾਇਆ ਅੰਦਰ ਵੀ ਉਦਾਸੀਨ ਹੀ ਰਹੇ। ਭਾਵ ਨਾ ਬਹੁਤੀ ਮਾਇਆ ਪ੍ਰਾਪਤ ਕਲਰਕੇ ਖੁਸ਼ ਹੁੰਦੇ ਹਨੈ ਅਤੇ ਨਾ ਘੱਟ ਮਾਇਆ ਹੋਣੈ ਕਾਰਨ ਕਦੇ ਦੁਖੀ ਹੁੰਦੇ ਹਨ।

----

## ਵਾਰ 6

*ਪਉੜੀ 3 (ਗੁਰਮੁਖਾਂ ਦੀ ਨਿਤ ਕ੍ਰਿਯਾ)*

ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ।
ਸਹਿਜਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।
ਮਥੈ ਟਿਕੇ ਲਾਲ ਲਾਇ ਸਾਧਸੰਗਤਿ ਚਲਿ ਜਾਇ ਬਹੰਦੇ।
ਸਬਦੁ ਸੁਰਤਿ ਲਿਵ ਲੀਣੁ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ।
ਭਾਇ ਭਗਤ ਭੈ ਵਰਤਿਮਾਨਿ ਗੁਰ ਸੇਵਾ ਗੁਰਪੁਰਬ ਕਰੰਦੇ।
ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।
ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।
ਗੁਰਮੁਖਿ ਸੁਖ ਫਲੁ ਪਿਰਮ ਚਖੰਦੇ ॥3॥

---

*ਅੰਮ੍ਰਿਤ ਵੇਲੇ: ਝਾਲਾਂਘੇ ਭਾਵ ਤੜਕਸਾਰ। ਸਹਿਜਸਮਾਧਿ: ਸ਼ਾਂਤ-ਸਮਾਧੀ। ਅਗਾਧਿ:ਏਨਾ ਡੂੰਘਾ ਕਿ ਮਿਣਿਆ ਨਾ ਜਾ ਸਕੇ। ਭਾਇ ਭਗਤਿ: ਪ੍ਰੇਮਾ ਭਗਤੀ। ਸੰਝੈ:ਸੰਝ ਵੇਲੇ, ਸ਼ਾਮ। ਪਿਰਮ:ਪ੍ਰੇਮ।*

ਗੁਰਮੁਖ ਅੰਮ੍ਰਿਤ ਵੇਲੇ ਉੱਠ ਕੇ ਦਰਿਆਵਾਂ ਅੰਦਰ ਇਸ਼ਨਾਨ ਕਰਦੇ ਹਨ। ਸ਼ਾਂਤ ਚਿੱਤ ਹੋ ਕੇ ਬਹੁਤ ਦੁਰਗਮ ਭਾਵ ਜਿਸਦਾ ਕੋਈ ਅਥਾਹ ਨਹੀਂ ਹੁੰਦਾ ਉਸਦਾ ਨਾਮ ਜਪਦੇ ਹਨ। ਆਪਣੇ ਮਸਤਕ ਉਪਰ ਲਾਲ ਟਿੱਕਾ ਲਗਾ ਕੇ ਸਾਧਸੰਗਤ ਵਿਚ ਬੈਠਦੇ ਹਨ। ਸਤਿਗੁਰ ਵਲੋਂ ਵਰੋਸਾਏ ਸ਼ਬਦ ਦੇ ਭੇਦ ਨੂੰ ਜਾਣ ਕੇ ਇਕ ਲਿਵ ਲਾ ਕੇ ਬਾਣੀ ਗਾਉਂਦੇ

ਤੋਂ ਭਾਵ ਵਿਸ਼ਈ ਅਤੇ ਅਗੋਚਰ ਤੋਂ ਭਾਵ ਜਿਸਨੂੰ ਕਿਸੇ ਵਸਤੂ ਦੀ ਲਾਲਸਾ ਨਾ ਹੋਵੇ। ਉਹ ਅਲਖ ਹੈ ਅਤੇ ਕਿਸੇ ਵੀ ਪਾਰ ਤੋਂ ਭਾਵ ਹੱਦ ਤੋਂ (ਅਗਮ) ਰਹਿਤ ਹੈ। ਜਿਨ੍ਹਾਂ ਗੁਰਮੁਖਾਂ ਨੇ ਪ੍ਰਮਾਤਮਾ ਦੇ ਨਾਮ ਦਾ ਪ੍ਰੇਮ ਪਿਆਲਾ ਪੀਤਾ ਹੈ ਉਨ੍ਹਾਂ ਗੁਰਮੁਖਾਂ ਦੇ ਵਸ (ਵਛਲ) ਆਪ ਪ੍ਰਮਾਤਮਾ ਹੋ ਜਾਂਦਾ ਹੈ। ਪ੍ਰਮਾਤਮਾ ਦਾ ਸਰੂਪ ਹੋ ਕੇ ਉਹ ਗੁਰਮੁਖ ਆਪ ਵੀ ਸਿਰਜਨਹਾਰਾ ਭਾਵ ਸ੍ਰਿਸ਼ਟੀ ਨੂੰ ਰਚਨਹਾਰਾ ਬਣ ਜਾਂਦਾ ਹੈ। ਜਦ ਬਹੁਤ ਨਿੱਕੇ (ਸੂਖਮ) ਬੀਜ ਨੂੰ ਕੋਈ ਬੀਜਦਾ ਹੈ, ਉਸ ਨਾਲ ਕਈ ਵੱਡੇ ਵੱਡੇ ਬੋਹੜਾਂ ਦੇ ਰੁਖਾਂ ਦਾ ਵਿਸਥਾਰ ਹੋ ਜਾਂਦਾ ਹੈ ਅਤੇ ਇਕ ਫਲ ਤੋਂ ਹਜਾਰਾਂ ਬੀਜ ਬਣ ਜਾਂਦੇ ਹਨ ਇਸ ਤਰ੍ਹਾਂ ਵਾਹਿਗੁਰੂ ਇਕ ਬੀਜ ਦੀ ਤਰ੍ਹਾਂ ਹੈ ਅਤੇ ਉਸ ਤੋਂ ਅਗੇ ਇਹ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ। ਜਿਨ੍ਹਾਂ ਗੁਰਮੁਖ ਸਿੱਖਾਂ ਨੇ ਸੁਖ ਫਲ ਭਾਵ ਪਿਰਮ ਰਸ ਚੱਖਿਆ ਹੈ ਭਾਵ ਪ੍ਰਮਾਤਮਾਂ ਦਾ ਨਾਮ ਜਪਿਆ ਹੈ, ਉਹ ਗੁਰਮੁਖ ਸਤਿਸੰਗ ਵਰਗੇ ਸੱਚ-ਖੰਡ ਵਿਚ ਜਾਕੇ ਨਿਰ-ਆਕਾਰ ਹੋ ਜਾਂਦੇ ਹਨ ਭਾਵ ਮੁਕਤੀ ਪਉਂਦੇ ਹਨ। ਭਾਇ ਭਗਤ ਭਾਵ ਪ੍ਰੇਮਾਂ ਭਗਤੀ ਕਾਰਨ ਉਨ੍ਹਾਂ ਗੁਰਮੁਖਾਂ ਦਾ ਨਿਸਤਾਰਾ ਭਾਵ ਮੁਕਤੀ (ਰ੍ਦਦਇਮਪਟਿਨ) ਹੋ ਜਾਂਦੀ ਹੈ।

----

## ਵਾਰ 6

*ਪਉੜੀ 5 (ਜਪੁ ਜੀ ਦੇ 38ਵੇਂ ਸਲੋਕ 'ਪਵਣ ਗੁਰੂ ਪਾਣੀ ਪਿਤਾ... ਦਾ ਅਰਥ)*

ਪਉਣੁ ਗੁਰੂ ਗੁਰ ਸਬਦੁ ਹੈਵਾਹਗੁਰੂ ਗੁਰ ਸਬਦੁ ਸੁਣਾਇਆ।
ਪਾਣੀ ਪਿਤਾ ਪਵਿਤ੍ਰ ਕਰਿ ਗੁਰਮੁਖਿ ਪੰਥਿ ਨਿਵਾਣਿ ਚਲਾਇਆ।
ਧਰਤੀ ਮਾਤ ਮਹਤੁ ਕਰਿ ਓਤਿ ਪੋਤਿ ਸੰਜੋਗ ਬਣਾਇਆ।
ਦਾਈ ਦਾਇਆ ਰਾਤਿ ਦਿਹੁ ਬਾਲ ਸੁਭਾਇ ਜਗਤ੍ਰ ਖਿਲਾਇਆ।
ਗੁਰਮੁਖਿ ਜਨਮੁ ਸਕਾਰਥਾ ਸਾਧਸੰਗਤਿ ਵਸਿ ਆਪੁ ਗਵਾਇਆ।
ਜੰਮਣ ਮਰਣਹੁ ਬਾਹਰੇ ਜੀਵਨ ਮੁਕਤਿ ਜੁਗਤਿ ਵਰਤਾਇਆ।
ਗੁਰਮਤਿ ਮਾਤਾ ਮਤਿ ਹੈ ਪਿਤਾ ਸੰਤੋਖ ਮੋਖ ਪਦੁ ਪਾਇਆ।
ਧੀਰਜੁ ਧਰਮੁ ਭਿਰਾਵ ਦੁਇ ਜਪੁ ਤਪੁ ਜਤੁ ਸਤੁ ਪੁਤ ਜਣਾਇਆ।
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤੁਵਰਤਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥5॥

---

*ਦਾਈ: ਰਾਤ। ਦਾਇਆ: ਦਿਨ। ਨੀਵਾਣਿ: ਨੀਵੇਂ ਪਾਸੇ।ਓਤਿ ਪੋਤਿ:ਤਾਣਾ ਪੇਟਾ। ਬਾਲ਼ ਸੁਭਾਇ: ਬੱਚੇ ਦਾ ਸੁਭਾ। ਸਕਾਰਥਾ: ਸਫਲਾ। ਪਦੁ: ਮੁਕਤੀ। ਸਸੀਅਰ: ਚੰਦਰਮਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਜੀ ਰਾਹੀਂ ਜੋ ਸ਼ਬਦ ਦਿਤਾ ਹੈ, ਉਸ ਸ਼ਬਦ ਦਾ ਗੁਰੂ ਪੌਣ ਹੈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਆਪ ਪ੍ਰਮਾਤਮਾ ਹਨ। ਪਹਿਲੀਆਂ ਪਉੜੀਆਂ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ

ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਮਲਾ ਪੰਥ ਚਲਾਇਆ ਅਤੇ ਫਿਰ ਬਦਲ ਕੇ ਸਿੱਖ ਪੰਥ ਲਿਖਿਆ ਹੈ ਅਤੇ ਇਸ ਪਉੜੀ ਵਿਚ ਉਹ ਲਿਖਦੇ ਹਨ ਕਿ ਪਿਤਾ ਵਰਗੇ ਪਵਿਤਰ ਪਾਣੀ ਵਾਂਗ ਗੁਰਮੁਖਿ ਪੰਥ ਐਸਾ ਚਲਾਇਆ ਜਿਹੜਾ ਨਿਵਾਣ ਨਾਲ ਹੀ ਚਲਦਾ ਹੈ। ਭਾਵੇਂ ਕੁਝ ਵੀ ਹੈ ਇਹ ਸਾਰੇ ਪੰਥ ਸ਼ਬਦ ਦੁਨੀਆਂ ਤੋਂ ਨਿਰਲੇਪ ਰਹਿਣਾ ਸਿਖਾਉਂਦੇ ਹਨ। ਜਿਵੇਂ ਧਰਤੀ ਦੁਨੀਆਂ ਦੇ ਪੈਰਾਂ ਨਾਲ ਨਿੱਤ ਮਸਲੀ ਜਾ ਰਹੀ ਹੈ ਪਰ ਮੂੰਹੋਂ ਸੀ ਨਹੀਂ ਕਹਿੰਦੀ ਠੀਕ ਇਸੇ ਤਰ੍ਹਾਂ ਧਰਤੀ ਦੇ ਤਾਣੇ ਪੇਟੇ (ਓਤ ਪੋਤ) ਵਾਂਗ ਮਾਤਾ ਦਾ ਰੁੱਤਬਾ ਧਰਤੀ ਬਰਾਬਰ ਕੀਤਾ ਹੈ। ਜਿਵੇਂ ਧਰਤੀ ਵਿਚ ਸ਼ਹਿਨਸ਼ੀਲਤਾ ਹੈ ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਮਾਤਾ ਵਿਚ ਵੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਜੀ ਨੇ ਇਸੇ ਕਰਕੇ ਧਰਤੀ ਨੂੰ ਮਾਤਾ ਕਿਹਾ ਹੈ। ਦੁਨੀਆਂ ਨੂੰ ਜਿਸਦਾ ਸੁਭਾ ਬਾਲਕਾਂ ਵਰਗਾ ਹੈ ਰਾਤ ਅਤੇ ਦਿਨ (ਦਾਈ ਦਾਇਆ) ਦੁਨੀਆਂ ਨੂੰ ਬਾਲਕਾਂ ਵਗ ਵਾਂਗ ਖਿਲਾਉਦੇ ਹਨ, ਭਾਵ ਰਾਤ ਸੁਲਾਉਂਦੀ ਹੈ ਅਤੇ ਦਿਨ ਵੇਲੇ ਦੁਨੀਆਂ ਕਈ ਸੰਸਾਰਕ ਕੰਮ ਕਾਜ ਕਰਦੇ ਹਨ। ਗੁਰਮੁਖ ਲੋਕਾਂ ਦਾ ਜਨਮ ਸਫਲ ਹੋ ਕਿਉਂਕਿ ਉਨ੍ਹਾਂ ਨੇ ਸਾਧ ਸੰਗਤ ਵਿਚ ਜਾ ਕੇ ਦਿਲੋਂ ਆਪਾ ਵਿਸਾਰ ਦਿਤਾ ਹੈ। ਇਸੇ ਜੁਗਤੀ ਕਾਰਨ ਹੀ ਗੁਰਮੁਖ ਲੋਕ ਜੀਵਨ ਮੁਕਤੀ ਨੂੰ ਪਰਾਪਤ ਕਰਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖਾਂ ਦੀ ਮਾਤਾ ਗੁਰੂ ਸਿਖਿਆ ਹੈ ਅਤੇ ਸੰਤੋਖ ਗੁਰਮੁਖਾਂ ਦਾ ਪਿਤਾ ਹੈ ਜਿਸ ਦੀਆਂ ਮਿਹਰਾਂ ਸਦਕਾ ਗੁਰਮੁਖ ਮੋਖ ਪਦਵੀ ਭਾਵ ਆਪਣੇ ਆਪ ਸੁਰੱਖਿਅਤ ਸਮਝਦੇ ਹਨ, ਜਨਮ ਮਰਨ ਤੋਂ ਛੁਟਕਾਰਾ ਮਿਲਦਾ ਹੈ, ਪਰਮਗਤੀ ਅਤੇ ਨਿਰਵਾਣ ਪੱਦ ਵਰਗੀ ਜੀਵਨ ਮੁਕਤੀ ਪਉਂਦੇ ਹਨ। ਗੁਰਮੁਖਾਂ ਦੇ ਧੀਰਜ ਅਤੇ ਧਰਮ ਦੋਨੋਂ ਭਰਾਤਾ ਹਨ ਅਤੇ ਜਪ, ਤਪ, ਜਤ, ਸਤ ਇਹ ਸਾਰੇ ਗੁਰਮੁਖਾਂ ਦੇ ਪੁੱਤਰ ਹਨ। ਪੂਰਣ ਗੁਰੂ ਅਤੇ ਚੇਲਾ ਬਣ ਕੇ ਪੂਰਣ ਪੁਰਖ ਦਾ ਚਰਿਤਰ ਵਰਤਾਇਆ ਹੈ। ਗੁਰਮੁਖ ਨੇ ਗੁਰ-ਸ਼ਬਦ ਦੇ ਲੜ ਲੱਗ ਕੇ ਆਪ ਸੁਖ ਫਲ ਜਾਣਿਆ ਹੈ ਅਤੇ ਹੋਰਨਾਂ ਨੂੰ ਵੀ ਇਸ ਸੁਖ-ਫਲ ਵਾਲੇ ਗਿਆਨ ਦੇ ਲੜ ਲਾਇਆ ਹੈ।

----

## ਵਾਰ 6

*ਪਉੜੀ 6 (ਨਿਰਲੇਪਤਾ ਪੁਰ ਦ੍ਰਿਸ਼ਟਿ)*

ਪਰ ਘਰ ਜਾਇ ਪਰਾਹੁਣਾ ਆਸਾ ਵਿਚਿ ਨਿਰਾਸੁ ਵਲਾਏ।
ਪਾਣੀ ਅੰਦਰਿ ਕਵਲ ਜਿਉ ਸੂਰਜ ਧਿਆਨੁ ਅਲਿਪਤ ਰਹਾਏ।
ਸਬਦ ਸੁਰਤਿ ਸਤਿਸੰਗ ਮਿਲਿ ਗੁਰ ਚੇਲੇ ਦੀ ਸੰਧਿ ਮਿਲਾਏ।
ਚਾਰਿ ਵਰਨ ਗੁਰਸਿੱਖ ਹੋਇ ਸਾਧਸੰਗਤਿ ਸਚ ਖੰਡ ਵਸਾਏ।
ਆਪੁ ਗਵਾਏ ਤੰਬੋਲ ਰਸੁ ਚਬਾਇ ਸੁਰੰਗ ਚੜਾਏ।
ਛੇ ਦਰਸਨ ਤਰਸਨ ਖੜੇ ਬਾਰਹੁ ਪੰਥਿ ਗਿਰੰਥ ਸੁਣਾਏ।
ਛਿਅ ਰੁਤਿ ਬਾਰਹ ਮਾਸ ਕਰਿ ਇਕੁ ਇਕੁ ਸੂਰਜੁ ਚੰਦੁ ਦਿਖਾਏ।
ਬਾਰਹ ਸੋਲਾਹ ਮੇਲਿ ਕੈ ਸਸੀਅਰ ਅੰਦਰਿ ਸੂਰ ਸਮਾਏ।

ਸਿਵ ਸਕਤੀ ਨੋ ਲੰਘਿ ਕੈ ਗੁਰਮੁਖਿ ਇਕੁ ਮਨੁ ਇਕੁ ਧਿਆਏ।
ਪੈਰੀ ਪੈ ਜਗੁ ਪੈਰੀ ਪਾਏ ॥6॥

---

*ਵਲਾਏ: ਬਤੀਤ ਕਰਦਾ। ਅਲਿਪਤ: ਅਲੇਪ ਰਹਿਣਾ। ਸੰਧਿ: ਮਿਲਾਉਂਦਾ ਹੈ। ਖੜੇ: ਖੜ੍ਹ ਕੇ। ਛੇ ਦਰਸਨ: ਇਨ੍ਹਾਂ ਛੇ ਸ਼ਾਸਤਰਾਂ ਦੇ ਨਾਮ ਭਾਈ ਗੁਰਦਾਸ ਜੀ ਨੇ ਅਗੇ ਲਿਖੇ ਦੀ ਤਰ੍ਹਾਂ ਲਿਖੇ ਹਨ। ਨਿਆਂ-ਸ਼ਾਸਤਰ, ਮੀਮਾਂਸਾ-ਸ਼ਾਸਤਰ, ਵੇਦਾਂਤ-ਸ਼ਾਸਤਰ, ਸਾਂਖ-ਸ਼ਾਸਤਰ, ਵੈਸ਼ੇਖਕੀ-ਸ਼ਾਸਤਰ ਅਤੇ ਪਾਤੰਜਲ-ਸ਼ਾਸਤਰ ਆਦਿ।ਬਾਰਹ ਪੰਥਿ: ਉਹ ਬਾਰਾਂ ਪੰਥ ਹਨ ਜਿਵੇਂ ਚਾਰ ਵਰਣ, ਚਾਰ ਆਸ਼ਰਮ ਅਤੇ ਚਾਰ ਇਸਲਾਮੀ ਫਿਰਕੇ ਆਦਿ। ਗੁਰਮੁਖਾਂ ਦਾ ਇਨ੍ਹਾਂ ਬਾਰਹ ਵਾਟਾਂ ਨਾਲ ਦੂਰ ਨੇੜੇ ਦਾ ਵੀ ਸੰਬੰਧ ਨਹੀਂ ਹੈ। ਛਿ ਰੁਤਿ: (ਬਸੰਤ, ਗ੍ਰੀਖਮ, ਪਾਵਸ, ਸਰਦ, ਹੇਮੰਤ ਅਤੇ ਸਿਸਰ) ਜਿਵੇਂ ਚੇਤ-ਵਿਸਾਖ ਮਹੀਨੇ ਵਿਚ ਬਸੰਤ ਰੁੱਤ ਹੁੰਦੀ ਹੈ। ਜੇਠ-ਹਾੜ ਸਮੇਂ ਗਰਮੀ ਹੁੰਦੀ ਹੈ। ਸੌਣ-ਭਾਦੋਂ ਬਰਸਾਤ ਹੁੰਦੀ ਹੈ। ਅੱਸੂ-ਕਤਕ ਸਮੇਂ ਸਰਦੀ ਹੁੰਦੀ ਹੈ। ਮਾਘ-ਫੱਗਣ ਦੇ ਮਹੀਨੇਂ ਵਿਚ ਸ਼ਿਸ਼ਿਰ ਦਾ ਮੌਸਮ ਹੁੰਦਾ ਹੈ। ਇਸ ਤਰ੍ਹਾਂ ਸਾਲ ਵਿਚ ਛੇ ਰੁੱਤਾਂ ਸਿਰਫ ਇਕ ਸੂਰਜ ਦੀ ਤਪਸ਼ ਕਾਰਨ ਹੀ ਹੁੰਦੀਆਂ ਹਨ। ਬਾਰਾਹ ਸੋਲਾਹ: ਚੰਦਰਮਾਂ ਦੀਆਂ ਵੀ ਸੋਲਾਂ ਕਲਾ ਮੰਨੀਆਂ ਜਾਂਦੀਆਂ ਹਨ ਜਿਵੇ: ਅਮਿਤਾਮਾਨਦਾ, ਪੂਰਸ਼ਾ, ਪੁਰਿਸ਼ੀ, ਤਰਿਸੀ ਰੀਤ ਧ੍ਰਿਤਿ, ਸ਼ਸ਼ਿਨੀ ਚੰਦ੍ਰਿਕਾ, ਕਾਂਤਿ ਜੋਯਤਸਨਾਂ, ਸ੍ਰੀ; ਪ੍ਰੀਤਿ, ਅੰਗਦਾ, ਪੂਜਣਾ ਅਤੇ ਪੂਰਣਾ। ਸੂਰਜ: ਪੁਰਾਣਾ ਅਤੇ ਸਿਮ੍ਰਤੀਆਂ ਵਿਚ ਇਕ ਇਕ ਮਹੀਨੇ ਦਾ ਜੁਦਾ ਸੂਰਜ ਕਲਪ ਕੇ ਬਾਰਾਂ ਸੂਰਜ ਮੰਨੇ ਹਨ ਜਿਵੇਂ: ਇੰਦਰ, ਧਾਤਾ, ਭਗ, ਪੂਸ਼ਾ, ਮਿਤ੍ਰ, ਵਰੁਣ, ਅਰਯਮਾ, ਅੰਸੁ,ਵਿਵਸਵਤ, ਤ੍ਰਸਵਾ, ਸਵਿਤਾ-ਵਿਸਨੁ ਆਦਿ। ਗਿਰਥ: ਦੁਆਲੇ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਕੋਈ ਪ੍ਰਾਹਉਣਾ ਬਿਗਾਨੇ ਘਰ ਜਾ ਕੇ ਆਪਣਾ ਸਮਾਂ ਬੜੀ ਨਿਰਾਸਤਾ ਨਾਲ ਲੰਘਾਉਂਦਾ ਹੈ। ਪਾਣੀ ਵਿਚ ਜਿਵੇਂ ਕਮਲ ਦਾ ਫੁੱਲ ਆਪਣਾ ਧਿਆਨ ਸੂਰਜ ਵੱਲ ਰੱਖਦਾ ਅਤੇ ਅਤੇ ਜਲ ਤੋਂ ਨਿਰਲੇਪ ਰਹਿੰਦਾ ਹੈ। ਇਸੇ ਤਰ੍ਹਾਂ ਗੁਰਮੁਖਾਂ ਦੀ ਸਾਧ ਸੰਗਤ ਵਿਚ ਗੁਰੂ ਚੇਲੇ ਦਾ ਧਿਆਨ ਸਾਧ ਸੰਗਤ ਵਿਚ ਰਹਿੰਦਾ ਹੈ। ਚਾਰੇ ਵਰਣ ਭਾਵ ਬ੍ਰਾਹਮਣ, ਛੱਤਰੀ, ਵੈਸਿ ਅਤੇ ਸੂਦ੍ਰਿ ਆਦਿ ਸਾਰੇ ਗੁਰੂ ਦੇ ਸਿੱਖ ਹੋ ਕੇ ਸਾਧ ਸੰਗਤ ਵਿਚ ਇਵੇਂ ਰਹਿੰਦੇ ਹਨ ਜਿਵੇਂ ਕਿ ਉਹ ਸੱਚ-ਖੰਡ ਦੇ ਵਾਸੀ ਹੋਣ। ਜਿਵੇਂ ਕੱਥ, ਸੁਪਾਰੀ, ਚੂਨਾ, ਪਾਨ ਦੇ ਤੰਬੋਲ ਭਾਵ ਬੀੜ ਨੂੰ ਜਦ ਲੋਕ ਚੱਬਦੇ ਹਨ ਤਾਂ ਲਾਲ ਰੰਗ ਚੜ੍ਹਦਾ ਹੈ। ਠੀਕ ਇਸੇ ਤਰ੍ਹਾਂ ਚਾਰ ਵਰਣ ਸਾਧ ਸੰਗਤ ਵਿਚ ਬਹਿ ਕੇ ਸਾਰੇ ਆਪਣੇ ਵਿਚੋਂ ਆਪਾ-ਭਾਵ ਗੁਆ ਲੈਂਦੇ ਹਨ। ਜਿਵੇ ਪਾਨ ਦੇ ਚਾਰ ਪਦਾਰਥਾਂ ਤੋਂ ਇਕ ਲਾਲ ਰੰਗ ਚੜ੍ਹਦਾ ਹੈ ਤਿਵੇਂ ਚਾਰੇ ਵਰਣ ਇਕੱਠੇ ਹੋ ਕੇ ਇਕੋ ਸ਼ਬਦ ਸੁਰਤ ਵਿਚ ਹੀ ਲੀਨ ਰਹਿੰਦੇ ਹਨ। ਜਿਵੇਂ ਉਪਰ ਲਿਖਿਆ ਗਿਆ ਹੈ ਕਿ ਛੇ ਦਰਸ਼ਨ ਅਤੇ ਜੋਗੀਆਂ ਦੇ ਬਾਰਾਂ ਪੰਥ ਆਪਣੇ ਮੱਤਾਂ ਨੂੰਗਿਰਦ ਖੜ੍ਹੇ ਕੋਸਦੇ ਅਤੇ ਵੇਖਦੇ ਹਨ ਅਤੇ ਸ਼ਬਦ ਸੁਰਤ ਨੂੰ ਸੁਣਦੇ ਹਨ ਪਰ ਉਹ ਆਪਣੇ ਦਿਲ ਅੰਦਰ ਹੰਕਾਰ ਕਾਰਨ ਮੋਖ ਪੱਦ ਦੀ ਪਰਾਪਤੀ ਨਹੀਂ ਪਾ ਸਕਦੇ। ਜਿਵੇਂ ਚੇਤ-ਵਿਸਾਖ ਮਹੀਨੇ ਵਿਚ ਬਸੰਤ ਰੁੱਤ ਹੁੰਦੀ ਹੈ। ਜੇਠ-ਹਾੜ ਸਮੇਂ ਗਰਮੀ ਹੁੰਦੀ ਹੈ।

ਸੌਣ-ਭਾਦੋਂ ਬਰਸਾਤ ਹੁੰਦੀ ਹੈ। ਅੱਸੂ-ਕਤਕ ਸਮੇਂ ਸਰਦੀ ਹੁੰਦੀ ਹੈ। ਮਾਘ-ਫੱਗਣ ਦੇ ਮਹੀਨੇ ਵਿਚ ਸ਼ਿਸ਼ਿਰ ਦਾ ਮੌਸਮ ਹੁੰਦਾ ਹੈ। ਇਸ ਤਰ੍ਹਾਂ ਸਾਲ ਵਿਚ ਛੇ ਰੁੱਤਾਂ ਸਿਰਫ ਇਕ ਸੂਰਜ ਦੀ ਤਪਸ਼ ਕਾਰਨ ਹੀ ਹੁੰਦੀਆਂ ਹਨ। ਛੇ ਰੁੱਤਾਂ ਜਿਵੇਂ ਜਿਵੇਂ ਚੇਤ-ਵਿਸਾਖ ਮਹੀਨੇ ਵਿਚ ਬਸੰਤ ਰੁੱਤ ਹੁੰਦੀ ਹੈ। ਜੇਠ-ਹਾੜ ਸਮੇਂ ਗਰਮੀ ਹੁੰਦੀ ਹੈ। ਸੌਣ-ਭਾਦੋਂ ਬਰਸਾਤ ਹੁੰਦੀ ਹੈ। ਅੱਸੂ-ਕਤਕ ਸਮੇਂ ਸਰਦੀ ਹੁੰਦੀ ਹੈ। ਮਾਘ-ਫੱਗਣ ਦੇ ਮਹੀਨੇ ਵਿਚ ਸ਼ਿਸ਼ਿਰ ਦਾ ਮੌਸਮ ਹੁੰਦਾ ਹੈ। ਇਸ ਤਰ੍ਹਾਂ ਸਾਲ ਵਿਚ ਛੇ ਰੁੱਤਾਂ ਸਿਰਫ ਇਕ ਸੂਰਜ ਦੀ ਤਪਸ਼ ਅਤੇ ਇਕ ਚੰਦਰਮਾ ਦੀ ਸੀਤਲਤਾ ਕਾਰਨ ਹੀ ਹੁੰਦੀਆਂ ਹਨ। ਇਸ ਤਰ੍ਹਾਂ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਚੰਦਰਮਾਂ ਵਿਚ ਸੂਰਜ ਸਮਾ ਦਿਤਾ ਹੈ ਭਾਵ ਤਮੋ ਗੁਣ, ਗਰਮੀ ਅਤੇ ਸਤੋਗੁਣ, ਸਰਦੀ ਇਕ ਥਾਂਵੇ ਇਕੱਤਰ ਕਰ ਦਿਤੀ ਹੈ। ਬਾਰਾਹ ਸੋਲਾਹ ਤੋਂ ਭਾਵ ਜਿਵੇਂ ਚੰਦਰਮਾਂ ਦੀਆਂ ਵੀ ਸੋਲਾਂ ਕਲਾ ਮੰਨੀਆਂ ਜਾਂਦੀਆਂ ਹਨ ਜਿਵੇ: ਅਮਿਤਾਮਾਨਦਾ, ਪੂਰਸ਼ਾ, ਪੁਰਿਸ਼ੀ, ਤਰਿਸੀ ਰੀਤ ਧ੍ਰਿਤਿ, ਸ਼ਸ਼ਿਨੀ ਚੰਦ੍ਰਿਕਾ, ਕਾਂਤਿ ਜੋਯਤਸਨਾਂ, ਸ੍ਰੀ, ਪ੍ਰੀਤਿ, ਅੰਗਦਾ, ਪੂਯਣਾ ਅਤੰ ਪੂਰਣਾ। ਸੂਰਜ: ਪੁਰਾਣਾ ਅਤੰ ਸਿਮ੍ਰਤੀਆਂ ਵਿਚ ਇਕ ਇਕ ਮਹੀਨੇ ਦਾ ਜੁਦਾ ਸੂਰਜ ਕਲਪ ਕੇ ਬਾਰਾਂ ਸੂਰਜ ਮੰਨੇ ਹਨ ਜਿਵੇਂ: ਇੰਦਰ, ਧਾਤਾ, ਭਗ, ਪੂਸ਼ਾ, ਮਿਤ੍ਰ, ਵਰੁਣ, ਅਰਯਮਾ, ਅੰਸੁ, ਵਿਵਸਵਤ, ਤ੍ਰਸਵਾ, ਸਵਿਤਾ-ਵਿਸਨੁ ਆਦਿ। ਇਸੇ ਤਰ੍ਹਾਂ ਗੁਰਮੁਖ ਸਤੋਗੁਣ ਅਤੇ ਤਮੋਗੁਣ ਨੂੰ ਜਾਣਦੇ ਹੋਏ ਵੀ (ਲੰਘ ਕੇ) ਇਕ ਮਨ ਇਕ ਚਿਤ ਹੋ ਕੇ ਇਕ ਪ੍ਰਮਾਤਮਾਂ ਦਾ ਹੀ ਧਿਆਨ ਧਰਦੇ ਹਨ। ਜਦ ਗੁਰਮੁਖ ਆਪਣੇ ਆਪ ਨੂੰ ਨੀਵਾਂ ਜਾਣ ਕੇ ਕਿਸੇ ਦੇ ਪੈਰੀਂ ਪੈਂਦੇ ਹਨ ਤਾਂ ਜੱਗ ਉਨ੍ਹਾਂ ਦੇ ਚਰਨਾਂ ਉਪਰ ਆ ਢਹਿੰਦਾ ਹੈ।

----

## ਵਾਰ 6

*ਪਉੜੀ 7 (ਗੁਰਮੁਖ-ਰਹਿਣੀ)*

ਗੁਰ ਉਪਦੇਸ ਅਦੇਸ ਕਰਿਪੈਰੀ ਪੈ ਰਹਰਾਸਿ ਕਰੰਦੇ।
ਚਰਣ ਸਰਣਿ ਮਸਤਕੁ ਧਰਨਿ ਚਰਨ ਰੇਣੁ ਮੁਖਿ ਤਿਲਕ ਸੁਹੰਦੇ।
ਭਰਮ ਕਰਮ ਦਾ ਲੇਖੁ ਮੇਟਿ ਲੇਖੁ ਅਲੇਖ ਵਿਸੇਖ ਬਣੰਦੇ।
ਜਗਮਗ ਜੋਤਿ ਉਦੋਤੁ ਕਰਿ ਸੂਰਜ ਚੰਦ ਨ ਲਖ ਪੁਜੰਦੇ।
ਹਉਮੈ ਗਰੁਬ ਨਿਵਾਰਿ ਕੈ ਸਾਧਸੰਗਤਿ ਸਰ ਮੇਲਿ ਮਿਲੰਦੇ।
ਸਾਧਸੰਗਤਿ ਪੂਰਨ ਬ੍ਰਹਮੁ ਚਰਣ ਕਵਲ ਪੂਜਾ ਪਰਚੰਦੇ।
ਸੁਖ ਸੰਪਟਿ ਹੋਇ ਭਵਰ ਵਸੰਦੇ ॥7॥

---

*ਅਦੇਸੁ:ਆਗਿਆ ਹੁਕਮ। ਰਹਰਾਸਿ: ਰਹੁ ਰੀਤੀ ਗੁਰਮਰਿਯਾਦਾ। ਲੇਖ ਅਲੇਖ: ਅਕਾਲ ਪੁਰਖ। ਵਿਸੇਖ: ਵਿਸ਼ੇਸ਼। ਉਦੋਤੁ: ਉਦੇ ਹੋਣਾ ਪ੍ਰਗਟ ਹੋਣਾ। ਰੇਣ: ਧੂੜ। ਪਰਚੰਦੇ: ਪਰਚਦੇ ਹਨ। ਸੰਪਟਿ: ਸੰਪਟ ਪਾਠ ਪਰ ਏਥੇ ਵਾਰ ਵਾਰ ਗੁਰੂ ਨੂੰ ਯਾਦ ਕਰਕੇ। ਭਵਰ: ਭੌਰਾ।*

ਗੁਰਮੁਖ ਲੋਕ ਗੁਰੂ ਦੇ ਉਪਦੇਸ਼ ਵਿਚ ਰਹਿ ਕੇ ਨਿਵ ਕੇ ਲੁਕਾਈ ਦੇ ਪੈਰੀਂ ਪੈਣ ਦੀ ਰੁਹਰੀਤ ਨਿਭਾਉਂਦੇ ਹਨ। ਗੁਰੂ ਦੀ ਸ਼ਰਨ ਵਿਚ ਰਹਿੰਦੇ ਅਤੇ ਚਰਨ ਧੂੜ ਨੂੰ ਮਸਤਕ ਦਾ ਤਿਲਕ ਬਣਾਉਂਦੇ ਹਨ। ਆਪਣੇ ਸਾਰੇ ਕਰਮਾਂ ਅਤੇ ਭਰਮਾਂ ਨੂੰ ਭੁੱਲ ਕੇ ਇਕ ਪ੍ਰਮਾਤਮਾਂ ਦੀ ਹੀ ਭਾਉ ਭਗਤੀ ਕਰਦੇ ਹਨ। ਗੁਰਮੁਖਾਂ ਦੇ ਤੇਜ ਦੀ ਜੋਤ ਨੂੰ ਇਸ ਤਰ੍ਹਾਂ ਜਗਮਗਾਉਂਦੀ ਕਰਦੇ ਹਨ ਕਿ ਲੱਖ ਸੂਰਜ ਅਤੇ ਚੰਦ ਵੀ ਉਸ ਰੌਸ਼ਨੀ ਦੀ ਰੀਸ ਨਹੀਂ ਕਰ ਸਕਦੇ। ਦਿਲ ਵਿਚੋਂ ਕਾਮ ਕ੍ਰੋਧ ਲੋਭ ਮੁਹ ਅਤੇ ਹੰਕਾਰ ਤਿਆਗ ਕੇ ਸਾਧ ਸੰਗਤ ਵਿਚ ਆਪਾ ਗੁਆ ਕੇ ਬੈਠਦੇ ਹਨ। ਸਾਧ ਸੰਗਤ ਵਿਚ ਪੂਰਨ ਬ੍ਰਹਮ ਵਰਤਦਾ ਹੈ ਅਤੇ ਗੁਰਮੁਖ ਲੋਕ ਸਾਧ ਸੰਗਤ ਦੇ ਚਰਨ ਕਮਲਾਂ ਦੀ ਪੂਜਾ ਕਰਦੇ ਹਨ। ਆਪਣੇ ਮਨ(ਸੰਪਟ) ਵਿਚ ਸੁਖਾਂ ਦਾ ਭੰਡਾਰਾ ਭਰ ਕੇ, ਗੁਰੂ ਚਰਨਾਂ ਉਪਰ ਦਿਨ ਰਾਤ ਭੌਰੇ ਵਾਂਗ ਮੰਡਲਾਉਂਦੇ ਹਨ।

----

## ਵਾਰ 6

*ਪਉੜੀ 8 (ਗਿਆਨੀ ਦੇ ਲੱਛਣ)*

ਗੁਰ ਦਰਸਨੁ ਪਰਸਣੁ ਸਫਲੁ ਛਿਅ ਦਰਸਨੁ ਇਕ ਦਰਸਨੁ ਜਾਣੈ।
ਦਿਬ ਦਿਸਟਿ ਪਰਗਾਸੁ ਕਰਿ ਲੋਕ ਵੇਦ ਗੁਰ ਗਿਆਨੁ ਪਛਾਣੈ।
ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।
ਪਰ ਧਨੁ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੈ।
ਘਰ ਬਾਰੀ ਗੁਰ ਸਿਖੁ ਹੋਇ ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ।
ਪਾਰਬੈਹਮ ਪੂਰਨ ਬ੍ਰਹਮੁ ਗਿਆਨੁ ਧਿਆਨੁ ਗੁਰਸਿਖ ਸਿ??ਣੈ।
ਸਾਧਸੰਗਤਿ ਮਿਲਿ ਪਤਿ ਪਰਵਾਣੈ ।।8।।

---

*ਦਰਸਨ: ਮੱਤ। ਪਰਸਣ: ਛੂਹਣਾ, ਚਰਨ ਫੜ੍ਹਨੇ। ਦਿਬ-ਦ੍ਰਿਸ਼ਟਿ: ਏਥੇ ਗਿਆਨ ਰੂਪ ਦੈਵੀ ਦ੍ਰਿਸ਼ਟੀ। ਮਕਰੂਹ: ਘਿਰਣਾ, ਨਿੰਦਿਤ ਅਖਾਜ। ਸਿਖਾ: ਬੋਦੀ। ਸੂਤ੍ਰ: ਜਨੇਊ। ਵਿਡਾਣੈ: ਵਿਡੰਬਨਾ ਵਾਲਾ ਜਾਣੈ।*

ਗੁਰੂ ਦਾ ਦਰਸ਼ਨ ਭਾਵ ਗੁਰੂ ਦੇ ਸਨਮੁਖ ਹੋਣਾ ਅਤੇ ਗੁਰੂ ਦੇ ਚਰਨ ਛੂਹਣੇ(ਪਰਸਣ) ਛੇ ਦਰਸ਼ਨ ਭਾਵ ਨਿਆਂ-ਸ਼ਾਸਤਰ, ਮੀਮਾਂਸਾ-ਸ਼ਾਸਤਰ, ਵੇਦਾਂਤ-ਸ਼ਾਸਤਰ, ਸਾਂਖ-ਸ਼ਾਸਤਰ, ਵੈਸ਼ੇਖਕੀ-ਸ਼ਾਸਤਰ ਅਤੇ ਪਾਤੰਜਲ-ਸ਼ਾਸਤਰ ਆਦਿ ਸ਼ਾਸਤਰਾਂ ਦੇ ਪੜ੍ਹਨ ਬਰਾਬਰ ਹੁੰਦੇ ਹਨ ਅਤੇ ਗੁਰੂ ਦੇ ਦਰਸ਼ਨ ਅਤੇ ਪੈਰ ਛੂਹਣੇ ਛੇਆਂ ਮਤਾਂ ਦੇ ਬਰਾਬਰ ਹੁੰਦਾ ਹੈ। ਗੁਰਮੁਖ ਦੈਵੀ ਗਿਆਨ ਨਾਲ ਲੋਕਾਂ ਦੇ ਮਨਾ ਵਿਚ ਗਿਆਨ ਦਾ ਪ੍ਰਕਾਸ਼ ਕਰਕੇ ਅਤੇ ਹੋਰ ਸ਼ਾਸਤਰਾਂ ਵਿਚ ਵੀ ਗੁਰੂ ਦਾ ਗਿਆਨ ਹੀ ਮਹਿਸੂਸ ਕਰਦਾ ਹੈ ਅਤੇ ਗੁਰਮੁਖ ਵਾਸਤੇ ਹੋਰ ਸਭ ਕੂੜਾ ਹੈ। ਗੁਰਮੁਖ ਲੋਕ ਵੇਦ ਤੋਂ ਭਾਂਵ ਲੋਕੋਕਤੀ ਨੂੰ ਲਾਂਭੇ ਰੱਖ ਕੇ ਸ਼ਬਦ ਸੁਰਤ ਦਾ ਗਿਆਨ ਦਸਦਾ ਹੈ ਅਤੇ ਗੁਰੂ ਵਲੋਂ ਦੱਸੇ ਮੱਤ ਭਾਵ ਵਿਚਾਰਾਂ ਦਾ ਵਿਚਾਰ ਕਰਦਾ ਹੈ। ਰਹਿਤ

ਮਰਿਯਾਦਾ ਦਾ ਪੱਕਾ ਭਾਵ ਇਕੋ ਨਾਰੀ ਦਾ ਜਤੀ ਹੁੰਦਾ ਹੈ ਅਤੇ ਪਰਾਈ ਔਰਤ ਨੂੰ ਧੀ ਭੈਣ ਜਾਂ ਮਾਈ ਸਮਝਦਾ ਹੈ। ਜਿਵੇਂ ਪਰਾਇਆ ਧਾਨ ਹਿੰਦੂ ਨੂੰ ਗਊ ਮਾਤਾ ਅਤੇ ਮੁਸਲਮਾਨ ਨੂੰ ਸੂਰ ਵਾਂਗੂ ਨਾ ਖਾਣ ਵਾਲੇ (ਮਕਰੂਹ ਭਾਵ ਬੰਦਸ਼) ਪਦਾਰਥ ਮੰਨਦਾ ਹੈ। ਗ੍ਰਹਿਸਥੀ ਜੀਵਨ ਭਾਵ ਗੁਰੂ ਦੇ ਸਿਖ ਘਰਬਾਰੀ ਹੁੰਦੇ ਹਨ ਉਹ ਸਿਰ ਉਪਰ ਬੋਦੀ ਅਤੇ ਗਲ ਵਿਚ ਸੂਤ ਭਾਵ ਜਨੇਊ ਨੂੰ ਮਲ ਮੂਤਰ ਸਮਝ ਕੇ ਨਹੀਂ ਪਹਿਨਦੇ ਅਤੇ ਆਪਣੀ ਮਨ ਦੀ ਇੱਛਾ ਅਨੁਸਾਰ ਇਨ੍ਹਾਂ ਪਦਾਰਥਾਂ ਦਾ ਪ੍ਰਯੋਗ (ਵਿਡਾਣੈ=ਅਸੰਗ) ਨਹੀਂ ਕਰਦੇ। ਸਿਰਫ ਤੇ ਸਿਰਫ ਇਕ ਸ਼ਬਦ ਸੁਰਤ ਵਿਚ ਹੀ ਆਪਣੀ ਮੁਕਤੀ ਹੋਈ ਸਮਝਦੇ ਹਨ। ਗੁਰਮੁਖ ਇਸੇ ਗਿਆਨ ਧਿਆਨ ਕਰਕੇ ਸਾਰੇ ਪਾਰਬ੍ਰਹਮ ਨੂੰ ਹੀ ਪੂਰਣ ਬ੍ਰਹਮ ਸਮਝਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਅਜਿਹੇ ਗਿਆਨੀਆਂ ਦੀ ਸੰਗਤ ਵਿਚ ਜੇਕਰ ਕੋਈ ਪਾਪੀ ਵੀ ਆ ਜਾਵੇ ਤਾਂ ਉਹ ਵੀ ਸ਼ਬਦ ਗਿਆਨ ਦਾ ਜਾਣੂ ਹੋ ਕੇ ਰੱਬ ਦੇ ਦਰ ਘਰ ਵਿਚ ਪਰਵਾਨਿਆਂ ਜਾਣ ਲਗਦਾ ਹੈ।

----

## ਵਾਰ 6

*ਪਉੜੀ 9 (ਈਸ਼ਵਰੀਯ ਸ਼ਕਤੀ)*

ਗਾਈ ਬਾਹਲੇ ਰੰਗ ਜਿਉ ਖੜੁ ਚਰਿ ਦੁਧੁ ਦੇਨਿ ਇਕ ਰੰਗੀ।
ਬਾਹਲੇ ਬਿਰਖ ਵਣਾਸਪਤਿ ਅਗਨੀ ਅੰਦਰਿ ਹੈ ਬਹੁ ਰੰਗੀ।
ਰਤਨਾ ਵੇਖੈ ਸਭੁ ਕੋ ਰਤਨ ਪਾਰਖੂ ਵਿਰਲਾ ਸੰਗੀ।
ਹੀਰੇ ਹੀਰਾ ਬੇਧਿਆ ਰਤਨ ਮਾਲ ਸਤਿਸੰਗਤਿ ਚੰਗੀ।
ਅੰਮ੍ਰਿਤੁ ਨਦਰਿ ਨਿਹਾਲਿਓਨੁ ਹੋਇ ਨਿਹਾਲੁ ਨ ਹੋਰਸੁ ਮੰਗੀ।
ਦਿਬ ਦੇਹ ਦਿਸ ਧਿਰਸਟਿ ਹੋਇ ਪੂਰਨ ਬ੍ਰਹਮ ਜੋਤਿ ਅੰਗ ਅੰਗੀ।
ਸਾਧਸੰਗਤਿ ਸਤਿਗੁਰ ਸਹਲੰਗੀ ॥9॥

---

*ਖੜੁ: ਘਾਹ। ਦੇਹ: ਉਤਮ ਦੇਹੀ। ਸਹਲੰਗੀ: ਸਾਥੀ ਸੰਬੰਧੀ। ਪਾਰਖੂ: ਪਰਖਣ ਵਾਲਾ।*

ਜਿਵੇਂ ਕਈ ਰੰਗਾਂ ਦੀਆਂ ਗਊਆਂ, ਜਿਵੇਂ ਕਾਲੀ ਪੀਲੀ, ਧੌਲੀ ਆਦਿ ਹੁੰਦੀਆਂ ਹਨ ਪਰ ਘਾਹ ਜਾਂ ਦੱਭ ਖਾ ਕੇ ਦੁੱਧ ਇਕੋ ਚਿੱਟੇ ਰੰਗ ਦਾ ਹੀ ਦਿੰਦੀਆਂ ਹਨ। ਬਨਾਸਪਤੀ ਅੰਦਰ ਕਈ ਪ੍ਰਕਾਰਾਂ ਦੇ ਰੁੱਖ ਹੁੰਦੇ ਹਨ ਪਰ ਜਦ ਉਨ੍ਹਾਂ ਨੂੰ ਬਾਲਿਆਂ ਜਾਂਦਾ ਹੈ ਤਾਂ ਉਨ੍ਹਾਂ ਵਿਚੋਂ ਨਿਕਲੀ ਅੱਗ ਸਿਰਫ ਇਕੋ ਰੰਗ ਦੀ ਹੁੰਦੀ ਹੈ। ਰਤਨਾਂ ਨੂੰ ਦੇਖਣ ਵਾਲੇ ਤਾਂ ਬਹੁਤ ਹੁੰਦੇ ਹਨ ਪਰ ਰਤਨਾਂ ਦਾ ਪਾਰਖੂ ਸਿਰਫ ਕੋਈ ਕੋਈ ਹੀ ਹੁੰਦਾ ਹੈ। ਜਿਨ੍ਹਾਂ ਗੁਰਮੁਖਾਂ ਦਾ ਮਨ ਹੀਰਾ ਹੀਰੇ ਵਰਗੇ ਸ਼ਬਦ ਸੁਰਤ ਨਾਲ ਬੇਧਿਆ ਹੈ, ਉਹ ਗੁਰਮੁਖ ਸਾਧ ਸੰਗਤ ਵਰਗੀ ਰਤਨਾ ਦੀ ਮਾਲਾ ਵਿਚ ਪਰੋਏ ਗਏ ਹਨ। ਉਹ ਗੁਰਮੁਖ ਗੁਰੂ ਦੀ ਨਦਰ ਨਾਲ ਇਸ ਤਰ੍ਹਾਂ ਨਿਹਾਲ ਹੋ ਗਏ ਹਨ ਕਿ ਹੁਣ ਉਨ੍ਹਾਂ ਨੂੰ ਦੁਨੀਆਂ ਦਾ ਕੋਈ ਹੋਰ ਪਦਾਰਥ ਨਹੀਂ ਚਾਹੀਦਾ। ਉਨ੍ਹਾਂ ਦੀ ਦੇਹ

ਅਤੇ ਦ੍ਰਿਸ਼ਟੀ ਦੈਵੀ ਗੁਣਾ ਨਾਲ ਭਰਪੂਰ ਹੋ ਗਈ ਹੈ ਅਤੇ ਲੋਕ ਉਨ੍ਹਾਂ ਦੇ ਦਰਸ਼ਨ ਅਭਿਲਾਸ਼ੀ ਹੋ ਗਏ ਹਨ। ਉਨ੍ਹਾਂ ਗੁਰਮੁਖਾਂ ਦਾ ਅੰਗ ਅੰਗ ਇਕ ਪੂਰਨ ਬ੍ਰਹਮ ਹੀ ਵੇਖਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਦਾ ਸਾਧਸੰਗਤ ਹੀ ਇਕ ਸਕਾ ਸੰਬੰਧੀ ਹੈ।

----

## ਵਾਰ 6

*ਪਉੜੀ 10 (ਗੁਰਮੁਖ-ਧਾਰਨਾ)*

ਸ਼ਬਦ ਸੁਰਤਿ ਲਿਵ ਸਾਧਸੰਗਿ ਪੰਚ ਸ਼ਬਦ ਇਕ ਸ਼ਬਦ ਮਿਲਾਏ।
ਰਾਗ ਨਾਦ ਲਖ ਸਬਦ ਲਖਿ ਭਾਖਿਆ ਭਾਉ ਸੁਭਾਉ ਅਲਾਏ।
ਗੁਰਮਖਿ ਬ੍ਰਹਮ ਧਿਆਨੁ ਧੁਨਿ ਜਾਣੈ ਜੰਤ੍ਰੀ ਜੰਤ੍ਰ ਵਜਾਏ।
ਅਕਥ ਕਥਾ ਵੀਚਾਰਿ ਕੈ ਉਸਤਤਿ ਨਿੰਦਾ ਵਰਜਿ ਰਹਾਏ।
ਗੁਰ ਉਪਦੇਸੁ ਅਵੇਸੁ ਕਰਿ ਮਿਠਾ ਬੋਲਣੁ ਮਨ ਪਰਚਾਏ।
ਜਾਇ ਮਿਲਨਿ ਗੁੜ ਕੀੜਿਆਂ ਰਖੈ ਰਖਣਹਾਰੁ ਲੁਕਾਏ।
ਗੰਨਾ ਹੋਇ ਕੋਲੂ ਪੀੜਾਏ ॥10॥

---

*ਪੰਚ ਸਬਦ: ਜਿਵੇ: ਤੰਤ, ਬ੍ਰਿਤ ਘਨ, ਨਾਦ ਅਤੇ ਸੁਖਿਰ ਆਦਿ। ਅਲਾਏ: ਅਲਾਪਦੇ ਹਨ। ਜੰਤ੍ਰੀ: ਵਜਾਉਣ ਵਾਲਾ। ਜੰਤ੍ਰ: ਬਾਜਾ।ਅਵੇਸੁ: ਪ੍ਰਵੇਸ਼ ਕਰਨਾ। ਧੁਨਿ: ਤਾਰ।*

ਸ਼ਬਦ ਦੇ ਧਿਆਨ ਅੰਦਰ ਗੁਰਮੁਖ ਦੀ ਲਿਵ ਲੱਗੀ ਰਹਿੰਦੀ ਹੈ। ਪੰਜ ਸ਼ਬਦ ਜਿਵੇ: ਤੱਤ, ਬਿੱਤ, ਘਨ, ਨਾਦ ਅਤੇ ਸੁਖਰ ਦੀ ਬਜਾਏ ਗੁਰਮੁਖ ਸਿਰਫ ਇਕ ਵਾਹਿਗੁਰੂ ਜੀ ਦਾ ਜਾਪ ਕਰਦੇ ਹਨ। ਹੋਰ ਰਾਗਾਂ ਅਤੇ ਨਾਦਾਂ ਦੇ ਸੰਬਾਦ ਭਾਵ ਝਗੜੇ ਨੂੰ ਛੱਡ ਕੇ ਇਕ ਪ੍ਰੇਮਾ-ਭਗਤੀ ਹੀ ਕਰਦੇ ਹਨ ਅਤੇ ਪ੍ਰੇਮ ਰਾਗ ਦਾ ਹੀ ਅਲਾਪ ਕਰਦੇ ਹਨ। ਗੁਰਮੁਖ ਲੋਕ ਹੀ ਇਕ ਬ੍ਰਹਮ ਦੇ ਧਿਆਨ ਦੀ ਧੁਨ ਜਾਂ ਤਾਰ ਨੂੰ ਇਸ ਤਰ੍ਹਾਂ ਜਾਣਦੇ ਹਨ। ਜਿਵੇਂ ਵਜੰਤਰੀ ਬਾਜੇ ਦੀ ਧੁਨ ਜਾਣਦਾ ਹੈ। ਗੁਰਮੁਖ ਉਸਤਤ ਨਿੰਦਾ ਨੂੰ ਨੂੰ ਭੁੱਲ ਕੇ ਅਕਥ ਕਥਾ ਦੇ ਵਿਚਾਰ ਵਿਚ ਰਹਿੰਦੇ ਹਨ। ਗੁਰ ਉਪਦੇਸ ਨੂੰ ਧਾਰਨ ਕਰਕੇ ਆਪਣੀ ਰਸਨਾ ਰਾਹੀਂ ਮਿੱਠਾ ਬੋਲ ਬੋਲਕੇ ਸਭ ਦੇ ਮਨਾ ਨੂੰ ਭਉਦੇ ਹਨ। ਗੁਰਮੁਖ ਭਾਵੇਂ ਕਿਧਰੇ ਵੀ ਲੁਕ ਜਾਵੇ ਪਰ ਸ਼ਰਧਾਲੂ ਜਿਵੇਂ ਕੀੜੀਆਂ ਗੁੜ ਨੂੰ ਲੱਭ ਲੈਂਦੀਆਂ ਹਨ ਇਸੇ ਤਰ੍ਹਾਂ ਲੋਕ ਗੁਰਮੁਖ ਨੂੰ ਭਾਲ ਲੈਂਦੇ ਹਨ। ਗੁਰਮੁਖ ਇਕ ਗੰਨੇ ਵਾਂਗ ਹੁੰਦੇ ਹਨ। ਉਹ ਲੋਕਾਂ ਦੇ ਭਲੇ ਵਾਸਤੇ ਦੁਖ ਤਕਲੀਫਾਂ ਉਠਾਉਂਦੇ ਹਨ ਪਰ ਮੂੰਹੋ ਸੀ ਨਹੀਂ ਕਰਦੇ ਭਾਵ ਗੰਨੇ ਵਾਂਗ ਆਪ ਤਾਂ ਵੇਲਣੇ ਵਿਚ ਨਪੀੜੇ ਜਾਂਦੇ ਹਨ ਪਰ ਆਪਣੇ ਮਨ ਵਿਚੋਂ ਰਸੀਲਾਪਨ ਨਹੀਂ ਛੱਡਦੇ।

----

ਵਾਰ 6

*ਪਉੜੀ 11 (ਗੁਰਮੁਖ ਧਾਰਨਾ)*

ਚਰਣ ਕਮਲ ਮਕਰੰਦੁ ਰਸਿ ਹੋਇ ਭਵਰੁ ਲੈ ਵਾਸੁ ਲੁਭਾਵੈ।
ਇੜਾ ਪਿੰਗੁਲਾ ਸੁਖਮਨਾ ਲੰਘਿ ਤ੍ਰਿਬੇਣੀ ਨਿਜ ਘਰਿ ਆਵੈ।
ਸਾਹਿ ਸਾਹਿ ਮਨੁ ਪਵਣ ਲਿਵ ਸੋਹੰ ਹੰਸਾ ਜਪੈ ਜਪਾਵੈ।
ਅਚਰਜ ਰੂਪ ਅਨੂਪ ਲਿਵ ਗੰਧ ਸੁਗੰਧਿ ਅਵੇਸ ਮਚਾਵੈ।
ਸੁਖਸਾਗਰ ਚਰਣਾਰਬਿੰਦ ਸੁਖ ਸੰਪਟ ਵਿਚਿ ਸਹਜਿ ਸਮਾਵੈ।
ਗੁਰਮੁਖਿ ਸੁਖਫਲ ਪਿਰਮ ਰਸੁ ਦੇਹ ਬਿਦੇਹ ਪਰਮ ਪਦੁ ਪਾਵੈ।
ਸਾਧ ਸੰਗਤਿ ਮਿਲਿ ਅਲਖੁ ਲਖਾਵੈ।

---

*ਮਕਰਦੁ:ਸ਼ਹਿਦ, ਏਥੇ ਧੂੜੀ। ਸੁਖਮਨਾ: ਤਿੰਨ ਨਾੜੀਆਂ। ਸੋਹੰ: ਉਹ ਮੈਂ ਹਾਂ। ਹੰਸਾਂ: ਮੈਂ ਉਹ। ਅਵੇਸੁ: ਪਰ੍ਵੇਸ਼ ਕਰਨਾ। ਮਚਾਵੈ: ਸਮਾਉਣਾ। ਚਰਣਾਰਬਿੰਦ: ਚਰਣ ਕਮਲ। ਸੰਪਟ: ਵਾਰ ਵਾਰ, ਡੱਬਾ। ਬਿਦੇਹ: ਦੇਹ ਤੋਂ ਮੁਕਤੀ ਪਾਉਣੀ। ਅਨੂਪ: ਜਿਸ ਵਰਗਾ ਕੋਈ ਹੋਰ ਨਾ ਹੋਵੇ।*

ਜਿਵੇਂ ਭੌਰਾ ਫੁੱਲਾਂ ਵਿਚੋਂ ਰਸ ਲੈਣ ਵਾਸਤੇ ਫੁੱਲ ਦੁਆਲੇ ਮੰਡਲਾਉਂਦਾ ਹੈ ਇਵੇਂ ਗੁਰੂ ਤੋਂ ਗਿਆਨ ਲੈਣ ਵਾਸਤੇ ਗੁਰਮੁਖ ਗੁਰੂ ਦੇ ਚਰਣਾਰਬਿੰਦ ਹੋ ਕੇ ਮੰਡਰਾਉਂਦਾ ਹੈ। ਇੜਾ ਪਿੰਗੁਲਾ ਸੁਖਮਨਾ ਇਹ ਸਰੀਰ ਵਿਚ ਤਿੰਨ ਨਾੜੀਆਂ ਹਨ। ਸਰੀਰ ਵਿਚਜਿਥੇ ਇਹ ਤਿੰਨ ਨਾੜੀਆਂ ਇਕੱਠੀਆਂ ਹੁੰਦੀਆਂ ਹਨ ਉਸ ਥਾਂ ਨੂੰ ਤ੍ਰਿਬੇਣੀ ਆਖਦੇ ਹਨ। ਇੜਾ ਜੋਗੀਆਂ ਨੇ ਮੰਨੀ ਹੋਈ ਇਕ ਨਾੜੀ ਹੈ ਜਿਹੜੀ ਖੱਬੀ ਨਾਸ ਤੋਂ ਲੈ ਕੇ ਕੰਗਰੋੜ ਦੇ ਖੱਬੇ ਪਾਸੇ ਹੁੰਦੀ ਹੋਈ ਦਿਮਾਗ ਵਿਚ ਪਹੁੰਚਦੀ ਹੈ। ਇਸ ਨਾੜੀ ਰਾਹੀਂ ਜੋਗੀ ਲੋਕ ਪ੍ਰਾਣਾਯਾਮ ਦਾ ਅਭਿਆਸ ਕਰਦੇ ਹਨ। ਇਸ ਦਾ ਨਾਮ ਚੰਦਰ-ਨਾੜੀ ਵੀ ਹੈ। ਕਿਉਂਕਿ ਇਸਦਾ ਦੇਵਤਾ ਚੰਦਰਮਾ ਮੰਨਿਆ ਜਾਂਦਾ ਹੈ। ਪਿੰਗੁਲਾ ਹੱਠ ਜੋਗ-ਮੱਤ ਅਨੁਸਾਰ ਸਰੀਰ ਵਿਚ ਤਿੰਨ ਪ੍ਰਧਾਨ ਨਾੜੀਆਂ ਵਿਚੋਂ ਇਕ ਜੋ ਸਰੀਰ ਦੇ ਸੱਜੇ ਨੱਕ ਦੇ ਪਾਸੇ ਹੈ ਕੰਗਰੋੜ ਤੋਂ ਹੁੰਦੀ ਹੋਈ ਦਿਮਾਗ ਵਿਚ ਪਹੁੰਚਦੀ ਹੈ। ਸੁਖਮਨਾ ਨਾੜੀ ਨਾਭੀ ਦੇ ਮੂਲ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤੱਕ ਪਹੁੰਚਦੀ ਹੈ। ਮਨੁਖ ਦੀ ਨਾਭੀ ਅੰਦਰ ਸੁਖਮਨਾ ਨਾੜੀ ਕਮਲ ਦੇ ਫੁੱਲ ਵਾਂਗ ਹੁੰਦੀ ਹੈ। ਇਸ ਕਮਲ ਦੇ ਫੁੱਲ ਨੂੰ ਜੋਗ ਨਾਲ ਉਪਰ ਵੱਲ ਨੂੰ ਖਿੜਾਇਆ ਜਾਂਦਾ ਹੇ ਅਤੇ ਇਸ ਨਾੜੀ ਤੋਂ ਅੱਗੇ ਇਸਦੀਆਂ ਪੰਜ ਹੋਰ ਨਾੜੀਆਂ ਉਪਰ ਵੱਲ ਜਾਂਦੀਆਂ ਹਨ ਅਤੇ ਦਿਮਾਗ ਵਿਚ ਸੰਗਮ ਭਾਵ ਤ੍ਰਿਬੈਣੀ ਕੋਲ ਪਹੁੰਚ ਕੇ ਇਹ ਖੁੰਡੀ ਵਾਂਗ ਗੁਲਾਈ ਬਣਾਉਂਦੀ ਹੈ ਅਤੇ ਇਸ ਦੇ ਸਿਰੇ ਵਿਚੋਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ। ਕਈ ਵਿਦਵਾਨਾਂ ਦਾ ਵਿਚਾਰ ਇਹ ਹੈ ਕਿ ਇਸ ਨਾੜੀ ਰਾਹੀਂਸਾਹ ਚਲਾਉਣ ਨਾਲ ਅਨਹਦ ਸ਼ਬਦ ਸੁਣਾਈ ਦਿੰਦੇ ਹਨ। ਇਸ ਦੇ ਸੱਜੇ ਪਾਸੇ ਪਿੰਗੁਲਾ ਅਤੇ ਖੱਬੇ ਪਾਸੇ ਇੜਾ ਨਾੜੀ ਹੈ। ਇਹ ਨਾੜੀ ਚੰਦਰਮਾ,

ਸੂਰਜ ਅਤੇ ਅਗਨ ਦਾ ਰੂਪ ਹੈ। ਜਦ ਅਭਿਆਸ ਨਾਲ ਇਸ ਅੰਦਰ ਪ੍ਰਾਣ ਚਲਾਈਦੇ ਹਨ ਤਦ ਅਨਹਦ ਸ਼ਬਦ ਸੁਣੀਦਾ ਹੈ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਇਸਦਾ ਨਾਮ ਬ੍ਰਹਮ-ਮਾਰਗ ਅਤੇ ਮਹਾਪੱਥ ਵੀ ਹੈ। ਸਰੀਰ ਵਿਚ ਜਿਥੇ ਇਹ ਤਿੰਨ ਨਾੜੀਆਂ ਇਕੱਠੀਆਂ ਹੁੰਦੀਆਂ ਹਨ ਉਸ ਥਾਂ ਨੂੰ ਤ੍ਰਿਬੇਣੀ ਆਖਦੇ ਹਨ। ਗੰਗਾ ਜਮਨਾ ਅਤੇ ਸਰਸਵਤੀ ਨਦੀਆਂ ਦਾ ਪ੍ਰਯਾਗ ਵਿਚ ਬੰਗਾਲ ਦੇ ਹੁੱਗਲੀ ਜਿਲੇ ਅੰਦਰ ਜਿਥੇ ਸੰਗਮ ਹੁੰਦਾ ਹੈ ਉਸ ਥਾਂ ਨੂੰ ਵੀ ਤ੍ਰਿਬੇਣੀ ਕਹਿੰਦੇ ਹਨ। ਤ੍ਰਿਬੇਣੀ ਹਿੰਦੂਆ ਦਾ ਪਵਿਤਰ ਤੀਰਥ ਅਸਥਾਨ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਲੋਕ ਇਨ੍ਹਾਂ ਤਿੰਨਾਂ ਅਭਿਆਸਾਂ ਨੂੰ ਭੁੱਲ ਕੇ ਗੁਰੂ ਵਲੋਂ ਬਖਸ਼ੇ ਸ਼ਬਦ ਸੁਰਤ (ਨਿਜ ਘਰ) ਨਾਲ ਹੀ ਜੁੜਦੇ ਹਨ ਅਤੇ ਸਵਾਸ ਸਵਾਸ ਆਪਣੇ ਮਨਾਂ ਅਤੇ ਪ੍ਰਾਣਾਂ ਵਿਚ ਸੋਹੰ ਭਾਵ 'ਉਹ ਮੈਂ ਹਾਂ' ਅਤੇ ਹੰਸਾ ਭਾਵ 'ਮੈਂ ਹੀ ਉਹੋ ਹਾਂ' ਆਦਿ ਦੀ ਲਗਨ ਵਿਚ ਵਿਚਰਦੇ ਹਨ। ਪਾਠਕ ਜੀ ਯਾਦ ਰੱਖਣਾ ਕਿ ਸੋਹੰ ਸ਼ਬਦ ਗੁਰਮਤ ਅਨੁਸਾਰ ਵਾਹਿਗੁਰੂ ਸ਼ਬਦ ਵਾਂਗ ਨਹੀਂ ਜਾਣਿਆ ਜਾਂਦਾ ਅਤੇ ਨਾ ਹੀ ਗੁਰਮੁਖ ਵਾਸਤੇ ਇਹ ਗੁਰ-ਮੰਤ੍ਰ ਹੀ ਹੈ। ਸ਼ਬਦ ਸੁਰਤ ਵਿਚ ਲਿਵ ਲਉਣੀ ਐਸੀ ਵਿਲੱਖਣ ਅਸਚਰਜ ਕਰਨ ਵਾਲੀ ਸਥਿੱਤੀ ਹੈ ਜਿਸ ਨਾਲ ਮਨ ਵਿਚ ਸੁਗੰਧੀਆਂ ਫੈਲ ਜਾਂਦੀਆਂ ਹਨ। ਗੁਰਮੁਖਾਂ ਨੂੰ ਗੁਰੂ ਦੇ ਚਰਨਾਂ ਨੂੰ ਲੱਗ ਜੋ ਅਥਾਹ ਸੁਖ ਮਿਲਦਾ ਹੈ, ਉਸੇ ਸੁਖ ਵਿਚ ਗੁਰਮੁਖ ਸਹਿਜ ਨਾਲ ਹੀ ਰਹਿਣ ਲਗਦੇ ਹਨ। ਗੁਰਮੁਖ ਇਸੇ ਪ੍ਰਮਾਤਮਾਂ ਦੇ ਪ੍ਰੇਮ ਰਸ ਨੂੰ ਧਾਰ ਕੇ ਜਦ ਦੇਹ ਤੋਂ ਬਿਦੇਹ ਭਾਵ ਮੁਕਤੀ ਪਾ ਜਾਂਦੇ ਹਨ ਤਦ ਪਰਮਪੱਦ ਤੱਕ ਪਹੁੰਚ ਜਾਂਦੇ ਹਨ। ਸਾਧ ਸੰਗਤ ਵਿਚ ਹਾਜਰੀ ਭਰ ਕੇ ਗੁਰਮੁਖ ਜਿਸ ਪ੍ਰਮਾਤਮਾਂ ਦੀ ਸਿਫਤ ਸਲਾਹ ਕਹੀ ਨਹੀਂ ਜਾ ਸਕਦੀ ਉਸ ਸਿਫਤ ਜਾਂ ਵਡਿਆਈ ਨੂੰ ਸਮਝ ਜਾਂਦੇ ਹਨ।

----

## ਵਾਰ 6

*ਪਉੜੀ 12 (ਹੱਥਾਂ ਦੀ ਸਫਲਤਾ)*

ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ।
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮਤੁ ਪਾਵੈ।
ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ।
ਨਮਸਕਾਰ ਡੰਡਉਤ ਕਰਿ ਗੁਰਭਾਈ ਗਲਿ ਮਿਲਿ ਗਲਿ ਲਾਵੈ।
ਕਿਰਤਿ ਵਿਰਤਿ ਕਰਿਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।
ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।
ਗੁਰ ਸਿਖ ਗੁਰ ਸਿਖ ਪੂਜ ਕੈ ਭਾਇ ਭਗਤ ਭੈ ਭਾਣਾ ਭਾਵੈ।
ਆਪੁ ਗਵਾਇ ਨ ਆਪੁ ਗਣਾਵੈ ॥12॥

---

*ਸਕਥ: ਸਫਲ ਸਕਾਰਥਾ। ਚਰਣਾਮਤੁ: ਚਰਨਾਂ ਦਾ ਅੰਮ੍ਰਿਤ। ਡੰਡਉਤ: ਦੰਡਵਤ, ਅਸ਼ਟਾਂਗ ਪ੍ਰਣਾਮ। ਕਿਰਤਿ: ਕੰਮ। ਵਿਰਤਿ:ਉਪਜੀਵਕਾ। ਅਪਰਸਿ: ਤਿਆਗੀ। ਤਾਲ: ਕੈਂਸੀਆਂ ਆਦਿ ਭਾਵ ਰਿਦਮ।*

ਜਿਹੜੇ ਗੁਰਮੁਖ ਸਾਧ ਸੰਗਤ ਅਤੇ ਗੁਰਾਂ ਦੀ ਸੇਵਾ ਕਰਨ ਵਾਸਤੇ ਪੱਖਾ ਝਲਦੇ ਹਨ, ਲੰਗਰ ਵਾਸਤੇ ਚੱਕੀ ਪੀਹ ਕੇ ਆਟਾ ਤਿਆਰ ਕਰਦੇ ਹਨ, ਗੁਰੂ ਦੇ ਇਸ਼ਨਾਨ ਵਾਸਤੇ ਨਦੀਆਂ ਤੋਂ ਭਰ ਕੇ ਪਾਣੀ ਲਿਆਉਂਦੇ ਹਨ ਅਤੇ ਗੁਰੂ ਦੇ ਪੈਰ ਧੋ ਧੋ ਚਰਣਾਮ੍ਰਿਤ ਮੂੰਹ ਨੂੰ ਲਾਉਂਦੇ ਹਨ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਵੰਡਦੇ ਹਨ। ਮ੍ਰਿਦੰਗ ਅਤੇ ਰਬਾਬ ਆਦਿ ਦੇ ਤਾਲ ਬਜਾ ਕੇ ਗੁਰਬਾਣੀ ਗਉਂਦੇ ਹਨ। (ਸ਼ਿਵ ਦੇ ਤਾਂਣਵ ਨਾਚ ਤੋਂ ਅਖਰ 'ਤ' ਲੈ ਕੇ ਅਤੇ ਪਾਰਵਤੀ ਦੇ ਲਾਸਯ ਨ੍ਰਿਤ ਤੋਂ ਅਖਰ 'ਲ' ਲੈ ਕੇ ਇਹ ਤਾਲ ਸ਼ਬਦ ਬਣਿਆ ਹੈ। ਜਿਸਨੂੰ ਜੋਗੀ ਲੋਕ 'ਕੈਂਸੀਆਂ' ਵੀ ਆਖਦੇ ਸਨ।) ਗੁਰੂ ਅਗੇ ਮੱਥਾਂ ਟੇਕ ਕੇ ਗੁਰਭਾਈਆਂ ਨੂੰ ਆਪਣੀ ਗਲਵੱਕੜੀ ਵਿਚ ਲੈਂਦੇ ਹਨ ਭਾਵ ਸਤਿਕਾਰ ਕਰਦੇ ਹਨ। ਆਪਣੀ ਦਸਾਂ ਨੌਂਹਾਂ ਦੀ ਕਮਾਈ ਨਾਲ ਆਪਣਾ ਘਰਬਾਰ ਚਲਾਉਂਦੇ ਹਨ ਅਤੇ ਦਸਬੰਧ ਕੱਢ ਕੇ ਧਰਮ ਹਿਹਹਤ ਦਾਨ ਦਿੰਦੇ ਹਨ। ਗੁਰੂ ਦੇ ਪਰਸ ਰੂਪ ਚਰਨਾਂ ਨੂੰ ਪਰਸ ਕੇ ਆਪ ਰਹਿਤ ਮਰਿਯਾਦਾ ਭਾਵ ਪਰਾਈ ਇਸਤਰੀ ਅਤੇ ਪਰਾਏ ਧੰਨ ਤੋਂ ਅਪਰਸ ਭਾਵ ਨਹੀਂ ਅਪਣਾਉਂਦੇ ਹਨ। ਗੁਰਮੁਖਾਂ ਅਤੇ ਗੁਰਸਿੱਖਾਂ ਦੇ ਚਰਣ ਪੂਜ ਕੇ ਪ੍ਰੇਮਾ ਭਗਤੀ, ਪ੍ਰਮਾਤਮਾ ਦੇ ਭੈਅ ਅਤੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹਨ। ਆਪਾ ਗੁਆ ਕਰਕੇ ਆਪ ਹੰਕਾਰ ਵਿਚ ਨਹੀਂ ਆਉਂਦੇ। ਅਜਿਹੇ ਗੁਰਮੁਖਾਂ ਦੀ ਕਮਾਈ ਸਫਲ ਹੁੰਦੀ ਹੈ।

----

## ਵਾਰ 6

*ਪਉੜੀ 13 (ਚਰਣ-ਸਫਲਤਾ)*

ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ।
ਗੁਰੂ ਦੁਆਰੈ ਜਾਨਿ ਚਲਿ ਸਾਧਸੰਗਤਿ ਚਲਿ ਜਾਇ ਬਹੰਦੇ।
ਧਾਵਨ ਪਰਉਪਕਾਰ ਨੋ ਗੁਰ ਸਿਖਾ ਨੋ ਖੋਜਿ ਲਹੰਦੇ।
ਦੁਬਿਧਾ ਪੰਥਿ ਨ ਧਾਵਨੀ ਮਾਇਆ ਵਿਚਿ ਉਦਾਸੁ ਰਹੰਦੇ।
ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ।
ਗੁਰ ਸਿਖਾ ਪਰਦਖਣਾ ਪੈਰੀ ਪੈ ਰਹਰਾਸਿ ਕਰੰਦੇ।
ਗੁਰ ਚੇਲੇ ਪਰਚੈ ਪਤਿਜੰਦੇ ॥13॥

---

*ਸਕਾਰਥੇ: ਸਫਲ। ਦੁਬਿਧਾ: ਦੂਈ ਦਵੈਤ, ਦੁਚਿੱਤੀ। ਪਰਦਖਣਾ: ਪਰਕਰਮਾਂ। ਪਰਚੈ: ਜਾਣ ਪਛਾਣ। ਖੋਜਿ: ਢੂੰਡਕੇ। ਧਾਵਨ: ਔਖਾ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਸਮਝਾਉਂਦੇ ਹਨ ਕਿ ਜਿਹੜੇ ਗੁਰਮੁਖ ਗੁਰੂ ਵਲੋਂ ਦੱਸੇ ਸੱਚੇ-ਮਾਰਗ ਉਪਰ ਆਪ ਚਲਦੇ ਹਨ ਅਤੇ ਹੋਰਨਾਂ ਨੂੰ ਇਸ ਸਤ-ਮਾਰਗ ਉਪਰ ਚਲਣ ਵਾਸਤੇ ਪ੍ਰੇਰਤ ਕਰਦੇ ਹਨ। ਗੁਰੂ ਜੀ ਦੇ ਦਰਬਾਰ ਵਿਚ ਜਾ ਕੇ ਸ਼ਬਦ ਸੁਣਨ ਵਾਸਤੇ ਸਾਧ ਸੰਗਤ ਵਿਚ ਲਿਵ ਲਾ ਕੇ ਬੈਠਦੇ ਹਨ। ਧਾਵਨ ਪਰਉਪਕਾਰ ਭਾਵ ਆਪ ਔਖੇ

ਹੋ ਕੇ ਵੀ ਗੁਰੂ ਦੇ ਉਪਦੇਸ਼ਾਂ ਨੂੰ ਬੜੇ ਉਤਸ਼ਾਹ ਨਾਲ ਕਰਦੇ ਹਨ ਅਤੇ ਗੁਰਮੁਖਾਂ ਦੇ ਦਿਲਾਂ ਨੂੰ ਜਾਣ ਕੇ ਸਾਧ ਸੰਗਤ ਵਿਚ ਬੈਠਦੇ ਹਨ। ਕਿਸੇ ਹੋਰ ਧਰਮ ਦੀ ਦੁਬਿਧਾ ਜਾਂ ਦੁਚਿਤੀ ਵਿਚ ਪੈ ਕੇ ਅਨਮਤਾਂ ਦੇ ਦਰ ਘਰ ਵਿਚ ਨਹੀਂ ਜਾਂਦੇ। ਬਹੁਤੀ ਮਾਇਆ ਵੇਖ ਕੇ ਨਾ ਖੁਸ਼ ਹੁੰਦੇ ਹਨ ਅਤੇ ਨਾ ਗਰੀਬੀ ਵਿਚ ਮਨ ਨੂੰ ਡੁਲਾਉਂਦੇ ਹਨ। ਬੰਦਗੀ ਕਰਨ ਵਾਲਿਆਂ ਦੀ ਬੰਦੇ ਤੋਂ ਭਾਵ ਹੰਕਾਰ ਤੋਂ ਮੁਕਤੀ ਮਿਲਦੀ ਹੈ ਅਤੇ ਉਹ ਬੰਦੇ ਵਿਰਲੇ ਹੀ ਹੁੰਦੇ ਹਨ ਜਿਹੜੇ ਇਕ ਪ੍ਰਮਾਤਮਾ ਦੇ ਹੁਕਮ ਵਿਚ ਰਹਿੰਦੇ ਹਨ। ਗੁਰਸਿੱਖਾਂ ਦੀ ਪਰਕਰਮਾਂ ਕਰ ਕੇ ਉਨ੍ਹਾਂ ਦੇ ਚਰਨੀ ਢਹਿ ਕੇ ਨਿਮ੍ਰਤਾ ਭਰੀ ਰਹੁਰੀਤ ਵਿਚ ਮਗਨ ਰਹਿੰਦੇ ਹਨ। ਗੁਰੂ-ਚੇਲੇ ਦੇ ਪ੍ਰੇਮ ਰਸ ਨਾਲ ਆਪਣੇ ਮਨਾਂ ਨੂੰ ਪਰਚਾ ਰਹੇ ਹਨ।

----

## ਵਾਰ 6

*ਪਉੜੀ 14 (ਗੁਰਮੁਖ ਪਰੋਪਕਾਰੀ)*

ਗੁਰਸਿਖ ਮਨਿ ਪਰਗਾਸੁ ਹੈ ਪਿਰਮ ਪਿਆਲਾ ਅਜਰੁ ਜਰੰਦੇ।
ਪਾਰਬ੍ਰਹਮ ਪੂਰਨ ਬ੍ਰਹਮੁ ਬਿਬੇਕੀ ਧਿਆਨੁ ਧਰੰਦੇ।
ਸਬਦ ਸੁਰਤਿ ਲਿਵ ਲੀਣ ਹੋਇ ਅਕਥ ਕਥਾ ਗੁਰ ਸਬਦੁ ਸੁਣੰਦੇ।
ਭੂਤ ਭਵਿਖਹੁੰ ਵਰਤਮਾਨ ਅਬਿਗਤਿ ਗਤਿ ਅਤਿ ਅਲਖ ਲਖੰਦੇ।
ਗੁਰਮੁਖਿਸੁਖਫਲੁ ਅਛਲੁਛਲੁ ਭਗਤਿਵਛਲੁ ਕਰਿਅਛਲੁ ਛਲੰਦੇ।
ਭਵਜਲ ਅੰਦਰਿ ਬੋਹਿਥੈ ਇਕਸ ਪਿਛੇ ਲਖ ਤਰੰਦੇ।
ਪਰਉਪਕਾਰੀ ਮਿਲਨਿ ਹਸੰਦੇ ।।14।।

---

*ਪਿਰਮ ਪਿਆਲਾ: ਪ੍ਰੇਮ ਦਾ ਪਿਆਾਲਲਲਾ। ਅਜਰੁ: ਜੋ ਜਰਿਆ ਨਾ ਜਾਵੇ। ਜਰੰਦੇ:ਜਰਦੇ ਹਨ। ਅਬਿਗਤਿ: ਜਿਸ ਦੀ ਕੋਈ ਗਤੀ ਨਾ ਜਾਣੇ। ਅਛਲੁਛਲੁ: ਛਲੇ ਜਾਣ ਤੋਂ ਰਹਿਤ। ਭਗਤਿਵਛਲੁ: ਪ੍ਰਮਾਤਮਾ ਦੀ ਕਿਰਪਾ ਨਾਲ ਕਾਮਕ ਵਿਸ਼ਿਆ ਤੋਂ ਅਛਲ ਰਹਿੰਦੇ ਹਨ। ਕਰਿਅਛਲੁ: ਨਿਰਲੇਪ ਰਹਿਣਾ। ਬੋਹਿਥੈ: ਜਹਾਜ।*

ਜਿਨ੍ਹਾਂ ਗੁਰਮੁਖਾਂ ਦੇ ਮਨਾਂ ਵਿਚ ਗਿਆਨ ਦਾ ਪ੍ਰਕਾਸ਼ ਹੈ ਉਹ ਗੁਰਮੁਖ ਇਕ ਪ੍ਰਮਾਤਮਾ ਦੇ ਪ੍ਰੇਮ ਵਿਚ ਲੀਨ ਰਹਿਕੇ ਭਾਉ ਭਗਤੀ ਰਸ ਪੀਂਦੇ ਹਨ ਉਹ ਅਜੁ ਵਸਤੂ ਨੂੰ ਜਰ ਜਾਂਦੇ ਹਨ। ਕਿਵੇ ਜਰਦੇ ਹਨ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਉਹ ਗੁਰਮੁਖ ਬ੍ਰਹਮ ਬਿਬੇਕੀ ਪੂਰਣ ਬ੍ਰਹਮ ਪਾਰਬ੍ਰਹਮ ਦਾ ਬੜੇ ਉਤਸ਼ਾਹ ਨਾਲ ਅਤੇ ਚਾਵ੍ਹਾਂ ਨਾਲ ਧਿਆਨ ਧਰਦੇ ਹਨ। ਸ਼ਬਦ ਸੁਰਤ ਨੂੰ ਜਾਣ ਕੇ ਸਮਾਂਧੀ ਭਾਵ ਉਸ ਸ਼ਬਦ ਦੇ ਅਰਥਾਂ ਨੂੰ ਜਾਣ ਕੇ ਮਗਨ ਰਹਿ ਕੇ ਆਪਣੇ ਕੰਨਾਂ ਨਾਲ ਗੁਰਬਾਣੀ ਦੀ ਅਕੱਥ ਕਥਾ ਸੁਣਦੇ ਰਹਿੰਦੇ ਹਨ। ਗੁਰਬਾਣੀ ਦੀ ਕਥਾ ਨੂੰ ਸੁਣਨ ਦੇ ਫਲ ਇਹ ਹਨ ਕਿ ਭੂਤ, ਭਵਿੱਖਤ ਅਤੇ ਵਰਤਮਾਨ ਭਾਵ ਤਿੰਨੇ ਕਾਲਾਂ ਵਿਚ ਜੋ ਅਬਿਗਤ ਭਾਵ ਜਿਸ ਨੂੰ ਲਖਿਆ ਨਹੀਂ ਜਾ ਸਕਦਾ ਪਰ ਉਹ

ਗੁਰਮੁਖ ਸ਼ਬਦ ਦੇ ਆਸਰੇ ਲੱਭ ਲੈਂਦੇ ਹਨ। ਅਜਿਹੇ ਗੁਰਮੁਖਾਂ ਨੂੰ ਆਤਮ ਸੁਖ-ਫਲ ਦੀ ਪ੍ਰਾਪਤੀ ਹੋ ਜਾਣ ਕਾਰਨ ਉਹ ਕਾਮ ਕ੍ਰੋਧ ਲੋਭ ਮੁਹ ਅਤੇ ਹੰਕਾਰ ਵਲੋਂ ਛਲੇ ਨਹੀਂ ਜਾਂਦੇ ਭਾਵ ਉਹ ਇੰਦਰੀਆਂ ਤੋਂ ਵਿਸ਼ੈ ਰਹਿਤ ਰਹਿੰਦੇ ਹਨ। ਜਿਵੇਂ ਜਹਾਜ ਵਿਚ ਬੈਠ ਕੇ ਹਜਾਰਾਂ ਲੋਕ ਸਮੁੰਦਰ ਪਾਰ ਕਰ ਜਾਂਦੇ ਹਨ ਇਸੇ ਤਰ੍ਹਾਂ ਇਕ ਸ਼ਬਦ ਸੁਰਤ ਨੂੰ ਮਨ ਵਿਚ ਧਾਰ ਕੇ ਲੱਖਾਂ ਲੋਕ ਭਵਜਲ ਤੋਂ ਪਾ ਰਹੋ ਜਾਂਦੇ ਹਨ। ਅਜਿਹੇ ਪਰਉਪਕਾਰੀ ਗੁਰਮੁਖ ਹਮੇਸ਼ਾ ਖਿੜੇ ਮੱਥੇ ਨਾਲ ਸਭ ਨੂੰ ਮਿਲਦੇ ਹਨ।

----

## ਵਾਰ 6

*ਪਉੜੀ 15 (ਘਰ ਬਾਰੀ ਸਿੱਖ ਦੀ ਰਹਿਣੀ)*

ਬਾਵਨ ਚੰਦਨ ਆਖੀਐ ਬਹਲੇ ਬਿਸੀਅਰੁ ਤਿਸੁ ਲਪਟਾਹੀ।
ਪਾਰਸੁ ਅੰਦਰਿ ਪਥਰਾ ਪਥਰ ਪਾਰਸੁ ਹੋਇ ਨ ਜਾਹੀ।
ਮਣੀ ਜਿਨਾਂ ਸਪਾਂ ਸਿਰੀ ਓਇ ਭਿ ਸਪਾਂ ਵਿਚਿ ਫਿਰਾਹੀ।
ਲਹਰੀ ਅੰਦਰਿ ਹੰਸੁਲੇ ਮਾਣਕ ਮੋਤੀ ਚੁਗਿ ਚੁਗਿ ਖਾਹੀ।
ਜਿਉਂ ਜਲਿ ਕਵਲ ਅਲਿਪਤੁ ਹੈ ਘਰਿਬਾਰੀ ਗੁਰਸਿਖਿ ਤਿਵਾਹੀ।
ਆਸਾ ਵਿਚਿ ਨਿਰਾਸੁ ਹੋਇ ਜੀਵਨੁ ਮੁਕਤਿ ਜੁਗਤਿਜੀਵਾਹੀ।
ਸਾਧ ਸੰਗਤਿ ਕਿਤੁ ਮਹਹਿ ਸਾਲਾੱਹੀ ॥1515॥

---

*ਬਾਵਨ ਚੰਦਨ: ਚਿੱਟੇ ਚੰਦਨ ਦਾ ਦਰੱਖਤ ਜਿਹਦਾ ਮੂਲ 'ਵਾਮ' ਹੈ ਭਾਵ ਬਵੰਜਾ ਉਂਗਲੀਆਂ ਉਚਾ ਇਹ ਬੂਟਾ ਹੁੰਦਾ ਹੈ। ਬਹਲੇ: ਬਹੁਤੇ। ਬਿਸੀਅਰ: ਜ਼ਹਿਰੀਲੇ ਸੱਪ। ਲਪਟਾਹੀ: ਚਿੰਬੜੇ ਹੋਏ। ਜੀਵਾਹੀ: ਜੀਉਂਦੇ ਹਨ।*

ਚੰਦਨ ਰੁਖ ਇਕ ਝਾਂੜੀ ਦੀ ਤਰ੍ਹਾਂ ਹੁੰਦਾ ਹੈ ਅਤੇ ਪੁਰਾਣੇ ਸਮਿਆਂ ਵਿਚ ਵਿਦਵਾਨਾਂ ਨੇ ਚੰਦਨ ਦੇ ਰੁੱਖ ਨੂੰ ਬਾਵਨ ਚੰਦਨ ਦਾ ਨਾਮ ਦਿਤਾ ਹੋਇਆ ਸੀ ਭਾਵ ਕਿ ਚੰਦਨ ਦਾ ਰੁੱਖ ਬਵੰਜਾਂ ਉਂਗਲੀਆਂ ਉਚਾ ਹੁੰਦਾ ਹੈ। ਬਾਵਨ ਚੰਦਨ ਜਿਸ ਉਪਰ ਬਹੁਤ ਸਾਰੇ ਜ਼ਹਿਰੀਲੇ ਸੱਪ ਲਿਪਟੇ ਹੋਏ ਹੁੰਦੇ ਹਨ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਉਹ ਚੰਦਨ ਦਾ ਰੁੱਖ ਸੱਪਾਂ ਦੇ ਜ਼ਹਿਰੀਲੇਪਨ ਨੂੰ ਗ੍ਰਹਿਣ ਕਰਕੇ ਆਪਣੀ ਮਹਿਕ ਨਹੀਂ ਛਡਦਾ। ਪਾਰਸ ਭਾਵੇਂ ਪੱਥਰਾਂ ਵਿਚ ਹੀ ਰਹਿੰਦਾ ਹੈ ਪਰ ਉਹ ਪੱਥਰ ਨਹੀਂ ਬਣਦਾ। ਜਿਨ੍ਹਾਂ ਸੱਪਾਂ ਦੇ ਸਿਰਾਂ ਵਿਚ ਮਣੀਆਂ ਹਨ ਉਹ ਵੀ ਸੱਪਾਂ ਵਿਚ ਹੀ ਰਹਿੰਦੇ ਹਨ ਪਰ ਆਪਣੀ ਮਣੀ ਨੂੰ ਗੁਆਉਂਦੇ ਨਹੀਂ ਹਨ। ਭਾਵ ਸਤਿਸੰਗੀ ਲੋਕ ਕਦੇ ਵੀ ਕੁਸੰਗੀਆਂ ਦਾ ਗੁਣ ਕਦੇ ਨਹੀਂ ਧਾਰਦੇ ਹੁੰਦੇ। ਮਾਨਸਰੋਵਰ ਝੀਲ ਜਿਹੜੀ ਸੁਮੇਰ ਪ੍ਰਬਤ ਵਿਖੇ ਹੈ। ਇਤਹਾਸ ਦਸਦਾ ਹੈ ਕਿ ਮਾਨਸਰੋਵਰ ਝੀਲ ਵਿਚ ਪਾਰਵਤੀ ਅਤੇ ਸ਼ਿਵ ਜੀ ਇਸ਼ਨਾਨ ਕਰਿਆ ਕਰਦੇ ਸਨ। ਮਾਨਸਰੋਵਰ ਝੀਲ ਦੀਆਂ ਲਹਿਰਾਂ ਵਿਚੋਂ ਹੰਸ ਸਿਰਫ ਮੋਤੀ ਹੀ ਚੁਗਦੇ ਹਨ। ਜਿਵੇਂ ਚਿੱਕੜ ਵਰਗੇ ਪਾਣੀ ਵਿਚ ਕਮਲ

ਦਾ ਫੁੱਲ ਹਮੇਸ਼ਾ ਸੂਰਜ ਵੱਲ ਧਿਆਨ ਧਰਦਾ ਹੈਅਤੇ ਗੰਦਗੀ ਵਗੈਰਾ ਗ੍ਰਹਿਣ ਨਹੀਂ ਕਰਦਾ। ਕਿ ਇਸੇ ਤਰ੍ਹਾਂ ਗੁਰਮੁਖ ਗ੍ਰਹਿਸਤ ਵਿਚ ਰਹਿ ਕੇ ਵੀ ਸ਼ਬਦ ਸੁਰਤ ਦਾ ਧਿਆਨ ਨਹੀਂ ਛੱਡਦਾ। ਕਈ ਪ੍ਰਕਾਰ ਦੀਆਂ ਆਸਾਂ ਭਾਵ ਸੁਬਿਧਾਵਾਂ ਹੁੰਦਾ ਹੋਇਆ ਵੀ ਪ੍ਰਮਾਤਮਾ ਦੇ ਨਾਮ ਸਿਮਰਨ ਕਰਦਾ ਹੈ। ਆਪਣੀਆਂ ਸੰਸਾਰਕ ਖੁਸ਼ੀਆਂ ਨੂੰ ਵਿਸਾਰ ਕੇ ਭਾਵ ਕਿਸੇ ਨਿਰਾਸਾਂ ਵਿਚ ਆਪਣਾ ਜੀਵਨ ਬਤੀਤ ਕਰਦਾ ਹੈ। ਗੁਰਮੁਖ ਲੋਕ ਸੋਚਦੇ ਹਨ ਕਿ ਉਹ ਕਿਹੜੇ ਮੂੰਹ ਨਾਲ ਸਾਧ ਸੰਗਤ ਦੀ ਮਹਿਮਾਂ ਕਰਨ।

----

## ਵਾਰ 6

*ਪਉੜੀ 16 (ਸਤਿਗੁਰ ਅਤੇ ਸਿਖ ਉਸਤੁਤਿ)*

ਧੰਨੁ ਧੰਨੁ ਸਤਿਗੁਰ ਪੁਰਖੁ ਨਿਰੰਕਾਰਿ ਆਕਾਰੁ ਬਣਾਇਆ।
ਧੰਨੁ ਧੰਨੁ ਸਤਿਗੁਰ ਸਿਖਸੁਣਿ ਚਰਣਿਸਰਣਿ ਗੁਰਸਿਖ ਜੁਆਇਆ।
ਗੁਰਮੁਖ ਮਾਰਗੁ ਧੰਨੁ ਹੈ ਸਾਧਸੰਗਤਿ ਮਿਲਿ ਸੰਗੁ ਚਲਾਇਆ।
ਧੰਨੁ ਧੰਨੁ ਸਤਿਗੁਰ ਚਰਣ ਧੰਨੁ ਹੈ ਧੰਨੁ ਧੰਨੁ ਗੁਰਸਿਖ ਪਰਸਣਿ ਆਇਆ।
ਭਾਉ ਭਗਤਿ ਗੁਰਸਿਖ ਵਿਚਿ ਹੋਇ ਦਇਆਲੁ ਗੁਰੁ ਮੁਹਿ ਲਾਇਆ।
ਗੁਰਮਤਿ ਦੂਜਾ ਭਾਉ ਮਿਟਾਇਆ ।।16।।

---

*ਆਕਾਰੁ: ਸਰੂਪ। ਮਾਰਗੁ: ਰਸਤਾ। ਪਰਸਣਿ: ਛੂਹਣਾ ਭਾਵ ਮੇਲ ਕਰਨਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਉਹ ਸਤਿਗੁਰ ਧੰਨ ਹਨ ਜਿਨ੍ਹਾਂ ਦਾ ਦਾ ਸਰੂਪ ਇਕ ਅਕਾਲ ਪੁਰਖ ਨੇ ਬਣਾਇਆ ਹੈ। ਗੁਰੂ ਦਾ ਉਹ ਸਿੱਖ ਵੀ ਧੰਨ ਧਮਨ ਹੈ ਜਿਹੜਾ ਸ਼ਬਦ ਸੁਰਤ ਨੂੰ ਪ੍ਰਾਪਤ ਕਰਕੇ ਸਾਧ ਸੰਗਤ ਵਿਚ ਆਉਂਦਾ ਹੈ। ਉਨ੍ਹਾਂ ਗੁਰਮੁਖਾਂ ਦਾ ਜੀਵਨ ਵੀ ਧੰਨ ਹੈ ਜਿਨ੍ਹਾਂ ਨੇ ਸਾਧ ਸੰਗਤ ਵਿਚ ਗੁਰਬਾਣੀ ਦੇ ਸ਼ਬਦ ਦੀ ਚਰਚਾ ਛੇੜੀ ਹੈ। ਸਤਿਗੁਰਾਂ ਦੇ ਚਰਨ ਵੀ ਧੰਨ ਧੰਨ ਹਨ ਅਤੇ ਉਨ੍ਹਾਂ ਚਰਨਾਂ ਉਪਰ ਆਪਣਾ ਮੱਥਾ ਘਸਾਉਣ ਵਾਲੇ ਵੀ ਧੰਨ ਧੰਨ ਹਨ। ਸਤਿਗੁਰ ਦਰਸ਼ਨ ਵੀ ਧੰਨ ਧੰਨ ਹਨ ਅਤੇ ਉਹ ਗੁਰਮੁਖ ਵੀ ਧੰਨ ਧੰਨ ਹਨ ਜਿਹੜੇ ਸਾਧ ਸੰਗਤ ਕਰਦੇ ਹਨ। ਜਿਨ੍ਹਾਂ ਗੁਰਮੁਖਾਂ ਅੰਦਰ ਗੁਰੂ ਪਰਥਾਇ ਪ੍ਰੇਮਾਂ-ਭਾਵ ਹੈ ਗੁਰੂ ਜੀ ਨੇ ਉਨ੍ਹਾਂ ਨੂੰ ਹੀ ਮੂੰਹ ਲਾਇਆ ਹੈ ਭਾਵ ਗੁਰ ਮੰਤਰ ਦਿਤਾ ਹੈ। ਇਹ ਗੁਰ ਮੰਤਰ ਹੀ ਜਿਸ ਨਾਲ ਉਸਦੇ ਮਨ ਵਿਚ ਵਸੀ ਦੁਰਬੁੱਧੀ, ਦੁਬਿਧਾ ਅਤੇ ਦੂਈ ਦਵੈਤ ਮਿਟਾ ਦਿਤੀ ਹੈ।

----

## ਵਾਰ 6

*ਪਉੜੀ 17 (ਸਫਲ ਸਮੇਂ)*

ਧੰਨੁ ਪਲੁ ਚਸਾ ਘੜੀ ਪਹਰੁ ਧੰਨੁ ਧੰਨੁ ਥਿਤਿ ਸੇ ਵਾਰ ਸਭਾਗੇ।
ਧੰਨੁ ਧੰਨੁਦਿਹੁ ਰਾਤਿ ਹੈ ਪਖੁ ਮਾਹ ਮਾਹ ਰੁਤਿ ਸੰਮਤਿ ਜਾਗੇ।
ਧੰਨੁ ਅਭੀਚੁ ਨਿਛਤਰੁ ਹੈ ਕਾਮੁ ਕ੍ਰੋਧ ਅਹੰਕਾਰੁ ਤਿਆਗੇ।
ਧੰਨੁ ਧੰਨੁ ਸੰਜੋਗੁ ਹੈ ਅਠਸਠਿ ਤੀਰਥ ਰਾਜ ਪਿਰਾਗੇ।
ਗੁਰੂ ਦੁਆਰੇ ਆਇ ਕੈ ਚਰਣ ਕਵਲ ਰਸ ਅੰਮ੍ਰਿਤੁ ਪਾਗੇ।
ਗੁਰ ਉਪਦੇਸੁ ਅਵੇਸੁ ਕਰਿ ਅਨਭੈ ਪਿਰਮ ਪਿਰੀ ਅਨੁਰਾਗੇ।
ਸਬਦਿ ਸੁਰਤਿ ਲਿਵ ਸਾਧਸੰਗਿ ਅੰਗਿ ਅੰਗਿ ਇਕ ਰੰਗਿ ਸਮਾਗੇ।
ਰਤਨੁ ਮਾਲੁ ਕਰਿ ਕਚੇ ਧਾਗੇ ।।17।।

---

*ਅੱਖ ਦੀ ਝਮਕ: ਨਿਮਖ। 15 ਵਾਰ ਅੱਖ ਝਮਕਣਾ ਇਕ ਵਿਸਵਾ। ਚਸਾ: 15 ਵਿਸਵੇ ਇਕ ਚਸਾ। ਪਲ: 30 ਚਸਿਆਂ ਦਾ ਇਕ ਪਲ। ਘੜੀਆ: 60 ਪਲ ਦੀ ਇਕ ਘੜੀ। ਪਹਰਿ: ਸਾਢੇ ਸੱਤ ਘੜੀਆਂ ਇਕ ਪਹਿਰ।*

ਥਿਤ ਵਾਰ: ਪੰਦਰਾਂ ਦਿਨ ਇਕ ਥਿੱਤ ਵਾਰ। ਪਖ: ਪਾਸਾ, ਭਾਵ ਰਾਤ, ਮਾੜਾ। ਛਿਅ ਰੁਤੀ: ਛੇ ਰੁੱਤਾਂ। (ਜਿਵੇਂ ਚੇਤ-ਵਿਸਾਖ ਮਹੀਨੇ ਵਿਚ ਬਸੰਤ ਰੁੱਤ ਹੁੰਦੀ ਹੈ। ਜੇਠ-ਹਾੜ ਸਮੇਂ ਗਰਮੀ ਹੁੰਦੀ ਹੈ। ਸੌਣ-ਭਾਦੋਂ ਬਰਸਾਤ ਹੁੰਦੀ ਹੈ। ਅੱਸੂ-ਕਤਕ ਸਮੇਂ ਸਰਦੀ ਹੁੰਦੀ ਹੈ। ਮਾਘ-ਫੱਗਣ ਦੇ ਮਹੀਨੇ ਵਿਚ ਸ਼ਿਸ਼ਿਰ ਦਾ ਮੌਸਮ ਹੁੰਦਾ ਹੈ। ਇਸ ਤਰ੍ਹਾਂ ਸਾਲ ਵਿਚ ਛੇ ਰੁੱਤਾਂ ਸਿਰਫ ਇਕ ਸੂਰਜ ਦੀ ਤਪਸ਼ ਕਾਰਨ ਹੀ ਹੁੰਦੀਆਂ ਹਨ।) ਛਿਅ ਦਰਸਨ: ਖਟ-ਸ਼ਾਸਤਰ (ਇਨ੍ਹਾਂ ਛੇ ਸ਼ਾਸਤਰਾਂ ਦੇ ਨਾਮ ਭਾਈ ਗੁਰਦਾਸ ਜੀ ਨੇ ਅਗੇ ਲਿਖੇ ਦੀ ਤਰ੍ਹਾਂ ਲਿਖੇ ਹਨ।ਨਿਆਂ-ਸ਼ਾਸਤਰ, ਮੀਮਾਂਸਾ-ਸ਼ਾਸਤਰ, ਵੇਦਾਂਤ-ਸ਼ਾਸਤਰ, ਸਾਂਖ-ਸ਼ਾਸਤਰ, ਵੈਸ਼ੇਖਕੀ-ਸ਼ਾਸਤਰ ਅਤੇ ਪਾਤੰਜਲ-ਸ਼ਾਸਤਰ ਆਦਿ।) ਅਭੀਚ: ਜਿਹੜਾ ਸਾਮਹਣੇ ਹੋ ਕੇ ਜਿੱਤ ਪ੍ਰਾਪਤ ਕਰੇ। ਨਿਛਤਰੁ: ਚੰਗੇ ਨਛੱਤਰਾਂ ਵਾਲਾ। ਅਠਸਠਿ: ਪਿਰਾਗੇ: ਪ੍ਰਯਾਗਰਾਜ ਤੀਰਥ। ਪਾਗੇ: ਪੁੱਗੇ ਹੋਏ। ਅਵੇਸ: ਪ੍ਰਵੇਸ਼। ਅਨਭੈ: ਭੈ ਤੋਂ ਰਹਿਤ। ਪਿਰਮ: ਪਿਆਰੇ ਦਾ ਪ੍ਰੇਮ।ਅਨੁਰਾਗੇ: ਮਗਨਤਾ। ਸਮਾਗੇ: ਸਮਾਏ ਹੋਏ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਧੰਨ ਉਹ ਪਲ, ਚਸਾ ਘੜੀ ਪਹਿਰ ਹੈ ਅਤੇ ਧੰਨ ਧੰਨ ਉਹ ਥਿੱਤਾਂ ਅਤੇ ਵਾਰਾਂ ਹਨ। ਧੰਨ ਧੰਨ ਰਾਤ, ਪੱਖ(ਪੰਦਰਵਾੜਾ, ਾਰਟਨਗਿਹਟਸ) ਮਾਹ ਰੁਤਿ ਸੰਮਤ ਵੀ ਧੰਨ ਹਨ ਜਿਸ ਸਮੇਂ 'ਜਾਗੇ' ਭਾਵ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕੀਤਾ ਹੈ।ਅਭੀਚ: ਜਿਹੜਾ ਸਾਹਮਣੇ ਹੋ ਕੇ ਜਿੱਤ ਪ੍ਰਾਪਤ ਕਰੇ ਜਿਵੇਂ ਉਹ ਗੁਰਮੁਖ ਜਿਹੜੇ ਕਾਮ ਕ੍ਰੋਧ ਲੋਭ ਮੂਹ ਅਤੇ ਹੰਕਾਰ ਨੂੰ ਮਨ ਵਿਚੋਂ ਕੱਢ ਦਿੰਦੇ ਹਨ।ਅਭਿਜਿਤ ਨਛੱਤਰ: ਜੋਤਸ਼ ਅਨੁਸਾਰ ਉਤਰਖਾੜਾ ਨਛੱਤਰ ਦੇ ਪਿਛਲੇ ਚਾਰ ਭਾਗ ਸਹਿਤ ਸ਼ਰਵਣ ਨਛੱਤਰ

ਗੁਰਮੁਖ ਲੋਕ ਹਮੇਸ਼ਾ ਮਿੱਠਾ ਬਚਨ ਬੋਲਦੇ ਹਨ ਪਰ ਜਦੋਂ ਵੀ ਬੋਲਦੇ ਹਨ ਕੁਝ ਬਿਰਥਾ ਨਹੀਂ ਬੋਲਦੇ ਸਿਰਫ ਇਕ ਪ੍ਰਮਾਤਮਾ ਦਾ ਹੀ ਨਾਮ ਜਪਦੇ ਹਨ। ਗੁਰਮੁਖ ਪਾਰਬ੍ਰਹਮ ਦਾ ਧਿਆਨ ਧਰਕੇ ਆਪਣੀ ਅੱਖਾਂ ਨਾਲ ਆਪਣੇ ਆਪ ਦਾ ਖਿਆਲ ਵੀ ਰਖਦੇ ਹਨ। ਗੁਰਮੁਖ ਗੁਰ ਸ਼ਬਦ ਦਾ ਅਲਾਪ ਕਰਦੇ ਹਨ ਅਤੇ ਪੰਜਾਂ ਸ਼ਬਦਾਂ ਨੂੰ (ਜਿਵੇ: ਤੰਤ, ਬ੍ਰਿਤ ਘਨ, ਨਾਦ ਅਤੇ ਸੁਖਿਰ ਆਦਿ।) ਵਿਚ ਹੀ ਗੁਰ-ਮੰਤਰ ਨੂੰ ਆਪਣੀ ਸੁਰਤ ਵਿਚ ਰਖਦੇ ਹਨ। ਗੁਰਮੁਖ ਆਪਣੇ ਹੱਥਾਂ ਨਾਲ ਦਸਾਂ ਨੌਂਹਾਂ ਦੀ ਕ੍ਰਿਤ ਕਰਦੇ ਹਨ ਅਤੇ ਆਪਣਾ ਸੀਸ ਗੁਰ ਚਰਨਾਂ ਉਤੇ ਝੁਕਾਉਂਦੇ ਅਤੇ ਡੰਡੌਤਾਂ ਕਰਦੇ ਹਨ। ਗੁਰਮੁਖ ਆਪਣੇ ਪੈਰਾਂ ਨਾਲ ਰਾਹਾਂ ਨੂੰ ਗਾਹ ਕੇ ਪੂਰਨ ਪ੍ਰਮਾਤਮਾ ਦੇ ਜੱਸ ਗਾਉਣ ਵਾਲੀ ਸੰਗਤ ਕਰਕੇ ਪਰਕਰਮਾਂ ਕਰਦੇ ਹਨ। ਗੁਰਮੁਖ ਖਾਣ ਪਹਿਨਣ ਜੋਗ ਭੋਗ ਅਤੇ ਸੰਜੋਗ ਰਾਹੀ ਮੇਲ ਦੀ ਵਿਧੀ ਨੂੰ ਪਛਾਣਦੇ ਹਨ। ਗੁਰਮੁਖਾ ਦਾ ਰਾਤਾਂ ਨੂੰ ਸੌਣਾ ਹੀ ਇਕ ਤਰ੍ਹਾਂ ਦੀ ਸਮਾਧੀ ਰੂਪ ਹੁੰਦਾ ਹੈ। ਗੁਰਮੁਖ ਆਪਣੇ ਆਪ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਦੇ ਮਨਾ ਵਿਚ ਗੁਰ ਸ਼ਬਦ ਬਿਨ੍ਹਾਂ ਹੋਰ ਕੋਈ ਭੰਨ ਤੋੜ ਭਾਵ ਹੋਰ ਕੋਈ ਸੰਕਲਪ ਨਹੀਂ ਆਉਦਾ। ਗੁਰਮੁਖ ਨੂਮ ਸੰਸਾਰ ਦੇ ਲੋਭ ਮੁਹ ਦੀ ਕੋਈ ਲਹਿਰ ਉਤਸ਼ਾਹਤ ਨਹੀਂ ਕਰਦੀ ਅਤੇ ਉਹ ਘਰਬਾਰੀ ਭਾਵ ਗ੍ਰਹਿਸਥ ਵਿਚ ਜੀਵਨ ਮੁਕਤੀ ਪਾਉਂਦੇ ਹਨ। ਗੁਰਮੁਖ ਸਭ ਨਾਲ ਸਮ-ਦ੍ਰਿਸ਼ਟੀ ਰੱਖਦੇ ਹਨ ਅਤੇ ਉਹ ਵਰ ਅਤੇ ਸਰਾਪ ਦੂਰ ਹੁੰਦੇ ਹਨ।

----

## ਵਾਰ 6

*ਪਉੜੀ 19 (ਗੁਰਮੁਖ ਦੀ ਧਾਰਨਾ)*

ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਜਾਣੈ।
ਸਤਿ ਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣੁ ਪਰਟਵਾਣੈ।
ਚਰਣ ਕਵਲ ਮਕਰੰਦ ਰਸੁ ਪੂਜਾ ਮੂਲੁ ਪਿਰਮ ਰਸੁ ਮਾਣੈ।
ਸਬਦ ਸੁਰਤਿ ਲਿਵ ਸਾਧਸੰਗਿ ਗੁਰ ਕਿਰ.ਪਾ ਤੇ ਅੰਦਰਿ ਆਣੈ।
ਗੁਰਮੁਖਿ ਪੰਥੁ ਅਗੰਮਮੁ ਹੈ ਗੁਰਮਤਿ ਨਿਹਚਲੁ ਚਲਣੁ ਭਾਣੈ।
ਵੇਦ ਕਤੇਬਹੁੰ ਬਾਹਰੀ ਅਕਥ ਕਥਾ ਕਉਣੁ ਆਖਿ ਵਖਾਣੈ।
ਵੀਹ ਇਕੀਹ ਉਲੰਘਿ ਸਿ??ਣੈ ।।19।।

---

*ਮਕਰੰਦ: ਸ਼ਹਿਦ। ਰਸੁ: ਪ੍ਰੇਮ ਰਸ। ਅਗੰਮੁ: ਅਪਹੁੰਚ।*

ਸਤਿਗੁਰ ਸੱਚਾ ਸਰੂਪ ਹੈ। ਗੁਰਮੁਖ ਧਿਆਨ ਦਾ ਆਧਾਰ ਗੁਰੂ ਦੀ ਮੂਰਤ ਨੂੰ ਸਮਝਦਾ ਹੈ। ਸਤਿਨਾਮ ਕਰਤਾ ਪੁਰਖ ਵਾਲਾ ਮੂਲ ਮੰਤਰ ਮਨ ਵਿਚ ਧਾਰ ਕੇ ਸਿਮਰ ਕੇ ਪ੍ਰਮਾਤਮਾ ਦੇ ਦਰ ਘਰ ਪ੍ਰਵਾਨ ਹੁੰਦਾ ਹੈ। ਚਰਨ ਕਮਲਾਂ ਦੇ ਸ਼ਹਿਦ ਵਰਗੇ ਰਸ ਵਿਚ ਮਗਨ ਹੋ ਕੇ, ਪੂਜਾ ਦਾ ਮੂਲ ਸਮਝ ਕੇ ਸਦਾ ਪ੍ਰੇਮ ਰਸ ਮਾਣਦਾ ਹੈ। ਗੁਰੂ ਦੀ ਅਤੇ ਸਾਧ ਸੰਗਤ ਦੀ ਮਿਹਰ ਦੁਆਰਾ ਸ਼ਬਦ ਸੁਰਤ ਦੀ ਪ੍ਰੀਤ ਅੰਦਰ ਆਪਣ ਮਨ ਲਗਾਉਂਦਾ ਹੈ। ਗੁਰਮੁਖ ਮਾਰਗ

ਅਗੰਮ ਹੈ ਅਤੇ ਗੁਰਮਤ ਕਰਕੇ ਅਚਲ ਹੋ ਕਰ ਭਾਣੇ ਵਿਚ ਰਹਿੰਦਾ ਹੈ। ਗੁਰਮੁਖ ਵੇਦਾਂ ਅਤੇ ਕਤੇਬਾਂ ਵਿਚ ਆਪਣਾ ਯਕੀਨ ਨਹੀਂ ਰਖਦਾ ਅਤੇ ਪ੍ਰਮਾਤਮਾ ਦੀ ਅਕੱਥ ਕਥਾ ਨੂੰ ਸਮਝਣ ਲਗਦਾ ਹੈ। ਵੀਹ ਇਕੀਹ ਭਾਵ ਗਿਣਤੀਆਂ ਤੋਂ ਪਾਰ ਲੰਘ ਕੇ ਸ਼ਬਦ ਸੁਰਤ ਨੂੰ ਪਛਾਣਦਾ ਹੈ। ਭਾਵ ਜੋ ਬ੍ਰਹਮ ਗਿਆਨੀ ਹੁੰਦਾ ਹੈ ਉਹ ਗੁਰਮੁਖ ਦੇ ਅਗੰਮ ਪੰਥ ਨੂੰ ਸਮਝਦਾ ਹੈ। ਵੀਹ-ਇਕੀਹ: ਜਿਵੇਂ ਵੀਹ ਵਿਸਵੇ ਇਕ ਬਿੱਘਾ ਹੁੰਦਾ ਹੈ। ਇਹ ਗਿਣਤੀ ਠੀਕ ਹੈ ਅਤੇ ਇਸ ਗਿਣਤੀ ਨੂੰ ਸਾਰੇ ਜਾਣਦੇ ਹਨ ਪਰ ਗੁਰਮੁਖ ਇਸ ਗਿਣਤੀ ਤੋਂ ਇਕ ਰੱਤੀ ਉਪਰ ਹੁੰਦੇ ਹਨ ਭਾਵ ਉਹ ਸੰਸਾਰਕ ਝੁਮੇਲਿਆਂ ਵਿਚ ਨਹੀਂ ਪੈਂਦੇ।

----

## ਵਾਰ 6

*ਪਉੜੀ 20 (ਮਨਮੁਖ ਗਤੀ)*

ਸੀਸੁ ਨਿਵਾਏ ਢੀਂਗਲੀ ਗਲਿਬੰਧੇ ਜਲੁ ਉਚਾ ਆਵੈ।
ਘੁਘੂ ਸੁਝੁ ਨ ਸੁਝਈ ਚਕਈ ਚੰਦੁ ਨ ਡਿਠਾ ਭਾਵੈ।
ਸਿੰਮਲ ਬਿਰਖੁ ਨ ਸਫਲੁ ਹੋਇ ਚੰਦਰ ਵਾਸੁ ਨ ਵਾਂਸਿ ਸਮਾਵੈ।
ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।
ਜਿਉ ਥਣਿ ਚੰਬੜਿ ਚਿਚੁੜੀ ਲੋਹੂ ਪੀਐ ਦੁਧੁ ਨ ਖਾਵੈ।
ਸਭ ਅਵਗੁਣ ਮੈ ਤਨਿ ਵਸਨਿ ਗੁਣ ਕੀਤ ਅਵਗੁਣ ਨੋ ਧਾਵੈ।
ਥੋਮ ਨ ਵਾਸੁ ਕਥੂਰੀ ਆਵੈ ॥20॥

---

*ਢੀਂਗਲੀ: ਪਾਣੀ ਕੱਢਣ ਵਾਲੀਆਂ ਟਿੰਡਾ ਜਾਂ ਚਰਸ। ਘੁਘੂ: ਉੱਲੂ। ਸੁਝੁ: ਸੂਰਜ ਨੂੰ।*

ਲੋਕ ਚਰਸ ਦੇ ਗਲੇ ਨਾਲ ਰੱਸਾ ਬੰਨ੍ਹ ਕੇ ਨੀਵਾਂ ਖੂਹ ਵਿਚ ਸੁੱਟਦੇ ਹਨ ਅਤੇ ਉਹ ਖੂਹ ਵਿਚੋਂ ਪਾਣੀ ਨੂੰ ਭਰ ਕੇ ਉਪਰ ਲਿਆਉਦਾ ਹੈ। ਭਾਵ ਚਰਸ ਨੂੰ ਧੱਕੇ ਨਾਲ ਨਿਵਾਇਆ ਜਾਂਦਾ ਹੈ। ਇਸ ਤਰ੍ਹਾਂ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਮਨਮੁਖ ਆਪ ਨਹੀਂ ਨੀਵਾਂ ਹੁੰਦਾ ਪਰ ਉਸਨੂੰ ਸ਼ਬਦ ਸੁਰਤ ਨਿਵਾਉਂਦੀ ਹੈ। ਸਿਆਣੇ ਕਹਿੰਦੇ ਹਨ ਕਿ ਉਲੂ ਨੂੰ ਸੂਰਜ ਨਹੀਂ ਦਿਸਦਾ ਅਤੇ ਚਕਵੀ ਨੂੰ ਚੰਦਰਮਾਂ ਵੇਖਿਆ ਨਹੀਂ ਭਉਂਦਾ। ਸਿੰਬਲ ਦੇ ਰੁੱਖ ਨੂੰ ਫਲ ਨਹੀਂ ਲਗਦੇ ਅਤੇ ਬਾਂਸ ਵਿਚੋਂ ਕਦੇ ਚੰਦਨ ਦੀ ਵਾਸ਼ਨਾ ਨਹੀਂ ਸਮਾਉਂਦੀ। ਸੱਪ ਅਤੇ ਤੁੰਮੇ ਨੂੰ ਭਾਵੇਂ ਦੁੱਧ ਨਾਲ ਪਾਲੀਏ ਪਰ ਸੱਪ ਦੀ ਜ਼ਹਿਰ ਅਤੇ ਤੁੰਮੇ ਵਿਚੋਂ ਕੁੜੱਤਣ ਨਹੀ ਮਰਦੀ। ਗਊ ਦੇ ਥਣ ਕੋਲ ਚਿੱਚੜ ਚਿੰਬੜਦਾ ਹੈ ਪਰ ਉਹ ਦੁੱਧ ਨਹੀ ਪੀਂਦਾ ਸਗੋਂ ਖੂਨ ਚੂਸਦਾ ਹੈ। ਭਾਈ ਗੁਰਦਾਸ ਜੀ ਉਪਦੇਸ਼ ਦਿੰਦੇ ਹਨ ਕਿ ਸਾਰੇ ਅਵਗੁਣ ਮਨੁਖ ਦੇ ਸਰੀਰ ਵਿਚ ਹੁੰਦੇ ਹਨ ਪਰ ਅਸੀਂ ਈਸ਼ਵਰ ਦੇ ਕੀਤੇ ਉਪਕਾਰਾਂ ਨੂੰ ਭੁੱਲ ਕੇ ਅਵਗੁਣਾ ਵੱਲ ਝੱਟ ਦੌੜਦੇ ਹਾਂ। ਜਿਵੇਂ ਥੋਮ ਭਾਵ ਲਸਨ ਵਿਚੋਂ ਕਸਤੂਰੀ ਦੀ ਮਹਿਕ ਨਹੀਂ ਕਦੇ ਆਉਂਦੀ ਇਸ ਤਰ੍ਹਾਂ ਦਾ ਸਾਡਾ ਦਿਲ ਮੋਮ ਨਹੀ ਹੈ। ਅਸੀਂ ਝੱਟ ਮਾੜੇ ਕਾਰਜਾਂ ਵੱਲ ਰੁਚਿੱਤ ਹੋ ਜਾਂਦੇ ਹਾਂ।

----

## ਵਾਰ 7

*ਇਸ ਵਾਰ ਦੀਆਂ 21 ਪੌੜੀਆਂ ਹਨ।*

*ਸਤਿਗੁਰ ਪ੍ਰਸਾਦਿ ॥*

## ਵਾਰ 7

*ਪਉੜੀ 1 (ਮੰਗਲਾਚਰਣ)*

ਸਤਿਗੁਰੁ ਸਚਾ ਪਾਤਸਾਹੁ ਸਾਧਸੰਗਤਿ ਸਚ ਖੰਡ ਵਸਾਇਆ।
ਗੁਰ ਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ।
ਗੁਰਸਿਖ ਸਭੋ ਸਾਧਨਾ ਸਾਧਿ ਸਧਾਇ ਸਾਧੁ ਸਦਵਾਇਆ।
ਚੁਹ ਵਰਣਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ।
ਸਚਹੁ ਉਰੈ ਸਭੁ ਕਿਹੁ ਸਚੁ ਨਾਉ ਗੁਰਮੰਤੁ ਦਿੜਾਇਆ।
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ।
ਸਬਦ ਸੁਰਤਿ ਲਿਵ ਅਲਖੁ ਲਖਾਇਆ ॥1॥

---

*ਸਾਧਿ: ਸਿਧੀ। ਸਧਾਇ: ਸਾਧ ਕੇ। ਗਣਾਇਆ: ਜਣਾਇਆ।*

ਮੰਗਲਾਚਰਣ ਤਿੰਨ ਪ੍ਰਕਾਰ ਦੇ ਲਿਖੇ ਜਾਂਦੇ ਹਨ। ਜਿਵੇਂ ਇਸ ਵਾਰ ਵਿਚ 'ਮੰਗਲਾਚਰਣ' ਸਤਿਗੁਰ ਦੀ ਸਿਫਤ ਪ੍ਰਥਾਇ ਲਿਖਿਆ ਹੈ ਭਾਵ ਜਿਸ ਬਾਰੇ ਅੱਗੇ ਲਿਖਿਆ ਜਾਂਦਾ ਹੈ ਉਸਦੀ ਹੀ ਉਸਤਤ ਅਤੇ ਉਸ ਅਗੇ ਹੀ ਬੇਨਤੀ ਕੀਤੀ ਜਾਂਦੀ ਹੈ। ਜਿਵੇਂ ਇਸ ਪਉੜੀ ਵਿਚ ਪ੍ਰਮਾਤਮਾ ਦੇ ਕਾਰਜ ਲਿਖੇ ਪੜ੍ਹੇ ਜਾਂਦੇ ਹਨ। ਦੂਜੀ ਪ੍ਰਕਾਰ ਦਾ ਮੰਗਲਾਚਰਣ 'ਆਸ਼ੀਰਵਾਦਾਤਮਕ' ਮੰਗਲਾਚਰਣ ਜਿਵੇਂ ਉਸਦੀ ਸਿਫਤ ਅਤੇ ਉਸਨੂੰ ਬੇਨਤੀ ਕਰਨੀ ਹੁੰਦੀ ਹੈ ਕਿ ਜਿਸ ਕੋਲੋਂ ਤੁਹਾਨੂੰ ਆਪਣੇ ਕਲਿਆਨ ਦੀ ਆਸ ਹੋਵੇ। ਤੀਸਰੀ ਪ੍ਰਕਾਰ ਦਾ ਮੰਗ਼ਲਾਚਰਣ 'ਨਮਸਕਾਰਾਤਮਕ' ਹੁੰਦਾ ਹੈ ਵਸਤੂ ਨਿਰਦੇਸ਼ ਮੰਗਲਾਦਰਣ ਜਿਹੜਾ ਇਸ ਪਉੜੀ ਦੇ ਮੁਢ ਵਿਚ ਕੀਤਾ ਗਿਆ ਹੈ। ਇਸ ਵਿਚ ਕਿਸੇ ਨੂੰ ਪ੍ਰਣਾਮ ਕੀਤਾ ਜਾਂਦਾ ਹੈ।

ਸਤਿਗੁਰੂ ਸੱਚਾ ਪਾਤਸ਼ਾਹ ਹੁੰਦਾ ਹੈ, ਜਿਸਨੇ ਸਾਧਸੰਗਤਿ ਨੂੰ ਇਕ ਸਚਖੰਡ ਬਣਾ ਦਿਤਾ ਹੈ ਭਾਵ ਸਾਧ ਸੰਗਤ ਵਿਖੇ ਹਮੇਸ਼ਾ ਸੱਚ ਦੀ ਚਰਚਾ ਹੁੰਦੀ ਹੈ। ਸਾਧ ਸੰਗਤਿ ਵਿਚ ਗੁਰਮੁਖਾਂ ਨੇ ਗੁਰੂ ਦੇ ਸਿਖ ਬਣ ਕੇ ਗੁਰੂ ਦੀ ਸਿਖਿਆ ਅਨੁਸਾਰ ਆਪਾ ਗਵਾ ਕੇ ਸਾਰੀਆਂ ਸਾਧਨਾਵਾਂ ਦੀਆਂ ਸਿਧੀਆਂ ਨੂੰ ਸਾਧ ਕੇ ਭਾਵ ਵਸ ਕਰਕੇ ਆਪਣੇ ਆਪ ਨੂੰ ਸਿਖ ਅਤੇ ਸਰੇਸ਼ਟ ਅਖਵਾਇਆ ਹੈ। ਚਾਰੇ ਵਰਣਾਂ ਨੂੰ ਭਾਵ ਸਾਰੇ ਸੰਸਾਰ ਨੂੰ ਗੁਰ ਸ਼ਬਦ ਸਮਝਾ ਕੇ ਮਾਇਆ ਵਿਚ ਵੀ ਉਦਾਸ ਰਹਿੰਦੇ ਹਨ ਭਾਵ ਬਹੁਤੀ ਮਾਇਆ ਕੋਲ ਰੱਖ ਕੇ ਵੀ ਹੰਕਾਰ ਨਹੀਂ ਕਰਦੇ। ਇਕ ਸੱਚ ਦੇ ਮੁਕਾਬਲੇ ਸਭ ਵਿਚਾਰ ਬਰਾਬਰ ਨਹੀਂ ਹਨ ਅਤੇ ਸੱਚ ਅੰਦਰ

ਹੀ ਸਭ ਕੁਝ ਸਮੋਇਆ ਹੋਇਆ ਹੈ। ਇਸੇ ਵਾਸਤੇ ਗੁਰੂ ਨੇ ਇਕ ਸੱਚ ਦਾ ਮੰਤ੍ਰ ਦ੍ਰਿੜਾ ਕੇ ਸਮਝਾਇਆ ਹੈ ਕਿ ਇਕ ਪ੍ਰਮਾਤਮਾ ਦੇ ਸਭ ਕੁਝ ਵਸ ਵਿਚ ਹੈ, ਜਿਹੜੇ ਗੁਰਮੁਖ ਉਸ ਇਕ ਪ੍ਰਮਾਤਮਾ ਦਾ ਹੁਕਮ ਮੰਨਦੇ ਹਨ ਉਹਨਾਂ ਗੁਰਮੁਖਾਂ ਨੂੰ ਹੀ ਸੱਚ ਬੋਲਣ ਦਾ ਬੱਲ ਆਉਂਦਾ ਹੈ। ਗੁਰ ਸ਼ਬਦ ਭਾਵ ਸ਼ਬਦ-ਸੁਰਤਿ ਵਿਚ ਲੀਨ ਹੋ ਕੇ ਹੀ ਅਲਖ ਨੂੰ ਭਾਵ ਨਾ ਕਹੇ ਜਾਣ ਵਾਲੇ ਦੇ ਭੇਦ 'ਲਖਾਇਆ' ਭਾਵ ਸਮਝਣ ਲਗਦਾ ਹੈ। ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਨੇ ਗਿਣਤੀ 'ਇਕ' ਦੇਮੂਲ ਨੂੰ ਗੁਰਮੁਖਾ ਤਾਈਂ ਸਮਝਾਇਆ ਹੈ।

----

## ਵਾਰ 7

*ਪਉੜੀ 2 (ਦੋ ਦੀ ਗਿਣਤੀ, ਗੁਰਮੁਖ ਮਹਿਮਾ)*

ਸਿਵ ਸਕਤੀ ਨੋ ਸਾਧ ਕੈ ਚੰਦੁ ਸੂਰਜੁ ਦਿਹੁੰ ਰਾਤਿ ਸਧਾਏ।
ਸੁਖ ਦੁਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ।
ਜਨਮ ਮਰਣ ਜੀਵਨੁ ਮੁਕਤਿ ਭਲਾ ਬੁਰਾ ਮਿਤ੍ਰ ਸਤ੍ਰ ਨਿਵਾਏ।
ਰਾਜ ਜੋਗ ਜਣਿ ਵਸਿ ਕਰਿ ਸਾਧਿ ਸੰਜੋਗੁ ਵਿਜੋਗੁ ਰਹਾਏ।
ਵਸਗਤਿ ਕੀਤੀ ਨੀਂਦ ਭੂਖ ਆਸਾ ਮਨਸਾ ਜਿਣੀ ਘਰਿ ਆਏ।
ਉਸਤਤਿ ਨਿੰਦਾ ਸਾਧਿ ਕੈ ਹਿੰਦੂ ਮੁਸਲਮਾਣ ਸਬਾਏ।
ਪੈਰੀ ਪੈ ਪਾ ਖਾਕ ਸਦਾਏ ॥2॥

---

*ਵਸਗਤਿ: ਵਸ ਵਿਚ ਕਰਨਾ। ਖਾਕ: ਚਰਨ ਧੂੜ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਗਿਣਤੀ 'ਦੋ' ਅਨੁਸਾਰ ਦੁਨੀਆਂ ਅੰਦਰ ਜੋ ਜੋ ਜੀ ਅਤੇ ਨਿਰਜੀਵ ਉਪਲੱਬਧ ਹਨ ਉਨ੍ਹਾਂ ਦੀ ਗਣਤੀ ਸਿਖੀ ਸਿਧਾਂਤਾ ਅਨੁਸਾਰ ਸਮਝਾਈ ਹੈ। ਗੁਰਮੁਖਾਂ ਨੇ ਸ਼ਿਵ ਸ਼ਕਤੀ ਭਾਵ ਸਤੋ ਤਮੋ ਉਪਰ ਕਾਬੂ ਪਾ ਕੇ ਸੂਰਜ ਚੰਦ ਅਤੇ ਦਿਹੁੰ ਰਾਤ ਨੂੰ ਵੀ ਸਾਧ ਲਿਆ ਹੈ। ਗੁਰਮੁਖ ਅਜਿਹੀਆਂ ਸਭ ਸ਼ਕਤੀਆਂ ਨਾਲੋਂ ਵੱਧ ਸ਼ਕਤੀਵਾਨ ਬਣ ਜਾਂਦਾ ਹੈ। ਦੁਖ ਸੁਖ ਮਹਿਸੂਸ ਨਹੀਂ ਕਰਦੇ। ਹਰਖ ਸੋਗ ਗੁਰਮੁਖਾਂ ਪਹੁੰਦਾ ਨਹੀਂ ਹੈ। ਨਰਕ ਸੁਰਗ ਵਾਲੀ ਉਨ੍ਹਾਂ ਅੰਦਰ ਆਸ ਮੁੱਕ ਜਾਂਦੀ ਹੈ। ਪੁੰਨ ਪਾਪ ਆਦਿ ਦੇ ਝਗੜਿਆਂ ਵਿਚ ਨਹੀਂ ਪੈਂਦੇ। ਜਨਮ ਮਰਣ ਤੋਂ ਜੀਵਣ ਮੁਕਤ ਹੋ ਗਏ ਹਨ ਭਾਵ ਉਨ੍ਹਾਂ ਨੂੰ ਜਮਦੂਤ ਕੋਲੋਂ ਡਰ ਨਹੀਂ ਲਗਦਾ। ਗੁਰਮੁਖਾਂ ਨੂੰ ਸ਼ਤਰੂਆਂ ਨਾਲ ਈਰਖਾ ਅਤੇ ਮਿਤਰਾਂ ਵੱਲ ਰੁਝਾ ਅਤੇ ਭਲੇ ਕੰਮ ਕਰਦੇ ਹਨ ਅਤੇ ਬੁਰਿਆਂ ਦਾ ਸਾਥ ਨਹੀਂ ਦਿੰਦੇ। ਰਾਜ ਭਾਵ ਗੁਰਮੁਖ ਕਿਸੇ ਉਪਰ ਹੁਕਮ ਨਹੀਂ ਚਲਾਉਂਦੇ ਅਤੇ ਜੋਗ ਭਾਵ ਕੋਈ ਸਾਧਨਾ ਕਰਨ ਨਾਲੋਂ ਸ਼ਬਦ ਸੁਰਤ ਨਾਲ ਜੁੜੇ ਰਹਿੰਦੇ ਹਨ। ਸਾਧ ਅਰਥਾਤ ਭਲੇ ਸੰਜੋਗਾਂ ਦੀ ਆਸ ਨਹੀਂ ਪ੍ਰਗਟਾਉਂਦੇ। ਗੁਰਮੁਖ ਮਨੁਖ ਇਕ ਪ੍ਰਮਾਤਮਾਂ ਦੇ ਪ੍ਰੇਮ ਵਿਚ ਹਮੇਸ਼ਾ ਖੁਸ਼ ਰਹਿੰਦੇ ਹਨ ਅਤੇ ਇਸੇ ਕਰਕੇ ਉਹ ਕਦੇ ਵੀ ਕਿਸੇ ਵਿਯੋਗ ਭਾਵ ਵਿਛੋੜੇ ਬਾਰੇ ਚਿੰਤਾਂ ਨਹੀਂ ਕਰਦੇ। ਗੁਰਮੁਖ ਨਾ ਕਿਸੇ ਦੀ

ਝੂਠੀ ਵਡਿਆਈ ਕਰਦੇ ਹਨ ਅਤੇ ਨਾ ਕਿਸੇ ਦੀ ਨਿੰਦਾਂ ਹੀ ਕਰਦੇ ਹਨ, ਭਾਵ ਉਨ੍ਹਾਂ ਦੇ ਮਨ ਸਾਫ ਹੁੰਦੇ ਹਨ ਅਤੇ ਹਿੰਦੂ ਮੁਸਲਮਾਨ ਆਦਿ ਨਾਲ ਭੇਦ-ਭਾਵ ਨਹੀਂ ਕਰਦੇ ਸਭ ਨੂੰ ਇਕ ਨੂਰ ਤੋਂ ਹੀ ਪ੍ਰਗਟਾਏ ਹੋਏ ਸਮਝਦੇ ਹਨ। ਗੁਰਮੁਖ ਦੁਬੰਦਾਤੀਤ ਹੁੰਦਾ ਹੈ। ਗੁਰਮੁਖ ਮਨੁਖ ਆਪ ਨਿਵਦਾ ਹੈ ਭਾਵ ਕਿਸੇ ਦੇ ਪੈਰੀ ਪੈ ਕੇ ਆਪਣੇ ਆਪ ਨੂੰ ਸਭ ਦੇ ਚਰਨਾਂ ਦੀ ਧੂੜਸਮਝਦਾ ਹੈ। ਇਸ ਤਰ੍ਹਾਂ ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਇਕ ਦੂਜੇ ਦੇ ਦੋ ਵਿਰੋਧੀ ਤਾਕਤਾਂ ਦਾ ਕਾਰਜ ਸਮਝਾਉਂਦੇ ਹਨ।

----

## ਵਾਰ 7

*ਪਉੜੀ 3 (ਤਿੰਨ ਦੀ ਗਿਣਤੀ-ਗੁਰਮੁਖ)*

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ।
ਭੂਤ ਭਵਿਖਹੁ ਵਰਤਮਾਨੁ ਆਦਿ ਮਧਿ ਜਿਣਿ ਅੰਤਿ ਸਿਧਾਏ।
ਮਨ ਬਚ ਕਰਮ ਇਕਤ੍ਰ ਕਰਿ ਜੰਮਣ ਮਰਣ ਜੀਵਣ ਜਿਣਿ ਆਏ।
ਆਧਿ ਬਿਆਧਿ ਉਪਾਧਿ ਸਾਧਿ ਸੁਰਗ ਮਿਰਤ ਪਾਤਾਲ ਨਿਵਾਏ।
ਉਤਮੁ ਮਧਮ ਨੀਚ ਸਾਧਿ ਬਾਲਕ ਜੋਬਨ ਬਿਰਧਿ ਜਿਣਾਏ।
ਇੜਾ ਪਿੰਗੁਲਾ ਸੁਖਮਨਾ ਤ੍ਰਿਕੁਟੀ ਲੰਘਿ ਤ੍ਰਿਬੇਣੀ ਨ੍ਹਾਏ।
ਗੁਰਮੁਖਿ ਇਕੁ ਮਨਿ ਇਕੁ ਧਿਆਏ ॥3॥

---

*ਭਾਇ ਭਗਤੀ: ਪ੍ਰੇਮਾ ਭਗਤੀ। ਸੁਰਤਿ ਨਿਰਤੀ: ਇਕ ਪ੍ਰਕਾਰ ਦਾ ਪ੍ਰੀਤ ਰਸ। ਵਰਤਾਰੇ: ਉਰਮੀਆਂ। ਪਵਣ ਪਰਤੀ: ਮਨ ਦਾ ਉਲਟਣਾ ਜਾਂ ਸਵਾਸਾਂ ਦਾ ਉਲਟਾਣਾ ਆਦਿ। ਵਿਹਾਣਾ: ਲੰਘਿਆ ਹੋਇਆ, ਵਿਹਾਇਆ ਹੋਇਆ। ਧਰਮੁ ਅਰਥ ਸੁ: ਸੁੰਦਰ ਅਰਥ ਭਾਵ ਧੀਰਜ। ਖੇਚਰ: ਸਵਾਸਾਂ ਦਾ ਚੜ੍ਹਾਉਣਾ। ਭੂਚਰ: ਸਵਾਸਾਂ ਦਾ ਠਹਿਰਾਉ। ਚਾਚਰੀ: ਸਵਾਸਾਂ ਦਾ ਉਤਾਰਾ। ਉਨਮਨ: ਤੁਰੀਆ ਪੱਦ। ਬਾਣਾ: ਭੇਖ। ਲੋਕ ਵੇਦ: ਲੋਕਾਂ ਦਾ ਵੇਦ ਭਾਵ ਲੋਕੋਕਤੀ। ਸਿਧਾਏ: ਸਿਧ ਕੀਤਾ, ਠੀਕ ਕੀਤਾ। ਆਧਿ: ਬਿਆਧਿ: ਉਪਾਧਿ: ਤਿੰਨ ਪ੍ਰਕਾਰ ਦੇ ਰੋਗ। ਤ੍ਰਿਕੁਟੀ: ਜੋਗ ਅਭਿਆਸ ਦੀਆਂ ਤਿੰਨ ਨਾੜੀਆਂ ਦੀ ਤ੍ਰਿਕੁਟ,ਤਿੰਨ ਨਾੜੀਆਂ ਇੜਾ ਪਿੰਗੁਲਾ ਅਤੇ ਸੁਖਮਨਾ ਦਾ ਸੰਗਮ ਅਸਥਾਨ ਭਾਵ ਸਹਜ ਅਵਸਥਾ। ਤ੍ਰਿਬੇਣੀ: ਜੋਗ ਅਭਿਆਸ ਵਾਲੀ ਤਿੰਨ ਨਾੜੀਆਂ ਦਾ ਦਿਮਾਗ ਵਿਖੇ ਜਿਥੇ ਸੰਗਮ ਹੁੰਦਾ ਹੈ ਉਸ ਅਸਥਾਨ ਨੂੰ ਤ੍ਰਿਬੇਣੀ ਆਖਦੇ ਹਨ।ਤ੍ਰਿਬੇਣੀ ਸ਼ਬਦ ਤਿੰਨ ਪਦਾਰਥਾਂ ਦਾ ਸੰਗਮ ਜਿਵੇਂ ਪ੍ਰਯਾਗ ਵਿਖੇ ਤਿੰਨ ਨਦੀਆਂ ਗੰਗਾ ਜਮਨਾ ਅਤੇ ਸਰਸਵਤੀ ਮਿਲਦੀਆਂ ਹਨ ਦਾ ਭਾਵ ਵੀ ਬਣਦਾ ਹੈ ਅਤੇ ਇਹ ਹਿੰਦੂਆਂ ਦਾ ਸਭ ਤੋਂ ਸਰੇਸ਼ਟ ਤੀਰਥ ਹੈ। ਜਿਣਿ ਆਏ: ਜਿੱਤ ਕੇ ਆਏ। ਆਧਿ: ਮਾਨਸਿਕ ਦੁਖ ਜਿਵੇਂ ਚਿੰਤਾਂ ਫਿਕਰ ਸੋਚ ਅਤੇ ਰਸ ਜਿਵੇਂ ਰਸ ਨੌਂ ਪਰਕਾਰ ਦੇ ਹੁੰਦੇ ਹਨ। ਰਤਿ, ਹਾਸਸ਼ੋਕ, ਕ੍ਰੋਧ, ਉਤਸ਼ਾਹ, ਭਯ, ਨਿੰਦਾ, ਆਸ਼ਾਰਚਰਯ, ਅਤੇ ਨਿਰਵੇਦ ਸਥਾਈ ਭਾਵਾਂ ਦੀ ਪਰਪੱਕ ਅਵਸਥਾ ਹੀ ਨੌਂ ਰਸ ਜਿਵੇ:*

*ਸ਼ਿੰਗਾਰ, ਹਾਸ, ਕਰੁਣ ਰੌਦ੍ਰ, ਵੀਰ, ਭਿਆਨਕ, ਭਵਿਤਸ, ਅਦਭੁਤ ਅਤੇ ਸ਼ਾਂਤ ਰਸ ਆਦਿ। ਬਿਆਧਿ: ਸੰਤਾਪ, ਪਛਤਾਵਾ ਅਤੇ ਦੁਖ ਦਰਦ ਬਾਰੇ ਸੋਚਣਾ। ਉਪਾਧਿ: ਆਪਣੀ ਪਦਵੀ, ਰੁਤਵਾ ਜਾਂ ਕਿਸੇ ਵਸਤੂ ਦੇ ਉਪਾਉ ਬਾਰੇ ਸੋਚਣਾ ਆਦਿ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਗਿਣਤੀ ਤਿੰਨ ਨੂੰ ਇਸ ਸੰਸਾਰ ਅਤੇ ਮਨੁਖ ਨਾਲ ਵਰਤਣ ਵਾਲੇ ਵਰਤਾਰਿਆਂ ਬਾਰੇ ਦਸਦੇ ਹਨ। ਗੁਰਮੁਖ ਬ੍ਰਹਮਾਂ ਵਿਸ਼ਨੂੰ ਅਤੇ ਸ਼ਿਵ ਆਦਿ ਤਿੰਨਾਂ ਦੇਵਤਿਆਂ ਵਲੋਂ ਵਰੋਸਾਈਆਂ ਪੁਸਤਕਾਂ ਭਾਵ ਵੇਦ ਆਦਿ ਤ੍ਰਿਕੁਟੀਆਂ ਵਿਚ ਯਕੀਨ ਨਹੀਂ ਰਖਦੇ। ਉਹ ਬੀਤ ਚੁੱਕਾ ਸਮਾਂ, ਜਿਸੇ ਸਮੇਂ ਵਿਚ ਹੁਣ ਵਿਚਰ ਰਹੇ ਹਨ ਅਤੇ ਅਉਣ ਵਾਲੇ ਸਮੇਂ ਬਾਰੇ ਚਿੰਤਾਂ ਨਹੀਂ ਕਰਦੇ ਭਾਵ ਗੁਰਮੁਖ ਕਿਸੇ ਕਾਲ ਰਹਿਤ ਹੋ ਕੇ ਸੱਚ ਦੀ ਅਵਸਥਾ ਅੰਦਰ ਗੁਜਰਦੇ ਹਨ ਅਤੇ ਆਦਿ, ਮੱਧ ਅਤੇ ਅੰਤ ਤਿੰਨਾਂ ਅਵਸਥਾਵਾਂ ਵਿਚ ਵਿਚਰ ਕੇ ਸਦਾ ਸੁਖੀ ਰਹਿੰਦੇ ਹਨ। ਮਨ, ਬਚਨ ਅਤੇ ਸਰੀਰ ਆਦਿ ਤਿੰਨੇ ਇਕ ਕਰ ਲਏ ਹਨ। ਜੰਮਣ ਮਰਨ ਅਤੇ ਜੀਉਣ ਦੇ ਮਕਸਦ ਨੂੰ ਸਮਝ ਕੇ ਸਦਾ ਸ਼ਬਦ ਸੁਰਤ ਵੱਲ ਰੁਚਿਤ ਰਹਿੰਦੇ ਹਨ। ਆਧਿ ਜਿਵੇਂ ਮਾਨਸਿਕ ਦੁਖ ਜਿਵੇਂ ਚਿੰਤਾਂ ਫਿਕਰ ਅਤੇ ਸੋਚ ਆਦਿ, ਬਿਆਧਿ: ਸੰਤਾਪ, ਪਛਤਾਵਾ ਅਤੇ ਦੁਖ ਦਰਦ ਬਾਰੇ ਸੋਚਣਾ ਅਤੇ ਉਪਾਧਿ: ਆਪਣੀ ਪਦਵੀ, ਰੁਤਵਾ ਜਾਂ ਕਿਸੇ ਵਸਤੂ ਦੇ ਉਪਾਉ ਬਾਰੇ ਸੋਚਣਾ ਆਦਿ। ਗੁਰਮੁਖ ਇਨ੍ਹਾਂ ਤਿੰਨਾਂ ਤਰ੍ਹਾਂ ਦੇ ਦੁਖਾਂ ਵਲੋਂ ਮੁਕਤ ਹੋ ਕੇ ਸਵੱਰਗ, ਨਰਕ ਅਤੇ ਪੱਤਾਲ ਲੋਕ ਤਿੰਨਾਂ ਲੋਕਾਂ ਅੰਦਰ ਸੁਖੀ ਵਸਦਾ ਹੈ। ਗੁਰਮੁਖ ਉੱਤਮ, ਮੱਧਮ ਅਤੇ ਨੀਚ ਆਦਿ ਤਿੰਨਾਂ ਦਰਜਿਆਂ ਬਾਰੇ ਨਹੀਂ ਸੋਚਦੇ ਸਦਾ ਯਥਾਰਥ ਵਿਚ ਵਸਦੇ ਹਨ ਅਤੇ ਬਚਪਨ, ਜੋਬਨ ਅਤੇ ਬਿਰਧ ਇਨ੍ਹਾਂ ਤਿੰਨਾਂ ਉਮਰਾਂ ਸਮੇਂ ਸਦਾ ਸੁਖ ਫਲ ਚੱਖਦੇ ਹਨ। ਇੜਾ, ਪਿੰਗੁਲਾ ਅਤੇ ਸੁਖਮਨਾ ਪ੍ਰਾਣਾਯਾਮ ਦੀਆਂ ਤਿੰਨਾਂ ਨਾੜੀਆਂ ਭਾਵ ਤ੍ਰਿਕੁਟੀ ਦੇ ਅਭਿਆਸ ਨਾਲੋਂ ਇਕ ਪ੍ਰਮਾਤਮਾਂ ਦੇ ਨਾਮ ਦਾ ਸਿਮਰਣ ਕਰਦੇ ਹਨ ਅਤੇ ਸਹਿਜ ਅੰਦਰ ਇਸ਼ਨਾਨ ਕਰਦੇ ਹਨ। ਗੁਰਮੁਖ ਸਦਾ ਇਕਾਗਰ ਹੋ ਕੇ ਇਕ ਪ੍ਰਮਾਤਮਾ ਦਾ ਧਿਆਨ ਧਰਦੇ ਹਨ।

----

## ਵਾਰ 7

*ਪਉੜੀ 4 (ਚੌਕੜੀ ਦਾ ਵਰਣਨ, ਗੁਰਮੁਖ)*

ਅੰਡਜ ਜੇਰਜ ਸਾਧਿ ਕੈ ਸੇਤਜ ਉਤਭੁਜ ਖਾਣੀ ਬਾਣੀ।
ਚਾਰੇ ਕੁੰਡਾ ਚਾਰਿ ਜੁਗ ਚਾਰਿ ਵਰਨਿ ਚਾਰਿ ਵੇਦੁ ਵਖਾਣੀ।
ਧਰਮੁ ਅਰਥੁ ਕਾਮੁ ਮੋਖੁ ਜਿਣਿ ਰਜ ਤਮ ਸਤ ਗੁਣ ਤੁਰੀਆ ਰਾਣੀ।
ਸਨਕਾਦਿਕ ਆਸਰ੍ਰਮ ਉਲੰਘਿ ਚਾਰਿ ਵੀਰ ਵਸਗਤਿ ਕਰਿ ਆਣੀ।
ਚਉਪੜਿ ਜਿਉ ਚਉਸਾਰ ਮਾਰਿ ਜੋੜਾ ਹੋਇ ਨ ਕੋਇ ਰ?ਾਣੀ।
ਰੰਗ ਬਿਰੰਗ ਤੰਬੋਲ ਰਸ ਬਹੁ ਰੰਗੀ ਇਕੁ ਰੰਗੁ ਨੀਸਾਣੀ।
ਗੁਰਮੁਖਿ ਸਾਧਸੰਗਤਿ ਨਿਰਬਾਣੀ ।।4।।

*ਚਾਰੇ ਕੁੰਡਾ: ਚਾਰੇ ਤਰਫਾਂ ਭਾਵ ਪੂਰਬ, ਪੱਛਮ, ਉਤਰ ਦਖਣ ਆਦਿ।ਚਾਰਿ ਜੁਗ: ਕਲਜੁਗ, ਦੁਆਪਰ, ਤ੍ਰੇਤਾ ਅਤੇ ਸਤਜੁਗ ਆਦਿ। ਚਾਰਿ ਵਰਨਿ: ਜਿਵੇਂ ਬ੍ਰਾਹਮਣ, ਛੱਤਰੀ, ਵੈਸਿ ਅਤੇ ਸੂਦ੍ਰਿ ਆਦਿ। ਚਾਰਿ ਵੇਦ: ਹਿੰਦੂ ਧਰਮ ਦੇ ਪ੍ਰਧਾਨ ਧਰਮ ਗ੍ਰੰਥ ਜਿਵੇਂ ਰਿਗ-ਵੇਦ, ਯਜੁਰ ਵੇਦ, ਸਾਮ ਵੇਦ ਅਤੇ ਅਥਰਵ ਵੇਦ ਆਦਿ।ਤੁਰੀਆ: ਮੌਤ ਰਾਣੀ ਤੁਰੀਆਂ ਸ਼ਬਦ ਦਾ ਅਰਥ ਨਰਸਿੰਗਾਂ ਵੀ ਹੁੰਦਾ ਹੈ ਜਿਹੜਾ ਇਕ ਪਾਸਿਓਂ ਪਤਲਾ ਅਤੇ ਦੂਜੇ ਪਾਸਿਓਂ ਚੌੜੀ ਧਾਤ ਨਾਲ ਬਣਿਆ ਹੁੰਦਾ ਹੈ। ਇਸਦੀ ਵਰਤੋਂ ਲੜਾਈ ਲੜਨ ਵੇਲੇ ਵਜਾਇਆ ਜਾਂਦਾ ਹੈ ਪਰ ਵਰਤਮਾਨ ਵਿਚ ਇਸਦਾ ਪ੍ਰਯੋਗ ਸਾਧਾਂ ਦੇ ਅਖਾੜਿਆਂ ਅਤੇ ਦੇਵੀ ਦੇ ਮੰਦਰਾਂ ਵਿਚ ਵਜਾ ਕੇ ਕੀਤਾ ਜਾਂਦਾ ਹੈ। ਚਾਰ ਖਾਣੀਆਂ: ਅੰਡਜ, ਜੇਰਜ, ਸੇਤਜ ਅਤੇ ਉਤਭੁਜ ਆਦਿ। ਚਾਰ ਬਾਣੀਆਂ: ਪਰਾ ਪਸੰਤੀ, ਮੱਧਮਾਂ ਅਤੇ ਬੈਖਰੀ ਆਦਿ। ਆਸਰਮ: ਚਾਰ ਆਸਰਮ ਆਦਿ। ਵੀਰ: ਚਾਰ ਵੀਰ ਜਿਵੇਂ ਹਨੂਵੰਤ, ਨਰ ਸਿੰਘ, ਭੈਰੋਂ ਅਤੇ ਲੰਕੁੜਾ ਆਦਿ। ਵਸਗਤਿ: ਵਸ ਵਿਚ ਕਰ ਲੈਣਾ। ਚਉਪੜਿ: ਚਪਟਾ ਪਦਾਰਥ ਜਿਸਦੇ ਚਾਰ ਕੋਨੇ ਹੋਣ। ਚਉਸਾਰ: ਚੌਪੜ ਦੇ ਚੁਪਾਸਜਾਂ ਚਾਰ ਪਲੜਿਆ ਵਾਲੀ ਖੇਡ ਜਾਂ ਚਾਰ ਨਰਦਾਂ ਵਾਲੀ ਖੇਡ ਆਦਿ। ਰਾਣੀ: ਮਾਰਦਾ।ਮਾਇਆ ਦੇ ਤਿੰਨ ਗੁਣ ਹੁੰਦੇ ਹਨ ਜਿਵੇ ਰਜੋ ਭਾਵ ਜੋ ਮੁਹ ਅਤੇ ਹੰਕਾਰ ਆਦਿ ਦਾ ਕਾਰਣ ਬਣਦਾ ਹੈ, ਤਮੋ ਭਾਵ ਮਨ ਵਿਚ ਅਗਿਆਨਤਾ ਦਾ ਹਨੇਰਾ ਅਤੇ ਸਤੋ ਜੋ ਸਚ ਹੁੰਦਾ ਅਤੇ ਹਰ ਵਸਤੂ ਪ੍ਰਤੱਖ ਵੇਖਣ ਦਾ ਗੁਣ ਆਦਿ। ਪੰਚਾਇਣ: ਪੰਜ ਪ੍ਰਧਾਨ ਪੁਰਸ਼ਾ ਦਾ ਸਮੂਹ ਜਾਂ ਏਥੇ ਪੰਜ ਤੱਤ। ਪੰਚ ਸ਼ਬਦ: ਅਨਹਦ ਸ਼ਬਦ ਆਦਿ। ਪੰਜ ਬਾਣੀਆਂ: ਜਪੁ, ਜਾਪੁ, ਚੌਪਈ ਸਵੈਯੇ ਅਤੇ ਅਨੰਦ ਸਾਹਿਬ ਜੀ ਆਦਿ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਚਾਰ ਦੀ ਗਿਣਤੀ ਟੱਪ ਕੇ ਗੁਰਮੁਖ ਲੋਕ ਸਹਿਜ ਨੂੰ ਪਹੁੰਚਣ ਵਾਲਿਆਂ ਦਾ ਕਰਮ ਲਿਖਦੇ ਹਨ। ਚਾਰ ਖਾਣੀਆਂ ਜਿਵੇਂ ਅੰਡਜ ਭਾਵ ਅੰਡਿਆਂ ਵਿਚੋਂ ਪੈਦਾ ਹੋਣ ਵਾਲਾ ਜੀਵ, ਜੇਰਜ ਤੋਂ ਭਾਵ ਉਹ ਜੀਵ ਜਿਹੜਾ ਕੁੱਖ ਵਿਚੋਂ ਪੈਦਾ ਹੁੰਦਾ ਹੋਵੇ, ਸੇਤਜ ਤੋਂ ਭਾਵ ਜਿਹੜਾ ਜੀਵ ਪਸੀਨੇ ਕਾਰਨ ਪੈਦਾ ਹੋਵੇ ਜਿਵੇਂ ਜੂੰ ਆਦਿਕ ਅਤੇ ਉਤਭੁਜ ਤੋਂ ਭਾਵ ਜਿਸਦਾ ਜਮੀਨ ਪਾੜ ਕੇ ਅੰਗੂਰ ਆਵੇ ਜਿਵੇਂ ਦਰੱਖਤ ਵੇਲ ਬੂਟੇ ਆਦਿ। ਇਨ੍ਹਾਂ ਚਾਰੇ ਖਾਣੀਆਂ ਤੋਂ ਮਨੁੱਖ ਪਾਰ ਹੋ ਜਾਂਦਾ ਹੈ ਭਾਵ ਆਵਾਗਵਣ ਤੋਂ ਮੁਕਤ ਹੋ ਜਾਂਦਾ ਹੈ। ਚਾਰੇ ਬਾਣੀਆਂ ਜਿਵੇਂ ਪਰਾ ਪਸੰਤੀ, ਮੱਧਮਾਂ ਅਤੇ ਬੈਖਰੀ ਆਦਿ ਅਨੁਸਾਰ ਆਪਣਾ ਜੀਵਨ ਗੁਜਾਰਦਾ ਹੋਇਆ ਸਹਿਜ ਅਵਸਥਾ ਪਾਉਂਦਾ ਹੈ। ਚਾਰੇ ਤਰਫਾਂ ਭਾਵ ਪੂਰਬ, ਪੱਛਮ, ਉਤਰ ਦਖਣ ਆਦਿ। ਚਾਰਿ ਜੁਗ: ਕਲਜੁਗ, ਦੁਆਪਰ, ਤ੍ਰੇਤਾ ਅਤੇ ਸਤਜੁਗ ਆਦਿ। ਚਾਰਿ ਵਰਨਿ: ਜਿਵੇਂ ਬ੍ਰਾਹਮਣ, ਛੱਤਰੀ, ਵੈਸਿ ਅਤੇ ਸੂਦ੍ਰਿ ਆਦਿ।ਚਾਰਿ ਵੇਦ: ਹਿੰਦੂ ਧਰਮ ਦੇ ਪ੍ਰਧਾਨ ਧਰਮ ਗ੍ਰੰਥ ਜਿਵੇਂ ਰਿਗ-ਵੇਦ, ਯਜੁਰ ਵੇਦ, ਸਾਮ ਵੇਦ ਅਤੇ ਅਥਰਵ ਵੇਦ ਆਦਿ। ਇਨ੍ਹਾਂ ਚਾਰੇ ਦਿਸ਼ਾਵਾਂ, ਚਾਰੇ ਜੁਗਾਂ, ਚਾਰੇ ਵਰਣਾਂ, ਚਾਰੇ ਵੇਦਾਂ ਆਦਿ ਨੂੰ ਪਾਰ ਕਰ ਜਾਂਦਾ ਹੈ। ਧਰਮ, ਅਰਥ, ਕਾਮ, ਮੁਕਤੀ ਇਨ੍ਹਾਂ ਚੌਹਾਂ ਪਦਾਰਥਾਂ ਤੋਂ ਮੁਕਤ ਹੋ ਕੇਮਾਇਆ ਦੇ ਤਿੰਨ ਗੁਣ ਹੁੰਦੇ ਹਨ ਜਿਵੇ ਰਜੋ ਭਾਵ ਜੋ ਮੁਹ ਅਤੇ ਹੰਕਾਰ ਆਦਿ ਦਾ

ਕਾਰਣ ਬਣਦਾ ਹੈ, ਤਮੋ ਭਾਵ ਮਨ ਵਿਚ ਅਗਿਆਨਤਾ ਦਾ ਹਨੇਰਾ ਅਤੇ ਸਤੋ ਜੋ ਸਚ ਹੁੰਦਾ ਅਤੇ ਹਰ ਵਸਤੂ ਪ੍ਰਤੱਖ ਵੇਖਣ ਦਾ ਗੁਣ ਆਦਿ ਗੁਰਮੁਖਾਂ ਅੰਦਰ ਬਿਲਕੁਲ ਨਹੀਂ ਹੁੰਦੇ ਅਤੇ ਨਾਲ ਨਾਲ ਮੌਤ ਰਾਣੀ ਕੋਲੋਂ ਵੀ ਗੁਰਮੁਖ ਨੂੰ ਡਰ ਨਹੀਂ ਲਗਦਾ। ਸਨਕਾਦਿਕ ਭਾਵ ਬ੍ਰਹਮਣ ਦੇ ਚਾਰ ਪੁਤਰ ਜਿਵੇਂ ਸਨੰਦਨ, ਸਨਾਤਨ, ਸਨਤ ਅਤੇ ਕੁਮਾਰ ਇਨ੍ਹਾਂ ਦੇ ਚਾਰ ਆਸ਼ਰਮਾਂ ਨੂੰ ਭੀ ਨਹੀਂ ਮੰਨਦੇ। ਚਾਰ ਵੀਰ ਜਿਵੇਂ ਹਨਵੰਤ, ਨਰਸਿੰਘ, ਭੈਰੋਂ ਵੀਰ, ਲੰਕੁੜਾ ਵੀਰ ਅਥਵਾ ਚਾਰ ਭਿਰਾਉ ਜਿਵੇਂ ਰਾਮ, ਲਛਮਨ, ਭਰਤ, ਸ਼ਤਰੂਗਣ ਆਦਿ ਵੀ ਗੁਰਮੁਖ਼ਾਂ ਦੇ ਵਸ ਵਿਚ ਹੁੰਦਾ ਹੈ। ਚੌਪੜ ਦੀ ਖੇਡ ਭਾਵ ਚਾਰੇ ਪਾਸੇ ਜਿੱਤਕੇ ਜੋੜਾ ਹੋਣ ਕਰਕੇ ਫਿਰ ਕੋਈ ਨਹੀਂ ਮਾਰ (ਰ?ਾਣੀ) ਸਕਦਾ। ਇਸ ਕਰਕੇ ਸਾਧ ਸੰਗਤ ਨਾਲ ਮਿਲਕੇ ਗੁਰਮੁਖ ਅਜਿੱਤ ਹੋ ਜਾਂਦਾ ਹੈ। ਤੰਬੋਲ ਦੇ ਕਈ ਰੰਗ ਹਨ ਜਿਵੇਂ ਕੱਥ, ਚੂਨਾ, ਸੁਪਾਰੀ ਅਤੇ ਪਾਨ ਆਦਿ ਇਨ੍ਹਾਂ ਦੇ ਆਪਣੇ ਆਪਣੇ ਰੰਗ ਹਨ ਪਰ ਜਦ ਇਹ ਚਾਰੇ ਇਕੱਠ ਹੋ ਜਾਂਦੇ ਹਨ ਭਾਵ ਪ੍ਰੇਮ ਵਿਚ ਸਮਾਉਂਦੇ ਹਨ ਤਦ ਇਨ੍ਹਾਂ ਦਾ ਰੰਗ ਸਿਰਫ ਲਾਲ ਹੀ ਬਣਦਾ ਹੈ। ਇਸੇ ਤਰ੍ਹਾਂ ਸਾਧ ਸੰਗਤ ਨੂੰ ਮਿਲਕੇ ਗੁਰਮੁਖ ਬ੍ਰਹਮ ਰੂਪ ਹੋ ਜਾਂਦਾ ਹੈ। ਗੁਰਮੁਖ ਸਾਧ ਸੰਗਤ ਕਰਕੇ ਸਦਾ ਨਿਰਵਾਣ ਪੱਦ ਵਿਚ ਰਹਿੰਦੇ ਹਨ।

----

## ਵਾਰ 7

*ਪਉੜੀ 5 (ਪੰਚ ਹਰ ਸੰਖਿਆ-ਗੁਰਮੁਖ)*

ਪਉਣੁ ਪਾਣੀ ਬੈਸੰਤਰੋ ਧਰਧਿ ਅਕਾਸੁ ਉਲੰਘਿ ਪਇਆਣਾ।
ਕਾਮੁ ਕ੍ਰੋਧ ਵਿਰੋਧੁ ਲੰਘਿ ਲੋਭੁ ਮੋਹੁ ਅਹੰਕਾਰੁ ਵਿਹਾਣਾ।
ਸਤਿ ਸੰਤੋਖ ਦਇਆ ਧਰਮੁ ਅਰਥੁ ਸੁ ਗਰੰਥੁ ਪੰਚ ਪਰਵਾਣਾ।
ਖੇਚਰ ਭੂਚਰ ਚਾਚਰੀ ਉਨਮਨ ਲੰਘਿ ਅਗੋਚਰ ਬਾਣਾ।
ਪੰਚਾਇਣ ਪਰਮੇਸਰੋ ਪੰਚ ਸਬਦ ਘਨਘੋਰ ਨੀਸਾਣਾ।
ਗੁਰਮੁਖ ਪੰਚ ਭੂਆਤਮਾ ਸਾਧਸੰਗਤਿ ਮਿਲਿ ਸਾਧ ਸੁਹਾਣਾ।
ਸਹਜ ਸਮਾਧਿ ਨ ਆਵਣ ਜਾਣਾ।

---

*ਪੰਚਾਇਣ: ਪੰਚ ਅਥਵਾ ਸੰਤ ਜਿਸ ਦੇ ਘਰ ਹਨ। ਭੂਆਤਮਾ: ਪੰਚ ਭੂਤਾਂ ਦੀ ਸੂਖਮ ਸਤੋ ਅੰਸ਼ ਤੋਂ ਬਣਿਆ ਹੋਇਆ ਅੰਤਹਕਰਣ ਅਥਵਾ ਮਨ।*

ਸੱਤ ਸਮੁੰਦਰ ਲੰਘ ਕੇ ਹਵਾ ਨਾਲ ਮੱਥਾ ਲਾ ਕੇ, ਅਗਨੀ ਵਿਚ ਸੜ ਕੇ, ਪ੍ਰਿਥਵੀ ਉਪਰ ਰਹਿ ਕੇ, ਆਕਾਸ਼ ਦੀਆਂ ਗੱਲਾਂ ਕਰਕੇ ਗੁਰਮੁਖ ਪੰਜ ਤੱਤਾ ਅਤੇ ਉਨ੍ਹਾਂ ਦੇ ਵਿਸ਼ਿਆਂ ਨੂੰ ਹੰਘਾਲ ਲੈਂਦੇ ਹਨ। ਪੰਜ ਬਲੀ ਜਿਵੇਂ ਕਾਮ ਕ੍ਰੋਧ ਦੇ ਵੈਰ ਵਿਰੋਧ ਤਾਈਂ ਨਹੀਂ ਚਿਤਵਦੇ ਜਿਸ ਕਾਰਨ ਉਨ੍ਹਾਂ ਦਾ ਲੋਭ ਮੁਹ ਅਤੇ ਹੰਕਾਰ ਵੀ ਨਾਸ਼ ਹੋ ਜਾਂਦਾ ਹੈ। ਸਤਿ ਸੰਤੋਖ, ਦਯਾ, ਧਰਮ ਅਤੇ ਧੀਰਜ ਦਾ ਅਭਿਆਸ ਕਰਕੇ ਪ੍ਰਮਾਣੀਕ ਹੋ ਜਾਂਦੇ ਹਨ। ਜੋਗ ਦੀਆਂ ਪੰਜ

ਮੁਦਰਾਵਾਂ ਹੁੰਦੀਆਂ ਜਿਵੇਂ ਇਕ ਖੇਚਰ ਭਾਵ ਸਵਾਸ ਦਾ ਚੜ੍ਹਾਓ, ਭੂਚਰ ਭਾਵ ਸਵਾਸਾਂ ਦਾ ਠਹਿਰਾਓ, ਚਾਚਰੀ ਭਾਵ ਸਵਾਸਾਂ ਦਾ ਉਤਾਰਨਾ, ਉਮਨ ਭਾਵ ਅਰਥਾਤ ਤੁਰੀਆ ਪੱਦ ਪਰਾਪਤ ਕਰਨਾ ਅਤੇ ਪੰਜਵੀ ਅਗੋਚਰ ਭਾਵ ਕਿਸੇ ਵੀ ਇੰਦਰੀ ਨਾਲੋਂ ਅਪਰਸ਼ ਰਹਿਣਾ। ਮਨ ਦੀ ਇੱਛਾ ਨੂੰ ਭੁੱਲ ਕੇ ਬ੍ਰਹਮ ਵਿਚ ਆਉਂਦੇ ਹਨ। ਪੰਚਇਣ ਭਾਵ ਸੰਤ ਜਿਨ੍ਹਾਂ ਕੋਲ ਪ੍ਰਮੇਸ਼ਰ ਹੈ ਉਨ੍ਹਾਂ ਕੋਲ ਜਾ ਕੇ ਅਨਹਦ ਸ਼ਬਦ ਦੀ ਧੁਨੀ ਵਿਚ ਪ੍ਰਮਾਤਮਾਂ ਦਾ ਵਾਸ ਹੈ ਭਾਵ ਨੀਸਾਣੁ ਹੈ। ਭਾਵ ਵਾਹਿਗੁਰੂ ਦੀ ਪਰਾ ਪਸੰਤੀ, ਮੱਧਮ ਬੈਖਰੀ ਆਦਿ ਚਾਰ ਬਾਣੀਆਂ ਤੋਂ ਪਰੇਰੇ ਸ਼ਬਦ ਬ੍ਰਹਮ ਦੀ ਘਨਘੋਰ ਭਾਵ ਬੋਲਬਾਲਾ ਹੈ। ਗੁਰਮੁਖਾਂ ਨੇ ਪੰਚ ਭੂਤਾਂਦੇ ਅੰਤਹਕਰਣ ਭਾਵ ਪੰਜ ਤੱਤਾਂ ਦੇ ਭੇਦ ਸਾਧ ਸੰਗਤ ਵਿਚ ਜਾ ਕੇ ਜਾਣ ਲਏ ਹਨ। ਇਹੋ ਵਜਾਹ ਹੈ ਕਿ ਗੁਰਮੁਕ ਸ਼ੋਭਨੀਕ ਹਨ। ਸਹਿਜ ਵਿਖੇ ਸਮਾਧੀ ਤੋਂ ਭਾਵ ਗੁਰਮੁਖਾਂ ਦਾ ਜਨਮ ਮਰਣ ਕੱਟਿਆ ਗਿਆ ਹੈ। ਇਸ ਪਉੜੀ ਰਾਹੀਂ ਪੰਜਾਂ ਦੀ ਗਿਣਤੀ ਅਨੁਸਾਰ ਸੱਚ ਦੀ ਸਥਿੱਤੀ ਨੂੰ ਦਰਸਾਇਆ ਹੈ।

----

## ਵਾਰ 7

*ਪਉੜੀ 6 (ਛੇ ਦੀ ਗਿਣਤੀ-ਗੁਰਮੁਖ)*

ਛਿਅ ਰੁਤੀ ਕਰਿ ਸਾਧਨਾ ਛਿਅ ਦਰਸਨ ਸਾਧੈ ਗੁਰਮਤੀ।
ਛਿਅ ਰਸ ਰਸਨਾ ਸਾਧਿ ਕੈ ਰਾਗ ਰਾਗਣੀ ਭਾਇ ਭਗਤੀ।
ਛਿਅ ਚਿਰਜੀਵੀ ਛਿਅਜਤੀ ਚਕ੍ਰਵਰਤਿ ਛਿਅ ਸਾਧਿ ਜੁਗਤੀ।
ਛਿਅਸਾਸਤ੍ਰਛਿਅਕਰਮ ਜਿਣਿ ਛਿਅਗੁਰਾਂ ਗੁਰਸੁਰਤਿ ਤਿਨਿ ਰਤੀ।
ਛਿਅ ਵਰਤਾਰੇ ਸਾਧਿ ਕੈ ਛਿਅ ਛਕ ਛਤੀ ਪਵਣ ਪਰਤੀ।
ਸਾਧਸੰਗਤਿ ਗੁਰ ਸਬਦ ਸੁਰੱਤੀ ॥6॥

---

*ਭਾਇ ਭਗਤੀ: ਪ੍ਰੇਮਾ ਭਗਤੀ। ਸੁਰਤਿ ਨਿਰਤੀ: ਇਕ ਪ੍ਰਕਾਰ ਦਾ ਪ੍ਰੀਤ ਰਸ। ਵਰਤਾਰੇ: ਉਰਮੀਆਂ। ਪਵਣ ਪਰਤੀ: ਮਨ ਦਾ ਉਲਟਣਾ ਜਾਂ ਸਵਾਸਾਂ ਦਾ ਉਲਟਾਣਾ ਆਦਿ। ਵਿਹਾਣਾ: ਲੰਘਿਆ ਹੋਇਆ, ਵਿਹਾਇਆ ਹੋਇਆ। ਧਰਮੁ ਅਰਥ ਸੁ: ਸੁੰਦਰ ਅਰਥ ਭਾਵ ਧੀਰਜ। ਖੇਚਰ: ਸਵਾਸਾਂ ਦਾ ਚੜਾਉਣਾ। ਭੂਚਰ: ਸਵਾਸਾਂ ਦਾ ਠਹਿਰਾਉ। ਚਾਚਰੀ: ਸਵਾਸਾਂ ਦਾ ਉਤਾਰਾ। ਉਨਮਨ: ਤੁਰੀਆ ਪੱਦ। ਬਾਣਾ: ਭੇਖ।ਦਰਸਨ:ਖਟ-ਸ਼ਾਸਤਰ,ਸਾਂਖ, ਨਿਆਇ, ਯੋਗ, ਪੂਰਵ, ਮੀਮਾਂਸਾਅਤੇ ਵੇਦਾਂਤ । ਛਿਅ ਰਸ: ਖੱਟਰਸ-ਖੱਟਾ, ਮਿੱਠਾ, ਕਸੈਲਾ, ਕੌੜਾ, ਤਿੱਖਾ ਅਤੇ ਸਲੂਣਾ। ਛਿਅ ਚਿਰਜੀਵੀ: (ਪਰਲੋ ਤੱਕ ਰਹਿਣ ਵਾਲੇ ਆਦਿ। ਪੁਰਾਣ ਵਿਚ ਸੱਤ ਚਿਰਜੀਵਣੇ ਲਿਖੇ ਹਨ ਜਿਵੇਂ: ਮਾਰਕੰਡੇਯ, ਅਸ਼ਵਥਾਮਾ, ਬਲਿ, ਹਨੂਮਾਨ, ਵਿਭੀਸ਼ਣ, ਕ੍ਰਿਪਾਚਾਰੀਆ, ਪ੍ਰਬ੍ਰਹਮ ਆਦਿ ਪਰ ਕਈਆਂ ਗ੍ਰੰਥਾਂ ਵਿਚ ਬਿਆਸ ਮੁਨੀ ਨੂੰ ਵੀ ਚਿਰਾਜੀਵਣੇ ਵਾਸਤੇ ਮੰਨਿਣ ਕਾਰਨ ਚਿਰਜੀਵਣੇ ਅੱਠ ਹੋ ਗਏ ਹਨ।)। ਛਿਅ ਜਤੀ: ਜਤੀ (ਇੰਦਰੀਆਂ ਨੂੰ ਕਾਬੂ ਵਿਚ ਰੱਖਣ ਵਾਲੇ, ਕੁਲ ਸੱਤ ਹੋਏ*

*ਹਨ ਜਿਵੇਂ ਹਨੂਮਾਨ, ਭੀਸ਼ਮ ਪਿਤਾਮਾ, ਲਛਮਣ, ਭੈਰਵ, ਗੋਰਖ, ਦਤਾਤ੍ਰਯ ਆਦਿ)। ਛਿਅ ਚਕ੍ਰਵਰਤਿ: ਸਰੀਰ ਦੇ ਛੇ ਅੰਗ ਜਿਵੇਂ ਪੰਜ ਗਿਆਨ ਇੰਦਰੀਆਂ ਅਤੇ ਇਕ ਅੰਤਹਕਰਣ ਆਦਿ। ਚਕ੍ਰਵਰਤੀ ਉ ਨੂੰ ਹਿ ਜਾਂਦਾ ਹੈ ਜਿਸਦਾ ਹੁਕਮ ਸਾਰੇ ਮੰਨਣ। ਹੋ ਸਕਦਾ ਏਥੇ ਭਾਈ ਗੁਰਦਾਸ ਜੀ ਦੇ ਲਿਖਣ ਦਾ ਭਾਵ ਛੇ ਗੁਰੂਆਂ ਤੋਂ ਹੋਵੇਗਾ। ਛਿਅ ਕਰਮ: ਜਪ, ਹੋਮ, ਸੰਧਿਆ, ਇਸ਼ਨਾਨ, ਅਤਿਥੀ ਪੂਜਾ ਅਤੇ ਦੇਵ ਅਰਚਾ ਆਦਿ। ਜਿਣਿ: ਜਿਤ ਕੇ। ਨਿਰਤੀ: ਇਕ ਰਸ ਭਰੀ ਪ੍ਰੀਤ। ਛੇ ਵਰਤਾਰੇ: ਭਾਵ ਸਭ ਕਰਮਾਂ ਵਿਚ ਵਰਤਣ ਵਾਲੇ ਛੀ ਅੰਗ, ਪੰਜ ਗਿਆਨ ਇੰਦਰੀਆਂ ਅਤੇ ਇਕ ਅੰਤਹਕਰਣ ਆਦਿ। ਛੇ ਛਕ ਛਤੀ: ਛੇ ਸੀਕਾ ਭਾਵ ਛੱਤੀ: ਛੱਤੀ ਪਖੰਡਾ ਵਲੋਂ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰ ਸ਼ਬਦ ਦੇ ਅਭਿਆਸ ਦੇ ਮਹਾਤਮ ਨਾਲ ਗੁਰਮੁਖ ਇਸ ਉਚ ਪੱਦਵੀ ਨੂੰ ਪ੍ਰਾਪਤ ਹੁੰਦੇ ਹਨ ਕਿ ਉਹ ਛੇ ਗਿਣਤੀ ਵਾਲੇ ਪ੍ਰਸਿੱਧ ਗੁਣੀਏ ਤੋਂ ਸਰਵ-ਸਰੇਸ਼ਟ ਹੋ ਜਾਂਦੇ ਹਨ। ਛੇ ਰੁੱਤਾਂ ਜਿਵੇਂ ਬਸੰਤ, ਗ੍ਰਿਖਮ, ਪਾਵਸ, ਸਿਸਰ, ਸਰਦ, ਹੇਮੰਤ ਆਦਿ ਦੁਰਾਨ ਸ਼ਬਦ ਸੁਰਤ ਦੀ ਅਰਾਧਨਾ ਕਰਕੇ ਗੁਰਾਂ ਦੀ ਸਿਖਿਆ ਦੇ ਪ੍ਰਤਾਪ ਨਾਲ ਛੀ ਦਰਸ਼ਨ ਭਾਵ ਸ਼ਾਸਤਰ ਜਿਵੇਂ ਸ਼ਾਂਖ, ਨਿਆਏ, ਜੋਗ, ਉਤਰ ਮੀਮਾਂਸਾ, ਪੂਰਵ ਮੀਮਾਂਸਾ ਅਤੇ ਵੇਦਾਂਤ ਆਦਿ ਬਾਰੇ ਜਾਣੂ ਹੋ ਜਾਂਦੇ ਹਨ। ਜੀਭ ਦੇ ਛੇ ਰਸ ਜਿਵੇਂ ਖੱਟਾ, ਮਿੱਠਾ, ਕਸੈਲਾ, ਕੌੜਾ, ਤਿੱਖਾ ਅਤੇ ਸਲੂਣਾ ਆਦਿ ਰਸਾ ਦੇ ਚਾਹਵਾਨ ਨਹੀਂ ਬਣਦੇ। ਛੇ ਰਾਗ ਜਿਵੇਂ ਭੈਰਵ, ਮਾਲਕੌਸ, ਹਿੰਡੋਲ, ਦੀਪਕ, ਸ੍ਰੀ ਰਾਗ ਅਤੇ ਮੇਘ ਰਾਗ ਅਤੇ ਇਨ੍ਹਾਂ ਛੇ ਰਾਗਾਂ ਦੀਆਂ ਰਾਗਣੀਆਂ ਆਦਿ ਵਲੋਂ ਜਾਣੂ ਹੁੰਦੇ ਹਨ। ਭਾਵ ਗੁਰਮੁਖ ਗੁਰਮੁਖ ਰਾਗ ਸੁਣ ਕੇ ਪ੍ਰੇਮ ਭਗਤੀ ਦੀ ਸਥਿਤੀ ਵਿਚ ਆ ਜਾਂਦਾ ਹੈ। ਛੇ ਚਿਰਜੀਵੀ ਪੁਰਾਣ ਵਿਚ ਸੱਤ ਚਿਰਜੀਵਣੇ ਲਿਖੇ ਹਨ ਜਿਵੇਂ: ਮਾਰਕੰਡੇਯ, ਅਸ਼ਵਥਾਮਾ, ਬਲਿ, ਹਨੂਮਾਨ, ਵਿਭੀਸ਼ਣ, ਕ੍ਰਿਪਾਚਾਰੀਆ, ਪ੍ਰਬ੍ਰਹਮ ਆਦਿ ਪਰ ਕਈਆਂ ਗ੍ਰੰਥਾਂ ਵਿਚ ਬਿਆਸ ਮੁਨੀ ਨੂੰ ਵੀ ਚਿਰਾਜੀਵਣੇ ਵਾਸਤੇ ਮੰਨਣ ਕਾਰਨ ਚਿਰਜੀਵਣੇ ਅੱਠ ਹੋ ਗਏ ਹਨ।), ਛੇ ਜਤੀ ਇੰਦਰੀਆਂ ਨੂੰ ਕਾਬੂ ਵਿਚ ਰੱਖਣ ਵਾਲੇ, ਕੁਲ ਸੱਤ ਹੋਏ ਹਨ ਜਿਵੇਂ ਹਨੂਮਾਨ, ਭੀਸ਼ਮ ਪਿਤਾਮਾ, ਲਛਮਣ, ਭੈਰਵ, ਗੋਰਖ, ਦਤਾਤ੍ਰਯ ਆਦਿ ਨੂੰ ਵੀ ਸਮਝ ਲਿਆ ਹੈ। ਚਕ੍ਰਵਰਤੀ ਉਹ ਹੁੰਦਾ ਹੈ ਜਿਸਦਾ ਹੁਕਮ ਸਾਰੀ ਦੁਨੀਆਂ ਵਿਚ ਚਲੇਜਿਵੇ ਮਹਾਰਾਜ ਧਿਰਾਜ, ਸ਼ਹਿਨਸ਼ਾਹ, ਸੈਨਾ ਪਤੀ ਆਦਿਕ ਅਜਿਹੇ ਛੇ ਚਕ੍ਰਵਤੀਆਂ ਨੂੰ ਵੀ ਆਪਣੇ ਹੁਕਮ ਵਿਚ ਕਰ ਲਿਆ ਹੈ। ਛੀ ਕਰਮ ਭਾਵ ਜਪ, ਹੋਮ, ਸੰਧਿਆ, ਇਸ਼ਨਾਨ, ਅਤਿਥੀ ਪੂਜਾ, ਦੇਵ ਅਰਚਾ ਕਰਕੇ ਛੇ ਸ਼ਾਸਤਰਾਂ ਛੀ ਸ਼ਾਸਤਰ ਭਾਵ, ਸਾਂਖ, ਨਿਆਇ, ਯੋਗ, ਪੂਰਵ, ਮੀਮਾਂਸਾ ਅਤੇ ਵੇਦਾਂਤ ਆਦਿ ਦੇ ਕਾਰਕਾਂ ਦੇ ਪ੍ਰਮਾਤਮਾ ਨਾਲ ਪਿਰਮ ਪ੍ਰੀਤ ਕਰ ਲਈ ਹੈ। ਜੱਗ ਦੇ ਛੇ ਵਰਤਾਰਿਆਂ ਨੂੰ ਸਮਝ ਕੇ ਛੇ ਸ਼ਾਸਤਰਾਂ ਵਿਚ ਆਏ ਛੱਤੀ ਪਖੰਡ ਵੀ ਸਮਝ ਕੇ ਛੱਡ ਦਿਤੇ ਹਨ ਅਰਥਾਤ ਉਰਮੀਆਂ ਜਿਵੇ ਜਾਯਤੇ, ਸਥੀਯਤੇ, ਵਰਧਤੇ, ਪ੍ਰਣਮਤੇ, ਖੀਯਤੇ ਵਿਨਸਤੇ ਆਦਿ ਵੀ ਜਾਣ ਲਏ ਹਨ ਛੇ ਚਕ੍ਰ ਜਿਵੇਂ ਸ਼ਬਦ ਮੂਲ, ਨਾਭੀ, ਰਿਦਾ ਕੰਠ, ਤਾਲੂ ਅਤੇ ਦਸਮ ਦੁਆਰ ਆਦਿ ਨੂੰ ਸਮਝ ਕੇ ਵਾਮਾਮਾਰਗੀਆਂ ਦਾ ਭੈਰਵ ਚਕ੍ਰ, ਕਾਲੀ ਚਕ੍ਰ ਆਦਿ ਵੀ ਜਾਣ ਲਏ ਹਨ। ਭਾਈ

ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖਾਂ ਨੇ ਸਾਧ ਸੰਗਤ ਭਾਵ ਸੱਚ-ਖੰਡ ਵਿਚ ਜਾ ਕੇ ਸ਼ਬਦ ਸੁਰਤ ਦਾ ਅਭਿਆਸ ਕਰ ਲਿਆ ਹੈ।

----

## ਵਾਰ 7

*ਪਉੜੀ 7 (ਸਪਤ ਸੰਖਯਾ-ਗੁਰਮੁਖ)*

ਸਤ ਸਮੁੰਦ ਉਲੰਘਿਆ ਦੀਪ ਸਤ ਇਕੁ ਦੀਪਕੁ ਬਲਿਆ।
ਸਤ ਸੂਤ ਸਿਉ ਸੂੜਿ ਕਰਿ ਸਤੇ ਪੁਰੀਆ ਲੰਘਿ ਉਛਲਿਆ।
ਸਤਸਤੀ ਜਿਣਸਪਤ ਰਿਖਿ ਸਤਿਸੁਰਾ ਜਿਣਿ ਅਟਲੁ ਨ ਟਲਿਆ।
ਸਤੇ ਸੀਵਾਂ ਸਾਧਿ ਕੈ ਸਤੀਂ ਸੀਵੀਂ ਸੁਫਲਿਓ ਫਲਿਆ।
ਸਤ ਆਕਾਸ ਪਤਾਲ ਸਤ ਵਸਿਗਤਿ ਕਰਿ ਉਪਰੇਰੈ ਚਲਿਆ।
ਸਤੇ ਧਾਰੀ ਲੰਘਿ ਕੈ ਭੈਰਉ ਖੇਤ੍ਰਪਾਲ ਦਲ ਮਲਿਆ।
ਸਤੇ ਰੋਹਣਿ ਸਤਿ ਵਾਰ ਸਤਿ ਸੁਹਾਗਣਿ ਸਾਦਿ ਨ ਛਲਿਆ।
ਗੁਰਮੁਖਿ ਸਾਧਸੰਗਤਿ ਵਿਚਿ ਖਲਿਆ ॥7॥

---

*ਸਤਦੀਪ:ਜੰਬੂਦੀਪ, ਕੁਸ਼ਦੀਪ, ਲਖਣਦੀਪ, ਸੇਵਤਦੀਪ, ਕਰੋਚਦੀਪ, ਸਾਨਦੀਪ, ਅਤੇ ਪੁਸ਼ਕਰਦੀਪ ਆਦਿ। ਦੀਪਕੁ: ਗਿਆਨ ਰੂਪੀ ਦੀਵਾ।*

ਇਨ੍ਹਾਂ ਸੱਤਾਂ ਦੀਪਾਂ ਨੂੰ ਸੱਤ ਸਮੁੰਦਰਾਂ ਨੇ ਘੇਰਿਆ ਹੋਇਆ ਹੈ ਜਿਵੇਂ ਹਿੰਦੂ ਮੱਤ ਅਨੁਸਾਰ ਇਕ ਮਿੱਥ ਹੈ ਕਿ ਰਾਜਾ ਪ੍ਰਿਯਵ੍ਰਤ ਇਕ ਪਹੀਏ ਦੇ ਰੱਥ ਉਪਰ ਚੜ੍ਹ ਕੇ ਸੱਤ ਵਾਰ ਪ੍ਰਿਥਵੀ ਦੇ ਚਾਰੇ ਪਾਸੇ ਫਿਰਿਆ ਜਿਸਦੇ ਪਹੀਏ ਦੀ ਲੀਕ ਨਾਲ ਸੱਤ ਸਮੁੰਦਰ ਬਣ ਗਏ ਜਿੰਨਾਂ ਦੇ ਸੱਤਾਂ ਦੀਪਾਂ ਨੂੰ ਘੇਰਿਆ ਹੋਇਆ ਹੈ। ਜਿਹੜੇ ਸੱਤ ਦੀਪ ਉਪਰ ਲਿਖੇ ਹਨ ਉਹ ਸਾਰੇ ਦੀਪ ਭਾਰਤ ਵਿਚ ਹੀ ਹਨ। ਹਿੰਦੂ ਦਰਸ਼ਨ ਕਹਿੰਦਾ ਹੈ ਕਿ ਇਕ ਪਹੀਏ ਵਾਲੇ ਰੱਥ ਨੇ ਸਾਰੀ ਪ੍ਰਿਥਵੀ ਵਿਚ ਫਿਰਿਆ ਹੈ। ਇਹ ਬਿਲਕੁਲ ਇਕ ਝੂਠੀ ਮਿੱਥ ਹੈ। ਕੋਈ ਵਿਦਵਾਨ ਵੀ ਇਸ ਮਿੱਥ ਨਾਲ ਸਹਿਮਤ ਨਹੀਂ ਹੋ ਸਕਦਾ। ਪੁਰਾਣਾ ਵਿਚ ਸੱਤ ਸਮੁੰਦਰ ਇਹ ਲਿਖੇ ਹਨ ਜਿਵੇਂ: ਦੁੱਧ ਦਾ, ਦਹੀਂ ਦਾ, ਘਿਉ ਦਾ, ਇਖ ਦੇ ਰਸ ਦਾ, ਸ਼ਹਿਦ ਦਾ, ਮਿੱਠੇ ਪਾਣੀ ਦਾ ਅਤੇ ਖਾਰੇ ਪਾਣੀ ਦਾ ਆਦਿ ਅਤੇ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਨੇ ਇਕ ਇਕ ਦੀਪ ਵਗਲਿਆ ਹੋਇਆ ਹੈ। ਗੁਰਬਾਣੀ ਸੱਤ ਸਰ ਬਾਰੇ ਅਗੇ ਤਰ੍ਹਾਂ ਲਿਖਦੀ ਹੈ ਜਿਵੇਂ ਸੱਤ, ਸੰਤੋਖ, ਦਇਆ, ਧਰਮ, ਧੀਰਜ, ਵੈਰਾਗ ਅਤੇ ਗਿਆਨ ਆਦਿ। ਭਾਈ ਗੁਰਦਾਸ ਜੀ ਸੰਝਾਉਂਦੇ ਹਨ ਇਕ ਇਨ੍ਹਾਂ ਸੱਤਾਂ ਦੀਪਾਂ ਤੋਂ ਵੱਧ ਇਕ ਗਿਆਨ ਦਾ ਹੀ ਦੀਪ ਹੈ। ਅੱਗ ਦੀਆਂਸੱਤ ਲਾਟਾਂ ਅਗੇ ਲਿਖੇ ਦੀ ਤਰ੍ਹਾਂ ਹੁੰਦੀਆਂ ਹਨ ਜਿਵੇਂ: ਕਾਲੀ, ਕਰਾਲੀ, ਮਨੋਜਵਾ, ਲੋਹਿਤਾ ਧੂਮਰਵਰਣ ਉਗਰਾ ਅਤੇ ਦੀਪਵਾ ਆਦਿ। ਸਤ ਸੂਤ: ਪੰਜ ਗਿਆਨ ਇੰਦਰੀਆਂ, ਮਨ ਅਤੇ ਬੁੱਧ ਆਦਿ ਨਾਲ ਗੁਰਮੁਖ ਸੱਤ ਪੁਰੀਆਂ ਜਿਵੇਂ ਅਯੁਧਿਆ, ਮਥੁਰਾ, ਮਾਇਆ,

ਕਾਸ਼ੀ, ਰਾਂਚੀ, ਆਵੰਤਿਕਾ, ਦਵਾਰਾਵਤੀ, ਧਰੂ, ਸ਼ਿਵ ਪੁਰੀ ਅਤੇ ਇੰਦਰਪੁਰੀ ਆਦਿ ਲੰਘ ਕੇ ਭਾਵ ਉਥੇ ਜਿਹੜੇ ਵਹਿਮ ਭਰਮ ਚਲਦੇ ਹਨ ਸਾਰਿਆਂ ਤੋਂ ਮੁਨਕਰ ਹੋ ਕੇ ਬਹੁਤ ਖੁਸ਼ ਹੁੰਦਾ ਹੈ। ਜਤੀ (ਇੰਦਰੀਆਂ ਨੂੰ ਕਾਬੂ ਵਿਚ ਰੱਖਣ ਵਾਲੇ, ਕੁਲ ਸੱਤ ਹੋਏ ਹਨ ਜਿਵੇਂ ਹਨੂਮਾਨ, ਭੀਸ਼ਮ ਪਿਤਾਮਾ, ਲਛਮਣ, ਭੈਰਵ, ਗੋਰਖ,ਦਤਾਤ੍ਰਯ ਆਦਿ) ਸਤੀ (ਸੱਚ ਬੋਲਣ ਵਾਲਾ ਅਤੇ ਜਾ ਫਿਰ ਉਹ ਔਰਤ ਜਿਹੜੀ ਪਤੀ ਦੀ ਚਿਖਾ ਨਾਲ ਹੀ ਜਲ ਜਾਂਦੀ ਹੈ। ਰਾਜਾ ਰਾਮ ਮੋਹਨ ਰਾਏ (ਬ੍ਰਹਮ ਸਮਾਜ ਦੇ ਬਾਨੀ) ਨੇ ਲਾਰਡ ਬੈਂਟਿਕ ਨੂੰ ਸਲਾਹ ਦੇ ਕੇ ਸਤੀ ਹੋਣ ਦੀ ਰਸਮ ਵਿਰੁਧ 7 ਦਸੰਬਰ 1829 ਨੂੰ ਕਾਨੂੰਨ ਬਣਾਕੇ ਬੰਦ ਕਰਵਾਇਆ। ਪੰਜਾਬ ਅਤੇ ਰਾਜਪੁਤਾਨੇ ਵਿਚ ਇਹ ਕਾਨੂੰਨ ਬੰਦੀ ਸੰਨ 1847 ਵਿਚ ਹੋਈ), ਸਤ ਸਤੀ ਜਿਵੇਂ ਹਰੀ ਚੰਦ, ਦਸ਼ਰਥ, ਧਰਮ ਪੁੱਰ, ਰਾਮ, ਪਰਸਰਾਮ, ਬਲਰਾਮ ਅਤੇ ਸ਼ੈਵੀ ਆਦਿ ਸਭ ਜਤੀਆਂ ਸਤੀਆਂ ਨੂੰ ਜਿੱਤ ਕੇ ਸਪਤ ਰਿਖੀ: ਮਰੀਚਿ, ਅਤ੍ਰਿ, ਪੁਲਹ ਪੁਲਸਤਯ, ਕ੍ਰਤ, ਅੰਗਿਰਾ ਅਤੇ ਵਸ਼ਿਸ਼ਟ ਆਦਿ ਅਤੇ ਇਨ੍ਹਾਂ ਸੱਤਾਂ ਰਿਖੀਆਂ ਦੀਆਂ ਔਰਤਾਂ ਨੂੰ ਸੱਤ ਸੁਹਾਗਣਾ ਮੰਨਿਆ ਗਿਆ ਹੈ। ਪੁਰੀਆ: ਅਯੁੱਧਿਆ, ਮਥੁਰਾ, ਮਾਇਆ, ਕਾਂਸ਼ੀ, ਰਾਂਚੀ, ਆਵੰਤਿਕਾ, ਦਵਾਰਵਤੀ, ਧਰੂ, ਸ਼ਿਵਪੁਰੀ ਅਤੇ ਇੰਦਰਪੁਰੀ ਆਦਿ। ਸਪਤ ਰਿਖਿ: ਪੁਰਾਣਾਂ ਵਿਚ ਰਿਖੀ ਹੇਠ ਲਿਖੇ ਦੀ ਤਰ੍ਹਾਂ ਲਿਖੇ ਗਏ ਹਨ। ਸੱਤ ਰਿਖੀ ਜਿਵੇਂ: ਕਸ਼ਯਪ, ਵਿਸ਼ਵਾਮਿਤ੍ਰ, ਗੌਤਮ, ਜਮਦਗਨਿ, ਭਾਰਦਵਾਜ, ਵਸ਼ਿਸ਼ਟ ਅਤੇ ਅੱਤਰੀ ਆਦਿ ਅਤੇ ਇਨ੍ਹਾਂ ਸੱਤਾਂ ਰਿਖੀਆਂ ਦੀਆਂ ਔਰਤਾਂ ਨੂੰ ਸੱਤ ਸੁਹਾਗਣਾ ਮੰਨਿਆ ਗਿਆ ਹੈ। ਸਤਸੁਰਾ: ਵਾਜੇ ਦੀਆਂ ਸੱਤ ਸੁਰਾ। ਜਿਵੇਂ ਸਤਿਸੁਰਾ: ਰਾਗ ਦੇ ਮੂਲ ਰੂਪ ਵਿਚ ਸੱਤ ਸੁਰ ਹੁੰਦੇ ਹਨ ਜਿਵੇਂ: ਖੜਜ, ਰਿਸਭ, ਗੰਧਾਰ, ਮਧਯਮ, ਪੰਚਮ, ਧੈਵਤ ਅਤੇ ਨਿਸ਼ਾਦ ਆਦਿ ਨੂੰ ਜਾਣ ਕੇ ਅਟੱਲ ਰਹਿੰਦਾ ਹੈ ਅਤੇ ਗੁਰਮੁਖ ਕਦੇ ਹਾਰਦਾ ਨਹੀਂ ਹੈ। ਭਾਵ ਸਤੀਆਂ ਦੀ ਗਤੀ, ਸੱਤ ਰਿਖੀਆਂ ਦੀ ਗਤੀ ਸਭ ਤੋਂ ਅਚਾਹ ਹੈ ਇਕ ਅਕਾਲ ਦੇ ਗਿਆਨ ਦਾ ਪ੍ਰੇਮੀ ਹੈ। ਸਤੇ ਸੀਵਾਂ: ਗਿਆਨ ਦੀਆਂ ਸਤ ਭੂਮਿਕਾਵਾਂ ਦੀਆਂ ਹੱਦਾਂ ਨੂੰ ਸਾਧ ਕੇ ਸੱਤਾ ਹੱਦਾਂ ਤੋਂ ਪਾਰ ਚਲੇ ਜਾਂਦਾ ਹੈ। , ਚਿੱਤ ਦੀਆਂ ਸੱਤ ਹਾਲਤਾਂ, ਗਿਆਨ ਅਵਸਥਾਵਾਂ ਦੀਆਂ ਸੱਤ ਮੰਜਲਾਂ। ਜੋਗ ਅਤੇ ਵਿਦਾਂਤ ਸ਼ਾਸਤਰ ਨੇਅਗੇ ਲਿਖੇ ਦੀ ਤਰ੍ਹਾਂ ਮਨ ਦੀਆਂ ਸੱਤ ਭੂਮਿਕਾਂ ਲਿਖੀਆਂ ਹਨ, 1) ਸੁਭੇਸ਼ਾ ਭਾਵ ਉਤਮ ਇੱਛਾ ਅਰਥਾਤ ਮੁਕਤੀ ਦੀ ਇੱਛਾ। 2) ਵਿਚਾਰਣਾ ਭਾਵ ਵਿਵੇਕ ਪ੍ਰਾਪਤੀ 3) ਤੱਤਮਾਨਸਾ ਭਾਵਅੰਤਹਕਰਣ ਦੇ ਸੰਕਲਪ ਦਾ ਬਹੁਤ ਥੋੜਾ ਫੁਰਨਾ। 4) ਸਤਵਾਪਤਿ ਭਾਵ ਬ੍ਰਹਮ ਗਿਆਨ ਦੀ ਪ੍ਰਾਪਤੀ। 5) ਅਸੰਸ਼ਕਿਵ ਭਾਵ ਸਿਧੀ ਆਦਿਕ ਸ਼ਕਤੀਆਂ ਤੋਂ ਮਨ ਦੀ ਉਪਰਾਮਤਾ। 6) ਪਰਾਬੀਭਾਵਨੀ ਭਾਵ ਪ੍ਰਮਾਤਮਾ ਤੋਂ ਭਿੰਨ ਹੋਰ ਵਿਚਾਰ ਦਾ ਮਿਟ ਜਾਣਾ। 7) ਤੁਸ਼ੰਗਾ ਭਾਵ ਤਰੀਖਾ-ਪੱਦ ਜਾਂ ਚੌਥੇ ਪੱਦ ਦੀ ਪ੍ਰਾਪਤੀ ਹੋਣੀ ਆਦਿ। ਸਤ ਆਕਾਸ਼: ਭੂਰ, ਭਵਰ, ਸਵਰ, ਅੰਤਰਿਖ, ਜਨ, ਤਪ, ਅਤੇ ਸਤ ਆਦਿ।ਪਾਤਾਲ: ਵੇਦਾਂ ਅਨੁਸਾਰ ਕੁਲ ਸੱਤ ਪਤਾਲ ਲੋਕ ਹੁੰਦੇ ਹਨ ਜਿਵੇਂ ਅਤਲ, ਵਿਤਲ, ਸੁਤਲ, ਰਸਾਤਲ ਤਲਾਤਲ, ਮਹਾਂਤਲ ਅਤੇ ਪਾਤਾਲ ਆਦਿਸਭ ਨੂੰ ਵਸੀਕਾਰ ਕਰਕੇ ਹੋਰ ਵੀ ਉੱਚੀ ਪਦਵੀ ਪ੍ਰਾਪਤ ਕਰਦਾ ਹੈ। ਇਨ੍ਹਾਂ ਦੀ ਪੱਦਵੀਂ ਵਲੋਂ ਨਿਰਵਾਸ਼ ਹੋ ਕੇ ਇਕ ਪ੍ਰਮਾਤਮਾਂ ਦੀ ਲਿਵ ਵਿਚ ਲੀਨ ਰਹਿੰਦਾ ਹੈ। ਭਗਵਤ ਗੀਤਾ ਅੰਦਰ ਸੱਤ ਪਹਾੜ ਅੱਗੇ ਲਿਖੇ ਦੀ ਤਰ੍ਹਾਂ ਲਿਖੇ

ਹਨ: ਹਿਮਵਾਨ, ਹੇਮਕੂਟ, ਨਿਖਦ, ਮੇਰੂ, ਚੈਤਰ, ਕਰਵੀ ਅਤੇ ਸ੍ਰਿੰਗੀ ਆਦਿ। ਸਤੇ ਧਾਰੀ: ਪਹਾੜ ਵਿਚੋਂ ਨਿਕਲਦੀਆਂ ਸਤ ਧਾਰਾਂ ਜਿਵੇਂ ਗੰਗਾ, ਜਮਨਾ। ਸਰਸਵਤੀ, ਸਤਲੁਜ, ਰਾਵੀ, ਬਿਆਸ ਅਤੇ ਝਨਾ ਆਦਿ। ਰਮਾਇਣ ਅੰਦਰ ਗੰਗਾਂ ਦੀਆਂ ਸੱਤ ਧਾਰਾਂ ਪਰਮ ਪਵਿਤਰ ਲਿਖੀਆਂ ਹਨ ਜਿਵੇਂ ਨਲਿਨੀ, ਲਵਾਦਿਨੀ, ਪਾਵਨੀ, ਚਕੁ, ਗੀਤਾ, ਸਿੰਧੁ ਅਤੇ ਭਾਗੀਰਥੀ ਆਦਿ ਸਭ ਨੂੰ ਪਾਰ ਕਰਕੇ ਭੈਰਉ ਵਰਗੇ ਅਜਿੱਤ ਖੇਤਰਪਾਲ ਆਦਿ ਨੂੰ ਦਲ ਮਲ ਕਰ ਦਿੰਦਾ ਹੈ। ਭਾਵ ਬ੍ਰਹਮ ਗਿਆਨੀ ਕਿਸੇ ਭਰਮ ਦੇ ਅਧੀਨ ਨਹੀਂ ਹੁੰਦਾ। ਖੇਤਰਪਾਲ: ਅੰਗ ਰੱਖਿਅਕ, ਭੈਰਉ ਕਾਲੀ ਦੇਵੀ ਦੇ ਪੱਛਮ ਵਾਲੇ ਦੁਆਰ ਦਾ ਚੌਂਕੀਦਾਰ ਭਾਵ ਖੇਤ੍ਰਪਾਲਿ ਸੀ ਅਤੇ ਦੁਨੀਆਂ ਭਰ ਵਿਚ ਸਭ ਤੋਂ ਵੱਧ ਤਾਕਤਵਰ ਸੀ। ਸਤੇ ਰੋਹਣਿ: ਉਪਰ ਨੂੰ ਚੜ੍ਹਨਾ,ਰੋਹਣੀ ਆਦਿ ਨਛੱਤਰ। ਸੱਤ ਵਾਰ ਜਾਂ ਸੱਤ ਦਿਨ ਜਾਂ ਸੱਤ ਗ੍ਰਹਿ ਜਿਵੇਂ ਸੂਰਜ ਚੰਦ, ਮੰਗਲ, ਬੁਧਿ ਅਤੇ ਸ਼ਨੀ ਆਦਿ ਰਿਖੀਆਂ ਦੀਆਂ ਸੱਤ ਸੁਹਾਗਣਾ ਭਾਵ ਕਿਸੇ ਭੈ ਅਤੇ ਭਰਮ ਕੋਲੋਂ ਨਹੀਂ ਹਾਰਦਾ। ਨਿਰੁਕਤ ਦੇ ਨੈਗਮ ਕਾਂਡ ਵਿਚ ਸੱਤਖੋਟੇਕਰਮ ਇਹ ਲਿਖੇ ਹਨ ਜਿਵੇਂ ਚੋਰੀ, ਵਿਭਚਾਰ, ਬ੍ਰਹਮ ਹੱਤਿਆ, ਸ਼ਰਾਬਖੋਰੀ, ਬੁਰੇ ਕਰਮਾਂ ਦਾ ਬਾਰ ਕਰਨਾ ਅਤੇ ਕਿਸੇ ਉਪਰ ਝੂਠਾ ਦੋਸ਼ ਲਾਉਣਾ ਆਦਿ। ਗੁਰਮੁਖ ਸਤਿਸੰਗ ਦੇ ਵਿਚ ਰਹਿ ਕੇ ਸਭਨਾ ਵਸਤਾਂ ਉਪਰ ਫਤਹਿ ਪਾਉਂਦਾ ਹੈ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਕਿਸੇ ਸੱਤਾਂ ਆਦਿ ਵਹਿਮਾਂ ਦੀ ਗਿਣਤੀ ਵਿਚ ਗੁਰਮੁਖ ਨੂੰ ਨਹੀਂ ਪੈਣਾ ਚਾਹੀਦਾ।

----

## ਵਾਰ 7

*ਪਉੜੀ 8 (ਅਸ਼ਟ ਸੰਖਯਾ-ਗੁਰਮੁਖ)*

ਅਠੈ ਸਿਧੀ ਸਾਧਕੈ ਸਾਧਿਕ ਸਿਧ ਸਮਾਧਿ ਫਲਾਈ।
ਅਸਟ ਕੁਲੀ ਬਿਖੁ ਸਾਧਨਾ ਸਿਮਰਣਿ ਸੇਖ ਨ ਕੀਮਤਿ ਪਾਈ।
ਮਣ ਹੁਇ ਅਠ ਪੈਸੇਰੀਆ ਪੰਜੂ ਅਠੇ ਚਾਲੀਹ ਭਾਈ।
ਜਿਉ ਚਰਖਾ ਅਠ ਖੰਭੀਆ ਇਕਤੁ ਸੂਤ ਰਹੈ ਲਿਵਲਾਈ।
ਅਠ ਪਹਿਰ ਅਸਟਾਂਗ ਜੋਗੁ ਚਾਵਲ ਰਤੀ ਮਾਸਾ ਰਾਈ।
ਅਠ ਕਾਠਾ ਮਨੁ ਵਸ਼ ਕਰਿ ਅਸਟ ਧਾਤੁ ਇਕੁ ਧਾਤੁ ਕਰਾਈ।
ਸਾਧ ਸੰਗਤਿ ਵਡੀ ਵਡਿਆਈ ।।8।।

---

*ਸਾਧਿਕ: ਜਗਿਆਸੂ। ਅਸਟਕੁਲੀ ਬਿਖੁ: ਸ਼ੇਸ਼ਨਾਗ ਦੀਆਂ ਅੱਠ ਕੁਲਾਂ। ਅਸਟਾਂਗ: ਜੋਗ ਦੇ ਅੱਠ ਸਾਧਨ ਜਿਵੇਂ ਯਮ, ਯਿਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ ਅਤੇ ਸਮਾਧੀ ਆਦਿ। ਅਠ ਕਾਠਾ: ਅੱਠਾਂ ਲਕੜੀਆਂ ਵਾਂਗ ਕਠੋਰ ਮਨ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀ ਮਨੁਖ ਨੂੰ ਸਮਝਾਉਂਦੇ ਹਨ ਕਿ ਅੱਠ ਸਿੱਧੀਆਂ ਜਿਵੇਂ ਅਣਮਾ, ਮਹਿਮਾਂ, ਗਰਿਮਾ, ਲਘਿੰਮਾ, ਪ੍ਰਾਪਤਿ, ਪ੍ਰਾਕਾਮ, ਵਸ਼ਿਤਾ ਅਤੇ

ਈਸ਼ਤਾ ਆਦਿ ਨੂੰ ਸਿੱਧ ਕਰਕੇ ਸਾਧਿਕਾਂ ਅਤੇ ਸਿੱਧਾਂ ਨੇ ਸਮਾਧਿ ਫੈਲਾਈ ਤੋਂ ਭਾਵ ਪ੍ਰਮਾਤਮਾਂ ਦਾ ਅੰਤ ਨਹੀਂ ਪਾਇਆ ਅਤੇ ਸਿਮਰਨ ਦੀ ਕੀਮਤ ਨਹੀਂ ਪਾ ਸਕੇ। ਅੱਠ ਕੁਲਾਂ ਸੱਪਾਂ ਦੀਆਂ ਸ਼ੇਸ਼ਨਾਗ ਨੇ ਸਾਧ ਲਈਆਂ ਭਾਵ ਸ਼ੇਸ਼ਨਾਗ ਅੰਦਰ ਅੱਠ ਪ੍ਰਕਾਰ ਦੀਆਂ ਜਹਿਰਾਂ ਹੁੰਦੀਆਂ ਹਨ। ਪੁਰਾਣਾ ਵਿਚ ਲਿਖਿਆ ਪੜ੍ਹਿਆ ਜਾਂਦਾ ਹੈ ਕਿ ਪਾਤਾਲ ਦੇ ਰਾਜਾ ਸ਼ੇਸ਼ਨਾਗ ਦੇ ਇਕ ਹਜਾਰ ਫੰਨ ਹੁੰਦੇ ਹਨ ਜੋ ਭਗਵਾਨ ਵਿਸ਼ਨੂੰ ਉਪਰ ਛਾਇਆ ਕਰਦੇ ਹਨ। ਕਈ ਕਹਿੰਦੇ ਹਨ ਕਿ ਸੱਤ ਪਾਤਾਲ ਇਸ ਸ਼ੇਸ਼ਨਾਗ ਦੇ ਸਿਰ ਉਪਰ ਹੀ ਟਿੱਕੇ ਹੋਏ ਹਨ। ਵਿਸ਼ਨੂੰ ਪੁਰਾਣ ਲਿਖਦਾ ਹੈ ਕਿ ਜਦ ਸ਼ੇਸ਼ਨਾਗ ਉਬਾਸੀ ਲੈਂਦਾ ਹੈ ਤਾਂ ਦੁਨੀਆਂ ਅੰਦਰ ਭੂਚਾਲ ਆ ਜਾਂਦਾ ਹੈ। ਹਰ ਚਾਰ ਅਰਬ ਸਾਲ ਦੇ ਅੰਤ ਸਮੇਂ ਇਹ ਮੂੰਹ ਵਿਚੋਂ ਅੱਗ ਉਗਲਦਾ ਹੈ ਜਿਸ ਨਾਲ ਸਾਰੀ ਦੁਨੀਆਂ ਭਸਮ ਹੋ ਜਾਂਦੀ ਹੈ। ਪੁਰਾਣਾ ਵਿਚ ਸ਼ੇਸ਼ਨਾਗ ਨੂੰ ਕਸ਼ਯਪ ਅਤੇ ਕਦ੍ਰ ਦਾ ਪੁੱਤਰ ਕਰਕੇ ਮੰਨਿਆ ਜਾਂਦਾ ਹੈ ਅਤੇ ਬਲਰਾਮ ਨੂੰ ਇਸ ਦਾ ਅਵਤਾਰ ਦਸਿਆ ਗਿਆ ਹੈ। ਇਸ ਦੀ ਕੁੰਜ ਨੂੰ ਮਣਿਦਵੀਪ ਅਤੇ ਇਸਦੇ ਘਰ ਨੂੰ ਮਣਿਭਿੱਤਿ ਜਾਂ ਮਣਿਮੰਡਪ ਆਖਦੇ ਹਨ। ਅਜਿਹਾ ਵੱਡਾ ਅਵਤਾਰੀ ਵੀ ਉਸ ਪ੍ਰਮਾਤਮਾਂ ਦੇ ਸਿਮਰਨ ਦੀ ਕੀਮਤ ਨਹੀਂ ਪਾ ਸਕਿਆ। ਇਕ ਮਣ ਅੱਠਾਂ ਪੰਸੇਰੀਆਂ ਦਾ ਹੁੰਦਾ ਹੈ ਅਤੇ ਅੱਠ ਪੰਜੇ ਚਾਲੀ ਹੁੰਦੇ ਹਨ ਭਾਵ ਮਣ ਤੋਂ ਇਸ਼ਾਰਾ ਮਨ ਜਾਂ ਹਿਰਦੇ ਵੱਲ ਹੈ ਜਿਵੇਂ ਪੰਜਾ ਇੰਦਰੀਆਂ ਅਤੇ ਉਧਰ ਮਨ ਅੱਠ ਧਾਂਤਾ ਤੋਂ ਬਣਦਾ ਹੈ ਪਰ ਸੂਤ ਇਕ ਹੁੰਦਾ ਹੈ ਤਿਵੇਂ ਪੰਜਾਂ ਤੱਤਾਂ ਦੀ ਪੰਜ ਸਤ ਅੰਸ਼ਾਂ ਅਤੇ ਰਜ ਤਮ ਸਤ ਮਿਲਕੇ ਅੱਠਾਂ ਦਾ ਮਨ ਇੰਦਰੀਆਂ ਦਾ ਰਾਜਾ ਹੈ ਸੋ ਪੰਜ ਦੇਹ ਅਤੇ ਅੱਠ ਧਾਤਾਂ ਦਾ ਮਨ ਹੈ ਇਸੇ ਕਰਕੇ ਭਾਈ ਗੁਰਦਾਸ ਜੀ ਲਿਖਿਆ ਹੈ ਕਿ ਅੱਠ ਜਰਬ ਪੰਜ ਕੁਲ ਚਾਲੀ ਸੇਰਾਂ ਦਾਸਰੀਰ ਦੇ ਚਾਲੀ ਹਿਸਿਆਂ ਵਾਗ ਮਣ ਬਣਦਾ ਹੈ।ਜਿਵੇਂ ਚਰਖੇ ਵਿਚ ਅੱਠ ਫੱਟੀਆਂ ਹੁੰਦੀਆਂ ਹਨ, ਚਾਰ ਇਕ ਪਾਸੇ ਅਤੇ ਚਾਰ ਦੂਜੇ ਪਾਸੇ ਉਹ ਇਕ ਸੂਤ ਦੇ ਆਸਰੇ ਲਿਵ ਅਰਥਾਤ ਕੰਮ ਵਿਚ ਤਾਰ ਲਾਉਂਦਾ ਹੈ, ਭਾਵ ਜਿਕਰ ਉਹ ਮਾਹਲ ਦੇ ਜੋਰ ਨਾਲ ਘੁੰਮਦਾ ਹੈ ਉਕਰ ਹੀ ਦੇਹ ਰੂਪ ਚਰਖਾ ਅੱਠਾਂ ਧਾਤਾਂ ਦਾ ਚਾਰ ਮਾਤਾ ਅਤੇ ਚਾਰ ਪਿਤਾ ਦੀਆਂ ਦਾ ਬਣਦਾ ਹੈ, ਪ੍ਰਾਤੂੰ ਉਹ ਬ੍ਰਹਮ ਸੱਤਾ ਬਾਝ ਕੰਮ ਨਹੀਂ ਦਿੰਦਾ। ਤਿਵੇਂ ਹੀ ਅੱਠਾਂ ਪਹਿਰਾਂ ਦਾ ਦਿਨ ਰਾਤ ਅੱਠਾਂ ਅੰਗਾਂ ਜਿਵੇਂ ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਿਆਨ ਅਤੇ ਸਮਾਧੀ ਦਾ ਯੋਗ ਅੱਠ ਰਾਈ ਦਾ ਇਕ ਚੌਲ ਅੱਠ ਚੌਲਾਂ ਦਾ ਇਕ ਰੱਤੀ ਅੱਠ ਰੱਤੀਆਂ ਦਾ ਇਕ ਮਾਸ਼ਾ, ਅਰਥਾਇ ਅੱਠਾਂ ਧਾਤਾਂ ਦਾ ਸਰੀਰ ਬਣਦਾ ਹੈ। ਕਠੋਰ ਮਨ ਜਾਂ ਚਰਖ਼ੇ ਸਰੀਖੀਭਾਵ ਵਾਂਗ ਦੇਹ ਵਿਚ ਵਸਦੇ ਮਨ ਨੂੰ ਵਸ ਕਰਕੇ ਗੁਰਮੁਖਾਂ ਨੇ ਅੱਠਾਂ ਧਾਤਾਂ ਦੀ ਇਕ ਧਾਤ ਕਰ ਦਿਤੀ ਹੈ। ਮਨ ਭੀ ਅੱਠਾਂ ਦਾ ਹੈ ਜਿਹਾ ਕਿ ਪੰਜ ਭੂਤਾਂ ਦੀ ਸਤੋ ਅੰਸ਼ ਅਤੇ ਤਿੰਨ ਰਜੋ ਤਮੋ ਸਤੋ ਮਿਲ ਕੇ ਅੱਠ ਧਾਤਾਂ ਦਾ ਮਨ ਬਣ ਜਾਂਦਾ ਹੈ। ਅਠ ਖੰਡ: ਨੱਕ, ਅੱਖ, ਮੁਖ, ਠੋਡੀ, ਕੁਚ, ਦੰਦ, ਗੁਤ ਅਤੇ ਭੌਹਾਂ ਆਦਿ। ਐਸੇ ਮਨ ਨੂੰ ਇਕ ਧਾਤ ਕੀਤਾ ਭਾਵ ਇਕ ਲਿਵ ਵਿਚ ਲਗਾ ਦਿਤਾ। ਸਾਧ ਸੰਗਤ ਦੀ ਮਹਿਮਾਂ ਅਕੱਥ ਹੈ।

----

## ਵਾਰ 7

*ਪਉੜੀ 9 (ਨਵ ਸੰਖਯਾ-ਗੁਰਮੁਖ)*

ਨਥਿ ਚਲਾਏ ਨਵੈ ਨਾਥਿ ਨਾਥਾ ਨਾਥੁ ਅਨਾਥ ਸਹਾਈ।
ਨਉ ਨਿਧਾਨ ਫੁਰਮਾਨ ਵਿਚਿ ਪਰਮ ਨਿਧਾਨ ਗਿਆਨ ਗੁਰਭਾਈ
ਨਉ ਭਗਤੀ ਨਉਭਗਤਿ ਕਰਿ ਗੁਰਮੁਖਿ ਪ੍ਰੇਮ ਭਗਤਿ ਲਿਵ ਲਾਈ।
ਨਉ ਗ੍ਰਹਿ ਸਾਧ ਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।
ਨਉਖੰਡ ਸਾਧ ਅਖੰਡ ਹੋਇ ਨਉ ਦੁਆਰਿ ਲੰਘਿ ਨਿਜ ਘਰਿ ਜਾਈ।
ਨਉ ਅੰਗ ਨੀਲ ਅਨੀਲ ਹੋਇ ਨਉਕੁਲ ਨਿਗਰਹ ਸਹਿਜ ਸਮਾਈ।
ਗੁਰਮੁਖਿ ਸੁਖ ਫਲੁ ਅਲਖੁ ਲਖਾਈ ॥9॥

---

*ਨਥਿ: ਕਾਬੂ ਵਿਚ ਰਖਣਾ। ਅਨਾਥ: ਜਿਸ ਦਾ ਕੋਈ ਬਾਲੀ ਨਾ ਹੋਵੇ ਭਾਵ ਨਿਮਾਣੇ। ਗੁਰਭਾਈ: ਸੰਗੀ। ਨੀਲ ਅਨੀਲ: ਇਕ ਗਿਣਤੀ ਤੋਂ ਅਣਗਿਣਤ। ਨਵੈ ਨਾਥਿ: ਜੋਗੀਆਂ ਦੇ ਨੌਂ ਪ੍ਰਧਾਨ ਜੋਗੀ ਹੋਏ ਹਨ ਜਿਵੇਂ: ਆਦਨਾਥ, ਗੋਰਖਨਾਥ, ਮਛੰਦਰ ਨਾਥ, ਉਦਯਨਾਥ, ਕੰਬੜਨਾਥ, ਸਤਯਨਾਥ, ਅਚੰਭਨਾਥ, ਚੌਰੰਗੀ ਨਾਥ ਅਤੇ ਸੰਤੋਖ ਨਾਥ ਆਦਿ। ਜੋਗੀਆਂ ਦੀ ਦੂਜੀ ਸੰਪਰਦਾਇ ਅਨੁਸਾਰ ਹੇਠ ਲਿਖੇ ਨੌਂ ਨਾਥ ਹੋਏ ਹਨ ਜਿਵੇਂ: ਆਦਿਨਾਥ, ਸ਼ੇਲਨਾਥ, ਸੰਤੋਖਨਾਥ, ਅਚੰਭਨਾਥ, ਗਜਕੰਠਨਾਥ, ਪਰਜਾ ਨਾਥ, ਮਛੇਂਦਰ ਨਾਥ, ਗੋਰਖਨਾਥ ਅਤੇ ਗਿਆਨਸਵਰੂਪੀ ਨਾਥ ਆਦਿ। ਨਉ ਨਿਧਾਨ: ਮਨੁਖ ਵਾਸਤੇ ਪੁਰਾਣਾ ਵਿਚ ਨੌਂ ਖਜਾਨੇ ਲਿਖੇ ਹਨ ਜਿਵੇਂ: ਪਦਮ, ਮਹਾ, ਮਕਰ, ਕੱਛਪ, ਮੁਕੰਦ, ਕੰਦ, ਨੀਲ, ਸੰਖ ਅਤੇ ਖਰਬ ਆਦਿ। ਨੌਂ ਪਰਕਾਰ ਦੀ ਭਗਤੀ ਜਿਵੇਂ; 1) ਸਰਵਣ ਭਾਵ ਆਪਣੇ ਇਸ਼ਟਦੇਵ ਦਾ ਜੱਸ ਸੁਣਨਾ। 2) ਕੀਰਤਨ ਭਾਵ ਗੁਣਾਂ ਦਾ ਕਥਨ ਕਰਨਾ ਜਾਂ ਗਉਂਣਾ। 3) ਸਿਮਰਨ ਭਾਵਯਾਦ ਕਰਨਾ ਜਾਂ ਚਿੱਤ ਦੁਆਰਾ ਚਿੰਤਨ ਕਰਨਾ। 4) ਪਾਦਨਸੇਵਨ ਭਾਵ ਚਰਨ ਸੇਵਾ ਕਰਨੀ। 5) ਅਰਚਨ: ਚੰਦਨ ਦੇ ਫੁੱਲ ਦੀ ਸਮੱਗਰੀ ਨਾਲ ਪੂਜਾ ਕਰਨੀ। 6) ਵੰਦਨਭਾਵ ਪ੍ਰਣਾਮ ਜਾਂ ਨਮਸਕਾਰ ਆਦਿ। 7) ਸਖਯ ਭਾਵ ਇਸ਼ਟ ਨਾਲ ਮਿਤ੍ਰਤਾ ਭਾਵ ਰਖਣੀ। 8) ਦਾਸ ਭਾਵ ਸੇਵਕ। 9) ਆਤਮ ਨਿਵੇਦਨ ਭਾਵ ਆਪਣਾ ਆਪ ਅਰਪਨ ਕਰਨਾ। ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਨੇ ਚਾਰ ਪ੍ਰਕਾਰ ਦੇ ਭਗਤ ਲਿਖੇ ਹਨ ਜਿਵੇਂ 1) ਕਾਮਨਾਵਾਨ ਜੋ ਧਨ ਅਤੇ ਸੰਤਾਨ ਦੀ ਕਾਮਨਾ ਕਰੇ। 2) ਆਰਤ ਭਾਵ ਜੋ ਰੋਗ ਦੁਖ ਆਦਿ ਦੇ ਮਿਟਾਉਣ ਲਈ ਭਗਤੀ ਕਰੇ। 3) ਉਪਾਸ਼ਕ ਜੋ ਇਸਤਰੀ ਵਾਂਗ ਕਰਤਾਰ ਨੂੰ ਮੰਨ ਕੇ ਸੇਵਨ ਕਰਦੇ ਹਨ। 4) ਗਿਆਨੀ ਭਾਵ ਸਰਵਰੂਪ ਆਤਮਾ ਨੂੰ ਵੇਖਕੇ ਉਪਾਸਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੋਲਾਂ ਭਗਤ ਲਿਖੇ ਹਨ ਜਿਵੇਂ: ਸੱਤਾ, ਸਾਧਨਾ, ਸੈਣ, ਸੁੰਦਰ, ਸੂਰਦਾਸ, ਕਬੀਰ, ਜੈਦੇਵ, ਤ੍ਰਿਲੋਚਨ, ਧੰਨਾ, ਨਾਮਦੇਵ, ਪਰਮਾਨੰਦ, ਪੀਪਾ, ਫਰੀਦ, ਬਲਵੰਡ, ਬੇਣੀ ਅਤੇ ਭਿਖਾ ਆਦਿ। ਮੈਂ ਬਹੁਤੇ ਗ੍ਰੰਥ ਫਰੋਲੇ ਹਨ ਪਰ ਭਾਈ ਗੁਰਦਾਸ ਜੀ ਨੇ ਜੋ ਨੌਂ ਪਰਕਾਰ ਦੇ ਭਗਤ ਲਿਖੇ ਹਨ ਕਿਤੇ ਵੀ ਪੜਨ੍ਹ ਵਿਚ ਨਹੀਂ*

*ਆਏ। ਹਾਂ ਇਹ ਵਿਚਾਰ ਜਰੂਰ ਵਿਚਾਰਿਆ ਜਾ ਸਕਦਾ ਹੈ ਕਿ ਜਿਵੇਂ ਨੌਂ ਪ੍ਰਕਾਰ ਦੀ ਭਗਤੀ ਪੜ੍ਹਨ ਵਿਚ ਆਉਂਦੀ ਹੈ ਅਤੇ ਅਜਿਹੀ ਭਗਤੀ ਕਰਨ ਵਾਲੇ ਜਰੂਰ ਨੌਂ ਭਗਤ ਹੋ ਸਕਦੇ ਹਨ। ਪ੍ਰਿਥਵੀ ਦੇ ਨੌਂ ਖੰਡ ਹਨ ਜਿਵੇਂ: ਭਰਤ, ਇਲਾਵ੍ਰਿਤ, ਕਿੰਪੁਰਸ਼, ਭਦ੍ਰ, ਕੇਤੁਮਾਲ, ਹਰਿ, ਹਿਰਣਯ ਅਤੇ ਕੁਸ਼ ਆਦਿ। ਨੌਂ ਗ੍ਰਹਿ ਜਿਵੇਂ ਚੰਦ ਸੂਰਜ ਛਨਿਚਰ, ਸੁਕਰ, ਬ੍ਰਹਸਪਤ, ਮੰਗਲ, ਬੁੱਧ ਰਾਹੂ ਕੇਤੂ ਨੌਂ ਗ੍ਰਹਿ ਜਿਵੇਂ ਚੰਦ ਸੂਰਜ ਛਨਿਚਰ, ਸੁਕਰ, ਬ੍ਰਹਸਪਤ, ਮੰਗਲ, ਬੁੱਧ ਰਾਹੂ ਕੇਤ ਆਦਿ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਨੇ ਨੌਂ ਨਾਥ ਨੱਥਕੇ ਭਾਵ ਆਪਣੇ ਹੁਕਮ ਵਿਚ ਕੀਤੇ ਹਨ ਕਿਉਂਕਿ ਗੁਰਮੁਖ ਆਪ ਨੂੰ ਅਨਾਥ ਭਾਵ ਨਿਮਾਣੇ ਸਮਝਦੇ ਹਨ ਸਿਖ ਸਿਧਾਂਤ ਕਹਿੰਦਾ ਹੈ ਕਿ ਅਨਾਥਾ ਦਾ ਸਹਾਰਾ ਆਪ ਪ੍ਰਮਾਤਮਾ ਹੁੰਦਾ ਹੈ। ਨੌਂ ਨਿਧਾਂ ਉਨ੍ਹਾਂ ਦੇ ਵਸ ਵਿਚ ਹੁੰਦੀਆਂ ਹਨ ਪਰ ਨਿਧਾਂ ਦਾ ਨਿਰੀਖਣ ਅਪਰੋਖ ਗਿਆਨ ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ। ਜਿਵੇਂ ਉਪਰ ਲਿਖਿਆ ਗਿਆ ਹੈ ਭਗਤੀ ਨੌਂ ਪਰਕਾਰ ਦੀ ਹੁੰਦੀ ਹੈ ਅਤੇ ਇਸ ਭਗਤੀ ਨੂੰ ਨੌਂ ਪਰਕਾਰ ਦੇ ਵੱਖ ਵੱਖ ਢੰਗ ਨਾਲ ਕਰਦੇ ਹਨ ਪਰ ਗੁਰਮੁਖ ਲੋਕਾਂ ਨੇ ਦਸਵੀਂ ਭਾਵ ਪ੍ਰੇਮਾ-ਭਗਤੀ ਵਿਖੇ ਆਪਣੀ ਲਗਨ ਲਾ ਰੱਖੀ ਹੁੰਦੀ ਹੈ। । ਨੌਂ ਗ੍ਰਹਿ ਸਰੀਰ ਦੇ ਇਸ ਤਰ੍ਹਾਂ ਗਿਣੇ ਜਾਂਦੇ ਹਨ ਜਿਵੇਂ ਤੋਤੇ ਵਰਗਾ ਨੱਕ, ਕਮਲ ਵਰਗੀਆਂ ਅੱਖਾ, ਚੰਦਰਮਾ ਵਰਗਾ ਮੁਖ, ਬਿਬ ਫਲ ਵਰਗੀ ਠੋਡੀ, ਸ੍ਰੀ ਫਲ ਵਰਗੀ ਕੱਛ, ਅਨਾਰ ਵਰਗੇ ਦੰਦ, ਸ਼ੇਸ਼ ਨਾਗ ਵਰਗੀ ਗੁੱਤ, ਗੁਲਾਬ ਦੀਆਂ ਪੱਤੀਆਂ ਵਰਗੇ ਬੁੱਲ੍ਹ ਅਤੇ ਭਉਰੇ ਵਰਗੀਆਂ ਭੌਹਾਂ ਆਦਿ ਕਹਿਕੇ ਹੰਕਾਰ ਕਰਦਾ ਹੈ ਪਰ ਗ੍ਰਿਹਸਥੀ ਗੁਰਮੁਖਾਂ ਨੇ ਇਹ ਸਾਰੇ ਅੰਗ ਆਪਣੇ ਵਸ ਵਿਚ ਕੀਤੇ ਹੋਏ ਹੁੰਦੇ ਹਨ। ਅੱਖਰ ਨੌਂ ਤੋਂ ਬਾਅਦ ਸਿਫਰ ਆਉਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਲੋਕੀ ਨੌਂ ਅੱਖਰਾਂ ਦੇ ਗੇੜ ਵਿਚ ਫਸੇ ਰਹਿੰਦੇ ਹਨ ਪਰ ਗੁਰਮੁਖ ਇਨ੍ਹਾਂ ਨੌਂ ਅੱਖਰਾਂ ਦੇ ਗੇੜ ਵਿਚੋਂ ਨਿਕਲ ਕੇ ਓਅੰਕਾਰ ਵਿਚ ਇਸ ਤਰਉਾਂ ਮਿਲ ਜਾਂਦਾ ਹੈ ਜਿਵੇਂ ਪਾਣੀ ਨੂੰ ਪਾਣੀ ਵਿਚ ਮਿਲਾਉਂਦੇ ਹਾਂ। ਸਿਫਰ ਤੱਕ ਨਹੀਂ ਪਹੁੰਚਦੇ ਜਿਥੇ ਗੁਰਮੁਖ ਪਹੁੰਚ ਜਾਂਦਾ ਹੈ ਅਤੇ ਮੁੜ ਦੁਨੀਆਂ ਦੇ ਗੁਰਮੁਖ ਅਜਿਹਾ ਸਿਰਫ ਤੇ ਸਿਰਫ ਇਕ ਪ੍ਰਮਾਤਮਾ ਦੀ ਮਿਹਰ ਸਦਕਾ ਹੀ ਕਰ ਸਕਦਾ ਹੈ। ਗੁਰਮੁਖ ਨੂੰ ਸਹਿਜ ਪੱਦ ਦੀ ਪਰਾਪਤੀ ਭਾਵ ਅਲਖ ਫ਼ਲੁ ਦੀ ਸੋਝੀ ਆਸਾਨ ਹੀ ਹੋ ਜਾਂਦੀ ਹੈ।

----

## ਵਾਰ 7

*ਪਉੜੀ 10 (ਦਸ ਸੰਖਯਾ-ਗੁਰਮੁਖ)*

ਸੰਨਿਆਸੀ ਦਸ ਨਾਵ ਧਰਿ ਸਚ ਨਾਵ ਵਿਣੁ ਨਾਵ ਗਣਾਇਆ।
ਦਸ ਅਵਤਾਰ ਅਕਾਰੁ ਕਰਿ ਏਕੰਕਾਰੁ ਨ ਅਲਖ ਲਖਾਇਆ।
ਤੀਰਥ ਪੁਰਬ ਸੰਜੋਗ ਵਿਚਿ ਦਸ ਪੁਰਬਿ ਨ ਪਾਇਆ।
ਇਕ ਮਨ ਇਕ ਨ ਚੇਤਿਓ ਸਾਧਸੰਗਤਿ ਵਿਚੁ ਦਹਦਿਸਿ ਧਾਇਆ।

ਦਸ ਦਹੀਆਂ ਦਸ ਅਸਵਮੇਧ ਖਾਇ ਅਮੇਧ ਨਿਖੇਧੁ ਕਰਾਇਆ।
ਇੰਦਰੀਆਂ ਦਸ ਵਸਿ ਕਰਿ ਬਾਹਰਿ ਜਾਂਦਾ ਵਰਜਿ ਰਹਾਇਆ।
ਪੈਰੀ ਪੈ ਜਗੁ ਪੈਰੀ ਪਾਇਆ ।।10।।

---

*ਅਮੇਧ: ਅਪਵਿਤਰ। ਪੁਰਬ: ਮਹਾਤਮ। ਅਸਵਮੇਧ: ਹਿੰਦੂਆਂ ਦੇ ਦਸ ਜੱਗ ਜਿਵੇਂ: ਅਸਵਮੇਧ, ਗਜਮੇਧ, ਗੌਮੇਧ, ਅਜ, ਨਰ, ਰਾਜਸ, ਬ੍ਰਹਮ ਯੱਗ, ਅਨਜਗ, ਹੇਤ੍ਰ ਅਤੇ ਚਾਤ੍ਰ ਆਦਿ। ਦਸ ਨਾਵ: ਦਸ ਪਰਕਾਰ ਦੇ ਸੰਨਿਆਸੀ ਜਿਵੇਂ ਤੀਰਥੀ, ਆਸ਼ਰਮੀ, ਬਨੀ, ਅਰੰਨਯੀ, ਗਿਰੀ, ਪਰਬਤੀ, ਸਾਗਰ, ਸਰਸਵਤੀ, ਪੁਰੀ ਅਤੇ ਭਗਤੀ ਆਦਿ। ਦਸ ਅਵਤਾਰ: ਹਿੰਦੂ ਮੱਤ ਅਨੁਸਾਰ ਦਸ ਅਵਤਾਰ ਅਗੇ ਲਿਖੇ ਦੀ ਤਰ੍ਹਾਂ ਹੋਏ ਹਨ ਜਿਵੇ: ਮੱਛ, ਕੱਛਪ, ਵਰਾਹ, ਮੋਹਿਨੀ, ਪਰਸ ਰਾਮ, ਕ੍ਰਿਸ਼ਨ, ਬਲਰਾਮ, ਬੁੱਧ ਅਤੇ ਕਲਕੀ ਆਦਿ। ਦਸ ਪੁਰਬ: ਵਿਸਾਖੀ, ਮਾਘੀ, ਦੀਵਾਲੀ, ਦੁਸਹਿਰਾ, ਟੁਕੜੀ, ਨਿਮਾਣੀ, ਦੁਆਦਸੀ, ਵਿਤੀਪਤ, ਵੈਧ੍ਰਿਤ ਅਤੇ ਜਨਮਅਸ਼ਟਮੀ ਆਦਿ।ਦਸ ਦਹੀਆਂ: ਦਸ ਦਿਸ਼ਾਂ। ਮੁਸਲਮਾਨਾਂ ਅਤੇ ਹਿੰਦੂਆਂ ਦੇ ਰਲ ਕੇ ਦਸ ਯੱਗ ਬਣਦੇ ਹਨ ਜਿਵੇਂ ਅਸਵਮੇਧ, ਗਜਮੇਧ, ਗੌਮੇਧ, ਅਜ, ਨਰ, ਰਾਜਸ, ਬ੍ਰਹਮ ਯੱਗ, ਅਨਜਗ, ਹਤ੍ਰ ਅਤੇ ਚਾਤ੍ਰ ਯੱਗ ਆਦਿ। ਦਸ ਇੰਦਰੀਆਂ: ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਆਦਿ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਦਸ ਪਰਕਾਰ ਦੇ ਸੰਨਿਆਸੀ ਜਿਵੇਂ ਤੀਰਥੀ, ਆਸ਼ਰਮੀ, ਬਨੀ, ਅਰੰਨਯੀ, ਗਿਰੀ, ਪਰਬਤੀ, ਸਾਗਰ, ਸਰਸਵਤੀ, ਪੁਰੀ ਅਤੇ ਭਗਤੀ ਆਦਿ। ਇਹ ਸਭ ਸੰਨਿਆਸੀਆਂ ਨੇ ਆਪਣਾ ਆਪਣਾ ਨਾਮ ਜਪਾਇਆ ਅਤੇ ਕਿਸੇ ਕੰਮ ਵੀ ਨਾ ਆਇਆ। ਹਿੰਦੂ ਮੱਤ ਅਨੁਸਾਰ ਦਸ ਅਵਤਾਰ ਅਗੇ ਲਿਖੇ ਦੀ ਤਰ੍ਹਾਂ ਹੋਏ ਹਨ ਜਿਵੇ: ਮੱਛ, ਕੱਛਪ, ਵਰਾਹ, ਮੋਹਿਨੀ, ਪਰਸ ਰਾਮ, ਕ੍ਰਿਸ਼ਨ, ਬਲਰਾਮ, ਬੁੱਧ, ਅਤੇ ਕਲਕੀ ਆਦਿ ਬਣੇ ਪਰ ਪ੍ਰਮਾਤਮਾਂ ਨੇ ਆਪਣਾ ਰੂਪ ਉਨ੍ਹਾਂ ਨੂੰ ਵੀ ਨਹੀਂ ਵਿਖਾਇਆ। ਦਸ ਪੁਰਬਾਂ ਦਾ ਮਹਾਤਮ ਦਸਦੇ ਹਨ ਕਿ ਗੁਰਪੁਰਬ ਮਨੁੱਖ ਨੂੰ ਵਾਹਿਗੁਰੂ ਵੱਲ ਲਿਜਾਂਦਾ ਹੈ ਪਰ ਤੀਰਥਾਂ ਦੇ ਦਸ ਪੁਰਬ ਵਿਸਾਖੀ, ਮਾਘੀ, ਦੀਵਾਲੀ, ਦੁਸਹਿਰਾ, ਟੁਕੜੀ, ਨਿਮਾਣੀ, ਦੁਆਦਸੀ, ਵਿਤੀਪਤ, ਵੈਧ੍ਰਿਤ ਅਤੇ ਜਨਮਅਸ਼ਟਮੀ ਆਦਿ ਨੇ ਗੁਰਪੁਰਬ ਦੀ ਬਰਾਬਰੀ ਨਹੀਂ ਕੀਤੀ ਕਿਉਂਕਿ ਇਹ ਪੁਰਬ ਸੰਸਾਰਕ ਖੁਸ਼ੀ ਪ੍ਰਦਾਨ ਕਰਦੇ ਹਨ ਪ੍ਰਮਾਤਮਾਂ ਨੂੰ ਮਿਲਣ ਦਾ ਰਾਹ ਨਹੀਂ ਦਸਦੇ। ਇਕ ਗ੍ਰੰਥ ਵਿਚ ਦਸ ਪੁਰਬ ਅਗੇ ਲਿਖੇ ਦੀ ਤਰ੍ਹਾਂ ਲਿਖੇ ਹਨ ਜਿਵੇਂ ਅਸ਼ਟਮੀ, ਚਤਰਦਸ਼ੀ, ਅਮਾਵਸ, ਪੂਰਨਮਾਸ਼ੀ, ਸੰਕਾਂਤਿ, ਉਤਰਾਯਨ, ਦਛਿਣਾਯਨ, ਵਸਤਿਪਾਤ, ਚੰਦਰਗ੍ਰਹਿਣ ਅਤੇ ਸੂਰਜ ਗ੍ਰਹਿਣ ਆਦਿ। ਜਿਨ੍ਹਾਂ ਸਾਧ ਸੰਗਤ ਤੋਂ ਬਿਨ੍ਹਾਂ ਇਕ ਮਨ ਕਰਕੇ ਇਕ ਪ੍ਰਮਾਤਮਾਂ ਨੂੰ ਨਹੀਂ ਧਿਆਇਆ ਉਹ ਦਸ ਦਿਸ਼ਾਵਾਂ ਵਿਚ ਪ੍ਰਮਾਤਮਾਂ ਨੂੰ ਭਾਲਦੇ ਭਟਕਦੇ ਹਨ। ਦਸ ਦਿਸ਼ਾਵਾਂ ਜਿਵੇਂ ਪੂਰਬ, ਅਗਨਿ ਕੋਣ, ਦਖਣ, ਨੈਰਿਤੀ ਕੋਣ, ਪਛਮ, ਵਾਯਵੀ ਕੋਣ, ਉਤਰ, ਈਸ਼ਾਨ ਕੋਣ ਆਕਾਸ਼ ਅਤੇ ਪਾਤਾਲ ਆਦਿ। ਹਿੰਦੂ ਕੁਲ ਦਸ ਜੱਗ ਕਰਦੇ ਹਨ ਜਿਵੇਂ ਅਸਵਮੇਧ, ਗਜਮੇਧ, ਗੌਮੇਧ, ਅਜ, ਨਰ, ਰਾਜਸ, ਬ੍ਰਹਮ ਯੱਗ, ਅਨਜਗ, ਹੇਤ੍ਰ ਅਤੇ ਚਾਤ੍ਰ ਆਦਿ ਅਸ਼ਵਮੇਧ ਤੋਂ

ਅਮੇਧ ਹੋ ਗਏ ਭਾਵ ਜਦ ਜਦ ਵੀ ਜੱਗ ਕੀਤਾ ਜਾਂਦਾ ਹੈ ਹਿੰਦੂ ਪਰਮ ਧਰਮ ਅਤੇ ਹਿੰਸਾਂ ਹੀ ਕੀਤੀ ਜਾਂਦੇ ਯਗਾਂ ਦੁਰਾਨ ਕਰਦੇ ਹਨ ਅਤੇ ਦਸ ਦਹੇ ਤੋਂ ਭਾਵ ਛੀਆ ਮੁਸਲਮਾਨ ਜਿਹੜੇ ਹਸਨ ਹੁਸੈਨ ਦੇ ਪੈਰੋਕਾਰ ਹੁੰਦੇ ਹਰ ਨਵਾ ਸਾਲ ਚੜ੍ਹਨ ਸਮੇਂ ਦਸ ਮੁਹਰਮ ਮਨਾਉਂਦੇ ਹਨ। ਮੁਹਰਮ ਤੋਂ ਭਾਵ ਜਦ ਹਸਨ ਹੁਸੈਨ ਜਿਹੜੇ ਮੁਹੰਮਦ ਸਾਹਿਬ ਜੀ ਦੇ ਭਾਣਜੇ ਸਨ, ਮਦੀਨੇ ਦੇ ਮੁਸਲਮਾਨ ਹਾਕਮਾਂ ਨੇ ਉਨ੍ਹਾਂ ਕੋਲੋਂ ਮੁਸਲਮ ਮਜ਼ਬ ਦੇ ਪਰਚਾਰ ਦੇ ਹੱਕ ਧੱਕੇ ਨਾਲ ਖੋਹ ਲਏ ਸਨ ਪਰ ਹੁਸੈਨ ਸਾਹਿਬ ਸਮਝਦੇ ਸਨ ਕਿ ਉਹ ਮੁਹੱਮਦ ਸਾਹਿਬ ਜੀ ਦੇ ਭਾਣਜੇ ਹਨ ਅਤੇ ਮੁਸਲਮ ਮਜ਼ਬ ਨੂੰ ਫੈਲਾਉਂਣ ਦੇ ਸਾਰੇ ਹੱਕ ਉਸ ਕੋਲ ਹੀ ਹਨ। ਇਸ ਕਰਕੇ ਉਹ ਮਦੀਨਾ ਛੱਡ ਕੇ ਇਰਾਕ ਵਿਚ ਉਨ੍ਹਾਂ ਕੋਲੋਂ ਦੂਰ ਕਰਬਲਾ ਵਿਖੇ ਤੰਬੂ ਲਾ ਕੇ ਬੈਠ ਗਏ ਸਨ ਤਾਂ ਮਦੀਨੇ ਦੇ ਹਾਕਮਾਂ ਨੇ ਏਥੇ ਵੀ ਉਸਦਾ ਪਿੱਛਾ ਨਹੀਂ ਛੱਡਿਆ। ਉਨ੍ਹਾਂ ਪਹਿਲਾਂ ਹੀ ਹਸਨ ਨੂੰ ਜ਼ਹਿਰ ਦੇ ਕੇ ਮਾਰ ਦਿਤਾ ਸੀ ਅਤੇ ਹੁਸੈਨ ਨੂੰ ਬਹੁਤ ਤਸੀਹੇ ਦੇ ਕੇ ਮਾਰਿਆ ਗਿਆ ਸੀ। ਦਸਮੇਂ ਮੁਹਰਮ ਭਾਵ ਦਸਮੇਂ ਦਿਨ ਛੀਆਂ ਲੋਕ ਹੁਸੈਨ ਜੀ ਉਪਰ ਹੋਏ ਤਸ਼ੱਦਦ ਨੂੰ ਯਾਦ ਕਰ ਕੇ ਜੋਸ਼ ਵਿਚ ਆ ਕੇ ਆਪਣੇਂ ਆਪ ਨੂੰ ਉਸੇ ਤਰ੍ਹਾਂ ਤਸੀਹੇ ਦਿੰਦੇ ਹਨ। ਇਸੇ ਕਰਕੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਦਸ ਦਿਹਾਂ ਦੇ ਦਿਨਾਂ ਸਮੇਂ ਜੋਸ਼ ਵਿਚ ਆਣ ਕੇ ਹਿੰਸਾ ਕਰ ਬੈਠਦੇ ਹਨ। ਇਸੇ ਕਰਕੇ ਇਹ ਦਸ ਮੁਹਰਮ ਆਪਣੇ ਆਪ ਹੀ ਨਖਿੱਧ ਹੋ ਜਾਂਦੇ ਹਨ। ਦਸ ਪਰਕਾਰ ਦੇ ਸੰਨਿਆਸੀ ਜਿਵੇਂ ਤੀਰਥੀ, ਆਸ਼ਰਮੀ, ਬਨੀ, ਅਰੰਨਯੀ, ਗਿਰੀ, ਪਰਬਤੀ, ਸਾਗਰ, ਸਰਸਵਤੀ, ਪੁਰੀ ਅਤੇ ਭਗਤੀ ਆਦਿ। ਗੁਰਮੁਖਾਂ ਨੇ ਆਪਣੀਆਂ ਦਸ ਇੰਦਰੀਆਂ ਜਿਵੇਂ ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਆਦਿ ਨੂੰ ਵਸ ਕਰਕੇ ਆਪਣੇ ਗਿਆਰਵੇਂ ਬਾਹਰਮੁਖੀ ਮਨ ਨੂੰ ਅੰਦਰਮੁਖੀ ਭਾਵ ਪ੍ਰਮਾਤਮਾਂ ਨਾਲ ਜੋੜ ਲਿਆ ਹੈ। ਗੁਰਮੁਖ ਸੰਗਤ ਦੇ ਪੈਰੀਂ ਪੈ ਕੇ ਸੰਗਤ ਨੂੰ ਨਿਵਾ ਲੈਂਦੇ ਹਨ ਭਾਵ ਸਭ ਕਾਰਜ ਬੜੀ ਨਿਮ੍ਰਤਾ ਨਾਲ ਕਰਦੇ ਹਨ।

----

## ਵਾਰ 7

*ਪਉੜੀ 11 (ਏਕਿਾਦਸ਼ ਸੰਖਯਾ-ਗੁਰਮੁਖ)*

ਇਕ ਮਨ ਹੋਇ ਇਕਾਦਸੀ ਗੁਰਮੁਖਿ ਵਰਤੁ ਪਤਿਬ੍ਰਤਿ ਭਾਇਆ।
ਗਿਆਰਹ ਰੁਦ੍ਰ ਸਮੁੰਦ੍ਰ ਵਿਚਿ ਪਲ ਦਾ ਪਾਰਾਵਾਰੁ ਨ ਪਾਇਆ।
ਗਿਆਰਹਕਸ ਗਿਆਰਹਕਸੇ ਕਸਿ ਕਸਵੱਟੀ ਕਸਕਸਾਇਆ।
ਗਿਆਰਹ ਗੁਣ ਪੈਲਾਉ ਕਰਿ ਕਚ ਪਕਾਈ ਅਘੜ ਘੜਾਇਆ।
ਗਿਆਰਹ ਦਾਉ ਚੜ੍ਹਾਉ ਕਰਿ ਦੂਜਜਾ ਭਾਉ ਕੁਦਾਉ ਰਹਾਇਆ।
ਗਿਆਰਹ ਗੋੜਾ ਸਿਖੁ ਸੁਣਿ ਗੁਰ ਸਿਖੁ ਲੈ ਗੁਰਸਿਖੁ ਸਦਾਇਆ।
ਸਾਧਸੰਗਤਿ ਗੁਰੁ ਸਬਦੁ ਵਸਾਇਆ ॥11॥

---

*ਗਿਆਰਹ ਰੁਦ੍ਰ: ਗਿਆਰਾਂ ਸ਼ਿਵ। ਗਿਆਰਾਹਕਸ:ਗਿਆਰਾਂ ਕਾਬੂ ਕਰਨੇ ਭਾਵ ਦਸ ਇੰਦਰੇ ਅਤੇ ਮਨ। ਗਿਆਰਾਹ ਕਸੇ: ਗਿਆਰਾਂ ਕਾਬੂ ਕਰਨੇ ਭਾਵ ਦਸ ਇੰਦਰੇ ਅਤੇ*

*ਚਿੱਤ। ਕਸਿ: ਰੋਕ ਕੇ। ਕਸਵੱਟੀ: ਭਗਤੀ ਰੂਪ ਕਸੌਟੀ। ਗਿਆਰਹ ਗੁਣ: ਅਘੜ: ਜਿਹੜਾ ਘੜਿਆ ਨਾ ਜਾਵੇ। ਗਿਆਰਹ ਦਾਉ: ਗਿਆਰਾਂ ਦਾਅ ਜਿਵੇਂ: ਸਤਿ, ਸੰਤੋਖ, ਦਇਆ, ਧਰਮ, ਧੀਰਜ, ਸਮ, ਦਮ ਉਰਿਤ, ਤਿਤਿੱਖਿਆ, ਸ਼ਰਧਾ ਅਤੇ ਸਮਾਧਨਤਾ ਆਦਿ। ਗਿਆਰਹ ਗੇੜਾ: ਗਿਆਰਾਂ ਵਾਰੀ।*

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਦਸਦੇ ਹਨ ਕਿ ਗੁਰਮੁਖ ਪ੍ਰਮਾਤਮਾਂ ਨੂੰ ਯਾਦ ਕਰਨ ਸਮੇਂ ਆਪਣੇ ਆਪ ਨੂੰ ਇਸਤਰੀ ਰੂਪ ਸਮਝਦੇ ਹਨ ਅਤੇ ਸਾਧ ਸੰਗਤ ਵਿਚ ਬੈਠੇਆਪਣੇ ਪਤੀ ਪ੍ਰਮਾਤਮਾਂ ਨੂੰ ਯਾਦ ਕਰਦੇ ਹਨ ਤਾਂ ਉਨ੍ਹਾਂ ਭਾਣੇ ਇਕਾਦਸੀ ਬ੍ਰਤ ਸੰਪੂਰਨ ਹੋ ਗਿਆ ਹੈ। ਚੰਦਰ ਮਹੀਨੇ ਦੀ ਅੰਧੇਰੇ ਅਤੇ ਚਾਨਣੇ ਪਖ ਦੀ ਗਿਆਰਵੀਂ ਤਿੱਥ ਵੈਸ਼ਨਵ ਮਤ ਵਿਚ ਏਕਾਦਸੀ ਨੂੰ ਬ੍ਰਤ ਰੱਖਣਾ ਪੁੰਨ ਕਰਮ ਹੁੰਦਾ ਹੈ। ਇਨ੍ਹਾਂ ਦਿਨਾਂ ਵਿਚ ਅੰਨ ਖਾਣਾ ਵੀ ਪਾਪ ਮੰਨਿਆਂ ਜਾਂਦਾ ਹੈ। ਗਿਆਰਾਂ ਸ਼ਿਵ ਤੋਂ ਭਾਵ ਵਿਸ਼ਨੂੰ ਪੁਰਾਣ ਵਿਚ ਲਿਖਿਆ ਗਿਆ ਹੈ ਕਿ ਬ੍ਰਹਮਾਂ ਨੇ ਇੱਛਾ ਕੀਤੀ ਕਿ ਉਸਦੇ ਘਰ ਵਿਚ ਇਕ ਬਾਲ ਪੈਦਾ ਹੋਵੇ ਤਾਂ ਝੱਟ ਉਸਦੇ ਮੱਥੇ ਵਿਚ ਇਕ ਬਾਲ ਪੈਦਾ ਹੋ ਗਿਆ। ਬਾਲ ਜੰਮਦਾ ਹੀ ਰੋਣ ਲੱਗ ਪਿਆ। ਬ੍ਰਹਮਾਂ ਨੇ ਉਸਦਾ ਨਾਮ ਰੁਦ੍ਰ ਭਾਵ ਰੋਂਦੂ ਰੱਖ ਦਿਆ। ਪਰ ਰੁਦ੍ਰ ਨੇ ਸੱਤ ਵਾਰ ਰੋ ਕੇ ਆਖਿਆ ਕਿ ਮੇਰੇ ਹੋਰ ਨਾਮ ਥਾਪੋ। ਤਦ ਬ੍ਰਹਮਾਂ ਨੇ ਉਸਦੇ ਸੱਤ ਨਾਮ ਅਗੇ ਲਿਖੇ ਦੀ ਤਰ੍ਹਾਂ ਰੱਖੇ ਜਿਵੇਂ ਭਵ, ਸ਼ਰਵ, ਈਸ਼ਾਨ, ਪਸੂਪਤਿ; ਭੀਮ, ਉਗ੍ਰ ਅਤੇ ਮਹਾਂਦੇਵ ਆਦਿ ਸੱਤ ਨਾਮ ਰੱਖੇ। ਭਾਈ ਗੁਰਦਾਸ ਜੀ ਗਿਆਰਾਂ ਰੁਦ੍ਰ ਲਿਖਦੇ ਹਨ। ਪੁਰਾਣਾ ਵਿਚ ਗਿਆਰਾਂ ਰੁਦ੍ਰ ਹੀ ਲਿਖੇ ਹਨ ਜਿਵੇਂ ਅਜ, ਏਕਪਾਦ, ਅਹਿਵ੍ਰਸਨ, ਪਿਨਾਕੀ, ਅਪਰਜਿਤ, ਤ੍ਰਯੰਬਕ, ਮਹੇਸ਼ਵਰ; ਵ੍ਰਿਖਾਕਪੀ, ਸ਼ਭ, ਹਰਣ ਅਤੇ ਈਸ਼ਵਰ ਆਦਿ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਨ੍ਹਾਂ ਗਿਆਰਾਂ ਸ਼ਿਵਾਂ ਨੇ ਸੰਸਾਰ ਸਮੁੰਦਰ ਵਿਖੇ ਪ੍ਰਮਾਤਮਾਂ ਦੇ ਇਕ ਪਲ ਦਾ ਵੀ ਪਾਰਾਵਾਰ ਨਹੀਂ ਪਾਇਆ। ਗਿਆਰਾਂ ਕਸ ਭਾਵ ਦਸ ਇੰਦਰੀਆਂ ਅਤੇ ਗਿਆਰਵਾਂ ਮਨ ਭਾਵ ਗਿਆਰਾਂ ਹੀ ਕਸ ਲਏ ਹਨ ਭਾਵ ਕਾਬੂ ਵਿਚ ਕਰ ਲਏ ਹਨ। ਗੁਰਮੁਖ ਨੇ ਸ਼ਬਦ ਸੁਰਤ ਦੀ ਕਸਵੱਟੀ ਲਾ ਕੇ ਮਨ ਕੰਚਨ ਨੂੰ ਸੁਧ ਕਰ ਲਿਆ ਹੈ। ਗਿਆਰਾਂ ਗੁਣੇ ਵਧਾ ਕੇ ਅਘੜ ਮਨ ਨੂੰ ਘੜ ਕੇ ਸੁੰਦਰ ਬਣਾ ਲਿਆ ਹੈ। ਗਿਆਰਾਂ ਦਾਅ ਜਿਵੇਂ: ਸਤਿ, ਸੰਤੋਖ, ਦਇਆ, ਧਰਮ, ਧੀਰਜ, ਸਮ, ਦਮ ਉਰਿਤ, ਤਿਤਿੱਖਿਆ, ਸ਼ਰਧਾ ਅਤੇ ਸਮਾਧਤਾ ਆਦਿ ਨਾਲ ਮਨ ਨੂੰ ਪੱਕਾ ਕਰਕੇ ਦੂਜਾ ਭਾਉ ਜੋ ਖੋਟਾ ਕਰਮ ਸੀ ਤਿਆਗ ਦਿਤਾ ਹੈ। ਗਿਆਰਾਂ ਵੇਰਾਂ ਗੁਰੂ ਕੋਲੋਂ ਗੁਰਮੰਤਰ ਸੁਣ ਕੇ ਭਾਵ ਗੁਰ ਸਿਖਿਆ ਲੈ ਕੇ ਗੁਰ ਦਾ ਸਿੱਖ ਸਦਵਾਇਆ ਹੈ। ਸਾਧ ਸੰਗਤ ਵਿਚ ਗੁਰੂ ਨੇ ਸ਼ਬਦ ਸੁਰਤ ਨੂੰ ਵਸਾਇਆ ਹੈ ਭਾਵ ਅਰਥ ਹੈ ਕਿ ਸਾਧ ਸੰਗਤ ਵਿਚੋਂ ਹੀ ਨਾਮ ਪ੍ਰਾਪਤ ਕੀਤਾ ਜਾ ਸਕਦਾ ਹੈ।

----

## ਵਾਰ 7

*ਪਉੜੀ 12 (ਦਵਾਦਸ਼ ਸੰਖਯਾ-ਗੁਰਮੁਖ)*

ਬਾਰਾਹ ਪੰਥ ਸਧਾਇ ਕੈ ਗੁਰਮੁਖਿ ਗਾਡੀ ਰਾਹ ਚਲਾਇਆ।
ਸੂਰਜ ਬਾਰਹ ਮਾਹ ਵਿਚਿ ਸਸੀਅਰ ਇਕਤੁ ਮਾਹਿ ਫਿਰਾਇਆ।
ਬਾਰਹ ਸੋਲਹ ਮੇਲਿ ਕਰਿ ਸਸੀਅਰ ਅੰਦਰਿ ਸੂਰ ਸਮਾਇਆ।
ਬਾਰਹ ਤਿਲਕ ਮਿਟਾਇ ਕੈ ਗੁਰਮਖਿ ਤਿਲਕੁ ਨੀਸਾਣੁ ਚੜਾਇਆ।
ਬਾਰਹ ਰਾਸੀ ਸਾਧਿ ਕੈ ਸਜਿ ਰਾਸਿ ਰਹਰਾਸਿ ਲੁਕਾਇਆ।
ਬਾਰਹ ਬੰਨੀ ਹੋਇ ਕੈ ਬਾਰਹ ਮਾਸੇ ਤੋਲਿ ਤੁਲਾਇਆ।
ਪਾਰਸ ਪਾਰਸਿ ਪਰਸਿ ਕਰਾਇਆ ॥12॥

---

*ਬਾਰਹ ਪੰਥ: ਚਾਰ ਵਰਣ, ਚਾਰ ਆਸ਼ਰਮ, ਚਾਰ ਇਸਲਾਮੀ ਫਿਰਕੇ ਆਦਿ। ਸਧਾਇ ਕੈ: ਜਿੱਤ ਕੇ। ਬਾਰਹ: ਦਸ ਇੰਦਰੇ ਮਨ ਅਤੇ ਬੁੱਧ। ਸੋਲਹ: ਦਸ ਪ੍ਰਾਣ, ਪੰਜ ਤੱਤ ਅਤੇ ਇਕ ਮਨ। ਸਸੀਅਰ: ਚੰਦਰਮਾ। ਬਾਰਹ ਰਾਸੀ: ਬਾਰਾਂ ਰਾਸਾਂ ਜਿਵੇਂ: ਮੇਖ, ਬ੍ਰਿਖ, ਮਿਥਨ, ਕਰਕ, ਸਿੰਘ, ਕੰਨਿਆ, ਤੁੱਲਾ, ਬ੍ਰਿਸਚਕ, ਧਨ, ਮਕਰ, ਕੁੰਭ ਅਤੇ ਮੀਨ ਆਦਿ। ਬਾਰਹ ਤਿਲਕ: ਵੈਸ਼ਨਵ ਲੋਕ ਸਰੀਰ ਦੇ ਅਗੇ ਲਿਖੇ ਬਾਰਾਂ ਅੰਗਾਂ ਉਪਰ ਤਿਲਕ ਲਗਾਉਂਦੇ ਹਨ ਜਿਵੇ: ਮੱਥਾ, ਕੰਠ, ਉਦਰ, ਛਾਤੀ, ਦੋ ਕੁੱਖਾਂ, ਦੋ ਬਾਹਾਂ, ਦੋ ਕੰਨ੍ਹੇ, ਪਿੱਠ ਅਤੇ ਕਮਰ ਆਦਿ। ਬਾਰਹ ਬੰਨ੍ਹੀ: ਉਹ ਸੋਨਾ ਜਿਹੜਾ ਬਾਰਾਂ ਵਾਰ ਅੱਗ ਵਿਚ ਢਾਲ ਕੇ ਨਿਖਾਰਿਆ ਗਿਆ ਹੋਵੇ। ਬਾਰਹ ਬਾਟ: ਮਾਇਆ ਦੇ ਬਾਰਾਂ ਭਾਗ ਕਈਆਂ ਨੇ ਕਲਪੇ ਹਨ ਜਿਵੇ: ਮੋਹ, ਦੀਨਤਾ, ਭਯ, ਰਵਾਸ (ਘਟਾਉ) ਹਾਨੀ, ਗਲਾਨਿ, ਕੁਧਾ, ਤ੍ਰਿਖਾ, ਮ੍ਰਿਤਯ, ਕੋਭ, ਝੂਠ ਅਤੇ ਅਪਕੀਰਤਿ ਆਦਿ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜੋਗੀਆਂ ਦੇ ਬਾਰਾਂ ਪੰਥ ਜਿਵੇਂ ਜਿਵੇਂ ਚਾਰ ਵਰਣ, ਚਾਰ ਆਸ਼ਰਮ ਅਤੇ ਚਾਰ ਇਸਲਾਮੀ ਫਿਰਕੇ ਆਦਿ। ਇਕ ਗ੍ਰੰਥ ਵਿਚ ਬਾਰਾਂ ਪੰਥ ਹੇਠ ਲਿਖੇ ਦੀ ਤਰ੍ਹਾਂ ਵੀ ਲਿਖੇ ਹਨ ਜਿਵੇਂ: ਹੇਤੁ, ਪਾਵ, ਆਈ, ਗਮਨ, ਪਾਗਲ, ਗੋਪਾਲ, ਕੰਥੜੀ, ਬਨ, ਧਵਜ, ਚੋਲੀ, ਰਾਵਲ ਅਤੇ ਦਾਸ ਪੰਥ ਆਦਿ। ਗੁਰਮੁਖਾਂ ਦਾ ਇਨ੍ਹਾਂ ਬਾਰਹ ਵਾਟਾਂ ਨਾਲ ਦੂਰ ਨੇੜੇ ਦਾ ਵੀ ਸੰਬੰਧ ਨਹੀਂ ਹੈ ਭਾਵ ਗੁਰਮੁਖਾਂ ਨੇ ਇਨ੍ਹਾਂ ਬਾਰਾਂ ਪੰਥਾਂ ਨੂੰ ਛੱਡ ਕੇ ਇਕ ਸੌਖਾ ਅਤੇ ਨਵਾਂ ਰਾਹ ਤੋਰਿਆ ਹੈ। ਇਹ ਇਕ ਵਿਗਿਆਨਕ ਸਚਾਈ ਹੈ ਕਿ ਸੂਰਜ ਬਾਰਾਂ ਮਹੀਨਿਆਂ ਵਿਚ ਧਰਤੀ ਦੇ ਦੁਆਲੇ ਚੱਕਰ ਕੱਢਦਾ ਹੈ ਅਤੇ ਚੰਦਰਾ ਇਕ ਮਹੀਨੇ ਵਿਚ ਪ੍ਰਕਰਮਾਂ ਕਰਦਾ ਹੈ। ਏਥੇ ਸੂਰਜ ਤੋਂ ਭਾਵ ਤਮੋ ਗੁਣ ਵਾਲੇ ਜੋ ਸਾਧਨਾ ਬਾਰਾਂ ਮਹੀਨਿਆਂ ਵਿਚ ਕਰਦਾ ਹੈ ਅਤੇ ਉਹੀ ਕਾਰਜ ਸਤੋ ਗੁਣ ਵਾਲਾ ਇਕ ਮਹੀਨੇ ਵਿਚ ਕਰ ਜਾਂਦਾ ਹੈ। ਕਿਉਂਕਿ ਚੰਦਰਮਾ ਸੋਲਾਂ ਕਲਾ ਸੰਪੂਰਨ ਹੁੰਦਾ ਹੈ ਇਸ ਕਰਕੇ ਸਤੋ ਗੁਣੀ ਹੈ। ਬਾਰਾਂ ਜਿਵੇਂ ਦਸ ਇੰਦਰੇ, ਮਨ ਅਤੇ ਬੁੱਧ ਆਦਿ ਬਾਰਾਂ, ਸੋਲਾਂ ਜਿਵੇਂ ਦਸ ਪ੍ਰਾਣ, ਪੰਜ ਤੱਤ,

ਅਤੇ ਇਕ ਮਨ ਮਿਲ ਕੇ ਭਾਵ ਸੋਲਾਂ ਕਲਾ ਬਣ ਕੇ ਚੰਦਰਮਾ ਸੂਰਜ ਦੇ ਘਰ ਵਿਖੇ ਸਮਾ ਜਾਂਦਾ ਹੈ ਭਾਵ ਦਿਨ ਚੜ੍ਹ ਜਾਂਦਾ ਹੈ। ਜੋਗੀਆਂ ਦੇ ਬਾਰਾਂ ਪੰਥ ਦੇ ਬਾਰਾਂ ਤਿਲਕ ਜਿਵੇਂ ਕੁੰਭ ਅਤੇ ਮੀਨ ਆਦਿ। ਵੈਸ਼ਨਵ ਲੋਕ ਸਰੀਰ ਦੇ ਅਗੇ ਲਿਖੇ ਬਾਰਾਂ ਅੰਗਾਂ ਉਪਰ ਤਿਲਕ ਲਗਾਉਂਦੇ ਹਨ ਜਿਵੇ: ਮੱਥਾ, ਕੰਠ, ਉਦਰ, ਛਾਤੀ, ਦੋ ਕੁੱਖਾਂ, ਦੋ ਬਾਹਾਂ, ਦੋ ਕੰਨ੍ਹੇ, ਪਿੱਠ ਅਤੇ ਕਮਰ ਆਦਿ ਨੂੰ ਮਿਟਾ ਕੇ ਗੁਰਮੁਖਾਂ ਨੇ ਨੀਸਾਣ ਭਾਵ ਚਿੰ੍ਹ ਅਥਵਾ ਉਜਲਤਾ ਦਾ ਤਿਲਕ ਚੜ੍ਹਾਇਆ ਹੈ। ਬਾਰਾਂ ਰਾਸਾਂ ਜਿਵੇਂ ਮੇਖ, ਬ੍ਰਿਖ, ਮਿਥਨ, ਕਰਕ, ਸਿੰਘ, ਕੰਨਿਆ, ਤੁੱਲਾ, ਬ੍ਰਿਸਚਕ, ਧਨ, ਮਕਰ, ਕੁੰਭ ਅਤੇ ਮੀਨ ਆਦਿ ਦੇ ਝਘੜਿਆਂ ਅੰਦਰ ਨਾ ਪੈ ਕੇ ਹਰ ਧਨ ਦੀ ਰਾਸ ਭਾਵ ਰਸਮ ਕਰਦੇ ਹਨ ਅਥਵਾ ਰਹਿਰਾਸ ਦੀ ਸੱਚੀ ਰਾਸ ਵਿਚ ਹੀ ਖੁਸ਼ੀ ਪ੍ਰਗਟਾਉਂਦੇ ਹਨ। ਬਾਰਾਂ ਬੰਨੀਓ ਦਾ ਸੋਨਾਂ ਭਾਵ ਬਾਰਾਂ ਵਾਰੀ ਅੱਗ ਵਿਚ ਢਲ ਕੇ ਸੋਨਾ ਨਿਖਰ ਜਾਂਦਾ ਹੈ ਅਤੇ ਪੂਰਾ ਬਾਰਾਂ ਮਾਸੇ ਦਾ ਸੋਨਾ ਹੋ ਕੇ ਫਿਰ ਤੁਲਦਾ ਹੈ ਭਾਵ ਦਸ ਇੰਦਰੇ , ਮਨ ਅਤੇ ਬੁਦੱਧ ਪੂਰੇ ਉਤਰਦੇ ਹਨ। ਸਤਿਗੁਰ ਰੂਪ ਪਾਰਸ ਦੀ ਸਪੱਰਸ਼ ਨਾਲ ਗੁਰਮੁਖ ਆਪ ਵੀ ਪਾਰਸ ਬਣ ਜਾਂਦੇ ਹਨ।

----

## ਵਾਰ 7

*ਪਉੜੀ 13 (ਤ੍ਰਿਯੋਦਸ਼ ਸੰਖਯਾ-ਗੁਰਮੁਖ)*

ਤੇਰਹ ਤਾਲ ਅਊਰਿਆ ਗੁਰਮੁਖ ਸੁਖ ਤਪੁ ਤਾਲ ਪੁਰਾਇਆ।
ਤੇਰਹ ਰਤਨ ਅਕਾਰਥੇ ਗੁਰ ਉਪਦੇਸੁ ਰਤਨੁ ਧਨੁ ਪਾਇਆ।
ਤੇਰਹ ਪਦ ਕਰਿ ਜਗ ਵਿਚਿ ਪਿਤਰਿ ਕਰਮ ਕਰਿ ਭਰਮਿ ਭੁਲਾਇਆ।
ਲਖ ਲਖ ਜਗ ਨ ਪੁਜਨੀ ਗੁਰਸਿਖ ਚਰਣੋਦਕ ਪੀਆਇਆ।
ਜਗ ਭੋਗ ਨਈਵੇਦ ਲਖ ਗੁਰਮੁਖਿ ਸੁਖ ਫਲੁ ਪਿਰਮੁ ਚਖਾਇਆ।
ਭਗਤਿ ਵਛਲੁ ਹੋਇ ਅਛਲੁ ਛਲਾਇਆ ॥13॥

---

*ਤੇਰਹ ਤਾਲ: ਰਾਗ ਦੇ ਤਰਾਂ ਤਾਲ ਹੁੰਦੇ ਹਨ। ਅਊਰਿਆ: ਅਧੂਰੇ। ਤੇਰਾਹ ਰਤਨ: ਜਿਵੇਂ ਲੱਛਮੀ, ਰੰਭਾ, ਅਪਸਰਾ, ਦੰਤਰਿ ਵੈਦ, ਕਲਪਬ੍ਰਿਖ, ਸੁਰਾ, ਸੁਧਾ, ਬਾਜ, ਪਾਂਚ ਜਨਯ ਸੰਖ, ਸਾਰੰਗ, ਧਨੁਖ, ਕਪਿਲਾ ਗਊ, ਅਰਾਵਤ, ਕੌਤਲੰਭ, ਮਣਿ ਅਤੇ ਚੰਦਰਮਾ ਆਦਿ। ਚੌਦਾਂ ਰਤਨਾ ਵਿਚ ਬਿਖ ਨੂੰ ਏਥੇ ਨਹੀਂ ਗਿਣਿਆ ਗਿਆ। ਅਕਾਰਥੇ: ਬਿਅਰਥ। ਤੇਰਹ ਪਦ: ਪਰੀਤ ਦੇ ਤੇਰਾਂ ਪਦ।ਪਿਤਰ: ਬਜੁਰਗ ਲੋਕ। ਚਰਣੋਦਕ: ਚਰਨਾਮ੍ਰਿਤ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖਾਂ ਦੇ ਸੁਖ ਰੂਪ ਤਾਲ ਵਰਗੇ ਰਾਗ ਦੇ ਤੇਰਾ ਤਾਲ ਵੀ ਮੁਕਾਬਲਾ ਨਹੀਂ ਕਰ ਸਕਦੇ। ਭਾਵ ਗੁਰਮੁਖ ਪ੍ਰੇਮਾ ਭਗਤੀ ਗ੍ਰਿਹਸਥ ਵਿਚ ਹੀ ਰਹਿ ਕੇ ਕਰਦੇ ਹਨ। ਤੇਰਾਂ ਰਤਨ: ਜਿਵੇਂ ਲੱਛਮੀ, ਰੰਭਾ, ਅਪਸਰਾ, ਦੰਤਰਿ ਵੈਦ, ਕਲਪਬ੍ਰਿਖ, ਸੁਰਾ, ਸੁਧਾ, ਬਾਜ, ਪਾਂਚ ਜਨਯ ਸੰਖ, ਸਾਰੰਗ, ਧਨੁਖ, ਕਪਿਲਾ ਗਊ, ਅਰਾਵਤ,

ਕੌਤਲੰਭ, ਮਣਿ ਅਤੇ ਚੰਦਰਮਾ ਆਦਿ। ਚੌਦਾਂ ਰਤਨਾ ਵਿਚ ਬਿਖ ਨੂੰ ਏਥੇ ਨਹੀਂ ਗਿਣਿਆ ਗਿਆ। ਕਈ ਗ੍ਰੰਥਾਂ ਵਿਚ ਚੌਦਾਂ ਰਤਨ ਅਗੇ ਤਰ੍ਹਾਂ ਵੀ ਲਿਖੇ ਹਨ ਜਿਵੇਂ ਰੰਭਾ, ਵੇਦ, ਵਿਖ, ਸੁਰਾ, ਸੁਧਾ, ਦ੍ਰਮ, ਬਾਜ, ਸੰਖ, ਧਨੁਖ, ਗੋ, ਗਜ, ਮਣਿ, ਅਤੇ ਵਿਜਰਾਜ ਆਦਿ। ਭਾਈ ਗੁਰਦਾਸ ਜੀ ਲਿਖਦੇ ਹਨ ਇਕ ਤੇਰਾਂ ਰਤਨ ਇਕ ਗੁਰ ਉਪਦੇਸ਼ ਰਤਨ ਸਾਹਮਣੇ ਸਾਰੇ ਵਿਅਰਥ ਹਨ ਕਿਉਂਕਿ ਗੁਰਮੁਖਾਂ ਨੇ ਨਾਮ ਧਨ ਪਾ ਲਿਆ ਹੁੰਦਾ ਹੈ। ਤੇਰਾ ਪਦ ਤੋਂ ਭਾਵ ਕਿ ਹਿੰਦੂਆਂ ਦੇ ਧਰਮ ਗ੍ਰੰਥਾ ਅਨੁਸਾਰ ਪਿਤਰਾਂ ਭਾਵ ਪੂਰਬਲਾਂ ਵਾਸਤੇ ਤੇਰਾ ਪਦ ਦਾਨ ਕਰਨੇ ਇਕ ਵਿਧਾਨ ਹੈ। ਤੇਰਾ ਪਦ ਜਿਵੇਂ ਛਤਰੀ, ਜੋੜਾ। ਵਸਤਰ, ਛਾਪ, ਕਮੰਡਲ, ਆਸਨ, ਰਸੋਈ ਦੇ ਪੰਜ ਪਾਤ੍ਰ, ਸੋਟੀ, ਤਸ਼ਟਾ, ਕੱਚਾ ਅੰਨ, ਪੱਕਾ ਅੰਨ, ਨਕਦੀ ਅਤੇ ਜਨੇਊ ਆਦਿ। ਅਜਿਹੇ ਕਰਮ ਕਾਂਡਾ ਨੇ ਸੰਸਾਰ ਨੂੰ ਭਰਮਾਂ ਵਿਚ ਭੁਲਾ ਦਿਤਾ ਹੈ। ਗੁਰੂ ਦੇ ਸਿੱਖਾਂ ਦੇ ਚਰਨਾਂ ਦਾ ਜਲ ਪਾਨ ਕਰਨ ਨਾਲ ਲੱਖਾਂ ਜੱਗ ਬਰਾਬਰੀ ਨਹੀਂ ਕਰ ਸਕਦੇ। ਗੁਰਮੁਖ ਦੇ ਮੁਖ ਵਿਚ ਇਕ ਦਾਣਾ ਪਾਇਆ ਲੱਖਾਂ ਜੱਗਾਂ, ਭੰਡਾਰਿਆਂ ਅਤੇ ਠਾਕਰਾਂ ਦੇ ਨਈ ਵੇਦਾਂ ਨਾਲੋਂ ਵਧੀਕ ਫਲ ਮਿਲਦਾ ਹੈ। ਗੁਰਮੁਖ ਆਪਣੇ ਗੁਰ ਭਾਈ ਨੂੰ ਪ੍ਰਸੰਨ ਕਰਕੇ ਪ੍ਰੇਮ ਦਾ ਸੁਖ ਫਲ ਚੱਖਦੇ ਹਨ। ਭਗਤਾਂ ਦੇ ਪਿਆਰੇ ਭਾਵ ਪ੍ਰਮਾਤਮਾਂ ਨੇ ਨਾ ਛਲਿਆ (ਅਛਲ) ਜਾਣ ਵਾਲਾ ਹੋ ਕੇ ਆਪਣੇ ਆਪ ਨੂੰ ਛਲਾਇਆ ਹੈ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਉਹ ਕਿਵੇਂ ਵੀ ਮੋਹਿਆ ਨਹੀਂ ਜਾ ਸਕਦਾ, ਕਿਉਂਕ ਗੁਰਮੁਖ ਭਗਤਾਂ ਦੇ ਪ੍ਰੇਮ ਰਸ ਦਾ ਪ੍ਰੇਮੀ ਹੋ ਗਿਆ ਹੁੰਦਾ ਹੈ।

----

## ਵਾਰ 7

*ਪਉੜੀ 14 (14-15-16ਦੀ ਗਿਣਤੀ-ਗੁਰਮੁਖ)*

ਚਉਦਹ ਵਿਦਿਆ ਸਾਧਿ ਕੈ ਗੁਰਮਤਿ ਅਬਿਗਤਿ ਅਕਥ ਕਹਾਣੀ।
ਚਉਦਹ ਭਵਣ ਉਲੰਘਿ ਕੈ ਨਿਜ ਘਰਿ ਵਾਸੁ ਨੇਹੁ ਨਿਰਬਾਣੀ।
ਪੰਦਰਹ ਥਿਤੀ ਪਖ ਕਰ ਇਕੁ ਕ੍ਰਿਸਨ ਸੁਕਲ ਦੁਇ ਪਖ ਨੀਸਾਣੀ।
ਸੋਲਾਹ ਸਾਰ ਸੰਘਾਰ ਕਰਿ ਜੋੜਾ ਜੁੜਿਆ ਨਿਰਭਉ ਜਾਣੀ।
ਸੋਲਹ ਕਲਾ ਸੰਪੂਰਣੋ ਸਸਿ ਘਰਿ ਸੂਰਜੁ ਵਿਰਤੀਹਾਣੀ।
ਨਾਰਿ ਸੋਲਹ ਸੀਂਗਾਰ ਕਰਿ ਸੇਜ ਭਤਾਰ ਪਿਰਮ ਰਸੁ ਮਾਣੀ।
ਸਿਵ ਤੈ ਸਕਤੀ ਸਤਾਰਹ ਵਾਣੀ ॥14॥

---

*ਚਉਦਹ ਵਿਦਿਆ: ਚਾਰ ਵੇਦ, ਛੇ ਵੇਦਾਂ ਦੇ ਅੰਗ ਜਿਵੇਂ ਨਿਆਂ-ਸ਼ਾਸਤਰ, ਮੀਮਾਂਸਾ-ਸ਼ਾਸਤਰ, ਵੇਦਾਂਤ-ਸ਼ਾਸਤਰ, ਸਾਂਖ-ਸ਼ਾਸਤਰ, ਵੈਸ਼ੇਖਕੀ-ਸ਼ਾਸਤਰ ਅਤੇ ਪਾਤੰਜਲ-ਸ਼ਾਸਤਰ ਆਦਿ। ਕਈ ਵਿਦਵਾਨਾਂ ਨੇ ਛੇ ਵੇਦਾਂ ਦੇ ਅੰਗ ਅਗੇ ਵਾਂਗ ਲਿਖੇ ਹਨ ਜਿਵੇਂ ਸਿਖਸ਼ਾ, ਕਲਪ, ਵਿਆਕਰਣ, ਨਿਰੁਕਤ, ਛੰਦ, ਮੀਮਾਸਾ, ਅਤੇ ਨਿਆਇ ਆਦਿ। ਚਉਦਹ ਭਵਨ: ਜਿਥੇ ਜਿਥੇ ਵੀ ਜੀਵ ਵਸਦੇ ਹਨ ਉਹ ਭਵਨ ਚੌਦਾਂ ਪ੍ਰਕਾਰ ਦੇ ਦਸੇ*

*ਗਏ ਹਨ। ਨਿਰਬਾਣੀ: ਨਿਰਬੰਧਨ ਹੋਏ। ਕ੍ਰਿਸਨ: ਕਾਲਾ। ਸੁਕਲ: ਚਿੱਟਾ। ਸਾਰ: ਨਰਦਾਂ। ਅਬਿਗਤਿ: ਪ੍ਰਮਾਤਮਾ। ਕ੍ਰਿਸਨ: ਹਨੇਰਾ ਪੱਖ। ਸੁਕਲ: ਚਾਨਣਾ ਪੱਖ। ਸੋਲਹ ਸਾਰ: ਚੌਪੜ ਦੇ ਸੋਲਾਂ ਘਰ।ਭਤਾਰ: ਪਤੀ ਦੇਵ। ਸਕਤਿ: ਸ਼ਿਵ ਅਤੇ ਸ਼ਕਤੀ ਦੀਆਂ ਸਤਾਰਾਂ ਕਲਾਂ ਜਿਵੇਂ: ਦਸ ਪ੍ਰਾਣ, ਪੰਜ ਤੱਤ, ਮਨ ਅਤੇ ਬੁੱਧੀ ਆਦਿ। ਵਿਰਤੀ ਹਾਣੀ: ਹਾਣਤਾ ਵਰਤ ਜਾਂਦੀ ਹੈ ਭਾਵ ਰੰਗ ਫਿੱਕਾ ਪੈ ਜਾਂਦਾ ਹੈ। ਚੰਦਰਮਾਂ ਦੀਆਂ ਵੀ ਸੋਲਾਂ ਕਲਾ ਮੰਨੀਆਂ ਜਾਂਦੀਆਂ ਹਨ ਜਿਵੇ: ਅਮਿਤਾਮਾਨਦਾ, ਪੂਰਸ਼ਾ, ਪੁਰਿਸ਼ੀ, ਤਰਿਸੀ ਰੀਤ ਧ੍ਰਿਤਿ, ਸ਼ਸ਼ਿਨੀ ਚੰਦ੍ਰਿਕਾ, ਕਾਂਤਿ ਜੋਯਤਸਨਾਂ, ਸ਼੍ਰੀ, ਪ੍ਰੀਤਿ, ਅੰਗਦਾ, ਪੂਯਣਾ ਅਤੇ ਪੂਰਣਾ।*

ਚੌਦਾਂ ਵਿਦਿਆਂ ਵਿਚੋਂ ਜੋ ਗਿਆਨ ਮਿਲਦਾ ਹੈ ਗੁਰਮੁਖ ਗੁਰ ਸ਼ਬਦ ਦੇ ਗਿਆਨ ਨਾਲ ਉਸ ਗਿਆਨ ਤੋਂ ਵਾਧੂ ਸਿਆਣੇ ਹੋ ਗਏ ਹਨ। ਗੁਰਮੁਖ ਚੌਦਾਂ ਭਾਵਨਾਂ ਅੰਦਰ ਭਟਕਣ ਨਾਲੋਂ ਗੁਰ ਸ਼ਬਦ ਨਾਲ ਮੁਕਤੀ ਦਾ ਪਦ ਪਾ ਗਏ ਹਨ। ਇਕ ਥਿੱਤੀ ਪੰਦਰਾਂ ਦਿਨ ਦੀ ਹੁੰਦੀ ਹੈ ਅਤੇ ਪੰਦਰਾਂ ਦਿਨ ਦਾ ਕਿਇਕ ਪੱਖ ਹੁੰਦਾ ਹੈ ਇਸ ਤਰ੍ਹਾਂ ਭਾਈ ਗੁਰਦਾਸ ਜੀ ਚੰਦਰਮਾਂ ਦੇ ਪੰਦਰਾਂ ਦਿਨ ਲੁਕੇ ਰਹਿਣਾਂ ਨੂੰ ਕ੍ਰਿਸ਼ਨ ਸ਼ਬਦ ਲਿਖਦੇ ਹਨ ਕਿਉਂਕਿ ਕ੍ਰਿਸ਼ਨ ਕਾਲੇ ਰੰਗ ਦਾ ਸੀ ਅਤੇ ਚੰਦਰਮਾਂ ਦੇ ਦੂਜੇ ਪੱਖ ਨੂੰ ਸੁਕਲ ਲਿਖਦੇ ਹਨ ਕਿਉਂਕਿ ਸੁਕਲ ਚਿੱਟੇ ਰੰਗ ਦਾ ਸੀ। ਇਸ ਤਰ੍ਹਾਂ ਭਾਈ ਗੁਰਦਾਸ ਜੀ ਮਹੀਨੇ ਵਿਚ ਦੋ ਪਖਾਂ ਦਾ ਪ੍ਰਮਾਣ ਦਿੰਦੇ ਹਨ। ਸੋਲਾਂ ਨਰਦਾਂ ਨੂੰ ਮਾਰ ਕੇ ਜਦ ਜੋੜਾ ਹੋਇਆ ਤਾਂ ਮੁਕਤੀ ਪਾ ਲਈ ਭਾਵ ਪ੍ਰਮਾਤਮਾਂ ਨਾਲ ਮਿਲ ਕੇ ਗੁਰਮੁਖ ਦੀ ਚੁਰਾਸੀ ਲੱਖ ਜੂਨ ਕੱਟੀ ਜਾਂਦੀ ਹੈ। ਚੰਦਰਮਾਂ ਦੀਆਂ ਵੀ ਸੋਲਾਂ ਕਲਾ ਮੰਨੀਆਂ ਜਾਂਦੀਆਂ ਹਨ ਜਿਵੇ: ਅਮਿਤਾਮਾਨਦਾ, ਪੂਰਸ਼ਾ, ਪੁਰਿਸ਼ੀ, ਤਰਿਸੀ ਰੀਤ ਧ੍ਰਿਤਿ, ਸ਼ਸ਼ਿਨੀ ਚੰਦ੍ਰਿਕਾ, ਕਾਂਤਿ ਜੋਯਤਸਨਾਂ, ਸ਼੍ਰੀ, ਪ੍ਰੀਤਿ, ਅੰਗਦਾ, ਪੂਯਣਾ ਅਤੇ ਪੂਰਣਾ। ਭਾਰੀ ਗੁਰਦਾਸ ਜੀ ਲਿਖਦੇ ਹਨ ਕਿ ਚੰਦਰਮਾਂ ਸੋਲਾਂ ਕਲਾ ਸੰਪੂਰਨ ਹੁੰਦਾ ਹੈ ਪਰ ਸੂਰਜ ਦੇ ਘਰ ਵਿਚ ਜਾਣ ਕਰਕੇ ਭਾਵ ਦਿਨ ਚੜ੍ਹਨ ਕਾਰਨ ਉਸ ਦੀ ਲੋਅ ਬਿਲਕੁਲ ਹੀ ਪ੍ਰਤੀਤ ਨਹੀਂ ਹੁੰਦੀ। ਗੁਰਮੁਖ ਇਸਤਰੀ ਦੇ ਸੋਲਾਂ ਸ਼ਿੰਗਾਰ ਕਰਕੇ ਅੰਤਹਕਰਣ ਦੈ ਸੇਜ ਉਪਰ ਪਿਆਰੇ ਦਾ ਅਨੰਦ ਮਾਣਦੀ ਹੈ ਭਾਵਸਵੈ ਸਰੂਪ ਨੂੰ ਪਰਾਪਤ ਹੁੰਦੀ ਹੈ। ਸ਼ਿਵ ਅਤੇ ਸ਼ਕਤੀ ਦੀਆਂ ਸਤਾਰਾਂ ਬਾਣੀਆਂ ਹਨ ਭਾਵ ਸ਼ਿਵ ਸ਼ਕਤੀ ਅਰਥਾਤਣ ਮਾਇਆਂ ਦੀਆਂ ਸੋਲਾਂ ਕਲਾਂ ਹਨ ਜਿਵੇਂ ਦਸ ਪ੍ਰਾਣ, ਪੰਜ ਤੱਤ, ਇਕ ਮਨ ਕੁਲ 16 ਕਲਾਂ ਹਨ। ਸ਼ਿਵ ਕਲਾਂ ਅਰਥਾਤ ਵਾਹਿਗੁਰੂ ਦੀ ਇਕ ਕਲਾਂ ਜਿਥੇ ਏਕਤਾ ਵਿਚ ਸਭ ਕੁਝ ਹੈ ਸਤਾਰਾਂ ਇਉਂ ਬਾਣੀਆਂ ਸ਼ਿਵ ਸ਼ਕਤੀਆਂ ਹਨ।

----

## ਵਾਰ 7

*ਪਉੜੀ15 (18-34 ਤੱਕ ਸੰਖਯਾ)*

ਗੋਤ ਅਠਾਰਹ ਸੋਧਿ ਕੈ ਪੜੈ ਪੁਰਾਣ ਅਠਾਰਹ ਭਾਈ।
ਉਨੀ ਵੀਹ ਇਕੀਹ ਲੰਘਿ ਬਾਈ ਉਮਰੇ ਸਾਧਿ ਨਿਵਾਈ।
ਸੰਖ ਅਸੰਖ ਲੁਟਾਇ ਕੈ ਤੇਈ ਚੌਵੀ ਪੰਜੀਹ ਪਾਈ।

ਛਬੀ ਜੋੜਿ ਸਤਾਈਹਾ ਆਇ ਅਠਾਂਈਹ ਮੇਲਿ ਮਿਲਾਈ।
ਉਲੰਘਿ ਉਣਤੀਹ ਤੀਹ ਸਾਦਿ ਲੰਘਿ ਇਕਤੀਹ ਵਜੀ ਵਧਾਈ।
ਸਾਧ ਸੁਲਖਣ ਬਤੀਹੇ ਤੇਤੀਹ ਦਰੂ ਚਉਫੇਰਿ ਫਿਰਾਈ।
ਚਉਤੀਹ ਲੇਖ ਅਲੇਖ ਲਖਾਈ ॥15॥

---

*ਗੋਤ: ਵਰਣ। ਗੋਤ ਅਠਾਰਹ: ਅਠਾਰਾਂ ਗੋਤ। ਉਨੀ: ਅਠਾਰਾਂ ਵਰਣ ਅਤੇ ਉਨੀਵਾਂ ਮਨਮੁਖ। ਵੀਹ: ਤਿੰਨ ਬੀਸੀਆ। ਇਕੀਹ: ਇਕੀ ਪੁਰੀਆਂ। ਬਾਈ ਉਮਰੇ: ਬਾਈ ਪਰਗਣਿਆਂ ਦੇ ਉਮਰਾਉ ਭਾਵ ਹਾਕਮ। ਸੰਖ: ਗਿਣਤੀ ਵਿਚ। ਅਸੰਖ: ਗਿਣਤੀ ਤੋਂ ਬਾਹਰ। ਤੇਈ: ਅਠਾਰਾਂ ਸਿੱਧੀਆਂ ਪੰਜ-ਸਤਿ, ਸੰਤੋਖ ਆਦਿ। ਚੌਵੀ: ਚੌਵੀ ਅਵਤਾਰ। ਪੰਜੀਹ: ਪਰਕ੍ਰਿਤੀਆਂ। ਛਬੀ: ਮਹਾਂ ਭਾਰਤ ਦੇ ਅਠਾਰਾਂ ਪਰਬ, ਅੱਠ ਵਿਆਕਰਣ। ਸਤਾਈਹਾ: ਸਤਾਈ ਸਿਮ੍ਰਤੀਆਂ ਜਾਂ ਨਛੱਤਰ। ਅਠਾਈਹ: ਅਨੁਰਾਧਾ ਨਛੱਤਰ। ਉਣਤੀਹ: ਉਨੱਤੀ ਦਿਨਾਂ ਦਾ ਲੌਂਦ ਦਾ ਮਹੀਨਾ ਹੁੰਦਾ ਹੈ। ਤੀਹ: ਤੀਹ ਰੋਜੇ। ਇਕਤੀਹ: ਇਕੱਤੀ ਸਿਮ੍ਰਤੀਆਂ। ਬਤੀਹੇ: ਬੱਤੀ ਲੱਛਣਾ ਵਾਲਾ ਸੰਤ। ਤੇਤੀਹ: ਤੇਤੀ ਕ੍ਰੋੜ ਦੇਵਤਾ। ਚਉਤੀਹ ਲੇਖ: ਚੌਤੀ ਅਖਰਾਂ ਦੇ ਲੇਖ ਲਿਖਣ ਤੋਂ ਅਲੇਖ ਹੈ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਅਠਾਰਾਂ ਗੋਤ ਜਿਵੇਂ ਬ੍ਰਾਹਮਣ, ਖੱਤਰੀ, ਸੂਦ੍ਰ, ਵੈਸ਼, ਅਤੇ ਛੇ ਅਨਲੋਮ ਅਰਥਾਤ ਬ੍ਰਾਹਮਣ-ਖੱਤਰੀ, ਬ੍ਰਹਮਣ-ਵੈਸ਼, ਖੱਤਰੀ-ਵੈਸ਼, ਖੱਤਰੀ-ਸੂਦਰ, ਵੈਸ਼-ਸੂਦਰ ਅਤੇ ਛੇ ਪ੍ਰਤੀਲੋਮ ਵਰਣ ਜਿਵੇਂ ਸੂਦਰ-ਬ੍ਰਾਹਮਣ, ਸੂਦਰ-ਖੱਤਰੀ, ਸੂਦਰ-ਵੈਸ਼, ਵੈਸ਼-ਬ੍ਰਾਹਮਣ, ਵੈਸ਼-ਖੱਤਰੀ, ਖੱਤਰੀ-ਬ੍ਰਾਹਮਣ ਅਤੇ ਗੋਲ ਕੁਆਰੀ ਦੇ ਪੁੱਤਰਗੁੰਡ ਵਿਧਵਾ ਦਾ ਪੁੱਤਰ ਨੂੰ ਜਾਣ ਕੇ ਅਠਾਰਾਂ ਪੁਰਾਣ ਪੜ੍ਹੇ ਜਾਂਦੇ ਹਨ। ਗੁਰਮੁਖ ਲੋਕ ਉਨੀ ਭਾਵ ਦਸ ਦਿਸ਼ਾ ਅਤੇ ਅਤੇ ਨੌਂ ਖੰਡ ਅਥਵਾ ਉਨੀ ਭਾਵ ਅਠਾਰਾਂ ਵਰਡ ਅਤੇ ਉਨੀਵਾਂ ਮਨਮੁਖ, ਅਥਵਾ ਏਕਮ ਦਹਮ ਆਦਿ 19 ਸੰਖਿਆਂ ਤੋਂ ਗੁਰਮੁਖ ਪਾ ਰਹੋ ਗਏ ਹਨ। ਡਹਿ ਭਾਵ ਤਿੰਨ ਬੀਸੀਆਂ, ਇਕੀਹ ਭਾਵਂ ਇਕੀ ਪੁਰੀਆਂ ਦੀ ਛਾਣ ਬੀਣ ਕਰਕੇ ਬਾਈ ਜਾਕਮਾਂ(ਉਮਰੇ) ਨੂੰ ਆਪਣੀ ਅਕਲ ਨਾਲ ਨਿਵਾ ਲੈਂਦੇ ਹਨ। ਭਾਵ ਅਜਿਹੇ ਸ ਭਲੋਕ ਗੁਰਮੁਖਾਂ ਦੇ ਅਧੀਨ ਹੋ ਜਾਂਦੇ ਹਨ। ਇਕ ਗਿਣਤੀ ਤੋਂ ਅਣਗਿਣਤ ਗਿਣਤੀਆਂ ਨੂੰ ਸਮਝ ਕੇ ਭਾਵ ਸਭ ਪਦਾਰਥਾਂ ਦੀ ਮਮਤਾ ਨੂੰ ਤਿਆਗ ਕੇ ਤੇਈ ਚੌਵੀ ਅਤੇ ਪੱਚੀ ਤੱਕ ਜਿਨੀਆਂ ਵੀ ਜਗਤ ਅੰਦਰ ਗਿਣਤੀਆਂ ਹਨ ਸਾਰੀਆਂ ਸਮਝ ਲਈਆਂ ਹਨ। ਭਾਵ ਤ੍ਰਿਕਾਲ ਦੀਆਂ ਗਤੀ ਵਿਧੀਆਂ ਨੂੰ ਸਮਝ ਗਏ ਹਨ। ਛੱਬੀ ਭਾਵ ਅਠਾਰਾਂ ਪੁਰਬ ਅਤੇ ਅੱਠ ਵਿਆਕਰਣ ਜੋੜ ਕੇ ਸਤਾਈ ਸਿਮ੍ਰਤੀਆਂ ਜਾਂ ਨਛੱਤਰਾਂ ਨੂੰ ਜਾਣ ਕੇ ਅਠਾਈਵਾਂ ਅਨੁਰਾਧ ਨਛੱਤਰ ਦਾ ਮੇਲ ਮੇਲ ਕੇ ਅਠਾਈਨਛੱਤਰ ਜਿੱਤਦੇ ਹਨ। ਭਾਵ ਜੋਤਸ਼ ਦੇ ਭਰਮ ਵਿਚ ਨਹੀਂ ਪੈਂਦੇ। ਉਨੱਤੀਆਂ ਦੀ ਗਿਣਤੀ ਨੂੰ ਸਮਝ ਕੇ ਤੀਹਾਂ ਦਿਨਾਂ ਜਾਂ ਰੋਜ਼ਿਆਂ ਨੂੰ ਛੱਡਕੇ ਫਿਰ ਇਕਤੀਹ ਨੂੰ ਲੰਘ ਕੇ ਵਧਾਈਆਂ ਵਜਾਉਂਦੇ ਹਨ। ੱਤੀ ਲਖਣਾਂ ਵਾਲੇ ਸੰਤ ਬਣ ਜਾਂਦੇ ਹਨ ਕਿਉਂਕਿ ਜੋ ਤੇਤੀ ਕ੍ਰੋੜ ਦੇਵਤੇ ਧਰੂ ਸੰਤ ਦੀ ਪ੍ਰਕਰਮਾਂ ਕਰਦੇ ਹਨ। ਇਸੇ ਕਰਕੇ ਚੌਤੀ ਸੰਖਿਆ ਵਿਖੇ ਹੋਕੇ ਵੀ

ਗੁਰਮੁਖ ਕਿਸੇ ਲੇਖੇ ਕੋਲੋਂ ਅਲੇਖ ਰਹਿੰਦੇ ਹਨ। ਧ੍ਰੂਵ ਵਾਂਗ ਅਟੱਲ ਹੋ ਜਾਂਦੇ ਹਨ। ਭਾਵ ਦੋਵੇਂ ਲੋਕ ਸੰਤਾਂ ਅਧੀਨ ਹਨ। ਹੋਰ ਸੰਖਿਆ ਦੇ ਤਾਂ ਇਕਾਈ ਦਹਾਈ ਤੋਂ ਸੰਖ ਤੱਕ 19 ਸਿਫਰੇ ਹਨ। ਗੁਰਮੁਖ ਮਨੁੱਖ ਚੌਤੀ ਦਰਜਿਆਂ ਤੋਂ ਵੀ ਅਲੇਖ ਹੀ ਰਹਿੰਦਾ ਹੈ। ਭਾਈ ਗੁਰਦਾਸ ਜੀ ਮਨੁਖ ਨੂੰ ਸਮਝਾਉਂਦੇ ਹਨ ਕਿ ਜਿਹੜੀਆਂ ਗਿਣਤੀਆਂ ਵਿਚ ਆਮ ਸੰਸਾਰਕ ਲੋਕ ਭਾਵ ਸਾਰੀ ਦੁਨੀਆਂ ਫਸੀ ਹੋਈ ਹੈ ਪਰ ਗੁਰਮੁਖ ਉਨ੍ਹਾਂ ਸਾਰੀਆਂ ਗਿਣਤੀਆਂ ਤੋਂ ਮੁਕਤ ਹੁੰਦੇ ਹਨ ਅਤੇ ਇਕ ਪ੍ਰਮਾਤਮਾਂ ਦੇ ਨਾਮ ਦਾ ਹੀ ਸਿਮਰਨ ਕਰਦੇ ਹਨ।

----

## ਵਾਰ 7

*ਪਉੜੀ 16 (ਈਸ਼ਵਰੋਪਮਾ ਭਾਵ ਈਸ਼ਵਰ ਦੀ ਉਪਮਾ)*

ਵੇਦ ਕਤੇਬਹੁ ਬਾਹਰਾ ਲੇਖ ਅਲੇਖ ਨ ਲਖਿਆ ਜਾਈ।
ਰੂਪੁ ਅਨੂਪੁ ਅਚਰਜੁ ਹੈ ਦਰਸਨੁ ਦ੍ਰਿਸਟਿ ਅਗੋਚਰ ਭਾਈ।
ਇਕੁ ਕਵਾਉ ਪਸਾਉ ਕਰਿ ਤੋਲੁ ਨ ਤੁਲਾਧਾਰ ਨ ਸਮਾਈ।
ਕਥਨੀ ਬਦਨੀ ਬਾਹਰਾ ਥਕੈ ਸਬਦੁ ਸੁਰਤਿ ਲਿਵ ਲਾਈ।
ਮਨ ਬਚ ਕਰਮ ਅਗੋਚਰਾ ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।
ਅਛਲ ਅਛੇਦ ਅਭੇਦ ਹੈ ਭਗਤਿ ਵਛਲੁ ਸਾਧਸੰਗਤਿ ਛਾਈ।
ਵਡਾ ਆਪਿ ਵਡੀ ਵਡਿਆਈ ॥16॥

---

*ਈਸ਼ਵਰੋਪਮਾ: ਪ੍ਰਮਾਤਮਾਂ ਦੀ ਸਿਫਤ ਆਦਿ। ਅਗੋਚਰ: ਇੰਦਰੀਆਂ ਦੀ ਪਹੁੰਚ ਤੋਂ ਪਰੇ। ਤੁਲਾਧਾਰ: ਤੱਕੜੀ। ਅਛਲ: ਨਾ ਛਲਿਆ ਜਾਣ ਵਾਲਾ। ਅਛੇਦ: ਨਾ ਛੇਦਿਆਂ ਜਾਣ ਵਾਲਾ। ਛਾਈ ਸਥਿੱਤ।*

ਵੇਦਾਂ ਕਤੇਬਾਂ ਵਿਚ ਜਿਵੇਂ ਪ੍ਰਮਾਤਮਾਂ ਦੇ ਹੋਣ ਦੇ ਦਾਅਵੇ ਕੀਤੇ ਜਾਂਦੇ ਹਨ ਉਨ੍ਹਾਂ ਮੁਤਾਬਕ ਰੱਬ ਨੂੰ ਮਿਲਿਆ ਨਹੀਂ ਜਾ ਸਕਦਾ। ਇਕ ਪ੍ਰਮਾਤਮਾਂ ਦਾ ਕੋਈ ਅਥਾਹ ਨਹੀਂ ਪਾ ਸਕਦਾ। ਉਸਦਾ ਰੂਪ ਨਿਰੰਕਾਰ ਹੈ, ਅਨੂਪਮ ਹੈ ਅਸਚਰਜ ਹੈ। ਉਸਦਾ ਦਰਸ਼ਨ ਗੁਰਮੁਖਾਂ ਨੂੰ ਅਤੇ ਗੁਰਮੁਖਾਂ ਉਪਰ ਉਸ ਦੀ ਕ੍ਰਿਪਾ ਦ੍ਰਿਸ਼ਟੀ ਇੰਦਰੀਆਂ ਤਾਈਂ ਪ੍ਰਭਾਵਤ ਨਹੀਂ ਕਰਦੀ। 'ਇਕ ਕਵਾਉ' ਭਾਵ ਇਕ ਵਾਕ ਨਾਲ ਉਸ ਪ੍ਰਮਾਤਮਾਂ ਨੇ ਏਨਾ ਵੱਡਾ ਸੰਸਾਰ ਅਤੇ ਬ੍ਰਹਿਮੰਡ ਥਾਪ ਦਿਤਾ ਹੈ। ਉਸਦੇ ਇਕ ਇਕ ਰੋਮ ਅੰਦਰ ਕ੍ਰੋੜਾ ਬ੍ਰਹਿਮੰਡ ਹਨ। ਇਸ ਕਰਕੇ ਉਹ ਕਿਸੇ ਵੀ ਪਦਾਰਥ, ਜੀਵ ਅਤੇ ਜਾਂ ਕਿਸੇ ਵਸਤੂ ਨਾਲ ਤੁਲਾਧਾਰ ਨਹੀਂ ਭਾਵ ਕੋਈ ਵੀ ਉਸ ਦੇ ਬਰਾਬਰ ਨਹੀਂ ਹੈ। ਉਹ ਅਕਹਿ ਹੈ ਭਾਵ ਕਥਨੀ ਅਤੇ)ਬਦਨੀ) ਕਵੀਸ਼ਰੀਆਂ ਭਾਵ ਸੱਤ ਸਮੁੰਦਰਾਂ ਦੇ ਪਾਣੀ ਦੀ ਸਿਆਹੀ ਬਣਾ ਲਈਏ ਭਾਵ ਤਦ ਵੀ ਉਸਦੀ ਸਿਫਤ ਨਹੀਂ ਲਿਖੀ ਜਾ ਸਕਦੀ। ਇਹੀ ਕਾਰਨ ਹੈ ਕਿ ਗੁਰਮੁਖਾਂ ਨੇ ਇਕ ਸ਼ਬਦ ਸੁਰਤ ਵਿਚ ਆਪਣੀ ਲਿਵ ਲਾਈ ਹੋਈ ਹੈ ਕਿਉਂਕਿ ਮਨਮੁਖ ਉਸ ਨੂੰ ਟੋਹਲਦੇ ਥੱਕ ਗਏ

ਹਨ ਪਰ ਮਨ ਬਾਣੀ ਕਰਮ ਦੇ ਯੋਗ ਨਹੀਂ ਹੈ ਅਤੇ ਮਤ ਬੁੱਧੀ ਅਤੇ ਸਾਧਨਾ ਨੇ ਉਸ ਦੀ ਸੋਝੀ ਨਹੀਂ ਪਾਈ। ਪ੍ਰਮਾਤਮਾਂ ਅਛਲ ਭਾਵ ਛਲਿਆ ਨਾ ਜਾਣ ਵਾਲਾ, ਅਛੇਦ ਭਾਵ ਉਹ ਜਨਮ ਮਰਣ ਤੋਂ ਰਹਿਤ ਹੇ, ਅਜੂੰਨੀ ਹੈ। ਅਭੇਦ ਭਾਵ ਉਸਦਾ ਕੋਈ ਭੇਦ ਨਹੀਂ ਪਾ ਸਕਦਾ, ਵਛਲ ਭਗਤਾਂ ਦੇ ਵਸ ਵਿਚ ਹੈ ਅਤੇ ਸਾਧ ਸੰਗਤ ਵਿਚ ਉਹ ਹਮੇਸ਼ਾ ਹਾਜਰ ਰਹਿੰਦਾ ਹੈ।ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਸਾਧ ਸੰਗਤ ਨੇ ਸਭ ਚਤੁਰਾਈਆਂ ਛੱਡ ਕੇ ਕੇਵਲ ਇਕ ਸ਼ਬਦ ਸੁਰਤ ਨਾਲ ਹੀ ਆਪਣੀ ਲਿਵ ਲਾਈ ਹੈ। ਪ੍ਰਮਾਤਮਾ ਆਪ ਵੱਡਾ ਹੈ ਅਤੇ ਉਸਦੀ ਵਡਿਆਈ ਦਾ ਵੀ ਕਈ ਅੰਤ ਨਹੀਂ ਹੈ।

----

## ਵਾਰ 7

*ਪਉੜੀ 17 (ਗੁਰਮੁਖ ਸੁਖਫਲ)*

ਵਣ ਵਣ ਵਿਚਿ ਵਣਾਸਪਤਿ ਰਹ ਰਹੈ ਉਜਿਾੜਿ ਅੰਦਰਿ ਅਵਸਾਰੀ।
ਚੁਣਿ ਚੁਣਿ ਆਂਜਨਿ ਬੂਟੀਆਂ ਪਤਿਸਾਹੀ ਬਾਗੁ ਲਾਇ ਸਵਾਰੀ।
ਸਿੰਜਿ ਸਿੰਜਿ ਬਿਰਖ ਵਡੀਰੀਅਨ ਸਾਰਿ ਸਮ੍ਹਾਲਿ ਕਰਨ ਵੀਚਾਰੀ।
ਹੋਨਿ ਸਫਲ ਰੁਤਿ ਆਈਐ ਅੰਮ੍ਰਿਤ ਫਲੁ ਅੰਮ੍ਰਿਤ ਰਸੁ ਭਾਰੀ।
ਬਿਰਖਹੁ ਸਾਉ ਨ ਆਵਈ ਫਲ ਵਿਚਿ ਸਾਉ ਸੁਗੰਧਿ ਸੰਜਾਰੀ।
ਪੂਰਨ ਬ੍ਰਹਮਚ ਜਗਤਰ ਵਿਚਿ ਗੁਰਮਖਿ ਸਾਧਸੰਗਤਿ ਨਿਰੰਕਾਰੀ।
ਗੁਰਮੁਖਿ ਸੁਖ ਫਲੁ ਅਪਰ ਅਪਾਰੀ ॥17॥

---

*ਅਵਸਾਰੀ: ਬੇਲੋੜੀ, ਬੇਮਲੂਮ। ਆਂਜਨਿ: ਲਿਆਉਂਦੇ ਹਨ। ਸਾਉ: ਸੁਆਦ। ਸੰਜਾਰੀ: ਮਿਲੀ ਹੋਈ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜੰਗਲਾਂ ਅੰਦਰ ਬਹੁਤੇ ਰੁੱਖਾਂ ਵਿਚਕਾਰ ਕਈ ਬੇਲੋੜੀ ਭਾਵ ਬਹੁਤ ਵਧਾਓਂ ਕਿਸਮ ਦੇ ਫੁੱਲ ਬੂਟੇ ਉੱਗੇ ਹੋਏ ਹੁੰਦੇ ਹਨ। ਮਾਲੀ ਲੋਕ ਉਨ੍ਹਾਂ ਰੰਗ ਬਰੰਗੇ ਫੁੱਲਾਂ ਨੂੰ ਚੁਣ ਚੁਣ ਕੇ ਪੁੱਟ ਕੇ ਲਿਆਉਂਦੇ ਹਨ ਅਤੇ ਆਪਣੇ ਬਾਗਾਂ ਵਿਚ ਲਾਕੇ ਆਪਣੇ ਦੀ ਸ਼ਾਨ ਵਧਾਉਂਦੇ ਹਨ। ਵਿਚਾਰੀ ਭਾਵ ਵਿਚਾਰਵਾਨ ਉਨ੍ਹਾਂ ਨੂੰ ਸਿੰਜ ਸਿੰਜ ਪਾਲਦੇ ਪੋਸਦੇ ਹਨ। ਜਦ ਦਰੱਖਤ ਵੱਡੇ ਹੋ ਜਾਂਦੇ ਹਨ ਤਦ ਉਨ੍ਹਾਂ ਨੂੰ ਫਲ ਲੱਗਦੇ ਹਨ। ਭਾਵੇਂ ਦਰੱਖਤਾਂ ਵਿਚ ਕੋਈ ਰਸ ਨਹੀਂ ਹੁੰਦਾ ਪਰ ਫਲਾਂ ਵਿਚ ਭਾਂਤ ਭਾਤ ਦੇ ਰਸ ਭਰ ਜਾਂਦੇ ਹਨ। ਇਸੇ ਤਰ੍ਹਾਂ ਵਿਚ ਦਰੱਖਤ ਵਾਂਗ ਬ੍ਰਹਮ ਰੂਪ ਸਾਰੇ ਜੱਗ ਵਿਚ ਪੂਰਣ ਹੈ ਪਰ ਗੁਰਮੁਖ ਲੋਕ ਜੋ ਸੁਖ ਫਲ ਖਾਂਦੇ ਹਨ ਉਹ ਹੀ ਮਨਮੁਖਾਂ ਦੇ ਜੀਵਨ ਅੰਦਰ ਸੁਗੰਧੀਆਂ ਭਰਦੇ ਹਨ ਭਾਵ ਸ਼ਬਦ ਸੁਰਤ ਨਾਲ ਜੋੜਦੇ ਹਨ। ਜਿਵੇਂ ਫਲ ਫੁੱਲਾਂ ਵਿਚੋਂ ਰਸ ਅਤੇ ਸੁਗੰਧੀ ਮਿਲਦੀ ਹੈ ਇਸ ਤਰ੍ਹਾਂ ਗੁਰਮੁਖ ਵਾਹਿਗੁਰੂ ਰੂਪ ਬ੍ਰਿਛ ਦੇ ਫਲ ਹਨ ਜੋ ਮਨੁਖ ਨੂੰ ਆਤਮ ਸਵਾਦ ਦਿੰਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਹੀ ਸੁਖ ਰੂਪ ਫਲ ਅਪਰ ਅਪਾਰ ਹੁੰਦੇ ਹਨ ਇਸ ਕਰਕੇ ਆਤਮ ਸੁਖ ਦੀ ਪ੍ਰਾਪਤੀ ਦਾ ਕਾਰਣ ਗੁਰਮੁਖ ਹੀ ਹੁੰਦੇ ਹਨ।

## ਵਾਰ 7

*ਪਉੜੀ 18 (ਅੰਬਰ ਵਰਣਨ)*

ਅੰਬਰੁ ਨਦਰੀ ਆਂਵਦਾ ਕੇਵਡ ਵਡਾ ਕੋਇ ਨ ਜਾਣੈ।
ਉਚਾ ਕੇਵਡ ਆਖੀਐ ਸੁੰਨ ਸਰੂਪ ਨ ਆਖਿ ਵਖਾਣੈ।
ਲੈਨਿ ਉਡਾਰੀ ਪੰਖਣੂ ਅਨਲ ਮਨਲ ਉਡਿ ਖਬਰਿ ਨ ਆਣੈ।
ਓੜਿਕੁ ਮੂਲਿ ਨ ਲਭਈ ਸਭੇ ਹੋਇ ਫਿਰਨਿ ਹੈਰਾਣੈ।
ਲਖ ਅਗਾਸ ਨ ਅਪੜਨਿ ਕੁਦਰਤਿ ਕਾਦੁਰ ਨੋ ਕੁਰਬਾਣੈ।
ਪਾਰਬ੍ਰਹਮ ਸਤਿਗੁਰ ਪੁਰਖੁ ਸਾਧਸੰਗਤਿ ਵਾਸਾ ਨਿਰਬਾਣੈ।
ਮੁਰਦਾ ਹੋਇ ਮੁਰੀਦੁ ਸਿ?ਾਣੈ ॥18॥

---

*ਅੰਬਰੁ: ਆਕਾਸ਼। ਅਨਲ ਮਨਲ: ਕਲਪਤ ਪੰਛੀ। ਕੁਦਰਤਿ ਕਾਦਰ: ਕਰਤਾਰ ਦੀ ਰਚਨਾ। ਪੰਖਾਣੂ: ਪੰਛੀ। ਅਨਲ: ਆਕਾਸ਼। ਨਿਰਬਾਣੈ: ਇਕ ਗਿਆਨ ਰਸ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਆਕਾਸ਼ ਵਿਖਾਈ ਤਾਂ ਦਿੰਦਾ ਹੈ ਪਰ ਕਿਸੇ ਨੂੰ ਇਹ ਕੋਈ ਨਾ ਪਤਾ ਕਿ ਉਹ ਕਿੱਡਾ ਵੱਡਾ ਹੋਵੇਗਾ। ਆਕਾਸ਼ ਕਿੰਨਾਂ ਉੱਚਾ ਹੋਵੇਗਾ ਅਤੇ ਅਕਾਸ਼ ਅੰਦਰ ਬਿਲਕੁਲ ਸੁੰਨਮਸਾਨ ਹੈ ਭਾਵ ਨਿਰਵੈਰ ਹੈ ਕੌਣ ਕਹਿ ਸਕਦਾ ਸਕੇਗਾ? ਪੰਛੀ ਉਡਾਰੀਆਂ ਤਾਂ ਲੈਂਦੇ ਹਨ ਪਰ ਇਕ ਚਿਤਵਿਆ ਪੰਛੀ ਭਾਵ ਜਿਹੜਾ ਕਹਿੰਦੇ ਸਦਾ ਆਕਾਸ਼ ਵਿਚ ਹੀ ਰਹਿੰਦਾ ਹੈ ਪਰ ਉਹ ਵੀ ਉੱਡ ਕੇ ਆਕਾਸ਼ ਦਾ ਅਥਾਹ ਨਹੀਂ ਪਾ ਸਕਦੇ। ਆਕਾਸ਼ ਦਾ ਓੜਕ ਲਭਣਾ ਬਿਲਕੁਲ ਅਸੰਭਵ ਹੈ। ਜੇ ਕੋਈ ਆਕਾਸ਼ ਦਾ ਓੜਕ ਲੱਭਣ ਲੱਗ ਜਾਵੇਂ ਤਾਂ ਹੱਕਾ ਬੱਕਾ ਹੋ ਕੇ ਪਰਤ ਆਉਂਦਾ ਹੈ। ਪ੍ਰਮਾਤਮਾ ਦੇ ਅੰਤ ਨੂੰ ਕੋਈ ਨਹੀਂ ਭਾਲ ਸਕਦਾ ਭਾਈ ਗੁਰਦਾਸ ਜੀ ਲਿਖਦੇ ਹਨਮ ਕਿ ਜੇਕਰ ਸੌ ਆਕਾਸ਼ ਵੀ ਪੜਤਾਲ ਲਏ ਜਾਣ ਤਦ ਵੀ ਵਾਹਿਗੁਰੂ ਨੂੰ ਵੇਖ ਸਕੀਦਾ। ਉਹ ਪਾਰਬ੍ਰਹਮ ਸਤਿਗੁਰੂ ਪੁਰਖ ਦਾ ਇਕ ਰਸ ਨਿਵਾਸ ਸਤਿਸੰਗ ਵਿਖੇ ਹੈ ਪਰ ਜੋ ਮੁਰੀਦ ਮੁਰਦਾ ਹੋ ਰਹੇ ਭਾਵ ਨਿਰਹੰਕਾਰ ਹੋਵੇਗਾ ਉਹ ਹੀ ਉਸ ਅਲਖ ਅਤੇ ਅਪਹੁੰਚ ਪ੍ਰਮਾਤਮਾਂ ਨੂੰ ਜਾ ਸਕੇਗਾ।

----

## ਵਾਰ 7

*ਪਉੜੀ 19 (ਗੁਰ ਮਹਿਮਾ)*

ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।
ਸੂਰਟਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।
ਪਾਰਬ੍ਰਹਮੁ ਗੁਰ ਸਬਦੁ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ।
ਕਿਰਖਿ ਬਿਰਖੁ ਹੋਇ ਸਫਲੁ ਫਲਿ ਚੰਨਣਿ ਵਾਸੁ ਨਿਵਾਸੁ ਨ ਖੁਝੈ।

ਅਫਲ ਸਫਲ ਸਮਦਰਸ ਹੋਇ ਮੋਹੁ ਨ ਧੋਹ ਨ ਦੁਬਿਧਾ ਲੁਝੈ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਜੀਵਨ ਮੁਕਤਿ ਭਗਤਿ ਕਰਿ ਦੁਝੈ।
ਸਾਧਸੰਗਤਿ ਮਿਲਿ ਸਹਿਜ ਸਮੁਝੈ ॥19॥

---

*ਸੁਝੈ: ਪ੍ਰਕਾਸ਼ ਰਿਹਾ। ਨਿਝਰ: ਇਕ ਰਸ। ਖੁਝੈ: ਖੇਤੀ। ਦੁਝੈ: ਪ੍ਰਵੇਸ਼। ਸਮੁਝੈ: ਸਮਝਣਾ। ਬੁਝੈ: ਸਮਝਦੇ। ਗੁਝੈ: ਗੂੜ੍ਹੇ। ਕਿਰਖਿ: ਖੇਤੀ।*

ਗੁਰੂ ਪੂਰੇ ਬ੍ਰਹਮ ਸਰੂਪ ਘਟਿ ਘਟਿ ਭਾਵ ਦੁਨੀਆਂ ਦੇ ਹਰ ਕੋਨੇ ਵਿਚ ਸੂਰਜ ਵਾਂਗ ਗਿਆਨ ਦਾ ਪ੍ਰਕਾਸ਼ ਕਰ ਰਹੇ ਹਨ। ਜਿਵੇਂ ਕਮਲ ਪਾਣੀ ਵਿਚ ਰਹਿੰਦਾ ਹੋਇਆ ਵੀ ਸੂਰਜ ਵੱਲ ਆਪਣਾ ਧਿਆਨ ਰਖਦਾ ਹੈ ਇਸ ਤਰ੍ਹਾਂ ਗੁਰਮੁਖਾਂ ਦਾ ਹਮੇਸ਼ਾ ਧਿਆਨ ਪ੍ਰੇਮਾ ਭਗਤੀ ਵਿਚ ਹੀ ਰਹਿੰਦਾ ਹੈ। ਗੁਰੂ ਵਲੋਂ ਮਿਲਿਆ ਸ਼ਬਦ ਹੀ ਇਕ ਪਾਰਬ੍ਰਹਮ ਦਾ ਰੂਪ ਹੈ। ਬਹੁਤ ਹੀ ਦੀਰਘ ਗੁਣਾਂ ਦੀ ਇਕ ਰਸ ਧਾਰ ਅੰਰਿਤ ਦੀ ਵਰਸਦੀ ਹੈ। ਖੇਤ ਵੀ ਲਹਿਰਾਉਂਦੇ ਹਨ ਅਤੇ ਦਰੱਖਤ ਵੀ ਫਲਦੇ ਫੁਲਦੇ ਹਨ। ਚੰਦਨ ਵਰਗੀ ਸੁਗੰਧ ਚੌਪਾਸੇ ਫੈਲ ਜਾਂਦੀ ਹੈ ਭਾਵ ਦੂਈ ਦਵੈਤ ਦਾ ਮਨ ਵਿਚੋਂ ਫਰਕ ਨਿਕਲ ਜਾਂਦਾ ਹੈ। ਕੀ ਅਫਲ ਭਾਵ ਬਿਨ੍ਹਾਂ ਫਲਾਂ ਤੋਂ ਦਰੱਥਕ ਅਤੇ ਸਫਲ ਭਾਵ ਫਲਾਂ ਨਾਲ ਭਰਪੂਰ ਦਰੱਖਤ ਇਕ ਬਰਾਬਰ (ਸਮਦਰਸੀ) ਹੋ ਜਾਂਦੇ ਹਨ। ਗੁਰਮੁਖ ਦੇ ਸੁਖ ਦਾ ਫਲ ਅਤੇ ਪ੍ਰੇਮ ਰਸ ਭਗਤੀ ਦੁਆਰਾ ਜੀਵਨ ਮੁਕਤ ਹੋ ਕੇ ਅਨੰਦ ਮਾਣਦਾ ਹੈ। ਸਾਧ ਸੰਗਤ ਵਿਚ ਜਾ ਕੇ ਗੁਰਮੁਖ ਸਹਜ ਪਦ ਪਰਾਪਤ (ਸਮੁਝੈ) ਕਰਦਾ ਹੈ।

----

## ਵਾਰ 7

*ਪਉੜੀ 20 (ਗੁਰ ਸ਼ਬਦ)*

ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।
ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।
ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜ ਕਰਮ ਹੰਸ ਵੰਸ ਨਵੇਲਾ।
ਬਿਰਖਹੁੰ ਫਲ ਫਲਤੇ ਬਿਰਖੁ ਗੁਰਸਿਖ ਸਿਖਗੁਰ ਮੰਤੁਸੁਹੇਲਾ।
ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।
ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸ ਵਹੇਲਾ।
ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ ॥20॥7॥

---

*ਕਰਮ: ਕੂਰਮ ਜਾਂ ਕੱਛੂ ਨਵੇਲਾ: ਨਵਾਂ। ਵਹੇਲਾ: ਮਿਲਦਾ। ਸੁਹੇਲਾ: ਸੁਗਮ। ਇਕੀਹ: ਏਥੇ ਭਾਵ ਵਹਿ ਦੀ ਗਿਣਤੀ ਅਤੇ ਇਕੀਵਾਂ ਆਪ ਈਸ਼ਵਰ ਬਣਦਾ ਹੈ। ਆਦੇਸ: ਨਮਸਕਾਰ ਜਾਂ ਦੇਸ ਕਾਲ ਦੇ ਅਭੇਦ ਤੋਂ ਬਾਹਰ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜੋ ਗੁਰ ਸ਼ਬਦ ਹੁੰਦਾ ਹੈ ਉਹ ਇਕ ਗੁਰੂ ਦਾ ਹੀ ਰੂਪ ਹੁੰਦਾ ਹੈ। ਜਿਹੜਾ ਕੋਈ ਗੁਰਮੁਖ ਬਣ ਜਾਂਦਾ ਹੈ ਉਹ ਸ਼ਬਦ ਸੁਰਤ ਦੀ ਰੱਟ ਲਗਾਉਂਦਾ ਹੈ ਜਦ ਗੁਰਮੁਖ ਸਾਧ ਸੰਗਤਭਾਵ ਸੱਚ-ਖੰਡ ਦੀ ਪ੍ਰੇਮਾ ਭਗਤੀ ਵਿਚ ਵਿਚਰਦਾ ਹੈ ਉਸਦ ਭਗਵਾਨ ਨਾਲ ਮੇਲ ਹੋ ਜਾਂਦਾ ਹੈ। ਗਿਆਨ, ਧਿਆਨ ਅਤੇ ਸਿਮਰਨ ਦੀ ਜੁਗਤੀ ਵਿਖੇ ਕੂੰਜ, ਕੱਛੂ ਵਿਚ ਹੰਸਾਂ ਦੀ ਵੰਸ ਨਵੀਨ ਹੋ ਜਾਂਦੀ ਹੈ। ਭਾਵ ਦੁਧ ਅਤੇ ਪਾਣੀ ਰੂਪ ਤੱਤ ਮਿੱਥਿਆ ਦੇ ਵਿਵੇਚਨ ਕਰਨ ਵਿਖੇ ਹੰਸਾਂ ਦੀ ਕੁਲ ਪ੍ਰਵੀਨ ਹੈ ਅਤੇ ਧਿਆਨ ਦੀ ਜੁਗਤੀ ਵਿਚ ਕੱਛੂ ਦੀ ਵੰਸ਼ ਪ੍ਰਬੀਨ ਹੁੰਦੀ ਹੈ। ਅਤੇ ਸਿਮਰਣ ਦੀ ਜੁਗਤੀ ਵਿਖੇ ਕੂੰਜ ਦੀ ਵੰਸ਼ ਪ੍ਰਬੀਨ ਹੁੰਦੀ ਹੈ ਕਿਉਂਕਿ ਉਸਦੇ ਸਿਮਰਨ ਨਾਲ ਆਪਣੇ ਬੱਚੇ ਪਾਲਦੇ ਹਨ। ਪਰ ਗੁਰਮੁਖ ਤਿੰਨੇ ਜੁਗਤੀਆਂ ਵਿਚ ਪ੍ਰਬੀਨ ਹੁੰਦੇ ਹਨ। ਨਾਮ ਵਿਖੇ ਕੂੰਜ ਤੇ ਕੂਰਮ ਵਾਂਗੂ ਧਿਆਨ ਅਤੇ ਗਿਆਨ ਰੱਖਦੇ ਹਨ, ਹੰਸਾਂ ਵਾਂਗੂੰ ਝੂਠ ਅਤੇ ਸੱਚ ਨੂੰ ਨਿਤਾਰਦੇ ਹਨ, ਜਿਵੇਂ ਦਿਰੱਖਤ ਤੋਂ ਫਲ ਅਤੇ ਫਲ ਤੋਂ ਦਰੱਖਤ ਬਣਦਾ ਹੈ। ਅਰਥਾਤ ਗੁਰੂ ਤੋਂ ਸਿੱਖ ਅਤੇ ਸਿੱਖ ਤੋਂ ਗੁਰੂ ਸੁਹੇਲੇ ਮੰਤ੍ਰ ਦੁਆਰਾ ਹੋਇਆ ਹੁੰਦਾ ਹੈ। ਵੀਹ ਵਿਸਵੇ ਸੰਸਾਰ ਵਿਖੇ ਵਰਤਮਾਨ ਸੀ ਅਤੇ ਉਸ ਸੰਸਾਰ ਤੋਂ ਨਿਕਲ ਕੇ ਇਕ ਈਸ਼ਵਰ ਵਿਖੇ ਮਿਲ ਕੇ ਮਨ ਬਾਣੀ ਤੋਂ ਪਾਰ ਲੰਘ ਕੇ ਮੌਜਾਂ ਕਰਦਾ ਹੈ। ਆਦਿ ਪੁਰਖ ਨੂੰ ਅਦੇਸ ਭਾਵ ਨਮਸਕਾਰ ਕਰਕੇ ਆਦਿ ਪੁਰਖ ਜੋ ਆਦੇਸ਼ ਅਰਥਾਤ ਦੇਸ਼ ਕਾਲ ਵਸਤੂ ਦੇ ਭੇਦ ਕੋਲੋਂ ਰਹਿਤ ਹੈ ਇਸ ਵਿਚ ਮਿਲ ਜਾਂਦਾ (ਵਹੇਲਾ) ਹੈ। ਗੁਰਮੁਖ ਜੋ ਅੰਮ੍ਰਿਤ ਵੇਲੇ ਪ੍ਰਮਾਤਮਾਂ ਦੀ ਕੀਰਤੀ ਕਰਦਾ ਹੈ ਇਹ ਹੀ ਉਸਦੀ ਸਿਫਤ ਅਤੇ ਇਕ ਵਿਲੱਖਣ ਗੁਣ ਹੁੰਦਾ ਹੈ।

----

## ਵਾਰ 8

*ਇਸ ਵਾਰ ਦੀਆਂ 24 ਪੌੜੀਆਂ ਹਨ।*

*ਸਤਿਗੁਰ ਪ੍ਰਸਾਦਿ ॥*

## ਵਾਰ 8

*ਪਉੜੀ 1 (ਵਸਤੂ ਨਿਰਦੇਸ਼ ਮੰਗਲਾਚਰਣ)*

ਇਕੁ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਾਸਾਰਾ।
ਪੰਜਿ ਤਤ ਪਰਵਾਣੁ ਕਰਿ ਚਹੁੰ ਖਾਣੀ ਵਿਚਿ ਸਭ ਵਰਤਾਰਾ।
ਕੇਵਡੁ ਧਰਤੀ ਆਖੀਐ ਕੇਵਡੁ ਤੋਲੁ ਅਗਾਸ ਅਕਾਰਾ।
ਕੇਵਡੁ ਪਵਣੁ ਵਖਾਣੀਐ ਕੇਵਡੁ ਪਾਣੀ ਤੋਲੁ ਵਿਥਾਰਾ।
ਕੇਵਡੁ ਅਗਨੀ ਭਾਰੁ ਹੈ ਤੁਲਿ ਨ ਤੁਲੁ ਅਤੋਲ ਭੰਡਾਰਾ।
ਕੇਵਡੁ ਆਖਾ ਸਿਰਜਣਹਾਰਾ ॥1॥

---

*ਕਵਾਉ: ਹੁਕਮ। ਕੇਵਡੁ: ਕਿੰਨੀ ਵੱਡੀ।*

ਮੰਗਲਾਚਰਣ ਤਿੰਨ ਪ੍ਰਕਾਰ ਦੇ ਲਿਖੇ ਜਾਂਦੇ ਹਨ। ਜਿਵੇਂ ਇਸ ਵਾਰ ਵਿਚ 'ਮੰਗਲਾਚਰਣ ਲਿਖਿਆ ਹੈ ਭਾਵ ਜਿਸ ਬਾਰੇ ਅੱਗੇ ਲਿਖਿਆ ਜਾਂਦਾ ਹੈ ਉਸਦੀ ਹੀ ਉਸਤਤ ਅਤੇ ਉਸ ਅਗੇ ਹੀ ਬੇਨਤੀ ਕੀਤੀ ਜਾਂਦੀ ਹੈ। ਜਿਵੇਂ ਇਸ ਪਉੜੀ ਵਿਚ ਪ੍ਰਮਾਤਮਾ ਦੇ ਕਾਰਜ ਲਿਖੇ ਪੜ੍ਹੇ ਜਾਂਦੇ ਹਨ। ਦੂਜੀ ਪ੍ਰਕਾਰ ਦਾ ਮੰਗਲਾਚਰਣ 'ਆਸ਼ੀਰਵਾਦਾਤਮਕ' ਮੰਗਲਾਚਰਣ ਜਿਵੇਂ ਉਸਦੀ ਸਿਫਤ ਅਤੇ ਉਸਨੂੰ ਬੇਨਤੀ ਕਰਨੀ ਹੁੰਦੀ ਹੈ ਕਿ ਜਿਸ ਕੋਲੋਂ ਤੁਹਾਨੂੰ ਆਪਣੇ ਕਲਿਆਨ ਦੀ ਆਸ ਹੋਵੇ। ਤੀਸਰੀ ਪ੍ਰਕਾਰ ਦਾ ਮੰਗਲਾਚਰਣ 'ਨਮਸਕਾਰਾਤਮਕ' ਹੁੰਦਾ ਹੈ ਵਸਤੂ ਨਿਰਦੇਸ਼ ਮੰਗਲਾਚਰਣ ਜਿਹੜਾ ਇਸ ਪਉੜੀ ਦੇ ਮੁਢ ਵਿਚ ਕੀਤਾ ਗਿਆ ਹੈ। ਇਸ ਵਿਚ ਕਿਸੇ ਨੂੰ ਪ੍ਰਣਾਮ ਕੀਤਾ ਜਾਂਦਾ ਹੈ!

ਪ੍ਰਮਾਤਮਾਂ ਨੇ ਇਕ ਬਚਨ ਕਰਕੇ ਇਹ ਸਾਰਾ ਬ੍ਰਹਿਮੰਡ ਥਾਪ ਕੇ ਇਸ ਅੰਦਰ ਜੋ ਮਨੁਖ ਨੂੰ ਨਜ਼ਰ ਆ ਰਿਹਾ ਹੈ ਉਹ ਸਾਰਾ ਪਸਾਰਾ ਕਰ ਦਿਤਾ ਹੈ। ਪੰਜ ਤੱਤ ਜਿਵੇਂ ਅਪ, ਤੇਜ, ਹਵਾ, ਅਕਾਸ਼ ਅਤੇ ਧਰਤੀ ਆਦਿ ਥਾਪ ਕੇ ਵਿਚ ਚਾਰ ਖਾਣੀਆਂ ਜਿਵੇਂ ਅੰਡਜ ਜੇਰਜ ਸੇਤਜ ਅਤੇ ਉਤਭੁਜ ਬਣਾ ਦਿਤੀਆਂ ਹਨ। ਧਰਤੀ ਨੂੰ ਕਿੰਨਾਂ ਕੁ ਵੱਡਾ ਆਖੀਏ ਕਿਉਂਕਿ ਧਰਤੀ ਤਾਂ ਅਥਾਹ ਹੈ ਅਤੇ ਨਾ ਹੀ ਆਕਾਸ਼ ਦਾ ਤੋਲ ਭਾਵ ਅਕਾਰ ਕੋਈ ਮਿਣ ਸਕਦਾ ਹੈ। ਹਵਾ ਕਿੰਨੀ ਕੁ ਹੋਵੇਗੀ ਇਸ ਗਲ ਨੂੰ ਕੋਈ ਵੀ ਦਸ ਨਹੀਂ ਸਕਦਾ ਅਤੇ ਪਾਣੀ ਕਿੰਨਾਂ ਹੋਵੇਗਾ ਇਸ ਬਾਰੇ ਵੀ ਕੁਝ ਕਹਿਣਾ ਮੁਸ਼ਕਲ ਹੈ। ਅੱਗ ਬਾਰੇ ਵੀ ਕੋਈ ਅੰਦਾਜਾ ਨਹੀਂ ਲਗਾ ਸਕਦਾ ਕਿ ਦੁਨੀਆਂ ਵਿਚ ਕਿੰਨੀ ਕੁ ਹੋਵੇਗੀ ਅਤੇ ਪ੍ਰਮਾਤਮਾਂ ਦੇ ਭੰਡਾਰਿਆਂ ਬਾਰੇ

ਕੋਈ ਵੀ ਕੁਝ ਨਹੀਂ ਦਸ ਸਕਦਾ ਕਿ ਕਿੰਨੇ ਕੁ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਹੜੀਆਂ ਇਹ ਵਸਤਾਂ ਪ੍ਰਮਾਮਾਂ ਨੇ ਬਣਾਈਆਂ ਹਨ ਜਦ ਉਨ੍ਹਾਂ ਬਾਰੇ ਵੀ ਕੋਈ ਨਹੀਂ ਕੁਝ ਜਾਣਦਾ ਤਦ ਇਨ੍ਹਾਂ ਵਸਤਾਂ ਨੂੰ ਭਾਵ ਪ੍ਰਮਾਤਮਾਂ ਨੂੰ ਕੌਣ ਜਾਣ ਸਕਦਾ ਹੈ।

----

## ਵਾਰ 8

*ਪਉੜੀ 2 (ਉਹੋ ਹੀ)*

ਚਉਰਾਸੀਹ ਲਖ ਜੋਨਿ ਵਿਚਿ ਜਲੁ ਥਲੁ ਮਹੀਅਲੁ ਤ੍ਰਿਭਵਣ ਸਾਰਾ।
ਇਕਸਿ ਇਕਸਿ ਜੋਨਿ ਵਿਚਿ ਜੀਅ ਜੰਤ ਅਗਣਤ ਅਪਾਰਾ।
ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ।
ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ।
ਸਿਰਿ ਸਿਰਿ ਲੇਖ ਅਲੇਖੁ ਦਾ ਲੇਖ ਅਲੇਖ ਉਪਾਵਣਹਾਰਾ।
ਕੁਦਰਤਿ ਕਵਣੁ ਕਰੈ ਵੀਚਾਰਾ ॥2॥

---

*ਮਹੀਅਲ: ਪ੍ਰਿਥਵੀ।*

ਭਾਈ ਸਾਹਿਬ ਭਾਈ ਵੀਰ ਸਿੰਘ ਦੁਆਰਾ ਸੰਪਾਦਤ ਵਾਰਾਂ ਭਾਈ ਗੁਰਦਾਸ ਜੀ ਸਟੀਕ ਵਿਚ ਇਹ ਪਉੜੀ ਤਿੰਨ ਨੰਬਰ ਉਪਰ ਦਰਜ ਕੀਤੀ ਗਈ ਹੈ ਜਿਹੜੀ ਠਕਿ ਨਹੀ ਕਿਉਂਕਿ ਭਾਈ ਗੁਰਦਾਸ ਜੀ ਪ੍ਰਮਾਤਮਾਂ ਬਾਰੇ ਅਪੁੰਚ ਅਤੇ ਦੁਨੀਆਂ ਦੀ ਸਥਾਪਨਾ ਬਾਰੇ ਪਹਿਲੀ ਪਉੜੀ ਵਿਚ ਲਿਖਦੇ ਹਨ ਅਤੇ ਦੂਜੀ ਪਉੜੀ ਇਸੇ ਲੜੀ ਦੀ ਹੀ ਹੈ। ਇਸ ਪਉੜੀ ਦੇ ਫੁੱਟ-ਨੋਟ ਵਿਚ ਅਗੇ ਲਿਖੇ ਦੀ ਤਰ੍ਹਾਂ ਲਿਖਿਆ ਗਿਆ ਹੈ, 'ਇਸ ਪਉੜੀ ਦਾ ਤੀਜੀ ਪਉੜੀ ਦੀ ਥਾਂਵੇ ਤੇ ਤੀਜੀ ਦਾ ਇਸ ਦੂਜੀ ਪਉੜੀ ਦੇ ਥਾਵੀਂ ਬੀ ਪਾਠ ਕਈ ਪੋਥੀਆਂ ਵਿਚ ਦੇਖਿਆ ਗਿਆ ਹੈ। ਸਭ ਤੋਂ ਪੁਰਾਤਨ ਲਿਖਤੀ ਪੋਥੀ ਵਿਚ ਬੀ ਏਥੋਂ ਦੀ ਦੂਜੀ ਪਉੜੀ ਤੀਜੀ ਦੀ ਥਾਵੇਂ ਹੈ ਤੇ ਤੀਜੀ ਦੂਜੀ ਦੀ ਥਾਵੇਂ।' ਸ਼੍ਰੋਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ਮਸ਼ੇਰ ਸਿੰਘ ਅਸ਼ੋਕ ਵਲੋਂ ਸੰਪਾਦਕ ਕੀਤੀ ਵਾਰਾਂ ਭਾਈ ਗੁਰਦਾਸ ਅੰਦਰ ਇਹ ਲਿਖਿਆ ਪੜ੍ਹਿਆ ਜਾਂਦਾ ਹੈ, 'ਇਹ ਵਾਰ ਸੰਗ੍ਰਹ ਦੇ ਸੰਪਾਦਨ ਤੇ ਪ੍ਰਕਾਸ਼ਿਤ ਕਰਨ ਵਿਚ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੀਆਂ ਹੱਥ-ਖ਼ਿਤ ਪੁਸਤਕਾਂ ਨੰ: 739, 1361, 2888 ਤੇ 7398 ਤੋਂ ਸਹਾਇਤਾ ਮਿਲੀ ਹੈ।' ਪਾਠਕ ਜੀ ਤੁਸੀਂ ਫੈਸਲਾ ਆਪ ਕਰਨਾ ਹੈ ਕਿ ਕੌਣ ਠੀਕ ਹੈ ਅਤੇ ਕੌਣ ਗਲਤ ਹੈ?

ਭਾਈ ਗੁਰਦਾਸ ਜੀ ਅਗੇ ਲਿਖਦੇ ਹਨ ਕਿ ਜਲ ਥਲ ਅਤੇ ਆਕਾਸ਼ (ਮਹੀਅਲ) ਤਿੰਨੇ ਭਵਨਾਂ ਵਿਚ ਚੁਰਾਸੀ ਲੱਖ ਜੂਨ ਦਾ ਪ੍ਰਬੰਧ ਕੀਤਾ ਹੈ। ਇਕ ਇਕ ਜੂਨ ਅੰਦਰ ਬੇਗਿਣਤ ਜੀਵ-ਜੰਤੂ ਬਣਾਏ ਹਨ। ਪ੍ਰਮਾਤਮਾਂ ਦੇ ਇਕ ਇਕ ਰੋਮ ਵਿਚ ਕਰੋੜਾਂ ਹੀ ਬ੍ਰਹਿਮੰਡ ਹਨ ਅਤੇ ਉਨ੍ਹਾਂ ਦੀ ਸੰਭਾਲ ਸਵਾਸ ਸਵਾਸ ਕਰਦਾ ਹੈ। ਰੋਮ ਰੋਮ ਵਿਚ ਇਕ

ਓਅੰਕਾਰ ਦੇ ਆਕਾਰ ਦਾ ਵਿਸਥਾਰ ਰਚਿਆ ਹੋਇਆ ਹੈ। ਸਿਰਿ ਸਿਰਿ ਭਾਵ ਸਭਨਾ ਉਪਰ ਉ ਇਕ ਅਲੇਖ ਪ੍ਰਮਾਤਮਾ ਦਾ ਹੁਕਮ ਚਲਦਾ ਹੈ। ਅਤੇ ਵਾਹਿਗੁਰੂ ਆਪ ਸਿਰਜਨਹਾਰਾ ਕਿਸੇ ਲੇਖੇ ਤੋਂ ਮੁਕਤ ਹੈ। ਪ੍ਰਮਾਤਮਾਂ ਦੀ ਕੁਦਰਤ ਦਾ ਅੰਦਾਜਾਂ ਕੌਣ ਲਾ ਸਕਦਾ ਹੈ?

----

## ਜੁਨ ਵਾਰ 8

*ਪਉੜੀ 3 (ਦੈਵੀ ਅਤੇ ਆਸੁਰੀ ਸੰਪਦਾ)*

ਕੇਵਡੁ ਸਤੁ ਸੰਤੋਖੁ ਹੈ ਦਯਾ ਧਰਮੁ ਤੇ ਅਰਥੁ ਵੀਚਾਰਾ।
ਕੇਵਡੁ ਕਾਮੁ ਕਰੋਧੁ ਹੈ ਕੇਵਡੁ ਲੋਭੁ ਮੋਹੁ ਅਹੰਕਾਰਾ।
ਕੇਵਡੁ ਦ੍ਰਿਸਟਿ ਵਖਾਣੀਐ ਕੇਵਡੁ ਰੂਪੁ ਰੰਗੁ ਪਰਕਾਰਾ।
ਕੇਵਡੁ ਸੁਰਤਿ ਸਲਾਹੀਐ ਕੇਵਡੁ ਸਬਦੁ ਵਿਥਾਰੁ ਪਸਾਰਾ।
ਕੇਵਡੁ ਵਾਸੁ ਨਿਵਾਸੁ ਹੈ ਕੇਵਡੁ ਗੰਧ ਸੁਗੰਧਿ ਅਚਾਰਾ।
ਕੇਵਡੁ ਰਸ ਕਸ ਆਖੀਅਨਿ ਕੇਵਡੁ ਸਾਦ ਨਾਦ ਓਅੰਕਾਰਾ।
ਅੰਤੁ ਬਿਅੰਤੁ ਨ ਪਾਰਾਵਾਰਾ ॥3॥

---

*ਦਿਰਸਟਿ: ਨਜ਼ਰ। ਸੁਰਤਿ: ਬਿਰਤੀ ਜਾਂ ਗਿਆਨ। ਸਬਦੁ ਵਿਥਾਰ: ਸ਼ਬਦ ਦਾ ਵਿਸਥਾਰ। ਗੰਧ ਸੁਗੰਧਿ ਗੰਧਾਂ ਵਿਚ ਸੁਗੰਧੀ।*

ਪ੍ਰਮਾਤਮਾਂ ਦੀ ਦੈਵੀ ਸੰਪਦਾ ਭਾਵ ਜਿਵੇਂ ਸਤ, ਸੰਤੋਖ, ਦਯਾ, ਧਰਮ ਅਤੇ ਅਰਥਾਂ ਦਾ ਵਿਚਾਰ ਬੇਅੰਤ ਹੁੰਦਾ ਹੈ। ਕਾਮ, ਕ੍ਰੋਧ, ਕਿਤਨਾ ਜ਼ੋਰਾਵਰ ਹੈ ਅਤੇ ਲੋਭ ਮੂਹ ਅਤੇ ਹੰਕਾਰ ਕਿੰਨਾਂ ਭਿਆਨਕ ਹੈ, ਇਸ ਬਾਰੇ ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਹੈ। ਰੱਬ ਦੀ ਦਿਬ-ਦ੍ਰਿਸ਼ਟੀ ਨੂੰ ਕੋਈ ਪਾ ਨਹੀਂ ਸਕਦਾ ਅਤੇ ਕਿੰਨੇ ਪ੍ਰਕਾਰ ਦੇ ਉਸਦੇ ਰੂਪ ਹਨ ਜਾਂ ਕਿੰਨ੍ਹੇ ਤਰ੍ਹਾਂ ਦੇ ਉਸਦੇ ਰੰਗ ਹਨ ਮਨੁਖ ਇਹਨਾਂ ਸਭਨਾਂ ਗੱਲਾਂ ਤੋਂ ਕੋਰਾ ਹੈ। ਭਾਈ ਗੁਰਦਾਸ ਜੀ ਸਪੱਸ਼ਟ ਕਰਦੇ ਹਨ ਕਿ ਸ਼ਬਦ ਸੁਰਤ ਦੀ ਸ਼ਲਾਘਾ ਕਿੰਨੀ ਹੋਵੇਗੀ ਅਤੇ ਇਕ ਕਵਾਉ ਭਾਵ ਇਕ ਸ਼ਬਦ ਦਾ ਪਸਾਰਾ ਕਿੰ' ਕੋਈ ਕਹਿ ਸਕਦਾ ਹੈ? ਵਾਸ਼ਨਾਂ ਅਤੇ ਗੰਧੀਆਂ ਦਾ ਨਿਵਾਸ ਕਿੱਡਾ ਹੋਵੇਗਾ ਅਤੇ ਫਿਰ ਗੰਧੀਆਂ ਅਤੇ ਸੁਗੰਧੀਆਂ ਦਾ ਵਾਰਾਫੇਰ ਕਿੰਨਾਂ ਕੁ ਹੋਵੇਗਾ? ਰਸ ਕਸ ਕਿੰਨੇ ਕੁ ਕਹੀਏ ਅਤੇ ਓਅੰਕਾਰ ਦੇ ਨਾਦ ਭਾਵ ਸ਼ਬਦ ਗਿਆਨ ਕਿੱਡਾ ਕੁ ਹੋਵੇਗਾ? ਭਾਵ ਪ੍ਰਮਾਤਮਾਂ ਵਲੋਂ ਇਹ ਸਥਾਪਨਾ ਅੰਤ ਤੋਂ ਬਿਅੰਤ ਹਨ ਅਤੇ ਇਨ੍ਹਾਂ ਦਾ ਕੋਈ ਪਾਰਾਵਾਰ ਨਹੀਂ ਹੈ।

----

## ਵਾਰ 8

*ਪਉੜੀ 4 (ਤਥਾਚ)*

ਕੇਵਡੁ ਦੁਖੁ ਸੁਖੁ ਆਖੀਐ ਕੇਵਡੁ ਹਰਖੁ ਸੋਗੁ ਵਿਸਥਾਰਾ।
ਕੇਵਡੁ ਸਚੁ ਵਖਾਣੀਐ ਕੇਵਡੁ ਕੂੜੁ ਕਮਾਣਹਾਰਾ।
ਕੇਵਡੁ ਰੁਤੀ ਦਿਹ ਰਾਤੀ ਵਿਸਮਾਦੁ ਵੀਚਾਰਾ।
ਆਸਾ ਮਨਸਦਾ ਕੇਵਡੀ ਕੇਵਡੁ ਨੀਦ ਭੁਖ ਅਹਾਰਾ।
ਕੇਵਡੁ ਆਖਾਂ ਭਾਉ ਭਉ ਸਾਂਤਿ ਸਹਜਿ ਉਪਕਾਰ ਵਿਕਾਰਾ।
ਤੋਲੁ ਅਤੋਲ ਨ ਤੋਲਣਹਾਰਾ ॥4॥

---

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ ਭਣ-ਸਦਿਦਸ, "ਰਏਵਏਰ, ਓਲਸੋ) ਹਰਖ: ਖੁਸ਼ੀ। ਵਿਸਮਾਦੁ: ਅਸਚਰਜ।*

ਕਿੱਡਾ ਕੁ ਦੁਖ ਸੁਖ ਆਖੀਏ ਅਤੇ ਕਿਡੀ ਕੁ ਖੁਸ਼ੀ (ਹਰਖ ਅਤੇ ਸੋਗ ਦੇ ਵਿਸਥਾਰ ਨੂੰ ਆਖੀਏ। ਸੱਚ ਬੋਲਣ ਵਾਲੇ ਕਿੰਨੇ ਕੁ ਕਹੀਏ ਅਤੇ ਝੂਠ ਬੋਲਣ ਵਾਲਿਆਂ ਦੀ ਗਿਣਤੀ ਕਿੰਨੀ ਕੁ ਕਰੀਏ। ਕਿੰਨੀਆਂ ਕੁ ਰੁੱਤਾਂ ਦਾ, ਮਹੀਨਿਆਂ ਦਾ ਅਤੇ ਦਿਨ ਰਾਤ ਦੇ ਵਿਚਾਰ ਨੂੰ ਸਿਰਜ ਕੇ ਅਚਰਜ ਰੂਪ ਥਾਪਿਆ ਹੈ। ਆਸਾ ਮਨਸਾ ਕਿੰਨੀ ਦੀਰਘ ਹੈ, ਨੀਂਦ ਭੁਖ ਭੋਜਨ ਵਿਚਾਰੀਏ ਤਾਂ ਕਿੰਨਾਂ ਕੁ ਹੈ। ਕਈ ਡਰ ਅਤੇ ਪ੍ਰੇਮ ਨਾਲ ਸ਼ਾਂਤ ਦੇ ਸੁਭਾਵਕ ਉਪਕਾਰ ਹੀ ਕਰਦੇ ਹਨ ਕਈ ਵਿਕਾਰ ਕਰਨ ਵਿਚ ਹੀ ਮਸਤ ਹਨ, ਐਸੀ ਦੁਨੀਆਂ ਕਿਤੇ ਕਿੰਨੀ ਕੁ ਕਹਿ ਲਵੋਗੇ। ਉਸਦੇ ਦੈਵੀ ਗੁਣ ਲਿਖਿਆਂ ਉਪਰ ਲਿਖੇ ਹੀ ਨਹੀਂ ਜਾ ਸਕਦੇ ਅਤੇ ਕੋਈ ਤੋਲਣਹਾਰਾ ਭਾਂਵ ਕੋਈ ਐਸਾ ਹੈ ਹੀ ਨਹੀਂ ਜਿਹੜਾ ਉਸ ਪ੍ਰਮਾਤਮਾਂ ਦੇ ਭੇਦ ਜਾਣ ਸਕੇ।

----

## ਵਾਰ 8

*ਪਉੜੀ 5 (ਤਥਾਚ)*

ਕੇਵਡੁ ਤੋਲੁ ਸੰਜੋਗੁ ਦਾ ਕੇਵਡੁ ਤੋਲੁ ਵਿਜੋਗੁ ਵੀਚਾਰਾ।
ਕੇਵਡੁ ਹਸਣੁ ਆਖੀਐ ਕੇਵਡੁ ਰੋਵਣ ਦਾ ਬਿਸਥਾਰਾ।
ਕੇਵਡੁ ਹੈ ਨਿਰਵਿਰਤਿ ਪਖੁ ਕੇਵਡੁ ਹੈ ਪਰਵਿਰਤਿ ਪਸਾਰਾ।
ਕੇਵਡ ਆਖਾ ਪੁੰਨ ਪਾਪੁ ਕੇਵਡੁ ਆਖਾ ਮੋਖੁ ਦੁਆਰਾ।
ਕੇਵਡੁ ਕੁਦਰਤਿ ਆਖੀਐ ਇਕਦੂੰ ਕੁਦਰਤਿ ਲਖ ਅਪਾਰਾ।
ਦਾਨੈ ਕੀਮਤਿ ਨ ਪਵੈ ਕੇਵਡੁ ਦਾਤਾ ਦੇਵਣਹਾਰਾ।
ਅਕਥ ਕਥਾ ਅਬਿਗਤਿ ਨਿਰਧਾਰਾ ॥5॥

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ ਭਣ- ਸਦਿਦਸ, "ਰਏਵਏਰ, ਓਲਸੋ)*

ਸੰਜੋਗੁ: ਮੇਲ। ਵਿਜੋਗੁ: ਵਿਛੋੜਾ। ਨਿਰਵਿਰਤਿ: ਉਪਰਾਮਤਾ। ਪਰਵਿਰਤਿ: ਮਨ ਦੀ ਵਿਹਾਰ ਵੱਲ ਲੱਗਣ ਦੀ ਰੁਚੀ। ਦਾਨੈ: ਦਾਤਿ। ਅਬਿਗਤਿ: ਜਿਸ ਦੀ ਗਤ ਨਾ ਪਾਈ ਜਾਵੇ। ਨਿਰਧਾਰਾ: ਜਿਸ ਦਾ ਕੋਈ ਆਸਰਾ ਹੀ ਨਾ ਹੋਵੇ ਭਾਵ ਆਪਣੇ ਆਸਰੇ ਆਪ ਹੋਵੇ।

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਦਸਦੇ ਹਨ ਕਿ ਸੰਜੋਗ ਅਤੇ ਵਿਜੋਗ ਬਾਰੇ ਕੋਈ ਕਿੰਨਾਂ ਕੁ ਸੋਚ ਸਕਦਾ ਹੈ ਭਾਵ ਨਿੱਤ ਹਰ ਸਮੇਂ ਅਨੇਕਾਂ ਜੀਵ ਮਿਲਦੇ ਹਨ ਅਤੇ ਅਨੇਕਾਂ ਹੀ ਵਿਛੜਦੇ ਰਹਿੰਦੇ ਹਨ। ਸੰਜੋਗ ਸਮੇਂ ਭਾਵ ਮੇਲ ਸਮੇਂ ਕਿੰਨਾਂ ਕੁ ਹੱਸਣਾ ਕਹੀਏ ਅਤੇ ਵਿਛੜਨ ਸਮੇਂ ਕਿੰਨਾਂ ਕੁ ਰੋਣੇ ਦਾ ਵਿਸਥਾਰ ਕਹਿ ਸਕਦੇ ਹਾਂ। ਇਸ ਸੰਸਾਰ ਨੂੰ ਨੂੰ ਛੱਡ ਜਾਣ ਵਾਲੇ ਕਿੰਨੇ ਹਨ ਅਤੇ ਕਿੰਨੀ ਕੁ ਦੁਨੀਆਂ ਹੈ ਜਿਹੜੀ ਪਰਿਵਾਰਾਂ ਅੰਦਰ ਖੁਸ਼ੀਆਂ ਨਾਲ ਰਹਿੰਦੀ ਹੈ। ਇਸ ਦੁਨੀਆਂ ਵਿਚ ਪਾਪ ਪੁੰਨਾਂ ਦਾ ਕਿੰਨਾ ਪਸਾਰਾ ਆਖੀਏ ਅਤੇ ਕਿੰਨਿਆਂ ਨੇ ਅਜ ਤੱਕ ਮੁਕਤੀ ਪਾ ਲਈ ਹੈ ਇਸ ਗੱਲ ਕੋਈ ਅੰਦਾਜਾ ਨਹੀਂ ਲਾ ਸਕਦਾ। ਕੁਦਰਤ ਦਾ ਪਸਾਰਾ ਤਾਂ ਅਗੇ ਤੋਂ ਅਗੇ ਚਲਦਾ ਹੀ ਰਹਿੰਦਾ ਹੈ। ਕੁਦਰਤ ਦੇ ਇਸ ਪਸਾਰੇ ਨੂੰ ਕੌਣ ਲਿਖ ਸਕਦਾ ਹੈ? ਮਨੁਖ ਦੀ ਪ੍ਰਵਰਿਸ਼ ਵਾਸਤੇ ਜੋ ਖਜ਼ਾਨੇ ਖੁਲ੍ਹੇ ਹੋਏ ਹਨ ਉਨ੍ਹਾਂ ਖਜ਼ਾਨਿਆਂ ਦਾ ਕੋਈ ਅੰਤ ਨਹੀਂ ਹੈ। ਏਡੀਆਂ ਵੱਡੀਆਂ ਦਾਤਾ ਦੇਣ ਵਾਲ ਪ੍ਰਮਾਤਮਾਂ ਆਪ ਕਿੰਨਾਂ ਵੱਡਾ ਹੋਵੇਗਾ ਕੋਈ ਨਹੀਂ ਕਹਿ ਸਕਦਾ। ਪ੍ਰਮਾਤਮਾਂ ਦੀ ਕਥਾ ਕਹੀ ਨਹੀਂ ਜਾ ਸਕਦੀ ਅਬਿਗਤ ਭਾਵ ਪ੍ਰਮਾਤਮਾ ਕਿੱਸੇ ਉਪਰ ਨਿਰਭਰ ਨਹੀਂ ਹੈ ਸਗੋਂ ਉਹ ਆਪਣਾ ਆਸਰਾ ਆਪ ਹੀ ਹੈ।

----

## ਵਾਰ 8

*ਪਉੜੀ 6 (ਸੰਗਤਿ ਦਾ ਸਫਲ)*

ਲਖ ਚਉਰਾਸੀਹ ਜੂਨਿ ਵਿਚਿ ਮਾਣਸ ਜਨਮੁ ਦੁਲੰਭੁ ਉਪਾਇਆ।
ਜਾਤਿ ਵਰਨ ਚਾਰਿ ਮਜਹਬਾਂ ਹਿੰਦੂ ਮੁਸਲਮਾਣ ਸਦਾਇਆ।
ਕਿਤੜੇ ਪੁਰਖ ਵਖਾਣੀਅਨਿ ਨਾਰਿ ਸੁਮਾਰਿ ਅਗਣਤ ਗਣਾਇਆ।
ਤ੍ਰੈ ਗੁਣ ਮਾਇਆ ਚਲਿਤੁ ਹੈ ਬ੍ਰਹਮਾ ਬਿਸਨੁ ਮਹੇਸੁ ਰਚਾਇਆ।
ਵੇਦ ਕਤੇਬਾ ਵਾਚਦੇ ਇਕੁ ਸਾਹਿਬੁ ਦੁਇ ਰਾਹ ਚਲਾਇਆ।
ਸਿਵ ਸਕਤੀ ਵਿਚਿ ਖੇਲੁ ਕਰਿ ਜੋਗ ਭੋਗ ਬਹੁ ਚਲਿਤੁ ਬਣਾਇਆ।
ਸਾਧ ਅਸਾਧ ਸੰਗਤਿ ਫਲੁ ਪਾਇਆ ॥6॥

---

*ਦੁਲੰਭੁ: ਦੁਰਲੱਭ। ਗੁਣ ਮਾਇਆ: ਸਤ ਰਸ ਤਮ ਭਾਵ ਸ਼ਿਵ ਸ਼ਕਤੀ। ਸੁਮਾਰਿ: ਰਚਣਾ। ਮਹੇਸੁ: ਸ਼ਿਵ ਜੀ। ਸਾਧ ਅਸਾਧ: ਭਲਾ ਬੁਰਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਚੌਰਾਸੀ ਲੱਖ ਜੂਨਾਂ ਵਿਚੋਂ ਇਕ ਮਨੁੱਖਾ ਜਨਮ ਹੀ ਜਿਸ ਵਿਚ ਮਨੁੱਖ ਨੂੰ ਸੋਝੀ ਹੁੰਦੀ ਹੈ। ਮਨੁੱਖ ਆਪਣੀ ਲੋੜ ਅਨੁਸਾਰ ਸਾਰੇ ਕਰ ਸਕਣ ਦੇ ਕਾਬਲ ਹੁੰਦਾ ਹੈ ਪਰ ਇਕ ਪ੍ਰਮਾਤਮਾਂ ਦਾ ਹੁਕਮ ਉਸ ਵਾਸਤੇ ਵੀ ਅਟੱਲ ਹੀ ਹੁੰਦਾ ਹੈ। ਹਿੰਦੂਮਤ ਅਨੁਸਾਰ ਚਾਰ ਵਰਣ ਹੋਏ ਹਨ ਜਿਵੇਂ ਖੱਤਰੀ, ਬ੍ਰਾਹਮਣ, ਵੈਸ਼ ਅਤੇ ਸੂਦਰ ਆਦਿ। ਭਾਈ ਗੁਰਦਾਸ ਜੀ ਨੇ ਮੁਸਲਮਾਨਾਂ ਦੇ ਚਾਰ ਮਜ਼੍ਹਬ ਲਿਖੇ ਹਨ ਪਰ ਗੁਰਬਾਣੀ ਅਤੇ ਕੁਰਾਨਿਸ਼ਰੀਫ ਤੋਂ ਪਤਾ ਲਗਦਾ ਹੈ ਕਿ ਹਦੀਸ ਵਿਚ ਇਕ ਲੇਖ ਹੈ ਕਿ ਮੁਹੰਮਦ ਸਾਹਿਬ ਨੇ ਫੁਰਮਾਇਆ ਹੈ ਕਿ ਬਨੀ ਇਸਰਾਇਲਿ ਦੇ ਬਹੱਤਰ ਫਿਰਕੇ ਹੋ ਗਏ ਹਨ ਪਰ ਮੇਰੀ ਉਮਤ ਦੇ ਤਿਹੱਤਰ ਫਿਰਕੇ ਹੋਣਗੇ ਪ੍ਰਾਂਤੂ ਇਕ ਤੋਂ ਛੁੱਟ ਬਾਕੀ ਸਭ ਨਰਕਾਂ ਵਿਚ ਜਾਣਗੇ ਸੁੰਨੀਆਂ ਛੱਡ ਕੇ ਇਸਲਾਮ ਦੇ ਬਹੱਤਰ ਫਿਰਕੇ ਹਨ ਜੋ ਮੁਖ ਅੱਠ ਜਮਾਤਾਂ ਵਿਚ ਵੰਡੇ ਹੋਏ ਹਨ ਜਿਵੇਂ: ਮੁਅਤਜ਼ਿਲਹ, ਸ਼ੀਅਹ, ਖਵਾਰਿਜ, ਮੁਰਜੀਯਹ, ਨੱਜਰੀਯਹ, ਜਬਰੀਯਹ, ਕੁਦਰੀਯਹ ਅਤੇ ਮੁਸ਼ਬੀਹ ਆਦਿ ਪਰ ਭਾਈ ਗੁਰਦਾਸ ਜੀ ਮੁਸਲਮਾਨਾਂ ਦੇ ਚਾਰ ਮਜ਼੍ਹਬ ਹਨ। ਮੇਰੇ ਖਿਆਲ ਅਨੁਸਾਰ ਮੁਸਲਮਾਨ ਮਜ਼੍ਹਬ ਦੇ ਚਾਰ ਖਲੀਫੇ ਹਨ ਜਿਵੇਂ ਪਾਠਕ ਜੀ ਇਤਹਾਸ ਵਿਚ ਪੜ੍ਹਨ ਨੂੰ ਆਉਂਦਾ ਹੈ ਕਿ ਮੁਹੰਮਦ ਦੇ ਚਾਰ ਯਾਰ ਭਾਵ ਚਾਰ ਖਲੀਫੇ ਹੋਏ ਸਨ। ਜਿਵੇਂ ਅਬੂ ਬਕਰ ਸਦੀਕ, ਉਮਰ ਫਾਰੂਕ, ਹਜ਼ਰਤ ਅਲੀ ਅਤੇ ਉਸਮਾਨ ਰਦੀ ਅਲਾ-ਅਨਹੋ ਆਦਿ ਪਰ ਇਨ੍ਹਾਂ ਨੇ ਸਿਰਫ ਮੁਹੰਮਦ ਸਾਹਿਬ ਦੇ ਧਰਮ ਦਾ ਅਗੇ ਪਰਚਾਰ ਹੀ ਕੀਤਾ ਸੀ ਕੋਈ ਮਜ਼੍ਹਬ ਨਹੀਂ ਚਲਾਇਆ ਸੀ। ਇਸ ਤਰ੍ਹਾਂ ਦੁਨੀਆਂ ਵਿਚ ਹਿੰਦੂ ਅਤੇ ਮੁਸਲਮਾਨ ਸਦਾਏ ਭਾਵ ਬਣ ਗਏ ਹਨ। ਕਈ ਮਨੁਖ ਕਹਿੰਦੇ ਹਨ ਕਿ ਪ੍ਰਮਾਤਮਾਂ ਨੇ ਸੁਮਾਰਿ ਭਾਵ ਬੇਸੁਮਾਰ ਇਸਤਰੀਆਂ ਰਚੀਆਂ ਹਨ। ਮਾਇਆ ਦੇ ਤਿੰਨ ਗੁਣ ਹੁੰਦੇ ਹਨ ਜਿਵੇ ਰਜੋ ਭਾਵ ਜੋ ਮੁਹ ਅਤੇ ਹੰਕਾਰ ਆਦਿ ਦਾ ਕਾਰਣ ਬਣਦਾਹ ਹੈ, ਤਮੋ ਭਾਵ ਮਨ ਵਿਚ ਅਗਿਆਨਤਾ ਦਾ ਹਨੇਰਾ ਅਤੇ ਸਤੋ ਜੋ ਸਚ ਹੁੰਦਾ ਅਤੇ ਹਰ ਵਸਤੂ ਪ੍ਰਤੱਖ ਵੇਖਣ ਦਾ ਗੁਣ ਆਦਿ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪ੍ਰਮਾਤਮਾਂ ਨੇ ਇਸ ਮਾਇਆਂ ਦੇ ਭਾਵ ਇਸਤਰੀ ਦੇ ਕਈ ਚਰਿਤਰ ਬਣਾਏ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਬ੍ਰਹਮਾਂ ਅਤੇ ਵਿਸ਼ਨੂੰ ਵਾਂਗ ਇਸਤਰੀ ਨੂੰ ਰਚਿਆ ਹੈ। ਹਿੰਦੂ ਵੇਦ ਪੜ੍ਹਦੇ ਹਨ ਅਤੇ ਮੁਸਲਮਾਨ ਕਤੇਬਾਂ ਪੜਭ੍ਹਦੇ ਹਨ ਅਤੇ ਇਹ ਦੋਨੋਂ ਇਕ ਤਰ੍ਹਾਂ ਦਾ ਹੀ ਅਭਿਆਸ ਕਰਦੇ ਹਨ। ਪ੍ਰਮਾਤਮਾਂ ਨੇ ਮਾਇਆ ਦੇ ਤਿੰਨ ਗੁਣ ਰਚੇ ਹਨ ਜਿਵੇ ਰਜੋ ਭਾਵ ਜੋ ਮੁਹ ਅਤੇ ਹੰਕਾਰ ਆਦਿ ਦਾ ਕਾਰਣ ਬਣਦਾਹ ਹੈ, ਤਮੋ ਭਾਵ ਮਨ ਵਿਚ ਅਗਿਆਨਤਾ ਦਾ ਹਨੇਰਾ ਅਤੇ ਸਤੋ ਜੋ ਸਚ ਹੁੰਦਾ ਅਤੇ ਹਰ ਵਸਤੂ ਪ੍ਰਤੱਖ ਵੇਖਣ ਦਾ ਗੁਣ ਆਦਿ। ਇਰਸ ਰਚਨਾ ਨੇ ਜੋਗ ਅਤੇ ਭੋਗ ਦਾ ਇਕ ਵਡਾ ਚਰਿਤਰ ਰੱਚ ਦਿਤਾ ਹੈ। ਜੋ ਸਤੋਗੁਣੀ ਹਨ ਉਹ ਜੋਗ ਅਭਿਆਸ ਕਰਦੇ ਹਨ ਅਤੇ ਜੋ ਤਮੋਗੁਣੀ ਹਨ ਉਹ ਭੋਗਾਂ ਆਦਿ ਵਿਚ ਪਏ ਹੋਏ ਹਨ। ਭਲੇ ਅਤੇ ਬੁਰੇ ਮਨੁਖ ਵਾਸਤੇ ਸਾਧ ਸੰਗਤ ਦਾ ਫਲ ਸਭ ਲਈ ਚੰਗਾ ਹੀ ਹੁੰਦਾ ਹੈ।

----

## ਵਾਰ 8

*ਪਉੜੀ 7 (ਹਿੰਦੂ ਮਤ)*

ਚਾਰਿ ਵਰਨ ਛਿਅ ਦਰਸਨਾਂ ਸਾਸਤ੍ਰ ਬੇਦ ਪੁਰਾਣੁ ਸੁਣਾਇਆ।
ਦੇਵੀ ਦੇਵ ਸਰੇਵਦੇ ਦੇਵ ਸਥਲ ਤੀਰਥ ਭਰਮਾਇਆ।
ਗਣ ਗੰਧਰਬ ਅਪਛਰਾਂ ਸੁਰਪਤਿ ਇੰਦ੍ਰ ਇੰਦਰਾਸਣ ਛਾਇਆ।
ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਗਣਾਇਆ।
ਜਪ ਤਪ ਸੰਜਮ ਹੋਮ ਜਗ ਵਰਤ ਨੇਮ ਨਈਵੇਦ ਪੁਜਾਇਆ।
ਸਿਖਾ ਸੁਤ੍ਰਿ ਮਾਲਾ ਤਿਲਕ ਪਿਤਰ ਕਰਮ ਦੇਵ ਕਰਮ ਕਮਾਇਆ।
ਪੁੰਨ ਦਾਨ ਉਪਦੇਸੁ ਦਿੜਾਇਆ ॥7॥

---

*ਸਰੇਵੜੇ: ਉਪਦੇਸ਼ਕ, ਆਰਾਧਦੇ। ਇਸ ਪਉੜੀ ਵਿਚ ਸਰੇਵੜੇ ਸ਼ਬਦ ਦੀ ਬਜਾਏ ਸਰੇਵਦੇ ਲਿਖਿਆ ਹੋਇਆ ਹੈ। ਏਥੇ ਆਰਾਧਦੇ ਅਰਥ ਠੀਕ ਹੈ ਪਰ ਕਈ ਪੋਥੀਆਂ ਵਿਚ ਸਰੇਵੜੇ ਸ਼ਬਦ ਲਿਖਿਆ ਪੜ੍ਹਿਆ ਜਾਂਦਾ ਹੈ ਜਿਸਦਾ ਭਾਵਜੈਨੀ ਜਾਂ ਬੋਧੀ ਹੁੰਦਾ ਹੈ। ਦੇਵ ਸਥਲ: ਮੰਦਰ, ਦੇਵਤਿਆਂ ਦਾ ਸਥਾਨ। ਸੁਰਪਤਿ: ਦੇਵ ਲੋਕ ਦਾ ਰਾਜਾ। ਨਾਈਵੇਦ: ਠਾਕਰਾਂ ਦਾ ਭੋਗ। ਸਿਖਾ: ਬੋਦੀ। ਸੁਤ੍ਰਿ: ਜਨੇਊ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਚਾਰ ਵਰਨ ਜਿਵੇਂ ਬ੍ਰਾਹਮਣ, ਛੱਤਰੀ, ਵੈਸਿ ਅਤੇ ਸੂਦ੍ਰਿ ਆਦਿ।

ਛੇ ਦਰਸ਼ਨ ਜਿਵੇਂ ਸਾਂਖ, ਨਿਆਇ, ਯੋਗ, ਪੂਰਵ, ਮੀਮਾਂਸਾ ਅਤੇ ਵੇਦਾਂਤ।ਚਾਰ ਵੇਦ ਜਿਵੇਂ: ਹਿੰਦੂ ਧਰਮ ਦੇ ਪ੍ਰਧਾਨ ਧਰਮ ਗ੍ਰੰਥ ਜਿਵੇਂ ਰਿਗ-ਵੇਦ, ਯਜੁਰ ਵੇਦ, ਸਾਮ ਵੇਦ ਅਤੇ ਅਥਰਵ ਵੇਦ ਆਦਿਅਤੇ ਅਠਾਰਾਂ ਪੁਰਾਣਾਂਅੰਦਰ ਲੋਕ ਵਿਸ਼ਵਾਸ ਕਰਨ ਲੱਗੇ। ਦੇਵੀ ਦੇਵਤਿਾਂ, ਠਾਕਰ ਦੁਆਰਿਆਂਅਤੇ ਤੀਰਥਾਂ ਵੱਲ ਭਰਮਣ ਕਰਨ ਲੱਗੇ। ਸਵੱਰਗਾਂ ਵਿਚ ਗਉਂਣ ਵਾਲੇ ਗਣ ਗੰਧਰਬ, ਅਪੱਛਰਾਂ ਭਾਵ ਪਰੀਆਂ, ਸੁਰਪਤਿ ਭਾਂਵ ਦੇਵ ਲੋਕ ਦਾ ਰਾਜਾ, ਇੰਦਰ ਦੇਵਤਾ ਜੋ ਆਸਣ ਲਾ ਕੇ ਬੈਠਾ ਹੈ ਲੋਕ ਉਸ ਦੀ ਪੂਜਾ ਵੱਲ ਰੁਚਿਤ ਹੋ ਗਏ। ਜਤੀ ਜਿਵੇਂ (ਇੰਦਰੀਆਂ ਨੂੰ ਕਾਬੂ ਵਿਚ ਰੱਖਣ ਵਾਲੇ, ਕੁਲ ਸੱਤ ਹੋਏ ਹਨ ਜਿਵੇਂ ਹਨੂਮਾਨ, ਭੀਸ਼ਮ ਪਿਤਾਮਾ, ਲਛਮਣ, ਭੈਰਵ, ਗੋਰਖ,ਦਤਾਤ੍ਰਯ ਆਦਿ)।ਸਤੀ (ਸੱਚ ਬੋਲਣ ਵਾਲਾ ਅਤੇ ਜਾ ਫਿਰ ਉਹ ਔਰਤ ਜਿਹੜੀ ਪਤੀ ਦੀ ਚਿਖਾ ਨਾਲ ਹੀ ਜਲ ਜਾਂਦੀ ਹੈ। ਰਾਜਾ ਰਾਮ ਮੋਹਨ ਰਾਏ (ਬ੍ਰਹਮ ਸਮਾਜ ਦੇ ਬਾਨੀ) ਨੇ ਲਾਰਡ ਬੈਟਿੰਕ ਨੂੰ ਸਲਾਹ ਦੇ ਕੇ ਸਤੀ ਹੋਣ ਦੀ ਰਸਮ ਵਿਰੁਧ 7 ਦਸੰਬਰ 1829 ਨੂੰ ਕਾਨੂੰਨ ਬਣਾਕੇ ਬੰਦ ਕਰਵਾਇਆ। ਪੰਜਾਬ ਅਤੇ ਰਾਜਪੁਤਾਨੇ ਵਿਚ ਇਹ ਕਾਨੂੰਨ ਬੰਦੀ ਸੰਨ 1847 ਵਿਚ ਹੋਈ), ਸਤ ਸਤੀ ਜਿਵੇਂ ਹਰੀ ਚੰਦ, ਦਸ਼ਰਥ, ਧਰਮ ਪੁੱਰ, ਰਾਮ, ਪਰਸਰਾਮ, ਬਲਰਾਮ ਅਤੇ ਸ਼ੈਵੀ ਆਦਿ ਸਭ ਜਤੀਆਂ ਸਤੀਆਂ ਨੂੰ ਜਿੱਤ ਕੇ ਸਪਤ ਰਿਖੀ: ਮਰੀਚਿ, ਅਤ੍ਰਿ, ਪੁਲਹ ਪੁਲਸਤਯ, ਕ੍ਰਤ, ਅੰਗਿਰਾ

ਅਤੇ ਵਸ਼ਿਸ਼ਟਆਦਿ ਬਣ ਗਏ ਅਤੇ ਕਈ ਸੰਤੋਖੀ ਹੀ ਰਹੇ। ਸਿੱਧ ਅਤੇ ਜੋਗੀਆਂ ਦੇ ਨੌਂ ਪ੍ਰਧਾਨ ਜੋਗੀ ਹੁੰਏ ਹਨ ਜਿਵੇਂ: ਆਦਨਾਥ, ਗੋਰਖਨਾਥ, ਮਛੰਦਰ ਨਾਥ, ਉਦਯਨਾਥ, ਕੰਬੜਨਾਥ, ਸਤਯਨਾਥ, ਅਚੰਭਨਾਥ, ਚੌਰੰਗੀ ਨਾਥ ਅਤੇ ਸੰਤੋਖ ਨਾਥ ਆਦਿ। ਜੋਗੀਆਂ ਦੀ ਦੂਜੀ ਸੰਪਰਦਾਇ ਅਨੁਸਾਰ ਹੇਠ ਲਿਖੇ ਨੌਂ ਨਾਥ ਹੋਏ ਹਨ ਜਿਵੇ: ਆਦਿਨਾਥ, ਸ਼ੇਲਨਾਥ, ਸੰਤੋਖਨਾਥ, ਅਚੰਭਨਾਥ, ਗਜਕੰਠਨਾਥ, ਪਰਜਾ ਨਾਥ, ਮਛੇਂਦਰ ਨਾਥ, ਗੋਰਖਨਾਥ ਅਤੇ ਗਿਆਨਸਵਰੂਪੀ ਨਾਥ ਆਦਿ।ਦਸ ਅਵਤਾਰ: ਮੱਛ ਕੱਛ ਵਾਰਾਹ ਅਤੇ ਚੌਵੀ ਅਵਤਾਰਾਂ ਜਿਵੇਂ ਹਿੰਦੂ ਮੱਤ ਅਨੁਸਾਰ ਦਸ ਅਵਤਾਰ ਅਗੇ ਲਿਖੇ ਦੀ ਤਰ੍ਹਾਂ ਹੋਏ ਹਨ ਜਿਵੇ: ਮੱਛ, ਕੱਛਪ, ਵਰਾਹ, ਮੋਹਿਨੀ, ਪਰਸ ਰਾਮ, ਕ੍ਰਿਸ਼ਨ, ਬਲਰਾਮ, ਬੁੱਧ ਅਤੇ ਕਲਕੀ ਆਦਿ ਲੋਕ ਮੰਨਣ ਲਗ ਪਏ। ਕਈ ਜਪ, ਤਪ, ਸੰਜਮ, ਹੋਮ-ਜੱਗ, ਬਰਤ, ਨੇਮ, ਨਈਵੇਦ ਭਾਵ ਦੇਵਤਿਆਂ ਅਤੇ ਠਾਕਰਾਂ ਨੂੰ ਨਿਵੇਦਨ ਕਰਨ ਸਮੇਂ ਉਨ੍ਹਾਂ ਅਗੇ ਕਈ ਤਰ੍ਹਾਂ ਦੇ ਪਦਾਰਥ। ਹੋਰ ਸਮੱਗਰੀ ਅਤੇ ਭੋਜਨ ਆਦਿ ਝੜਾਉਂਦੇ। ਧੂਫ, ਦੀਵਾ, ਅਤੇ ਭੋਜਨ ਦੀ ਗੰਧ ਦੇਵਤੇ ਤੋਂ ਪਹਿਲਾਂ ਹੀ ਲੋਕ ਆਪ ਸੁੰਘ ਲੈਂਦੇ ਹਨ। ਕਈ ਲੋਕ ਸਿਖਾ ਭਾਵ ਬੋਦੀ, ਜਨੇਊ, ਮਾਲਾ, ਤਿਲਕ ਪਿਤ੍ਰੀ ਭਾਵ ਪੂਰਬਾਂ ਦੇ ਕਰਮ ਕਾਂਢ ਕਰਨ ਲਗ ਪਏ। ਕਈ ਲੋਕ ਪੁੰਨ ਦਾਨ ਕਰਨ ਵਿਚ ਆਪਣਾ ਵਿਸ਼ਵਾਸ ਕਰਕੇ ਲੋਕਾਂ ਨੂੰ ਦਸਣ ਲੱਗ ਪਏ।

----

## ਵਾਰ 8

*ਪਉੜੀ 8 (ਮੁਹੰਮਦੀ ਮਤ)*

ਪੀਰ ਪਿਕੰਬਰ ਅਉਲੀਏ ਗਉਸ ਕੁਤਬ ਵਲੀਉਲਹ ਜਾਣੇ।
ਸੇਖ ਮਸਾਇਕ ਆਖੀਅਨਿ ਲਖ ਲਖ ਦਰਿ ਦਰਿਵੇਸ ਵਖਾਣੇ।
ਸੁਹਦੇ ਲਖ ਸਹੀਦ ਹੋਇ ਲਖ ਅਬਦਾਲ ਮਲੰਗ ਮਿਲਾਣੇ।
ਸਿੰਧੀ ਰੁਕਨ ਕਲੰਦਰਾਂ ਲਖ ਉਲਮਾਉ ਮਲਾ ਮਉਲਾਣੇ।
ਸਰੈ ਸਰੀਅਤਿ ਆਖੀਐ ਤਰਕ ਤਰੀਕਤਿ ਰਾਹ ਸਿ?ਾਣੇ।
ਮਾਰਫ਼ਤੀ ਮਾਰੂਫ ਲਖ ਹਕ ਹਕੀਕਤਿੱ ਹੁਕਮਿ ਸਮਾਣੇ।
ਬੁਜਰਕਵਾਰ ਹਜਾਰ ਮੁਹਾਣੇ ॥੮॥

---

*ਪੀਰ: ਧਰਮ ਦਾ ਆਚਾਰੀਆ। ਗਉਸ: ਫਰਿਆਦ ਸੁਣਨ ਵਾਲਾ ਜਾਂ ਮੁਸਲਮਾਨ ਫਕੀਰਾਂ ਦਾ ਇਕ ਖਾਸ ਫਿਰਕਾ। ਪਿਕੰਬਰ: ਰੱਬ ਕੋਲ ਸੁਨੇਹਾ ਲੈ ਕੇ ਜਾਣ ਵਾਲਾ, ਭਗਤ। ਵਲੀਉਲਹ: ਖ਼ੁਦਾ ਦਾ ਪਿਆਰਾ ਦੋਸਤ। ਮਸਾਇਕ: ਮਸ਼ਾਇਖ ਭਾਵ ਸ਼ੇਖ਼ ਦਾ ਬਹੁ ਵਚਨ। ਸੁਹਦੇ: ਗਰੀਬ। ਸ਼ਹੀਦ: ਦੇਸ਼ਜਾਂ ਧ੍ਰਮ ਖਾਤਰ ਜਾਨ ਕੁਰਬਾਨ ਕਰਨ ਵਾਲੇ। ਰੁਕਨ: ਸ਼੍ਰੋਮਣੀ ਮਹੰਤ। ਉਲਮਾਉ: ਪੰਡਤ। ਅਬਦਾਲ: ਫਕੀਰੀ ਦਾ ਦਰਜਾ। ਕਲੰਦਰਾਂ: ਸਿੰਧ ਵਿਚ ਇਕ ਫਕੀਰਾਂ ਦਾ ਫਿਰਕਾ ਹੈ। ਤਰੀਕਤਿ: ਸ਼ਰਈ ਕਰਮਾਂ ਨੂੰ ਤਿਆਗ ਕੇ। ਮਾਰਫਤੀ: ਇਸਲਾਮੀ ਸ਼ਰਾ ਅਨੁਸਾਰ ਗਿਆਨ ਦਾ ਆਖਰੀ ਦਰਜਾ। ਮਾਰੂਫ: ਪ੍ਰਸਿੱਧ*

*ਆਲਮ। ਬੁਜਰਕਵਾਰ: ਹਜਾਰਾਂ ਦੀ ਬਜ਼ੁਰਗਵਾਰ। ਮੁਹਾਣੇ: ਬੇੜੀ ਚਲਾਉਣ ਵਾਲਾ ਏਥੇ ਆਗੂ ਬਣਨਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪੀਰ ਭਾਵ ਕਿਸੇ ਧਰਮ ਦਾ ਆਚਾਰੀਆਂ, ਪਿਕੰਬਰ ਭਾਵ ਰੱਬ ਕੋਲ ਸੁਨੇਹਾ ਲੈ ਕੇ ਜਾਣ ਵਾਲ, ਅਉਲੀਏ ਧਰਮ ਸਮਝਾਉਂਣ ਵਾਲੇ, ਗਉਸ ਭਾਵਫਰਿਆਦ ਸੁਣਨ ਵਾਲਾ ਜਾਂ ਮੁਸਲਮਾਨ ਫਕੀਰਾਂ ਦਾ ਇਕ ਖਾਸ ਫਿਰਕਾ, ਕੁਤਬ ਭਾਵ ਬਹੁਤੀਆਂ ਕਤਾਬਾਂ ਅਤੇ ਵਲੀਉਲਹ ਭਾਵ ਰੱਬ ਦਾ ਪਿਆਰਾ ਦੋਸਤ ਆਦਿ ਮੁਸਲਮਾਨ ਮਜ਼ਬ ਵਿਚ ਕਈ ਦਰਜੇ ਜਾਣੇ ਜਾਂਦੇ ਹਨ। ਮਸਾਇਕ ਭਾਵ ਲੱਖਾਂ ਸ਼ੇਖ ਹੋਏ ਹਨ। ਲੱਖਾਂ ਹੀ ਰੱਬ ਦੇ ਦਰਵਾਜੇ ਦੇ ਦਰਵੇਸ਼ ਸੁਣੀਦੇ ਹਨ। ਲੱਖਾਂ ਸੁਹਦੇ ਭਾਵ ਗਰੀਬ ਲੋਕ, ਲੱਖਾਂ ਸ਼ਹੀਦ ਭਾਵ ਦੇਸ਼ ਧਰਮ ਵਾਸਤੇ ਮਰਨ ਵਾਲੇ, ਲੱਖਾਂ ਆਪਣੇ ਆਪ ਨੂੰ ਅਬਦਾਲ ਭਾਵ ਫਕੀਰ ਕਹਾਉਂਣ ਵਾਲੇ ਹੋਏ ਹਨ ਅਤੇ ਲੱਖਾਂ ਹੀ ਮਲੰਗ ਹੋਏ ਹਨ। ਲੱਖਾਂ ਸਿੰਧ ਵਿਚ ਰਹਿਣ ਵਾਲੇ ਫਕੀਰ ਲੱਖਾਂ ਕਲੰਦਰਾਂ ਦੇ ਸ਼੍ਰੋਮਣੀ ਮਹੰਤ ਹਨ। ਲੱਖਾਂ ਹੀ ਮਜ਼ਬੀ ਗਿਆਨ ਰਖਣ ਵਾਲੇ ਮੁਲਾਂ ਅਤੇ ਮੌਲਵੀ ਹੋਏ ਹਨ। ਕਈ ਸ਼ਰੀਅਤ ਕਰਮ ਕਾਂਡ ਆਖਦੇ ਹਨ। ਕਈ ਤ੍ਰੀਕਤ ਭਾਵ ਤ੍ਰੀਕਤ ਕਿਤਾਬ ਵਿਚਦੇ ਤਰਕ ਭਾਵ ਵੈਰਾਗ ਦੇ ਗਿਆਨ ਨੂੰ ਦਸਦੇ ਹਨ। ਲੱਖਾਂ ਮਾਰਫਤ ਦੀ ਕਿਤਾਬ ਵਿਚੋਂ ਗਿਆਨਵਾਨ ਹੋਏ ਭਾਵ ਹਕੀਕਤ ਦੇ ਸੱਚੇ ਹੁਕਮ ਵਿਚ ਲੱਗੇ ਹਨ। ਹਜਾਰਾਂ ਹੀ ਬਜੁਰਵਾਰ ਨੇਤਾ ਬਣ ਰਹੇ ਹਨ। ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਮਨੁਖ-ਨੂੰ ਸਮਝਾਉਂਦੇ ਹਨ ਕਿ ਭਾਵੇ ਸ਼ਰਾ ਦੇ ਸਖਤ ਕਾਇਦੇ ਕਾਨੂੰਨਾਂ ਨੂੰ ਮਨਵਾਉਂਦੇ ਹਨ ਪਰ ਉਹ ਸੁਤ ਵਿਤ ਲੋਕ ਤਿੰਨਾਂ ਇੱਛਾਂ ਬਰਾਬਰ ਕੋਈ ਵੀ ਤੁਲ ਨਹੀਂ ਹੈ।

----

## ਵਾਰ 8

### *ਪਉੜੀ 9 (ਬ੍ਰਹਮਣ ਜਾਤਾਂ)*

ਕਿਤੜੇ ਬਾਹਮਣ ਸਾਰਸੁਤ ਵਿਰਤੀਸਰ ਲਾਗਾਇਤ ਲੋਏ।
ਕਿਤੜੇ ਗਉੜ ਕਨਉਜੀਏ ਤੀਰਥ ਵਾਸੀ ਕਰਦੇ ਢੋਏ।
ਕਿਤੜੇ ਲਖ ਸਨਉਢੀਏ ਪਾਂਧੇ ਪੰਡਿਤ ਵੈਦ ਖਲੋਏ।
ਕੇਤੜਿਆਂ ਲਖ ਜੋਤਕੀ ਵੂ ਵੇਦੁਏ ਲਖ ਪਲੋਏ।
ਕੇਤੜਿਆ ਲਖ ਕਵੀਸਰਾਂ ਬ੍ਰਹਮ ਭਾਟ ਬ੍ਰਹਮਾਉ ਬਖੋਏ।
ਕੇਤੜਿਆਂ ਅਭਿਆਗਤਾ ਘਰਿ ਘਰਿ ਮੰਗਦੇ ਲੈ ਕਨਸੋਏ।
ਕਿਤੜੇ ਸਉਣ ਸਵਾਣੀ ਹੋਏ ॥9॥

---

*ਵਿਰਤੀਸਰ: ਪੁਰੋਹਿਤ। ਲਾਗਾਇਤ: ਲਾਗੀ। ਗਉੜ: ਬ੍ਰਾਹਮਣਾਂ ਦਾ ਇਕ ਗੋਤ। ਕਨਉਜੀਏ: ਕਨੌਜ ਸ਼ਹਿਰ ਦੇ ਵਸਨੀਕ, ਇਕ ਗੋਤ ਵੀ ਹੈ। ਢੋਏ: ਮੇਲ। ਸਨਉਢੀਏ: ਸਨੌਢ ਦੇ ਰਹਿਣ ਵਾਲੇ, ਇਕ ਗੋਤ ਵੀ ਹੈ। ਵੇਦ ਭਾਵ ਵੇਦਾਂ ਦੇ ਗਿਆਤਾ, ਭਾਵ*

*ਬ੍ਰਾਹਮਣ। ਵੇਦੁਏ: ਵੇਦੀਏ ਡਕੌਂਤ। ਪਲੋਏ: ਨਾਸ਼ ਹੋਏ। ਬਖੋਏ: ਅਖਵਾਉਂਦੇ ਹਨ। ਅਭਿਆਗਤਾਂ: ਮੰਗਤੇ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਕਈ ਸਾਰਸੁਤ ਜਾਤੱ ਦੇ ਬ੍ਰਾਹਮਣ ਹੋਏ ਅਤੇ ਕਏਈ ਵਿਰਤੀਸੁਰਤ ਭਾਵ ਪ੍ਰੋਹਤ ਬ੍ਰਾਹਮਣ ਹੋਏ ਹਨ। ਕਈ ਲੋਕ ਉਨ੍ਹਾਂ ਦੇ ਲਾਗੀ ਹਨ। ਕਈ ਗਉੜ ਬ੍ਰਾਹਮਣ ਕਈ ਕਨੌਜੀਏ ਕਈ ਤੀਰਥਾਂ ਵਿਚ ਰਹਿਣ ਵਾਲੇ ਹਨ ਜਿਹੜੇ ਨਿੱਤ ਜਾਤਰੀਆਂ ਨੂੰਅਤੇ ਜਜਮਾਨਾਂ ਨੂੰ ਉਥੇ ਹੀ ਮਿਲਦੇ ਰਹਿੰਦੇ ਹਨ। ਕਈ ਲੱਖਾਂ ਆਪ ਆਪਣੇ ਆਪ ਨੂੰ ਸੁਨੌਢੀਏ ਬ੍ਰਾਹਮਣ ਸਦਵਾਉਂਦੇ ਹਨ। ਕੋਈ ਪਾਂਧੇ ਅਖਵਾਉਂਦੇ ਹਨ ਅਤੇ ਅਗਿਓਂ ਲੋਕਾਂ ਨੂੰ ਪੜ੍ਹਾਈਆਂ ਕਰਾਉਂਦੇ ਹਨ। ਕੋਈ ਆਪਣੇ ਆਪ ਨੂੰ ਪੰਡਤ ਭਾਵ ਵਿਦਵਾਨ ਅਖਵਾਉਂਦੇ ਹਨ। ਕਈ ਇਕ ਆਪਣੇ ਆਪ ਨੂੰ ਵੈਦ, ਧਨੰਤਰ ਆਦਿ ਵੀ ਅਖਵਾਉਂਦੇ ਹਨ। ਕਈ ਬ੍ਰਾਹਮਣ ਡਕੌਂਤ ਕੁਲ ਵਿਚੋਂ ਹਨ ਜਿਹੜੇ ਗ੍ਰਹਿਾਂ ਦੇ, ਛਨਿਚਰ ਅਤੇ ਤੁਲਾ ਦਾ ਧਾਨ ਖਾਂਦੇ ਹਨ। ਕਈ ਲੱਖਾਂ ਜੋਤਸ਼ੀ ਹਨ ਜਿਹੜੇ ਹੱਥਾਂ ਦੀਆਂ ਲਕੀਰਾਂ ਵੇਖ ਕੇ ਲੋਕਾਂ ਨੂੰ ਉਥ੍ਹਾਂ ਦਾ ਭਵਿੱਖ ਦਸਦੇ ਹਨ। ਕਈ ਲੱਖ ਕਵੀਸ਼ਰਹਨ, ਕਈ ਲੱਖ ਭੱਟ ਭਾਵ ਕਲਿਆਣ ਕਰਨਵਾਲੇ ਬ੍ਰਾਹਮਣਹਨ। ਕਈ ਬ੍ਰਾਹਮਣ ਬ੍ਰਹਮਾਂ ਦੀ ਔਲਾਦ ਸਦਵਾਉਂਦੇ ਹਨ। ਕਈ ਅਭਿਆਗਤ ਭਾਵ ਉਹ ਵਰਤਮਾਨ ਪ੍ਰਕਾਰ ਦੇ ਜਜਮਾਨ ਨਹੀਂ ਹੁੰਦੇ ਸੀ ਸਗੋਂ ਕਨਸੋਈਆਂ ਕੋਲੋਂ ਘਰ ਘਰ ਜਾ ਕੇ ਮੰਗਦੇ ਸਨ। ਉਹ ਜਿਸ ਗਲੀ ਜਾਂ ਘਰ ਵਿਚ ਕੋਈ ਦਿਨ ਸੁਦ ਹੁੰਦਾ ਸੀ ਉਸੇ ਘਰ ਜਾ ਕੇ ਮੰਗਣ ਲਗ ਪੈਂਦੇ ਸਨ। ਕਈ ਬ੍ਰਾਹਮਣ ਸਉਣ ਸਵਾਣੀ ਭਾਵ ਜੋ ਕੰਮ ਕਰਦੇ ਹਨ ਸ਼ਗਨ ਮਨਾਉਂਦੇ ਹਨ ਅਤੇ ਲੋਕਾਂ ਨੂੰ ਸ਼ਗਨ ਕਹਿ ਕੇ ਮੰਗਦੇ ਅਤੇ ਆਪਣਾ ਗੁਜਾਰਾ ਕਰਦੇ ਹਨ।

----

## ਵਾਰ 8

*ਪਉੜੀ 10 (ਖੱਤਰੀ ਜਾਤਾਂ)*

ਕਿਤੜੇ ਖਤ੍ਰੀ ਬਾਰਹੀ ਕੇਤੜਿਆਂ ਹੀ ਬਾਵੰਜਾਹੀ।
ਪਾਵਾਧੇ ਪਾਚਾਧਿਆ ਫਲੀਆਂ ਖੋਖਰਾਇਣੂ ਅਵਗਾਹੀ।
ਕੇਤੜਿਆਂ ਚਉੜੋਤਰੀ ਕੇਤੜਿਆਂ ਸੇਰੀਣ ਵਿਲਾਹੀ।
ਕੇਤੜਿਆਂ ਅਵਤਾਰ ਹੋਇ ਚਕ੍ਰਵਰਤਿ ਰਾਜੇ ਦਰਗਾਹੀ।
ਸੂਰਜਵੰਸੀ ਆਖੀਅਨਿ ਸੋਮਵੰਸ ਸੂਰਵੀਰ ਸਿਪਾਹੀ।
ਧਰਮ ਰਾਇ ਧਰਮਾਤਮਾ ਧਰਮੁ ਵੀਚਾਰੁ ਨ ਬੇਪਰਵਾਹੀ।
ਦਾਨੁ ਖੜਗੁ ਮੰਤੁ ਭਗਤਿ ਸਲਾਹੀ ।।10।।

---

*ਬਾਰਹੀ: ਜੋ ਬਾਰਾਂ ਘਰਾਂ ਵਿਚ ਸਾਕ ਕਰਨ ਭਾਵ ਬਾਰਾਂ ਘਰਾਂ ਦੇ ਬ੍ਰਾਹਮਣ ਹੋਣ। ਖੋਖਰਾਇਣੂ: ਖਤਰਆਂ ਦੇ ਗੋਤ। ਦਰਗਾਹੀ: ਦਰਬਾਰਾਂ ਵਾਲੇ। ਪਵਾਧੇ: ਖੱਤਰੀ ਜਾਤ ਦਾ*

*ਇਕ ਗੋਤ। ਬਵੰਜਾਹੀ: ਜੋ ਖੱਤਰੀ ਬਵੰਜਾਂ ਘਰਾਂ ਵਿਚ ਵਿਚਰਣ। ਪਚਾਦਿਆ: ਪਚਾਦੇ ਖੱਤਰੀਆਂ ਦਾ ਇਕ ਗੋਤ ਹੈ। ਚਉੜ੍ਹੋਤਰੀ: ਖੱਤਰੀਆਂ ਦਾ ਇਕ ਗੋਤ। ਸਰੀਣ: ਖੱਤਰੀਆਂ ਦਾ ਇਕ ਗੋਤ।ਵਿਲਾਹੀ: ਖੱਤਰੀਆਂ ਦਾ ਇਕ ਗੋਤ।*

ਖੱਤਰੀਆਂ ਦੀਆਂ ਜਾਤਾਂ ਅੰਦਰ ਕਿੰਨੇ ਹੀ ਬਾਹਰੀ ਹਨ ਅਤੇ ਕਿੰਨੇ ਹੀ ਬਵੰਜਾਹੀ ਹਨ। ਕਈ ਪਵਾਧੇ ਹਨ, ਕਈ ਪਚਾਧੇ ਹਨ, ਕਈ ਫਲੀਆ, ਖੋਖਰਾਇਣ ਗੱਲ ਕੀ ਬੇਅੰਤ ਹੀ ਖੱਤਰੀ ਹੋਏ ਹਨ। ਕਈ ਖੱਤਰੀ ਚਉੜ੍ਹੋਤਰੀਹਨ ਕਿੰਨੇ ਹੀ ਸਰੀਣ ਹਨ ਅਤੇ ਕਈ ਵਿਲਾਹੀ ਹੋਏ ਹਨ। ਕਈ ਖੱਤਰੀਆਂ ਵਿਚੋਂ ਰਾ, ਕ੍ਰਿਸ਼ਨ ਆਦਿ ਅਵਤਾਰ ਹੋਏ ਹਨ। ਕਈ ਮਾਨਧਾਤਾ ਆਦਿ ਚੱਕ੍ਰਵਰਤੀ ਰਾਜੇ ਦਰਗਾਹੀ ਭਾਵ ਵੱਡੇ ਵੱਡੇ ਦਰਬਾਰਾਂ ਵਾਲੇ ਹੋਏ ਹਨ। ਸੂਰਜ ਬੰਸੀਚੰਦ੍ਰਬੰਸੀ ਜਿਵੇਂ ਰਾਮ ਚੰਦਰ ਆਦਿ ਕਈ ਸੂਰਬੀਰ ਭਾਵ ਬਹਾਦਰ ਅਤੇ ਸਿਪਾਹੀ ਲੜ੍ਹਨ ਵਾਲੇ ਹੋਏ ਹਨ। ਪ੍ਰੰਤੂ ਧਰਮਰਾਜ, ਇਕ ਵੱਡਾ ਧਰਮਾਤਮਾ ਹੈ ਉਹ ਅਦਾਲਤ ਕਰਦਾ ਹੈ ਉਹ ਕਿਸੇ ਬੇਪਰਵਾਹੀ ਕਰਕੇ ਕਿਸੇ ਨੂੰ ਵੀ ਨਹੀਂ ਬਖਸ਼ਦਾ, ਪੂਰਾ ਪੂਰਾ ਇਨਸਾਫ ਕਰਦਾ ਹੈ। ਕਿਸੇ ਅਵਤਾਰ ਜਾਂ ਚੱਕਰਵਰਤੀ ਰਾਜੇ ਦਾ ਕੋਈ ਮੂੰਹ ਮੁਲਾਹਜਾ ਨਹੀਂ ਦਿਖਾਉਂਦਾ। ਕਈ ਧਰਮਰਾਜ ਨੂੰ ਖੱਤਰੀ ਵੰਸ਼ ਨਾਲ ਜੋੜਦੇ ਹਨ। ਭਾਈ ਗੁਰਦਾਸ ਜੀ ਪ੍ਰਵਾਣ ਖੱਤਰੀ ਦੇ ਕਰਮ ਦਸਦੇ ਹਨ ਜਿਵੇਂ ਦਾਨ ਦੇਣਾ, ਸ਼ਾਸਤਰ ਪਹਿਨ ਕੇ ਧਰਮ ਯੁੱਧ ਕਰਨਾ, ਪ੍ਰਮੇਸ਼ਵਰ ਨੂੰ ਪਾਉਣ ਵਾਸਤੇ ਮੰਤਰ ਪੜ੍ਹਨੇ, ਭਗਤੀ ਕਰਨੀ ਇਹ ਖੱਤਰੀ ਵੰਸ਼ ਦੇ ਪ੍ਰਮੁਖ ਕਾਰਜ ਹੁੰਦੇ ਹਨ।

----

## ਵਾਰ 8

*ਪਉੜੀ 11 (ਵੈਸ਼ ਜਾਤੀ)*

ਕਿਤੜੇ ਵੈਸ਼ ਵਖਾਣੀਅਨਿ ਰਾਜਪੂਤ ਰਾਵਤ ਵੀਚਾਰੀ।
ਤੂਅਰ ਗਉੜ ਪਵਾਰ ਲਖ ਮਲਣ ਹਾਸ ਚਉਹਾਣ ਚਿਤਾਰੀ।
ਕਛਵਾਹੇ ਰਾਠੈਉੜ ਲਖ ਰਾਣੇ ਰਾਏ ਭੂਮੀਏ ਭਾਰੀ।
ਬਾਘ ਬ਼ਘੇਲੇ ਕੇਤੜੇ ਬ਼ਲਵੰਡ ਲਖ ਬੁੰਦੇਲੇ ਕਾਰੀ।
ਕੇਤੜਿਆਂ ਹੀ ਭੁਰਟੀਏ ਦਰਬਾਰਾਂ ਅੰਦਰਿ ਦਰਬਾਰੀ।
ਕਿਤੜੇ ਗਣੀ ਭਦਉੜੀਏ ਦੇਸਿ ਦੇਸਿ ਵਡੇ ਇਤਬਾਰੀ।
ਹਉਮੈ ਮੁਏ ਨ ਹਉਮੈ ਮਾਰੀ ।।11।।

---

*ਰਾਵਤ: ਰਾਜਸਥਾਨੀ ਵੈਸ਼ਾਂ ਦਾ ਇਕ ਪ੍ਰਸਿੱਧ ਗੋਤ। ਤੂਅਰ:ਰਾਜਪੂਤਾਂ ਦਾ ਇਕ ਗੋਤ। ਬੁੰਦੇਲੇ: ਇਕ ਜਾਤ ਦੇ ਰਾਜਪੂਤ ਸੂਰਮੇ।*

ਭਾਈ ਗੁਰਦਾਸ ਜੀ ਇਸ ਪਉੜੀ ਵਿਚ ਲਿਖਦੇ ਹਨ ਕਿ ਕਿੰਨੇ ਹੀ ਵੈਸ਼ ਜਾਤੀ ਦੇ

ਲੋਕ ਹੋਏ ਹਨ। ਵੇਖੋ ਅਤੇ ਇਸ ਗੱਲ ਦੀ ਵਿਚਾਰ ਕਰੀਏ ਕਿ ਕਈ ਰਾਜਪੂਤ ਭਾਵ ਰਾਵਤ ਕੌਮ ਦੇ ਰਾਜੇ ਹੋਏ ਹਨ।ਕਈ ਤੂਅਰ ਕੌਮ ਦੇ ਅਤੇ ਕਈ ਗਉੜ ਲੱਖਾਂ ਪਰਕਾਰ ਦੀਆਂ ਜਾਤਾਂ ਵਿਚ ਪੈਦਾ ਹੋਏ ਹਨ। ਮੱਲਣ, ਹਾਸ ਅਤੇ ਚੌਹਾਨ ਕੌਮ ਦੇ ਕਿੰਨੀਆਂ ਕੁ ਜਾਤਾਂ ਹੋਈਆਂ ਹਨ। ਲੱਖਾਂ ਬਾਘ, ਲੱਖਾਂ ਬਘੇਲੇ, ਲੱਖਾਂ ਬੁੰਦੇਲ-ਖੰਡ ਦੇ ਬਲਵੰਡ ਆਦਿ ਸੂਰਮੇ, ਲੱਖਾਂ ਕਸਛਵਾਹੇ, ਲੱਖਾਂ ਰਾਠੌੜ, ਲੱਖਾਂ ਰਾਣੇ, ਲੱਖਾਂ ਭੂਮੀਏ ਭਾਵ ਜਿਮੀਂਦਾਰਾਂ ਵਿਚੋਂ ਰਾਇ ਸ਼੍ਰੋਮਣੀ ਹੋ ਗੁਜਰੇ ਹਨ। ਭੂਰਟੀਏ ਕੌਮ ਦੇ ਦਰਬਾਰਾਂ ਵਿਚ ਲੱਖਾਂ ਦਰਬਾਰੀ ਹਨ। ਭਾਈ ਗੁਰਦਾਸ ਜੀ ਭਦੌੜ ਕੌਮ ਦੇ ਗੁਣ ਲਿਖਦੇ ਹਨ ਕਿ ਉਹ ਦੇਸ਼ਾਂ ਦੇਸ਼ਾਂ ਵਿਖੇ ਵਤਡੇ ਇਤਬਾਰੀ ਭਾਵ ਭਰੋਸੇ ਵਾਲੇ ਹੋਏ ਹਨ ਪ੍ਰੰਤੂ ਸਿੱਟਾ ਇਹ ਹੈ ਕਿ ਉਹ ਮੈਂ ਮੈਂ ਹੀ ਕਰਦੇ ਮਰ ਗਏ। ਉਨ੍ਹਾਂ ਵਿਚੋਂ ਹਉਮੈ ਨੂੰ ਕੋਈ ਵੀ ਮਾਰ ਨਹੀਂ ਸਕਿਆ।

----

## ਵਾਰ 8

*ਪਉੜੀ 12 (ਗੋਤਾਂ ਤੇ ਕਿਰਤ ਦੀਆਂ ਜਾਤਾਂ)*

ਕਿਤੜੇ ਸੂਦ ਸਦਾਇਏ ਕਿਤੜੇ ਕਾਇਥ ਲਿਖਣਹਾਰੇ।
ਕੇਤੜਿਆਂ ਹੀ ਬਾਣੀਏ ਕਿਤੜੇ ਭਾਭੜਿਆਂ ਸੁਨਿਆਰੇ।
ਕੇਤੜਿਆਂ ਲਖ ਜਟ ਹੋਇ ਕੇਤੜਿਆਂ ਛੀਂਬੈ ਸੈਸਾਰੇ।
ਕੇਤੜਿਆਂ ਠਾਠੇਰਿਆਂ ਕੇਤੜਿਆਂ ਲੋਹਾਰ ਵਿਚਾਰੇ।
ਕਿਤੜੇ ਤੇਲੀ ਆਖੀਅਨਿ ਕਿਤੜੇ ਹਲਵਾਈ ਬਾਜਾਰੇ।
ਕੇਤੜਿਆਂ ਲਖ ਪੰਖੀਏ ਕਿਤੜੇ ਨਾਈ ਤੈ ਵਣਜਾਰੇ।
ਚਹੁ ਵਰਨਾਂ ਦੇ ਗੋਤ ਅਪਪਾਰੇ ॥12॥

---

*ਸੂਦ: ਇਕ ਬਾਣੀਏ ਜਾਤੀ ਦਾ ਗੋਤ। ਕਾਇਥ: ਮੁਨਸ਼ੀ ਪਟਵਾਰੀ। ਪੰਖੀ: ਭਾਵ ਹਲਕਾਰਾ, ਕਾਸਦ। ਭਾਭੜਿਆਂ: ਜੈਨ ਮਤ ਨੂੰ ਮੰਨਣ ਵਾਲੇ। ਪੰਖੀਏ: ਸਿਰਖੀ ਬਾਸ। ਠਠੇਰੇ: ਠਠਿਆਰ ਭਾਵ ਭਾਂਡੇ ਆਦਿ ਬਣਾਉਂਣ ਵਾਲੇ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਕਈ ਸੂਦ ਅਖਵਾਉਂਦੇ ਹਨ। ਕਈ ਕਾਇਥ ਭਾਵ ਮੁਨਸ਼ੀ ਲੋਕ ਜੋ ਫਾਰਸੀ ਪੜ੍ਹੇ ਹੋਏ ਹੁੰਦੇ ਹਨ। ਕਈ ਬਾਣੀਏ ਜਿਵੇਂ ਪਰਚੂਨ ਦੀਆਂ ਦੁਕਾਨਾਂ ਵਾਲੇ ਭਾਵ ਲੂਣ ਤੇਲ ਆਦਿ ਵੇਚਣ ਵਾਲੇਆਦਿ।ਕਈ ਭਾਬੜੇ ਜਿਹੜੇ ਜੈਨ ਮਤ ਨੂੰ ਮੰਨਦੇ ਸਨ ਹੋਏ ਹਨ। ਕਈ ਸੁਨਿਆਰੇ ਹੋਏ ਸਨ। ਕਈ ਲੱਖਾਂ ਜੱਟ ਹੋਏ ਹਨ। ਕਈ ਛੀਂਬੇ ਦੁਨੀਆਂ ਵਿਚ ਪ੍ਰਸਿੱਧ ਹੋਏ ਹਨ ਜਿਵੇਂ ਭਗਤ ਨਾਮ ਦੇਵ ਜੀ ਸੰਨ 1272 ਸਮੇਂ ਹੋਏ ਹਨ, ਜਿਹੜੇ ਨਰਸੀ ਬਾਮ੍ਹਣੀ ਵਿਖੇ ਅਵਤਾਰ ਧਾਰਿਆ ਅਤੇ ਪੰਜਾਬ ਵਿਚ ਪਿੰਡ ਘੁਮਾਣ ਜਿਲਾ ਗੁਰਦਾਸ ਪੁਰ ਵਿਖੇ ਵੀ ਆਪਣਾ ਜੀਵਨ ਬਤੀਤ ਕੀਤਾ ਇਸ ਪਿੰਢ ਵਿਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹਇ ਨੇ ਉਨ੍ਹਾਂ ਦੇ ਨਾਮ ਉਪਰ ਇਕ ਗੁਰਦੁਆਰਾ ਵੀ ਸਥਾਪਤ ਕੀਤਾ ਹੈ ਅਤੇ

ਭਾਈ ਗੁਰਦਾਸ ਜੀ ਦੇ ਸਮੇਂ ਤੋਂ ਉਪ੍ਰੰਤ ਸੰਨ 189-1844 ਸਮੇਂ ਭਾਈ ਸੰਤੋਖ ਸਿੰਘ ਜਿਨ੍ਹਾਂ ਗੁਰੂ ਨਾਨਕ ਪ੍ਰਕਾਸ਼ ਗਰਭ-ਗੰਜਨੀ ਸ੍ਰੀ ਜਪ ਜੀ ਸਾਹਿਬ ਜੀ ਦਾ ਟੀਕਾ ਅਤੇ ਗੁਰਪਾਤ ਸੂਰਯ ਆਦਿ ਦੀ ਰਚਨਾ ਕੀਤੀ ਹੈ। ਕਈ ਠਠੇਰੇ ਜਿਵੇਂ ਭਾਂਡੇ ਬਣਾਉਂਣ ਵਾਲੇ ਆਦਿ ਬਥੇਰੇ ਹੋਏ ਹਨ। ਕਈ ਲੁਹਾਰ ਜਿਵੇਂ ਲੋਹੇ ਦਾ ਕੰਮ ਕਰਨ ਵਾਲੇ ਹੋਏ ਹਨ। ਕਈ ਤੇਲੀ ਭਾਵ ਤੇਲ ਕੱਢਣ ਵਾਲੇ ਅਤੇ ਕਈ ਹਲਵਾਈ ਭਾਵ ਮਠਿਆਈ ਆਦਿ ਬਣਾਉਂਣ ਵਾਲੇ ਹੋਏ ਹਨਕਈ ਹਲਕਾਰੇ ਜਾਂ ਕਾਸਦ ਭਾਂਵ ਸੁਨੇਹੇ ਪਹੁੰਚਾਉਂਣ ਵਾਲੇ ਆਦਿ ਅਤੇ ਅਨੇਕਾਂ ਹਜਾਮਤਾਂ ਜਾਂ ਵਾਲ ਕੱਟਣ ਵਾਲੇ ਕਰਨ ਵਾਲੇ ਨਾਈ ਹੋਏ ਹਨ। ਕਈ ਸੂਈ ਸਲਾਈ ਵੰਗਾਂ-ਚੂੜੀਆਂ ਅਤੇ ਧਾਗਾ ਵੇਚਣ ਵਾਲੇ ਵਣਜਾਰੇ ਹੋਏ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਚਾਰ ਵਰਣਾਂ ਵਿਚ ਬੇਅੰਤ ਗੋਤਿ ਹੋਏ ਹਨ।

----

## ਵਾਰ 8

*ਪਉੜੀ 13 (ਵਰਣ, ਮਤ)*

ਕਿਤੜੇ ਗਿਰਹੀ ਆਖੀਅਨਿ ਕੇਤੜਿਆਂ ਲਖ ਫਿਰਨਿ ਉਦਾਸੀ।
ਕੇਤੜਿਆਂ ਜੋਗੀਸਰਾਂ ਕੇਤੜਿਆਂ ਹੋਏ ਸੰਨਿਆਸੀ।
ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਸੀ।
ਕੇਤੜਿਆਂ ਲਖ ਪਰਮ ਹੰਸ ਕਿਤੜੇ ਬਾਨਪ੍ਰਸਤ ਬਨਵਾਸੀ।
ਕੇਤੜਿਆਂ ਹੀ ਡੰਡ ਧਾਰ ਕਿਤੜੇ ਜੈਨੀ ਜੀਅ ਦੈਆਸੀ।
ਛਿਅਘਰਿ ਛਿਅਗੁਰਿ ਆਖੀਅਨਿ ਛਿਅ ਉਪਦੇਸ ਭੇਸ ਅਭਿਆਸੀ।
ਛਿਤ ਰੁਤਿ ਬਾਰਹ ਮਾਹ ਕਰਿ ਸੂਰਜੁ ਇਕੋ ਬਾਰਹ ਰਾਸੀ।
ਗੁਰਾ ਗੁਰੂ ਸਤਿਗੁਰੁ ਅਬਿਨਾਸੀ ॥13॥

---

*ਗਿਰਹੀ: ਗ੍ਰਿਹਸਥੀ। ਬਾਨਪ੍ਰਸਤ:ਹਿੰਦੂਮਤ ਅਨੁਸਾਰ ਤੀਜਾ ਆਸ਼ਰਮ ਭਾਵ ਸੰਨਿਆਸ ਧਾਰਨ ਤੋਂ ਪਹਿਲੇ ਵਾਲਾ ਆਸ਼ਰਮ, ਸੰਨਿਆਸ ਚੌਥਾ ਆਸ਼ਰਮ ਹੁੰਦਾ ਹੈ। ਬਾਨਪ੍ਰਸਤ: ਬਣਾਂ ਵਿਚ ਰਹਿਣ ਵਾਲੇ। ਦੈਆਸੀ: ਦਇਆ ਕਰਨ ਵਾਲੇ। ਛਿਅ ਘਰਿ: ਭਾਵ ਛੇ ਆਸਨ। ਛੇ ਸ਼ਾਸਤਰ,ਖਟ-ਸ਼ਾਸਤਰ, ਸਾਂਖ, ਨਿਆਇ, ਯੋਗ, ਪੂਰਵ, ਮੀਮਾਂਸਾ ਅਤੇ ਵੇਦਾਂਤ। ਛਿਅ ਗੁਰਿ: ਛੇ ਸ਼ਾਸਤਰਾਂ ਦੇ ਛੇ ਆਚਾਰੀਆਂ ਭਾਵ ਗੁਰੂ, ਛੇ ਆਚਾਰੀਏ ਅਤੇ ਛੇ ਉਪਦੇਸ਼ ਭਾਵ ਉਨ੍ਹਾਂ ਸ਼ਾਸਤਰਾਂ ਦੇ ਛੇ ਉਪਦੇਸ਼ ਆਦਿ। ਅਬਿਨਾਸ਼ੀ: ਜਿਸ ਦੀ ਓਟ ਲਈ ਜਾਵੇ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਕਿੰਨੇ ਗ੍ਰਹਿਸਥੀ ਲੋਕ ਹੋਏ ਕਹਿੰਦੇ ਹਨ। ਕਈ ਲੋਕ ਉਦਾਸੀਨ ਹਨ ਗ੍ਰੰਥਾਂ ਵਿਚ ਪੜ੍ਹਿਆ ਜਾਂਦਾ ਹੈ ਕਿ ਸਰੀ ਗੁਰੂ ਨਾਨਕ ਦੇਵ ਜੀ ਦੇਵੱਡੇ ਸਪੁੱਤਰ ਸ੍ਰੀ ਚੰਦ ਜੀ ਤੋਂ ਉਦਾਸੀ ਪੰਥ ਚਲਿਆ ਸੀ। ਬਾਬਾ ਗੁਰਦਿਤਾ ਜੀ ਉਨ੍ਹਾਂ ਦੇ

ਪਹਿਲੇ ਚੇਲੇ ਹੋਏ ਹਨ ਅਗੇ ਉਨ੍ਹਾਂ ਦੇ ਚਾਰ ਸੇਵਕ ਦਸੇ ਜਾਂਦੇ ਹਨ ਜਿਵੇਂ ਬਾਲੂ ਹਸਨਾ, ਆਲਮਸੱਤ, ਫੂਲਸ਼ਾਹ ਅਤੇ ਗੋਂਦਾ ਅਰਥਾਤ ਗੋਇੰਦ ਜੀ ਕਰਨੀ ਵਾਲੇ ਸਾਧੂ ਹੋਏ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਅਨੇਕਾਂ ਉਦਾਸੀ ਲੋਕ ਅਖਵਾਉਂਦੇ ਹਨ। ਕਈ ਜੋਗੀਸੁਰਾ ਭਾਵ ਜੋਗੀਆਂ ਦੇ ਗੁਰੂ ਹੋਏ ਹਨ ਅਤੇ ਕਈ ਸੰਨਿਆਸੀ ਜਿਵੇਂ ਸੰਨਿਆਸੀਆਂ ਦੇ ਦਸ ਫਿਰਕੇ ਹੋਏ ਹਨ ਭਾਵ ਦਸ ਸੰਪਰਦਾਇ ਦੇ ਸੰਨਿਆਸ ਜਿਵੇਂ ਤੀਰਥ, ਆਸ਼ਰਮ, ਵਨ, ਅਰਣਯ, ਗਿਰਿ, ਪਰਬਤ ਸਾਗਰ, ਸਰਸਵਤੀ, ਭਾਰਤੀ ਅਤੇ ਪੁਰੀ ਆਦਿ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਦਸ ਨਾਮ ਧਾਰਨ ਕੀਤੇ ਹਨ। ਜੋਗੀਆਂ ਦੇ ਬਾਰਾਂ ਪੰਥ ਅਤੇ ਬਾਰਾਂ ਵਾਟਾਂ ਅਗੇ ਲਿਖੇ ਪ੍ਰਕਾਰ ਹਨ। ਬਾਰਹ ਪੰਥ ਜਿਵੇਂ ਚਾਰ ਵਰਣ, ਚਾਰ ਆਸ਼ਰਮ, ਚਾਰ ਇਸਲਾਮੀ ਫਿਰਕੇ ਆਦਿ। ਬਾਰਹ: ਦਸ ਇੰਦਰੇ ਮਨ ਅਤੇ ਬੁੱਧ। ਬਾਰਹ ਬਾਟ: ਮਾਇਆ ਦੇ ਬਾਰਾਂ ਭਾਗ ਕਈਆਂ ਨੇ ਕਲਪੇ ਹਨ ਜਿਵੇ: ਮੋਹ, ਦੀਨਤਾ, ਭਯ, ਰਵਾਸ (ਘਟਾਉ) ਹਾਨੀ, ਗਲਾਨਿ, ਕੁਧਾ, ਤ੍ਰਿਖਾ, ਮ੍ਰਿਤਯ, ਕੋਭ, ਝੂਠ ਅਤੇ ਅਪਕੀਰਤਿ ਆਦਿ।ਕਈ ਲੱਖ ਪਰਮ-ਹੰਸ ਭਾਵ ਤੱਤ ਮਿੱਥਿਆ ਦਾ ਵਿਵੇਚਨ ਕਰਨ ਵਾਲੇ ਹੋਏ ਹਨ ਅਤੇ ਕਿੰਨੇ ਹੀ ਬਾਨ-ਪ੍ਰਸਤ ਭਾਵ ਬਣਾਂ ਵਿਚ ਰਹਿੰਦੇ ਹਨ। ਕਈ ਡੰਡਾ ਹੱਥ ਵਿਚ ਫੜ ਕੇ ਜੋਗੀਆਂ ਦੇ ਮਤ ਵਿਚ ਜਾ ਰਲੇ ਹਨ। ਕਈ ਕਈ ਤ੍ਰਿਦੰਡੀ ਸੰਨਿਆਸੀ ਅਖਵਾਉਂਦੇ ਹਨ, ਕਈ ਜੈਨੀ ਹੋ ਕੇ ਜੀਵਾਂ ਉਪਰ ਦੈਆਸੀ ਭਾਵ ਦਇਆ ਕਰਦੇ ਹਨ। ਜੈਨੀ ਲੋਕ ਮੂੰਹ ਉਪਰ ਪੱਟੀਆਂ ਬੰਨ੍ਹ ਕੇ ਰਖਦੇ ਹਨ ਕਿ ਹਵਾੜ ਨਾਲ ਕੋਈ ਜੀਵ ਹੱਤਿਆ ਨਾ ਹੋ ਜਾਵੇ। ਛੇ ਘਰਿ, ਛੇ ਗੁਰਿ ਅਤੇ ਛੇ ਉਪਦੇਸ਼ ਆਦਿ ਜਿਵੇਂ ਹਿੰਦੂਆਂ ਦੇ ਛੇ ਸ਼ਾਸਤਰ ਅਤੇ ਉਨ੍ਹਾਂ ਦੇ ਆਚਾਰੀਆਂ ਛੇ ਰਿਖੀ ਭਾਵ ਗੁਰੂ ਅਤੇ ਉਨ੍ਹਾਂ ਦੇ ਛੇ ਉਪਦੇਸ਼ ਆਦਿ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸੂਰਜ ਇੱਕੋ ਹੈ ਪਰ ਰੁੱਤਾਂ ਛੇ ਹਨ ਜਿਵੇਂ ਜਿਵੇਂ ਚੇਤ-ਵਿਸਾਖ ਮਹੀਨੇ ਵਿਚ ਬਸੰਤ ਰੁੱਤ ਹੁੰਦੀ ਹੈ। ਜੇਠ-ਹਾੜ ਸਮੇਂ ਗਰਮੀ ਹੁੰਦੀ ਹੈ। ਸੌਣ-ਭਾਦੋਂ ਬਰਸਾਤ ਹੁੰਦੀ ਹੈ। ਅੱਸੂ-ਕਤਕ ਸਮੇਂ ਸਰਦੀ ਹੁੰਦੀ ਹੈ। ਮਾਘ-ਫੱਗਣ ਦੇ ਮਹੀਨੇ ਵਿਚ ਸ਼ਿਸ਼ਿਰ ਦਾ ਮੌਸਮ ਹੁੰਦਾ ਹੈ।ਬਾਰਹ ਰਾਸੀ:ਬਾਰਾਂ ਰਾਸਾਂ ਜਿਵੇਂ: ਮੇਖ, ਬ੍ਰਿਖ, ਮਿਥਨ, ਕਰਕ, ਸਿੰਘ, ਕੰਨਿਆ, ਤੁੱਲਾ, ਬ੍ਰਿਸਚਕ, ਧਨ, ਮਕਰ, ਕੁੰਭ ਅਤੇ ਮੀਨ ਆਦਿ ਅਤੇ ਬਾਰਾਂ ਮਹੀਨੇ ਹੁੰਦੇ ਹਨ। ਇਸ ਤਰ੍ਹਾਂ ਸਾਲ ਵਿਚ ਛੇ ਰੁੱਤਾਂ ਸਿਰਫ ਇਕ ਸੂਰਜ ਦੀ ਤਪਸ਼ ਕਾਰਨ ਹੀ ਹੁੰਦੀਆਂ ਹਨ। ਪਰ ਪ੍ਰਮਾਤਮਾ ਸਦਾ ਅਬਿਨਾਸੀ ਹੈ ਜਿਸਦੀ ਓਟ ਨਾਲ ਸਾਰ ਮਤ ਆਪੋ ਆਪਣੇ ਗਿਆਨ ਦਾ ਉਪਦੇਸ਼ ਕਰ ਰਹੇ ਹਨ ਪਰ ਇਹ ਨਹੀਂ ਕਹਿੰਦੇ ਕਿ ਪ੍ਰਮਾਤਮਾ ਇਕ ਹੈ।

----

## ਵਾਰ 8

*ਪਉੜੀ 14 (ਸਾਧੁ)*

ਕਿਤੜੇ ਸਾਧ ਵਖਾਣੀਅਨਿ ਸਾਧਸੰਗਤਿ ਵਿਚਿ ਪਰਉਪਕਾਰੀ।
ਕੇਤੜਿਆਂ ਲਖ ਸੰਤ ਜਨ ਕੇਤੜਿਆਂ ਨਿਜ ਭਗਤਿ ਭੰਡਾਰੀ।
ਕੇਤੜਿਆਂ ਜੀਵਨ ਮੁਕਤਿ ਬ੍ਰਹਮ ਗਿਆਨੀ ਬ੍ਰਹਮ ਵੀਚਾਰੀ।

ਕੇਤੜਿਆਂ ਸਮਦਰਸੀਆਂ ਕੇਤੜਿਆਂ ਨਿਰਮਲ ਨਿਰੰਕਾਰੀ।
ਕਿਤੜੇ ਲਖ ਬਿਬੇਕੀਆਂ ਕਿਤੜੇ ਦੇਹ ਬਿਦੇਹ ਅਕਾਰੀ।
ਭਾਇ ਭਗਤਿ ਭੈ ਵਰਤਣਾ ਸਹਜਿ ਸਮਾਧਿ ਬੈਰਾਗ ਸਵਾਰੀ।
ਗੁਰਮੁਖਿ ਸੁਖ ਫਲੁ ਗਰੁਬ ਨਿਵਾਰੀ ।।14

---

*ਸਮਦਰਸੀਆਂ: ਸਭ ਨੂੰ ਇਕੋ ਜਿਹਾ ਦੇਖਣ ਵਾਲੇ। ਬਿਬੇਕੀਆਂ: ਵਿਚਾਰਵਾਨ। ਗਰੁਬ:ਅਹੰਕਾਰ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਸਾਧ ਸੰਗਤ ਅੰਦਰ ਕਿੰਨੇ ਪਰਉਪਕਾਰੀ ਹਨ ਭਾਵ ਕਿਸੇ ਦਾ ਭਲਾ ਕਰਨ ਵਾਸਤੇ ਆਪਣਾ ਤਨ ਮਨਅਤੇ ਧੰਨ ਅਰਪਣ ਕਰ ਦਿੰਦੇ ਹਨ। ਕਿੰਨੇ ਲੱਖਾਂ ਸੰਤ ਜਨ ਭਾਵ ਸ਼ਾਂਤਿ ਆਤਮਾਵਾਂ ਹਨ ਕਿੰਨੇ ਪ੍ਰੇਮਾ ਭਗਤੀ ਦੇ ਕੁੰਭ ਹਨ ਅਤੇ ਉਹ ਭਗਤੀ ਦਾ ਹੀ ਉਪਦੇਸ਼ ਕਰਦੇ ਹਨ। ਕਿੰਨੇ ਜੀਵਨ ਮੁਕਤ, ਬ੍ਰਹਮ ਗਿਆਨੀ ਜੋ ਬ੍ਰਹਮਾਂ ਦੇ ਹੀ ਵਿਚਾਰਵਾਨ ਹਨ। ਕਿੰਨੇ ਸਮਦਰਸ਼ੀ ਭਾਵ ਸਭ ਨੂੰ ਇਕੋ ਬਰਾਬਰ ਜਾਨਣ ਵਾਲੇ ਹਨ। ਕਿੰਨੇ ਲੱਖ ਬਿਬੇਕੀ ਭਾਵ ਗੁਣੀ ਗਿਆਨੀ ਹਨ। ਕਈ ਦੇਹ ਤੋਂ ਬਿਦੇਹ ਰੂਪ ਭਾਵ ਮੁਕਤ ਹੋ ਰਹੇ ਹਨ। ਪਰ ਅਸਲ ਵਿਚਾਰ ਇਹ ਹੈ ਕਿ ਪ੍ਰੇਮਾ ਭਗਤੀ ਭੈ ਅਤੇ ਵੈਰਾਗ ਵਿਚ ਵਰਤਣਾ ਹੀ ਚਾਹੀਦਾ ਹੈ ਅਤੇ ਸਹਿਜ ਸਮਾਧੀ ਸਵਾਰਨੀ ਲਾ ਕੇ ਹੀ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਆਪਣੇ ਜੀਵਨ ਦਾ ਨਿਰਵਾਹ ਕਰਦਿਆਂ ਹੀ ਗੁਰਮੁਖਾਂ ਨੇ ਆਪਣੇ ਹੰਕਾਰ ਨੂੰ ਤਿਆਗ ਕੇ ਸੁਖ ਫੱਲ ਪਾਇਆ ਹੈ।

## ਵਾਰ 8

*ਪਉੜੀ 15 (ਅਸਾਧੁ ਜਨ)*

ਕਿਤੜੇ ਲਖ ਅਸਾਧ ਜਗ ਵਿਚਿ ਕਿਤੜੇ ਚੋਰ ਜਾਰ ਜੂਆਰੀ।
ਵਟਵਾੜੇ ਗਿ ਕੇਤੜੇ ਕੇਤੜਿਆਂ ਨਿੰਦਕ ਅਵਿਚਾਰੀ।
ਕੇਤੜਿਆਂ ਅਕਿਰਤਘਣ ਕਿਤੜੇ ਬੇਮੁਖ ਤੇ ਅਣਚਾਰੀ।
ਸਵਾਮਿ ਧ੍ਰੋਹੀ ਵਿਸਵਾਸਿਘਾਤ ਲੂਣ ਹਰਾਮੀ ਮੂਰਖ ਭਾਰੀ।
ਬਿਖਲੀਪਤਿ ਵੇਸੁਆ ਰਵਤ ਮਦ ਮਤਵਾਲੇ ਵਡੇ ਵਿਕਾਰੀ।
ਵਿਸਟ ਵਿਰੋਧੀ ਕੇਤੜੇ ਕੇਤੜਿਆਂ ਕੂੜੇ ਕੂੜਿਆਰੀ।
ਗੁਰ ਪੂਰੇ ਬਿਨੁ ਅੰਤਿ ਖੁਆਰੀ ।।15।।

---

*ਅਸਾਧ:ਅਧਰਮੀ ਪੁਰਖ ਜਾਂ ਸਵੈ ਉਦਰ ਪੋਖੀ। ਵਟਵਾੜੇ: ਰਾਹਮਾਰ ਧਾੜਵੀ। ਅਵਿਚਾਰੀ: ਮੂਰਖ। ਅਣਚਾਰੀ: ਖੋਟੀ ਚਾਲ ਚਲਣ ਵਾਲੇ। ਸਵਾਮਿ ਧ੍ਰੋਹੀ: ਮਾਲਕ ਨਾਲ ਧੋਖਾ ਕਰਨ ਵਾਲੇ। ਬਿਖਲੀਪਤਿ: ਕੰਜਰ, ਵਿਸ਼ਿਆਂ ਵਿਚ ਲਿਪਟੇ ਹੋਏ ਅਥਵਾ ਡੂੰਮਣੀ ਦੇ ਪਤੀ। ਵਿਸ਼ਟ: ਕਾਨਾ ਫੂਸੀ ਕਰਨ ਵਾਲੇ।*

ਇਸ ਜੱਗ ਅੰਦਰ ਕਿੰਨੇ ਲੋਕ ਅਸਾਧੂ ਜਾਂ ਅਪਕਾਰੀ ਭਾਵ ਉਨ੍ਹਾਂ ਵਿਚ ਕਈ ਚੋਰ ਅਤੇ ਯਾਰ ਜੂਆ ਆਦਿ ਖੇਡਦੇ ਹਨ। ਕਿੰਨੇ ਹੀ ਠੱਗ ਭਾਵ ਰਾਹ ਮਾਰ ਹਨ ਕਿੰਨੇ ਹੀ ਨਿੰਦਕ ਅਤੇ ਮੂਰਖ ਹਨ। ਕਿੰਨੇ ਹੀ ਅਕ੍ਰਿਤਘਣ ਭਾਵ ਹਰੀ ਤੋਂ ਬੇਮੁਖ ਅਤੇ ਦਰਾਚਾਰੀ ਖੋਟੇ ਕਰਤੱਬਾਂ ਵਾਲੇ ਹੋਏ ਹਨ। ਕਈ ਸਵਾਮੀ ਧ੍ਰੋਹੀ ਭਾਵ ਆਪਣੇ ਹੀ ਮਾਲਕ ਨਾਲ ਧੋਖਾ ਕਰਦੇ ਹਨ ਕਓਕਿ ਵਿਸ਼ਵਾਸ ਘਾਤ ਕਰਕੇ ਲੂਣ ਹਰਾਮੀ ਅਤੇ ਮਨਮਤੀਏ ਹਨ ਕਿੰਨੇ ਹੀ ਬਿਖਲਪਿਤ ਹਨ ਅਤੇ ਕਈ ਵੇਸਵਾਵਾਂ ਨਾਲ ਹੀ ਆਪਣੀ ਪ੍ਰੀਤ ਰਖਦੇ ਹਨ। ਕਈ ਸ਼ਰਾਬੀ ਕਈ ਤਰ੍ਹਾਂ ਦੇ ਵਿਕਾਰਾ ਨਾਲ ਲੁਪਤ ਹੁੰਦੇ ਹਨ। ਕਈ ਵਿਸ਼ਟ ਵਿਰੋਧੀ ਭਾਵ ਮਿਤਰ ਬਣ ਕੇ ਚੁਗਲੀਆਂ ਕਰਕੇ ਕਈ ਅੰਦਰ ਫਸਾਦ ਕਰਵ ਦਿੰਦੇ ਹਨ। ਕਈ ਝੂਠ ਦੀਆਂ ਕਮਾਈਆਂ ਖਾਂਦੇ ਹਨ। ਪਰ ਭਾਂਈ ਗੁਰਦਾਸ ਜੀ ਲਿਖਦੇ ਹਨ ਕਿ ਪੂਰੇ ਗੁਰੂ ਬਿਨ੍ਹਾਂ ਆਖਿਰ ਨੂੰ ਖੁਆਰੀ ਹੀ ਪੱਲੇ ਪੈਂਦੀ ਹੈ।

----

## ਵਾਰ 8

*ਪਉੜੀ 16 (ਯਵਨੀ ਮਤਾਂ ਦੇ ਭੇਦ)*

ਕਿਤੜੇ ਸੁੰਨੀ ਆਖੀਅਨਿ ਕਿਤੜੇ ਈਸਾਈ ਮੂਸਾਈ।
ਕੇਤੜਿਆਂ ਹੀ ਰਾਫਜੀ ਕਿਤੜੇ ਮੁਲਹਿਦ ਗਣਤ ਨ ਆਈ।
ਲਖ ਫਿਰੰਗੀ ਇਰਮਨੀ ਰੂਮੀ ਜੰਗੀ ਦੁਸ਼ਮਨ ਦਾਈ।
ਕਿਤੜੇ ਸਈਯਦ ਆਖੀਅਨਿ ਕਿਤੜੇ ਤੁਰਕਮਾਨ ਦੁਨਿਆਈ।
ਕਿਤੜੇ ਮੁਗਲ ਪਠਾਣ ਹਨਿ ਹਬਸੀ ਤੈ ਕਿਲਮਾਕ ਅਵਾਈ।
ਕੇਤੜਿਆਂ ਈਮਾਨ ਵਿਚਿ ਕਿਤੜੇ ਬੇਈਮਾਨ ਬਲਾਈ।
ਨੇਕੀ ਬਦੀ ਨ ਲੁਕੈ ਲੁਕਾਈ ॥16॥

---

*ਸੁੰਨੀ: ਮੁਹੰਮਦ ਦੀ ਸੁੰਤ ਰੀਤੀ ਨੂੰ ਮੰਨਣ ਵਾਲੇ, ਮੁਹੰਮਦ ਅਤੇ ਉਸਦੇ ਚਾਰ ਖਲੀਫਿਆਂ ਨੂੰ ਮੰਨਣ ਵਾਲੇ।. ਈਸਾ: ਈਸਾ ਦੇ ਭਗਤ। ਮੂਸਾਈ: ਮੂਸਾ ਦੇ ਪੈਰੋਕਾਰ, ਮੂਸਾ ਦੀ ਸ਼ਰੀਅਤ ਉਪਰ ਅਮਲ ਕਰਨ ਵਾਲੇ। ਰਾਫਜੀ ਜਾਂ ਅਹਿਲੇਬੇਤ:ਸ਼ੀਆ ਮੁਸਲਮਾਨਾਂ ਦਾ ਇਕ ਫਿਰਕਾ। ਮੁਲਹਿਦ: ਕਿਆਮਤ ਨੂੰ ਨਾ ਮੰਨਣ ਵਾਲੇ। ਕਿਲਮਾਕ: ਸੁਲੇਮਾਨੀ ਮਤ ਦਾ ਇਕ ਫਿਰਕਾ, ਮੰਗੋਲ ਜਾਤੀ ਦੀ ਇਕ ਸ਼ਾਖ।ਫਿਰੰਗੀ: ਅੰਗਰੇਜ। ਅਰਮਨੀ: ਆਰਮੀਨੀਆਂ ਦੇਸ਼ ਦੇ ਵਾਸੀ। ਰੂਮੀ: ਰੋਮ ਵਾਸੀ। ਜੰਗੀ: ਹਬਸ਼ੀ ਲੋਕ, ਜੰਜਬਾਰ ਦੇ ਵਾਸੀ।*

ਕਿੰਨੇ ਸੁੰਨੀ ਮੁਸਲਮਾਨ ਹੋਏ ਹਨ ਅਤੇ ਕਿੰਨੇ ਈਸਾ ਅਤੇ ਮੂਸਾ ਨੂੰ ਮੰਨਣ ਵਾਲੇ ਹੋਏ ਹਨ। ਕਿੰਨੇ ਹੀ ਸ਼ਈਆਂ ਲੋਕ ਹੋਏ ਹਨ ਅਤੇ ਕਿੰਨੇ ਹੀ ਭਾਵ ਜਿਨ੍ਹਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ ਮੁਲਹਿਦ ਭਾਵ ਉਹ ਮੁਸਲਮਾਨ ਕਾਫਰ ਜੋ ਕਿਆਮਤ ਵਾਲੇ ਦਿਨ ਨੂੰ ਝੂਠ

ਸਮਝਦੇ ਹਨ। ਕਿੰਨੇ ਯੂਰਪੀਅਨ ਲੋਕੀ ਜਿਵੇਂ ਅਰਮਨੀ, ਰੋਮ ਦੇ ਵਾਸੀ ਅਤੇ ਜੰਗਜੂ ਲੋਕ ਹਨ। ਕਿੰਨੇ 'ਸਯਦ' ਭਾਂਵ ਮੁਹੰਮਦ ਵੰਸ਼ ਦੇ ਕਹੀਦੇ ਹਨ। ਕਿੰਨੇ ਤੁਰਕੀ ਲੋਕ ਦੁਨੀਆਂ ਵਿਚ ਹਨ। ਕਿੰਨੇ ਮੁਗਲ, ਚੁਗੱਤੇ ਭਾਂਵ ਪਠਾਣ ਹਨ। ਕਈ ਹਬਸ਼ੀ ਕਿਲਮਾਖੀ ਅਖਵਾਉਂਦੇ ਹਨ। ਕਿੰਨੇ ਇਮਾਨਦਾਰ ਅਤੇ ਕਿੰਨੇ ਬੇਈਮਾਨ ਭਾਵ ਦੁਖ ਸੁਖ ਭੋਗਣ ਵਾਲੇ ਹਨ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਨੇਕੀ ਅਤੇ ਬਦੀ ਛੁਪਾਈ ਹੋਈ ਕਦੇ ਵੀ ਨਹੀਂ ਛੁਪਦੀ।

----

## ਵਾਰ 8

*ਪਉੜੀ 17 (ਅੱਡ ਅੱਡ ਹਾਲਤਾਂ)*

ਕਿਤੜੇ ਦਾਤੇ ਮੰਗਤੇ ਕਿਤੜੇ ਵੈਦ ਕੇਤੜੇ ਰੋਗੀ।
ਕਿਤੜੇ ਸਹਜਿ ਸੰਜੋਗ ਵਿਚਿ ਕਿਤੜੇ ਵਿਛੁੜਿ ਹੋਇ ਵਿਜੋਗੀ।
ਕੇਤੜਿਆਂ ਭੁਖੇ ਮਰਨਿ ਕੇਤੜਿਆਂ ਰਾਜੇ ਰਸ ਭੋਗੀ।
ਕੇਤੜਿਆਂ ਦੇ ਸੋਹਿਲੇ ਕੇਤੜਿਆਂ ਦੁਖੁ ਰੋਵਨਿ ਸੋਗੀ।
ਦੁਨੀਆਂ ਆਵਣ ਜਾਵਣੀ ਕਿਤੜੀ ਹੋਈ ਕਿਤੜੀ ਹੋਗੀ।
ਕੇਤੜਿਆਂ ਹੀ ਸਚਿਆਰ ਕੇਤੜਿਆਂ ਦਗਾਬਾਜ ਦਰੋਗੀ।
ਗੁਰਮੁਖਿ ਕੋ ਜੋਗੀਸਰੁ ਜੋਗੀ ॥17॥

---

*ਦਗਾਬਾਜ: ਧੋਖਾ ਦੇਣ ਵਾਲੇ। ਦਰੋਗੀ: ਦਰੋਗ ਗੋ ਭਾਵ ਝੂਠੇ। ਸੋਹਲੇ: ਅਨੰਦ ਮੰਗਲ। ਦਗਬਾਜ: ਕਪਟੀ। ਜੋਗੀਸਰ: ਜੋਗੀਆਂ ਦਾ ਪ੍ਰਧਾਨ।*

ਭਾਂਈ ਗੁਰਦਾਸ ਜੀ ਲਿਖਦੇ ਹਨ ਕਿ ਕਿੰਨੇ ਹੀ ਦਾਤੇ ਅਤੇ ਕਿੰਨੇ ਹੀ ਮੰਗਤੇ ਕਿੰਨੇ ਵੈਦ ਅਤੇ ਕਿੰਨੇ ਹੀ ਰੋਗੀ ਹੋਏ ਹਨ। ਕਈ ਸਹਿਜੇ ਹੀ ਸੰਜੋਗ ਵਿਚ ਰਹਿੰਦੇ ਹਨ ਭਾਵ ਆਪਣੇ ਪਰਿਵਾਰ ਅੰਦਰ ਸੁਖੀ ਵਸਦੇ ਹਨ ਅਤੇ ਕਈ ਵਿਛੜ ਕੇ ਵਿਜੋਗੀ ਬਣ ਜਾਂਦੇ ਹਨ ਭਾਵ ਪ੍ਰਦੇਸਾਂ ਵਿਚ ਜਾ ਕੇ ਆਪਣੇ ਸਾਕ ਸੰਬੰਧੀਆਂ ਤੋਂ ਦੂਰ ਰਹਿੰਦੇ ਹਨ। ਕਈ ਭੁੱਖੇ ਹੀ ਮਰ ਜਾਂਦੇ ਹਨ। ਕਈ ਰਾਜੇ ਰਾਜੇ ਕਈ ਪ੍ਰਕਾਰ ਦੇ ਰਸਾਂ ਅਤੇ ਵਿਸ਼ਿਆਂ ਵਿਚ ਭਾਵ ਛੱਤੀ ਪਰਕਾਰ ਦਾ ਭੋਜਨ ਕਰਦੇ ਹਨ। ਕਈਆਂ ਦੇ ਘਰਾਂ ਅੰਦਰ ਸੰਤੋਖ ਕਾਰਨ ਅਨੰਦ ਹੁੰਦਾ ਹੈ ਕਈਆਂ ਦੇ ਘਰਾਂ ਵਿਚ ਸਿਆਪੇ ਹੁੰਦੇ ਹਨ। ਇਹ ਦੁਨੀਆਂ ਆਵਾਗਵਨ ਹੈ ਕਿੰਨੇ ਭੂਤਕਾਲ ਭਾਵ ਗੁਜਰ ਗਏ ਹਨ ਕਿੰਨੇ ਭਵਿੱਖ ਆਉਣ ਵਾਲੇ ਹਨ। ਕਈ ਗੁਰਮੁਖ ਇਸ ਦੁਨੀਆਂ ਵਿਚ ਆਣ ਕੇ ਈਸ਼ਵਰ ਨਾਲ ਪ੍ਰੇਮਾ ਭਗਤੀ ਕਰਦੇ ਹਨ ਅਤੇ ਕਈ ਕਪਟੀ, ਚੋਰ ਅਤੇ ਝੂਠ ਬੋਲ ਕੇ ਆਪਣਾ ਜੀਵਨ ਗੁਜਾਰ ਰਹੇ ਹਨ। ਕੋਈ ਵਿਰਲਾ ਹੀ ਗੁਰਮੁਖ ਜੋਗੀਸਰ ਭਾਵ ਜੋਗੀਆਂ ਦਾ ਰਾਜ ਹੁੰਦਾ ਹੈ।

----

## ਵਾਰ 8

*ਪਉੜੀ 18 (ਸਰੀਰ ਦੀਆਂ ਅੱਡ ਅੱਡ ਹਾਲਤਾਂ)*

ਕਿਤੜੇ ਅੰਨੇ ਆਖੀਅਨਿ ਕੇਤੜਿਆਂ ਹੀ ਦਿਸਨਿ ਕਾਣੇ।
ਕੇਤੜਿਆਂ ਚੁੰਨ੍ਹੇ ਫਿਰਨਿ ਕਿਤੜੇ ਰਤੀਅਨੇ ਉਕਤਾਣੇ।
ਕਿਤਵੈ ਨਕਟੇ ਗੁਣਗੁਣੇ ਕਿਤੜੇ ਬੋਲੇ ਬੁਚੇ ਲਾਣੇ।
ਕੇਤੜਿਆਂ ਗਿਲੜ੍ਹ ਗਲੀ ਅੰਗਿ ਰਸਉਲੀ ਵੇਣਿ ਵਿਹਾਣੇ।
ਟੁੰਡੇ ਬਾਂਡੇ ਕੇਤੜੇ ਗੰਜੇ ਲੁੰਜੇ ਕੋੜ੍ਹੀ ਜਾਣੇ।
ਕਿਤੜੇ ਲੂਲੇ ਪਿੰਗੁਲੇ ਕਿਤੜੇ ਕੁੱਬੇ ਹੋਇ ਕੁੜਾਣੇ।
ਕਿਤੜੇ ਖੁਸਰੇ ਹੀਜੜੇ ਕੇਤੜਿਆਂ ਗੁੰਗੇ ਤੁਤਲਾਣੇ।
ਗੁਰ ਪੂਰੇ ਵਿਣੁ ਆਵਣ ਜਾਣੇ ॥18॥

---

*ਚੁੱਨ੍ਹੇ: ਚੁੰਦਲੇ।ਚੁਗ: ਟੀਰੇ ਭੈਂਗੇ। ਰਤੀਆਨੇ: ਰਤਾਂਧੇ ਭਾਵ ਅੰਧਰਾਤੇ ਵਾਲੇ। ਉਕਤਾਣੇ: ਅੱਖਾਂ ਦੇ ਨਾਲ ਲਾ ਕੇ ਵੇਖਣ ਭਾਵ ਦੂਰੋਂ ਨਾ ਵੇਖ ਸਕਣ। ਗੁਣਗੁਣੇ: ਨੱਕ ਵਿਚ ਬੋਲਣ ਵਾਲੇ। ਬੱਚੇ: ਕੰਨ ਪਾਟੇ। ਲਾਣੇ: ਬੁੱਲ੍ਹ ਕਟੇ ਭਾਵ ਬੂੜੇ। ਰਸਉਲੀ: ਕਿਸੇ ਥਾਂ ਗਿਲਟੀ ਪੈਦਾ ਕਰਕੇ ਨਿੰਗਰ ਵਾਧਾ ਕਰਨਾ। ਵੇਣਿ ਵਿਹਾਣੇ: ਸਰੀਰ ਵਿਚ ਕਿਤੇ ਕੁਦਰਤੀ ਟੋਆ ਪੈ ਜਾਣਾ, ਕਿਸੇ ਅੰਗ ਦਾ ਨਾ ਦਿਸਣਾ। ਟੁੰਡੇ: ਹੱਥਹੀਣ। ਗੰਜੇ: ਸਿਰੋਂ ਵਾਲਹੀਣ। ਲੁੰਜੇ: ਜਿਸ ਦੀ ਬਾਂਹ ਸੁਕ ਜਾਵੇ। ਲੂਲੇ: ਜਿਸਦੀਆਂ ਲੱਤਾਂ ਅਤੇ ਪੈਰ ਕੰਮ ਨਾ ਕਰਨ। ਬਾਂਡੇ: ਜਿਨ੍ਹਾਂ ਦਾ ਮੋਢਾ ਜਾਂ ਅਰਕ ਤਣ ਗਈ ਹੋਵੇ। ਪਿੰਗੁਲੇ: ਜਿਸਦੇ ਹੱਥ ਪੈਰ ਦੋਵੇਂ ਮਾਰੇ ਜਾਣ। ਕੁੱਬਾ: ਜਿਸਦੀ ਪਿੱਠ ਦਾ ਕੁੱਬ ਨਿਕਲ ਜਾਵੇ। ਕੁੜਾਣੇ: ਜੋ ਵਡੇਰੀ ਉਮਰ ਹੋਣ ਕਾਰਨ ਲਕੋਂ ਦੂਹਰੇ ਹੋ ਜਾਣ। ਖੁਸਰੇ: ਜੋ ਜਮਾਂਦਰੂ ਨਮਰਦ ਹੋਣ। ਹੀਜੜਾ: ਖਵਾਜਾ ਸਰਾ ਜੋ ਜਾਣ ਕੇ ਖੁਸਰਾ ਬਣਾਇਆ ਜਾਵੇ। ਗੂੰਗਾ: ਜੋ ਬੋਲ ਨਾ ਸਦਕੇ। ਤੁਤਲਾਣੇ: ਤੁਤਲੇ, ਥੋਥਲ, ਜੋ ਥਥਲਾ ਕੇ ਬੋਲਣੇ।*

ਇਸ ਦੁਨੀਆਂ ਅੰਦਰ ਕਿੰਨੇ ਅੰਨ੍ਹੇ ਹੋਏ ਹਨ ਅਤੇ ਕਿੰਨੇ ਕਾਣੇ ਹੋਏ ਹਨ। ਕਿੰਨੇ ਟੀਰੇ ਹੋਏ ਹਨ ਅਤੇ ਕਈਆਂ ਨੂੰ ਅੰਧਰਾਤਾ ਭਾਂਵ ਘੱਟ ਵੇਖਣ ਵਾਲੇ ਅਤੇ ਕਿੰਨੇ ਨੱਕ ਕਟੇ, ਗੁਣਗੁਣੇ, ਬੋਲੇ ਅਤੇ ਕਿੰਨੇ ਬੁਲ੍ਹ ਕਟੇ ਹੋਏ ਹਨ। ਕਈ ਗੱਲਾਂ ਵਿਚ ਗਿਲੜਾਂ ਵਾਲੇ, ਅੰਗਾਂ ਵਿਚ ਰਸੌਲੀਆਂ ਵਾਲੇ ਅਤੇ ਦੱਬੇ ਅੰਗਾਂ ਵਾਲੇ ਹੋਏ ਹਨ। ਕਿੰਨੇ ਟੁੰਡੇ, ਬਾਂਡੇ, ਗੰਜੇ, ਕੋੜ੍ਹੀ ਲੋਕ ਇਸ ਦੁਨੀਆਂ ਅੰਦਰ ਹੋਏ ਹਨ। ਕਿੰਨ੍ਹੇ ਲੂਲੇ, ਪਿੰਗਲੇ, ਕੁੱਬੇ ਅਤੇ ਦੂਹਰੇ ਲੱਕ ਵਾਲੇ ਹੋਏ ਹਨ। ਕਿੰਨੇ ਖੁਸਰੇ, ਹੀਜੜੇ, ਗੂੰਗੇਅਤੇ ਥਤਲੇ ਹੋਏ ਹਨ। ਪੂਰੇ ਗੁਰੂ ਤਤੋਂ ਬਿਨ੍ਹਾਂ ਇਸ ਤਰ੍ਹਾਂ ਦੇ ਆਵਣ ਜਾਵਣ ਬਣੇ ਹੀ ਰਹਿੰਦੇ ਹਨ।

----

## ਵਾਰ 8

*ਉੜੀ 19 (ਗਿਣਤੀ)*

ਕੇਤੜਿਆਂ ਪਤਿਸਾਹ ਜਗਿ ਕਿਤੜੇ ਮਸਲਤਿ ਕਰਨਿ ਵਜੀਰਾ।
ਕੇਤੜਿਆਂ ਉਮਰਾਉ ਲਖ ਮਨਸਬਦਾਰ ਹਜਾਰ ਵਡੀਰਾ।
ਹਿਕਮਤਿ ਵਿਚਿ ਹਕੀਮ ਲਖ ਕਿਤੜੇ ਤਰਕਸ ਬੰਦ ਅਮੀਰਾ।
ਕਿਤੜੇ ਚਾਕਰ ਚਾਕਰੀ ਭੋਈ ਮੇਠ ਮਹਾਵਤ ਮੀਰਾ।
ਲਖ ਫਰਾਸ਼ ਲਖ ਸਾਰਵਾਨ ਮੀਰਾਖੋਰ ਸਈਸ ਵਹੀਰਾ।
ਕਿਤੜੇ ਲਖ ਜਲੇਬਦਾਰ ਗਾਡੀਵਾਨ ਚਲਾਇ ਗਡੀਰਾ।
ਛੜੀਦਾਰ ਦਰਵਾਨ ਖਲੀਰਾ ॥19॥

---

*ਮਸਲਤਿ: ਮਸ਼ਵਰੇ, ਸਲਾਹ ਦੇਣ ਵਾਲਾ। ਉਮਰਾਉ: ਅਮੀਰ। ਤਰਕਸ਼ ਬੰਦ: ਧਨੁਖ ਧਾਰੀ। ਮੀਰ: ਸਰਦਾਰ, ਸ਼ਿਕਾਰ ਦਾ ਅਫਸਰ ਭਾਵ ਮੀਰ ਸ਼ਿਕਾਰ ਅਖਵਾਉਂਦਾ ਹੈ, ਇਸੇ ਤਰ੍ਹਾਂ ਮੀਰ-ਇਮਾਰਤ ਅਤੇ ਮੀਰ 'ਸਯਦ' ਨੂੰ ਵੀ ਕਹਿੰਦੇ ਹਨ। ਵਹੀਰ: ਬਹੁਤੇ ਲੋਕ। ਮਨਸਬਦਾਰ: ਔਹਦੇਦਾਰ। ਭੋਈ: ਘਾਹੀ। ਮੇਠ: ਦਰੋਗੇ, ਤਬੇਲੇ ਦਾ ਨੌਕਰ। ਮਹਾਵਤ: ਹਾਥੀ ਹੱਕਣ ਵਾਲੇ। ਫਰਾਸ਼: ਫਰਸ਼ ਵਿਛਾਉਂਣ ਵਾਲੇ।ਸਾਰਵਾਨ: ਊਠਾਂ ਨੂੰ ਹੱਕਣ ਵਾਲਾ। ਮੀਰਾਖੋਰ: ਘੋੜਿਆਂ ਦਾ ਅਫਸਰ।ਜਲੇਬਦਾਰ: ਪਾਤਸ਼ਾਹੀ ਸਵਾਰੀ ਦਾ ਅਫਸਰ। ਖਲੀਰਾ: ਹੱਸਣ ਖਿਡਾਉਂਣ ਵਾਲਾ। ਸਾਈਸ: ਘੋੜਿਆ ਨੂੰ ਨੁਹਾਉਣ ਧੁਆਉਂਣ ਵਾਲਾ।*

ਕਿੰਨੇ ਹੀ ਇਸ ਦੁਨੀਆਂ ਅੰਦਰ ਰਾਜੇ ਮਹਾਰਾਜੇ ਹੋਏ ਹਨ ਅਤੇ ਕਿੰਨੇ ਹੀ ਉਨ੍ਹਾਂ ਦੇ ਸਲਾਹਕਾਰ ਵਜੀਰ ਹੋਏ ਹਨ। ਕਿੰਨੇ ਉਮਰਾਉ ਭਾਵ ਅਮੀਰ ਲੋਕ ਹੋਏ, ਕਿੰਨੇ ਹਜਾਰਾਂ ਉਹਦੇਦਾਰ, ਲੱਖਾਂ ਵਡਿਆਈਆਂ ਕਰਨ ਵਾਲੇ ਹੋਏ ਹਨ। ਸਿਆਣਪ ਵਿਚ ਲੱਖਾਂ ਹੀ ਸਿਆਣੇ ਲੋਕ ਹੋਏ ਅਤੇ ਕਿੰਨੇ ਹੀ ਧਨੁਖਧਾਰੀ ਨਿਸ਼ਾਨੇਬਾਜ਼ ਹੋਏ ਹਨ। ਕਿੰਨੇ ਹੀ ਨੌਕਰੀ ਕਰਨ ਵਾਲੇ ਨੌਕਰ, ਘਾਹੀ, ਤਬੇਲੇਦਾਰ ਅਤੇ ਹਾਥੀ ਹੱਕਣ ਵਾਲੇ ਹੋਏ ਹਨ। ਲੱਖਾਂ ਪਾਤਸ਼ਾਹੀ ਵਿਛਾਈ ਕਰਨ ਵਾਲੇ, ਲੱਖਾਂ ਊਠਾਂ ਦੇ ਦਰਵਾਨ ਵਾਲੇ, ਘੋੜਿਆਂ ਦੇ ਅਫਸਰ ਸਵਾਰ, ਕਈ ਨੁਹਾਉਂਣ ਦੁਆਉਂਣ ਵਾਲੇ ਬਹੁਤ ਹੋਏ ਹਨ। ਕਿੰਨੇ ਹੀ ਜਲੇਬਦਾਰ ਭਾਵ ਰਾਜਿਆਂ ਦੇ ਰਥਵਾਨ ਅਤੇ ਗੱਡੀਵਾਨ ਗੱਡੀਆਂ ਚਲਾਉਂਣ ਵਾਲੇ ਹੋਏ ਹਨ। ਰਾਜਿਆਂ ਮਹਾਂਰਾਜਿਆਂ ਨੂੰ ਹਸਾਉਂਣ ਖਿਡਾਉਂਣ ਵਾਲੇ ਵੀ ਅਨੇਕਾਂ ਹੋਏ ਹਨ।

----

## ਵਾਰ 8
*ਪਉੜੀ 20 (ਤਥਾਚ)*

ਕਿਤੜੇ ਲਖ ਨਗਾਰਚੀ ਕੇਤੜਿਆਂ ਢੋਲੀ ਸਹਨਾਈ।
ਕੇਤੜਿਆਂ ਹੀ ਤਾਇਫੇ ਢਾਢੀ ਬਚੇ ਕਲਾਵਤ ਗਾਈ।
ਕੇਤੜਿਆਂ ਹੀ ਬਹੁਰੂਪੀਏ ਬਾਜੀਗਰ ਲਖ ਭੰਡ ਅਤਾਈ।
ਕਿਤੜੇ ਲਖ ਮਸਾਲਚੀ ਸਮਾ ਚਰਾਗ ਕਰਨਿ ਰੁਸਨਾਈ।
ਕੇਤੜਿਆਂ ਹੀ ਕੋਰਚੀ ਆਮਲੁ ਪੋਸ਼ ਸਿਲਾਹ ਸੁਖਦਾਈ।
ਕੇਤੜਿਆਂ ਹੀ ਆਬਦਾਰ ਕਿਤੜੇ ਬਾਵਰਚੀ ਨਾਨਵਾਈ।
ਤੰਬੋਲੀ ਤੋਸਕਚੀ ਸੁਹਾਈ ।।20।।

---

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ ਭਏ- ਸਦਿਦਸ, ˜ਰਏਵਏਰ, ੳਲਸੋ)*

ਤਾਇਫੇ: ਗਾਉਣ ਵਾਲੀਆਂ ਦੇ ਟੋਲੇ। ਸ਼ਹਿਨਾਈ: ਤੂਤੀ। ਅਤਾਈ: ਉਹ ਆਦਮੀ ਜੋ ਕੋਈ ਕੰਮ ਰੁਜ਼ਗਾਰ ਵਾਸਤੇ ਨਾ ਕਰੇ ਸਗੋਂ ਆਪਣਾ ਸ਼ੌਂਕ ਪਾਲਣ ਵਾਸਤੇ ਕਰਦਾ ਹੋਵੇ। ਕਲਾਵਤ: ਕਵਾਲੀ ਗਉਣ ਵਾਲੇ। ਅਤਾਈ: ਸ਼ੌਂਕੀਆਂ ਗਉਣ ਵਾਲੇ। ਕੋਰਚੀ: ਫੌਜੀ ਸਮਾਨ ਸਾਂਭਣ ਵਾਲੇ। ਆਮਲੁ: ਹਾਕਮ। ਪੋਸ਼ ਸਿਲਹ: ਸੰਜੋਆ ਪਹਿਨਣ ਵਾਲੇ। ਆਬਦਾਰ: ਪਾਣੀ ਦੇਣ ਵਾਲੇ। ਕੋਰਚੀ: ਕੱਪੜਿਆਂ ਨੂੰ ਸਾਂਭਣ ਵਾਲਾ। ਨਾਨਵਾਈ: ਨਾਨ੍ਹ ਕੁਲਚੇ ਬਣਾਉਂਣ ਵਾਲੇ। ਤੋਸਕਚੀ: ਬਿਸਤਰਾਂ ਸਾਂਭਣ ਵਾਲਾ ਖਜ਼ਾਨਚੀ।ਲੱਖਾਂ ਹੀ ਨਗਾਰੇ ਵਜਾਉਂਣ ਵਾਲੇ ਅਤੇ ਲੱਖਾਂ ਹੀ ਢੋਲ ਤੂਤੀਆਂ ਵਜਾਉਂਣ ਵਾਲੇ ਹੋਏ ਹਨ। ਕਈ ਤਾਇਫੇ ਭਾਵ ਢਾਡੀ ਵਾਰਾਂ ਗਉਣ ਵਾਲੇ ਅਤੇ ਕਲਾਵਤ ਭਾਵ ਕਵਾਲੀਆਂ ਗਉਣ ਵਾਲੇ ਹੋਏ ਹਨ। ਕਿੰਨੇ ਹੀ ਸਾਂਗਾ ਲਾਉਣ ਵਾਲੇ, ਮਦਾਰੀ, ਭੰਡ ਅਤੇ ਅਤਾਈ ਭਾਵ ਕਿਸੇ ਕਾਰਜ ਨੂੰ ਆਪਣੇ ਸ਼ੌਂਕ ਕਰਕੇ ਕਰਨ ਵਾਲੇਹੋਏ ਹਨ। ਕਿੰਨਬੇ ਲੱਖ ਮਸਾਲਚੀ ਹਨ ਜੋ ਸ਼ਮਾਂ, ਮੋਮਬੱਤੀਆਂ ਅਤੇ ਦੀਵੇ ਬਾਲ ਕੇ ਚਾਨਣ ਕਰਦੇ ਹਨ। ਕਿੰਨੇ ਹੀ ਕੋਰਚੀ ਭਾਵ ਕਪੜਿਆਂ ਨੂੰ ਸਾਂਭਣ ਵਾਲੇ ਅਤੇ ਰਾਜੇ ਦੇ ਸੰਜੋਆਂ ਸਜਾਉਂਣ ਵਾਲੇ ਅਤੇ ਪਰਜਾ ਨੂੰ ਸੁਖ ਆਰਾਮ ਦੇਣ ਵਾਲੇ ਹੋਏ ਹਨ। ਕਿੰਨੇ ਹੀ ਰਾਜਿਆਂ ਨੂੰ ਲੱਸੀ ਦੇਣ ਵਾਲੇ ਭਾਵ ਰਸੋਈਏ ਅਤੇ ਰੋਟੀ ਪਕਾਉਂਣ ਵਾਲੇ ਹੋਏ ਹਨ। ਕਿੰਨੇ ਹੀ ਪਾਨਾਂ ਅਤੇ ਬਿਸਤਰ ਆਦਿ ਵਿਛਾਉਂਣ ਵਾਲੇ ਵੀ ਹੋਏ ਹਨ।

----

## ਵਾਰ 8

*ਪਉੜੀ 21 (ਤਥਾਚ)*

ਕੇਤੜਿਆਂ ਖੁਸਬੋਇਦਾਰ ਕੇਤੜਿਆਂ ਰੰਗਰੇਜ ਰੰਗੋਲੀ।
ਕਿਤੜੇ ਮੇਵੇਦਾਰ ਹਨਿ ਹੁਡਕ ਹੁਡਕੀਏ ਲੋਲਣਿ ਲੋਲੀ।
ਖਿਜਮਤਿਗਾਰ ਖਵਾਸ ਲਖ ਗੋਲੰਦਾਜ ਤੋਪਕੀ ਤੋਲੀ।
ਕੇਤੜਿਆਂ ਤਹਵੀਲਦਾਰ ਮੁਸਰਫਦਾਰ ਦਰੋਗੇ ਓਲੀ।
ਕੇਤੜਿਆਂ ਕਿਰਸਾਣ ਹੋਇ ਕਰਿ ਕਿਰਸਾਣੀ ਅਤੁਲੁ ਅਤੋਲੀ।
ਮੁਸਤੌਫੀ ਬ੍ਰੂਤਾਤ ਲਖ਼ ਮੀਰਸਾਮੇ ਬਖਸੀ ਲੈ ਕੋਲੀ।
ਕੇਤੜਿਆਂ ਦੀਵਾਨ ਹੋਇ ਕਰਨਿ ਕਰੋੜੀ ਮੁਲਕ ਢੰਢੋਲੀ।
ਰਤਨ ਪਦਾਰਥ ਮੋਲ ਅਮੋਲੀ ।।21।।

---

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ ਭਏ-ਸਦਿਏਸ, ਰਏਵਏਰ, ਓਲਸੋ)*

ਹੁਡਕ ਹੁਡਕੀਏ: ਸ਼ਰਤਾਂ ਬੰਨ੍ਹਣ ਵਾਲੇ। ਲੋਲਣਿ: ਚੰਚਲ, ਸੁੰਦਰ। ਲੋਲੀ: ਪਾਤਸ਼ਾਹੀ ਭਾਂਵ ਦਰਬਾਰੀ ਵੇਸਵਾ। ਖਵਾਸ: ਦਰਬਾਰੀ ਅਮੀਰ ਕਿਸੇ ਵੱਡੇ ਆਦਮੀ ਦੀ ਟਹਿਲ ਸੇਵਾ ਕਰਨ ਵਾਲਾ। ਗੰਲੰਦਾਜ ਤੋਪਚੀ: ਤੋਪਾਂ ਦੇ ਗੋਲੇ ਮਾਰਨ ਵਾਲਾ। ਤੋਲੀ: ਤੋਲਣ ਵਾਲੇ ਮੋਦੀ। ਤਹਵੀਲਦਾਰ: ਰੋਕੜ ਰੱਖਣ ਵਾਲੇ। ਮੁਸਫਰਦਾਰ: ਕਿਸੇ ਕੰਮ ਦੀ ਨਿਗਰਾਨੀ ਰੱਖਣ ਵਾਲਾ। ਓਲੀ: ਅਲੂਫਾ ਮਸਤੁਫੀ ਜਾਂ ਮੁਸਤੇਜੀ: ਵੱਡਾ ਕਾਗਜੀ ਲੇਖੇ ਆਦਿ ਪੜਤਾਲ ਕਰਨ ਵਾਲਾ। ਬ੍ਰੂਤਾਤ: ਘਰੋਗੀ ਖਰਚ ਦਾ ਲੇਖਾ ਜੋਖਾ ਕਰਨ ਵਾਲਾ। ਮੀਰਸਾਮੇ: ਖੁਸ਼ਬੂਦਾਰ ਚੀਜਾਂ ਜਿਵੇਂ ਅਤਰ ਆਦਿਕ ਦਾ ਅਫਸਰ। ਬਖਸ਼ੀ: ਸੈਨਾਪਤੀ। ਕੋਲ: ਪਹਾੜੀ ਕੰਮ। ਕੋਲੀ: ਜੁਲਾਹੇ। ਦੀਵਾਨ: ਰਾਜੇ ਦੀ ਆਮਦਨ ਦਾ ਪ੍ਰਬੰਧਕ।

ਕਈ ਅਤਰ ਫੁਲੇਲਾਂ ਦੇਣ ਵਾਲੇ ਅਤੇ ਰੇਸ਼ਮ ਰੰਗਣ ਵਾਲੇ ਲਲਾਰੀ ਹੋਏ ਹਨ। ਕਿੰਨੇ ਹੀ ਮੇਵਾ ਵੇਚਣ ਵਾਲੇ ਜਿਦੋ ਜਿੱਦੀ ਸ਼ਰਤਾਂ ਬੰਨ੍ਹ ਬੰਨ੍ਹ ਸੌਦਾ ਕਰਦੇ ਹਨ। ਕਿੰਨੀਆਂ ਹੀ ਚੰਚਲ ਵੇਸ਼ਵਾਵਾਂ ਹੋਈਆਂ ਹਨ। ਛੋਟੇ ਚਾਕਰ, ਦਰਬਾਰੀ ਅਹਿਲਕਾਰ, ਗੋਲਾ ਸੁੱਟਣ ਵਾਲੇ, ਤੋਪ ਚਲਾਉਂਣ ਵਾਲੇ ਅਤੇ ਕਿੰਨੇ ਹੀ ਮੋਦੀ ਭਾਵ ਪਰਚੂਨੀਏ ਹੋਏ ਹਨ। ਕਿੰਨੇ ਹੀ ਰੋਕੜੀਏ, ਨਿਗਰਾਨੀ ਰੱਖਣ ਵਾਲੇ ਦਰੋਗੇ ਅਤੇ ਰਸਦ ਦੇਣ ਵਾਲੇ ਹੋਏ ਹਨ। ਕਿੰਨੇ ਰਾਹਕ ਭਾਵ ਕਿਰਸਾਨ ਬਣ ਕੇ ਤੋਲ ਤੋਂ ਅਤੋਲ ਨਾ ਮਿਣੀ ਜਾ ਸਕਣ ਵਾਲੀ ਧਰਤੀ ਉਪਰ ਕਿਰਸਾਨੀ ਕਰ ਗਏ ਹਨ। ਪੜਤਾਲੀਏ ਹੋ ਕੇ ਨਿਜੀ ਖਰਚ ਦਾ ਹਿਸਾਬ ਕਿਤਾਬਦੇ ਅਫਸਰ ਬਣ ਕੇ ਖੁਸ਼ਬੋਆਂ ਭਾਵ ਅਤਰ ਫੁਲੇਲ ਵੇਚਣ ਵਾਲੇ ਸੈਨਾਪਤੀ, ਕੋਲ ਭਾਵ ਪਹਾੜੀ ਕੰਮ ਕਰਨ ਵਾਲੇ ਅਤੇ ਜੁਲਾਹੇ ਹੋਏ ਹਨ। ਕਿੰਨੇ ਹੀ ਦੀਵਾਨ ਹੋ ਕੇ ਮੁਲਕ ਦੀ ਆਮਦਨ ਦਾ ਹਿਸਾਬ ਰੱਖ ਕੇ ਕਰੋੜਾਂ ਰੁਪਈਆਂ ਦਾਮਾਮਲਾ ਭਾਵ ਕਰ ਇਕੱਠੇ ਕਰਦੇ ਅਤੇ ਅਮੁਲ ਤੋਂ ਅਮੁਲ ਰਤਨ ਖਜ਼ਾਨੇ ਵਿਚ ਜਮਾਂ ਕਰਦੇ ਹਨ।

----

ਵਾਰ 8

*ਪਉੜੀ 22 (ਤਬਾਚ)*

ਕੇਤੜਿਆ ਹੀ ਜਉਹਰੀ ਲਖ ਸਰਾਫ ਬਜਾਜ ਵਪਾਰੀ।
ਸਉਦਾਗਰ ਸਉਦਾਗਰੀ ਗਾਂਧੀ ਕਾਸੇਰੇ ਪਾਸਾਰੀ।
ਕੇਤੜਿਆਂ ਪਰਚੂਨੀਏ ਕੇਤੜਿਆਂ ਦਲਾਲ ਬਜਾਰੀ।
ਕੇਤੜਿਆਂਸਿਕਲੀਗਰਾਂ ਕਿਤੜੇ ਲਖ ਕਮਗਰ ਕਾਰੀ।
ਕੇਤੜਿਆਂ ਕੁਮ੍ਹਿਆਰ ਲਖ ਕਾਗਦ ਕੁਟ ਘਣੇ ਲੂਣਾਰੀ।
ਕਿਤੜੇ ਦਰਜੀ ਧੋਬੀਆਂ ਕਿਤੜੇ ਜ਼ਰ ਲੋਹੇ ਸਿਰ ਹਾਰੀ।
ਕਿਤੜੇ ਭੜਭੂੰਜੇ ਭਠਿਆਰੀ ॥22॥

---

*(ਤਬਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ ਭਏ- ਸਦਿਏਸ, "ਰਏੱਵਏਰ, ਓਲਸੋ) ਪਰਚੂਨੀਏ: ਥੋਕ ਵਾਲਿਆਂ ਮਾਲ ਲੈ ਕੇ ਅਗੇ ਵੇਚਣ ਵਾਲੇ। ਸਕਲੀਗਰ: ਹਥਿਆਰ ਅਤੇ ਸਾਫ ਸਫਾਈ ਕਰਨ ਵਾਲੇ। ਕਮਗਰ: ਕਮਾਨਾਂ ਬਣਾਉਣ ਵਾਲੇ। ਲੂਣਾਹਾਰੀ: ਲੂਣ ਮਸਾਲਾ ਵੇਚਣ ਵਾਲੇ। ਕੁਮ੍ਹਿਆਰ:ਘੜੇ ਬਣਾਉਣ ਵਾਲੇ ਘੁਮਿਆਰ। ਲੂਣਾਈ: ਲੂਣ ਮਸਾਲਾ ਵੇਚਣ ਵਾਲੇ। ਸਿਰ ਹਾਰੀ: ਦੂਜੀਆਂ ਧਾਂਤਾ ਉਪਰ ਸੋਨਾ ਚੜ੍ਹਾਉਂਣ ਵਾਲੇ। ਜ਼ਰ ਲੋਹੇ ਸਿਰ ਹਾਰੀ: ਮੁਲੱਮਾਂ ਕਰਨ ਵਾਲੇ। ਭਾਵ ਸੋਨਾ ਲੋਹੇ ਉਪਰ ਚੜਾਉਂਣ ਵਾਲੇ। ਭੜਭੂੰਜੇ: ਦਾਣੇ ਭੁੰਨਣ ਵਾਲੇ।*

ਕਿੰਨੇ ਜੂਆ ਖੇਡਣ ਵਾਲੇ ਜੁਆਰੀ ਹੋਏ ਹਨ। ਕਿੰਨੇ ਸਰਾਫ ਭਾਵ ਬੈਂਕ ਵਾਲੇ ਅਤੇ ਕਿੰਨੇ ਹੀ ਬਜਾਜੀ ਭਾਵ ਕਪੜੇ ਦੇ ਵਪਾਰੀ ਹੋਏ ਹਨ। ਕਈ ਸੁਦਾਗਰ ਸੁਦਾਗਰੀ ਕਰਦੇ ਹਨ ਅਤੇ ਕਈ ਅਤਰ ਫੁਲੇਲ ਵੇਚਣ ਵਾਲੇ, ਠਠਿਆਰ ਅਤੇ ਪੰਸਾਰੀ ਹੋਏ ਹਨ। ਕਿੰਨੇ ਹੀ ਪਰਛੂਨੀਏ, ਕਿੰਨੇ ਹੀ ਬਜ਼ਾਰਾਂ ਦੇ ਦੇ ਦਲਾਲ ਹੋਏ ਹਨ। ਕਿੰਨੇ ਹਥਿਆਰ ਬਣਾਉਂਣ ਦੇ ਕੰਮ ਕਰਦੇ ਹਨ। ਕਈ ਤੀਰ ਕਮਾਨਾਂ ਬਣਾਉਣ ਵਾਲੇ, ਕਿੰਨੇ ਘੁਮਿਆਰ, ਲੱਖਾਂ ਕਾਗਜ ਕੁੱਟ ਅਤੇ ਕਿੰਨੇ ਹੀ ਲੂਣ ਆਦਿ ਵੇਚਣ ਵਾਲੇ ਹੋਏ ਹਨ। ਕਿੰਨੇ ਦਰਜੀ ਛੀਂਬੇ ਅਤੇ ਲੋਹੇ ਉਪਰ ਸੋਨਾ ਚੜ੍ਹਾਉਂਣ ਵਾਲੇ ਹੋਏ ਹਨ। ਕਿੰਨੇ ਹੀ ਭੜਭੂੰਜੇ ਭਾਵ ਦਾਣੇ ਭੁੰਨਣ ਵਾਲੇ ਅਤੇ ਤੰਦੂਰ ਤਪਾਉਂਣ ਵਾਲੇ ਹੋਏ ਹਨ।

----

ਵਾਰ 8

*ਪਉੜੀ 23 (ਤਬਾਚ)*

ਕੇਤੜਿਆਂ ਕਾਰੂੰਜੜੇ ਕੇਤੜਿਆਂ ਦਬਗਰ ਕਾਸਾਈ।
ਕੇਤੜਿਆਂ ਮੁਨਿਆਰ ਲਖ ਕੇਤੜਿਆਂ ਚਮਿਆਰੁ ਆਰਾਈ।

ਭੰਗਹੇਰੇ ਹੋਇ ਕੇਤੜੇ ਬਗਨੀਗਰਾਂ ਕਲਾਲ ਹਵਾਈ।
ਕਿਤੜੇ ਭੰਗੀ ਪੋਸਤੀ ਅਮਲੀ ਸੋਫੀ ਘਣੀ ਲੁਕਾਈ।
ਕੇਤੜਿਆਂ ਕਹਾਰ ਲਖ ਗੁਜਰ ਲਖ ਅਹੀਰ ਗਣਾਈ।
ਕਿਤੜੇ ਹੀ ਲਖ ਚੂਹੜੇ ਜਾਤਿ ਅਜਾਤਿ ਸਨਾਤਿ ਅਲਾਈ।
ਨਾਵ ਥਾਵ ਲਖ ਕੀਮ ਨ ਪਾਈ ।।23।।

---

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ ਭਣ- ਸਦਿਦਸ, ਰਏਵਵਰ, ਓਲਸੋ)*

ਕਾਰੂੰਜੜੇ: ਸਬਜੀ ਵੇਚਣ ਵਾਲੇ। ਦਬਗਰ: ਕੁਪੇ ਬਣਾਉਣ ਵਾਲੇ।ਬਗਨੀਗਰਾਂ: ਜੌਆਂ ਅਤੇ ਚਾਵਲਾਂ ਦੀ ਸ਼ਰਾਬ ਬਣਾਉਂਣ ਵਾਲੇ। ਕਲਾਲ: ਸ਼ਰਾਬ ਵੇਚਣ ਵਾਲੇ। ਸਨਾਤਿ: ਚੰਡਾਲ।ਗੁੱਜਰ ਅਤੇ ਅਹੀਰ: ਦੋਵੇਂ ਦੁੱਧ ਵੇਚਣ ਵਾਲੇ। ਪਹਿਲੀ ਤਰ੍ਹਾਂ ਦੇ ਮੁਸਲਮਾਨ ਅਤੇ ਦੂਜੀ ਪ੍ਰਕਾਰ ਦੇ ਹਿੰਦੂ ਹੁੰਦੇ ਹਨ। ਕੁਹਾਰ: ਝੀਰ, ਪਾਣੀ ਭਰਨ ਵਾਲੇ।

ਕਿੰਨੇ ਕਰੂੰਜੜੇ ਭਾਵ ਸਬਜੀ ਵੇਚਣ ਵਾਲੇ, ਕਿੰਨੇ ਕੁਪੇ ਬਣਾਉਂਣ ਵਾਲੇ, ਅਤੇ ਕਿੰਨੇ ਹੀ ਕਆਈ ਹੋਏ ਹਨ। ਕਿੰਨੇ ਹੀ ਮਨਿਆਰੀ ਦਾ ਕੰਮ ਕਰਨ ਵਾਲੇ, ਕਿੰਨੇ ਹੀ ਚਮੜੇ ਦਾ ਕੰਮ ਕਰਨ ਵਾਲੇ ਚਮਿਆਰ ਅਤੇ ਤਰਾਈ ਭਾਵ ਜੱਟ ਹੋਏ ਹਨ। ਕਿੰਨੇ ਭੰਗ ਵੇਚਣ ਵਾਲੇ, ਕਿੰਨੇ ਵੰਗਾਂ ਬਣਾਉਂਣ ਵਾਲਲਲੇ ਅਤੇ ਵੇਚਣ ਵਾਲਲਲੇ ਵਣਜਾਰੇ ਕਿੰਨੇ ਹੀ ਸ਼ਰਾਬ ਬਣਾਉਂਣ ਵਾਲੇ ਅਤੇ ਵੇਚਣ ਵਾਲੇ ਹੋਏ ਹਨ। ਕਿੰਨੇ ਹੀ ਹਲਵਾਈ, ਭੰਗੀ, ਪੋਸਤੀ ਨਸ਼ਈ ਅਤੇ ਸੋਫੀ ਵੀ ਬਹੁਤ ਲੁਕਾਈ ਹੋਈ ਹੈ। ਕਿੰਨੇ ਹੀ ਕੁਹਾਰ ਭਾਵ ਮਹਿਰੇ, ਲੱਖਾਂ ਗੁਜਰ ਅਤੇ ਅਹੀਰ ਦੋਵੇਂ ਦੁੱਧ ਵੇਚਣ ਵਾਲੇ ਹੋਏ ਹਨ। ਗੁਜਰ ਮੁਸਲਮਾਨ ਜਾਤ ਵਿਚੋਂ ਹਨ ਅਤੇ ਅਹੀਰ ਹਿੰਦੂ ਜਾਤ ਦੇ ਹੋਏ ਹਨ। ਕਿੰਨੇ ਲੱਖ ਚੂਹੜੇ, ਕਿੰਨੀਆਂ ਹੀ ਜਾਤਾਂ ਵਾਲੇ ਚਾਰ ਵਰਨਾਂ ਦੇ ਅਗੇ ਕਿੰਨੇ ਅਜਾਤ ਭਾਵ ਚਾਰ ਵਰਨਾਂ ਤੋਂ ਬਾਹਰ ਅਤੇ ਕਿੰਨੇ ਚੰਡਾਲ ਹੋਏ ਹਨ। ਮਾਉਂ ਅਤੇ ਥਾਉਂ ਲੱਖਾਂ ਹਨ ਭਾਂਵ ਗਿਣਤੀ ਵਿਚ ਨਹੀਂ ਆਉਂਦੇ।

----

## ਵਾਰ 8

*ਪਉੜੀ 24 (ਸਭ ਗੁਰਮੁਖ ਬਣੇ)*

ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।
ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਸਬਦਿ ਸੁਰਤਿ ਲਿਵ ਲੀਣੁ ਹੋਇ ਦਰਗਹ ਮਾਣ ਨਿਮਾਣਾ ਪਾਏ।
ਚਲਣੁ ਜਾਣਿ ਅਜਾਣੁ ਹੋਇ ਆਸਾ ਵਿਚਿ ਨਿਰਾਸੁ ਵਲਾਏ।

ਗੁਰਮੁਖਿ ਸੁਖ ਫਲੁ ਅਲਖੁ ਲਖਾਏ ॥24॥8॥

---

*ਭਉ: ਡਰ। ਭਾਉ: ਪ੍ਰੇਮ।*

ਦੁਨੀਆਂ ਅੰਦਰ ਬਹੁਤੇ ਲੋਕ ਉੱਤਮ, ਮੱਧਮ ਅਤੇ ਨੀਚ ਆਦਿ ਤਿੰਨ ਦਰਜਿਆਂ ਅੰਦਰ ਉਲਝੇ ਹੋਏ ਹਨ ਪਰ ਗੁਰਮੁਖ ਆਪਣੇ ਆਪ ਨੂੰ ਨੀਚਾਂ ਤੋਂ ਨੀਚ ਅਖਵਾਉਂਦੇ ਹਨ। ਗੁਰਸਿੱਖ ਪੈਰੀਂ ਪੈ ਕੇ ਪੈਰਾਂ ਦੀ ਧੂੜ ਬਣ ਕੇ ਆਪਾ ਭਾਵ ਹੰਕਾਰ ਨੂੰ ਮਨ ਵਿਚੋਂ ਕੱਢ ਕੇ ਗੁਰਮੁਖ ਬਣਦਾ ਹੈ। ਸਾਧ ਸੰਗਤ ਦਾ ਭੈ ਧਾਰਕੇ ਭਾਵ ਸੰਗਤ ਕਰਕੇ ਸੇਵਾ ਭਾਵ ਦੀ ਕਾਰ ਕਮਾਉਂਦਾ ਹੈ। ਮਿੱਠਾ ਬੋਲਣਾ, ਨਿਵ ਕਰ ਚਲਣਾ, ਆਪਣੀ ਦਸਾਂ ਨੌਂਹਾਂ ਦੀ ਕਮਾਈ ਵਿਚੋਂ ਦਸਬੰਧ ਕੱਢ ਕੇ ਗਰੀਬਾਂ ਅਤੇ ਲੋੜਬੰਦਾਂ ਨੂੰ ਦਿੰਦਾ ਹੈ। ਸ਼ਬਦ ਵਿਚ ਆਪਣੀ ਸੁਰਤੀ ਲਾ ਕੇ ਲਿਵ ਲੀਨ ਹੋ ਜਾਂਦਾ ਹੈ ਅਤੇ ਸਭ ਮਾਣਾਂ ਤੋਂ ਨਿਮਾਣਾ ਹੋ ਕੇ ਦਰਗਹ ਵਿਚ ਮਾਣ ਪਰਾਪਤ ਕਰਦਾ ਹੈ। ਸੰਸਾਰ ਤੋਂ ਚਲਣ ਭਾਵ ਅਟੱਲ ਮੌਤ ਨੂੰ ਜਾਣ ਕੇ ਚੰਚਲਤਾਈਆਂ ਨਾ ਵਿਖਾਉਂਦਾ ਹੋਇਆ ਬਹੁਤੀਆਂ ਆਸਾਂ ਨੂੰ ਛੱਡ ਕੇ ਨਿਰਾਸ ਰਹਿ ਕੇ ਹੀ ਆਪਣਾ ਜੀਵਨ ਬਤੀਤ ਕਰਦਾ ਹੈ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਗੁਰਮੁਖ ਨਾ ਕਹੇ ਜਾਣ ਵਾਲੇ ਸੁਖ ਫਲ ਦੇ ਸੁਆਦ ਨੂੰ ਚੱਖ ਲੈਂਦਾ ਹੈ।

----

## ਵਾਰ 9

*ਇਸ ਵਾਰ ਦੀਆਂ 24 ਪੌੜੀਆਂ ਹਨ।*

*ਸਤਿਗੁਰ ਪ੍ਰਸਾਦਿ ॥*

## ਵਾਰ 9

*ਪਉੜੀ 1 (ਵਾਹਿਗੁਰੂ, ਗੁਰੂ, ਸ਼ਬਦ, ਸਤਿਸੰਗ)*

ਗੁਰ ਮੂਰਤਿ ਪੂਰਨੁ ਬ੍ਰਹਮੁ ਅਬਿਗਤਿ ਅਬਿਨਾਸੀ।
ਪਾਰ ਬ੍ਰਹਮੁ ਗੁਰ ਸਬਦੁ ਹੈ ਸਤਿਸੰਗਿ ਨਿਵਾਸੀ।
ਸਾਧ ਸੰਗਤਿ ਸਚੁ ਖੰਡੁ ਹੈ ਭਾਉ ਭਗਤਿ ਅਭਿਆਸੀ।
ਚਹੁ ਵਰਨਾ ਉਪਦੇਸੁ ਕਰਿ ਗੁਰਮਤਿ ਪਰਗਾਸੀ।
ਪੈਰੀ ਪੈ ਪਾਖਾਕ ਹੋਇ ਗੁਰਮੁਖਿ ਰਹਿਰਾਸੀ।
ਮਾਇਆ ਵਿਚਿ ਉਦਾਸ ਗਤਿ ਹੋਇ ਆਸ ਨਿਰਾਸੀ ॥1॥

---

*ਅਬਿਗਤਿ: ਗਤੀ ਤੋਂ ਰਹਿਤ। ਰਹਿਰਾਸੀ: ਰਾਹੇ-ਰਾਸਤ ਭਾਵ ਸਿੱਧੇ ਰਸਤੇ ਉਪਰ ਚਲਣ ਵਾਲਾ ਭਾਵ ਮਰਿਜਾਦਾ ਰੱਖਣ ਵਾਲਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਬਿਗਤਿ ਭਾਵ ਗਤੀ ਤੋਂ ਰਹਿਤ ਹੋਣ ਕਰਕੇ ਪੂਰਨ ਬ੍ਰਹਮ ਵਾਂਗ ਹੈ। ਪਾਰ ਬ੍ਰਹਮ ਭਾਵ ਇਕ ਪ੍ਰਮਾਤਮਾਂ ਦੇ ਮਿਲਾਪ ਵਰਗਾ ਗੁਰੂ ਦਾ ਸ਼ਬਦ ਸਤਿਸੰਗ ਅੰਦਰ ਵਸਦਾ ਹੈ। ਤੱਤ ਇਹ ਹੈ ਕਿ ਗੁਰੂ ਦਾ ਰੂਪ ਪੂਰਨ ਬ੍ਰਹਮ ਹੈ ਅਤੇ ਗੁਰੂ ਦਾ ਸ਼ਬਦ ਪਾਰ ਬ੍ਰਹਮ ਹੈ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਸਾਧ ਸੰਗਤ ਹੀ ਸੱਚ-ਖੰਡ ਹੈ ਜਿਥੇਂ ਹਰ ਸਮੇਂ ਪ੍ਰੇਮਾਂ ਭਗਤੀ ਦੀ ਹੀ ਰੱਟ ਲਾਈ ਜਾਂਦੀ ਹੈ। ਸਾਧ ਸੰਗਤ ਵਿਚ ਚਾਰ ਵਰਨਾਂ ਜਿਵੇਂ ਬ੍ਰਾਹਮਣ, ਛੱਤਰੀ, ਵੈਸਿ ਅਤੇ ਸੂਦ੍ਰਿ ਆਦਿ ਸਭ ਭੇਦ ਭਾਵ ਤਿਆਗ ਕੇ ਪ੍ਰੇਮਾਂ ਭਗਤੀ ਰਾਹੀਂ ਇਕ ਸ਼ਬਦ ਭਾਵ ਗੁਰਮਤ ਦਾ ਹੀ ਪਾਠ ਹੁੰਦਾ ਹੈ। ਗੁਰਮੁਖ ਪੈਰੀਂ ਪੈ ਕੇ ਚਰਨਾਂ ਦੀ ਧੂੜ ਬਣ ਗੁਰ ਮਰਿਆਦਾ ਭਾਵ ਗੁਰਮਤ ਅਨੁਸਾਰ ਹੀ ਵਰਤਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਬਹੁਤੀ ਮਾਇਆ ਹੋਣ ਕਰਕੇ ਵੀ ਖੁਸ਼ ਨਹੀਂ ਹੁੰਦੇ ਕਿਉਂਕਿ ਗੁਰਮੁਖਾਂ ਨੂੰ ਮਾਇਆ ਦੀ ਕੋਈ ਲਾਲਸਾ ਨਹੀਂ ਹੁੰਦੀ ਇਸ ਕਰਕੇ ਉਹ ਆਸਾਂ ਹੁੰਦਿਆਂ ਹੋਇਆ ਵੀ ਨਿਰਾਸ ਰਹਿੰਦੇ ਹਨ। ਗੁਰਮੁਖ ਜਦ ਮਾਇਆ ਤਿਆਗੀ ਹੋ ਜਾਂਦਾ ਹੈ ਤਦ ਉਸ ਨੂੰ ਇਕ ਰੱਬ ਦੇ ਮਿਲਣ ਬਿਨ੍ਹਾਂ ਹੋਰ ਕੋਈ ਆਸ ਨਹੀਂ ਰਹਿੰਦੀ।

----

## ਵਾਰ 9
*ਪਉੜੀ 2 (ਗੁਰਸਿੱਖੀ)*

ਗੁਰ ਸਿਖੀ ਬਾਰੀਕ ਹੈ ਸਿਲ ਚਟਣੁ ਫਿਕੀ।
ਤ੍ਰਿਖੀ ਖੰਡੇ ਧਾਰ ਹੈ ਉਹੁ ਵਾਲਹੁ ਨਿਕੀ।
ਭੂਹ ਭਵਿੱਖ ਨ ਵਰਤਮਾਨ ਸਰਿ ਮਿਕਣਿ ਮਿਕੀ।
ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।
ਦੂਆ ਤੀਆ ਵੀਸਰੈ ਸਣੁ ਕਕਾ ਕਿਕੀ।
ਸਭੈ ਸਿਕਾਂ ਪਰਹਰੈ ਸੁਖੁ ਇਕਤੁ ਸਿਕੀ ॥2॥

---

*ਫਿਕੀ: ਅਲੂਣੀ ਸਿਲ। ਭੂਹ: ਭੂਤਕਾਲ। ਭਵਿੱਖ: ਆਉਣ ਵਾਲਾ, ਵਰਤਮਾਨ। ਅਜੋਕਾ। ਸਰਿ: ਬਰਾਬਰ। ਮਿਕੀ: ਮਿਣੀਏ ਤਾਂ ਮਿਣਿਆ ਨਹੀਂ ਜਾਂਦਾ। ਦੁਤੀਆ: ਦਵੈਤ ਭਾਵ। ਇਕੀ: ਇਕ ਪ੍ਰਭੂ ਨਾਲ ਇਕ ਰੂਪ ਹੋ ਜਾਣਾ। ਕਕਾ ਕਿਕੀ: ਕਦ, ਕਾਹਨੂੰ, ਕਿਥੇ, ਕੀ ਆਦਿ। ਸਿਕਾਂ: ਆਸਾਂ।*

ਗੁਰ ਸਿੱਖੀ ਬਰੀਕ ਭਾਵਬਹੁਤ ਸੌਖੀ ਹੈ ਪਰ ਫਿਕੀ ਸਿੱਲ ਦੇ ਚੱਟਣ ਵਾਂਗ ਹੁੰਦੀ ਹੈ। ਖੰਡੇ ਦੀ ਧਾਰ ਨਾਲੋਂ ਤਿਖੀ ਹੈ ਜਿਹੜੀ ਵਾਲ ਨਾਲੋਂ ਵੀ ਬਹੁਤ ਨਿਕੀ ਹੈ। ਭੂਤ ਭਵਿੱਕ ਅਤੇ ਵਰਤਮਾਨ ਵਿਚ ਸਿੱਖੀ ਦੇ ਮੇਲ ਬਾਰੇ ਕੁਝ ਵੇਖੀਏ ਤਦ ਇਨ੍ਹਾਂ ਤਿੰਨਾਂ ਕਾਲਾਂ ਵਿਚ ਵੀ ਸਿੱਖੀ ਦੇ ਬਰਾਬਰ ਕੁਝ ਵੀ ਨਹੀਂ ਹੈ। ਇਸ ਘਰ ਵਿਚ ਭਾਵ ਸਿੱਖੀ ਅੰਦਰ ਕੋਈ ਦੂਈ ਦਵੈਤ ਨਹੀਂ ਹੁੰਦੀ ਸਗੋਂ ਸਭ ਇਕ ਬਰਾਬਰ ਹੋ ਜਾਂਦੇ ਹਨ। ਮਨੁਖ ਦੇ ਮਨ ਵਿਚੋਂ ਸਾਰੇ ਦਵੰਦ ਭਾਵ ਤੂੰ ਤੂੰ, ਮੈਂ ਮੈਂ ਆਦਿ ਵਿਸਰ ਕੇ ਕਦ ਕਾਹਨੂੰ ਕਿਥੇ ਕੀ ਆਦਿ ਪ੍ਰਸ਼ਨ ਮਨ ਵਿਚੋਂ ਨਿਕਲ ਜਾਂਦੇ ਹਨ। ਜਿਸ ਗੁਰਮੁਖ ਕੋਲ ਸਿਖੀ ਦੀ ਹੀ ਇਕ ਚਿੰਤਾਂ ਹੈ ਅਤੇ ਹੋਰ ਸਾਰੀਆਂ ਸਿਕਾਂ ਗੁਰਮੁਖ ਮਨੁਖ ਦੇ ਲਾਗੇ ਵੀ ਨਹੀਂ ਲਗਦੀਆਂ।

----

## ਵਾਰ 9
*ਪਉੜੀ 3 (ਗੁਰਮੁਖਤਾਈ)*

ਗੁਰਮਖਿ ਮਾਰਗੁ ਆਖੀਐ ਗੁਰਮਤਿ ਹਿਤਕਾਰੀ।
ਹੁਕਮਿ ਰਜਾਈ ਚਲਣਾ ਗੁਰ ਸਬਦ ਵੀਚਾਰੀ।
ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ।
ਇਸਕ ਮੁਸਕ ਮਹਕਾਰੁ ਹੈ ਹੁਇ ਪਰਉਪਕਾਰੀ।
ਸਿਦਕ ਸਬੂਰੀ ਸਾਬਤੇ ਮਸਤੀ ਹੁਸਿਆਰੀ।
ਗੁਰਮੁਖਿ ਆਪੁ ਗਵਾਇਆ ਜਿਣਿ ਹਉਮੈ ਮਾਰੀ ॥3॥

---

*ਮੁਸਕ ਕਸਤੂਰੀ। ਜਿਣਿ: ਜਿੱਤ ਕੇ। ਸਾਬਤੇ: ਸਾਵਧਾਨੀ।*

ਜਿਹੜਾ ਗੁਰਮੁਖ ਗੁਰੂ ਦੀ ਸਿਖਿਆ ਨੂੰ ਪਿਆਰਦਾ ਹੈ ਭਾਵ ਸਿਮਰਨ ਕਰਦਾ ਹੈ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ ਅਤੇ ਇਕ ਪ੍ਰਮਾਤਮਾਂ ਦੀ ਰਜ਼ਾ ਵਿਚ ਰਹਿੰਦਾ ਹੈ ਉਸ ਗੁਰਮੁਖ ਕੋਲ ਗੁਰਮੁਖ ਮਾਰਗ ਦਸੀਦਾ ਹੈ। ਸਿਖ ਰੁਹਾਨੀ ਤੌਰ ਉਪਰ ਉਪਰ ਆਪਣੇ ਆਪ ਨੂੰ ਇਸਤ੍ਰੀ ਰੂਪ ਜਾਣ ਕੇ ਪ੍ਰਮਾਤਮਾਂ ਨੂੰ ਆਪਣਾ ਪਤੀਦੇਵ ਸਮਝਦੇ ਹਨ। ਇਸੇ ਕਰਕੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸਿਖ ਨੂੰ ਆਪਣੇ ਖਸਮ ਦਾ ਭਾਣਾ ਪਿਆਰਾ ਲਗਦਾ ਹੈ ਅਤੇ ਉਹ ਉਸੇ ਇਕ ਨਿਰੰਕਾਰ ਦਾ ਭਾਵ ਨਿਰਆਕਾਰ ਦਾ ਹੀ ਬਣ ਕੇ ਰਹਿੰਦਾ ਹੈ। ਜਿਵੇਂ ਇਸ਼ਕ ਅਤੇ ਕਸਤੂਰੀ ਦੀ ਮਹਿਕ ਗੁੱਝੀ ਨਹੀਂ ਰਹਿੰਦੀ ਇਸੇ ਤਰ੍ਹਾਂ ਪਰਉਪਕਾਰੀ ਗੁਰਮੁਖ ਪ੍ਰਗਟ ਹੋ ਜਾਂਦਾ ਹੈ। ਸਿਦਕ, ਸਬੂਰੀ, ਸੰਤੋਖ ਮਸਤੀ ਅਤੇ ਹੁਸ਼ਿਆਰੀ ਵੇਲੇ ਵੀ ਗੁਰਮੁਖ ਸਾਵਧਾਨ ਰਹਿੰਦਾ ਹੈ ਭਾਵ ਸ਼ਬਦ ਸੁਰਤ ਦਾ ਪੱਲਾਂ ਨਹੀਂ ਛੱਡਦਾ। ਗੁਰਮੁਖਾਂ ਦਾ ਆਪਣੇ ਦਿਲ ਵਿਚੋਂ ਆਪਾ ਭਾਵ ਗੁਆਉਣ ਕਾਰਨ ਉਸਦੇ ਮਨ ਵਿਚ ਕਦੇ ਕਿਸੇ ਪ੍ਰਾਪਤੀ ਦਾ ਹੰਕਾਰ ਨਹੀਂ ਹੁੰਦਾ।

----

## ਵਾਰ 9

*ਪਉੜੀ 4 (ਸਿੱਖ ਦੀ ਕਰਨੀ)*

ਭਾਇ ਭਗਤ ਭੈ ਚਲਣਾ ਹੋਇ ਪਾਹੁਣਿਚਾਰੀ।
ਚਲਣੁ ਜਾਣਿ ਅਜਾਣੁ ਹੋਇ ਗਹੁ ਗਰੁਬ ਨਿਵਾਰੀ।
ਗੁਰਸਿਖ ਨਿਤ ਪਰਾਹੁਣੇ ਏਹੁ ਕਰਣੀ ਸਾਰੀ।
ਗੁਰਮੁਖਿ ਸੇਵ ਕਮਾਵਣੀ ਸਤਿਗੁਰੂ ਪਿਆਰੀ।
ਸਬਦਿ ਸੁਤਿ ਲਿਵ ਲੀਣ ਹੋਇ ਪਰਵਾਰ ਸੁਧਾਰੀ।
ਸਾਧਸੰਗਤਿ ਜਾਇ ਸਹਜ ਘਰਿ ਨਿਰਮਲਿ ਨਿਰੰਕਾਰੀ ।।4।।

---

*ਪ੍ਰਾਹੁਣਿਚਾਰੀ: ਮਹਿਮਾਨਦਾਰੀ। ਗਹੁ: ਪਕੜ। ਸਾਰੀ: ਚੰਗੀ। ਗਰਬ: ਹੰਕਾਰ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਇਸ ਜਗ ਅੰਦਰ ਇਕ ਪ੍ਰਾਹੁਣੇ ਵਾਂਗ ਆਇਆ ਜਾਣ ਕੇ ਇਕ ਪ੍ਰਮਾਤਮਾਂ ਦੇ ਹੁਕਮ ਦੇ ਡਰ ਵਿਚ ਰਹਿ ਕੇ ਹੰਕਾਰ ਨਹੀਂ ਕਰਦਾ ਅਤੇ ਪ੍ਰੇਮਾਂ ਭਗਤੀ ਕਰਦਾ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਗੁਰਮੁਖ ਆਪਣੇ ਆਪ ਨੂੰ ਪ੍ਰਾਹੁਣਾ ਸਮਝਦਾ ਹੋਣ ਕਰਕੇ ਆਪਣੇ ਜੀਵਨ ਵਿਚ ਮਨ ਅੰਦਰ ਹੋਰ ਦੁਨਿਆਵੀ ਵਾਸ਼ਨਾਵਾਂ ਤੋਂ ਮੁਕਤ ਰਹਿੰਦਾ ਹੈ। ਗੁਰਮੁਖ ਗੁਰਦੁਆਰੇ ਜਾ ਕੇ ਸੰਗਤ ਦੀ ਟਹਿਲ ਸੇਵਾ ਇਸ ਚਾਅ ਨਾਲ ਕਰਦੇ ਹਨ ਕਿਉਂਕਿ ਇਹ ਰੀਤ ਗੁਰੂ ਨੂੰ ਪਿਆਰੀ ਹੈ। ਇਕ ਸ਼ਬਦ ਸੁਰਤ ਨਾਲ ਲੀਨ ਹੋ ਕੇ ਗੁਰਮੁਖ ਆਪਣੇ ਪਰਿਵਾਰ ਨੂੰ ਵੀ ਸੁਧਾਰ ਲੈਂਦਾ ਹੈ। ਕਿਉਂਕਿ ਸਾਧ ਸੰਗਤ ਦਾ ਜੋ ਸਹਜ ਦਾ ਪਦ ਹੈ ਜਿਸ ਨਾਲ ਗੁਰਮੁਖ ਦੇ ਮਨ ਵਿਚੋਂ ਮੈਲ ਦੂਰ ਹੋ ਜਾਂਦੀ ਹੈ। ਇਸ ਕਰਕੇ ਸਾਧ ਸੰਗਤ ਵਿਚ ਜਾ ਕੇ ਮਨੁਖ ਪ੍ਰਮਾਤਮਾ ਨਾਲ ਮਿਲ ਕੇ ਨਿਰਮਲ ਮਨ ਵਾਲਾ ਹੋ ਜਾਂਦਾ ਹੈ।

----

## ਵਾਰ 9

*ਪਉੜੀ 5 (ਗੁਰਸਿਖ ਦੀ ਆਤਮ-ਖੇਡ)*

ਪਰਮ ਜੋਤਿ ਪਰਗਾਸੁ ਕਰਿ ਉਨਮਨਿ ਲਿਵ ਲਾਈ।
ਪਰਮ ਤਤੁ ਪਰਵਾਣੁ ਕਰਿ ਅਨਹਦਿ ਧੁਨਿ ਵਾਈ।
ਪਰਮਾਰਥ ਪਰਬੋਧਾਂ ਕਰਿ ਪਰਮਾਤਮ ਹਾਈ।
ਗੁਰ ਉਪਦੇਸੁ ਅਵੇਸੁ ਕਰਿ ਅਨਭਉ ਪਦੁ ਪਾਈ।
ਸਾਧਸੰਗਤਿ ਕਰਿ ਸਾਧਨਾ ਇਕ ਮਨਿ ਇਕੁ ਧਿਆਈ।
ਵੀਹ ਇਕੀਹ ਚੜ੍ਹਾਉ ਚੜ੍ਹਿ ਇਉਂ ਨਿਜ ਘਰਿ ਜਾਈ ।।5।।

---

*ਉਨਮਨਿ: ਗਿਆਨ ਅਵਸਥਾ। ਪਰਬੋਧ: ਗਿਆਨ। ਅਵੇਸੁ: ਪ੍ਰਵੇਸ਼। ਵੀਹ: ਸੰਸਾਰ। ਇਕੀਹ: ਪਰਲੋਕ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਨੇ ਪਰਮ ਭਾਵ ਰੱਬੀ ਜੋਤ ਦਾ ਹਿਰਦੇ ਅੰਦਰ ਪ੍ਰਕਾਸ਼ ਕਰਕੇ ਉਨਮਨਿ ਭਾਵ ਗਿਆਨ ਅਵਸਥਾ ਪਰਾਪਤ ਕਰ ਲਈ ਹੈ। ਪਰਮ ਤੱਤ ਭਾਵ ਪ੍ਰਮਾਤਮਾਂ ਦੀ ਹੋਂਦ ਨੂੰ ਸਵੀਕਾਰ ਕਰਕੇ ਅਨਾਹਦ ਧੁਨੀ ਸੁਣ ਲਈ ਹੈ। ਪਰਮਾਰਥ ਨੂੰ ਸਮਝ ਕੇ ਪ੍ਰਮਾਤਮਾਂ ਹਾਈ ਭਾਵਪ੍ਰਮਾਤਮਾਂ ਦੇ ਭੇਦ ਨੂੰ ਜਾਣ ਗਏ ਹਨ। ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕਰਕੇ ਸ਼ਬਦ ਸੁਰਤ ਵਿਚ ਲਿਵ ਲੀਨ ਹੋਇਆ ਹੈ। ਸਾਧ ਸੰਗਤ ਵਿਚ ਇਕ ਮਨ ਹੋ ਕੇ ਸਾਧਨਾ ਦੁਆਰਾ ਇਕ ਪ੍ਰਮਾਤਮਾਂ ਨੂੰ ਧਿਆਇਆ ਹੈ। ਜਿਵੇਂ ਵੀਹ ਵਿਸਵੇ ਇਕ ਬਿਘਾ ਬਣਦਾ ਹੈ ਭਾਈ ਗੁਰਦਾਸ ਜੀ ਇਸ ਗਿਣਤੀ ਨੂੰ ਦੁਨਿਆਵੀ ਸਮਝਦੇ ਹਨ ਇਕੀਹ ਭਾਵ ਜਿਹੜੀ ਦੁਨੀਆਂ ਤੋਂ ਬਾਹਰ ਦੀ ਗਿਣਤੀ ਭਾਵ ਪ੍ਰਮਾਤਮਾ ਦੇ ਘਰ ਪਹੁੰਚ ਜਾਂਦੇ ਹਨ।

----

## ਵਾਰ 9

*ਪਉੜੀ 6 (ਵਾਹਿਗੁਰੂ ਦੀ ਵਯਾਪਕਤਾ ਦਾ ਅਨੁਭਵ)*

ਦਰਪਣਿ ਵਾਂਗਧਿਆਨੁ ਧਰਿ ਆਪੁ ਆਪ ਨਿਹਾਲੈ।
ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦੁ ਜਲ ਵਿਚਿ ਭਾਲੈ।
ਗੋਰਸੁ ਗਾਈ ਵੇਖਦਾ ਘਿਉ ਦੁਧੁ ਵਿਚਾਲੈ।
ਫੁਲਾਂ ਅੰਦਰਿ ਵਾਸੁ ਲੈ ਫਲੁ ਸਾਉ ਸਮ੍ਹਾਲੈ।
ਕਾਸਟਿ ਅਗਨਿ ਚਲਿਤੁ ਵੇਖਿ ਜਲ ਧਰਤਿ ਹਿਆਲੈ।
ਘਟਿ ਘਟਿ ਪੂਰਨੁ ਬ੍ਰਹਮੁ ਹੈ ਗੁਰਮੁਖਿ ਵੇਖਾਲੈ।

---

*ਦਰਪਣਿ: ਸ਼ੀਸ਼ਾ। ਗੋਰਸੁ: ਦੁੱਧ। ਸਾਉ: ਸੁਆਦ।*

ਸ਼ੀਸ਼ੇ ਵਿਚ ਧਿਆਨ ਧਰਕੇ ਜਿਵੇਂ ਆਪਣੇ ਸਰੀਰ ਨੂੰ ਵੇਖੀਦਾ ਹੈ ਤਿਉਂ ਆਪਣੇ ਆਪ ਵਿਚ ਆਪੁ ਆਪ ਨਿਹਾਲੇ ਭਾਵ ਪ੍ਰਮਾਤਮਾ ਦਿਸਦਾ ਹੈ। ਜਿਵੇਂ ਇਕ ਚੰਦਰਮਾ ਅਨੇਕਾ ਜਲਾਂ ਅੰਦਰ ਦਿਖਦਾ ਹੈ ਇਸ ਤਰ੍ਹ ਇਕ ਪ੍ਰਮਾਤਮਾ ਹਰ ਹਿਰਦੇ ਅੰਦਰ ਵਸਦਾ ਹੈ। ਜਿਵੇਂ ਕਈ ਰੰਗਾਂ ਦੀਆਂ ਗਊਆਂ ਸਿਰਫ ਇਕ ਚਿੱਟਾ ਦੁੱਧ ਹੀ ਦਿੰਦੀਆਂ ਹਨ ਅਤੇ ਦੁੱਧ ਵਿਚੋਂ ਘਿਉ ਹੁੰਦਾ ਹੈ ਪ੍ਰਮਾਤਮਾ ਠਕਿ ਇਸੇ ਤਰ੍ਹਾਂ ਹਰ ਮਨ ਵਿਚ ਵਸਿਆ ਹੋਇਆ ਹੈ ਸਿਰਫ ਪਛਾਣ ਕਰਨ ਦੀ ਲੋੜ ਹੈ। ਜਿਵੇਂ ਮਨੁਖ ਫੁੱਲਾਂ ਵਿਚੋਂ ਵਾਸ਼ਨਾ ਲੈਂਦਾ ਅਤੇ ਫਲਾਂ ਵਿਚੋਂ ਰਸ ਲੈਂਦਾ ਹੈ, ਇਵੇਂ ਗੁਰਮੁਖ ਆਪਣੇ ਹਿਰਦੇ ਅੰਦਰ ਪ੍ਰਮਾਤਮਾਂ ਨੂੰ ਮਹਿਸੂਸ ਕਰਦਾ ਹੈ। ਗੁਰਮੁਖ ਲਕੜੀ ਵਿਚ ਅੱਗ ਸਮਾਈ ਹੋਈ ਦੇਖਦਾ ਹੈ ਅਤੇ ਧਰਤੀ ਅੰਦਰ ਜਲ ਸਮਾਇਆ ਹੋਇਆ ਸਮਝਦਾ ਹੈ ਇਸ ਤਰ੍ਹਾਂ ਜ਼ਰੇ ਜ਼ਰੇ ਅੰਦਰ ਪ੍ਰਮਾਤਮਾਂ ਭਾਵ ਪੂਰਨ ਬ੍ਰਹਮ ਵਸਿਆ ਹੋਇਅ ਹੈ।

----

## ਵਾਰ 9

*ਪਉੜੀ 7 (ਗੁਰਸਿੱਖ ਦੀ ਰਹਿਣੀ)*

ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।
ਰਤਨ ਪਾਰਖੂ ਹੋਇ ਕੈ ਰਤਨਾ ਅਵਲੋਈ।
ਮਨੁ ਮਾਣਕੁ ਨਿਰਮੋਲਕਾ ਸਤਿਸੰਗਿ ਪਰੋਈ।
ਰਤਨਮਾਲ ਗੁਰਸਿਖ ਜਗਿ ਗੁਰਮਤਿ ਗੁਣ ਗੋਈ।
ਜੀਵਦਿਆਂ ਮਰਿ ਅਮਰੁ ਹੋਇ ਸੁਖ ਸਹਜਿ ਸਮੋਈ।
ਓਤਿਪੋਤਿ ਜੋਤੀ ਜੋਤਿ ਮਿਲਿ ਜਾਣੈ ਜਾਣੋਈ ॥6॥

---

*ਦਿਬ ਦਿਸਟਿ: ਦੈਵੀ ਨਿਗਾਹ, ਗਿਆਨ ਦ੍ਰਿਸ਼ਟੀ। ਗੁਣ: ਏਥੇ ਰੱਸੀ। ਗੋਈ: ਗੁੰਦੇ ਹੋਏ। ਅਵਲੋਈ: ਦੇਖਦਾ। ਓਤਿਪੋਤਿ: ਤਾਣਾ ਪੇਟਾ।*

ਗੁਰੂ ਦੀ ਗਿਆਨ ਧਿਰਸ਼ਟੀ ਵਿਚ ਧਿਆਨ ਧਰਨ ਵਾਲਾ ਕੋਈ ਵਿਰਲਾ ਹੀ ਸਿੱਖ ਹੁੰਦਾ ਹੈ। ਜੋ ਰਤਨਾਂ ਭਾਵ ਹੀਰਿਆਂ ਦਾ ਪਾਰਖੂ ਹੋ ਕੇ ਸਿਰਫ ਰਤਨਾਂ ਵੱਲ ਹੀ ਭਾਵ ਚੰਗੇ ਕਰਮਾਂ ਵਲ ਹੀ ਰੁਚਿਤ ਰਹਿੰਦਾ ਹੈ। ਮਨ ਰੂਪੀ ਮਣਕਾ ਅਮੋਲਕ ਰਤਨ ਹੈ ਜੋ ਸਤਿਸੰਗ ਦੀ ਮਾਲਾ ਵਿਚ ਪਰੋਤਾ ਹੋਇਆ ਹੁੰਦਾ ਹੈ। ਜੱਗ ਵਿਚ ਗੁਰਮੁਖ ਰਤਨਾਂ ਦੀ ਮਾਲਾਂ ਵਾਘ ਹਨ ਜੋ ਗੁਰੂ ਦੇ ਗਿਆਨ ਦੀ ਮਾਲਾ ਅੰਦਰ ਗੁੰਦੇ ਹੋਏ ਹੁੰਦੇ ਹਨ। ਗੁਰਮੁਖ ਆਪਣੇ ਆਪ ਨੂੰ ਗਵਾ ਕੇ ਭਾਵ ਜਿਉਂਦਿਆਂ ਹੀ ਮਰ ਕੇ ਅਮਰ ਹੋ ਕੇ ਸਹਿਜ ਪਦ ਪਰਾਪਤ ਕਰ ਜਾਂਦੇ ਹਨ। ਤਾਣੇ ਪੇਟੇ ਵਾਂਗ ਜੋਤ ਵਿਚ ਜੋਤ ਹੋ ਕੇ ਜਾਣੀਜਾਣ ਪ੍ਰਮਾਤਮਾਂ ਨੂੰ ਸਮਝ ਲੈਂਦੇ ਹਨ।

----

ਵਾਰ 9

*ਪਉੜੀ 8 (ਗੁਰਸਿੱਖ ਗੁਰੂ ਨਾਲ ਅਭੇਦ)*

ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭਰਿਾ।
ਸਬਦ ਸੁਰਤਿ ਲਿਵ ਲੀਣ ਹੋਇ ਅਨਹਦਿ ਧੁਨਿ ਧੀਰਾ।
ਜੰਤ੍ਰੀ ਜੰਤਰ ਵਜਾਇਦਾ ਮਨਿ ਉਨਿਮਨਿ ਚੀਰਾ।
ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।
ਅੰਤਰਿਜਾਮੀ ਜਾਣੀਐ ਅੰਤਰਿਗਤਿ ਪੀਰਾ।
ਗੁਰ ਚੇਲਾ ਗੁਰੂ ਬੇਧਿ ਹੀਰੈ ਹੀਰਾ ॥8॥

---

*ਅਨਹਦਿ ਧੁਨਿ: ਰੱਬੀ ਸ਼ਬਦ ਅੰਦਰ ਮਸਤ ਰਹਿਣਾ। ਧੀਰਾ: ਟਿਕ ਜਾਣਾ। ਉਨਿਮਨਿ: ਚੌਥੀ ਅਵਸਥਾ, ਗਿਆਨ ਅਵਸਥਾ, (ਤੁਰੀਆ)। ਵਜੀਰਾ: ਵਜੰਤ੍ਰੀ। ਜੰਤਰ: ਵਾਜਾ। ਜੰਤਰੀ: ਵਾਜੇ ਵਾਲਾ। ਵੀਹ: ਜੀਵ। ਇਕੀਹ: ਪ੍ਰਮਾਤਮਾ।*

ਰਾਗ ਦੇ ਨਾਦ ਨਾਲ ਅਸਚਰਜ ਹੋ ਕੇ ਗੁਣਾਂ ਦੇ ਡੂੰਘਾਉ ਵਿਚ ਗੰਭਰਿ ਹੋ ਜਾਂਦਾ ਹੈ। ਸ਼ਬਦ ਸੁਰਤ ਵਿਚ ਲਿਵਲੀਨ ਹੋ ਕੇ ਅਨਹਦ ਧੁਨੀ ਨੂੰ ਸੁਣ ਕੇ ਗੁਰਮੁਖ ਦਾ ਮਨ ਟਿਕ ਜਾਂਦਾ ਹੈ। ਜੰਤ੍ਰੀ ਜੰਤ੍ਰ ਵਜਾਉਂਦਾ ਹੈ ਅਤੇ ਮਨ ਧੁਨ ਸੁਣ ਕੇ ਗਿਆਨ ਅਵਸਥਾ ਵਿਚ ਜਾ ਟਿਕਦਾ ਹੈ। ਵਾਜੇ ਆਪ ਵੱਜਣ ਜਾਂ ਵਜਾਏ ਜਾਣ ਪਰ ਗੁਰੂ ਦੇ ਸ਼ਬਦ ਦਾ ਵਜੰਤਰੀ ਭਾਵ ਸਿਮਰਨ ਕਰਨ ਵਾਲਾ ਗੁਰਮੁਖ ਆਪਣੇ ਅੰਦਰ ਸਮਾ ਲੈਂਦਾ ਹੈ। ਗੁਰਮੁਖ ਦੇ ਮਨ ਦੀ ਪੀੜਾ ਅੰਤਰਜਾਮੀ ਸਭ ਸਮਝਦਾ ਹੈ। ਜਿਵੇਂ ਹੀਰੇ ਨੂੰ ਹੀਰੇ ਨਾਲ ਹੀ ਛੇਕਿਆ ਜਾਂਦਾ ਹੈ ਠੀਕ ਇਸੇ ਤਰ੍ਹਾਂ ਗੁਰੂ ਚੇਲਾ ਹੈ ਅਤੇ ਚੇਲਾ ਹੀ ਗੁਰੂ ਹੈ।

----

ਵਾਰ 9

*ਪਉੜੀ 9 (ਤਥਾਚ)*

ਪਾਰਸੁ ਹੋਇਆ ਪਾਰਸਹੁ ਗੁਰਮੁਖਿ ਵਡਿਆਈ।
ਹੀਰੈ ਹੀਰਾ ਬੇਧਿਆ ਜੋਈ ਜੋਤਿ ਮਿਲਾਈ।
ਸਬਦ ਸਦੁਰਤਿ ਲਿਵ ਲੀਣੁ ਹੋਇ ਜੰਤੁ ਜੰਤ੍ਰੀ ਵਾਈ।
ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ।
ਪੁਰਖਹੁੰ ਪੁਰਖੁ ਉਪਾਇਆ ਪੁਰਖੋਤਮ ਹਾਈ।
ਵੀਹ ਇਕੀਹ ਉਲੰਘਿ ਕੈ ਹੋਇ ਸਹਜਿ ਸਮਾਈ ॥9॥

---

*(ਤਥਾਚ ਦੇ ਅਰਥ ਹਨ ਜਿਵੇਂ ਇਸ ਤੋਂ ਬਿਨ੍ਹਾਂ, ਅਤੇ ਹੋਰ ਜਾਂ ਇਹ ਭੀ ਆਦਿ ਭਏ- ਸਦਿਦਸ, ਰਏਵਏਰ, ਓਲਸੋ), ਬੇਧਿਆ: ਵਿਨ੍ਹਿਆ।*

ਜਿਵੇਂ ਪਾਰਸ ਨਾਲ ਛੂਹਣ ਨਾਲ ਪਾਰਸ ਬਣੀਦਾ ਹੈ ਤਿਵੇਂ ਗੁਰਮੁਖ ਵਿਚ ਇਹ ਵਡਿਆਈ ਹੈ ਕਿ ਜਿਹੜਾ ਮਨੁਖ ਉਸਦੀ ਸੰਗਤ ਕਰੇਗਾ ਉਹ ਵੀ ਗੁਰਮੁਖ ਹੀ ਬਣ ਜਾਵੇਗਾ। ਗੁਰਮੁਖ ਆਪਣੇ ਸਤਸੰਗੀ ਦਾ ਮਨ ਹੀਰੇ ਵਰਗੇ ਗੁਰ ਸ਼ਬਦ ਨਾਲ ਬਿੰਨ੍ਹ ਕੇ ਅਕਾਲ ਪੁਰਖ ਨਾਲ ਮਿਲਾ ਦਿੰਦਾ ਹੈ। ਸਤਿਸੰਗੀ ਸ਼ਬਦ ਸੁਰਤ ਵਿਚ ਫਿਰ ਏਦਾਂ ਲਿਵਲੀਨ ਹੁੰਦਾ ਹੈ ਜਿਵੇਂ ਜੰਤਰੀ, ਜੰਤਰ ਵਜਾਉਂਦਾ ਉਸਦੀ ਸੁਰ ਤਾਲ ਦੇ ਤਾਨ ਉਪਰ ਮਸਤ ਹੋ ਜਾਂਦਾ ਹੈ। ਗੁਰ ਚੇਲਾ ਅਤੇ ਚੇਲਾ ਗੁਰੂ ਹੋ ਕੇ ਇਕ ਪ੍ਰੇਮ ਵਿਚ ਹੀ ਬਝ ਜਾਂਦੇ ਹਨ। ਪੁਰਖ ਹੁੰਦਿਆਂ ਪੁਰਖੋਤਮ ਬਣ ਕੇ ਸਾਰੇ ਮਨੁਖਾ ਵਿਚੋਂ ਸ੍ਰੇਸ਼ਟ ਹੋ ਜਾਂਦਾ ਹੈ।ਜਿਵੇਂ ਵੀਹ ਵਿਸਵੇ ਇਕ ਬਿਘਾ ਬਣਦਾ ਹੈ ਭਾਈ ਗੁਰਦਾਸ ਜੀ ਇਸ ਗਿਣਤੀ ਨੂੰ ਦੁਨਿਆਵੀ ਸਮਝਦੇ ਹਨ ਇਕੀਹ ਭਾਵ ਜਿਹੜੀ ਦੁਨੀਆਂ ਤੋਂ ਬਾਹਰ ਦੀ ਗਿਣਤੀ ਭਾਵ ਪ੍ਰਮਾਤਮਾ ਦੇ ਘਰ ਪਹੁੰਚ ਜਾਂਦੇ ਹਨ।

----

## ਵਾਰ 9

*ਪਉੜੀ 10 (ਸਾਧ ਸੰਗਤ ਸਵਖੰਡ)*

ਸਤਿਗੁਰੁ ਦਰਸਨੁ ਦੇਖਦੋ ਪਰਮਾਤਮੁ ਦੇਖੈ।
ਸਬਦ ਸੁਰਤਿ ਲਿਵ ਲੀਣ ਹੋਇ ਅੰਤਰਿਗਤਿ ਲੇਖੈ।
ਚਰਨ ਕਵਲ ਦੀ ਵਾਸਨਾ ਹੋਇ ਚੰਦਨ ਭੇਖੈ।
ਚਰਣੋਦਕ ਮਕਰੰਦ ਰਸ ਵਿਸਮਾਦੁ ਵਿਸੇਖੈ।
ਗੁਰਮਤਿ ਨਿਹਚਲੁ ਚਿਤੁ ਕਰਿ ਵਿਚਿ ਰੂਪ ਨ ਰੇਖੈ।
ਸਾਧਸੰਗਤਿ ਸਚ ਖੰਡਿ ਜਾਇ ਹੋਇ ਅਲਖ ਅਲੇਖੈ ।।10।।

---

*ਦੇਖਦੋ: ਦੇਖਣਹਾਰਾ। ਚੰਦਨ ਭੇਖੈ: ਚੰਦਨ ਸਰੂਪ। ਅੰਤਰਿਗਤਿ: ਹਿਰਦੇ ਅੰਦਰ। ਭੇਖੈ: ਸਰੂਪ। ਚਰਣੋਦਕ: ਚਰਣਾਮ੍ਰਿਤ।ਮਕਰੰਦ: ਸਵਾਦ, ਰਸ, ਸ਼ਹਿਦ।ਅਲਖ ਅਲੇਖੈ: ਈਸ਼ਵਰ ਵਿਸ਼ੇਖਣ।*

ਸਤਿਸੰਗ ਵਿਚ ਜਾ ਕੇ ਜੋ ਸਤਿਗੁਰ ਦੇ ਦਰਸ਼ਨ ਕਰਦਾ ਹੈ ਉਹ ਪ੍ਰਮਾਤਮਾਂ ਨੂੰ ਜਾਣ ਲੈਂਦਾ ਹੈ। ਕਿਉਂ ਜੋ ਸ਼ਬਦ ਸੁਰਤ ਦੀ ਲਿਵਲੀਨਤਾ ਵਿਖੇ ਮਗਨ ਹੋ ਕੇ ਅੰਤਰਗਤ ਭਾਵ ਹਿਰਦੇ ਅੰਦਰ ਪ੍ਰਮਾਤਮਾ ਨੂੰ ਵੇਖਦਾ ਹੈ। ਗੁਰੂ ਦੇ ਚਰਣਾਂ ਦੀ ਵਾਸ਼ਨਾ ਨੂੰ ਲੈ ਕੇ ਚੰਦਨ ਸਰੂਪ ਹੋ ਜਾਂਦਾ ਹੈ ਭਾਵ ਹੋਰ ਰਸ ਗੁਰਮੁਖ ਨੂੰ ਭੁੱਲ ਜਾਂਦੇ ਹਨ। ਗੁਰਮੁਖ ਦੈਵੀ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਗੁਰੂ ਦੀ ਮਤ ਵਿਖੇ ਚਿੱਤ ਲਾ ਕੇ (ਨਿਹਚਲ) ਕਿਸੇ ਹੋਰ ਰੂਪ ਰੇਖ ਵਿਚ ਨਹੀਂ ਰਹਿੰਦੇ। ਗੁਰਮੁਖਾਂ ਦਾ ਸੁਧ ਅੰਤਹਕਰਣ ਹੋ ਜਾਂਦਾ ਹੈ। ਸਾਧ ਸੰਗਤ ਦੇ ਸਚ-ਖੰਡ ਵਿਚ ਵਸ ਕੇ ਅਲਖ ਅਤੇ ਅਲੇਖ ਤੋਂ ਜਾਣੂੰ ਹੋ ਜਾਂਦੇ ਹਨ।

----

## ਵਾਰ 9

*ਪਉੜੀ 11 (ਸਾਖੀ ਅਵਸਥਾ)*

ਅਖੀ ਅੰਦਰਿ ਦੇਖਦਾ ਦਰਸਨ ਵਿਚਿ ਦਿਸੈ।
ਸਬਦੈ ਵਿਚਿ ਵਖਾਣੀਐ ਸੁਰਤੀ ਵਿਚਿ ਰਿਸੈ।
ਚਰਣ ਕਵਲ ਵਿਚਿ ਵਾਸਨਾ ਮਨੁ ਭਵਰੁ ਸਲਿਸੈ।
ਸਾਧਸੰਗਤਿ ਸੰਜੋਗੁ ਮਿਲਿ ਵਿਜੋਗਿ ਨ ਕਿਸੈ।
ਗੁਰਮਤਿ ਅੰਦਰਿ ਚਿਤੁ ਹੈ ਚਿਤੁ ਗੁਰਮਤਿ ਜਿਸੈ।
ਪਾਰਬ੍ਰਹਮ ਪੂਰਣ ਬ੍ਰਹਮੁ ਸਤਿਗੁਰ ਹੈ ਤਿਸੈ ॥11॥

---

*ਦਰਸਨ: ਦੀਦਾਰ। ਰਿਸੈ: ਨਿਕਲਾ ਹੈ। ਤਿਸੈ: ਉਸਦੇ ਨਾਲ। ਜਿਸੈ: ਜਿਹਾ, ਜੈਸਾ। ਸਲਿਸੈ: ਮਾਣਦਾ ਹੈ।*

ਗੁਰਮੁਖ ਜੋ ਆਪਣੀਆਂ ਅੱਖਾਂ ਦੇ ਅੰਦਰੋਂ ਵੇਖਦਾ ਹੈ ਉਹੀ ਕੁਝ ਉਸਨੂੰ ਗੁਰੂ ਦੇ ਦੀਦਾਰ ਕਰਨ ਨਾਲ ਦਿਸਦਾ ਹੈ। ਜੋ ਸਖਬਦ ਰਾਹੀਂ ਉਚਾਰਿਆ ਜਾਂਦਾ ਹੈ ਉਹ ਵਿਚਾਰ ਗੁਰਮੁਖ ਦੀ ਸੁਰਤ ਵਿਚੋਂ ਨਿਕਲਦਾ ਹੈ। ਗੁਰੂ ਦੇ ਚਰਨ ਕਮਲ ਅੰਦਰ ਜੋ ਪ੍ਰੇਮ ਵਾਸ਼ਨਾ ਹੈ, ਗੁਰਮੁਖ ਦਾ ਮਨ ਉਸਨੂੰ ਭਉਰੇ ਵਾਂਗ ਚਰਨਾਂ ਉਪਰ ਮੰਡਲਾ ਕੇ ਪਰਾਪਤ ਕਰਦਾ ਹੈ। ਜਦ ਗੁਰਮੁਖ ਸਾਧ ਸੰਗਤ ਵਿਚ ਸ਼ਾਮਲ ਹੁੰਦਾ ਹੈ ਭਾਵ ਗੁਰਮੁਖ ਨੂੰ ਸਾਧ ਸੰਗਤ ਦਾ ਸੰਜੋਗ ਮਿਲਦਾ ਹੈ ਤਾਂ ਫਿਰ ਗੁਰਮੁਖ ਕਦੇ ਵੀ ਵਿਜੋਗੀ ਨਹੀਂ ਹੁੰਦਾ। ਜਿਵੇਂ ਗੁਰਮਤ ਵਿਚ ਆਪਣਾ ਚਿਤ ਲਾਉਂਦਾ ਹੈ ਤਾਂ ਉਸਦਾ ਚਿਤ ਵੀ ਗੁਰਮਤ ਜਿਹਾ ਹੀ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਪਾਰਬ੍ਰਹਮ, ਪੂਰਨ ਬ੍ਰਹਮ ਅਤੇ ਸਤਿਗੁਰ ਇਹ ਤਿੰਨੇ ਇਕ ਪ੍ਰਮਾਤਮਾਂ ਦੇ ਹੀ ਰੂਪ ਹਨ।

----

## ਵਾਰ 9

*ਪਉੜੀ 12 (ਈਸ਼ਵਰੀਯ ਗੁਣ)*

ਅਖੀ ਅੰਦਰਿ ਦਿਸਟਿ ਹੋਇ ਨਕਿ ਸਾਹੁ ਸੰਜੋਈ।
ਕੰਨਾਂ ਅੰਦਰਿ ਸੋਰਤਿ ਹੋਇ ਜੀਭ ਸਾਦੁ ਸਮੋਈ।
ਹਥੀ ਕਿਰਤਿ ਕਮਾਵਣੀ ਪੈਰ ਪੰਥੁ ਸਸਥੋਈ।
ਗੁਰਮੁਖਿ ਸੁਖ ਫਲੁ ਪਾਇਆ ਮਤਿ ਸਬਦਿ ਵਿਲੋਈ।
ਪਰਕਿਰਤੀ ਹੂ ਬਾਹਰਾ ਗੁਰਮੁਖਿ ਵਿਰਲੋਈ।
ਸਾਧਸੰਗਤਿ ਚੰਨਣ ਬਿਰਖੁ ਮਿਲਿ ਚੰਨਣੁ ਹੋਈ ॥12॥

---

*ਸੰਜੋਈ: ਪਾਈ। ਸਥੋਈ: ਸਾਥੀ। ਵਿਲੋਈ: ਰਿੜਕ ਕੇ। ਪਰਕਿਰਤੀ: ਕੁਦਰਤ ਏਥੇ ਮਾਇਆ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਪ੍ਰਮਾਤਮਾਂ ਨੇ ਅੱਖ਼ਾਂ ਅੰਦਰ ਦ੍ਰਿਸ਼ਟੀ ਦੀ ਸੁਰਤ ਅਤੇ ਨੱਕ ਰਾਹੀਂ ਸਵਾਸ ਲੈਣ ਦੀ ਕਿਰਿਆ ਪਾਈ ਹੈ। ਕੰਨਾਂ ਵਿਚ ਗਿਆਨ ਵਿਚਾਰ ਸੁਣਨ ਦੀ, ਜੀਭ ਵਿਚ ਸਵਾਦ ਚੱਖਣ ਦੇ ਗੁਣ ਪਾਏ ਹਨ। ਹੱਥਾਂ ਨਾਲ ਦਸਾਂ ਨੌਂਹਾਂ ਦੀ ਕ੍ਰਿਤ ਕਰਨ ਦੀ ਆਦਤ ਅਤੇ ਪੈਰਾਂ ਰਾਹੀਂ ਸਤ ਸੰਗਤ ਵਿਚ ਜਾਣ ਦਾ ਹੁਨਰ ਹੁੰਦਾ ਹੈ। ਸ਼ਬਦ ਨੂੰ ਆਪਣੀ ਸੱਚੀ ਸਮਝ ਅਨੁਸਾਰ ਵਿਚਾਰ ਕੇ ਗੁਰਮੁਖਾਂ ਨੇ ਸੁਖ ਫਲ ਪਾਇਆ ਹੈ। ਭਾਈ ਗੁਰਦਾਸ ਜੀ ਦਸਦੇ ਹਨ ਕਿ ਪਰਮਾਰਥ ਤੋਂ ਬਾਹਰ ਕੋਈ ਵਿਰਲਾ ਹੀ ਗੁਰਮੁਖ ਹੁੰਦਾ ਹੈ ਅਤੇ ਸਾਧ ਸੰਗਤ ਰੂਪੀ ਚੰਦਨ ਦੇ ਬੂਟੇ ਨਾਲ ਮਿਲਕੇ ਗੁਰਮੁਖ ਆਪ ਗਿਆਨ ਚੰਦਨ ਬਣ ਕੇ ਲੋਕਾਂ ਨੂੰ ਇਕ ਪ੍ਰਮਾਤਮਾਂ ਦੇ ਭੇਦਾਂ ਬਾਰੇ ਦਸਣ ਵਾਸਤੇ ਸਮਰੱਥ ਹੋ ਜਾਂਦਾ ਹੈ।

----

## ਵਾਰ 9

### *ਪਉੜੀ 13 (ਵਾਹਿਗੁਰੂ ਮੰਤ੍ਰ)*

ਅਬਿਗਤ ਗਤਿ ਅਬਿਗਤ ਦੀ ਕਿਉ ਅਲਖੁ ਲਖਾਏ।
ਅਕਥ ਕਥਾ ਹੈ ਅਕਥ ਦੀ ਕਿਉ ਆਖਿ ਸੁਣਾਏ।
ਅਚਰਜ ਨੋ ਆਚਰਜੁ ਹੈ ਹੈਰਾਣ ਕਰਾਏ।
ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਸਮਾਏ।
ਵੇਦੁ ਨ ਜਾਣੈ ਭੇਦੇ ਕਿਹੁ ਸੇਸਨਾਗੁ ਨ ਪਾਏ।
ਵਾਹਿਗੁਰੂ ਸਾਲਾਹਣਾ ਗੁਰੁ ਸਬਦੁ ਅਲਾਏ ॥13॥

---

*ਅਬਿਗਤ: ਜਿਸ ਦੀ ਗਤੀ ਕਹੀ ਨਾ ਜਾਵੇ। ਵਿਸਮਾਦੁ: ਅਸਚਰਜ। ਅਲਾਏ: ਅਲਾਪ ਕਰੇ, ਬੋਲੇ।*

ਪ੍ਰਮਾਤਮਾਂ ਅਬਿਗਤ ਭਾਵ ਕਿਸੇ ਗਤੀ ਰਹਿਤ ਹੈ, ਅਚਲ ਹੈ ਇਸ ਕਰਕੇ ਉਸ ਪ੍ਰਮਾਤਮਾਂ ਬਾਰੇ ਕਿਵੇਂ ਕੋਈ ਕੁਝ ਦਸ ਸਕਦਾ ਹੈ। ਅਕੱਥ ਪ੍ਰਮਾਤਮਾਂ ਦੀ ਕਥਾ ਵੀ ਅਕੱਥ ਹੈ, ਕੋਈ ਉਸਦੀ ਕਥਾ ਕੌਣ ਸੁਣਾ ਸਕਦਾ ਹੈ? ਰੱਬ ਏਨਾਂ ਅਚਰਜ ਤੋਂ ਅਚਰਜ ਹੈ ਕਿ ਕਹਿਣ ਵਾਲੇ ਹੈਰਾਨ ਰਹਿ ਜਾਂਦੇ ਹਨ ਕਿ ਕਿਵੇਂ ਕੁਝ ਆਖਿਆ ਜਾ ਸਕੇ? ਜਿਹੜੇ ਗੁਰਮੁਖ ਵਿਸਮਾਦ ਤੋਂ ਵਿਸਮਾਦ ਰੂਪ ਧਾਰ ਕੇ ਭਾਵ ਉਸੇ ਰੂਪ ਦੇ ਹੋ ਗਏ ਹਨ ਅਤੇ ਹੋਰ ਕੌਣ ਉਸਦਾ ਆਦਿ ਅਤੇ ਅੰਤ ਦਸ ਸਕਦਾ ਹੈ? ਚਾਰੇ ਵੇਦਜਿਵੇਂ ਹਿੰਦੂ ਧਰਮ ਦੇ ਪ੍ਰਧਾਨ ਧਰਮ ਗ੍ਰੰਥ ਜਿਵੇਂ ਰਿਗ-ਵੇਦ, ਯਜੁਰ ਵੇਦ, ਸਾਮ ਵੇਦ ਅਤੇ ਅਥਰਵ ਵੇਦ ਆਦਿ, ਪ੍ਰਮਾਤਮ ਬਾਰੇ ਕੁਜ ਪ੍ਰਮਾਣ ਨਹੀਂ ਦਿੰਦੇ, ਸ਼ੇਸ਼ ਨਾਗ ਜਿਸ ਕੋਲ ਦੁਨੀਆਂ ਭਸਮ ਕਰਨ ਦੀ ਤਾਕਤ ਹੈ ਉਹ ਵੀ ਉਸ ਪ੍ਰਮਾਤਮਾਂ ਬਾਰੇ ਕੁਝ ਨਹੀਂ ਜਾਣਦਾ? ਭਾਈ ਗੁਰਦਾਸ ਜੀ ਇਕ ਪ੍ਰਮਾਤਮਾਂ ਦੇ ਭੇਦ ਜਾਣਨ ਵਾਸਤੇ ਲਿਖਦੇ ਹਨ ਕਿ ਗੁਰ-ਸ਼ਬਦ ਭਾਵ 'ਵਾਹਿਗੁਰੂ' ਦਾ ਅਭਿਆਸ ਕਰੋ। ਇਕ ਪ੍ਰਮਾਤਮਾਂ ਦੀ ਗੁਰ ਮੰਤ੍ਰ ਦੁਆਰਾ ਸ਼ਲਾਘਾ ਕਰਕੇ ਉਸਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਭਾਈ ਗੁਰਦਾਸ ਜੀ ਨੇ ਸਿੱਖੀ ਦਾ ਇਕ ਬਹੁਤ ਵੱਡਾ ਸੰਦੇਸ਼ ਪਾਠਕਾਂ ਨੂੰ ਦਸਿਆ ਹੈ।

## ਵਾਰ 9

*ਪਉੜੀ 14 (ਗੁਰਮੁਖ ਦੇ ਗੁਣ)*

ਲੀਹਾ ਅੰਦਰਿ ਚਲੀਐ ਜਿਉ ਗਾਡੀ ਰਾਹੁ।
ਹੁਕਮਿ ਰਟਜਾਈ ਚਲਣਾ ਸਾਧਸੰਗਿ ਨਿਵਾਹੁ।
ਜਿਉ ਧਨ ਸੋਘਾ ਰਖਦਾ ਘਰਿ ਅੰਦਰਿ ਸਾਹੁ।
ਜਿਉ ਮਿਰਜਾਦ ਨ ਛਡਈ ਸਾਇਰੁ ਅਸਗਾਹੁ।
ਲਤਾ ਹੇਠਿ ਲਤਾੜੀਐ ਅਜਰਾਵਰੁ ਘਾਹੁ।
ਧਰਮਸਾਲ ਹੈ ਮਾਨਸਰੁ ਹੰਸ ਗੁਰਸਿਖ ਵਾਹੁ।
ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ ॥14॥

---

*ਲੀਹਾਂ: ਗੱਡੀ ਦੇ ਪਹੀਆਂ ਦੀਆਂ ਲੀਕਾਂ। ਸੋਘਾ: ਸੋਘਾ ਹੋ ਕੇ, ਹੁਸ਼ਿਆਰੀ ਨਾਲ, ਸਾਂਭਣਾ। ਸਾਇਰੁ: ਸਾਗਰ, ਸਮੁੰਦਰ। ਅਸਗਾਹੁ: ਬਹੁਤ ਡੂੰਘਾ। ਅਜਰਾਵਰੁ: ਜਰਨ ਵਾਲਾ। ਨਿਵਾਹੁ: ਨਿਰਬਾਹ ਕਰਨਾ। ਮਿਰਜਾਦ: ਮਰਿਆਦਾ।*

ਜਿਵੇਂ ਗੱਡੀ ਰਸਤੇ ਉਪਰ ਲੀਹਾਂ ਅਨੁਸਾਰ ਹੀ ਚਲਦੀ ਹੈ ਗੁਰਮੁਖ ਤਿਵੇਂ ਦਿਆਲੂ ਪ੍ਰਮਾਤਮਾਂ ਦੀ ਮਰਜੀ ਅਨੁਸਾਰ ਉਸਦੇ ਹੁਕਮ ਮੁਤਾਬਕ ਸਾਧ ਸੰਗਤ ਵਿਚ ਨਿਰਬਾਹ ਕਰਦੇ ਹਨ। ਜਿਵੇਂ ਕੋਈ ਸ਼ਾਹੂਕਾਰ ਘਰ ਅੰਦਰ ਆਪਣੇ ਧਨ ਨੂੰ ਸਾਂਭ ਕੇ ਰਖਦਾ ਹੈ। ਜਿਵੇਂ ਅਥਾਹ ਭਾਵ ਡੂੰਘਾ ਸਮੁੰਦਰ ਆਪਣੀ ਮਰਿਆਦਾ ਨੂੰ ਨਹੀ ਭੰਗ ਕਰਦਾ ਭਾਵ ਜੋ ਜਲ ਵਾਸਤੇ ਕੁਦਰਤ ਦੇ ਨੇਮ ਹਨ ਉਹ ਡੂੰਘਾ ਹੁੰਦਾ ਹੋਇਆ ਵੀ ਨਹੀਂ ਤਿਆਗਦਾ। ਜਿਵੇਂ ਅਜਰਾਵਰ ਭਾਵ ਜਰਨ ਵਾਲਾ ਘਾਹ ਭਾਵੇਂ ਮਿਧਿਆ ਜਾਂਦਾ ਹੈ ਪਰ ਮੁੜ ਮੁੜ ਖਿੜਨ ਵਾਲਾ ਆਪਣਾ ਸੁਭਾ ਨਹੀਂ ਛੱਡਦਾ। ਪਵਿਤਰ ਮਾਨਸਰੋਵਰ ਝੀਲ ਜਿਹੜੀ ਸੁਮੇਰ ਪ੍ਰਬਤ ਉਪਰ ਹੈ, ਉਸ ਵਾਂਗ ਹੀ ਪਵਿਤਰ ਧਰਮਸਾਲ ਭਾਵ ਸਤਸੰਗ ਹੈ, ਜਿਸ ਵਿਚੋਂ ਗੁਰਮੁਖ ਗਿਆਨ ਦੇ ਮੋਤੀ ਹੰਸਾਂ ਵਾਂਗ ਚੁਗਦਾ ਹੈ। ਗੁਰਾਂ ਦੇ ਸ਼ਬਦ ਰਤਨ ਪਦਾਰਥ ਹੁੰਦੇ ਹਨ ਅਤੇ ਗੁਰਮੁਖ ਉਸਨੂੰ ਖਾਂਦੇ ਹਨ ਭਾਵ ਕੀਰਤਨ ਕਰਦੇ ਹਨ।

----

## ਵਾਰ 9

*ਪਉੜੀ 15 (ਚੰਨਣਾਦਿ ਦ੍ਰਿਸ਼ਟਾਂਤ)*

ਚਨਣੁ ਜਿਉ ਵਣ ਖੰਡ ਵਿਚਿ ਉਹ ਆਪੁ ਲੁਕਾਏ।
ਪਾਰਸੁ ਅੰਦਰਿ ਪਰਬਤਾਂ ਹੋਇ ਗੁਪਤ ਵਲਾਏ।
ਸਤ ਸਮੁੰਦਰ ਮਾਨਸਰੁ ਨਹਿ ਅਲਖੁ ਲਖਾਏ।
ਜਿਉ ਪਰਛਿੰਨਾ ਪਾਰਜਾਤੁ ਨਹਿ ਪਰਗਟੀ ਆਏ।

ਜਿਉ ਜਗਿ ਅੰਦਰਿ ਕਾਮਧੇਨੁ ਨਹਿ ਆਪੁ ਜਣਾਏ।
ਸਤਿਗੁਰ ਦਾ ਉਪਦੇਸੁ ਲੈ ਕਿਉ ਆਪੁ ਗਣਾਏ ॥15॥

---

*ਵਣ ਖੰਡ: ਵਣਦ ਿਕਿਸੇ ਹਿਸੇ ਅੰਦਰ। ਵਲਾਏ: ਸਮਾਂ ਬਤੀਤ ਕਰਦਾ ਹੈ। ਪਰਛਿੰਨਾ: ਲੁਕਿਆ। ਪਾਰਜਾਤੁ: ਕਲਪ ਬ੍ਰਿਛ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਚੰਦਨ ਦਾ ਰੁਖ ਵਣ-ਖੰਡ ਭਾਵ ਜੰਗਲਾਂ ਵਿਚ ਹੁੰਦਾ ਹੈ। ਪਾਰਸ ਪਰਬਤਾਂ ਹੇਠਾਂ ਦਬਿਆ ਹੋਇਆ ਆਪਣਾ ਸਮਾਂ ਲੰਘਾਉਂਦਾ ਹੈ। ਸੱਤਾਂ ਸਮੁੰਦਰਾਂ ਵਾਂਗ ਇਕ ਮਾਨਸਰੋਵਰ ਵੀ ਹੈ ਜਿਹੜਾ ਆਪਣੇ ਆਪ ਨੂੰ ਗਿਆਉਂਦਾ ਨਹੀਂ ਕਿ ਮੈਂ ਵੀ ਇਕ ਧਾਰਾ ਹਾਂ। ਜਿਵੇਂ ਪਰਛਿੰਨਾ ਭਾਵ ਕਲਪ ਬ੍ਰਿਛ ਪ੍ਰਗਟ ਨਹੀਂ ਹੁੰਦਾ। ਜਿਵੇਂ ਕਲਜੁਗ ਵਿਚ ਕਾਮਧੇਨ ਗਾਉ ਹੈ ਪਰ ਆਪਾ ਜਾਹਰ ਨਹੀਂ ਕਰਦੀ। ਜਿਨਾਂ ਗੁਰਮੁਖਾਂ ਨੇ ਆਪਣੇ ਸਤਿਗੁਰਾਂ ਤੋਂ ਗਿਆਨ ਲਿਆ ਹੋਇਆ ਹੈ ਫਿਰ ਉਹ ਕਿਉਂ ਕਿਸੇ ਕੋਲ ਆਪਣਾ ਆਪਾ ਦਸਣ ਭਾਵ ਗੁਰਮੁਖ ਆਪਣਾ ਆਪਾ ਗਵਾ ਲੈਂਦੇ ਹਨ।

----

## ਵਾਰ 9

*ਪਉੜੀ 16 (ਗੁਰ ਚੇਲਾ, ਚੇਲਾ ਗੁਰੂ)*

ਦੋਇ ਦੁਇ ਅਖੀ ਆਖੀਅਨਿ ਇਕੁ ਦਰਸਨੁ ਦਿਸੈ।
ਦੁਇ ਦੁਇ ਕੰਨਿ ਵਖਾਣੀਅਨਿ ਇਕ ਸੁਰਤਿ ਸਲਿਸੈ।
ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ।
ਇਕ ਜੋਤਿ ਦੁਇ ਮੂਰਤੀ ਇਕ ਸਬਦੁ ਸਰਿਸੈ।
ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ ॥16॥

---

*ਸਲਿਸੈ: ਮਾਣਦਾ ਹੈ, ਲੈਂਦੇ ਹਨ। ਸਰਿਸੈ: ਸਮਾਨ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਹਰ ਮਨੁਖ ਦੀਆਂ ਦੋ ਦੋ ਅੱਖਾਂ ਹੁੰਦੀਆਂ ਹਨ ਪਰ ਅੱਖਾਂ ਸਿਰਫ ਇਕ ਦਰਸਨ ਵਾਸਤੇ ਹੀ ਹਨ। ਹਰ ਮਨੁਖ ਦੇ ਦੋ ਦੋ ਕੰਨ ਹੁੰਦੇ ਹਨ ਪਰ ਉਹ ਦੋਨਾਂ ਕੰਨਾਂ ਵਿਚ ਸਿਰਫ ਇਕ ਆਵਾਜ ਹੀ ਪੈਂਦੀ ਹੈ। ਨਦੀਆਂ ਦੇ ਦੋ ਦੋ ਕਿਨਾਰੇ ਹੁੰਦੇ ਹਨ ਪਰ ਦੋਨੇ ਕਿਨਾਰੇ ਪਾਰਾਵਾਰ ਭਾਵ ਇਕ ਦੂਜੇ ਦੇ ਵਿਰੁੱਧ ਹੁੰਦੇ ਹਨ ਪਰ ਵਿਚਕਾਰ ਪਾਣੀ ਇਕ ਹੀ ਚਲਦਾ ਹੈ। ਸ਼ਬਦ ਸੁਰਤ ਇਕ ਹੈ ਅਤੇ ਹਰ ਸਿਖ ਦਾ ਸਿਧਾ ਹੁੰਦਾ ਹੈ। ਜਿਵੇਂ ਸਿਖ ਗੁਰੂਆਂ ਵਲੋਂ ਮਰਿਆਦਾ ਤੋਰੀ ਗਈ ਹੈ ਕਿ ਪਹਿਲਾਂ ਗੁਰੂ ਆਪ ਚੇਲਾ ਹੁੰਦਾ ਹੈ ਪਰ ਗੁਰਿਆਈ ਮਿਲਣ ਉਪ੍ਰੰਤ ਉਹ ਆਪ ਗੁਰੂ ਬਣ ਜਾਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਹ ਭੇਦ ਮਨਮੁਖਾਂ ਨੂੰ ਕੋਈ ਕਿਵੇਂ ਸਮਝਾਵੇ?

## ਵਾਰ 9
*ਪਉੜੀ 17 (ਗੁਰੂ-ਚੇਲੇ ਦਾ ਕੰਮ)*

ਪਹਿਲੇ ਗੁਰਿ ਉਪਦੇਸ ਦੇ ਸਿਖ ਪੈਰੀ ਪਾਏ।
ਸਾਧਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ।
ਭਾਇ ਭਗਤਿ ਭੈ ਸੇਵਦੇ ਗੁਰਪੁਰਬ ਕਰਾਏ।
ਸਬਦ ਸੁਰਤਿ ਲਿਵ ਕੀਰਤਨੁ ਸਚਿ ਮੇਲਿ ਮਲਾਏ।
ਗੁਰਮੁਖਿ ਮਾਰਗੁ ਸਚ ਦਾ ਸਚੁ ਪਾਰਿ ਲੰਘਾਏ।
ਸਾਚੇ ਮਿਲੈ ਸਾਚਿਆਰ ਨੋ ਮਿਲਿ ਆਪੁ ਗਵਾਗਏ ॥17॥

---

*ਭਾਇ ਭਗਤਿ: ਭਉ ਭਗਤੀ। ਮਾਰਗੁ: ਗੁਰਮੁਖਾ ਦਾ ਰਸਤਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਪਹਿਲਾਂ ਆਪਣੀ ਚਰਨੀ ਝੁਕਾ ਕੇ ਉਪਦੇਸ਼ ਦਿੰਦੇ ਹਨ। ਸਾਧ ਸੰਗਤ ਅੰਦਰ ਬਿਠਾ ਕੇ ਧਰਮ ਦੀ ਸਾਲਾ ਭਾਵ ਸਮਝਾ ਕੇ ਸੇਵਾ ਅੰਦਰ ਲਾਉਂਦੇ ਹਨ। ਸਿਖ ਪ੍ਰੇਮਾਂ ਭਗਤੀ ਨਾਲ ਟਹਿਲ ਸੇਵਾ ਕਰਦੇ ਅਤੇ ਗੁਰਮੁਖ ਗੁਰਪੁਰਬ ਮਨਾਉਂਦੇ ਹਨ।ਸ਼ਬਦ ਸੁਰਤ ਅਤੇ ਕੀਰਤਨ ਰਾਹੀਂ ਇਕ ਸੱਚੇ ਦੇ ਦਰਬਾਰ ਵਿਚ ਸਿਖ ਮਿਲਦੇ ਹਨ। ਗੁਰਮੁਖਾਂ ਦਾ ਰਸਤਾ ਸੱਚ ਵਾਲਾ ਹੈ ਅਤੇ ਸੱਚ ਨੂੰ ਸਾਰੀ ਜਿੰਦਗੀ ਤੱਕ ਬੋਲਦੇ ਹਨ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਇਕ ਸਚਿਆਰ ਨੂੰ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਕਮਾਈ ਨਾਲ ਗੁਰਮੁਖ ਆਪਣੇ ਆਪ ਵਿਚੋਂ ਹੰਕਾਰ ਤਿਆਗ ਦਿੰਦਾ ਹੈ ਭਾਵ ਆਪਾ ਗਵਾ ਲੈਂਦਾ ਹੈ।

## ਵਾਰ 9
*ਪਉੜੀ 18 (ਚਰਨਾਂ ਤੋਂ ਨਿਮ੍ਰਤਾ ਦਾ ਉਪਦੇਸ਼)*

ਸਿਰ ਉਚਾ ਨੀਵੇਂ ਚਰਣ ਸਿਰਿ ਪੈਰੀ ਪਾਂਦੇ।
ਮੁਹੁ ਅਖੀ ਨਕੁ ਕੰਨ ਹਥ ਦੇਹ ਭਾਰ ਉਚਾਂਦੇ।
ਸਭ ਚਿਹਨ ਛਡਿ ਪੂਜੀਅਨਿ ਕਉਣੁ ਕਰਮ ਕਮਾਂਦੇ।
ਗੁਰ ਸਰਣੀ ਸਾਧਸੰਗਤੀ ਨਿਤ ਚਲਿ ਚਲਿ ਜਾਂਦੇ।
ਵਤਨਿ ਪਰਉਪਕਾਰ ਨੋ ਕਰਿ ਪਾਗਰਿ ਵਸਾਂਦੇ।
ਮੇਰੀ ਖਲਹੁ ਮੌਜੜੇ ਗੁਰਸਿਖ ਹਢਾਂਦੇ।
ਮਸਦਤਕ ਲਗੇ ਸਾਧ ਰੇਣੁ ਵਡਭਾਗਿ ਜਿਨ੍ਹਾਂ ਦੇ ॥18॥

---

*ਉਚਾਂਦੇ: ਚੁਕਦੇ ਹਨ। ਵਤਨਿ: ਤੁਰਦੇ ਹਨ। ਮੌਜੜੇ: ਜੁੱਤੀਆਂ। ਰੇਣੁ: ਧੂੜੀ। ਖਲਹੁ: ਚਮੜੀ। ਨਿੰਮ੍ਰੀ ਭੂਤ: ਨਿਰਮਲੇ।*

ਭਾਈ ਗੁਰਦਾਸ ਜੀ ਪਹਿਲੀਆਂ ਤਿੰਨ ਸਤਰਾਂ ਰਾਹੀਂ ਪ੍ਰਸ਼ਨ ਉਠਾਉਂਦੇ ਹਨ ਅਤੇ ਉਨ੍ਹਾਂ ਤੋਂ ਅਗਲੀਆਂ ਦੋ ਤੁਕਾਂ ਰਾਹੀਂ ਜਵਾਬ ਦਿੰਦੇ ਹਨ ਅਤੇ ਆਖਰੀ ਦੋ ਪੰਗਤੀਆਂ ਰਾਹੀਂ ਉਹ ਆਪਣੇ ਮਨ ਦੀ ਇੱਛਾ ਪ੍ਰਗਟ ਕਰਦੇ ਹਨ। ਭਾਈ ਗੁਰਦਾਸ ਜੀ ਪ੍ਰਸ਼ਨ ਕਰਦੇ ਹਨ ਕਿ ਸਿਰ ਉਚਾ ਹੈ ਅਤੇ ਪੈਰ ਨੀਵੇਂ ਹਨ ਪਰ ਸਿਰ ਪੈਰਾਂ ਉਪਰ ਹੀ ਕਿਉਂ ਡਿਗਦਾ ਹੈ। ਮੂੰਹ, ਅੱਖਾਂ ਨੱਕ ਕੰਨ ਹੱਥ ਅਤੇ ਸਾਰੀ ਦੇਹ ਦਾ ਭਾਰ ਵੀ ਪੈਰ ਹੀ ਚੁੱਕਦੇ ਹਨ।ਪੈਰ ਸਾਰੇ ਅੰਗਾਂ ਵਾਂਗ ਕੀ ਕਾਰਜ ਕਰਦੇ ਹਨ ਪਰ ਪੂਜਾ ਪੈਰਾਂ ਦੀ ਹੀ ਕੀਤੀ ਜਾਂਦੀ ਹੈ। ਪੈਰ ਗੁਰੂ ਦੀ ਸ਼ਰਣ ਅਰਥਾਤ ਸਤਸੰਗ ਵਿਚ ਨਿੱਤ ਤੁਰ ਤੁਰ ਜਾਂਦੇ ਹਨ। ਪੈਰ ਹੀ ਪਰਉਪਕਾਰ ਕਰਨ ਵਾਸਤੇ ਤੁਰਕੇ ਜਾਂਦੇ ਹਨ ਪਰ ਅੱਕਦੇ ਥੱਕਦੇ ਨਹੀਂ ਹਨ। ਭਾਈ ਗੁਰਦਾਸ ਜੀ ਆਪਣੀ ਇੱਛਾ ਪ੍ਰਗਟ ਕਰਦੇ ਹਨ ਕਿ ਮੇਰੀ ਖੱਲ ਦੀਆਂ ਜੁੱਤੀਆਂ ਬਣਾਈਆਂ ਜਾਣ ਜਿਨ੍ਹਾਂ ਨੂੰ ਪੈਰੀਂ ਪਾ ਕੇ ਗੁਰਮੁਖ ਹੰਡਾਉਂਣ। ਗੁਰਮੁਖਾਂ ਦੇ ਪਵਿਤ੍ਰ ਚਰਨਾਂ ਦੀ ਧੂੜ ਉਨ੍ਹਾਂ ਮਸਤਕਾਂ ਉਪਰ ਲਗਦੀ ਹੈ ਜਿਨ੍ਹਾਂ ਚੰਗੇ ਭਾਗ ਹੁੰਦੇ ਹਨ।

----

## ਵਾਰ 9

*ਪਉੜੀ 19 (ਧਰਤੀ ਤੋਂ ਉਪਦੇਸ਼)*

ਜਿਉ ਧਰਤੀ ਧੀਰਜ ਧਰਮੁ ਮਸਕੀਨੀ ਮੂੜੀ।
ਸਭਦੂੰ ਨੀਵੀਂ ਹੋਇ ਰਹੀ ਤਿਸ ਮਣੀ ਨ ਕੂੜੀ।
ਕੋਈ ਹਰਿ ਮੰਦਰੁ ਕਰੈ ਕੋ ਕਰੈ ਅਰੂੜੀ।
ਜੇਹਾ ਬੀਜੈ ਸੋ ਲੁਣੈ ਫਲ ਅੰਬ ਲਸੂੜੀ।
ਜੀਵਦਿਆਂ ਮਰਿ ਜੀਵਣਾ ਜੁੜਿ ਗੁਰਮੁਖਿ ਜੁੜੀ।
ਲਤਾਂ ਹੇਠਿ ਲਤਾੜੀਐ ਗਤਿ ਸਾਧਾਂ ਧੂੜੀ ॥19॥

---

*ਮੂੜੀ: ਪੂੰਜੀ, ਰਾਸ। ਮਣੀ: ਮਨੌਤ। ਨਾ ਕੂੜੀ: ਝੂਠੀ ਨਹੀਂ ਭਾਵ ਸੱਚੀ ਹੈ। ਜੁੜੀ: ਜੋੜ ਹੋਣਾ। ਧੂੜੀ: ਧਰਤੀ। ਅਰੂੜੀ: ਰੂੜੀ ਦੇ ਢੇਰ।*

ਭਾਈ ਗੁਰਦਾਸ ਜੀ ਸੰਤਾਂ ਦੇ ਸੁਭਾ, ਆਦਰਸ਼ ਆਦਿ ਨੂੰ ਧਰਤੀ ਸਮਾਨ ਦਸਦੇ ਹਨ ਜਿਵੇਂ ਧਰਤੀ ਧਰਮ ਦੀ ਅਤੇ ਗਰੀਬੀ ਵਾਲੀ ਮੂੜੀ ਭਾਵ ਪੂੰਜੀ ਹੈ। ਧਰਤੀ ਸਾਰਿਆਂ ਨਾਲੋਂ ਨੀਵੀਂ ਹੀ ਉਸਦੀ ਇਸ ਨਿਮ੍ਰਤਾ ਦੀ ਮਨੌਤ ਕੀਤੀ ਜਾਂਦੀ ਹੈ। ਇਸ ਧਰਤੀ ਉਪਰ ਕੋਈ ਹਰਮੰਦਰ ਬਣਾਵੇ, ਕੋਈ ਢੇਰ ਲਗਾਵੇ ਜਿਵੇਂ ਕੋਈ ਅੰਬ ਦਾ ਦਰੱਖਤ ਜਾਂ ਲਸੂੜੀ ਬੀਜਦਾ ਹੈ ਉਹ ਉਸੇ ਤਰ੍ਹਾਂ ਦੇ ਫਲ ਤੋੜਦਾ ਹੈ। ਧਰਤੀ ਨੂੰ ਕੋਈ ਪੁੱਟੇ ਜਾਂ ਕੋਈ ਉਸ ਉਪਰ ਚੰਦਨ ਛਿੜਕੇ, ਇਨ੍ਹਾਂ ਦੋਨਾਂ ਹਾਲਤਾਂ ਵਿਚ ਕਿਸੇ ਨੂੰ ਕੁਝ ਨਹੀਂ ਕਹਿੰਦੀ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਅਜਿਹੇ ਹੀ ਗੁਰੂ ਦੇ ਸਿਖ ਹੁੰਦੇ ਹਨ। ਗੁਰਮੁਖ ਸਤ ਸੰਗਤ ਵਿਚ ਜਾ ਕੇ ਆਪਣਾ ਆਪਾ ਗਵਾ ਲੈਂਦੇ ਹਨ ਭਾਵ ਜੀਵਦਿਆਂ ਮਰਿ ਜੀਵਣਾ ਸਤ ਸੰਗਤ ਕਰਨੀ ਉਨ੍ਹਾਂ

ਦਾ ਕਰਮ ਹੁੰਦਾ ਹੈ। ਸਾਧਾ ਦੇ ਚਰਨਾਂ ਦੀ ਨਿਰਮਲ ਧੂੜੀ ਸਾਧਾ ਦੇ ਸੱਚੇ ਕਾਰਜਾਂ ਵਾਂਗ ਨਿਰਮਲ ਭਾਵ ਨਿੰਮ੍ਰੀ ਭੂਤ ਹੁੰਦੀ ਹੈ।

----

ਵਾਰ 9

*ਪਉੜੀ 20 (ਜਲ ਤੋਂ ਉਪਦੇਸ਼)*

ਜਿਉ ਪਾਣੀ ਨਿਵਿ ਚਲਦਾ ਨੀਵਾਣਿਚ ਚਲਾਇਆ।
ਸਭਨਾ ਰੰਗਾਂ ਨੋ ਮਿਲੈ ਰਲਿ ਜਾਇ ਰਲਾਇਆ।
ਪਰਉਪਕਾਰ ਕਮਾਂਵਦਾ ਉਨਿ ਆਪੁ ਗਵਾਇਆ।
ਕਾਠੁ ਨ ਡੋਬੈ ਪਾਲਿ ਕੈ ਸੰਗਿ ਲੋਹੁ ਤਰਾਇਆ।
ਵੁਠੇ ਮੀਹ ਸੁਕਾਲੁ ਹੋਇ ਰਸ ਕਸ ਉਪਜਇਆ।
ਜੀਵਦਿਆ ਮਰਿ ਸਾਧ ਹੋਇ ਸਫਲਿਓ ਜਗਿ ਅਇਆ ।।20।।

---

*ਨੀਵਾਣਿ: ਨੀਵੀਂ ਥਾਂ। ਕਾਠੁ: ਲੱਕੜੀ। ਵੁਠੇ: ਵਰਸਣਿ ਨਾਲ। ਸੁਕਾਲੁ: ਸੌਖਾ, ਆਸਾਨ।*

ਜਿਵੇਂ ਪਾਣੀ ਨੀਵਾਣਾਂ ਵੱਲ ਹੀ ਚਲਦਾ ਹੈ ਤਿਵੇਂ ਹੀ ਨਿਵਣ ਦਾ ਸਿਖੀ ਸਿਧਾਂਤ ਹੈ। ਜੋ ਗੁਰਮੁਖ ਦੇ ਸੰਗੀ ਸਾਥੀ ਹੁੰਦੇ ਹਨ ਉਨ੍ਹਾਂ ਨੂੰ ਵੀ ਗੁਰਮੁਖ ਨਿਮ੍ਰਤਾ ਦਾ ਹੀ ਪਾਂਠ ਪੜ੍ਹਾਉਂਦਾ ਹੈ। ਜਿਵੇਂ ਪਾਣੀ ਸਾਰਿਆਂ ਰੰਗਾਂ ਵਿਚ ਰਲਾਇਆ ਰਲ ਜਾਂਦਾ ਹੈ ਤਿਵੈਂ ਗੁਰਮੁਖ ਹਰ ਰੰਗ ਵਿਚ ਰੱਬ ਦੀ ਰਜ਼ਾ ਅੰਦਰ ਰਹਿੰਦੇ ਹਨ ਅਤੇ ਪਾਣੀ ਵਾਂਗ ਆਪਾ ਭਾਵ ਗਵਾ ਕੇ ਸਾਰਿਆਂ ਉਪਰ ਪਰਉਪਕਾਰ ਕਰਦੇ ਹਨ। ਪਾਣੀ ਹੀ ਲੱਕੜੀ ਨੂੰ ਪਾਲਦਾ ਹੈ ਪਰ ਜਦ ਲੱਕੜੀ ਪਾਣੀ ਵਿਚ ਡਿਗਦੀ ਹੈ ਉਸ ਲਏਕੜੀ ਨੂੰ ਪਾਣੀ ਕਦੇ ਡੋਬਦਾ ਨਹੀਂ ਹੁੰਦਾ। ਜਦ ਪਾਣੀ ਮੀਂਹ ਰੂਪ ਬਣ ਕੇ ਬਹੁਤ ਸੌਕਾ ਵਰਸਦਾ ਹੈ ਤਾਂ ਧਰਤੀ ਉਪਰ ਰਸ ਕਸ ਪੈਦਾ ਹੁੰਦੇ ਹਨ। ਇਸੇ ਤਰ੍ਹਾਂ ਗੁਰਮੁਖ ਆਪਣਾ ਆਪਾ ਗਵਾ ਕੇ ਭਾਵ ਜਿਊਂਦਿਆ ਹੀ ਮਰ ਕੇ ਲੋਕਾਂ ਉਪਰ ਪਰਉਪਕਾਰ ਕਰਦੇ ਹਨ। ਜੱਗ ਉਪਰ ਗੁਰਮੁਖਾਂ ਦਾ ਆਉਂਣਾ ਸਫਲ ਕਿਹਾ ਜਾਂਦਾ ਹੈ।

----

ਵਾਰ 9

*ਪਉੜੀ 21 (ਬ੍ਰਿਛ ਤੋਂ ਉਪਦੇਸ਼)*

ਸਿਰ ਤਲਵਾਇਆ ਜੰਮਿਆ ਹੋਇ ਅਚਲੁ ਨ ਚਲਿਆ।
ਪਾਣੀ ਪਾਲਾ ਧੁਪ ਸਹਿ ਉਹ ਤਪਹੁ ਨ ਟਲਿਆ।
ਸਫਲਿਓ ਬਿਰਖ ਸੁਹਾਵੜਾ ਫਲ ਸੁਫਲੁ ਸੁਫਲਿਆ।
ਫਲੁ ਦੇਇ ਵਟ ਵਗਾਇਐ ਕਰਵਤਿ ਨ ਹਲਿਆ।
ਬੁਰੇ ਕਰਨਿ ਬੁਰਿਆਈਆਂ ਭਲਿਆਈ ਭਲਿਆ।

ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰੁਲਿਆ।
ਅਉਸਰਿ ਆਪ ਛਲਾਇੰਦੇ ਤਿਨ੍ਹਾ ਅਉਸਰੁ ਛਲਿਆ ॥21॥

---

*ਤਲਵਾਇਅ:ਸਿਰ ਹੇਠਾਂ ਅਤੇ ਪੈਰ ਉਤਾਂਹ। ਪਾਣੀ: ਬਰਸਾਤ। ਪਾਲਾ: ਸਰਦੀ। ਧੁਪ: ਗਰਮੀ ਤਪਤ। ਸੁਹਾਵੜਾ: ਸੁੰਦਰ। ਵਿਰਲਿਆ: ਵਿਰਲ, ਝੀਤ। ਅਚਲੁ: ਚਲਣ ਤੋਂ ਰਹਿਤ। ਕਰਵਤਿ: ਕਰਵਤਿ: ਕਰਵਵਤ੍ਰ, ਆਰਾ।*

ਦਰੱਖਤ ਦਾ ਸਿਰ ਹੇਠ ਅਤੇ ਪੈਰ ਉਪਰ ਹੁੰਦੇ ਹਨ ਪਰ ਇਸੇ ਕਰਕੇ ਰੁੱਖ ਅਚੱਲ ਹੁੰਦੇ ਹਨ। ਬਰਸਾਤ, ਸਰਦੀ, ਧੁਪਾਂ ਸਹਾਰਕੇ ਵੀ ਉਹ ਆਪਣਾ ਤੱਪ ਕਰਨਾ ਨਹੀਂ ਛੱਡਦਾ। ਜਦ ਦਰੱਖਤ ਫਲ ਫੁਲ ਕੇ ਸੁੰਦਰ ਬਣ ਜਾਂਦਾ ਹੈ ਤਾਂ ਉਸ ਉਪਰ ਬਹੁਤ ਸੁਹਣੇ ਸੁਹਣੇ ਮਿੱਠੇ ਕੌੜੇ ਫਲ ਲਗਦੇ ਹਨ। ਫਲਾਂ ਨਾਲ ਫਲਿਆਂ ਦਰੱਖਤ ਧਰਤੀ ਉਪਰ ਆਪਣਾ ਸਿਰ ਧਰਦਾ ਹੈ। ਲੋਕ ਫਲ ਤੋੜਨ ਵਾਸਤੇ ਰੁੱਖਾਂ ਉਪਰ ਵੱਟੇ ਮਾਰਦੇ ਹਨ ਪਰ ਫਿਰ ਵੀ ਰੁਖ ਵਾਪਸ ਉਨ੍ਹਾਂ ਨੂੰ ਫਲ ਹੀ ਦਿੰਦਾ ਹੈ।ਜਦ ਦਰੱਖਤ ਉਪਰ ਆਰਾ ਚਲਦਾ ਹੈ ਉਹ ਫਿਰ ਵੀ ਮੂੰਹੋਂ ਸੀ ਨਹੀਂ ਕਰਦਾ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਬੁਰੇ ਬੁਰਿਆਈਆਂ ਹੀ ਕਰਦੇ ਹਨ ਅਤੇ ਭਲੇ ਭਲਿਆਈਆਂ ਹੀ ਕਰਦੇ ਹਨ। ਜਿਹੜੇ ਲੋਕ ਅਵਗੁਣ ਸਹਾਰਦੇ ਹੋਏ ਵੀ ਸਦਾ ਆਪਣੇ ਵਲੋਂ ਗੁਣ ਹੀ ਚਿਤਾਰਦੇ ਹਨ ਅਜਿਹੇ ਸਾਧੂ ਸੰਤ ਜਗਤ ਅੰਦਰ ਵਿਰਲੇ ਹੀ ਹੁੰਦੇ ਹਨ। ਸਮਾਂ ਤਾਂ ਲੋਕਾਂ ਨੂੰ ਛਲੀ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਦੀ ਉਮਰ ਬਿਰਥਾ ਹੀ ਲੰਘ ਰਹੀ ਹੈ ਪਰ ਸਾਧੂ ਸੰਤਾਂ ਨੇ ਉਸ ਸਮੇਂ ਨੂੰ ਛਲ ਲੀਤਾ ਹੈ ਭਾਵ ਆਪਣੇ ਸਮੇਂ ਨੂੰ ਸ਼ਬਦ ਸੁਰਤ ਵਿਚ ਲਾਕੇ ਅਜਾਂਈ ਨਹੀਂ ਗੁਆਉਂਦੇ।

----

## ਵਾਰ 9

*ਪਉੜੀ 22 (ਮੁਰੀਦ ਦੇ ਲੱਛਣ)*

ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ।
ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ।
ਤਨੁ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।
ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।
ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।
ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ ॥22॥9॥

---

*ਮੁਰੀਦੁ: ਸ਼ਰਧਾਲੂ ਸਿੱਖ। ਗੋਰਿ: ਕਬਰ। ਦਭੁ: ਦਭ ਦੀ ਸਫ, ਫੂੜੀ। ਨਿਝਰ ਧਾਰ: ਇਕ ਰਸ ਧਾਰਾ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਹੜਾ ਸ਼ਰਧਾਲੂ ਸਿੱਖ ਆਪਣਾ ਆਪ ਗਵਾ ਲੈਂਦਾ ਹੈ ਭਾਵ ਸੰਕਲਪਾਂ ਅਤੇ ਹੰਕਾਰ ਤੋਂ ਰਹਿਤ ਹੋ ਜਾਂਦਾ ਹੈ ਉਹੀ ਗੁਰੂ ਦੀ ਕ੍ਰਿਪਾ ਦਾ ਭਾਗੀ ਹੋ ਸਕਦਾ ਹੈ। ਗੁਰੂ ਦੇ ਸ਼ਬਦ ਦੇ ਗਿਆਨ ਦੀ ਤਾਰ ਵਿਚ ਮਗਨ ਹੋ ਕੇ ਉਹ ਆਪਣਾ ਆਪ ਗਵਾ ਲੈਂਦਾ ਹੈ। ਤਨ ਨੂੰ ਸਾਧ ਸੰਗਤ ਦੀ ਧਰਤੀ ਬਣਾਵੇ ਉਸ ਉਤੇ ਮਨ ਰੂਪੀ ਫੂੜ੍ਹੀ ਵਿਛਾਵੇ ਭਾਵ ਸਾਧ ਸੰਗਤ ਵਿਖੇ ਤਨੋਂ ਮਨੋਂ ਹੋ ਕੇ ਆਈ ਸੰਗਤ ਦੀ ਟਹਿਲ ਸੇਵਾ ਕਰੇ। ਗੁਰੂ ਦੇ ਸ਼ਬਦ ਦਾ ਅਭਿਆਸ ਕਰੇ ਜੇਕਰ ਕੋਈ ਉਨ੍ਹਾਂ ਦੇ ਉਪਰੋਂ ਦੀ ਲੰਘ ਜਾਂਦਾ ਹੈ ਤਾਂ ਉਨ੍ਹਾਂ ਗੁਰਮੁਖਾਂ ਦੇ ਪੈਰਾਂ ਦੀ ਧੂੜ ਖਾ ਕੇ ਕਦੇ ਮਨ ਨੂੰ ਡੁਕਾਵੇ ਨਾ। ਪ੍ਰੇਮਾਂ ਭਗਤੀ ਦੇ ਨੀਵਾਣ ਵਿਚ ਗੁਰੂ ਦੀ ਮਤ ਵਿਚ ਰਹਿ ਕੇ ਮਨ ਨੂੰ ਗਲਤ ਕਾਰਜਾਂ ਵਲੋਂ ਰੋਕੇ। ਸਾਧ ਸੰਗਤ ਵਿਚ ਪੁਜ ਕੇ ਇ ਰਸ ਧਾਰਾਂ ਵਾਂਗ ਰਹੇ।

----

## ਵਾਰ 10

*ਇਸ ਵਾਰ ਦੀਆਂ 23 ਪੌੜੀਆਂ ਹਨ।*

*ਸਤਿਗੁਰ ਪ੍ਰਸਾਦਿ ॥*

## ਵਾਰ 10

*ਪਉੜੀ 1 (ਭਗਤਾਂ ਦੀ ਕਥਾ) (ਧਰੂ ਭਗਤ)*

ਧਰੂ ਹਸਦਾ ਘਰਿ ਆਇਆ ਕਰਿ ਪਿਉ ਕੁਛੜਿ ਲੀਥਾ।
ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।
ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ।
ਸਾਵਾਣੀ ਹਾਂ ਜਨਮ ਦੀ, ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।
ਕਿਸੁ ਉਦਮ ਤੇ ਰਾਜੁ ਮਿਲਿ ਸਤ੍ਰੂ ਤੇ ਸੀਬ ਹੋਵਨਿ ਮੀਤਾ।
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਉ ਨਿਧਾਨੁ ਅਮਿਓ ਰਸੁ ਪੀਤਾ।
ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।
ਹਾਰਿ ਚਲੇ ਗੁਰਮੁਖਿ ਜਗ ਜੀਤਾ ॥1॥

---

*ਰੋਸੁ: ਗੁਸਾ। ਡੁਡਹੁਲਿਕਾ: ਹਉਕੇ ਲੈਂਦਾ ਹੋਇਆ, ਨਿਮਾਣਾ। ਸੁਰੀਤਾ: ਮੁੱਲ ਖਰੀਦੀ ਹੋਈ ਨੌਕਰਾਣੀ। ਨਿਧਾਨੁ: ਖਜ਼ਾਨਾ। ਅਮਿਓ: ਅੰਮ੍ਰਿਤ। ਅਬਿਚਲੁ: ਅਟੱਲ ਰਾਜ।*

ਇਸ ਵਾਰ ਰਾਹੀਂ ਭਾਈ ਗੁਰਦਾਸ ਜੀ ਸਤਿਜੁਗ ਵਿਚ ਹੋਏ ਭਗਤਾਂ ਦੀ ਕਥਾ ਬਿਆਨ ਕਰਦੇ ਹਨ। ਇਸ ਪਉੜੀ ਵਿਚ ਧਰੂ ਭਗਤ ਸੰਬੰਧਤ ਕਥਾਵਾਂ ਨੂੰ ਇਕ ਦ੍ਰਿਸ਼ਟਾਂਤ ਦੇ ਰੂਪ ਵਿਚ ਲਿਖਿਆ ਗਿਆ ਹੈ। ਧਰੂ ਭਗਤ ਜਦ ਹੱਸਦਾ ਹੱਸਦਾ ਘਰ ਆਉਂਦਾ ਹੈ ਤਾਂ ਉਸਦੇ ਪਿਤਾ ਨੇ ਬੜੇ ਪਿਆਰ ਨਾਲ ਉਸਨੂੰ ਆਪਣੇ ਕੁੱਛੜ ਚੁੱਕ ਲਿਆ। ਮਤ੍ਰੇਈ ਮਾਂ ਨੇ ਆਪਣੇ ਮਨ ਵਿਚ ਕ੍ਰੋਧ ਧਾਰ ਕੇ ਬਾਹੋਂ ਫੜ੍ਹ ਕੇ ਧਰੂ ਨੂੰ ਪਿਉ ਦੀ ਕੁਛੜ ਵਿਚੋਂ ਧੂਹ ਲਿਆ ਅਤੇ ਬੁੜਬੁੜਾਈ ਜੇਕਰ ਮੇਰੀ ਕੁਖੋਂ ਜਨਮ ਲੈਂਦਾ ਤਾਂ ਫਿਰ ਤੂੰ ਇਸ ਗੋਦ ਦੇ ਲਾਇਕ ਹੁੰਦਾ। ਹਉਕੇ ਭਰਦਾ ਧਰੂ ਆਪਣੀ ਸਕੀ ਮਾਂ ਨੂੰ ਪੁੱਛਣ ਲੱਗਾ ਕਿ ਤੂੰ ਰਾਣੀ ਏਂ ਜਾਂ ਨੌਕਰਾਣੀ ਏਂ। ਮਾਂ ਨੇ ਧਰੂ ਨੂੰ ਜਵਾਬ ਦਿਤਾ ਕਿ ਕਿ ਮੈਂ ਤਾਂ ਸਵਾਣੀ ਜਨਮ ਤੋਂ ਹੀ ਹਾਂ ਮਤਲਬ ਕਿ ਮੈਂ ਗੋਲੀ ਨਹੀਂ ਹਾਂ। ਪਰ ਮੈਂ ਨਾਮ ਅਤੇ ਭਗਤੀ ਦਾ ਕਰਨ ਨਹੀਂ ਸੀ ਕੀਤਾ। ਭਾਵ ਜੇਕਰ ਚੰਗਾ ਕਰਮ ਕੀਤਾ ਹੁੰਦਾ ਤਾਂ ਤੂੰ ਕਿਉਂ ਗੋਦੀ ਵਿਚੋਂ ਕੱਢਿਆ ਜਾਂਦਾ। ਧਰੂ ਫਿਰ ਪੁੱਛਦਾ ਹੈ ਮਾਂ ਜੀ ਮ ਕਿਹੜਾ ਜਤਨ ਕਰਾਂ ਜਿਸ ਨਾਲ ਮੈਨੂੰ ਰਾਜ ਮਿਲੇ ਅਤੇ ਮੈਂ ਆਪਣੇ

ਸਾਰੇ ਵੈਰੀਆਂ ਨੂੰ ਮਿਤਰ ਬਣਾ ਸਕਾਂ। ਮਾਂ ਕਹਿਣ ਲੱਗੀ ਬੱਚਾ ਕਿ ਈਸ਼ਵਰ ਦਾ ਮਨ ਵਿਚ ਵੈਰਾਗ ਧਾਰ ਕੇ ਅਤੇ ਮਨ ਵਿਚੋਂ ਸਭ ਇਛਾਵਾਂ ਦਾ ਤਿਆਗ ਕਰਕੇ ਇਕ ਪ੍ਰਮਾਤਮਾਂ ਦੀ ਅਰਾਧਨਾ ਕਰੀਏ ਤਾਂ ਪ੍ਰਮਾਤਮਾ ਖੁਸ਼ ਹੋ ਕੇ ਸਭ ਕੁਝ ਬਖਸ਼ਦਾ ਹੈ। ਮਨੁਖ ਫਿਰ ਪਤਿਤ ਤੋਂ ਪਵਿਤਰ ਹੋ ਜਾਂਦਾ ਹੈ। ਆਪਣੀ ਮਾਂ ਕੋਲੋਂ ਇਹ ਵਾਕ ਸੁਣ ਕੇ ਧਰੂ ਬਾਹਰ ਵਣਾਂ ਅੰਦਰ ਤਪ ਕਰਨ ਚਲੇ ਗਿਆ। ਧਰੂ ਦਾ ਮਨ ਵੈਰਾਗਮਈ ਹੋਇਆ ਅਤੇ ਆਪਣੇ ਮਨ ਦੀਆਂ ਸਾਰੀਆਂ ਇਛਾਵਾਂ ਨੂੰ ਆਪਣੇ ਮਨੋਂ ਵਿਸਾਰ ਦਿਤਾ। ਨਾਰਦ ਮੁਨੀ ਨੇ ਧਰੂ ਭਗਤ ਨੂੰ ਉਪਦੇਸ਼ ਦਿਤਾ ਅਤੇ ਧਰੂ ਨੇ ਨਾਮ ਨਿਧਾਨ ਅੰਮ੍ਰਿਤ ਰਸ ਪੀਤਾ। ਧਰੂ ਭਗਤ ਜਦ ਆਪਣੀ ਭਗਤੀ ਵਿਚ ਸੰਪੂਰਨ ਹੋਇਆ ਤਾਂ ਰਾਜੇ ਨੇ ਆਪਣੇ ਕੋਲ ਬੁਲਾ ਕੇ ਆਖਿਆ ਕਿ ਉਹ ਆਪਣਾ ਰਾਜ ਭਾਗ ਸੰਭਾਲੇ ਪਰ ਧਰੂ ਭਗਤ ਨੇ ਕਿਹਾ ਕਿ ਹੁਣ ਉਸਨੂੰ ਰਾਜ ਦੀ ਲੋੜ ਨਹੀਂ ਹੈ। ਮੈਂ ਤਾਂ ਸਦਾ ਅਚਲ ਹੀ ਰਾਜ ਕਰਾਂਗਾ। ਜਿਹੜਾ ਮੈਨੂੰ ਮਿਲ ਗਿਆ ਹੈ। ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਪ੍ਰਮਾਤਮਾਂ ਦੀ ਭਗਤੀ ਦਾ ਮਹਤੱਵ ਦਸਦੇ ਹਨ।

----

## ਵਾਰ 10

*ਪਉੜੀ 2 (ਪ੍ਰਹਲਾਦ ਭਗਤ)*

ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।
ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।
ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।
ਰਾਜੇ ਪਾਸਿ ਰੁਆਇਆ ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
ਥੰਮਹੁ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
ਜੈ ਜੈ ਕਾਰ ਕਰਨਿ ਬ੍ਰਹਮਾਦਿ ॥2॥

---

*ਅਹਿਲਾਦ: ਆਨੰਦ। ਵਿਸਮਾਦ: ਅਚਰਜ। ਚਾਟਸਾਲ: ਪਾਠਸ਼ਾਲਾ। ਰੁਆਇਆ: ਪੁਕਾਰ ਕੀਤਾ। ਅਨਾਦ: ਬੜੇ ਸ਼ਬਦਾਂ ਵਾਲਾ।*

ਦੈਂਤ ਰਾਜਾ ਹਰਣਾਖਸ਼ ਦੇ ਕੱਲਰ ਭਾਵ ਕਲਰੀ ਜਮੀਨ ਉਪਰ ਪ੍ਰਹਿਲਾਦ ਕੰਵਲ ਵਰਗੇ ਭਗਤ ਦਾ ਜਨਮ ਹੋਇਆ। ਪਿਉ ਨੇ ਪ੍ਰਹਿਲਾਦ ਨੂੰ ਸਕੂਲ ਅੰਦਰ ਪੜ੍ਹਾਈ ਵਾਸਤੇ ਘੱਲਿਆ। ਪ੍ਰਹਿਲਾਦ ਵੱਲ ਵੇਖ ਕੇ ਮਾਸਟਰ ਭਾਵ ਪਾਂਧੇ ਦੇ ਮਨ ਨੂੰ ਇਸ ਕਰਕੇ ਬਹੁਤ ਅਨੰਦ ਆਇਆ ਕਿ ਰਾਜ ਕੁਮਾਰ ਉਸਦਾ ਵਿਦਿਆਰਥੀ ਹੋਇਆ ਹੈ। ਪ੍ਰਹਿਲਾਦ ਮਨ ਵਿਚ

ਵੀ ਪ੍ਰਮੇਸ਼ਰ ਦਾ ਨਾਮ ਧਿਆਵੇ ਅਤੇ ਮੁਖੋਂ ਇਕ ਰਸ ਧੁਨੀ ਕਰਕੇ ਪ੍ਰਮਾਤਮਾਂ ਦੀ ਸਿਫਤ ਗਾਵੇ। ਪ੍ਰਹਿਲਾਦ ਦੇ ਸਾਰੇ ਜਮਾਤੀ ਵੀ ਭਗਤੀ ਵਿਚ ਮਗਨ ਰਹਿਣ ਲੱਗੇ। ਮਾਸਟਰ ਪਾਂਧਾ ਇਹ ਕ੍ਰਿਸ਼ਮਾਂ ਵੇਖ ਵੇਖ ਹੈਰਾਨ ਹੋਣ ਲੱਗਾ। ਪਾਂਧੇ ਨੇ ਰਾਜੇ ਕੋਲ ਜਾ ਕੇ ਬੇਨਤੀ ਕੀਤੀ ਕਿ ਪ੍ਰਹਿਲਾਦ ਪ੍ਰਮਾਤਮਾਂ ਦਾ ਭਗਤ ਹੈ। ਦੋਖੀ ਦੈਂਤ ਨੇ ਫੜਾਂ ਮਾਰ ਕੇ ਵਾਧੂ ਦਾ ਝਗੜਾ ਵਧਾ ਲਿਆ। ਪਾਣੀ ਅਤੇ ਅੱਗ ਵਿਚ ਸੁੱਟ ਦਿਤਾ ਪਰੰਤੂ ਅੱਗ ਨੇ ਪ੍ਰਹਿਲਾਦ ਨੂੰ ਸਾੜਿਆ ਹੀ ਨਹੀਂ ਅਤੇ ਨਾ ਹੀ ਪਾਣੀ ਨੇ ਉਸਨੂੰ ਡੋਬਿਆ ਸੀ। ਰਾਜਾਹਰਣਾਖਸ਼ ਨੇ ਨੰਗੀ ਤਲਵਾਰ ਆਪਣੇ ਹੱਥ ਵਿਚ ਫੜ ਕੇ ਪ੍ਰਹਿਲਾਦ ਨੂੰ ਆਪਣੇ ਕੋਲ ਬੁਲਾ ਕੇ ਪੁੱਛਣ ਲੱਗਾ, 'ਓਏ ਦਸ ਤੇਰਾ ਕੌਣ ਉਸਤਾਦ ਹੈ? ਫਿਰ ਥੰਮ ਨੂੰ ਪਾੜ੍ਹ ਕੇ ਨਰਸਿੰਘ ਰੂਪ ਅਨੂਪਮ ਬੜੇ ਸ਼ਬਦ ਵਾਲਾ ਪ੍ਰਗਟ ਹੋਇਆ। ਬੇਮੁਖ ਹਰਣਾਖਸ਼ ਨੂੰ ਧਰਤੀ ਉਪਰ ਪਟੱਕ ਪਟੱਕ ਮਾਰਿਆ। ਸੰਤਾਂ ਦੀ ਸਹਾਇਤਾ ਆਪ ਪ੍ਰਮਾਤਮਾ ਸਮੇਂ ਸਮੇਂ ਕਰਦਾ ਆਇਆ ਹੈ। ਬ੍ਰਹਮ ਅਤੇ ਹੋਰ ਲੋਕ ਇਸ ਕੌਤਕ ਨੂੰ ਵੇਖ ਕੇ ਜੈ ਜੈ ਕਾਰ ਕਰਨ ਲਗ ਪਏ। ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਮਨੁਖ ਨੂੰ ਇਕ ਪ੍ਰਮਾਤਮਾਂ ਵਿਚ ਦ੍ਰਿੜ ਵਿਸ਼ਵਾਸ ਰੱਖਣ ਵਾਲਿਆਂ ਦੀ ਵਾਰਤਾ ਦਸਦੇ ਹਨ।

----

## ਵਾਰ 10

*ਪਉੜੀ 3 (ਰਾਜਾ ਬਲਿ)*

ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗਿ ਕਰਾਵੈ।
ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।
ਰਾਜੇ ਅੰਦਰਿ ਸਦਿਆ ਮੰਗੁ ਸੁਆਮੀ ਜੋ ਤੁਧੁ ਭਾਵੈ।
ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪੁਰੋਹਿਤੁ ਕਹਿ ਸਮਝਾਵੈ।
ਕਰੌ ਅਢਾਈ ਧਰਤਿ-ਮੰਗਿ ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ।
ਦੁਇ ਕਰਵਾਂ ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰੁ ਮਿਣਾਵੈ।
ਬਲਿਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ।
ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।
ਹੋਇ ਦਰਵਾਨ ਮ੍ਹਹਾਂ ਸੁਖੁ ਪਾਵੈ ॥3॥

---

*ਮੁਖਿ ਪਾਠ: ਮੂੰਹ ਜ਼ਬਾਨੀ। ਦਰਵਾਨ: ਪਹਿਰੇਦਾਰ। ਬਾਵਨ ਰੂਪੀ: ਬਵੰਜਾ, ਬਾਵਨ ਉਂਗਲਾ ਦਾ ਕੱਦ ਵਾਲਾ ਰੂਪ ਧਾਰ ਕੇ। ਅਛਲੁ: ਜੋ ਛਲਿਆ ਨਾ ਜਾਵੇ। ਮਾਵੈ: ਤਿੰਨਾਂ ਲੋਕਾਂ ਵਿਚ ਵੀ ਨਾ ਸਮਾ ਸਕਿਆ। ਮੰਗਿ: ਅਢਾਈ ਕਰਮ ਧਰਤੀ ਦੀ ਮੰਗ ਕੀਤੀ। ਕਰਵਾਂ: ਕਰੋਂਨ, ਉਲਾਘਾਂ, ਕਦਮ। ਮਗਰੁ: ਪਿੰਠ, ਸਰੀਰ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਰਾਜਾ ਬਲਿ ਆਪਣੇ ਘਰ ਅੰਦਰ ਬੈਠਾ ਜੱਗ

ਕਰਵਾ ਰਿਹਾ ਸੀ। ਇਕ ਬੌਨਾ ਜਿਹਾ ਬ੍ਰਹਮਣ ਆਇਆ ਅਤੇ ਰਾਜੇ ਨੂੰ ਚਾਰੇ ਵੇਦ ਮੂੰਹ ਜਬਾਨੀ ਸੁਣਾਉਂਣ ਲੱਗਾ। ਰਾਜੇ ਬਲਿ ਨੇ ਉਸ ਬ੍ਰਹਮਣ ਨੂੰ ਬੁਲਾ ਕੇ ਅੰਦਰ ਆ ਜਾਣ ਵਾਸਤੇ ਕਿਹਾ ਅਤੇ ਪੁੱਛਿਆ, 'ਸਵਾਮੀ ਜੀ ਜੋ ਤੁਹਾਡੇ ਮਨ ਨੂੰ ਭਾਉਂਦਾ ਹੈ ਸਾਡੇ ਕੋਲੋਂ ਮੰਗ ਲੈ ਜੋ ਮੰਗਣਾ। ਸ਼ੁਕਰ ਪ੍ਰੋਹਤ ਕਹਿ ਕੇ ਸਮਝਾਵੇ, 'ਹੇ ਰਾਜਨ! ਇਹ ਤੈਨੂੰ ਛਲਣ ਆਇਆ ਹੈ ਪਰ ਇਹ ਆਪ ਨਹੀਂ ਛਲਿਆ ਜਾਣ ਵਾਲਾ ਹੈ। ਬੌਨੇ ਬ੍ਰਹਮਣ ਨੇ ਅਢਾਈ ਉਲਾਂਘਾ ਧਰਤੀ ਮੰਗ ਲਈ ਅਤੇ ਆਪਣਾ ਏਨਾ ਵੱਡਾ ਰੂਪ ਬਣਾ ਲਿਆ ਜਿਹੜਾ ਤਿੰਨਾਂ ਲੋਕਾਂ ਵਿਚ ਨਾ ਸਮਾ ਸਕਿਆ। ਦੋ ਕਦਮਾਂ ਨਾਲ ਹੀ ਤਿੰਨੇ ਲੋਕ ਮਿਣ ਲਏ ਅਤੇ ਬਾਕੀ ਅੱਧੀ ਉਲਾਂਘ ਹੋਰ ਚਾਹੀਦੀ ਸੀ। ਬਲਿ ਰਾਜੇ ਨੇ ਆਪਣਾ ਸਰੀਰ ਵੀ ਮਿਣਾ ਦਿਤਾ ਅਤੇ ਰਾਜਾ ਬਲਿ ਨੇ ਬਾਵਨ ਦੇ ਛਲ ਨਾਲ ਆਪ ਨੂੰ ਛਲਾ ਲੀਤਾ। ਇਸ ਗੱਲ ਉਪਰ ਦਿਆਲ ਹੋ ਕੇ ਬੌਨੇ ਬ੍ਰਹਮਣ ਨੇ ਰਾਜੇ ਬਲਿ ਨੂੰ ਆਪਣੇ ਗਲ ਨਾਲ ਲਾ ਲਿਆ। ਅਤੇ ਫਿਰ ਉਸਨੂੰ ਪਤਾਲ ਦਾ ਰਾਜ ਪ੍ਰਦਾਨ ਕਰ ਦਿਤਾ। ਪਰ ਰਾਜਾ ਬਲਿ ਭਗਤ ਬਲਿ ਬਣ ਕੇ ਫਿਰ ਵੀ ਪ੍ਰਮਾਤਮਾਂ ਦੇ ਹੁਕਮ ਅੰਦਰ ਹੀ ਰਿਹਾ। ਕਈਆਂ ਵਿਦਵਾਨਾਂ ਦਾ ਵਿੱਚਾਰ ਇਹ ਵੀ ਹੈ ਕਿ ਉਹ ਭਰਮਣ ਭਗਤਾਂ ਦੇ ਅਧੀਨ ਹੋ ਕੇ ਸੁਖ ਪਾਉਣ ਲੱਗਾ। ਫਿਰ ਪ੍ਰਮਾਤਮਾਂ ਦਾ ਦਰਵਾਨ ਬਣ ਕੇ ਆਪਣਾ ਜੀਵਨ ਸਫਲਾ ਕਰਨ ਲੱਗਾ।

----

## ਵਾਰ 10

*ਤਰੇਤੇ ਜੁੱਗ ਦੇ ਭਗਤਾਂ ਦੀ ਕਥਾ।*

*ਪਉੜੀ 4 (ਅੰਬਰੀਕ ਭਗਤ)*

ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।
ਭੀੜਾ ਓਸੁ ਉਪਾਰਣਾ ਓ ਹੁ ਉਠਿ ਨ੍ਹਾਵਣਿ ਨਦੀ ਸਿਧਾਇਆ।
ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਣ ਨੋ ਧਾਇਆ।
ਚਕ੍ਰ ਸੁਦਰਸ਼ਨੁ ਕਾਲ ਰੂਪ ਹੋਇ ਭੀਹਾਵਲੁ ਗਰੁਬ ਗਵਾਇਆ।
ਬਾਮ੍ਹਣੁ ਭੰਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ।
ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ।
ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾਂ ਸਮਝਾਇਆ।
ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ।
ਭਗਤਿ ਵਛਲੁ ਜਗਿ ਬਿਰਦੁ ਸਦਾਇਆ ।।4।।

---

*ਰਾਪਈ: ਰਾਤ ਬੀਤੀ, ਇਕਾਦਸ਼ੀ। ਭੀਹਾਵਾਲ: ਭਿਆਨਕ। ਭੀੜਾ: ਵਰਤ। ਓਹੁ: ਦੁਰਬਾਸਾ ਰਿਖੀ। ਚਰਣੋਦਕ: ਚਰਨਾਮ੍ਰਿਤ। ਭੀਹਾਵਲੁ: ਭਿਆਨਕ। ਹੰਘਨਿ: ਰੱਖ ਨਾ ਸਕਣ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਤਰੇਤੇ ਜੁੱਗ ਸਮੇਂ ਹੋਏ ਰਾਜਾ ਅੰਬਰੀਕ ਦਾ ਮੂੰਹ ਇਕਾਦਸ਼ੀ ਦੇ ਵਰਤ ਵਾਲਾ ਸੀ। ਜਦ ਰਾਤ ਬੀਤੀ ਤਾਂ ਦੁਰਬਾਸ਼ਾ ਰਿਖੀ ਆ

ਗਿਆ। ਰਾਜੇ ਨੇ ਦਵਾਦਸ਼ੀ ਵਿਚ ਉਹ ਵਰਤ ਉਪਾਰਣਾਂ ਸੀ, ਕਿਉਂਕਿ ਤਰੋਦਸ਼ੀ ਵਿਚ ਉਪਾਰਣ ਨਾਲ ਹਿੰਦੂਆਂ ਵਾਸਤੇ ਦੋਸ਼ ਗਿਣਿਆ ਜਾਂਦਾ ਹੈ। ਉਹ ਦੁਰਬਾਸ਼ਾ ਰਿਖੀ ਉਠ ਕੇ ਨਦੀ ਨੁਹਾਉਣ ਚਲਿਆ ਗਿਆ। ਰਾਜਾ ਨੇ ਆਤਮ ਪੂਜਾ ਦਾ ਚਰਣਾਂਮ੍ਰਿਤ ਲੈ ਕੇ ਵਰਤ ਉਪਾਰ ਕੀਤਾ। ਉਹ ਸੁਣਦਾ ਹੀ ਸਰਾਪ ਦੇਣ ਵਾਸਤੇ ਦੌੜਿਆ। ਇਸ ਗੁੱਸੇ ਵਿਚ ਕਿ ਉਸਨੇ ਮੂੰਹ ਜੂਠਾ ਕਿਉਂ ਕਰ ਲਿਆ। ਸੁਦਰਸ਼ਨ ਚੱਕਰ ਨੇ ਕਾਲ ਰੂਪ ਭਿਆਨਕ ਹੋ ਕੇ ਉਸਦਾ ਹੰਕਾਰ ਤੋੜ ਦਿਤਾ। ਫਲਸਰੂਪ ਇਹ ਹੈ ਕਿ ਜਿਥੇ ਰਿਖੀ ਜਾਵੇ ਉਸਦਾ ਚੱਕਰ ਉਸਦਾ ਪਿੱਛਾ ਨਾ ਛੱਡੇ। ਬ੍ਰਹਮਣ ਜੀ ਡਰ ਦਾ ਮਾਰਾ ਦੇਵ ਪੁਰੀਆਂ ਵੱਲ ਨੂੰ ਭੱਜ ਤੁਰਿਆ। ਅਗੇ ਸਾਰੇ ਦੇਵਤਿਆਂ ਵਿਚੋਂ ਉਸ ਨੂੰ ਕੋਈ ਵੀ ਆਪਣੇ ਕੋਲ ਰੱਖ ਨਾ ਸਕਿਆ। ਇੰਦਰ ਪੁਰੀ, ਸ਼ਿਵ ਪੁਰੀ ਛੱਡ ਕੇ ਬ੍ਰਹਮਾਂ ਦੇ ਲੋਕ ਬੈਕੁੰਠ ਨੂੰ ਛੱਡਿਆ। ਦੇਵਤਿਆਂ ਦੇ ਵਿਸ਼ਨੂੰ ਦੇ ਨਾਲ ਮਿਲ ਕੇ ਸਭਨਾਂ ਨੇ ਸਮਝਾਇਆ ਭਾਈ ਜਿਸ ਦੀ ਤੂੰ ਅਵੱਗਿਆ ਕੀਤੀ ਹੈ ਉਸੇ ਭਗਤ ਦੀ ਸ਼ਰਣੀਂ ਪਉ ਜਾ ਕੇ। ਜਦ ਰਿਖੀ ਭਗਤ ਅੰਬਰੀਕ ਦੇ ਆ ਕੇ ਸ਼ਰਨੀ ਪਿਆ ਤਦ ਭਗਤ ਨੇ ਉਸ ਮਰੀਦੇਂ ਨੂੰ ਛੁਡਵਾ ਲਿਆ। ਭਾਈ ਗੁਰਦਾਸ ਜੀ ਦਸਦੇ ਹਨ ਕਿ ਭਗਤ ਵਛਲ ਬਿਰਦ ਇਸ ਜਗਤ ਅੰਦਰ ਸੱਚਾ ਕਹਾਇਆ ਗਿਆ ਹੈ।

----

## ਵਾਰ 10

### *ਪਉੜੀ 5 (ਰਾਜਾ ਜਨਕ)*

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।
ਦੇਵ ਲੋਕ ਨੋ ਚਲਿਆ ਗਣ ਗੰਧਰੁ ਸਭਾ ਸੁਖਵਾਸੀ।
ਜਮ ਪੁਰਿ ਗਇਆ ਪੁਕਾਰ ਸੁਣਿ ਵਿਲ ਲਾਵਨਿ ਜੀਅ ਨਰਕ ਨਿਵਾਸੀ।
ਧਰਮ ਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।
ਕਰੇ ਬੇਨਤੀ ਧਰਮਰਾਇ ਹਉ ਸੇਵਕੁ ਠਾਕੁਰੁ ਅਬਿਨਾਸੀ।
ਗਹਿਣੇ ਧਰਿਓਨੁ ਇਕੁ ਨਾਉ ਪਾਪਾ ਨਾਲਿ ਕਰੈ ਨਿਰਜਾਸੀ।
ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਂਸੀ।
ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ।
ਮੁਕਤਿ ਜੁਗਤਿ ਨਾਵੈ ਦੀ ਦਾਸੀ ॥5॥

---

*ਸੁਖਵਾਸੀ: ਸੁਖਾਂ ਦਾ ਘਰ, ਭਲੇ, ਟਹਿਲ ਕਰਨ ਵਾਲੇ। ਬੰਦ ਖਲਾਸੀ: ਕੈਦੋਂ ਕੱਢਣਾ। ਸਿਲਕ: ਕਰੜੀ ਫਾਹੀ। ਵਿਲ ਲਾਵਨਿ: ਵਿਰਲਾਪ ਕਰਦੇ ਹਨ। ਨਿਰਜਾਸੀ: ਨਿਰਨਾ ਕਰਨਾ। ਪਾਸੰਗਿ: ਪਾਂਸਕੂ। ਫਾਸੀ: ਫਾਹੀ।*

ਰਾਜਾ ਜਨਕ ਆਪਣੇ ਸਮੇਂ ਦਾ ਵੱਡਾ ਭਗਤ ਸੀ। ਗੁਰਮੁਖ ਅਤੇ ਮਾਇਆ ਵਿਖੇ ਉਦਾਸ ਰਹਿੰਦਾ ਸੀ। ਦੇਵਲੋਕ ਨੂੰ ਚਲਿਆ ਸੀ ਅਤੇ ਨਾਲ ਗੰਧਰਬ ਭਾਵ ਸਵੱਰਗਾਂ ਵਿਚ

ਰਾਗ ਗਾਉਣ ਵਾਲੇ ਆਦਿ ਅਤੇ ਹਰਿ ਗੁਣਾਂ ਦੀ ਸਭਾ ਟਹਿਲ ਕਰਦੀ ਜਾਂਦੀ ਸੀ। ਜਮ ਦੀ ਪੁਰੀ ਦੀ ਪੁਕਾਰ ਸੁਣ ਕੇ ਰਾਜਾ ਉਥੇ ਪੁੱਜਾ। ਰਾਜਾ ਕੀ ਵੇਖਦਾ ਹੈ ਕਿ ਨਰਕ ਦੇ ਰਹਿਣ ਵਾਲੇ ਬਹੁਤ ਉਚੀ ਉਚੀ ਕਰਲਾਉਂਦੇ ਹਨ। ਧਰਮ ਰਾਇ ਨੂੰ ਆਪ ਨੇ ਬੇਨਤੀ ਕੀਤੀ ਕਿ ਸਭਨਾ ਨੂੰ ਨਰਕਾਂ ਦੀ ਕੈਦ ਵਿਚੋਂ ਕੱਢ ਦਿਤਾ ਜਾਵੇ। ਧਰਮ ਰਾਜਾ ਬੇਨਤੀ ਕਰ ਕੇ ਕਹਿਣ ਲੱਗਾ ਹੇ ਰਾਜਨ! ਮੈਂ ਤਾਂ ਠਾਕਰ ਅਬਿਨਾਸੀ ਦਾ ਦਾਸ ਹਾਂ ਭਾਵ ਉਸਦਾ ਹੁਕਮ ਕਿਕੁਰ ਮੋੜ ਦਿਆਂ। ਜਨਕ ਨੇ ਇਕ ਪਾਸੇ ਨਾਮ ਜਪਣ ਦਾ ਆਪਣਾ ਮਹਾਤਮ ਰੱਖ ਦਿਤਾ। ਭਈ ਪਾਪਾਂ ਨਾਲ ਤੋਲਿਆਂ ਜਾਵੇ। ਨਾਮ ਵੱਟੇ ਦੀ ਚੌਥਾਈ ਦੇ ਬਰਾਬਰ ਵੀ ਪਾਪ ਨਾ ਪੂਰੇ ਹੋਏ। ਗੁਰਮੁਖ ਰਾਜਾ ਜਨਕ ਦਾ ਨਾਮ ਜਪਣ ਦਾ ਵੱਟਾ ਅਤੁੱਲ ਅਤੇ ਅਤੋਲ ਰਿਹਾ। ਨਰਕ ਤੋਂ ਜੀਅ ਜੰਤ ਆਜ਼ਾਦ ਕਰਵਾ ਲਏ। ਉਨ੍ਹਾਂ ਦੇ ਗਲਾਂ ਵਿਚੋਂ ਕਰੜੀ ਜਮ ਦੀ ਫਾਂਸੀ ਲੁਹਾ ਦਿਤੀ। ਮੁਕਤੀ ਅਤੇ ਜੁਕਤੀ ਭਾਵ ਦੂਜਿਆਂ ਨੂੰ ਮੁਕਤ ਕਰਾਉਂਣ ਦੇ ਤਰੀਕੇ ਨੂੰ ਨਾਮ ਦੀਆਂ ਦਾਸੀਆਂ ਕਿਹਾ ਜਾਂਦਾ ਹੈ।

----

## ਵਾਰ 10

*ਪਉੜੀ 6 (ਹਰੀ ਚੰਦ ਅਤੇ ਤਾਰਾ ਰਾਣੀ)*

ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।
ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।
ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ।
ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।
ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।
ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਊ ਪੁਰਾਣੀ।
ਰਾਜੇ ਡਿਠਾ ਚਲਿਤੁ ਇਹ ਏਹੁ ਖੜਾਵ ਹੈ ਦੋਜ ਵਿਡਾਣੀ।
ਸਾਧਸੰਗਤਿ ਵਿਟਹੁ ਕੁਰਬਾਣੀ ॥6॥

---

*ਸੁਖ: ਅਨੰਦ ਨਾਲ। ਸੁਲੋਚਨ: ਸ੍ਰੇਸ਼ਟ ਨੇਤਰਾਂ ਵਾਲੀ ਤਾਰਾ ਰਾਣੀ। ਨਿਖੰਡਿ: ਬਰਾਬਰ, ਠੀਕ ਅੱਧੀ ਰਾਤ ਵੇਲੇ। ਤਰਲ: ਚੰਚਲ। ਖੜੀ: ਲੈ ਲੀਤੀ। ਵਿਡਾਣੀ: ਅਸਚਰਜ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਸਾਧ ਸੰਗਤ ਦਾ ਮਹਤੱਵ ਦਰਸਾਉਂਦੇ ਹਨ। ਰਾਜਾ ਹਰੀ ਚੰਦ ਦੇ ਘਰ-ਦਰਬਾਰ ਵਿਚ ਪੂਰੀ ਸੁਖ ਸਾਂਦ ਸੀ ਉਸਦੇ ਘਰ ਸ੍ਰੇਸ਼ਟ ਨੈਣਾਂ ਵਾਲੀ ਇਕ ਨਾਰ ਤਾਰਾ ਰਾਣੀ ਸੀ। ਉਸੇ ਸ਼ਹਿਰ ਵਿਚ ਉਹ ਸਾਧ ਸੰਗਤ ਵਿਚ ਬਹਿ ਕੇ ਕੀਰਤਨ ਆਦਿ ਕਰਦੀ ਹੁੰਦੀ ਸੀ। ਤਾਰਾ ਰਾਣੀ ਸਾਧ ਸੰਗਤ ਵਿਚ ਬਹਿ ਕੇ ਗੁਰਬਾਣੀ ਸੁਣਿਆ ਕਰਦੀ ਸੀ। ਇਕ ਰਾਤ ਨੂੰ ਜਦ ਰਾਣੀ ਕੀਰਤਨ ਸੁਣਨ ਗਈ ਤਾਂ ਰਾਜੇ ਨੂੰ ਜਾਗ

ਆ ਗਈ। ਰਾਜੇ ਨੇ ਵੇਖਿਆ ਕਿ ਰਾਤ ਅੱਧੀ ਤੋਂ ਵੀ ਉਪਰ ਟੱਪ ਚੁੱਕੀ ਸੀ। ਰਾਜਾ ਹਰੀ ਚੰਦ ਨੂੰ ਆਪਣੇ ਮਹਿਲਾਂ ਵਿਚ ਤਾਰਾ ਰਾਣੀ ਕਿਤੇ ਵੀ ਨਜ਼ਰ ਨਹੀਂ ਆਈ। ਰਾਜਾ ਹਰੀ ਚੰਦ ਬਹੁਤ ਹੈਰਾਨ ਹੋਇਆ ਸੋਚੇ ਕਿ ਭਲਾ ਰਾਣੀ ਇਸ ਵੇਲੇ ਕਿਥੇ ਗਈ ਹੋਵੇਗੀ। ਰਾਜਾ ਹਰੀ ਚੰਦ ਇਕ ਰਾਤ ਨੂੰ ਚੰਚਲ ਤਾਰਾ ਰਾਣੀ ਦੇ ਮਗਰ ਦੱਬੇ ਪੈਰੀਂ ਹੋ ਤੁਰਿਆ। ਤਾਰਾ ਰਾਣੀ ਜਦ ਸੰਗਤ ਵਿਚ ਜਾ ਪੁੱਜੀ ਤਾਂ ਰਾਜੇ ਹਰੀ ਚੰਦ ਨੇ ਉਸਦੀ ਇਕ ਖੜਾਂਵ ਨਿਸ਼ਾਨੀ ਵਲੋਂ ਘਰ ਲੈ ਗਿਆ। ਜਦ ਤਾਰਾ ਰਾਣੀ ਸਾਧ ਸੰਗਤ ਕਰਕੇ ਉੱਠੀ ਤਾਂ ਆਪਣੀ ਇਕ ਖੜਾਂਵ ਨਾ ਵੇਖ ਕੇ ਘਾਬਰੀ ਨਹੀਂ। ਤਾਰਾ ਰਾਣੀ ਨੇ ਸਾਧ ਸੰਗਤ ਦੀ ਅਰਾਧਨਾ ਕੀਤੀ ਤਾਂ ਰਾਣੀ ਦੀ ਖੜਾਂਵ ਨਾਲ ਇਕ ਹੋਰ ਖੜਾਂਵ ਮਿਲ ਕੇ ਪੂਰਾ ਜੋੜਾ ਬਣ ਗਿਆ। ਰਾਜੇ ਹਰੀ ਚੰਦ ਨੇ ਜਦ ਇਹ ਚਰਿਤਰ ਵੇਖਿਆ ਕਿ ਤਾਰਾ ਰਾਣੀ ਨੂੰ ਮਿਲੀ ਦੂਜੀ ਖੜਾਂਵ ਇਕ ਬਹੁਤ ਵੱਡਾ ਕੌਤਕ ਹੋਇਆ ਹੈ। ਭਾਈ ਗੁਰਦਾਸ ਜੀ ਇਸ ਕੌਤਕ ਪਿਛੇ ਸਾਧ ਸੰਗਤ ਦਾ ਹੀ ਉਪਕਾਰ ਸਮਝਦੇ ਹਨ।

----

## ਵਾਰ 10

*ਪਉੜੀ 7 (ਬਿਦਰ ਅਤੇ ਦੁਰਯੋਜਨ)*

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
ਘਰਿ ਅਸਦਾੜੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
ਭੀਖਮੁ ਦੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।
ਹਸਿ ਬੋਲੈ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
ਗੋਬਿੰਦ ਭਾਉ ਭਗਤਿ ਦਾ ਭੁਖਾ ॥7॥

---

*ਰੁਖਾ: ਗੁੱਸੇ। ਕਿ ਸੁਖਾ: ਕੀ ਸੁਖ ਮਿਲਿਆ। ਵਲਾਇਓਨੁ: ਗੁਜ਼ਰ ਕੀਤੀ। ਸਭਾ ਸੀਗਾਰ: ਸਭਾ ਦਾ ਮੁਖੀਆ। ਝੁੰਗੀ: ਛੱਪਰੀ। ਚੁਖਾ: ਰੰਚਕ। ਧੁਖਾ: ਚਿੰਤਾਂ। ਅਪਦਾ ਦੁਖਾ: ਦੁਖ, ਤਕਲੀਫ। ਜਿਵੇਹਾ: ਜਿਸ ਤਰ੍ਹਾਂ ਦਾ। ਚੁਖਾ: ਰੰਚਕ। ਭੁਖਾ: ਗਾਹਕ। ਬਿਦਰ: ਦਾਸ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਭਗਵਾਨ ਕ੍ਰਿਸ਼ਨ ਜਦ ਆਪਣੇ ਬਿਦਰ ਭਾਵ ਦਾਸ ਦੇ ਘਰ ਗਿਆ ਤਾਂ ਦਰਜੋਧਨ ਗੁੱਸੇ ਵਿਚ ਲਾਲ ਪੀਲਾ ਹੋ ਕੇ ਕਹਿਣ ਲੱਗਾ ਕਿ ਸਾਡੇ ਮੰਦਰਾਂ ਨੂੰ ਛੱਡ ਕੇ ਤੈਨੂੰ ਦਾਸ ਦੇ ਘਰ ਜਾ ਕੇ ਕੀ ਸੁਖ ਮਿਲਦਾ ਹੈ? ਭੀਖਮ ਦਰੋਣਾ ਕਰਨ ਆਦਿਕ ਸਾਡੀ ਸਭਾ ਦੇ ਮੁਖੀਏ ਆਦਿ ਵੱਡੇ ਮਨੁਖ ਵੀ ਛੱਡ ਕੇ ਕੱਖਾਂ ਦੀ ਕੁਲੀ ਵਿਚ ਰਾਤ ਗੁਜਾਰੀ ਹੈ। ਸਾਡੇ ਸਾਰਿਆਂ ਦੇ ਮਨਾ ਵਿਚ ਇਸ ਗੱਲ ਦੀ ਬਹੁਤ ਚਿੰਤਾ ਹੈ। ਕ੍ਰਿਸ਼ਨ

ਭਗਵਾਨ ਹੱਸ ਕੇ ਬੋਲੇ, 'ਹੇ ਰਾਜਨ! ਮੇਰੀ ਗੱਲ ਬਹੁਤ ਧਿਆਨ ਲਾ ਕੇ ਸੁਣ ਤੇਰੇ ਮਨ ਵਿਚ ਸਾਨੂੰ ਪ੍ਰੇਮ ਨਹੀਂ ਲਗਦਾ। ਮੈਨੂੰ ਤੁਹਾਡੇ ਨਾਲ ਰਹਿਣ ਦੀ ਜਾਂ ਗੱਲ ਬਾਤ ਕਰਨ ਦਾ ਕੋਈ ਦੁਖ ਨਹੀਂ ਹੈ ਮੇਰੇ ਬਿਦਰ ਦੇ ਮਨ ਵਿਚ ਮੇਰੇ ਨਾਲ ਅਜਿਹਾ ਪ੍ਰੇਮ ਹੈ ਕਿ ਕਿਸੇ ਹੋਰ ਦੇ ਮਨ ਵਿਚ ਉਸਦਾ ਰੰਚਕ ਭਾਵ ਰੱਤੀ ਵੀ ਹਿੱਸਾ ਨਹੀਂ ਹੈ ਪ੍ਰਮਾਤਮਾਂ ਆਪ ਵੀ ਸਿਰਫ ਇਕ ਪ੍ਰੇਮਾਂ ਭਗਤੀ ਦਾ ਹੀ ਭੁੱਖਾ ਹੈ।

----

## ਵਾਰ 10

*ਪਉੜੀ 8 (ਦਰੋਪਤੀ)*

ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ।
ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।
ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹ ਜਾਂਦੀ।
ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
ਨਾਥ ਅਨਾਥਾਂ ਬਾਣਿ ਧਰਾਂਦੀ ॥8॥

---

*ਮਥੇਵਲਿ: ਸਿਰ ਦੇ ਕੇਸਾਂ ਤੋਂ ਪਕੜ ਕੇ। ਪੰਚਾਲੀ: ਪੰਚਾਲ ਦੇਸ਼ ਰਾਜਾ ਦੀ ਪੁਤਰੀ, ਦ੍ਰੋਪਤੀ ਪੰਜਾਬਣ ਸੀ। ਬਾਂਦੀ: ਦਾਸੀ। ਅਉਘਟਿ ਰੁਧੀ: ਔਖੀ ਘੜੀ, ਔਕੜ ਵਿਚ ਫਸੀ। ਰੁਧੀ: ਫਸੀ। ਧੁਣਨਿ: ਅਫਸੋਸ ਨਾਲ ਸਿਰ ਧੁਣਦੇ ਹਨ।*

ਕਿਹਾ ਜਾਂਦਾ ਹੈ ਕਿ(ਕਿਹਾ ਜਾਂਦਾ ਹੈ ਕਿ ਦ੍ਰੋਪਤੀ ਪੰਚਾਲ ਦੇਸ਼ ਭਾਵ ਪੰਜਾਬਣ ਸੀ। ਦੁਰਜੋਧਨ ਨੇ ਦ੍ਰੋਪਤੀ ਨੂੰ ਜੂੜੇ ਤੋਂ ਫੜ੍ਹ ਕੇ ਦਰਬਾਰ ਵਿਚ ਘੜੀਸ ਕੇ ਲਿਆਂਦਾ। ਦਰਜੋਧਨ ਨੇ ਦੂਤਾਂ ਨੂੰ ਕਿਹਾ ਕਿ ਇਸ ਪੰਜਾਬਣ ਦਾਸੀ ਨੂੰ ਨੰਗਿਆ ਕਰੋ! ਉਹ ਪੰਜੇ ਪਾਂਡਵ ਜਿਵੇਂ ਯੁਧਿਸ਼ਟਰ, ਅਰਜਨ, ਭੀਮਸੈਨ,ਨਕਲ ਅਤੇ ਸਹਿਦੇਵ ਆਦਿ ਵੇਖਦੇ ਰਹਿ ਗਏ। ਜਿਨ੍ਹਾਂ ਦੀ ਇਸਤ੍ਰੀ ਔਕੜ ਵਿਚ ਫਸੀ ਹੋਵੇ ਉਨ੍ਹਾਂ ਨੂੰ ਭਲਾ ਚੈਨ ਕਿਥੋਂ? ਫਿਰ ਦ੍ਰੋਪਤੀ ਨੇ ਅੱਖਾਂ ਮੀਟ ਕੇ ਕ੍ਰਿਸ਼ਨ ਭਗਵਾਨ ਦਾ ਧਿਆਨ ਧਰਿਆ ਅਤੇ ਵਿਲਲਾਕੇ ਕਿਹਾ,' ਹਾ ਕ੍ਰਿਸ਼ਨ! ਹਾ ਕ੍ਰਿਸ਼ਨ! ਦੀ ਪੁਕਾਰ ਲਾਈ। ਦੂਤਾਂ ਨੇ ਕਪੜੇ ਲਾਹ ਕੇ ਕਪਟਿ ਉਸਾਰੀਅਨਿ ਭਾਵ ਢੇਰ ਲਾ ਦਿਤੇ। ਅਤੇ ਲਹੁੰਦੇ ਲਹੁੰਦੇ ਥੱਕ ਗਏ ਪਰ ਦ੍ਰੋਪਤੀ ਨੂੰ ਨਗਨ ਨਾ ਕਰ ਸਕੇ। ਹੁਣ ਦੂਤ ਆਪਣੇ ਹੱਥ ਮਰੋੜਦੇ ਹਨ, ਸਿਰ ਧੁਣਦੇ ਹਨ, ਪਛੁਤਾਉਂਦੇ ਹਨ ਅਤੇ ਅੱਕ ਕੇ ਦ੍ਰੋਪਤੀ ਦੇ ਕਪੜੇ ਉਤਾਰਨੇ ਛੱਡ ਕੇ ਕਹਿੰਦੇ ਹਨ, 'ਜਾਹ ਜਾਂਦੀ ਕੁਝ ਨਾ ਬਣਿਆ ਮੂੰਹ ਕਾਲਾ ਵੀ ਕਰਵਾਇਆ ਅਤੇ ਕਾਰਜ ਵੀ ਪੂਰਾ ਨਾ ਹੋਇਆ। ਦ੍ਰੋਪਤੀ ਜਦੋਂ ਘਰ ਵਾਪਸ ਆਈ ਅੱਗਿਓ ਸੁਆਮੀ

ਮਿਲੇ, ਪੁੱਛਣ ਲੱਗੇ, 'ਦ੍ਰੋਪਤੀ! ਪੈਜ ਰਹਿ ਗਈ।ਦ੍ਰੋਪਤੀ ਨੇ ਸ਼ਰਮਾਉਂਦੀ ਹੋਈ ਨੇ ਉਤਰ ਦਿਤਾ, 'ਹਾਂ ਜੀ।' ਨਾਥ ਨੂੰ ਅਨਾਥਾਂ ਦੇ ਬਿਰਦ ਸੰਭਾਲਣ ਦੀ ਆਦਤ ਮੁੱਢ ਕਦੀਮੀ ਹੀ ਹੈ।

----

## ਵਾਰ 10

*ਪਉੜੀ 9 (ਸੁਦਾਮਾ ਭਗਤ)*

ਬਿਪੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।
ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।
ਚਲਿਆ ਗਣਦਾ ਗਟੀਆਂ ਕਿਉਕਰਿ ਜਾਈਐ ਕਉਣੁ ਮਿਲਾਏ।
ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।
ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।
ਪਹਿਲੇ ਦੇ ਪਰਦਖਣਾ ਪੈਰੀਂ ਪੈ ਕੇ ਲੈ ਗਲਿ ਲਾਏ।
ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।
ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।
ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।
ਚਾਰਿ ਪਦਾਰਥ ਸਕੁਚਿ ਪਠਾਏ ॥9॥

---

*ਬਿਪੁ: ਬ੍ਰਾਹਮਣ। ਦਲਿਦੀ: ਦਰਿਦਰੀ ਗਰੀਬ। ਸਖਾਈ: ਬਚਪਨ ਦਾ ਮਿਤਰ। ਲਾਗੂ: ਮਗਰ ਪਈ। ਗਟੀਆਂ: ਗਿਣਤੀਆਂ ਭਾਵਵਿਚਾਰਾਂ ਕਰਦਾ। ਸਿੰਘ ਦੁਆਰਿ: ਰਾਜ ਦੁਆਰ। ਕੁਸਲੁ: ਸੁਖ ਸਾਂਦ। ਤੰਦੁਲ: ਚਾਵਲ।*

ਸੁਦਾਮਾਂ ਨਾਮੀ ਇਕ ਬ੍ਰਾਹਮਣ ਦਲਿਦਰੀ ਅਤੇ ਗਰੀਬ ਕ੍ਰਿਸ਼ਨ ਭਗਵਾਨ ਦਾ ਬਚਪਨ ਦਾ ਦੋਸਤ ਸੀ। ਉਸਦੀ ਬ੍ਰਾਹਮਣੀ ਵਹੁਟੀ ਉਸਦੇ ਪਿੱਛੇ ਪੈ ਗਈ ਕਿ ਤੂੰ ਜਗਦੀਸ਼ ਜੀ ਨੂੰ ਮਿਲ ਜਾ ਕੇ ਉਹ ਤੇਰਾ ਦਲਿਦਰ ਮਿਟਾ ਦੇਵੇਗਾ। ਸੁਦਾਮੇ ਦਾ ਦਿਲ ਤਾਂ ਮੰਗਣ ਨੂੰ ਨਹੀਂ ਸੀ ਕਰਦਾ ਪਰਗਿਣਤੀਆਂ ਗਿਣਦਾ ਆਪਣੇ ਬਚਪਨ ਦੇ ਦੋਸਤ ਕ੍ਰਿਸ਼ਨ ਵੱਲ ਤੁਰ ਪਿਆ। ਰਸਤੇ ਵਿਚ ਸੋਚਦਾ ਜਾਂਦਾ ਹੈ ਕਿ ਭਾਈ ਕਿਵੇਂ ਮੁਲਾਕਾਤ ਹੋਵੇ। ਦੁਆਰਕਾਨਗਰੀ ਪਹੁੰਚਾ ਅਤੇ ਰਾਜ ਦੁਆਰ ਅਗੇ ਜਾ ਖੜੋਤਾ। ਕ੍ਰਿਸ਼ਨ ਜੀ ਨੇ ਦੂਰੋਂ ਸੁਦਾਮੇ ਨੂੰ ਆਉਂਦੇ ਨੂੰ ਵੇਖ ਕੇ ਸਿੰਘਾਸਨ ਛੱਡ ਕੇ ਆਉਂਦੇ ਸੁਦਾਮੇ ਨੂੰ ਮੱਥਾ ਟੇਕਿਆ। ਪਹਿਲਾਂ ਪ੍ਰਦੱਖਣਾ ਕੀਤੀ, ਪੈਰੀ ਪਏ, ਫਿਰ ਸੁਦਾਮੇ ਨੂੰ ਆਪਣੇ ਗਲ ਨਾਲ ਲਾਇਆ। ਸਿੰਘਾਸਨ ਉਪਰ ਬੈਠਾ ਕੇ ਚਰਨ ਧੋਤੇ ਅਤੇ ਚਰਨਾਮ੍ਰਿਤ ਲਿਆ। ਪਿਆਰ ਨਾਲ ਫਿਰ ਸੁਖ ਸਾਂਦ ਪੁੱਛੀ ਅਤੇ ਗੁਰ ਸੇਵਾ ਦੀ ਕਥਾ ਕੀਤੀ। ਭਾਈ ਅਸੀਂ ਦੋਵੇਂ ਇਕੋ ਗੁਰੂ ਦੀ ਟਹਿਲ ਕਰਦੇ ਹੁੰਦੇ ਸੀ।ਇਕ ਵਾਰ ਚਣੇ ਨਾਲ ਲਿਆਏ ਸਨ ਕਿ ਜਦ ਭੁੱਖ ਲਗੇਗੀ ਤਾਂ ਅਸੀਂ ਚੱਬਾਂਗੇ। ਮੈਂ ਲਕੜੀਆਂ ਲੈਣ ਨੂੰ ਗਿਆ ਹੋਇਆ ਸੀ ਤੂੰ ਪਿੱਛੋਂ ਦਾਣੇ ਚੱਬ ਲਏ। ਜਦ ਮੇਰੇ ਜੋਗੇ ਨਾ ਰਹੇ ਮੈਂ ਤੇਰੇ ਨਾਲ ਗੁੱਸੇ ਹੋ

ਗਿਆ ਸੀ ਅਤੇ ????? ਦਰਿੱਦਰੀ ਕਹਿ ਬੈਠਾ ਸੀ। ਫਿਰ ਉਸਦੇ ਪੱਲੇ ਪਾਏ ਚਾਵਲ ਜਿਹੜੇ ਬ੍ਰਾਹਮਣੀ ਨੇ ਭੇਟਾ ਵਾਸਤੇ ਬੰਨ੍ਹ ਦਿਤੇ ਸਨ ਲੈ ਕੇ ਖੂਬ ਚੱਬੇ, ਫਿਰ ਵਿਦਾ ਕੀਤਾ ਸੀ ਤਾਂ ਆਪ ਅੱਗੇ ਪਹੁੰਚਾਉਂਣ ਵਾਸਤੇ ਨਾਲ ਗਏ। ਉਸਦੇ ਘਰ ਚਾਰੇ ਪਦਾਰਥ ਸਭ ਕੁਝ ਇਉਂ ਸ਼ਰਮਾ ਕੇ ਦਿਤੇ ਜਿਵੇਂ ਕੋਈ ਵੱਡਾ ਹੁਧਾਰ ਕਿਸੇ ਗਰੀਬ ਨੂੰ ਇਕ ਧੀਰਜ ਦਿੰਦਾ ਹੈ।

----

## ਵਾਰ 10

*ਪਉੜੀ 10 (ਜੈਦੇਉ ਭਗਤ)*

ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।
ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।
ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।
ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।
ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।
ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।
ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।
ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।
ਸੰਤ ਅਨੰਤ ਨ ਭੇਦੁ ਗਣਾਵੈ ॥10॥

---

*ਗੀਤ ਗੋਵਿੰਦ: ਗੀਤ ਗੋਵਿੰਦ ਨਾਮ ਦੀ ਇਕ ਪੁਸਤਕ ਜੋ ਭਗਤ ਜੈ ਦੇਵ ਜੀ ਦੀ ਕ੍ਰਿਤ ਹੈ। ਪਰਤੀਤਿ: ਨਿਸਚਾ। ਅਨੰਤ: ਪਰਮੇਸ਼ਰ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਦਸਦੇ ਹਨ ਕਿ ਕਿਸੇ ਲੇਖਕ ਨੂੰ ਆਪਣੀ ਲਿਖਤ ਉਪਰ ਹੰਕਾਰ ਨਹੀਂ ਕਰਨਾ ਚਾਹੀਦਾ ਸਗੋਂ ਆਪਾ ਗਵਾ ਕੇ ਇਕ ਪ੍ਰਮਾਤਮਾਂ ਦੇ ਭੈ ਵਿਚ ਰਹਿਣਾ ਚਾਹੀਦਾ ਹੈ। ਜੈ ਦੇਵ ਨਾਮ ਦੇ ਭਗਤ ਪ੍ਰੇਮਾ ਭਗਤੀ ਕਰਕੇ ਗੋਵਿੰਦ ਦੇ ਗੀਤ ਸਹਿਜ ਧੁਨ ਭਾਵ ਸੁੱਤੇ ਪ੍ਰੇਮ ਦੀ ਲੈਅ ਤਾਲ ਨਾਲ ਗਉਂਦਾ ਹੁੰਦਾ ਸੀ। ਪ੍ਰਮਾਤਮਾਂ ਦੇ ਕਰਤਵ ਅਤੇ ਚਰਿਤਰ ਵਿਖਿਆਨ ਕਰਦਾ ਸੀ ਜਿਹੜਾ ਜਾਣੀਜਾਣ ਪ੍ਰਮਾਤਮਾਂ ਨੂੰ ਵੀ ਭਾਉਂਦਾ ਹੁੰਦਾ ਸੀ। ਭਾਵੇਂ ਜੈ ਦੇਵ ਪੂਰਾ ਅਨਪੜ੍ਹ ਸੀ ਪਰ ਆਪਣੀ ਕੱਛ ਵਿਚ ਇਕ ਪੁਸਤਕ ਜਰੂਰ ਰੱਖਦਾ ਸੀ। ਗੁਣਾਂ ਦੇ ਸਮੁੰਦਰ ਨੇ ਘਰ ਆ ਕੇ ਭਗਤ ਰੂਪ ਧਾਰ ਕੇ ਇਕ ਪ੍ਰਮਾਤਮਾਂ ਦੇ ਗੁਣਾਂ ਦਾ ਇਕ ਲੇਖ ਲਿਖਿਆ। ਜੈ ਦੇਵ ਇਕ ਅੱਖਰ ਪੜ੍ਹ ਕੇ ਸਮਝ ਕੇ ਫੁੱਲਿਆ ਨਹੀਂ ਸਮਾਉਂਦਾ ਸੀ। ਇਕ ਦਿਨ ਜੈਦੇਵ ਉਜਾੜ ਵਿਚ ਕੀ ਵੇਖਦਾ ਹੈ ਕਿ ਉਥੇ ਇਕ ਅਚਰਜ ਬ੍ਰਿਛ ਖਿੜਿਆ ਹੋਇਆ ਹੈ ਉਸਦੇ ਹਰ ਪੱਤੇ ਉਪਰ ਗੋਵਿੰਦ ਦਾ ਗੀਤ ਲਿਖਿਆ ਪੜ੍ਹਿਆ ਜਾਂਦਾ ਹੈ। ਪੜ੍ਹਦਿਆਂ ਅੰਤ ਨਹੀਂ ਸੀ ਆਉਂਦਾ। ਪ੍ਰਮਾਤਮਾਂ ਭਗਤ ਦੇ ਪ੍ਰੇਮ ਵਿਚ ਗ੍ਰਸਿਆ ਪਰਗਟ ਹੋ ਕੇ ਦਿਆਲੂ ਬਣ ਕੇ ਜੈਦੇਵ ਨੂੰ ਜਾ ਗਲੇ ਮਿਲਿਆ। ਪ੍ਰਮਾਤਮਾਂ ਸਦਾ ਸੰਤਾਂ ਨਾਲ ਰਿਝਦਾ ਹੈ। ਕਦੇ ਵੀ ਸੰਤਾਂ ਦੇ ਮਨਾਂ ਦੀਆਂ ਇਛਾਵਾਂ ਨੂੰ ਭੁਲਦਾ ਨਹੀਂ ਹੈ।

## ਵਾਰ 10

*ਪਉੜੀ 11 (ਨਾਮਦੇਵ)*

ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।
ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।
ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।
ਠਾਕੁਰ ਨੋ ਨ੍ਹਾਵਾਲਿ ਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।
ਹਥਿ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।
ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।
ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੁਧੁ ਪੀਐਇਆ।
ਗਾਇ ਮੁਈ ਜੀਵਾਲਿਓਨੁ ਨਾਮਦੇਵ ਦਾ ਛਪਰੁ ਛਾਇਆ।
ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।
ਭਗਤ ਜਨਾ ਦਾ ਕਰੇ ਕਰਾਇਆ ॥11॥

---

*ਕਪਲ ਗਾਇ: ਜਿਸ ਗਾਂ ਦੇ ਥਣ ਕਾਲੇ ਹੋਣ। ਨਿਹਚਉ: ਨਿਸ਼ਚਾ।*

ਨਾਮਦੇਵ ਦਾ ਪਿਤਾ ਕਿਸੇ ਕੰਮ ਉਪਰ ਜਾਣ ਲਗਿਆ ਨਾਮਦੇਵ ਨੂੰ ਆਖ ਗਏ, 'ਭਈ ਠਾਕਰ ਦੀ ਸੇਵਾ ਕਰੀਂ', ਦੁੱਧ ਆਦਿ ਪਿਲਾਵਣ ਦਾ ਵੀ ਸਾਰਾ ਤਰੀਕਾ ਦਸ ਦਿਤਾ। ਨਾਮਦੇਵ ਇਸ਼ਨਾਨ ਕਰਕੇ ਗੋਰੀ ਗਾਂ ਦਾ ਦੁੱਧ ਚੋਅ ਕੇ ਘਰ ਲੈ ਆਇਆ। (ਪਿਛਲੀਆਂ ਪਉੜੀਆਂ ਵਿਚ ਭਾਈ ਗੁਰਦਾਸ ਜੀ ਲਿਖ ਆਏ ਹਨ ਕਿ ਗਊਆਂ ਭਾਵੇਂ ਕਾਲੀਆਂ ਹੋਣ ਜਾਂ ਗੋਰੀਆਂ ਪਰ ਦੁੱਧ ਹਮੇਸ਼ਾ ਚਿੱਟਾ ਹੀ ਦਿੰਦੀਆਂ ਹਨ। ਵਾਰ ਨੰ: ਛੇ ਦੀ ਪਉੜੀ 9 ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਕਈ ਰੰਗਾਂ ਦੀਆਂ ਗਊਆਂ, ਜਿਵੇਂ ਕਾਲੀ ਪੀਲੀ, ਧੌਲੀ ਆਦਿ ਹੁੰਦੀਆਂ ਹਨ ਪਰ ਘਾਹ ਜਾਂ ਦੱਭ ਖਾ ਕੇ ਦੁੱਧ ਇਕੋ ਚਿੱਟੇ ਰੰਗ ਦਾ ਹੀ ਦਿੰਦੀਆਂ ਹਨ। ਇਥੇ ਗੋਰੀ ਗਾਂ ਦਾ ਦੁੱਧ ਭਾਵ ਕਿ ਪਵਿਤਰ ਦੁੱਧ ਕਾਰਨ ਲਿਖਿਆ ਗਿਆ ਹੈ।) ਠਾਕਰ ਨੂੰ ਨੁਹਾ ਧੁਆ ਕੇ ਚਰਨ ਜਲ ਭਾਵ ਚਰਨਾਮ੍ਰਿਤ ਲੈ ਕੇ ਠਾਕਰ ਨੂੰ ਤਿਲਕ ਲਾਇਆ। ਹੱਥ ਜੋੜ ਕੇ ਬੇਨਤੀ ਕਰੇ ਕਿ ਜੀ, ਹੇ ਗੋਬਿੰਦ ਰਾਏ ਜੀ ਦੁੱਧ ਪੀਓ ਜੀ। ਪੂਰੇ ਨਿਸਚੇ ਨਾਲ ਠਾਕਰ ਦੀ ਅਰਾਧਨਾ ਕੀਤੀ ਅਤੇ ਪ੍ਰੇਮ ਵਿਚ ਬੱਝੇ ਠਾਕਰ ਨੇ ਪਰਗਟ ਹੋ ਕੇ ਨਾਮਦੇਵ ਜੀ ਨੂੰ ਦਰਸ਼ਨ ਦਿਤੇ। ਨਾਮਦੇਵ ਜੀ ਨੇ ਕਟੋਰੀ ਭਰੀ ਅਤੇ ਠਾਕਰ ਨੂੰ ਦੁੱਧ ਪਿਲਾਉਂਣਾ ਕੀਤਾ ਨਾਮਦੇਵ ਨੇ ਫਿਰ ਇਕ ਵਾਰੀ ਮਰੀ ਹੋਈ ਗਾਂ ਨੂੰ ਜਿਉਂਦਾ ਵੀ ਕੀਤਾ। ਪ੍ਰਮਾਤਮਾਂ ਨੇ ਨਾਮ ਦੇਵ ਜੀ ਦਾ ਛੱਪਤ ਵੀ ਛਤਾਇਆ ਸੀ। ਨਾਮਦੇਵ ਜੀ ਨੇ ਦੇਹੁਰਾ ਵੀ ਫੇਰ ਕੇ ਲੋਕਾਂ ਨੂੰ ਵਿਖਾਇਆ ਸੀ। ਚਾਰ ਵਰਣ ਨੂੰ ਉਸਦੇ ਪੈਰਾਂ ਉਪਰ ਝੁਕਾਇਆ ਸੀ। ਇਕ ਪ੍ਰਮਾਤਮਾਂ ਭਗਤ ਜਨਾਂ ਦਾ ਕੀਤਾ ਹੋਇਆ ਜਰੂਰ ਮੋੜਦਾ ਹੈ।

----

## ਵਾਰ 10

*ਪਉੜੀ 12 (ਨਾਮਦੇਵ ਅਤੇ ਤ੍ਰਿਲੋਚਨ)*

ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ।
ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ।
ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ।
ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ।
ਹਸਿ ਕੈ ਠਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।
ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ।
ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ।
ਹੋਇ ਵਿਚੋਲਾ ਆਣਿ ਮਿਲਾਵੈ ।।12।।

---

*ਭਲਕੇ: ਸਵੇਰੇ। ਚਲਿਤੁ: ਹਰੀ ਦੇ ਚਰਿੱਤਰ। ਭੇਟੁ: ਚੜ੍ਹਾਵਾ, ਕੇਵਲ ਭੇਂਟ ਦੇਣ ਨਾਲ। ਤੁਸਿ: ਪ੍ਰਸੰਨ ਹੋ ਕੇ, ਤਰੁੱਠ ਕੇ। ਹੰਘਾਂ: ਸਕਦਾ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਦਰਸਾਉਂਦੇ ਹਨ ਕਿ ਭਗਤੀ ਸਤਸੰਗਤ ਵਿਚ ਮਿਲ ਕੇ ਹੀ ਕਰਨੀ ਚਾਹੀਦੀ ਹੈ। ਤ੍ਰਿਲੋਚਨ ਅਤੇ ਨਾਮਦੇਵ ਜੀ ਗੁਰਭਾਈ ਵੀ ਅਤੇ ਆਪਸ ਵਿਚ ਬਹੁਤ ਗੂੜ੍ਹੇ ਦੋਸਤ ਵੀ ਸਨ। ਤ੍ਰਿਲੋਚਨ ਭਗਤ ਨਾਮਦੇਵ ਦਾ ਸਵੇਰੇ ਦਰਸ਼ਨ ਕਰਨ ਆਉਂਦਾ ਹੁੰਦਾ ਸੀ। ਦੋਨੋ ਗੁਰਭਾਈ ਮਿਲ ਕੇ ਭਗਤੀ ਕਰਦੇ ਹੁੰਦੇ ਸਨ ਅਤੇ ਨਾਮਦੇਵ ਹਰੀ ਦੀ ਕਥਾ ਸੁਣਾਉਂਦਾ ਹੁੰਦਾ ਸੀ। ਤ੍ਰਿਲੋਚਨ ਨੇ ਕਿਹਾ, 'ਹੇ ਨਾਮਦੇਵ ਪ੍ਰਮਾਤਮਾਂ ਅਗੇ ਮੇਰੀ ਵੀ ਬੇਨਤੀ ਕਰ ਕਿ ਕਿਸੇ ਤਰ੍ਹਾਂ ਮੈਂ ਵੀ ਉਸਦੇ ਦਰਸ਼ਨ ਕਰ ਸਕਾਂ। ਮੇਰੇ ਵਲੋਂ ਵੀ ਉਸਦੀ ਮਿੰਤ ਕਰ ਕਿ ਜੇਕਰ ਉਸਦੇ ਮਨ ਨੂੰ ਮੇਰੀ ਭਓ ਭਗਤੀ ਭਾਵੇ ਤਾਂ ਮੈਂ ਵੀ ਪ੍ਰਮਾਤਮਾਂ ਦੇ ਦਰਸ਼ਨ ਪਾਵਾਂ। ਜਦ ਨਾਮਦੇਵ ਨੇ ਠਾਕਰ ਜੀ ਦਾ ਮਿੰਤ ਤਰਲਾ ਕੀਤਾ ਕਿ ਤ੍ਰਿਲੋਚਨ ਕਿੰਝ ਆਪ ਜੀ ਦਾ ਦਰਸ਼ਨ ਪਾ ਸਕਦਾ ਹੈ? ਠਾਕਰ ਜੀ ਹੱਸ ਕੇ ਬੋਲੇ ਅਤੇ ਨਾਮਦੇਵ ਜੀ ਨੂੰ ਸਮਝਾਇਆ, 'ਹੇ ਨਾਮਦੇਵ ਮੇਰਾ ਦੀਦਾਰ ਭੇਟਾ ਨਾਲ ਹੱਥ ਨਹੀਂ ਆਉਂਦਾ, ਮੈਂ ਤਾਂ ਤ੍ਰਿਲੋਚਨ ਜੀ ਨੂੰ ਉਸਦੇ ਪ੍ਰੇਮ ਨਾਲ ਪਰਸੰਨ ਹੋ ਕੇ ਹੀ ਦਰਸ਼ਨ ਦੇਵਾਂਗਾ। ਮੈਂ ਤਾਂ ਭਗਤਾ ਦੇ ਅਧੀਨ ਹਾਂ ਭਗਤੀ ਦੇ ਦਾਅਵਿਆਂ ਨੂੰ ਠੁਕਰਾ ਨਹੀਂ ਸਕਦਾ। ਠਾਕਰ ਨੇ ਨਾਮਦੇਵ ਜੀ ਨੂੰ ਦਸਿਆ ਕਿ ਜਿਨ੍ਹਾਂ ਦੇ ਸੰਤ ਜਨ ਵਿਚੋਲੇ ਹੁੰਦੇ ਹਨ ਉਹ ਸੰਤ ਜੋ ਵੀ ਕਹਿਣ ਉਨ੍ਹਾਂ ਦੀ ਇਛਾ ਨੂੰ ਪੂਰਾ ਕਰਨਾ ਮੇਰਾ ਪਰਮ ਧਰਮ ਬਣ ਜਾਂਦਾ ਹੈ।

----

## ਵਾਰ 10

*ਪਉੜੀ 13 (ਧੰਨਾ ਅਤੇ ਬ੍ਰਾਹਮਣ)*

ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ ॥13॥

---

*ਜੋਦੜੀ: ਮਿੰਨਤ। ਗੈਲ: ਖਹਿੜਾ, ਪਿੱਛਾ। ਛਾਹਿ: ਲੱਸੀ। ਕਿਹੁ ਨ: ਕੁਝ ਵੀ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਦਰਸਾਉਂਦੇ ਹਨ ਕਿ ਦ੍ਰਿੜ ਵਿਸ਼ਵਾਸ ਨਾਲ ਹੀ ਪ੍ਰਮਾਤਮਾਂ ਨੂੰ ਪਾ ਸਕੀਦਾ ਹੈ। ਮਨੁਖ ਨੂੰ ਚੰਚਲਤਾਈ ਅਤੇ ਹੰਕਾਰ ਕਰਨ ਨਾਲ ਕਦੇ ਵੀ ਪ੍ਰਮਾਤਮਾਂ ਦੇ ਦਰਸ਼ਨ ਨਹੀਂ ਹੋ ਸਕਦੇ। ਭੋਲਾਪਨ ਭਰੋਸੇ ਨੂੰ ਪੱਕਿਆਂ ਕਰਦਾ ਹੈ। ਜਿਵੇਂ ਇਕ ਬ੍ਰਾਹਮਣ ਬਹੁਤ ਦੇਵਤਿਆਂ ਅਤੇ ਪੱਥਰਾਂ ਦੀਆਂ ਮੂਰਤਾਂ ਨੂੰ ਪੂਜਦਾ ਹੁੰਦਾ ਸੀ ਅਤੇ ਧੰਨਾ ਭਗਤ ਉਸੇ ਖੂਹ ਵੱਲ ਗਊਆਂ ਚਾਰਨ ਆਇਆ ਕਰਦਾ ਸੀ। ਧੰਨਾ ਬ੍ਰਾਹਮਣ ਦਾ ਅਜਿਹਾ ਕਰਤਵ ਵੇਖ ਕੇ ਇਕ ਦਿਨ ਬ੍ਰਾਹਮਣ ਨੂੰ ਪੁੱਛਣ ਲੱਗਾ, 'ਦਾਦਾ ਜੀ! ਇਹ ਕੀ ਕਰਦੇ ਹੋ?' ਬ੍ਰਾਹਮਣ ਨੇ ਉਤਰ ਦਿਤਾ, 'ਠਾਕਰਾਂ ਦੀ ਪੂਜਾ ਕਰਨ ਨਾਲ ਮਨ ਇੱਛਤ ਭਾਵ ਮਨੁਖ ਦੀ ਹਰ ਕਾਮਨਾ ਪੂਰੀ ਹੁੰਦੀ ਹੈ। ਹੁਣ ਧੰਨਾ ਬ੍ਰਾਹਮਣ ਦੀਆਂ ਮਿੰਤਾਂ ਕਰਨ ਲੱਗਾ ਕਿ ਜੇਕਰ ਤੇਰਾ ਮਨ ਮੰਨੇ ਤਾਂ ਇਕ ਠਾਕਰ ਮੈਨੂੰ ਵੀ ਦੇ ਦਿਓ। ਬ੍ਰਾਹਮਣ ਨੇ ਇਕ ਪੱਥਰ ਚੁੱਕਿਆ ਅਤੇ ਕਿਸੇ ਪਵਿਤਰ ਕਪੜੇ ਵਿਚ ਲਪੇਟ ਕਰ ਧੰਨੇ ਨੂੰ ਫੜਾਉਂਦਾ ਹੋਇਆ ਬੁੜ ਬੁੜਾਇਆ ਅਤੇ ਕਹਿਣ ਲੱਗਾ, 'ਚਲੋ ਖਹਿੜਾ ਛੁੱਟਾ। ਧੰਨੇ ਨੇ ਬ੍ਰਾਹਮਣ ਵਾਂਗ ਠਾਕਰ ਨੂੰ ਨੁਹਾ ਕਰ ਕੇ ਰੋਟੀ ਅਤੇ ਲੱਸੀ ਉਸ ਨੂੰ ਭੋਗ ਲਗਾਉਂਣ ਵਾਸਤੇ ਉਸਦੇ ਸਾਹਮਣੇ ਰੱਖੀ। ਜਦ ਠਾਕਰ ਨੇ ਰੋਟੀ ਨਾ ਖਾਧੀ ਤਾਂ ਧੰਨਾ ਹੱਥ ਜੋੜ ਕੇ ਮਿੰਤਾਂ ਕਰਨ ਲੱਗਾ, ਡੰਡੌਤਾਂ ਕਰਕੇ ਇਸ ਤਰ੍ਹਾਂ ਮਨਾਉਂਣ ਲੱਗਾ ਜਿਵੇਂ ਉਹ ਸੱਚੀ ਮੁੱਚੀ ਰੁੱਸ ਗਿਆ ਹੋਵੇ। ਧੰਨਾ ਠਾਕਰਾਂ ਨੂੰ ਫਿਰ ਕਹਿਣ ਲੱਗਾ ਕਿ ਮੈਂ ਵੀ ਆਪਣਾ ਮੂੰਹ ਜੂਠਾ ਨਹੀਂ ਕਰਾਂਗਾ ਭਾਵ ਰੋਟੀ ਨਹੀਂ ਖਾਵਾਂਗਾ ਜਿੰਨਾ ਚਿਰ ਠਾਕਰ ਜੀ ਤੁਸੀਂ ਭੋਗ ਨਹੀਂ ਲਾਓਂਗੇ। ਮੈਂ ਵੀ ਭੁੱਖਾਂ ਹੀ ਰਹਾਂਗਾ ਜਿੰਨਾਂ ਤੁਸੀ ਵੀ ਨਹੀਂ ਖਾਵੋਂਗੇ। ਜੇਕਰ ਠਾਕਰ ਜੀ ਆਪ ਰੁੱਸੇ ਹੋਏ ਹੋਵੋਂਗੇ ਤਾਂ ਭਲਾ ਮੈਨੂੰ ਫਿਰ ਕੁਝ

ਖਾਣਾ ਕਿਵੇਂ ਸੁਝੇਗਾ। ਪ੍ਰਮਾਤਮਾਂ ਨੇ ਪ੍ਰਤੱਖ ਹੋ ਕੇ ਰੋਟੀ ਖਾ ਕੇ ਲੱਸੀ ਪੀਣ ਲੱਗੇ। ਇਸ ਤਰ੍ਹਾਂ ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਭੋਲਾ ਭਾਅ ਵੀ ਪ੍ਰਮਾਤਮਾ ਨੂੰ ਮਿਲਾ ਦਿੰਦਾ ਹੈ।

----

## ਵਾਰ 10

*ਪਉੜੀ 14 (ਬੇਣੀ ਭਗਤ)*

ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤੁ ਬਹੈ ਲਿਵ ਲਾਵੈ।
ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।
ਘਰਿ ਆਇਆ ਜਾ ਪੁਛੀਐ ਰਾਜ ਦੁਆਰਿ ਗਇਆ ਆਲਾਵੈ।
ਘਰਿਸਭ ਵਥੂ ਮੰਗੀਅਨਿ ਵਲੁ ਛਲੁ ਕਰਿਕੈ ਝਥ ਲੰਘਵੈ।
ਵਡਾ ਸਾਂਗੁ ਵਰਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।
ਪੈਜ ਸਵਾਰੈ ਭਗਤ ਦੀ ਰਾਜਾ ਹੋਇ ਕੈ ਘਰਿ ਚਲਿ ਆਵੈ।
ਦੇਇ ਦਿਲਾਸਾ ਤੁਸਿ ਕੈ ਅਣਗਿਣਤੀ ਖਰਚੀ ਪਹੁੰਚਾਵੈ।
ਓਥਹੁ ਆਇਆ ਭਗਤਿ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ।
ਭਗਤ ਜਨਾਂ ਜੈਕਾਰੁ ਕਰਾਵੈ ॥14॥

---

*ਲਿਵ: ਸਮਾਧੀ। ਝੱਤ: ਵੇਲਾ। ਅਧਿਆਤਮੀ: ਆਤਮਾ ਦੀ ਵਿਚਾਰ ਸਬੰਧੀ। ਵਥੂ: ਵਸਤਾਂ। ਤੁਸਿ ਕੈ: ਖੁਸ਼ ਹੋ ਕੇ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਮਾਤਮਾ ਦੀ ਅਰਾਧਨਾ ਸੱਚੇ ਦਿਲੋਂ ਕਰਨੀ ਚਾਹੀਦੀ ਹੈ ਅਤੇ ਇਕ ਪ੍ਰਮਾਤਮਾਂ ਉਪਰ ਸਦਾ ਭਰੋਸਾ ਰੱਖਣਾ ਚਾਹੀਦਾ ਹੈ ਕਿਉਂਕਿ ਉਹ ਸਾਰਿਆਂ ਉਪਰ ਆਪਣੀ ਦਿਆਲੂ ਨਜਰ ਬਣਾਈ ਰੱਖਦਾ ਹੈ। ਜਿਵੇਂ ਇਕ ਬੇਣੀ ਨਾਮ ਦਾ ਭਗਤ ਇਕਾਂਤ ਵਿਚ ਬੈਠ ਕੇ ਸਮਾਧੀ ਲਾ ਕੇ ਇਕ ਪ੍ਰਮਾਤਮਾਂ ਨੂੰ ਯਾਦ ਕਰਦਾ ਹੁੰਦਾ ਸੀ। ਬਿਲਕੁਲ ਕਿਸੇ ਮਤਲਬ ਬਿਨ੍ਹਾਂ ਅਤੇ ਕਿਸੇ ਨੂੰ ਇਹ ਕਦੇ ਹੰਕਾਰ ਕਰਕੇ ਨਹੀਂ ਕਹਿੰਦਾ ਕਿ ਮੈਂ ਇਕ ਪ੍ਰਮਾਤਮਾਂ ਦੀ ਭਗਤੀ ਕਰਦਾ ਹਾਂ ਭਾਵ ਕਿ ਆਪਣੇ ਆਪ ਨੂੰ ਕਦੇ ਵੀ ਕਰਮਾਂ ਦਾ ਅਭਿਮਾਨੀ ਨਹੀ ਮੰਨਦਾ ਕਿਉਂਕਿ ਉਸ ਨੇ ਇਸ ਗੱਲ ਨੂੰ ਸਮਝ ਲਿਆ ਸੀ ਕਿ ਕਰਨ ਕਰਾਉਂਣ ਵਾਲਾ ਤਾਂ ਸਿਰਫ ਇਕ ਪ੍ਰਮਾਤਮਾਂ ਹੀ ਹੈ। ਜਦ ਉਹ ਘਰ ਪਰਤਦਾ ਸੀ ਤਾਂ ਲੋਕ ਉਸਨੂੰ ਪੁੱਛਦੇ ਸਨ ਕਿ ਤੂੰ ਕਿਥੇ ਗਿਆ ਹੋਇਆ ਸੀ ਤਾਂ ਉਸਦਾ ਉਤਰ ਹੁੰਦਾ ਕਿ ਉਹ ਰਾਜ ਦਰਬਾਰ ਗਿਆ ਸੀ। ਇਥੇ ਰਾਜ ਦੁਆਰੇ ਤੋਂ ਭਾਵ ਭਾਈ ਗੁਰਦਾਸ ਜੀ ਇਕ ਪ੍ਰਮੇਸ਼ਵਰ ਦਾ ਦੁਆਰਾ ਦਸਦੇ ਹਨ। ਉਸਦੀ ਧਰਮ ਸੁਪਤਨੀ ਘਰ ਦੀਆਂ ਜਰੂਰੀ ਚੀਜ਼ਾਂ ਮੰਗੇ ਤਾਂ ਟਾਲਮਟੋਲ ਕਰਕੇ ਦਿਨ ਕਟੀ ਕਰ ਛੱਡਦਾ। ਇਕ ਦਿਨ ਵੱਡਾ ਭਾਣਾ ਵਰਤਿਆਂ ਕਿ ਉਹ ਭਗਤ ਤਾਂ ਇਕ ਮਨ ਹੋ ਕੇ ਪ੍ਰਮਾਤਮਾਂ ਨੂੰ ਧਿਆ ਰਿਹਾ ਸੀ ਭਗਤ ਦੀ ਪੱਤ ਸੁਆਰਨ ਵਾਸਤੇ ਪ੍ਰਮਾਤਮਾਂ ਹਰੀ ਰਾਜੇ ਦਾ ਸਰੂਪ ਬਣਾ ਕੇ ਉਸਦੇ ਘਰ

ਪਹੁੰਚ ਗਿਆ। ਪ੍ਰਸੰਨ ਹੋ ਕੇ ਦਿਲਾਸਾ ਦਿਤਾ ਅਤੇ ਬਹੁਤ ਸਾਰੀ ਦੌਲਤ ਉਸਦੇ ਘਰ ਛੱਡ ਆਇਆ। ਅਜਿਹਾ ਕਰਕੇ ਪ੍ਰਮਾਤਮਾਂ ਭਗਤ ਬੇਣੀ ਕੋਲ ਆਕੇ ਬੜੇ ਪਿਆਰ ਨਾਲ ਮੱਥਾ ਟੇਕਿਆ। ਇਸ ਤਰ੍ਹਾਂ ਪ੍ਰਮਾਤਮਾਂ ਆਪਣੇ ਭਗਤਾਂ ਦੀ ਸਦਾ ਇੱਛਾ ਪੂਰੀ ਕਰਦਾ ਹੈ।

----

## ਵਾਰ 10

*ਪਉੜੀ 15 (ਕਬੀਰ ਅਤੇ ਰਾਮਾਨੰਦ)*

ਹੋਇ ਬਿਰਕਤੁ ਬਨਾਰਸਦੀ ਰਹਿੰਦਾ ਰਾਮਾਨੰਦੁ ਗੁਸਾਈਂ।
ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।
ਪੈਰੀ ਟੁੰਬਿ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।
ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।
ਝਰਣਾ ਝਰਦਾ ਨਿਝਰਹੁ ਗੁਰਮੁਖਿ ਬਾਣੀ ਅਝੜ ਘੜਾਈ।
ਰਾਮ ਕਬੀਰੈ ਭੇਦੁ ਨ ਭਾਈ ॥15॥

---

*ਟੁੰਬ: ਅੰਗੂਠੇ ਨਾਲ ਛੂਹ ਕੇ। ਸਹਿਕਾਈ: ਖ਼ੁਸ਼ਬੋ ਦਿੰਦੀ ਹੈ। ਝਰਣਾ: ਅੰਮ੍ਰਿਤ ਦਾ। ਨਿਝਰਹੁ: ਆਤਮਾ ਦਾ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਗੁਰਮੁਖ ਦਾ ਗੁਰ-ਮੰਤ੍ਰ ਨੂੰ ਬੜੇ ਪਿਆਰ ਨਾਲ ਧਾਰਨ ਕਰਕੇ ਸਾਰੀ ਉਮਰ ਤੱਕ ਨਿਭਾਉਂਣ ਦੇ ਮਹਤੱਵ ਨੂੰ ਦਸਦੇ ਹਨ। ਜਿਵੇਂ ਰਾਮਾਨੰਦ ਗੁਸਾਂਈ ਬਿਰਕਤੁ ਭਾਵ ਦੁਨੀਆਂ ਨੂੰ ਤਿਆਗ ਕਰ ਕੇ ਕਾਂਸ਼ੀ ਸ਼ਹਿਰ ਅੰਦਰ ਰਹਿੰਦਾ ਸੀ। ਰਾਮਾਨੰਦ ਅੰਮ੍ਰਿਤ ਵੇਲੇ ਉਠ ਕੇ ਗੰਗਾ ਦੇ ਘਾਟ ਉਪਰ ਇਸ਼ਨਾਨ ਕਰਨ ਜਾਂਦਾ ਹੁੰਦਾ ਸੀ। ਭਗਤ ਕਬੀਰ ਨੇ ਮਨ ਵਿਚ ਸੋਚਿਆਂ ਕਿ ਉਹ ਨੀਚ ਹੋਣ ਕਰਕੇ ਸ਼ਾਇਦ ਉਸਨੂੰ ਆਪਣੇ ਮੱਥੇ ਨਹੀਂ ਲਾਵੇਗਾ ਇਸ ਕਰਕੇ ਉਹ ਰਾਮਾਨੰਦ ਦੇ ਸਮੇਂ ਤੋਂ ਪਹਿਲਾਂ ਹੀ ਉਸਦੇ ਰਸਤੇ ਵਿਚ ਲੇਟ ਗਿਆ। ਜਦ ਰਾਮਾਨੰਦ ਜੀ ਲੰਘਣ ਲੱਗੇ ਤਾਂਹਨੇਰੇ ਕਾਰਨ ਉਨ੍ਹਾਂ ਦਾ ਠੁੱਡਾ ਭਗਤ ਕਬੀਰ ਨੂੰ ਜਾ ਲੱਗਾ। ਰਾਮਾਨੰਦ ਨੇ ਭਗਤ ਕਬੀਰ ਜੀ ਨੂੰ ਆਪਣੇ ਪੈਰ ਦੇ ਅੰਗੂਟੇ ਨਾਲ ਟੁੰਬ ਕੇ ਉਠਾ ਕੇ ਆਖਿਆ। ਪ੍ਰਮੇਸ਼ਵਰ ਦਾ ਨਾਮ ਲੈ ਬਈ ਭਗਤਾ। ਭਾਵ ਮੇਰਾ ਰਸਤਾ ਛੱਡ ਦੇ ਅਤੇ 'ਮੂੰਹੋ ਰਾਮ ਬੋਲ' ਆਦਿ। ਇਹ ਫਿਕਰਾ ਰਾਮਾ ਨੰਦ ਜੀ ਦਾ ਤਖੀਆ ਕਲਾਮ ਸੀ ਭਾਵ ਹਮੇਸ਼ਾ ਸਭ ਨੂੰ ਇਸੇ ਤਰ੍ਹਾਂ ਹੀ ਕਹਿੰਦੇ ਸਨ। ਪਰ ਭਗਤ ਕਬੀਰ ਜੀ ਸਮਝ ਗਏ ਕਿ ਮੈਨੂੰ ਗੁਰ ਮੰਤਰ ਮਿਲ ਗਿਆ ਹੈ। ਜਿਵੇਂ ਲੋਹਾ ਨੂੰ ਜਦ ਪਾਰਸ ਛੂਹ ਲੈਂਦਾ ਹੈ ਤਾਂ ਉਹ ਸੋਨਾ ਬਣ ਜਾਂਦਾ ਹੈ ਅਤੇ ਜਿਵੇਂ ਨਿੰਮ ਦਾ ਰੁੱਖ ਜੇਕਰ ਚੰਦਨ ਕੋਲ ਉਗਿਆ ਹੋਵੇ ਤਾਂ ਨਿੰਮ

ਦਾ ਕੌੜਾ ਬੂਟਾ ਵੀ ਸੁਗੰਧ ਦੇਣ ਲੱਗ ਪੈਂਦਾ ਹੈ। ਪੂਰੇ ਗੁਰੂ ਦੀ ਸ਼ੋਭਾ ਇਹੋ ਹੀ ਹੁੰਦੀ ਹੈ ਕਿ ਪਸ਼ੂਆਂ ਅਤੇ ਪਰੇਤਾਂ ਨੂੰ ਵੀ ਦੇਵਤਿਆਂ ਵਰਗੇ ਗੁਣਵਾਨ ਕਰ ਦਿੰਦੇ ਹਨ। ਅਚਰਜ ਗੁਰੂ ਨਾਲ ਮਿਲ ਕੇ ਚੇਲਾ ਵੀ ਅਚਰਜ ਰੂਪ ਧਾਰ ਕੇ ਵਿਸਮਾਦ ਭਾਵ ਬੜੇ ਉਤਸ਼ਾਹ ਨਾਲ ਈਸ਼ਵਰ ਨਾਲ ਮਿਲ ਜਾਂਦਾ ਹੈ। ਪ੍ਰਮਾਤਮਾਂ ਨਾਲ ਮਿਲਣ ਉਪ੍ਰੰਤ ਚੇਲੇ ਦੇ ਮਨ ਵਿਚੋਂ ਅੰਮ੍ਰਿਤ ਰੂਪੀ ਝਰਨਾ ਝਰਦਾ ਹੈ ਭਾਵ ਉਸਦੇ ਮਨ ਵਿਚ ਪਰੋਉਕਾਰ ਵਾਲੇ ਪਰਵਾਹ ਚਲਣ ਲਗਦੇ ਹਨ। ਚੇਲਿਆਂ ਦੀ ਬਾਣੀ ਅਘੜ ਭਾਵ ਮਨਮੁਖ ਮਨਾਂ ਨੂੰ ਗੁਰਮੁਖ ਬਣਾ ਦਿੰਦੀ ਹੈ। ਇਸ ਤਰ੍ਹਾਂ ਰਾਮਾਨੰਦ ਜੀ ਕੋਲੋਂ ਨਾਮ ਪਰਾਪਤ ਕਰਕੇ 'ਰਾਮ ਅਤੇ ਕਬੀਰ ਇਕ ਹੋ ਗਏ।

----

## ਵਾਰ 10

### *ਪਉੜੀ 16 (ਸੈਣ ਨਾਈ)*

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।
ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।
ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ ॥16॥

---

*ਭਲਕੇ: ਸਵੇਰੇ। ਸਬਾਈ: ਸਾਰੀ ਰਾਤ। ਕਵਾਇ: ਕਬਾਅ ਪੁਸ਼ਾਕ। ਲੁਕਾਈ: ਏਥੇ ਮੁਸਾਹਿਬ ਲੋਕ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਉਪਦੇਸ਼ ਦਿੰਦੇ ਹਨ ਕਿ ਜਦ ਗੁਰਮੁਖ ਆਪਣੀ ਜਿੰਮੇਦਾਰੀ ਤੋਂ ਦੂਰ ਹੋਣ ਤਦ ਵੀ ਪ੍ਰਮਾਤਮਾ ਭਾਵੇਂ ਉਨ੍ਹਾਂ ਦੀ ਲੱਜ ਰੱਖਣ ਦੇ ਸਮਰੱਥ ਹੈ ਪਰ ਫਿਰ ਵੀ ਗੁਰਮੁਖ ਨੂੰ ਆਪਣੇ ਕਰਤੱਵ ਵਿਚ ਪੂਰਾ ਉਤਰਨਾ ਚਾਹੀਦਾ ਹੈ। ਭਗਤ ਕਬੀਰ ਜੀ ਦਾ ਵੱਡਾ ਪ੍ਰਤਾਪ ਸੁਣ ਕੇ ਦੂਜਾ ਸੈਣ ਨਾਈ ਵੀ ਸਿੱਖ ਜਾ ਬਣਿਆ ਰਾਤ ਨੂੰ ਉਹ ਸਦਾ ਪ੍ਰੇਮਾਂ ਭਗਤੀ ਕਰਦਾ ਅਤੇ ਰੋਜ ਸਵੇਰ ਨੂੰ ਰਾਜੇ ਦੇ ਦੁਆਰ ਵਿਚ ਜਾ ਕੇ ਰਾਜੇ ਦੀ ਸੇਵਾ ਕਰਦਾ ਹੁੰਦਾ ਸੀ ਭਾਵ ਉਸਦੀ ਹਜ਼ਾਮਤ ਕਰਦਾ ਸੀ। ਇਕ ਰਾਤ ਨੂੰ ਉਸ ਕੋਲ ਸੰਤ ਪ੍ਰਾਹੁਣੇ ਆਏ ਸਾਰੀ ਰਾਤ ਕੀਰਤਨ ਹੁੰਦਾ ਰਿਹਾ। ਸੈਣ ਨਾਈ ਪ੍ਰਾਹੁਣੇ ਆਏ ਸੰਤਾਂ ਨੂੰ ਇਕੱਲੇ ਛੱਡ ਕੇ ਰਾਜੇ ਦੀ ਖਿਦਮਤ ਕਰਨ ਨਾ ਸਕੇ। ਉਨ੍ਹਾਂ ਦੇ ਜਲ ਪੱਖਾ ਅਤੇ ਹੋਰ ਟਹਿਲ ਸੇਵਾ ਵਿਚ ਹੀ ਗੁਜ਼ਾਰ ਦਿਤੀ ਅਤੇ ਰਾਜੇ ਦੀ ਹਜਾਮਤ ਕਰਨ ਨਹੀਂ ਜਾ ਸਕੇ। ਸੈਣ ਸਰੂਪ

ਹੋ ਕੇ ਹਰੀ ਨੇ ਰਾਜੇ ਦੀ ਜਾ ਕੇ ਸੇਵਾ ਕੀਤੀ ਅਤੇ ਰਾਜੇ ਦੀ ਮਨ ਦੀ ਤਸੱਲੀ ਕਰਵਾਈ। ਜਦ ਸੈਣ ਭਗਤ ਸੰਤ ਪ੍ਰਾਹੁਣਿਆਂ ਨੂੰ ਵਿਦਾ ਕਰਕੇ ਸ਼ਰਮਾਉਂਦਾ ਹੋਇਆ ਰਾਜ ਦਰਬਾਰ ਵਿਚ ਪੁੱਜਾ ਤਾਂ ਰਾਜੇ ਨੇ ਸੈਣ ਭਗਤ ਨੂੰ ਆਪਣੇ ਕੋਲ ਸੱਦ ਕੇ ਉਸ੍ਹ ਖਿਲਅਤ ਭਾਵ ਕੋਈ ਵਸਤੂ ਪ੍ਰਦਾਨ ਕੀਤੀ। ਰਾਜੇ ਨੇ ਸੈਣ ਭਗਤ ਨੂੰ ਕਿਹਾ ਕਿ ਅੱਜ ਤੂੰ ਮੈਨੂੰ ਵਸ ਕਰ ਲਿਆ ਹੈ। ਰਾਜੇ ਦੇ ਮੂੰਹੋਂ ਇਹ ਗੱਲ ਸਾਰੇ ਦਰਬਾਰੀਆਂ ਨੇ ਸੁਣੀ। ਇਕ ਪ੍ਰਮਾਤਮਾਂ ਹਮੇਸ਼ਾ ਭਗਤਾਂ ਦੀ ਜੱਗ ਅੰਦਰ ਵਡਿਆਈ ਹੀ ਕਰਾਉਂਦਾ ਹੈ।

----

## ਵਾਰ 10

*ਪਉੜੀ 17 (ਰਵਿਦਾਸ ਭਗਤ)*

ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।
ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।
ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।
ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।
ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥17॥

---

*ਵਜਿਆ: ਪ੍ਰਸਿਧ ਹੋਇਆ। ਪਾਣ੍ਹਾ: ਜੁਤੀਆਂ। ਸਹੇਟਾ: ਸਮੇਤ। ਥਟਾ: ਪੁਰਬੀ ਦਾ ਥਾਂਓ। ਕਸੀਰਾ: ਧੇਲਾ। ਚੀਥੜੇ: ਕਪੜੇ। ਪਲੇਟਾ: ਲਪੇਟਿਆ ਹੋਇਆ। ਸਹੇਟਾ: ਸਮੇਤ। ਥੇਟਾ: ਮੇਲੇ ਉਤੇ। ਅਭੀਚ: ਅਭਿਜਿਤ ਨਛੱਤਰ। ਕਸੀਰਾ: ਧੇਲਾ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸੰਤਾਂ ਦੇ ਮਾਤਾ ਪਿਤਾ ਅਤੇ ਧੀਆਂ ਪੁੱਤ ਸਭ ਇਕ ਪ੍ਰਕਾਰ ਦੈ ਹਰੀ ਰੂਪ ਹੀ ਹੁੰਦੇ ਹਨ। ਇਹੀ ਕਾਰਨ ਹੈ ਕਿ ਹਰ ਦੇਵਤਾ ਅਤੇ ਤੀਰਥ ਅਸਥਾਨ ਉਸਦਾ ਆਦਰ ਕਰਦੇ ਹਨ। ਜਿਵੇਂ ਰਵਿਦਾਸ ਚਮਾਰ ਇਸ ਦੁਨੀਆਂ ਵਿਚ ਚਾਰੇ ਦਿਸ਼ਾਵਾਂ ਵਿਚ ਪ੍ਰਮਾਤਮਾਂ ਨੂੰ ਮੰਨਣ ਕਾਰਨ ਇਕ ਦਮ ਜੰਗਲ ਦੀ ਅੱਗ ਵਾਂਗ ਪਰਗਟ ਹੋ ਗਿਆ ਸੀ। ਰਵਿਦਾਸ ਭਗਤ ਰਾਹਾਂ ਵਿਚ ਜੁੱਤੀਆਂ ਗੰਢਦਾ ਅਤੇ ਮਰੇ ਹੋਏ ਪਸ਼ੂ ਵਗੈਰਾ ਨੂੰ ਇਧਰ ਉਧਰ ਲਿਜਾਂਦਾ ਸੀ. ਪਰ ਇਹ ਉਸਦਾ ਕਿੱਤਾ ਸੀ। ਭਾਵੇਂ ਉਸਦੇ ਕਪੜੇ ਮੈਲੇ ਅਤੇ ਪਾਟੇ ਹੋਏ ਹੁੰਦੇ ਸਨ। ਉਸਦੇ ਮਨ ਵਿਚ ਪ੍ਰਮਾਤਮਾਂ ਹੋਣ ਕਾਰਨ ਇੰਝ ਮਹਿਸੂਸ ਹੁੰਦਾ ਜਿਵੇਂ ਕਿਸੇ ਲਾਲ ਨੂੰ ਇਨ੍ਹਾਂ ਕਪੜਿਆਂ ਵਿਚ ਲਪੇਟਿਆ ਹੋਇਆ ਹੁੰਦਾ ਹੈ। ਚਾਰ ਵਰਣ ਜਿਵੇਂ ਬ੍ਰਾਹਮਣ, ਛੱਤਰੀ, ਵੈਸਿ ਅਤੇ ਸੂਦ੍ਰਿ ਆਦਿ ਨੂੰ ਉਪਦੇਸ਼ ਦੇਣ ਕਾਰਨ

ਉਹ ਸਭ ਨੂੰ ਭਗਤੀ ਵੱਲ ਪ੍ਰੇਰਤ ਕਰਨ ਲੱਗਾ। ਇਕ ਵਾਰੀ ਸੰਗਤ ਨਾਲ ਮਿਲ ਕੇ ਕਾਂਸ਼ੀ ਨੂੰ ਗੰਗਾ ਦੇ ਪੁਰਬ ਸਮੇਂ ਨੁਹਾਉਂਣ ਚਲਿਆ ਜਿਥੇਂ ਗ੍ਰਹਿਣ ਦਾ ਇਕ ਵੱਡਾ ਮੇਲਾ ਲਗਣਾ ਸੀ। ਭਗਤ ਰਵਿਦਾਸ ਨੇ ਇਕ ਧੇਲਾ ਕੱਢ ਕੇ ਇਕ ਸਾਥੀ ਨੂੰ ਗੰਗਾ ਦੀ ਭੇਂਟਾ ਕਰਨ ਵਾਸਤੇ ਦਿਤਾ। ਉਥੇ ਬਹੁਤ ਬ੍ਰਾਹਮਣ ਦੀ ਜੁੰਡਲੀ ਜੁੜੀ ਹੋਈ ਸੀ। ਹਾਜ਼ਰ ਲੋਕਾਂ ਨੇ ਅਮੇਟਾ ਭਾਵ ਅਮਿੱਤ ਚਰਿਤਰ ਜਿਸਦੀ ਕੋਈ ਗਤਮਿਤ ਨਾ ਹੋਵੇ ਇਸ ਪ੍ਰਕਾਰ ਕ੍ਰਿਸ਼ਮਾ ਡਿੱਠਾ। ਪਾਠਕ ਜੀ ਯਾਦ ਰਹੇ ਕਿ ਸਿੱਖ ਧਰਮ ਵਿਚ ਕੋਈ ਕਰਾਮਾਤ ਨਹੀਂ ਮੰਨੀ ਜਾਂਦੀਪਰ ਇਥੇ ਕਲਰਾਮਾਤ ਹੁੰਦੀ ਦੱਸੀ ਗਈ ਹੈ। ਕਹਿੰਦੇ ਹਨ ਕਿ ਗੰਗਾ ਮਾਈ ਨੇ ਗੰਗਾਂ ਦੇ ਪਾਣੀ ਵਿਚੋਂ ਆਪਣਾ ਹੱਥ ਕੱਢ ਕੇ ਰਵਿਦਾਸ ਜੀ ਦੇ ਧੇਲੇ ਨੂੰ ਫੜ੍ਹਿਆ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਸੂਤ ਇਕ ਹੀ ਹੁੰਦਾ ਹੈ ਅਤੇ ਤਾਣਾ ਪੇਟਾ ਬਹੁਤ ਹੁੰਦਾ ਹੈ। ਇਸ ਤਰ੍ਹਾਂ ਪ੍ਰਮਾਤਮਾਂ ਇਕ ਹੈ ਅਤੇ ਇਸ ਦੁਨੀਆਂ ਦਾ ਤਾਣਾ-ਪੇਟਾ ਭਾਵ ਪਸਾਰਾ ਬਹੁਤ ਹੈ। ਇਸ ਤਰ੍ਹਾਂ ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਭਗਤ ਜਨਾਂ ਦਾ ਹਰੀ ਹੀ ਮਾਂ ਪਿਉ, ਧੀਆਂ ਪੁੱਤਰ ਹੁੰਦੇ ਹਨ।

----

## ਵਾਰ 10

*ਪਉੜੀ 18 (ਅਹੱਲਿਆ ਅਤੇ ਗੌਤਮ)*

ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।
ਪਰ ਘਰਿ ਜਾਇ ਸਰਾਪੁ ਲੈ ਸਹਸ ਭਗ ਪਛੋਤਾਣਾ।
ਸੰ?ਾ ਹੋਆ ਇੰਦ੍ਰ ਲੋਕੁ ਲੁਕਿਆ ਸਰਵਰਿ ਮਨਿ ਸਰਮਾਣਾ।
ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ।
ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ।
ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।
ਭਗਤਿ ਵਛਲੁ ਭਲਿਆਈਹੁ ਪਤਿਤ ਉਧਾਰਣੁ ਪਾਪ ਕਮਾਣਾ।
ਗੁਣ ਨੋ ਗੁਣ ਸਭ ਕੋ ਕਰੈ ਅਉਗੁਣ ਕੀਤੇ ਗੁਣ ਤਿਸੁ ਜਾਣਾ।
ਅਬਿਗਤਿ ਗਤਿ ਕਿਆ ਆਖਿ ਵਖਾਣਾ ॥18॥

---

*ਗੋਤਮ: ਇਕ ਰਿਖੀ ਜਿਸ ਨੇ ਇਕ ਸ਼ਾਸਤਰ ਲਿਖਿਆ ਸੀ। ਸੰ?ਾ: ਖਾਲੀ। ਸਹਸ: ਹਜਾਰ। ਸੰ?ਾ: ਖਾਲੀ। ਸਰਵਰਿ: ਸਰੋਵਰ, ਤਲਾਅ ਆਦਿ। ਲੋਇਣ: ਅੱਖਾਂ। ਸਤੀ: ਅਹਿਲਿਆ। ਸਤਹੁ: ਪਤੀਬਰਤ ਧਰਮ ਤੋਂ ਗਿਰ ਜਾਣਾ। ਸਿਲਾ: ਪੱਥਰ। ਬਾਝ ਪਰਾਣਾ: ਪ੍ਰਾਣਾਂ ਰਹਿਤ। ਅਬਿਗਤਿ: ਅਲਖ ਗਤੀ ਰਹਿਤ।*

ਭਾਈ ਗੁਰਦਾਸ ਜੀ ਨੇ ਵਾਰ ਇਕ ਅਤੇ ਪਉੜੀ ਨੌਂ ਵਿਚ ਲਿਖਿਆ ਸੀ ਕਿ ਗੌਤਮ ਰਿਖੀ ਨੇ ਰਿਗ-ਵੇਦ ਦਾ ਮੰਥਨ ਕਰਕੇ ਇਕ 'ਨਿਆਂ ਸ਼ਾਸਤਰ' ਤਿਆਰ ਕਰਵਾਇਆ ਸੀ।

ਇਤਹਾਸ ਦਸਦਾ ਹੈ ਕਿ ਅਹੱਲਿਆਂ ਗੌਤਮ ਰਿਖੀ ਦੀ ਸੁਲੱਖਣੀ ਘਰਵਾਲੀ ਸੀ। ਸੁੰਦਰ ਅਹੱਲਿਆਂ ਨੂੰ ਵੇਖ ਕੇ ਇੰਦਰ ਦੇਵਤਾ ਬਹੁਤ 'ਕਾਮਾਤੁਰ' ਭਾਵ ਮੋਹਤ ਹੋ ਗਿਆ। ਇੰਦਰ ਮਹਾਰਾਜ ਨੇ ਪਰਾਏ ਘਰ ਜਾਣ ਦਾ ਸਰਾਪ ਹੰਢਾਇਆ ਕਿ ਉਸਦੇ ਸਰੀਰ ਉਪਰ ਹਜਾਰ ਭਗ (ਟੋਏ) ਹੋ ਗਏ। ਆਪਣੇ ਸਰੀਰ ਦੀ ਅਜਿਹੀ ਹਾਲਤ ਵੇਖ ਕੇ ਇੰਦਰ ਦੇਵਤਾ ਜੀ ਮਨ ਹੀ ਮਨ ਵਿਚ ਪਛੋਤਾਉਂਣ ਲੱਗੇ, ਕਿਉਂਕਿ ਗੌਤਮ ਰਿਖੀ ਨੇ ਆਖਿਆ ਸੀ ਕਿ ਜਿਸ ਇਕ ਭਗ ਪਿੱਛੇ ਤੂੰ ਮੇਰੀ ਔਰਤ ਦਾ ਸੱਤ ਭੰਗ (ਯੋਨੀ, ਇਸਤਰੀ ਦਾ ਗੁਪਤ ਅੰਗ, ਏਥ ਖੋਲ) ਕੀਤਾ ਹੈ ਇਸ ਕਾਰਨ ਇੰਦਰਾਂ ਤੇਰੇ ਸਰੀਰ ਉਪਰ ਵੀ ਹਜਾਰ ਭਗ ਹੋਣਗੇ। ਆਪਣੇ ਸਰੀਰ ਉਪਰ ਹਜਾਰਾਂ ਪਏ ਹੋਏ ਟੋਏ ਵੇਖ ਕੇ ਇੰਦਰ ਜਦ ਤਲਾ ਵਿਚ ਲੁਕ ਗਿਆ ਤਾਂ ਇੰਦਰਪੁਰੀ ਸੁੰਨੀ ਹੋ ਗਈ। ਜਦ ਇੰਦਰ ਦੇਵਤਾ ਆਪਣੀ ਗਲਤੀ ਦਾ ਪਛਤਾਵਾ ਕਰਨ ਲੱਗਾ ਤਾਂ ਹਜਾਰ ਭਗ ਦੇ ਹਜਾਰ ਨੇਤ੍ਰ ਹੋ ਗਏ ਭਾਵ ਜਦ ਸਰਾਪ ਟਲਿਆਂ ਤਾਂ ਇੰਦਰ ਰਾਜਾ ਤਦ ਇੰਦਰਪੁਰੀ ਵਿਚ ਗਿਆ। ਅਹੱਲਿਆਂ ਜੋ ਆਪਣੇ ਪਤੀਬ੍ਰਤਾ ਧਰਮ ਗੁਆ ਬੈਠੀ ਸੀ, ਉਹ ਪੱਥਰ ਬਣ ਕੇ ਨਦੀ ਕਿਨਾਰੇ ਹੀ ਬੈਠੀ ਰਹੀ। ਰਘੁਪਤ ਦੇ ਭਾਵ ਕ੍ਰਿਸ਼ਨ ਭਗਵਾਨ ਦੇ ਚਰਨਾਂ ਦੇ ਸਪੱਰਸ਼ ਨਾਲ ਹੀ ਉਸਦੀ ਮੁਕਤੀ ਹੋਈ ਅਤੇ ਉਹ ਸਵੱਰਗਾਂ ਨੂੰ ਚਲੀ ਗਈ। ਭਲਾਈ ਕਰਨ ਕਾਰਨ ਹੀ ਭਗਵਾਨ ਭਗਤ ਵਛਲ ਅਖਵਾਉਂਦਾ ਹੈ ਅਤੇ ਮਾੜੇ ਕਰਮਾਂ ਨੂੰ ਵੀ ਬਖਸ਼ਣਹਾਰਾ ਹੈ। ਗੁਣ ਕੀਤਿਆਂ ਤਾਂ ਸਭ ਕੋਈ ਗੁਣ ਕਰਦਾ ਹੈ ਪਰ ਕਿਸੇ ਦੇ ਅਵਗੁਣਾਂ ਨੂੰ ਬਖਸ਼ਣ ਵਾਲੇ ਦਾ ਵੀ ਬਹੁਤ ਉਪਕਾਰ ਗਿਣਿਆ ਜਾਂਦਾ ਹੈ। ਇਕ ਪ੍ਰਮਾਤਮਾਂ ਦੀ ਨਾ ਲਿਖੀ ਜਾਣ ਵਾਲੀ ਇਕ ਅਗਾਧ-ਗਤੀ ਹੈ ਕੋਈ ਵੀ ਇਸ ਅਗਾਧ ਗਤੀ ਨੂੰ ਦਰਸਾ ਨਹੀਂ ਸਕਦਾ।

----

## ਵਾਰ 10

*ਪਉੜੀ 19 (ਬਾਲਮੀਕ ਬਟਵਾੜਾ)*

ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ।
ਪੂਰਾ ਸਤਿਗੁਰ ਭੇਟਿਆ ਮਨ ਵਿਚਿਵ ਹੋਆ ਖਿੰਜੋ ਤਾੜਾ।
ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।
ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੇਹਾੜਾ।
ਅਉਗੁਣੁ ਸਭ ਪਰਗਾਸਿਆਨੁ ਰੋਜਗਾਰੁ ਹੈ ਏਹੁ ਅਸਾੜਾ।
ਘਰ ਵਿਚਿ ਪੁਛਣ ਘਲਿਆ ਅੰਤਿਕਾਲ ਹੈ ਕੋਇ ਅਸਾੜਾ।
ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।
ਸਚੁ ਦ੍ਰਿੜਾਇ ਉਧਾਰਿਆਨੁ ਟਪਿ ਨਿਕਥਾ ਉਪਰ ਵਾੜਾ।
ਗੁਰਮਖਿ ਲੰਘੇ ਪਾਪ ਪਹਾੜਾ ॥19॥

---

*ਵਟਵਾੜਾ: ਰਾਹ ਮਾਰ, ਧਾੜਵੀ। ਖਿੰਜੋ ਤਾੜਾ: ਦੁਚਿੱਤਾ ਪਣ। ਘਣਾ: ਬਹੁਤਾ। ਉਘਾੜਾ: ਉਲਾਰ ਕੇ। ਕੋੜਮੜਾ:ਕੋੜਮਾ। ਚਉਖੰਨੀਐ: ਚਾਰ ਟੋਟੇ ਹੋਣਾ ਭਾਵ ਵਾਰੇ ਜਾਂਦਾ ਹੈ।ਉਛੋਹਾੜਾ: ਜੋਸ਼। ਵਾੜਾ: ਦੁਨੀਆਂ ਦੀ ਵਾੜੀ ਟੱਪਣਾ।*

ਇਸ ਪਉੜੀ ਰਾਹੀਂ ਭਾਈ ਗੁਰਦਾਸ ਜੀ ਸਮਝਾਉਂਦੇ ਹਨ ਮਨੁਖ ਜਿਨ੍ਹਾਂ ਲਈ ਪਾਪ ਕਰਦਾ ਹੈ ਅੰਤ ਵਿਚ ਉਹ ਵੀ ਤੁਹਾਡੇ ਆਪਣੇ ਨਹੀਂ ਬਣਦੇ। ਇਸ ਕਰਕੇ ਹਮੇਸ਼ਾ ਧਰਮ ਦੀ ਕਮਾਈ ਹੀ ਕਰਨੀ ਚਾਹੀਦੀ ਹੈ। ਬਾਲਮੀਕ ਰਸਤੇ ਵਿਚ ਜਾਂਦੇ ਰਾਹੀਆਂ ਨੂੰ ਮਾਰ ਕੇ ਉਨ੍ਹਾਂ ਦੇ ਧੰਨ ਮਾਲ ਨੂੰ ਖੋ ਲੈਂਦਾ ਸੀ।ਇਕ ਵਾਰ ਉਸਦਾ ਪੂਰੇ ਸਤਿਗੁਰ ਨਾਲ ਮੇਲ ਹੋਗਿਆ ਤਦ ਵਾਲਮੀਕ ਦੇ ਮਨ ਵਿਚ ਦੁਚਿਤੀ ਹੋ ਗਈ। ਰਾਹੀਆਂ ਨੂੰ ਮਾਰਨ ਦਾ ਮਨ ਤਾਂ ਲੋਚੇ ਪਰ ਉਸਦੇ ਹੱਥ ਇਸ ਕੰਮ ਕਰਨ ਵਾਸਤੇ ਨਾ ਉੱਠਦੇ। ਸਤਿਗੁਰ ਨੇ ਉਸਦੇ ਮਨ ਦੀ ਵੀ ਬਹੁਤ ਰੱਖਿਆ ਕੀਤੀ। ਵਾਲਮੀਕ ਦੇ ਮਨ ਵਿਚੋਂ ਕਿਸੇ ਨੂੰ ਮਾਰਨ ਦਾ ਜੋਸ਼ ਅਤੇ ਫੁਰਨਾ ਵੀ ਖਤਮ ਹੋ ਗਿਆ। ਵਾਲਮੀਕ ਨੇ ਸਤਿਗੁਰ ਨੂੰ ਆਪਣੀ ਇੱਛਾ ਬਤਾ ਦਿਤੀ ਕਿ ਮੇਰੀ ਤਾਂ ਉਪਜੀਵਕਾ ਹੀ ਇਕ ਇਹੋ ਹੀ ਹੈ। ਦਸੋਂ ਮੈਂ ਇਹ ਕੰਮ ਨਾ ਕਰਾਂ ਤਾਂ ਘਰ ਵਿਚ ਖਾਣਾ ਪੀਣਾ ਕਿਵੇਂ ਹੋਵੇਗਾ? ਸਤਿਗੁਰ ਨੇ ਵਾਲਮੀਕ ਨੂੰ ਉਸਦੇ ਘਰ ਇਸ ਕਰਕੇ ਘੱਲਿਆ ਕਿ ਉਹ ਪੁੱਛ ਕੇ ਆਵੇ ਕਿ ਉਨ੍ਹਾਂ ਵਿਚੋਂ ਤੇਰੇ ਅੰਤ ਵੇਲੇ ਕੋਈ ਸਹਾਈ ਹੋ ਸਕੇਗਾ। ਵਾਲਮੀਕ ਜਦ ਘਰ ਪੁੱਛਣ ਆਇਆ ਤਾਂ ਸਾਰਾ ਕੋੜਮਾਂ ਵਾਰੇ ਵਾਰੰ ਜਾਣ ਲੱਗਾ। ਪ੍ਰਾਂਤੂ ਅੰਤ ਵੇਲੇ ਉਸਦੀ ਰੱਖਿਆਂ ਕਰਨ ਵਿਚ ਕੋਈ ਵੀ ਸਾਹਮਣੇ ਨਾ ਹੋਇਆ। ਇਸਤਰੀ ਪੁੱਤਰ ਮਾਤਾ ਆਦਿ ਨੇ ਕੋਰਾ ਜਵਾਬ ਦੇ ਦਿਤਾ ਸਾਡਾ ਅੰਤਕਾਲ ਦਾ ਕੋਈ ਜੁੰਮਾ ਨਹੀਂ ਹੈ ਕਿਉਂਕਿ ਇਸ ਸਮੇਂ ਤਾਂ ਇਕ ਪ੍ਰਮਾਤਮਾਂ ਹੀ ਸਹਾਈ ਹੋ ਸਕਦਾ ਹੈ। ਵਾਲਮੀਕ ਜਦ ਵਾਪਸ ਸਤਿਗੁਰ ਕੋਲ ਆਇਆ ਅਤੇ ਸਤਿਗੁਰ ਨੇ ਉਸਨੂੰ ਇਕ ਸੱਚੇ ਨਾਮ ਦਾ ਉਪਦੇਸ਼ ਦਿਤਾ। 'ਟਪਿ ਨਿਕੱਥਾ ਉਪਰ ਵਾੜਾ' ਭਾਵ ਸੰਸਾਰ ਦੇ ਸਾਰੇ ਜੰਜਾਲ ਛੱਡ ਕੇ ਅਰਸ਼ਾਂ ਵੱਲ ਨਿਕਲ ਗਿਆ। ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਗੁਰਮੁਖ ਪਾਪਾਂ ਦੇ ਵੱਡੇ ਵੱਡੇ ਪਹਾੜ ਵੀ ਸਰ ਕਰ ਲੈਂਦੇ ਹਨ।

----

## ਵਾਰ 10

*ਪਉੜੀ 20* *(ਅਜਾਮਲ)*

ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ।
ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।
ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।
ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।
ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।
ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।
ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।
ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ।
ਨਾਇ ਲਏ ਦੁਖੁ ਡੇਰਾ ਢਹਿਆ ॥20॥

---

*ਕਲਾਵਤਣੀ: ਨੱਚਣ ਗਉਣ ਵਾਲੀ ਵੇਸਵਾ। ਦੁਰਮਤਿ: ਖੋਟੀ ਮੱਤ। ਦਹਿਆ: ਸੜਿਆ*

*ਹੋਇਆ, ਨਾਸ਼ ਹੋ ਗਿਆ। ਵਹਿਆ: ਰੁੜ੍ਹਦਾ ਹੋਇਆ। ਲਹਿਆ: ਪ੍ਰਾਪਤ ਕੀਤੇ। ਉਮਹਿਆ: ਉਤਸ਼ਾਹਿਤ ਹੋਇਆ। ਛਹਿਆ: ਡਰਦਾ ਹੋਇਆ।*

ਭਾਈ ਗੁਰਦਾਸ ਜੀਇਸ ਪਉੜੀ ਰਾਹੀਂ ਮਨੁਖ ਨੂੰ ਸਮਝਾਉਂਦੇ ਹਨ ਕਿ ਗੁਰਮੁਖ ਲੋਕ ਕਿਸੇ ਵੱਡੇ ਕੁਕਰਮੀ ਨੂੰ ਕਿਸੇ ਐਸੇ ਥਾਂ ਫਸਿਆ ਵੇਖ ਕੇ ਉਸਦੀ ਮੱਦਦ ਕਰਦੇ ਹਨ ਭਾਵ ਉਨ੍ਹਾਂ ਨੂੰ ਇਕ ਅਜਿਹਾ ਉਪਦੇਸ਼ ਦਿੰਦੇ ਹਨ ਜਿਸ ਨਾਲ ਉਸਦਾ ਮਨ ਬਿਲਕੁਲ ਅਛਲ ਬਣ ਜਾਂਦਾ ਹੈ। ਕਹਾਣੀ ਇਵੇਂ ਹੈ ਕਿ ਇਕ ਸਮੇਂ ਅਜਾਮਲ ਨਾਮ ਦਾ ਇਕ ਘੋਰ ਪਾਪੀ ਪਾਪ ਕਰਕੇ ਕਿਸੇ ਕਲੌਤਣੀ ਭਾਵ ਵੇਸਵਾ ਦੇ ਘਰ ਜਾ ਕੇ ਰਹਿਣ ਲੱਗਾ ਅਤੇ ਆਪਣੇ ਗੁਰਾਂ ਕੋਲੋਂ ਬੇਮੁਖ ਹੋ ਗਿਆ ਸੀ। ਉਸਦੀ ਇਸ ਖੋਟੀ ਮੱਤ ਨੇ ਉਸਦੇ ਜੀਵਨ ਨੂੰ ਤਹਿਸ਼ ਨਹਿਸ਼ ਕਰ ਦਿਤਾ। ਅਜਾਮਲ ਨੇ ਵਿਸ਼ਿਆਂ ਰਾਹੀਂ ਹੀ ਆਪਣੀ ਸਾਰੀ ਆਯੂ ਬਰਬਾਦ ਕਰ ਲਈ। ਇਸ ਤਰ੍ਹਾਂ ਉਹ ਭਵਜਲ ਵਿਚ ਡੁੱਬਿਆਂ ਰਹਿੰਦਾ ਸੀ। ਵੇਸਵਾ ਦੇ ਘਰ ਵੀ ਪੁੱਤਰ ਹੋਏ ਅਤੇ ਅਜਿਹਾ ਉਸਨੇ ਕਰਮ ਕੀਤਾ ਉਸਦੇ ਬੱਚੇ ਵੀ ਅੱਗੇ ਧਾੜਵੀ ਹੀ ਬਣੇ। ਜਦ ਸਤੱਵਾਂ ਪੁੱਤਰ ਹੋਇਆ ਤਾਂ ਉਸਦਾ ਨਾਮ ਰੱਖਣ ਵਾਸਤੇ ਅਜਾਮਲ ਦੇ ਮਨ ਵਿਚ ਬਹੁਤ ਰੀਝ ਆਈ। ਗੁਰਾਂ ਦੇ ਦੁਆਰੇ ਪਹੁੰਚ ਕੇ ਜਦ ਨਾਮ ਪੁੱਛਿਆ ਤਾਂ ਗੁਰਮੁਖ ਨੇ ਪੁੱਤਰ ਦਾ ਨਾਮ ਨਾਰਾਇਣ ਰੱਖ ਦਿਤਾ। ਜਦ ਅਜਾਮਲ ਦਾ ਅੰਤਕਾਲ ਆਇਆ ਤਾਂ ਪੁੱਤਰ ਨੂੰ ਵੇਖ ਕੇ ਡਰਦਾ ਡਰਦਾ ਨਾਰਾਇਣ ਦਾ ਨਾਮ ਲਵੇਕਿ ਹੇ ਨਾਰਾਇਣ ਮੇਰੀ ਰੱਖਿਆ ਕਰ। ਹਰਿ ਗਣਾਂ ਨੇ ਆ ਕੇ ਜਮ ਗਣਾਂ ਨੂੰ ਮਾਰ ਕੇ ਹਟਾਇਆ ਅਤੇ ਜਮਡੰਡਾ ਨਾ ਸਹਾਰਦਾ ਹੋਇਆ ਸਵੱਰਗਾਂ ਨੂੰ ਪਹੁੰਚ ਗਿਆ। ਸਿਰਫ ਇਕ ਨਾਰਾਇਣ ਦਾ ਨਾਮ ਲੈਣ ਕਾਰਨ ਹੀ ਉਸਦੇ ਸਾਰੇ ਦੁਖ ਮਿਟ ਗਏ।

----

## ਵਾਰ 10

*ਪਉੜੀ 21 (ਗਨਿਕਾ)*

ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
ਮਹਾਂ ਪੁਰਖ ਆਚਾਣਚਕ ਗਨਿਕਾ ਵਾੜ ਆਇ ਖਲੋਤਾ।
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।
ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਅਸੋਤਾ।
ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤਕਾਲਿ ਜਮ ਜਾਲੁ ਤੋੜਿ ਨਰਕ ਵਿਚਿ ਨ ਖਾਧੁ ਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉਂ ਰਸਾਇਣੁ ਛੋਤਿ ਅਛੋਤਾ।
ਥਾਉਂ ਨਿਥਾਵੇਂ ਮਾਣੁ ਮਣੋਤਾ ॥21॥

---

*ਗਨਿਕਾ: ਵੇਸਵਾ। ਵਾੜ:ਵੇਹੜੇ।ਖੇਲਿ ਗਇਆ: ਚਲੇ ਗਿਆ। ਸਓਤਾ: ਸੌ ਗੁਣ। ਅਸੋਤਾ: ਜਾਗਣਾ। ਕਲੇਵਰੁ: ਸਰੀਰ। ਗੋਤਾ: ਡੁੱਬਣਾ। ਅਛੋਤਾ: ਪਾਪਾਂ ਤੋਂ ਰਹਿਤ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਸਮਝਾਉਂਦੇ ਹਨ ਕਿ ਪਾਪੀ ਵੀ ਜੇਕਰ ਇਕ ਪ੍ਰਮਾਤਮਾਂ ਦਾ ਨਾਮ ਜਪੇ ਤਾਂ ਉਸਦਾ ਵੀ ਸੁਧਾਰ ਹੋ ਸਕਦਾ ਹੈ। ਜਿਵੇਂ ਇਕ ਗਨਿਕਾ ਨਾਮੀ ਵੇਸਵਾ ਹਮੇਸ਼ਾ ਪਾਪ ਕਮਾਉਂਦੀ ਸੀ। ਇਕ ਵਾਰ ਇਕ ਮਹਾਂਪੁਰਸ਼ ਸੁਤੇ ਸਿੱਧ ਗਨਿਕਾ ਦੇ ਵਿਹੜੇ ਆ ਢੁੱਕਾ। ਗਨਿਕਾ ਦੀ ਦੁਰਮਤ ਵੇਖ ਕੇ ਗੁੱਸੇ ਹੋਣ ਦੀ ਬਜਾਏ ਆਪਣੇ ਕੋਲੋਂ ਉਸਨੂੰ ਇਕ ਤੋਤਾ ਦਿਤਾ। ਰਾਮ ਨਾਮ ਦਾ ਉਪਦੇਸ਼ ਦੇ ਕੇ ਸੌ ਗੁਣਾਂ ਭਾਵ ਨਫੇ ਵਾਲਾ ਸੌਦਾ ਸੰਭਾਲ ਕੇ ਆਪ ਮਹਾਂਪੁਰਖ ਉਥੋਂ ਚਲੇ ਗਿਆ। ਹੁਣ ਉਸ ਗਨਿਕਾ ਨੂੰ ਅਜਿਹੀ ਲਿਵ ਲੱਗੀ ਰਾਤ ਨੂੰ ਜਾਗਦੀ ਰਹੇ ਅਤੇ ਨਿੱਤ ਉਸ ਤੋਤੇ ਨੂੰ ਭਗਵੰਤ ਦਾ ਨਾਮ ਪੜ੍ਹਾਉਂਦੀ ਰਹੀ। ਇਸ ਤਰ੍ਹਾਂ ਕਰਨ ਨਾਲ ਉਸਦੇ ਸਰੀਰ ਉਤੋਂ ਖੋਟੀ ਮਤ ਅਤੇ ਪਾਪਾਂ ਦੀ ਮੈਲ ਦੂਰ ਹੋ ਗਈ, ਕਿਉਂਕਿ ਇਕ ਪ੍ਰਮਾਤਮਾਂ ਦਾ ਨਾਮ ਸਾਰੇ ਪਾਪਾਂ ਦਾ ਉਧਾਰ ਕਰਨ ਵਾਲਾ ਹੁੰਦਾ ਹੈ। ਅੰਤਕਾਲ ਸਮੇਂ ਨਾਮ ਦੀ ਕਿਰਪਾ ਨਾਲ ਨਰਕ ਵਿਚ ਜਾਣ ਤੋਂ ਬਚ ਕੇ ਜਮ-ਕਾਲ ਦੀ ਮਾਰ ਕੋਲੋਂ ਬਚ ਗਈ। ਸਾਰੇ ਪਾਪਾ ਤੋਂ ਮੁਕਤ ਹੋ ਕੇ ਸਵੱਰਗਾਂ ਵਿਚ ਜਾ ਵਸੀ। ਇਸ ਕਰਕੇ ਹੀ ਭਾਈ ਗੁਰਦਾਸ ਜੀ ਸਮਝਾਉਂਦੇ ਹਨ ਕਿ ਪ੍ਰਮਾਤਮਾਂ ਦਾ ਨਾਮ ਹੀ ਛੋਤਾਂ ਤੋਂ ਅਛੋਤਾ ਭਾਵ ਨਿਰਦੂਖਨ ਹੈ। ਕੋਈ ਵੀ ਆਪਣੇ ਸੱਚੇ ਮਨੋਂ ਉਸ ਪ੍ਰਮਾਤਮਾਂ ਦਾ ਨਾਮ ਜਪਦਾ ਹੈ ਸਭ ਦਾ ਉਧਾਰ ਹੋ ਜਾਂਦਾ ਹੈ। ਸੱਚਾ ਨਾਮ ਨਿਥਾਂਵਿਆਂ ਦਾ ਥਾਉਂ ਅਤੇ ਮਾਣ ਸਤਿਕਾਰ ਦੇਣ ਵਾਲਾ ਹੁੰਦਾ ਹੈ।

----

## ਵਾਰ 10

*ਪਉੜੀ 22 (ਪੂਤਨਾ)*

ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ
ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ ਨਵਹਾਣਿ ਨਵੇਲੀ।
ਕੁਛੜਿ ਲਏ ਗੋਵਿੰਦ ਰਾਇ ਕਰਿ ਚੇਟਕੁ ਚਤੁਰੰਗ ਮਹੇਲੀ।
ਮੋਹਣੁ ਮੈਮੇ ਪਾਇਓਨੁ ਬਾਹਰਿ ਆਈ ਗਰਬ ਗਹੇਲੀ।
ਦੇਹ ਵਧਾਇ ਉਚਾਇਅਨੁ ਤਿਹ ਚਰਿਆਰਿ ਨਾਰਿ ਅਠਿਖੇਲੀ।
ਤਿਹੁੰ ਲੋਆ ਦਾ ਭਾਰੁ ਦੇ ਚੰਬੜਿਆ ਗਲਿ ਹੋਇ ਦੁਹੇਲੀ।
ਖਾਇ ਪਛਾੜ ਪਹਾੜ ਵਾਂਗਿ ਜਾਇ ਪਈ ਉਜਾੜਿ ਧਕੇਲੀ।
ਕੀਤੀ ਮਾਊ ਤੁਲਿ ਸਹੇਲੀ ॥22॥

---

*ਵਹੇਲੀ: ਵਿਭਚਾਰਨੀ। ਨਵੇਲੀ: ਨਵੀਂ ਜੁਆਨੀ ਵਾਲੀ ਇਸਤਰੀ। ਚਤੁਰੰਗ: ਚਾਰ ਅੰਗਾਂ ਵਿਚ ਪ੍ਰਧਾਨ ਫੱਫੇ ਕੁਟਣੀ। ਚੇਟਕੁ: ਚੰਚਲਤਾ ਭਰਿਆ ਪਿਆਰ। ਮਹੇਲੀ: ਮੁਸ਼ਕਾਂ ਵਾਲੀ ਇਸਤਰੀ। ਗਰਬ ਗਹੇਲੀ: ਬਨੜੇ ਹੰਕਾਰ ਵਾਲੀ। ਮੋਹਣੁ: ਕ੍ਰਿਸ਼ਨ। ਗਹੇਲੀ:ਗ੍ਰਸੀ ਹੋਈ। ਚਰਿਆਰਿ: ਤੇਰਾਂ ਤਾਲਣ, ਬਹੁਤ ਚਲਾਕ। ਅਠਿਖੇਲੀ: ਚੰਚਲ। ਦੁਹੇਲੀ: ਦੁਖੀ। ਚਤੁਰੰਗ: ਚਰਿਤਰਾਂ ਦੀ ਪ੍ਰਧਾਨ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਵੀ ਇਹੋ ਦਸਦੇ ਹਨ ਕਿ ਵੱਡੇ ਵੱਡੇ ਅਵਗੁਣ ਕਰਨ ਵਾਲੇ ਵੀ ਇਕ ਪ੍ਰਮਾਤਮਾ ਦਾ ਨਾਮ ਜਪਣ ਕਾਰਨ ਤਰ ਜਾਂਦੇ ਹਨ। ਪਾਪਣ ਪੂਤਨਾ ਜਿਸ ਨੂੰ ਰਾਜਾ ਕੰਸ਼ ਨੇ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਕ੍ਰਿਸ਼ਨ ਨੂੰ ਦੁੱਧ ਪਿਲਾਉਂਣ ਵਾਸਤੇ ਘੱਲਿਆ ਸੀ ਜਦ ਉਹ ਕ੍ਰਿਸ਼ਨ ਕੋਲ ਆਈ ਜਿਸ ਨੇ ਆਪਣੇ ਥਣਾਂ ਉਪਰ ਬਹੁਤ ਜਹਿਰ ਮਲੀ ਹੋਈ ਸੀ। ਪਰਵਾਰ ਵਿਚ ਆਣ ਕੇ ਬੈਠ ਗਈ। ਨਵੇਂ ਹਾਣ ਵਾਲੀ ਨਵੀਂ ਵਹੁਟੀ ਵਾਂਗ ਆਪਣਾ ਪ੍ਰੇਮ ਜਿਤਾਉਂਣ ਲੱਗੀ। ਕ੍ਰਿਸ਼ਨ ਨੂੰ ਕੁੱਛੜ ਵਿਚ ਲੈ ਲਿਆ ਅਤੇ ਆਪਣੇ ਚਰਿਤਰਾਂ ਭਰੇ ਸਰੀਰ ਨੂੰ ਵਾਸ਼ਨਾ ਨਾਲ ਭਰ ਕੇ ਕ੍ਰਿਸ਼ਨ ਨੂੰ ਪਿਆਰ ਕਰਨ ਲੱਗੀ। ਮੋਹਣ ਦੇ ਮੂੰਹ ਵਿਚ ਆਪਣੇ ਮੰਮੇ ਪਾ ਕੇ ਵੱਡੀ ਹੰਕਾਰਾਂ ਮੱਤੇ ਬਾਹਰ ਆ ਗਈ। ਤੇਰਾ ਚਾਲਣ ਚੰਚਲ ਇਸਤਰੀ ਨੇ ਆਪਣੇ ਦੇਹ ਵਧਾ ਕੇ ਉੱਚੀ ਕਰ ਲਈ। ਕ੍ਰਿਸ਼ਨ ਨੇ ਤਿੰਨ ਲੋਕਾਂ ਦਾ ਉਸ ਉਪਰ ਭਾਰ ਦੇ ਕੇ ਜਦ ਉਸ ਪੂਤਨਾ ਦੇ ਗਲ ਨੂੰ ਚਿੰਬੜ ਗਿਆ ਤਾਂ ਚੰਚਲ ਪੂਤਨਾ ਬਹੁਤ ਦੁਖੀ ਹੋ ਗਈ। ਭੁਆਂਟਣੀਆਂ ਖਾਹ ਕੇ ਬਾਹਰ ਦੂਰ ਬੰਜਰ ਵਿਚ ਜਾ ਡਿੱਗੀ। ਅੰਤ ਵਿਚ ਕ੍ਰਿਸ਼ਨ ਨੇ ਦਿਆਲੂ ਬਣ ਕੇ ਉਸ ਚੰਚਲ ਪੂਤਨਾ ਨੂੰ ਆਪਣੀ ਮਾਂ ਦੇ ਬਰਾਬਰ ਕੀਤਾ ਭਾਵ ਉਸ ਦੇ ਸਾਰੇ ਪਾਪਾਂ ਨੂੰ ਧੋ ਦਿਤਾ।

----

## ਵਾਰ 10

*ਪਉੜੀ 23(ਸ੍ਰੀ ਕ੍ਰਿਸ਼ਨ ਜੀ ਦੇ ਬੱਧਕ ਦਾ ਪ੍ਰਸੰਗ)*

ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।
ਚਰਣ ਕਵਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ।
ਬਧਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਦਰਸਨੁ ਡਿਠੋਸੁ ਜਾਇ ਕੈ ਕਰਣ ਪਲਾਵ ਕਰੇ ਪੁਕਾਰੇ।
ਗਲਿ ਵਿਚਿ ਲੀਤਾ ਕ੍ਰਿਸਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।
ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
ਭਲੇ ਭਲੇ ਕਰਿ ਮੰਨੀਅਨਿ ਬੁਰਿਆ ਦੇ ਹਰਿ ਕਾਜ ਸਵਾਰੇ।
ਪਾਪ ਕਰੇਂਦੇ ਪਤਿਤ ਉਧਾਰੇ ॥23॥10॥

---

*ਪਰਭਾਸ: ਦਖਣੀ ਭਾਰਤ ਵਿਚ ਦਵਾਰਾਵਤੀ ਨਗਰੀ ਲਾਗੇ ਸਮੁੰਦਰੀ ਕੰਢੇ ਉਤੇ ਹਿੰਦੂਆਂ ਦਾ ਪ੍ਰਭਾਸ ਨਾਮੀ ਇਕ ਤੀਰਥ ਜਿਸਦਾ ਨਾਮ ਸੋਮ ਤੀਰਥ ਵੀ ਹੈ। ਯਾਦਵ ਵੰਸ਼ ਸਹਿਤ ਸ੍ਰੀ ਕ੍ਰਿਸਨ ਜੀ ਦਾ ਅੰਤ ਇਸੇ ਸਥਾਨ ਉਪਰ ਹੋਇਆ ਸੀ। ਬਧਕੁ: ਸ਼ਿਕਾਰੀ। ਪਲਾਵ: ਕੀਰਨੇ, ਵਿਰਲਾਪ। ਪੱਦਮ: ਚਰਨ ਕਮਲ। ਝਿਲਮਿਲ: ਪ੍ਰਕਾਸ਼ ਕਰਕੇ।*

ਭਾਈ ਗੁਰਦਾਸ ਜੀ ਇਸ ਪਉੜੀ ਰਾਹੀਂ ਵੀ ਉਹੋ ਕੁਝ ਸਮਝਾਉਂਦੇ ਹਨ ਕਿ ਅਵਗੁਣਾਂ ਕੀਤਿਆਂ ਗੁਣ ਕਰਨ ਵਾਸਤੇ ਇਕ ਪ੍ਰਮਾਤਮਾਂ ਦਾ ਨਾਮ ਇਕ ਰਾਮ-ਬਾਣ ਦੀ

ਤਰ੍ਹਾਂ ਹੁੰਦਾ ਹੈ। ਜਿਵੇਂ ਪਰਭਾਸ਼ ਨਾਮ ਦੇ ਹਿੰਦੂਆ ਦੇ ਇਕ ਤੀਰਥ ਵਿਖੇ ਕ੍ਰਿਸ਼ਨ ਜੀ ਆਪਣੇ ਗੋਡੇ ਉਪਰ ਪੈਰ ਰੱਖ ਕੇ ਸੁੱਤਾ ਪਿਆ ਸੀ। ਚਰਣ ਕਮਲ ਵਿਖੇ ਕਵਲ ਫੁੱਲ ਵਾਂਗ ਝਿਲਮਿਲ ਕਰ ਰਿਹਾ ਸੀ। ਗੂੜ੍ਹਾ ਪ੍ਰਕਾਸ਼ ਹੋਣ ਕਾਰਨ ਇਸ ਤਰ੍ਹਾਂ ਚਮਕਦਾ ਸੀ ਜਿਵੇਂ ਅਰਸ਼ ਉਪਰ ਕੋਈ ਤਾਰਾ ਚਮਕਦਾ ਹੁੰਦਾ ਹੈ। ਇਕ ਬੱਧਕ ਭਾਵ ਸ਼ਿਕਾਰੀ ਹਿਰਨਾਂ ਦਾ ਸਿਕਾਰ ਕਰਦਾ ਕਰਦਾ ਉਥੇ ਪਹੁੰਚਿਆ ਅਤੇ ਉਸਨੇ ਕਿਸੇ ਹਿਰਨ ਦੇ ਭੁਲੇਖੇ ਆਪਣਾ ਤੀਰ ਖਿੱਚ ਕੇ ਮਾਰਿਆ। ਜਦ ਸ਼ਿਕਾਰੀ ਨੇ ਲਾਗੇ ਜਾ ਕੇ ਵੇਖਿਆ ਤਾਂ ਕੀਰਨੇ ਪਾ ਪਾ ਰੋਵੇ। ਕ੍ਰਿਸ਼ਨ ਨੇ ਉਸਨੂੰ ਗਲ ਨਾਲ ਲਾਇਆ ਕਿਉਂ ਕਿ ਪ੍ਰਮਾਤਮਾਂ ਭਗਤਾਂ ਦੇ ਅਵਗੁਣ ਕੀੜੇ ਹੋਏ ਯਾਦ ਨਹੀਂ ਰੱਖਦਾ। ਆਪ ਦਿਆਲੂ ਬਣ ਕੇ ਉਸਨੂੰ ਧੀਰਜ ਦਿੰਦਾ ਹੈ ਅਤੇ ਉਸਦੇ ਪਾਪਾਂ ਦਾ ਨਾਸ਼ ਕਰ ਦਿੰਦਾ ਹੈ। ਭਲੇ ਤਾਂ ਭਲੇ ਕੰਮ ਕਰਦੇ ਕਰਕੇ ਮੰਨੇ ਜਾਂਦੇ ਹਨ ਪਰ ਪ੍ਰਮਾਤਮਾਂ ਜਿਹੜਾ ਪਾਪ ਭੋਲੇਪਨ ਵਿਚ ਕੀਤਾ ਗਿਆ ਹੋਵੇ ਭਾਵ ਉਨ੍ਹਾਂ ਪਾਪੀਆਂ ਦੇ ਕਾਰਜ ਵੀ ਸੁਆਰ ਦਿੰਦਾ ਹੈ। ਭਾਵ ਪ੍ਰਮਾਤਮਾ ਪਾਪੀਆਂ ਦੇ ਪਾਪ ਵੀ ਹੰਘਾਰਨਹਾਰਾ ਹੁੰਦਾ ਹੈ।

----



ਡਾ: ਰਤਨ ਰੀਹਲ

ਮੈਂ ਗਿਆਨੀ ਮਨੀ ਸਿੰਘ ਦੁਆਰਾ ਲਿਖੀ ਪੋਥੀ ਪ੍ਰੋ: ਸਾਹਿਬ ਸਿੰਘ ਦੁਆਰਾ ਲਿਖੀ ਪੋਥੀ, ਭਾਈ ਵੀਰ ਸਿੰਘ ਦੁਆਰਾ ਲਿਖੀ ਪੋਥੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਵਾਈ ਪੋਥੀ ਨੂੰ ਵਿਚਾਰਿਆ ਹੈ। ਇਹ ਮੇਰੀ ਲਿਖਤ ਉਨ੍ਹਾਂ ਸਾਰੀਆਂ ਪੋਥੀਆਂ ਤੋਂ ਵਿਲੱਖਣ ਇਸ ਕਰਕੇ ਹੈ ਕਿ ਜਿਹੜੇ ਸ਼ਬਦਾਂ ਦੇ ਅਰਥ ਅਤੇ ਵਿਆਖਿਆ ਉਨ੍ਹਾਂ ਪੋਥੀਆਂ ਵਿਚ ਨਹੀਂ ਕੀਤੀ ਗਏ ਉਹ ਇਸ ਮੇਰੇ ਵਾਲੀ ਪੋਥੀ ਵਿਚ ਦਰਜ ਹਨ। ਉਨ੍ਹਾਂ ਵਿਦਵਾਨਾਂ ਨੇ ਸ਼ਾਇਦ ਉਨ੍ਹਾਂ ਨੂੰ ਇਹ ਸਰਲ ਲੱਗ ਰਹੇ ਕਾਰਨ ਸ਼ਬਦਾਂ ਦੇ ਅਰਥ ਕੀਤੇ ਹੀ ਨਹੀਂ ਅਤੇ ਮੈਂ ਉਨ੍ਹਾਂ ਸਰਲ ਸ਼ਬਦਾਂ ਦੇ ਅਰਥ ਅਤੇ ਵਿਆਖਿਆ ਇਸ ਕਦਰ ਕੀਤੀ ਹੈ ਕਿ ਪੰਜਾਬੀ ਭਾਸ਼ਾ ਦੇ ਚੌਥੀ ਜਮਾਤ ਪਾਸ ਵਿਦਿਆਰਥੀ ਵੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਆਏ ਸ਼ਬਦਾਂ ਦੇ ਅਰਥ ਅਤੇ ਮੇਰੇ ਵੱਲੋਂ ਕੀਤੀ ਗਈ ਵਿਆਖਿਆ ਨੂੰ ਸੌਖਿਆਂ ਹੀ ਸਮਝ ਸਕੇਗਾ। ਜੇਕਰ ਭਾਈ ਗੁਰਦਾਸ ਜੀ ਨੇ ਸ਼ਬਦ 'ਜਤੀ' ਲਿਖਿਆ ਹੈ ਤਾਂ ਮੈਂ ਜਤੀ ਸ਼ਬਦ ਦੇ ਅਰਥਾਂ ਦੇ ਨਾਲ ਨਾਲ ਜਤੀ ਕੌਣ ਹੋਏ ਹਨ ਉਨ੍ਹਾਂ ਦੇ ਨਾਮ ਵੀ ਲਿਖੇ ਹਨ। ਜੇਕਰ ਸ਼ਬਦ ਚਿਰਜੀਵਣੇ ਲਿਖਿਆ ਹੈ ਤਾਂ ਸ਼ਬਦ ਅਰਥ ਦੇ ਨਾਲ ਮੈਂ ਉਸ ਸਮੇਂ ਤੱਕ ਹੋ ਚੁੱਕੇ ਚਿਰਜੀਵਣਿਆਂ ਦੇ ਨਾਮ ਲਿਖੇ ਹਨ। ਇਸ ਤਰ੍ਹਾਂ ਹਰ ਸ਼ਬਦ ਦੇ ਅਰਥ ਨੂੰ ਵਿਸਥਾਰ ਦਿੱਤਾ ਹੈ। ਜੇਕਰ ਭਾਈ ਗੁਰਦਾਸ ਜੀ ਨੇ ਸ਼ਬਦ 'ਪੱਚੀ-ਗੁਣ' ਲਿਖਿਆ ਹੈ ਤਾਂ ਮਨੁੱਖ ਵਿਚ ਉਹ ਪੱਚੀ ਗੁਣ ਕਿਹੜੇ ਹੁੰਦੇ ਹਨ? ਮੈਂ ਉਨ੍ਹਾਂ ਸਭਨਾਂ ਗੁਣਾਂ ਦੇ ਨਾਮ ਲਿਖੇ ਹਨ। ਇਸ ਤਰ੍ਹਾਂ ਲਿਖਣ ਨਾਲ ਪਾਠਕ ਨੂੰ ਸ਼ਬਦ ਦੇ ਅਰਥ ਚੰਗੀ ਤਰ੍ਹਾਂ ਸਮਝ ਵਿਚ ਪੈ ਜਾਂਦੇ ਹਨ।

ਭਾਈ ਗੁਰਦਾਸ ਜੀ ਨੇ ਪਉੜੀਆਂ ਵਿਚ ਗੁਰਬਾਣੀ ਦੀਆਂ ਹੀ ਕਈ ਪੰਕਤੀਆਂ ਦੀ ਧਾਰਨਾਵਾਂ ਨੂੰ ਆਧਾਰ ਬਣਾਇਆ ਹੈ ਅਤੇ ਗੁਰਬਾਣੀ ਦੇ ਵਿਚਾਰਾਂ ਨੂੰ ਹੋਰ ਦੁਨਿਆਵੀ ਉਦਾਹਰਣਾ ਨਾਲ ਵਿਸਥਾਰ ਨਾਲ ਸਮਝਾਇਆ ਗਿਆ ਹੈ। ਪ੍ਰਮਾਤਮਾ ਦੀ ਹੋਂਦ ਅਤੇ ਵਰਤਾਰੇ ਬਾਰੇ ਕੋਈ ਨਵਾਂ ਨਹੀਂ ਲਿਖਿਆ ਸੀ। ਇਹ ਵੀ ਇਕ ਕਾਰਨ ਸੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਨਹੀਂ ਕੀਤਾ ਗਿਆ।

5 ਆਬ
Parkashan, Jalandhar

*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*